ਖਾੜਕੂ ਸੰਘਰਸ਼ ਦੀ ਸਾਖੀ ੨

ਸਾਧਨ, ਸਬੱਬ, ਸਿਦਕ ਅਤੇ ਸ਼ਹਾਦਤ

ਦਲਜੀਤ ਸਿੰਘ

ਰਾਜਸੀ ਸੱਤਾ ਲਈ ਗੁਰੀਲਾ ਜੰਗ ਅਤੇ ਧਰਮ ਦੀ ਜੰਗ ਵਿਚ ਵੱਡਾ ਫਰਕ ਹੁੰਦਾ ਹੈ ਭਾਵੇਂ ਹਥਿਆਰ, ਪੈਸੇ ਅਤੇ ਹਕੂਮਤਾਂ ਦੇ ਸੁਭਾਅ ਉਹੀ ਰਹਿੰਦੇ ਹਨ। ਅਸੀਂ ਦੁਸ਼ਮਣ ਦੇ ਥਾਂ-ਥਾਂ ਵਿਛਾਏ ਜਾਲਾਂ ਵਿਚੋਂ ਕਿਵੇਂ ਬਚਦੇ ਰਹੇ, ਦੁਸ਼ਮਣ ਸਾਡੀਆਂ ਘਾਤਾਂ ਵਿਚੋਂ ਵਾਰ-ਵਾਰ ਕਿਵੇਂ ਸਾਫ ਬਚਦੇ ਰਹੇ ਅਤੇ ਤਸੀਹੇ ਖਾਨਿਆਂ ਵਿਚ ਸਿੰਘ ਕਿਵੇਂ ਸਿਦਕ ਨਿਭਾ ਕੇ ਇਤਿਹਾਸ ਨੂੰ ਦੁਹਰਾਉਂਦੇ ਰਹੇ, ਇਹ ਸਾਰੇ ਕੁਝ ਨੂੰ ਸਾਂਝੇ ਪੰਥਕ ਅਹਿਸਾਸ ਅਤੇ ਗੁਰੂ ਉਤੇ ਸਿਦਕ ਭਰੋਸੇ ਬਿਨਾ ਨਾ ਹੀ ਸਿਰਜਿਆ ਜਾ ਸਕਦਾ ਸੀ ਅਤੇ ਨਾ ਹੀ ਸਮਝਿਆ ਜਾ ਸਕਦਾ ਹੈ। ਇਹਦੀ ਪੂਰੀ ਸਮਝ ਤਾਂ ਇਹਦਾ ਹਿੱਸਾ ਹੋਣ ਵਾਲਿਆਂ ਨੂੰ ਵੀ ਨਹੀਂ ਹੋ ਸਕਦੀ। ਹੱਡੀਂ ਹੰਢਾਏ ਬੀਤੇ ਅਤੇ ਵੇਖੇ ਦੀਆਂ ਵੀ ਬਹੁਤ ਸੀਮਾਵਾਂ ਹਨ, ਇਸ ਕਰਕੇ ਇਹਦੀ ਪੂਰੀ ਥਾਹ ਹੋਣ ਦਾ ਦਾਅਵਾ ਨਹੀਂ ਹੋ ਸਕਦਾ, ਬਸ ਇਕ ਗਵਾਹੀ ਹੋ ਸਕਦੀ ਹੈ ਪਰ ਉਹ ਵੀ ਉਸੇ ਅਵਸਥਾ ਦੇ ਅਹਿਸਾਸ ਨਾਲ, ਜਿਸ ਪੱਧਰ ਉਤੇ ਇਹ ਜੰਗ ਲੜੀ ਗਈ।

ਖਾੜਕੂ ਸੰਘਰਸ਼ ਦੀ ਸਾਖੀ ੨

ਸਾਧਨ, ਸਬੱਬ, ਸਿਦਕ ਅਤੇ ਸ਼ਹਾਦਤ

ਦਲਜੀਤ ਸਿੰਘ

ਸਿੱਖ ਤਵਾਰੀਖ ਅਤੇ ਰਾਜਨੀਤੀ ਅਧਿਐਨ ਬੁੰਗਾ
ਬਿਬੇਕਗੜ੍ਹ

ਸਮਰਪਿਤ

ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ...

ਤਤਕਰਾ

- ਮੁੱਢਲੀ ਬੇਨਤੀ ੧੧

ਭਾਗ ਪਹਿਲਾ : ਸਾਧਨ

ਪਾਠ ੧:

ਸ਼ਸ਼ਤਰ ਅਤੇ ਸਿੱਖ ੧੫

ਖਾੜਕੂ ਸੰਘਰਸ਼ ਵਿੱਚ ਹਥਿਆਰਾਂ ਦਾ ਸੱਚ ੨੩

ਅਸਲਾ ਅਤੇ ਇਲਾਕਾ ੪੧

ਸੰਘਰਸ਼ ਦੌਰਾਨ ਹਥਿਆਰਾਂ ਦੀ ਕੁਵਰਤੋਂ ੪੩

ਪਾਠ ੨:

ਪੈਸੇ ਬਾਰੇ ੪੮

ਬੈਂਕ ਦੀ ਘੋਖ ਅਤੇ ਮਾਂਜਾ ੫੬

ਬੈਂਕ ਮਾਂਜੇ ੬੧

ਪਾਠ ੩:

ਠਾਹਰਾਂ ਤੇ ਹੋਰ ਸਾਧਨ ੬੭

ਪਾਠ ੪:

ਸਰਹੱਦ ਦੇ ਸਫਰ ੭੪

ਪਾਠ ੫:

ਰਣ-ਕੱਛ ਦਾ ਸਫਰ ੮੭

ਪਾਠ ੬:

ਰਣ ਸਫਰ ਦੇ ਸਾਥੀ ੧੧੭

ਪਾਠ ੭:

ਦੋਸਤੀ ਬਾਰੇ ੧੨੩

ਪਾਠ ੮:

ਪੁਲਿਸ ਦੇ ਕਿਰਦਾਰ ੧੩੫

ਪੁਲਿਸ ਵਾਲਿਆਂ ਤੇ ਪਰਿਵਾਰਾਂ ਨੂੰ ਨਿਸ਼ਾਨਾ ਬਣਾਉਣਾ ੧੫੧

ਪੁਲਿਸ ਅੰਦਰਲੀ ਮਾਰ ੧੫੫

ਭਾਗ ਦੂਜਾ : ਸਿਦਕਾਂ ਵਾਲੇ ਨਕਸ਼

ਪਾਠ ੯:

ਸ਼ਹੀਦ ਜਨਰਲ ਸੁਬੇਗ ਸਿੰਘ ਦੇ ਅਣਜਾਣੇ ਦਰਸ਼ਨ ੧੫੯

ਸੁਰਿੰਦਰ ਸਿੰਘ ਛਿੰਦਾ ਢਗਵਾੜੇ ਵਾਲਾ ੧੭੧

ਜਨਰਲ ਨਰਿੰਦਰ ਸਿੰਘ ੧੭੪

ਡਾਕਟਰ ਕਰਨੈਲ ਸਿੰਘ ਗਰੇਵਾਲ ੧੮੯

ਬਾਪੂ ਬਲਬੀਰ ਸਿੰਘ ਖਾਲਸਤਾਨੀ ਅਤੇ ਸੁਖਵਿੰਦਰ ਸਿੰਘ ੧੯੧

ਕਾਲੀਆਂ ਸਕੱਤਰਾਂ ਦੇ ਹੋਰ ਸਿੰਘ ੧੯੬

ਬਾਬਾ ਦਲਵਿੰਦਰ ਸਿੰਘ, ਬਾਬਾ ਅਜੀਤ ਸਿੰਘ, ਬਾਬਾ ਧੰਨਾ ਸਿੰਘ ੨੦੧

ਮਨਵੀਰ ਸਿੰਘ ਚਹੇੜੂ, ਬਲਬੀਰ ਸਿੰਘ ਹੁਸ਼ਿਆਰਪੁਰ ਤੇ ਅਜੀਤਪਾਲ ਸਿੰਘ ੨੧੪

ਸਰਹੱਦ ਵਾਲਾ ਭਲਵਾਨ ੨੨੫

ਸਰਬਪਰੀਤ ਸਿੰਘ ੨੨੭

ਵਕੀਲ ਬਖਤਾਵਰ ਸਿੰਘ ਸਰਾਂ ੨੩੦

ਦਲਜੀਤ ਸਿੰਘ ਸੀਕਰੀ ਤੇ ਕੁਝ ਹੋਰ ਸਿੰਘ ੨੩੩

ਭਾਗ ਤੀਜਾ : ਸਬੱਬ

ਪਾਠ ੧੦:

ਸਾਡੇ ਬਚਣ ਦੇ ਮੌਕੇ ੨੪੧

ਅਦਾਲਤ ਵਿਚ ਆਹਮੋ ਸਾਹਮਣੇ ੨੪੨

ਜਲੰਧਰ ਦੀ ਫਿਰਨੀ ਉਤੇ ੨੪੩

ਬੰਬਈ ਦਾ ਬੰਦ ਮਕਾਨ ੨੪੮

ਜੈਂਤੀਪੁਰ ਦੇ ਬੱਸ ਅੱਡੇ ਉਤੇ ੨੫੧

ਜਨਰਲ ਵੈਦਿਆ ਦੇ ਕਤਲ ਵਾਲੇ ਦਿਨ ੨੫੪

ਦਿੱਲੀ ਪੁਲਿਸ ਦੇ ਛਾਪੇ ਵਾਲੀ ਰਾਤ ੨੫੭

ਸੁਆੜੇ ਵਾਲੀ ਠਾਹਰ ੨੬੧

ਅੰਮ੍ਰਿਤਸਰ ਦੇ ਕਾਰਖਾਨੇ ਵਿਚ ੨੬੩

ਕੀਰਤਪੁਰ ਸਾਹਿਬ ਦਾ ਪਸ਼ੂ ਹਸਪਤਾਲ	੨੬੫
ਪੀਰਕੋਟੀਆਂ ਦੀ ਕੋਠੀ ਵਿਚ	੨੭੧
ਚੰਡੀਗੜ੍ਹ ਦੀ ਕੋਠੀ ਦੁਆਲੇ ਘਾਤ	੨੭੬
ਸਾਈਕਲ ਦਾ ਸਫਰ	੨੮੨
ਬੱਸਾਂ ਦੀਆਂ ਤਲਾਸ਼ੀਆਂ	੨੮੫
ਮੁਖਬਰਾਂ ਦੀ ਮਾਰ ਹੇਠ	੨੮੬
ਠਾਹਰਾਂ ਤੇ ਪੈਸੇ ਰੱਖਣ ਦਾ ਅਸਰ	੨੮੯

ਪਾਠ ੧੧:

ਜਰਵਾਣੇ ਦਾ ਬਚਾਅ	੨੯੩
ਹਰਿਆਣੇ ਦਾ ਮੁੱਖ ਮੰਤਰੀ ਭਜਨ ਲਾਲ	੨੯੪
ਲੁਧਿਆਣੇ ਦੇ ਐਸਐਸਪੀ ਉੱਤੇ ਹਮਲਾ	੨੯੬
ਜਨਰਲ ਕੁਲਦੀਪ ਬਰਾੜ ਦਾ ਬਚਣਾ	੩੦੭
ਮਿਜ਼ਾਇਲ ਹਮਲੇ ਦੀ ਯੋਜਨਾ	੩੧੧
ਡੀਜੀਪੀ ਰਿਬੈਰੋ 'ਤੇ ਜਲੰਧਰ ਵਿਚ ਹਮਲਾ	੩੧੬
ਚੰਡੀਗੜ੍ਹ ਵਿਚ ਰਿਬੈਰੋ 'ਤੇ ਹਮਲੇ ਦੀ ਵਿਉਂਤ	੩੧੯
ਰੋਮਾਨੀਆ ਵਿਚ ਰਿਬੈਰੋ 'ਤੇ ਹਮਲਾ	੩੨੬
ਖੁਫੀਆ ਸਿਖਲਾਈ ਕੇਂਦਰ 'ਤੇ ਹਮਲਾ	੩੨੮
ਕੇਪੀਐਸ ਗਿੱਲ 'ਤੇ ਘਾਤਾਂ	੩੩੨
ਜਹਾਨ ਖੇਲਾਂ ਵਾਲੇ ਹਮਲੇ ਦੀ ਯੋਜਨਾ	੩੩੭
ਸਵਰਨ ਘੋਟਣੇ 'ਤੇ ਹਮਲਾ	੩੪੦
ਸੰਤ ਕੁਮਾਰ 'ਤੇ ਹਮਲਾ	੩੪੨
ਲੁਧਿਆਣੇ ਦੇ ਪੁਲਿਸ ਅਫਸਰਾਂ ਦਾ ਬਚਣਾ	੩੪੪
ਰਾਜ ਕ੍ਰਿਸ਼ਨ ਬੇਦੀ ਦਾ ਪਿੱਛਾ ਕਰਨਾ	੩੪੫
ਹੋਰ ਬਚਣ ਵਾਲੇ	੩੪੯
ਤਫਤੀਸ਼ੀ ਬੁੱਚੜਖਾਨੇ	੩੫੩
ਮੌਤ ਦੇ ਮੌਕਾ ਮੇਲ	੩੫੫

ਭਾਗ ਚੌਥਾ : ਸ਼ਹਾਦਤ

ਪਾਠ ੧੨:

ਤਸ਼ੱਦਦ ਦੇ ਸਨਮੁਖ	੩੬੩
ਜਥੇਦਾਰ ਗੁਰਦੇਵ ਸਿੰਘ ਕਾਉਂਕੇ	੩੬੮

ਭਾਈ ਅਨੋਖ ਸਿੰਘ ਬੱਬਰ	੩੬੯
ਹਰਮਿੰਦਰ ਸਿੰਘ ਸੁਲਤਾਨਵਿੰਡ	੩੭੦
ਸੁਖਦੇਵ ਸਿੰਘ ਬੱਬਰ	੩੭੧
ਸੁਖਦੇਵ ਸਿੰਘ ਸੁੱਖਾ ਅਤੇ ਹਰਜਿੰਦਰ ਸਿੰਘ ਜਿੰਦਾ	੩੭੩
ਚਾਚਾ ਮਥਰਾ ਸਿੰਘ	੩੭੫
ਬਲਜਿੰਦਰ ਸਿੰਘ ਰਾਜੂ	੩੭੮
ਰਾਜਵਿੰਦਰ ਸਿੰਘ ਰਾਜੀ	੩੮੧
ਚਰਨਜੀਤ ਸਿੰਘ ਤਲਵੰਡੀ	੩੮੪
ਤਿੰਨ ਸ਼ਹਾਦਤਾਂ	੩੮੬
ਅਵਤਾਰ ਸਿੰਘ ਦਾਊਮਾਜਰਾ	੩੮੯
ਡਾਕਟਰ ਗੁਰਪ੍ਰੀਤ ਸਿੰਘ ਵਿਰਕ	੩੯੨
ਪ੍ਰੋਫੈਸਰ ਰਜਿੰਦਰਪਾਲ ਸਿੰਘ ਬੁਲਾਰਾ	੩੯੪
ਅਵਤਾਰ ਸਿੰਘ ਪਹਿਲਵਾਨ, ਜਸਪਾਲ ਸਿੰਘ ਉਰਫ ਧੰਨਾ ਸਿੰਘ	੩੯੫
ਬਾਬਾ ਅਜੀਤ ਸਿੰਘ	੩੯੬
ਦਰਸ਼ਨ ਸਿੰਘ ਡੱਲਾ	੩੯੭
ਬਾਬਾ ਸੁਰਿੰਦਰ ਸਿੰਘ	੩੯੯
ਸੁਲੱਖਣ ਸਿੰਘ ਬੱਬਰ	੪੦੦
ਰਛਪਾਲ ਸਿੰਘ ਛੰਦੜਾਂ	੪੦੨
ਗੁਰਦੇਵ ਸਿੰਘ ਦੇਬੂ	੪੦੪
ਮਨਵੀਰ ਸਿੰਘ ਚਹੇੜੂ	੪੦੮
ਮਨਜੀਤ ਸਿੰਘ ਪਲਾਹੀ	੪੦੯
ਕੁਝ ਹੋਰ ਸਿੰਘਾਂ ਬਾਰੇ	੪੧੦

ਭਾਗ ਪੰਜਵਾ : ਸ਼ਹਾਦਤ ਦੇ ਰਾਹ ਰੂਪ

ਪਾਠ ੧੩:

ਗੁਰਬਾਣੀ ਅਤੇ ਸਿੱਖ ਅਮਲ	੪੧੭
ਜੇਲ੍ਹਾਂ ਵਿਚੋਂ ਕੱਢ ਕੇ ਸ਼ਹੀਦ ਕਰਨ ਦਾ ਵਰਤਾਰਾ	੪੨੦

ਪਾਠ ੧੪:

ਜੰਗ ਦਾ ਵੇਲਾ ਤੇ ਸ਼ਹਾਦਤ ਦੀ ਰੁੱਤ	੪੨੫

ਮੁੱਢਲੀ ਬੇਨਤੀ

ਬਹੁਤ ਸਾਰੇ ਹੋਰ ਨੌਜਵਾਨਾਂ ਵਾਂਗ ਜਦੋਂ ਪੰਥਕ ਰੂਪ ਵਿਚ ਸਾਨੂੰ ਸੁਰਤ ਆਈ ਤਾਂ ਅਸੀਂ ਆਪਣੇ ਆਪ ਨੂੰ ਜੰਗ ਦੇ ਵਿਚਕਾਰ ਵੇਖਿਆ। ਸਾਡੀ ਆਪਣੇ ਆਪ ਨਾਲ ਤੇ ਪੰਥ ਨਾਲ ਪਛਾਣ ਦਾ ਇਹੋ ਅਸਲੀ ਵੇਲਾ ਸੀ। ਸਭ ਇਕ ਦੂਜੇ ਲਈ ਅਣਜਾਣ ਹੁੰਦੇ ਹੋਏ ਵੀ ਇਕ ਵੱਡੀ ਸਾਂਝ ਨਾਲ ਜੁੜੇ ਅਤੇ ਪਰੋਏ ਹੋਏ ਸਾਂ। ਇਹ ਸਾਂਝ ਵਿਰਸੇ ਦੀ ਸੀ ਤੇ ਗੁਰੂ ਦੇ ਨਾਂ ਦੀ ਸੀ ਜਿਸ ਨੇ ਦੁਨੀਆ ਦੀ ਧੁੰਦ ਗੁਬਾਰ ਵਿਚ ਚਿਰਾਂ ਦੇ ਭੁੱਲੇ ਵਿਛੜਿਆਂ ਨੂੰ ਸਭ ਪਰਦੇ ਲਾਹ ਕੇ ਇਕੱਠੇ ਤੇ ਇਕਮਿਕ ਕਰ ਦਿੱਤਾ ਸੀ। ਕਿਸ ਨੇ ਜੰਗ ਵਿਚ ਮੂਹਰੇ ਹੋ ਕੇ ਸੇਵਾ ਕਰਨੀ ਸੀ ਤੇ ਕਿਸ ਨੇ ਪਿੱਛੇ ਰਹਿ ਕੇ ਵੱਡੇ ਸਬਰ ਵਿਚ ਸਭ ਕੁਝ ਜਰਨਾ ਸੀ, ਇਹ ਕੋਈ ਸਰਕਾਰਾਂ ਵਾਂਗ ਸੋਚੀ ਸਮਝੀ ਵਿਉਂਤ ਨਹੀਂ ਸੀ, ਬਸ ਸਭ ਕੁਝ ਆਪਣੇ ਆਪ ਹੀ ਹੋ ਗਿਆ।

ਰਾਜਸੀ ਸੱਤਾ ਲਈ ਗੁਰੀਲਾ ਜੰਗ ਅਤੇ ਧਰਮ ਦੀ ਜੰਗ ਵਿਚ ਵੱਡਾ ਫਰਕ ਹੁੰਦਾ ਹੈ ਭਾਵੇਂ ਹਥਿਆਰ, ਪੈਸੇ ਅਤੇ ਹਕੂਮਤਾਂ ਦੇ ਸੁਭਾਅ ਉਹੀ ਰਹਿੰਦੇ ਹਨ। ਅਸੀਂ ਦੁਸ਼ਮਣ ਦੇ ਥਾਂ-ਥਾਂ ਵਿਛਾਏ ਜਾਲਾਂ ਵਿਚੋਂ ਕਿਵੇਂ ਬਚਦੇ ਰਹੇ, ਦੁਸ਼ਮਣ ਸਾਡੀਆਂ ਘਾਤਾਂ ਵਿਚੋਂ ਵਾਰ-ਵਾਰ ਕਿਵੇਂ ਸਾਫ ਬਚਦੇ ਰਹੇ ਅਤੇ ਤਸੀਹੇ ਖਾਨਿਆਂ ਵਿਚ ਸਿੰਘ ਕਿਵੇਂ ਸਿਦਕ ਨਿਭਾ ਕੇ ਇਤਿਹਾਸ ਨੂੰ ਦੁਹਰਾਉਂਦੇ ਰਹੇ, ਇਹ ਸਾਰੇ ਕੁਝ ਨੂੰ ਸਾਂਝੇ ਪੰਥਕ ਅਹਿਸਾਸ ਅਤੇ ਗੁਰੂ ਉਤੇ ਸਿਦਕ ਭਰੋਸੇ ਬਿਨਾ ਨਾ ਹੀ ਸਿਰਜਿਆ ਜਾ ਸਕਦਾ ਸੀ ਅਤੇ ਨਾ ਹੀ ਸਮਝਿਆ ਜਾ ਸਕਦਾ ਹੈ। ਇਹਦੀ ਪੂਰੀ ਸਮਝ ਤਾਂ ਇਹਦਾ ਹਿੱਸਾ ਹੋਣ ਵਾਲਿਆਂ ਨੂੰ ਵੀ ਨਹੀਂ ਹੋ ਸਕਦੀ। ਹੱਡੀਂ ਹੰਢਾਏ ਬੀਤੇ ਅਤੇ ਵੇਖੇ ਦੀਆਂ ਵੀ ਬਹੁਤ ਸੀਮਾਵਾਂ ਹਨ, ਇਸ ਕਰਕੇ ਇਹਦੀ ਪੂਰੀ ਥਾਹ ਹੋਣ ਦਾ ਦਾਅਵਾ ਨਹੀਂ ਹੋ ਸਕਦਾ, ਬਸ ਇਕ ਗਵਾਹੀ ਹੋ ਸਕਦੀ ਹੈ ਪਰ ਉਹ ਵੀ ਉਸੇ ਅਵਸਥਾ ਦੇ ਅਹਿਸਾਸ ਨਾਲ, ਜਿਸ ਪੱਧਰ ਉਤੇ ਇਹ ਜੰਗ ਲੜੀ ਗਈ।

ਸੰਘਰਸ਼ ਦਾ ਬਹੁਤ ਵੱਡਾ ਹਿੱਸਾ ਆਪੋ ਆਪਣਾ ਫਰਜ ਨਿਭਾਉਂਦਿਆਂ ਬੇਨਾਮ ਅਤੇ ਅਣਜਾਣੇ ਰੂਪ ਵਿਚ ਸਿੱਖੀ ਕੇਸਾਂ ਸੁਆਸਾਂ ਨਾਲ ਨਿਬਾਹ ਗਿਆ ਜਿਸ ਬਾਰੇ ਸੀਮਤ ਜਿਕਰ ਪਹਿਲੀ ਕਿਤਾਬ ਵਿਚ ਕੀਤਾ ਗਿਆ ਹੈ ਪਰ ਛੁਪੇ ਰਹਿਣ ਦਾ ਮੌਕਾ ਸਭ ਦੇ ਹਿੱਸੇ ਨਹੀਂ ਆਇਆ। ਅਨੇਕਾਂ ਸਿੰਘਾਂ ਦੇ ਨਾਂ, ਭਾਵੇਂ ਉਹਨਾਂ ਨੇ ਕਦੇ ਏਦਾਂ

ਪਾਠ : ੧

ਸ਼ਸ਼ਤਰ ਅਤੇ ਸਿੱਖ

ਹਥਿਆਰਾਂ ਦਾ ਮਨੁੱਖ ਨਾਲ ਆਦਿ ਕਾਲ ਦਾ ਰਿਸ਼ਤਾ ਹੈ। ਐਡੀ ਲੰਮੀ ਸਾਂਝ ਦੌਰਾਨ ਦੋਹਾਂ ਨੇ ਇਕ ਦੂਜੇ ਉਤੇ ਅਸਰ ਪਾਇਆ ਹੈ। ਇਹ ਅਸਰਅੰਦਾਜ ਦਾ ਸਫਰ ਹੁਣ ਵੀ ਜਾਰੀ ਹੈ। ਹਥਿਆਰ ਬਚਾਉਂਦਾ ਵੀ ਹੈ ਅਤੇ ਮਾਰਦਾ ਵੀ ਹੈ। ਇਹ ਕਿਰਪਾ ਦਾ ਹਿੱਸਾ ਵੀ ਬਣਦਾ ਹੈ ਅਤੇ ਜੁਲਮ ਦਾ ਵੀ। ਇਹਨਾਂ ਦੀ ਵਰਤੋਂ ਨਾਲ ਹੀ ਸੱਤਾ ਅਤੇ ਰਾਜ ਸਥਾਪਤ ਹੁੰਦੇ ਹਨ। ਗੁਰਮਤਿ ਵਿਚ ਹਥਿਆਰ ਰੱਖਿਆ ਲਈ ਉਸ ਹਾਲਤ ਵਿਚ ਹੀ ਚੁੱਕੇ ਜਾਂਦੇ ਹਨ ਜਦੋਂ ਹੋਰ ਸਾਰੇ ਹੀਲੇ ਖਤਮ ਹੋ ਜਾਣ। ਜਰਵਾਣੇ ਦੀ ਭੱਖਿਆ ਅਤੇ ਗਰੀਬ ਦੀ ਰੱਖਿਆ ਇਹਨਾਂ ਦਾ ਕਾਰਜ ਹੈ। ਸਿੱਖ ਦੀ ਕਿਰਪਾਨ ਜੁਲਮ ਨੂੰ ਰੋਕਦੀ ਹੈ ਤੇ ਧਰਤੀ ਤੇ ਕਿਰਪਾ ਵਰਤਾਉਂਦੀ ਹੈ। ਗੁਰਮਤਿ ਵਿਚ ਸ਼ਸ਼ਤਰ (ਕਿਰਪਾਨ) ਉਹ ਹੀ ਚੁੱਕ ਸਕਦਾ ਹੈ ਜੋ ਆਪ ਇਸਨੂੰ ਚੁੱਕਣ ਦੇ ਕਾਬਲ ਹੋਇਆ ਹੋਵੇ। ਇਹ ਸੰਤ ਸਿਪਾਹੀ ਦੀ ਨਿਸ਼ਾਨੀ ਹੈ। ਹਥਿਆਰ ਆਪ ਨਿਰਲੇਪ ਹੈ ਇਹ ਜਿਹੋ ਜਿਹੇ ਬੰਦੇ ਕੋਲ ਜਾਂਦਾ ਹੈ ਉਹੋ ਜਿਹੀ ਦਾਸਤਾਨ ਲਿਖ ਦਿੰਦਾ ਹੈ। ਹਥਿਆਰਾਂ ਦੀ ਵਰਤੋਂ/ਕੁਵਰਤੋਂ ਦਾ ਜਿੰਨਾ ਡੂੰਘਾ ਅਹਿਸਾਸ ਸਾਨੂੰ ਹੋਇਆ ਉਸ ਤੋਂ ਇਹੋ ਤੱਤ ਕੱਢੀਦਾ ਹੈ ਕਿ ਹਥਿਆਰ ਬਹੁਤ ਹੀ ਅਹਿਮ ਅਤੇ ਖਤਰਨਾਕ ਸ਼ੈਅ ਹੈ ਇਸਨੂੰ ਸਮਝਣਾ, ਸੰਭਾਲਣਾ ਅਤੇ ਵਰਤਣਾ ਕਿਸੇ ਵੀ ਸਮਾਜ ਦੀ ਹੋਣੀ ਨੂੰ ਤੈਅ ਕਰ ਦਿੰਦਾ ਹੈ।

ਸਿੱਖਾਂ ਦਾ ਹਥਿਆਰਾਂ ਨਾਲ ਕੋਈ ਖਾਸ ਹੀ ਰਿਸ਼ਤਾ ਹੈ। ਸ਼ਾਇਦ ਬਹੁਤੀਆਂ ਜੰਗਜੂ ਨਸਲਾਂ ਦਾ ਵੀ ਇਹੋ ਹਾਲ ਹੈ। ਜਦੋਂ ਕੋਈ ਨੌਜਵਾਨ ਕਿਰਪਾਨ ਜਾਂ ਬਰਛੇ ਦੀ ਫੌਲਾਦੀ ਚਮਕ ਦੇਖਦਾ ਹੈ ਜਾਂ ਫਿਰ ਪਸਤੌਲ, ਬੰਦੂਕ ਦੇ ਫੌਲਾਦ ਨੂੰ ਛੋਂਹਦਾ ਹੈ ਤਾਂ ਉਹਦੇ ਅੰਦਰ ਬਹੁਤ ਜੋਰਾਵਰ ਬਦਲਾਓ ਆਉਂਦੇ ਹਨ। ਉਹਦੀਆਂ ਅੱਖਾਂ ਵਿਚ ਇਕ ਚਮਕ ਅਤੇ ਦਿਲ ਦੇ ਕਿਸੇ ਡੂੰਘੇ ਕੋਨੇ ਵਿਚ ਇਕ ਚਾਓ ਉਮੜਦਾ ਹੈ। ਉਹ ਆਪ ਭਾਵੇਂ ਇਹ ਬਦਲਾਓ ਦੀ ਪਹਿਚਾਣ ਨਾ ਕਰ ਸਕੇ ਪਰ ਏਹਨਾਂ ਬਿਜਲਈ ਤਰੰਗਾਂ ਨਾਲ ਉਹਦਾ ਸਾਰਾ ਆਪਾ ਤਰੰਗਤ ਹੋ ਜਾਂਦਾ ਹੈ। ਇਹ ਇਸ ਕਰਕੇ ਹੈ ਕਿ

ਸਾਡਾ ਪਿਛੋਕੜ ਜੰਗਜੂ ਹੈ ਜਾਂ ਇਹਦਾ ਗੁਰੂ ਸਾਹਿਬ ਵਲੋਂ ਬਖਸ਼ੇ ਅੰਮ੍ਰਿਤ ਨਾਲ ਸਬੰਧ ਹੈ ਜਿਸ ਵਿਚ ਓਹਨਾਂ ਨੇ ਆਪ ਖੰਡਾ ਫੇਰਿਆ ਸੀ। ਗੁਰੂ ਸਾਹਿਬ ਵਲੋਂ ਬਖਸ਼ਿਸ਼ ਕੀਤੀ ਸਿਰੀ ਸਾਹਿਬ ਸਾਡੀ ਪੰਥਕ ਸੁਰਤ ਵਿਚ ਸਦਾ ਲਈ ਸਲਾਮਤ ਹੈ। ਸੰਘਰਸ਼ ਦੌਰਾਨ ਸਿੱਖਾਂ ਦਾ ਸ਼ਸ਼ਤਰਾਂ ਨਾਲ ਪਿਆਰ ਮਹਿਬੂਬ ਨਾਲ ਇਸ਼ਕ ਤੋਂ ਵੀ ਵਧਕੇ ਦੇਖਿਆ ਹੈ। ਬਹੁਤ ਸਿੰਘ ਸ਼ਸ਼ਤਰਾਂ ਦੀ ਪੂਜਾ ਕਰਦੇ ਸਨ ਅਤੇ ਓਹਨਾਂ ਦਾ ਕਦੀ ਵਿਸਾਹ ਨਹੀਂ ਸੀ ਕਰਦੇ। ਸ਼ਸ਼ਤਰ ਨੂੰ ਇਕ ਪਲ ਵੀ ਆਪਣੇ ਤੋਂ ਦੂਰ ਨਹੀਂ ਕਰਦੇ ਸੀ। ਮੈਨੂੰ ਜਥੇਦਾਰ ਗੁਰਜੰਟ ਸਿੰਘ ਦੇ ਬੋਲ ਯਾਦ ਹਨ। ਉਹ ਕਹਿੰਦਾ ਸੀ ਕਿ 'ਜੇ ਸ਼ਸ਼ਤਰ ਦਾ ਲੋਹਾ ਮੇਰੇ ਸਰੀਰ ਨਾਲ ਨਾ ਲਗਦਾ ਹੋਵੇ ਤਾਂ ਮੈਨੂੰ ਕੁਝ ਘਾਟ ਮਹਿਸੂਸ ਹੁੰਦੀ ਰਹਿੰਦੀ ਹੈ।' ਅਵਤਾਰ ਸਿੰਘ ਬ੍ਰਹਮਾ ਅਤੇ ਕੰਵਰਜੀਤ ਸਿੰਘ ਸੁਲਤਾਨਵਿੰਡ ਸ਼ਸ਼ਤਰ ਨੂੰ ਸੀਸ ਨਾਲ ਲਗਾ ਕੇ ਦਿਨ ਦੀ ਸ਼ੁਰੂਆਤ ਕਰਦੇ ਸਨ। ਸੁਖਦੇਵ ਸਿੰਘ ਸੁੱਖਾ ਕਹਿੰਦਾ ਹੁੰਦਾ ਸੀ ਕਿ 'ਜਦ ਮੇਰੇ ਡੱਬ ਵਿਚ ਪਸਤੌਲ ਹੁੰਦਾ ਹੈ ਤਾਂ ਮੈਂ ਆਪਣੇ ਆਪ ਨੂੰ ਮੁਕੰਮਲ ਆਜਾਦ ਸਮਝਦਾ ਹਾਂ। ਦੁਨੀਆ ਦੀ ਕੋਈ ਪਰਵਾਹ ਨਹੀਂ ਰਹਿੰਦੀ।' ਕਈ ਸਿੰਘ ਆਪਣੇ ਪਿਆਰੇ ਸ਼ਸ਼ਤਰ ਨਾਲੋਂ ਵਿਛੜ ਕੇ ਬਿਮਾਰ ਹੋ ਜਾਂਦੇ ਸਨ। ਜਦੋਂ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦਾ ਦਿੱਤਾ ਹੋਇਆ ਸਪੈਸ਼ਲ ੩੮ ਬੋਰ ਦਾ ਰਿਵਾਲਵਰ ਸਾਡੇ ਕੋਲੋਂ ਖੁਸ ਗਿਆ ਤਾਂ ਚਾਚਾ ਮਥਰਾ ਸਿੰਘ (ਜਿਸਨੂੰ ਇਹ ਅਮਾਨਤ ਭਾਈ ਬਖਸੀਸ ਸਿੰਘ ਮਾਲੋਵਾਲ ਨੇ ਦਿੱਤੀ ਸੀ) ਬਹੁਤ ਚਿਰ ਡੂੰਘੀ ਉਦਾਸੀ ਵਿਚ ਚਲਾ ਗਿਆ।

ਸਿੱਖਾਂ ਬਾਰੇ ਮੈਂ ਵੇਖਿਆ ਹੈ ਕਿ ਉਹ ਹੋਰ ਕੌਮਾਂ ਦੇ ਮੁਕਾਬਲੇ ਸ਼ਸ਼ਤਰ ਨਾਲ ਬਹੁਤ ਛੇਤੀ ਇਕਮਿਕ ਹੋ ਜਾਂਦੇ ਹਨ ਜਾਂ ਕਹਿ ਲਓ ਕਿ ਉਸ ਬਾਰੇ ਸਭ ਜਾਣ ਲੈਂਦੇ ਹਨ। ਅਫਗਾਨਿਸਤਾਨ ਵਿਚ ਜਿਥੇ ਹਰ ਤਰ੍ਹਾਂ ਦੇ ਹਥਿਆਰ ਮੌਜੂਦ ਸਨ ਓਥੇ ਦਾ ਇਕ ਪਠਾਣ ਜੋ ਖੁਦ ਸ਼ਸ਼ਤਰਾਂ ਨਾਲ ਬਹੁਤ ਪਿਆਰ ਕਰਦਾ ਸੀ, ਉਹਦਾ ਕਹਿਣਾ ਸੀ ਕਿ ਤੁਹਾਡੇ ਅਤੇ ਸਾਡੇ ਵਿਚ ਇਹੋ ਸਾਂਝ ਹੈ। ਮੈਂ ਇਹ ਵੀ ਵੇਖਿਆ ਕਿ ਸਿੱਖ ਨੌਜਵਾਨਾਂ ਨੂੰ ਹੋਰਾਂ ਦੇ ਮੁਕਾਬਲੇ ਹਥਿਆਰ ਚਲਾਉਣ ਦੀ ਸਿਖਲਾਈ ਦੀ ਲੋੜ ਵੀ ਘੱਟ ਪੈਂਦੀ ਸੀ। ਪੰਜਾਬ ਵਿਚ ਸਾਡੇ ਕੋਲ ਕਿਸੇ ਤਰ੍ਹਾਂ ਸਿਖਲਾਈ ਦਾ ਕੋਈ ਥਾਂ ਨਹੀਂ ਸੀ ਅਤੇ ਨਾ ਹੀ ਹਾਲਾਤ ਸਨ। ਬਹੁਤੇ ਸਿੰਘ ਬਿਨਾ ਸਿਖਲਾਈ ਦੇ ਹੀ ਹਮਲਿਆਂ ਅਤੇ ਮੁਕਾਬਲਿਆਂ ਦੀ ਸ਼ੁਰੂਆਤ ਕਰਦੇ ਸਨ ਤੇ ਗੁਰੀਲਾ ਜੰਗ ਦੇ ਮਾਹਰ ਬਣ ਜਾਂਦੇ ਸਨ। ਇਹ ਗੱਲ ਆਪਣੇ ਤਜਰਬੇ ਦੇ ਹਿਸਾਬ ਨਾਲ ਕਹਿ ਸਕਦਾ ਹਾਂ ਕਿ ਮੈਂ ਜਿਹੜੇ ਵੀ ਹਥਿਆਰ ਵਰਤੇ (ਰਿਵਾਲਵਰ, ਪਸਤੌਲ, ਅਸਾਲਟ, ਥਾਮਸਨ ਗੰਨ) ਸਭ ਪਹਿਲੀ ਵਾਰ ਹਮਲੇ ਵੇਲੇ ਹੀ ਵਰਤੇ ਸਨ ਅਤੇ ਓਹਨਾਂ ਸਾਰਿਆਂ ਦਾ ਨਿਸ਼ਾਨਾ ਸਹੀ ਲੱਗਿਆ ਸੀ ਜਿਵੇਂ ਕੋਈ ਪੇਸ਼ੇਵਰ ਨਿਸ਼ਾਨੇਬਾਜ ਹੋਵੇ। ਇਹਦੇ ਵਿਚ ਮੇਰਾ ਆਪਣਾ ਕੁਝ ਵੀ ਨਹੀਂ ਸੀ ਇਹ

ਤਾਂ ਵਿਰਾਸਤ ਅਤੇ ਪਰੰਪਰਾ ਦੀ ਦੇਣ ਸੀ। ਮੇਰੇ ਇਹ ਲਿਖਣ ਦਾ ਭਾਵ ਇਹ ਨਹੀਂ ਹੈ ਕਿ ਸਿੱਖਾਂ ਨੂੰ ਸਿਖਲਾਈ ਦੀ ਜ਼ਰੂਰਤ ਨਹੀਂ ਹੈ ਪਰ ਸਾਡਾ ਤਜਰਬਾ ਕਿਹਾ ਹੈ ਕਿ ਸਿੱਖ ਹਥਿਆਰ ਚਲਾਉਣੇ ਬਹੁਤ ਛੇਤੀ ਸਿੱਖਦਾ ਹੈ, ਜਦ ਜੰਗ ਦੇ ਹਾਲਾਤ ਹੋਣ ਅਤੇ ਜੰਗ ਪੰਥ ਲਈ ਹੋਵੇ, ਤਾਂ ਉਹਨੂੰ ਕੁਝ ਸਿਖਾਉਣ ਦੀ ਬਹੁਤੀ ਜ਼ਰੂਰਤ ਨਹੀਂ ਹੁੰਦੀ ਉਹ ਜਮਾਂਦਰੂ ਹੀ ਸਿੱਖਿਆ ਸਿਖਾਇਆ ਹੁੰਦਾ ਹੈ। ਇਹ ਗੁਰੂ ਨੇ ਸਾਨੂੰ ਬਹੁਤ ਵੱਡਾ ਗੁਣ ਦਿੱਤਾ ਹੈ, ਜੋ ਹੋਰਨਾਂ ਵਿੱਚ ਜ਼ਿਆਦਾ ਮਿਹਨਤ ਅਤੇ ਸਿਖਲਾਈ ਨਾਲ ਆਉਂਦਾ ਹੈ।



ਕਿਸੇ ਮੁਸ਼ਕਲ ਸਮੇਂ, ਖਾਸ ਕਰਕੇ ਜੰਗ, ਜੋ ਮੁਸ਼ਕਲ ਦੀ ਟੀਸੀ ਹੁੰਦਾ ਹੈ ਅਜਿਹੇ ਸਮੇਂ ਵਿਚ ਆਮ ਲੋਕ ਸੁੱਧ ਬੁੱਧ ਗੁਆ ਲੈਂਦੇ ਹਨ ਤੇ ਤਾਕਤਵਰ ਧਿਰ ਦੇ ਦਬਾਅ ਵਿਚ ਚੱਲਣ ਲੱਗ ਪੈਂਦੇ ਹਨ। ਉਸ ਵਕਤ ਉਹਨਾਂ ਤੇ ਕੁਝ ਵੀ ਲਾਗੂ ਕੀਤਾ ਜਾ ਸਕਦਾ ਹੈ ਪਰ ਅਸਲ ਜੰਗਜੂ ਬੰਦੇ ਅਜਿਹੇ ਹਾਲਾਤ ਵਿਚ ਆਪਣੇ ਆਪ ਨੂੰ ਸਮਰਥ ਬਣਾ ਕੇ ਸਮੇਂ ਦੇ ਹਾਣੀ ਹੋ ਜਾਂਦੇ ਹਨ। ਇਹ ਉਨ੍ਹਾਂ ਦੇ ਪਿਛੋਕੜ ਵਿਚ ਪਈ 'ਸਮੂਹਕ ਸੋਚ' ਤੇ ਰਵਾਇਤ ਦੀ ਦੇਣ ਹੁੰਦਾ ਹੈ। ਖਾਲਸੇ ਵਿੱਚ ਇਹ ਗੁਣ ਸਭ ਤੋਂ ਵੱਧ ਨਿਖਰ ਕੇ ਸਾਹਮਣੇ ਆਉਂਦਾ ਹੈ। ਜੰਗ ਸਮੇਂ ਉਹ (ਇਕ ਸਿੱਖ) ਆਮ ਤੋਂ ਖਾਸ ਹੋ ਜਾਂਦਾ ਹੈ ਤੇ ਉਹ ਆਪਣੀ ਸਮੂਹਕ ਯਾਦ ਅਤੇ ਪਰੰਪਰਾ ਵਿਚ ਜੀਅ ਉੱਠਦਾ ਹੈ। ਹੁਣ (ਅਜਿਹੇ ਵੇਲੇ) ਉਹ ਇਕ ਤੇ ਇਕੱਲਾ-ਇਕੱਲਾ ਨਹੀਂ ਰਹਿੰਦਾ, ਸਮੁੱਚੇ ਰੂਪ ਵਿੱਚ ਇਕ ਬਣ ਕੇ ਕੰਮ ਕਰਦਾ ਹੈ ਤੇ ਇਤਿਹਾਸ ਤੇ ਪਰੰਪਰਾ ਦੀ ਝੋਲੀ ਵਿੱਚ ਪਏ ਗੁਣਾਂ ਨਾਲ ਆਪਣੇ ਆਪ ਨੂੰ ਸਰਸ਼ਾਰ ਕਰ ਲੈਂਦਾ ਹੈ। ਦੁਸ਼ਮਣ ਨੂੰ ਇਸ ਗੱਲ ਦੀ ਕੋਈ ਸਮਝ ਨਹੀਂ ਪੈਂਦੀ ਕਿ ਇਹ ਦੱਬੇ, ਖਿੰਡੇ ਹੋਏ, ਆਗੂਹੀਣ ਅਤੇ ਅਸਿੱਖਿਅਤ ਲੋਕ ਦੁਬਾਰਾ ਇਕਦਮ ਕਿੱਥੋਂ ਜੁੜ ਪਏ? ਦੁਸ਼ਮਣ ਨੂੰ ਤਾਂ ਕੀ, ਸਾਡੇ ਆਮ ਆਗੂਆਂ ਅਤੇ ਬੁੱਧੀਮਾਨਾਂ ਨੂੰ ਵੀ ਇਸ ਵਰਤਾਰੇ ਦੀ ਸਮਝ ਨਹੀਂ ਪੈਂਦੀ ਤੇ ਉਹ ਸਹਿਮ ਭਰੀ ਹੈਰਾਨਗੀ ਵਿੱਚ ਆ ਜਾਂਦੇ ਹਨ। ਖਾੜਕੂ ਸੰਘਰਸ਼ ਦੇ ਮੱਠੇ ਪੈਣ ਤੋਂ ਬਾਅਦ ਵੀ ਜਦੋਂ-ਜਦੋਂ ਇਹੋ ਜਿਹੀ ਸਥਿਤੀ ਬਣੀ ਤਾਂ ਪੰਥਕ ਜਲੌਅ ਦਾ ਝਲਕਾਰਾ ਇਸੇ ਤਰ੍ਹਾਂ ਹੀ ਵਾਪਰਿਆ। ਕਿਸਾਨ ਸੰਘਰਸ਼ ਇਸ ਦੀ ਤਾਜਾ ਮਿਸਾਲ ਹੈ। ਮੁਸ਼ਕਲ ਸਮੇਂ ਖਾਲਸੇ ਦੇ ਗੁਣ ਅਮਲ ਸਮੂਹ ਵਿਚ ਆ ਜਾਂਦੇ ਹਨ। ਸਮੂਹ ਦੇ ਛੋਟੇ ਤੇ ਅਣਜਾਣੇ ਹਿੱਸੇ ਵੀ ਕਮਾਲ ਨਾਲ ਸਰਗਰਮ ਹੋ ਜਾਂਦੇ ਹਨ। ਅਗਵਾਈ ਕਿਸੇ ਬੰਦੇ ਦੀ ਥਾਂ ਸੰਗਤ ਕੋਲ ਆ ਜਾਂਦੀ ਹੈ ਤੇ ਚੜ੍ਹਦੀ ਕਲਾ ਵਾਲੀ ਰੌਂਅ ਵਗ ਪੈਂਦੀ ਹੈ। ਦਿੱਲੀ ਸਰਹੱਦ ਤੇ ਇਹ ਚੜ੍ਹਦੀ ਕਲਾ ਹਰ ਉਸ ਬੰਦੇ ਨੇ ਮਹਿਸੂਸ ਕੀਤੀ ਹੋਵੇਗੀ ਜਿਹੜਾ ਕਿਸਾਨ ਮੋਰਚੇ ਤੇ ਗਿਆ ਸੀ।

ਜੰਗ ਦੇ ਹਾਲਾਤ ਵਿੱਚ ਖਾਲਸੇ ਦੇ ਜਵਾਨਾਂ ਨੂੰ ਸ਼ਸਤਰ ਕਲਾ, ਨੀਤੀ ਅਤੇ ਪੈਂਤੜਾ, ਵਾਰ ਅਤੇ ਬਚਾਓ, ਦੁਸ਼ਮਣ ਅਤੇ ਦੋਸਤ ਇਨ੍ਹਾਂ ਪੱਖਾਂ ਬਾਰੇ ਬਹੁਤ ਡੂੰਘੀ ਸਮਝ ਸਹਿਜੇ ਹੀ ਆ ਜਾਂਦੀ ਹੈ। ਡਾਂਗ ਤੋਂ ਲੈ ਕੇ ਅਸਾਲਟਾਂ ਆਦਿ ਹੋਰ ਕਿਸੇ ਵੀ ਹਥਿਆਰ ਬਾਰੇ ਉਨ੍ਹਾਂ ਨੂੰ ਛੇਤੀ ਹੀ ਸਭ ਪਤਾ ਲੱਗ ਜਾਂਦਾ ਹੈ। ਮੈਂ ਸੰਘਰਸ਼ ਦੌਰਾਨ ਦੇਖਿਆ ਕਿ ਕਿਵੇਂ ਸਿੰਘਾਂ ਅਤੇ ਸ਼ਸਤਰਾਂ ਦਾ ਮੇਲ ਹੁੰਦਾ ਹੈ? ਕਿਵੇਂ ਉਹ ਇਕ ਦੂਜੇ ਵਿਚ ਰਚ ਮਿਚ ਜਾਂਦੇ ਹਨ? ਸਾਨੂੰ ਇਹ ਗੁਰੂ ਵੱਲੋਂ ਬਖਸ਼ਿਸ਼ ਹੈ ਕਿ ਮੁਸੀਬਤ ਸਮੇਂ ਅਸੀਂ ਦਬਦੇ ਨਹੀਂ ਅਤੇ ਨਾ ਹੀ ਝੁਕਦੇ ਹਾਂ, ਸਗੋਂ ਅੰਦਰ ਇੱਕ ਸੁੱਤੀ ਹੋਈ ਜੰਗਜੂ ਕਲਾ ਜਾਗ ਪੈਂਦੀ ਹੈ ਤੇ ਉਹ ਸਮੁੱਚੇ ਮਾਹੌਲ ਨਾਲ ਇੱਕ ਮਿੱਕ ਹੋ ਕੇ ਸੂਰਮਗਤੀ ਅਤੇ

ਫਤਹਿ ਦੀ ਇਬਾਰਤ ਲਿਖ ਦਿੰਦੀ ਹੈ। ਪੰਜਾਬ ਉੱਤੇ ਕਾਬਜ ਰਹੇ ਮੁਗਲਾਂ, ਫਰੰਗੀਆਂ ਅਤੇ ਹੁਣ ਬਿਪਰਵਾਦੀਆਂ ਨੂੰ ਸਾਡੀ ਇਸ ਸਿਫਤ ਬਾਰੇ ਕੁਝ ਨਾ ਕੁਝ ਪਤਾ ਹੈ ਜਦੋਂ ਇਹ ਕਲਾ ਸੰਗਤੀ ਰੂਪ ਵਿੱਚ ਵਰਤਣੀ ਸ਼ੁਰੂ ਹੁੰਦੀ ਹੈ ਤਾਂ ਹਥਿਆਰ ਅਤੇ ਅਸਲਾ ਇਕ ਜੰਗੀ ਤਰਾਨੇ ਵਾਂਗ ਬਣ ਜਾਂਦੇ ਹਨ। ਅਸੀਂ ਇਹ ਖਾੜਕੂ ਸੰਘਰਸ਼ ਵਿੱਚ ਆਮ ਹੀ ਵਰਤਦਾ ਦੇਖਿਆ ਹੈ ਭਾਵੇਂ ਕਿ ਸਾਨੂੰ ਇਸ ਦੀ ਬਹੁਤੀ ਸਮਝ ਨਹੀਂ ਸੀ ਲੱਗਦੀ। ਜਦੋਂ ਪਹਿਲੀ ਵਾਰ ਕਿਸੇ ਸਿੰਘ ਨੂੰ ਸ਼ਸ਼ਤਰਾਂ ਦੇ ਦਰਸ਼ਨ ਕਰਾਏ ਜਾਂਦੇ ਸਨ ਤਾਂ ਓਹਨਾਂ ਪਲਾਂ ਦਾ ਦ੍ਰਿਸ਼ ਦੇਖਣ ਵਾਲਾ ਹੀ ਹੁੰਦਾ ਸੀ। ਅਸਲ ਵਿੱਚ ਬਹੁਤੇ ਸਿੰਘ ਦਰਸ਼ਨ ਦੀ ਭਾਵਨਾ ਨਾਲ ਹੀ ਸ਼ਸ਼ਤਰਾਂ ਵੱਲ ਵੇਂਹਦੇ ਸੀ ਤੇ ਸ਼ਸ਼ਤਰਾਂ ਨੂੰ ਮਹਿਸੂਸ ਕਰਕੇ ਉਨ੍ਹਾਂ ਨੂੰ ਇਕ ਅਜੀਬ ਜਿਹੀ ਖੁਮਾਰੀ ਚੜ੍ਹਦੀ ਸੀ ਤੇ ਇਕ ਤ੍ਰਿਪਤੀ ਜਿਹੀ ਆ ਜਾਂਦੀ ਸੀ। ਇੱਕ ਵਾਰ ਬਟਾਲੇ ਕੋਲ ਤਿੰਨ ਅੱਲ੍ਹੜ ਉਮਰ ਦੇ ਨੌਜਵਾਨਾਂ ਨੂੰ ਜਦੋਂ ਨਵੀਆਂ ਅਸਾਲਟਾਂ ਫੜਾਈਆਂ ਤਾਂ ਉਨ੍ਹਾਂ ਦੇ ਹਾਲਾਤ ਰੋਣ ਵਰਗੇ ਹੀ ਹੋ ਗਏ। ਉਨ੍ਹਾਂ ਤੋਂ ਆਪਣਾ ਆਪ ਸਾਂਭਿਆ ਨਹੀਂ ਸੀ ਜਾ ਰਿਹਾ। ਓਹ ਤਾਂ ਸ਼ਸ਼ਤਰਾਂ ਨੂੰ ਇਵੇਂ ਮਿਲ ਰਹੇ ਸਨ ਜਿਵੇਂ ਕੋਈ ਨੌਜਵਾਨ ਆਪਣੇ ਪਿਆਰ ਨੂੰ ਮਿਲ ਰਿਹਾ ਹੋਵੇ। ਮੈਨੂੰ ਖੁਸ਼ੀ ਵੀ ਹੋਈ ਪਰ ਦਿਲ ਦੇ ਕਿਸੇ ਕੋਨੇ ਵਿੱਚ ਇੱਕ ਚੀਸ ਵੀ ਉੱਠੀ ਕਿ ਹਥਿਆਰਾਂ ਨਾਲ ਇਨ੍ਹਾਂ ਦੇ ਇਸ਼ਕ ਦੇ ਦਿਨ ਬਹੁਤ ਥੋੜ੍ਹੇ ਸਨ।

ਰੂਪੋਸ਼ ਜਿੰਦਗੀ ਵਿੱਚ ਹਥਿਆਰ ਦੀ ਬਹੁਤ ਅਹਿਮੀਅਤ ਹੁੰਦੀ ਹੈ। ਪੰਜਾਬ ਵਿੱਚ ਨਾ ਕੋਈ ਜੰਗਲ ਸੀ, ਨਾ ਪਹਾੜ ਅਤੇ ਨਾ ਹੀ ਸਾਡੇ ਲਈ ਕੋਈ ਮਹਿਫੂਜ ਇਲਾਕਾ ਸੀ। ਸਿੰਘਾਂ ਨੇ ਪਿੰਡਾਂ ਸ਼ਹਿਰਾਂ ਵਿੱਚ ਲੋਕਾਂ ਦੇ ਜੰਗਲ ਵਿੱਚ ਹੀ ਸਮਾਉਣਾ ਹੁੰਦਾ ਸੀ। ਇਹੋ ਜਿਹੀ ਜਿੰਦਗੀ ਲਈ ਇੱਕ ਛੋਟੇ ਹਥਿਆਰ ਦਾ ਹੋਣਾ ਲਾਜਮੀ ਸ਼ਰਤ ਸੀ ਪਰ ਮੈਂ ਸੰਨ ੧੯੮੪ ਤੋਂ ਲੈ ਕੇ ੧੯੯੨ ਤਕ ਇਹ ਦੇਖਿਆ ਕਿ ਇਹ ਲਾਜਮੀ ਸ਼ਰਤ ਵੀ ਸਾਰੇ ਸਿੰਘਾਂ ਲਈ ਕਦੇ ਪੂਰੀ ਨਹੀਂ ਹੋਈ ਸੀ। ਬਹੁਤ ਸਾਰੇ ਸਿੰਘਾਂ ਕੋਲ ਆਪਣੀ ਰੱਖਿਆ ਲਈ ਛੋਟਾ ਹਥਿਆਰ ਵੀ ਨਹੀਂ ਸੀ ਹੁੰਦਾ। ਕਾਫੀ ਵੱਡਾ ਹਿੱਸਾ ਇਨ੍ਹਾਂ ਨੂੰ ਉਡੀਕਦਾ ਹੀ ਅਗਲੀ ਦੁਨੀਆ ਨੂੰ ਤੁਰ ਗਿਆ।

ਸੰਘਰਸ਼ ਦੇ ਆਖਰੀ ਦੌਰ ਵਿੱਚ ਇਹ ਬੜਾ ਨਾਜੁਕ ਸੱਚ ਸੀ ਕਿ ਕੈਟਾਂ, ਮੁਖਬਰਾਂ, ਲੁਟੇਰੇ ਅਤੇ ਜਰਾਇਮ ਪੇਸ਼ਾ ਲੋਕਾਂ ਕੋਲ ਸਿੰਘਾਂ ਤੋਂ ਜਿਆਦਾ ਅਤੇ ਵਧੀਆ ਅਸਲਾ ਸੀ। ਇਨ੍ਹਾਂ ਵਿੱਚੋਂ ਵੱਡਾ ਹਿੱਸਾ ਸੰਘਰਸ਼ ਦੇ ਨਾਂ ਤੇ ਹੀ ਕਾਰਵਾਈਆਂ ਕਰ ਰਿਹਾ ਸੀ ਅਤੇ ਲੋਕਾਂ ਵਿਚ ਸਾਨੂੰ ਬਦਨਾਮ ਕਰ ਰਿਹਾ ਸੀ। ਬਾਹਰ ਵਾਲੀ ਦੁਨੀਆ ਨੂੰ ਤਾਂ ਇਸ ਬਾਰੇ ਕੀ ਪਤਾ ਹੋਣਾ ਸੀ, ਸਾਰੇ ਪੰਜਾਬੀਆਂ ਨੂੰ ਵੀ ਇਸ ਬਾਰੇ ਪੂਰਾ ਪਤਾ ਨਹੀਂ ਸੀ ਜਾਂ ਕਹਿ ਲਓ ਕਿ ਉਨ੍ਹਾਂ ਕੋਲ ਗਲਤ ਜਾਣਕਾਰੀ ਸੀ। ਹਕੂਮਤ ਦਾ ਸ਼ਸ਼ਤਰਾਂ ਬਾਰੇ ਵਕਤੀ ਪਰਚਾਰ ਹੁਣ ਵੀ ਸੰਘਰਸ਼ ਖਿਲਾਫ ਸਦੀਵੀ ਸੱਚ ਵਾਂਗ ਪਕਾਇਆ ਜਾ ਰਿਹਾ ਹੈ।

ਹੁਣ ਅਸੀਂ ਕਈ ਵਾਰ ਦੇਖਦੇ ਹਾਂ, ਉਸ ਵਕਤ ਕਈ ਸਿੰਘ ਹਥਿਆਰਾਂ ਨਾਲ ਆਪਣੀਆਂ ਫੋਟੋਆਂ ਜਾਂ ਵੀਡਿਓ ਬਣਾ ਲੈਂਦੇ ਸਨ। ਇਹੋ ਜਿਹੇ ਸਿੰਘਾਂ ਦੀ ਗਿਣਤੀ ਥੋੜ੍ਹੀ ਹੀ ਹੋਵੇਗੀ ਕਿਉਂਕਿ ਜਿਆਦਾਤਰ ਸਿੰਘ ਆਪਣੀ ਤਸਵੀਰ ਨਹੀਂ ਸੀ ਖਿਚਵਾਉਂਦੇ। ਪਰ ਇਹੋ ਜਿਹਾ ਹਿੱਸਾ ਵੀ ਸਦਾ ਮੌਜੂਦ ਹੁੰਦਾ ਹੈ ਜੋ ਇਸ ਗੱਲ ਦੀ ਪ੍ਰਵਾਹ ਨਹੀਂ ਕਰਦਾ ਜਾਂ ਫਿਰ ਸ਼ਸਤਰਾਂ ਸਮੇਤ ਲੋਕਾਂ ਵਿੱਚ ਜਾਣ ਦੀ ਖ਼ੁਸ਼ੀ ਮਹਿਸੂਸ ਕਰਦਾ ਸੀ। ਬਹੁਤ ਲੋਕ ਸਾਨੂੰ ਸ਼ਰਧਾ ਤੇ ਪਿਆਰ ਨਾਲ ਆਪਣੇ ਰਵਾਇਤੀ ਜਾਂ ਅਗਨ ਸ਼ਸਤਰ ਵੀ ਭੇਟ ਕਰਦੇ ਸੀ। ਕਈ ਲੋਕ ਇਹ ਵੀ ਕਹਿ ਦਿੰਦੇ ਸੀ ਕਿ ਤੁਸੀਂ ਸਾਡਾ ਲਾਇਸੰਸੀ ਅਸਲਾ ਲੁੱਟ ਦੇ ਬਹਾਨੇ ਲੈ ਜਾਵੋ। ਲੁਧਿਆਣੇ ਦੇ ਇੱਕ ਜਥੇਦਾਰ ਨੇ ੧੯੬੨ ਦੀ ਜੰਗ ਵੇਲੇ ਦਾ ੩੦ ਬੋਰ ਦਾ ਚੀਨੀ ਮਾਊਜਰ ਬਹੁਤ ਸੰਭਾਲ ਕੇ ਰੱਖਿਆ ਹੋਇਆ ਸੀ। ਸੰਘਰਸ਼ ਵੇਲੇ ਉਹਨੇ ਆਪ ਚਾਚਾ ਮਥਰਾ ਸਿੰਘ ਨੂੰ ਦਿੱਤਾ ਤੇ ਕਿਹਾ ਕਿ ਇਸ ਨਾਲ ਕਿਸੇ ਵੱਡੇ ਦੁਸ਼ਟ ਨੂੰ ਸੋਧਿਓ। ਉਹ ਜਥੇਦਾਰ ਦੀ ਰੀਝ ਵੀ ਪੂਰੀ ਹੋਈ ਕਿ ਹਰਜਿੰਦਰ ਸਿੰਘ ਜਿੰਦੇ ਤੇ ਸੁਖਦੇਵ ਸਿੰਘ ਸੁੱਖੇ ਨੇ ਇਸ ਸ਼ਸਤਰ ਨਾਲ ਹੀ ਜਨਰਲ ਵੈਦਿਆ ਨੂੰ ਸੋਧਿਆ। ਬਲਵਿੰਦਰ ਸਿੰਘ ਜਟਾਣੇ ਕੋਲ ਇੱਕ ਛੋਟਾ ਜਿਹਾ ਉੱਪਰਲੀ ਜੇਬ ਵਿਚ ਪੈਣ ਵਾਲਾ ੨੫ ਬੋਰ ਦਾ ਪਸਤੌਲ ਹੁੰਦਾ ਸੀ, ਜੋ ਉਸ ਨੂੰ ਕਿਸੇ ਸ਼ੁਭ ਚਿੰਤਕ ਪੁਲਿਸ ਅਫਸਰ ਨੇ ਦਿੱਤਾ ਸੀ। ਸਵਰਨ ਸਿੰਘ ਜਵੰਦਾ ਨੇ ਮੈਨੂੰ ਐਸਡਬਲਿਊ ਦਾ ੩੮ ਬੋਰ ਦਾ ਸਪੈਸ਼ਲ ਖ਼ੂਬਸੂਰਤ ਰਿਵਾਲਵਰ ਦਿਖਾਇਆ, ਜੋ ਉਸ ਨੂੰ ਯੂਪੀ ਦੇ ਇਕ ਵੈਲੀ ਨੇ ਦਿੱਤਾ ਸੀ। ਗੁਰਜੀਤ ਸਿੰਘ (ਸਿੱਖ ਸਟੂਡੈਂਟਸ ਫੈਡਰੇਸ਼ਨ) ਕੋਲ ਇਕ ਬਾਰਾਂ ਬੋਰ ਦੀ ਗਿੜਵੀਂ ਗੰਨ ਸੀ ਜਿਹੜੀ ਉਸ ਨੂੰ ਕਿਸੇ ਪਰਿਵਾਰ ਨੇ ਪ੍ਰੇਮ ਭੇਟਾ ਕੀਤੀ ਸੀ। ਅੰਮ੍ਰਿਤਸਰ ਦੇ ਇਕ ਵੈਲੀ ਨੇ ਸਾਨੂੰ ਏਆਰ-੧੫ ਅਮਰੀਕੀ ਬੰਦੂਕ ਤੋਹਫੇ ਵਜੋਂ ਦਿੱਤੀ।

ਸੰਘਰਸ਼ ਦੌਰਾਨ ਹਥਿਆਰਾਂ ਦਾ ਇਹ ਸਿਲਸਿਲਾ ਵੀ ਸੀ ਜੋ ਸੰਗਤ ਵਿਚ ਚੱਲ ਰਿਹਾ ਸੀ। ਇਹ ਵੀ ਸੱਚ ਹੈ ਕਿ ਪੰਜਾਬ ਵਿੱਚ ਜਿੰਨੇ ਹਥਿਆਰ ਪਾਰ ਤੋਂ ਆਏ ਉਨ੍ਹਾਂ ਵਿੱਚੋਂ ਵੱਡਾ ਹਿੱਸਾ ਬਿਨਾ ਸਾਡੇ ਕੰਮ ਆਏ ਹੀ ਫੜਿਆ ਗਿਆ। ਇਨ੍ਹਾਂ ਹਥਿਆਰਾਂ ਵਿੱਚੋਂ ਕੁਝ ਹਥਿਆਰ ਮੁੜ ਸਾਡੇ ਨਾਂ ਤੇ ਹੀ ਆਮ ਲੋਕਾਂ ਉਤੇ ਵਰਤੇ ਗਏ। ਮੁਜਰਮਾਂ ਅਤੇ ਲੁਟੇਰੇ ਟੋਲਿਆਂ ਜਾਂ ਕੈਟਾਂ ਕੋਲ ਵੀ ਸਾਡੇ ਹਥਿਆਰ ਚਲੇ ਜਾਂਦੇ ਸਨ। ਸੰਨ ੧੯੮੮ ਤੋਂ ਬਾਅਦ ਇਕ ਵਾਰ ਇਹੋ ਜਿਹਾ ਸਮਾਂ ਵੀ ਸੀ ਕਿ ਜਿਹੜਾ ਬੰਦਾ ਵੀ ਸਰਹੱਦ ਪਾਰ ਕਰਦਾ ਸੀ, ਉਸ ਨੂੰ ਉਥੋਂ ਇਕ ਹਥਿਆਰ ਮਿਲ ਜਾਂਦਾ ਸੀ। ਉਸ ਵਕਤ ਕੁਝ ਹਥਿਆਰ ਗਲਤ ਹੱਥਾਂ ਵਿੱਚ ਵੀ ਚਲੇ ਗਏ। ਇਸ ਤੋਂ ਬਾਅਦ ਅਸੀਂ ਪੂਰੀ ਕੋਸ਼ਿਸ਼ ਕੀਤੀ ਕਿ ਤਸਦੀਕ ਤੇ ਜਿੰਮੇਵਾਰੀ ਨਾਲ ਹੀ ਹਥਿਆਰ ਦਿੱਤੇ ਜਾਣ।

ਜਦੋਂ ਖਾੜਕੂ ਸੰਘਰਸ਼ ਸ਼ੁਰੂ ਹੋਇਆ ਉਦੋਂ ਤੋਂ ਹੀ ਲੋਕਾਂ ਵਿਚ ਸੰਘਰਸ਼ ਲਈ

ਸਤਿਕਾਰ ਅਤੇ ਅਦਬ ਕਾਰਨ, ਇਕ ਇਹੋ ਜਿਹਾ ਹਿੱਸਾ ਵੀ ਸਰਗਰਮ ਹੋ ਗਿਆ ਜੋ ਹਥਿਆਰ ਨੂੰ ਨਿੱਜੀ ਫਾਇਦੇ ਲਈ ਵਰਤਦਾ ਸੀ। ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਹੁੰਦਿਆਂ ਵੀ ਜਰਾਇਮ ਪੇਸ਼ਾ ਤੇ ਮੌਕਾਪ੍ਰਸਤ ਅਨਸਰ ਸੰਘਰਸ਼ ਦੇ ਨਾਂ ਹੇਠ ਲੋਕਾਂ ਤੋਂ ਪੈਸਾ ਅਤੇ ਅਸਲਾ ਲੁੱਟਣ ਲੱਗ ਪਏ ਸਨ। ਸੰਤ ਜੀ ਨੇ ਕਈ ਵਾਰ ਇਸ ਬਾਰੇ ਚੌਕਸ ਵੀ ਕੀਤਾ ਸੀ ਅਤੇ ਸਿੱਖਾਂ ਦੇ ਹਥਿਆਰਾਂ ਨਾਲ ਰਿਸ਼ਤੇ ਬਾਰੇ ਚਾਨਣਾ ਵੀ ਪਾਇਆ ਸੀ। ਜੂਨ ੧੯੮੪ ਤੋਂ ਬਾਅਦ ਜਦੋਂ ਹਾਲੇ ਅਸੀਂ ਸੰਘਰਸ਼ ਲਈ ਜਮੀਨ ਤਿਆਰ ਕਰ ਰਹੇ ਸੀ ਤਾਂ ਇਹ ਹਿੱਸਾ ਉਸ ਵਕਤ ਵੀ ਆਪਣਾ ਕੰਮ ਸ਼ੁਰੂ ਕਰ ਚੁੱਕਾ ਸੀ। ਲੋਕਾਂ ਤੋਂ ਚਿੱਠੀਆਂ ਅਤੇ ਡਰਾਵਿਆਂ ਰਾਹੀਂ ਪੈਸੇ ਇਕੱਠੇ ਕਰਨੇ ਸ਼ੁਰੂ ਕਰ ਦਿੱਤੇ ਸਨ।

ਹਾਲੇ ਅਸੀਂ ਰੂਪੋਸ਼ ਵੀ ਨਹੀਂ ਹੋਏ ਸੀ ਕਿ ਸਾਡੇ ਕੋਲ ਲੁਧਿਆਣੇ ਦਾ ਇਕ ਅਮੀਰ ਬੰਦਾ ਆਇਆ ਜਿਸ ਕੋਲੋਂ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਨਾਂ ਤੇ ੨ ਲੱਖ ਰੁਪਏ ਮੰਗੇ ਗਏ ਸਨ। ਅਸੀਂ ਕਿਸੇ ਤਰ੍ਹਾਂ ਉਹਨਾਂ ਬੰਦਿਆਂ ਬਾਰੇ ਪਤਾ ਕਰਾਇਆ ਤਾਂ ਉਹ ਨਸ਼ਈ ਅਤੇ ਮੁਜਰਮ ਕਿਸਮ ਦੇ ਬੰਦੇ ਸਨ ਜੋ ਮੌਕੇ ਦਾ ਫਾਇਦਾ ਉਠਾ ਰਹੇ ਸਨ। ਇਹਨਾਂ ਨੇ ਪਹਿਲਾਂ ਲੋਕਾਂ ਤੋਂ ਹੀ ਹਥਿਆਰ ਲੁੱਟੇ ਤੇ ਫਿਰ ਉਹਨਾਂ ਹਥਿਆਰਾਂ ਨਾਲ ਡਾਕੇ ਮਾਰਨੇ ਸ਼ੁਰੂ ਕਰ ਦਿੱਤੇ। ਕਈ ਥਾਂ ਆਮ ਬੰਦੇ ਵੀ ਮਾਰ ਦਿੱਤੇ। ਕਈ ਵਾਰ ਇਹ ਫੜੇ ਵੀ ਜਾਂਦੇ ਸਨ ਅਤੇ ਕਈ ਵਾਰ ਪੁਲਿਸ ਵਾਲੇ ਇਹਨਾਂ ਨੂੰ ਇਨਾਮ ਲੈਣ ਲਈ ਖਾੜਕੂ ਬਣਾ ਕੇ ਮਾਰ ਵੀ ਦਿੰਦੇ ਸਨ। ਕਈ ਵਾਰ ਸਾਡੇ ਸਿੰਘਾਂ ਵਲੋਂ ਵੀ ਯੋਗ ਸਜਾ ਦਿੱਤੀ ਜਾਂਦੀ ਸੀ ਪਰ ਇਹ ਸਿਲਸਿਲਾ ਰੁਕਿਆ ਕਦੇ ਵੀ ਨਹੀਂ, ਹਾਂ ਘੱਟ ਜਰੂਰ ਹੁੰਦਾ ਰਿਹਾ। ੧੯੮੮ ਈਸਵੀ ਵਿਚ ਦਰਬਾਰ ਸਾਹਿਬ ਉਤੇ ਦੂਜੇ ਹਮਲੇ ਵੇਲੇ ਇਹ ਕੰਮ ਬਹੁਤ ਵਧ ਗਿਆ ਸੀ।

ਜਦੋਂ ੧੯੮੯ ਵਿਚ ਜਥੇਬੰਦੀਆਂ ਦੀ ਏਕਤਾ ਹੋਈ ਤਾਂ ਇਹ ਕੰਮ ਫਿਰ ਘੱਟ ਗਿਆ ਪਰ ਫਿਰ ਜਦੋਂ ੧੯੯੧ ਮਗਰੋਂ ਸਰਕਾਰ ਨੇ ਇਹਨਾਂ ਲੋਕਾਂ ਨੂੰ ਵੱਡੀ ਪੱਧਰ ਉਤੇ ਆਪਣੇ ਟੋਲਿਆਂ ਵਿਚ ਭਰਤੀ ਕਰਨਾ ਸ਼ੁਰੂ ਕਰ ਦਿੱਤਾ ਤਾਂ ਇਹ ਕੰਮ ਬਹੁਤ ਵਧ ਗਿਆ। ਇਕ ਵਾਰ ਮੈਨੂੰ ਬਾਈ ਸੁਰਿੰਦਰ ਸਿੰਘ ਛਿੰਦਾ ਖਾਲਸਤਾਨ ਕਮਾਂਡੋ ਫੋਰਸ ਨੇ ੩੮ ਬੋਰ ਦਾ ਕੌਲਟ ਦਾ ਰਿਵਾਲਵਰ ਵਿਖਾਇਆ ਤੇ ਦੱਸਿਆ ਕਿ ਇਸ ਹਥਿਆਰ ਦੇ ਹੁਣ ਤੱਕ ੧੧ ਮਾਲਕ ਮਰ ਚੁੱਕੇ ਹਨ। ਇਹ ਹਥਿਆਰ ਦੀ ਲੰਬੀ ਕਹਾਣੀ ਹੈ ਕਿ ਕਿਵੇਂ ਜੁਰਮ ਦੀ ਦੁਨੀਆ ਵਿਚ ਇਹ ਹਥਿਆਰ ਕਿੰਨੇ ਹੱਥਾਂ ਵਿਚ ਗਿਆ। ਲੁਧਿਆਣੇ ਵਾਲਾ ਛੋਟੂ ਜੋ ਸਾਡੇ ਹਥਿਆਰ ਲੈ ਗਿਆ ਸੀ ਓਹਨਾਂ ਨਾਲ ਵੀ ਕਿੰਨੇ ਹੀ ਕਤਲ ਹੋਏ ਤੇ ਘਰ ਤਬਾਹ ਹੋਏ ਤੇ ਉਹ ਆਪ ਵੀ ਉਹਨਾਂ ਹਥਿਆਰਾਂ ਨਾਲ ਹੀ ਮਾਰਿਆ ਗਿਆ। ਸੰਘਰਸ਼ ਦੌਰਾਨ ਸਿੰਘਾਂ ਦਾ ਸ਼ਸ਼ਤਰਾਂ ਨਾਲ ਪਿਆਰ ਬਹੁਤ

ਜਿਆਦਾ ਸੀ। ਹਰ ਕੋਈ ਵਧੀਆ ਤੋਂ ਵਧੀਆ ਅਤੇ ਜਿਆਦਾ ਤੋਂ ਜਿਆਦਾ ਹਥਿਆਰ ਰੱਖਣਾ ਚਾਹੁੰਦਾ ਸੀ। ਜਥੇਬੰਦੀਆਂ ਦਾ ਆਪਸ ਵਿਚ ਸਸ਼ਤਰਾਂ ਕਰਕੇ ਤਣਾਅ ਜਾਂ ਟਕਰਾਅ ਵੀ ਹੋ ਜਾਂਦਾ ਸੀ। ਜੇ ਸ਼ੁਰੂ ਤੋਂ ਹੀ ਅਸਲੇ ਦੀ ਗਿਣਤੀ ਅਤੇ ਵਰਤੋਂ ਉਤੇ ਕਾਬੂ ਰਹਿੰਦਾ ਤਾਂ ਨਤੀਜੇ ਬਿਹਤਰ ਹੋਣੇ ਸਨ ਅਤੇ ਸਿੰਘਾਂ ਦਾ ਨੁਕਸਾਨ ਵੀ ਘੱਟ ਹੋਣਾ ਸੀ। ਇਹ ਗੱਲ ਸਾਨੂੰ ਓਦੋਂ ਵੀ ਪਤਾ ਸੀ ਤੇ ਅਸੀਂ ਕੋਸ਼ਿਸ਼ ਵੀ ਬਹੁਤ ਕੀਤੀ। ਇਕ ਵਾਰ ਕਿਸੇ ਹੱਦ ਤੱਕ ਕਾਮਯਾਬ ਵੀ ਹੋਏ ਪਰ ਮੁਕੰਮਲ ਸੁਧਾਰ ਨਾ ਹੋ ਸਕਿਆ।

ਖਾੜਕੂ ਸੰਘਰਸ਼ ਵਿੱਚ ਹਥਿਆਰਾਂ ਦਾ ਸੱਚ

ਸਰਕਾਰੀ ਪ੍ਰਚਾਰ ਅਤੇ ਪੱਖਪਾਤੀ ਮੀਡੀਏ ਨੇ ਖਾੜਕੂ ਸੰਘਰਸ਼ ਬਾਰੇ ਸੱਚ ਨੂੰ ਸਾਹਮਣੇ ਆਉਣ ਨਹੀਂ ਦਿੱਤਾ। ਸੰਘਰਸ਼ ਦੇ ਹਰ ਪੱਖ ਬਾਰੇ ਸੱਚ ਨੂੰ ਦਬਾਇਆ ਗਿਆ ਅਤੇ ਝੂਠ ਦਾ ਬਾਨਣੂੰ ਬੰਨ੍ਹਿਆ ਗਿਆ। ਕਈ ਪੱਖਾਂ ਨੂੰ ਬਿਲਕੁਲ ਅੱਖੋਂ ਓਹਲੇ ਕਰ ਦਿੱਤਾ ਗਿਆ ਤੇ ਕਈ ਪੱਖਾਂ ਨੂੰ ਬਹੁਤ ਵਧਾ-ਚੜ੍ਹਾ ਕੇ, ਫੈਲਾਅ ਕੇ ਦੁਨੀਆ ਸਾਹਮਣੇ ਪੇਸ਼ ਕੀਤਾ ਗਿਆ। ਸੰਘਰਸ਼ ਵਿਚ ਹਥਿਆਰਾਂ ਦੀ ਗੁਣ ਗਿਣਤੀ ਬਾਰੇ ਵੀ ਸਰਕਾਰ ਨੇ ਇੰਝ ਹੀ ਕੀਤਾ। ਖਾੜਕੂ ਸਿੰਘਾਂ ਕੋਲ ਹਥਿਆਰਾਂ ਦੇ ਜਖੀਰਿਆਂ ਬਾਰੇ ਗੱਲ ਕੀਤੀ ਗਈ ਜਦਕਿ ਬਹੁਤੀ ਵਾਰ ਸਾਡੇ ਕੋਲ ਆਪਣੀ ਰਾਖੀ ਲਈ ਲੋੜੀਂਦੇ ਹਥਿਆਰ ਵੀ ਨਹੀਂ ਹੁੰਦੇ ਸਨ। ਹਥਿਆਰਾਂ ਨੂੰ ਪਾਕਿਸਤਾਨ ਦੇ ਖੁਫੀਆ ਮਹਿਕਮੇ ਨਾਲ ਸਦਾ ਹੀ ਜੋੜਿਆ ਗਿਆ ਜਦਕਿ ਇਸ ਵਿਚ ਸੱਚਾਈ ਬਹੁਤ ਥੋੜ੍ਹੀ ਸੀ। ਕਈ ਵਾਰ ਹਥਿਆਰਾਂ ਨੂੰ ਚੀਨ, ਅਮਰੀਕਾ ਦੇ ਖੁਫੀਆ ਮਹਿਕਮਿਆਂ ਜਾਂ ਦੁਨੀਆ ਦੇ ਹੋਰ ਖਾੜਕੂ ਸੰਘਰਸ਼ਾਂ ਨਾਲ ਵੀ ਜੋੜਿਆ ਗਿਆ, ਜਿਸ ਵਿੱਚ ਕੋਈ ਵੀ ਸੱਚਾਈ ਨਹੀਂ ਸੀ। ਖਾੜਕੂਆਂ ਦੇ ਹਥਿਆਰਾਂ ਦੀ ਗਿਣਤੀ, ਉਹਨਾਂ ਦੀ ਸਿਖਲਾਈ ਅਤੇ ਉਹਨਾਂ ਨੂੰ ਹਥਿਆਰਾਂ ਦੀ ਪਰਾਪਤੀ ਦੇ ਸਾਧਨਾਂ ਬਾਰੇ ਬਹੁਤ ਹੀ ਵਧਾ-ਚੜਾਅ ਕੇ ਪਰਚਾਰਿਆ ਗਿਆ।

੧੯੭੮ ਦੀ ਵਿਸਾਖੀ ਦੇ ਸਾਕੇ ਤੋਂ ਮੌਜੂਦਾ ਖਾੜਕੂ ਸੰਘਰਸ਼ ਦਾ ਆਰੰਭ ਮੰਨਿਆ ਜਾਂਦਾ ਹੈ। ਬਿਪਰ ਦੀ ਸਰਪ੍ਰਸਤੀ ਵਾਲੀ ਬਾਦਲ ਸਰਕਾਰ ਦੀ ਮਿਲੀ ਭੁਗਤ ਨਾਲ ਨਿਰੰਕਾਰੀਆਂ ਨੇ ਵਿਸਾਖੀ ਦੇ ਮੌਕੇ ਸਿੱਖਾਂ ਉਤੇ ਗੋਲੀ ਚਲਾਈ ਅਤੇ ਭਾਈ ਫੌਜਾ ਸਿੰਘ ਸਮੇਤ ਕਈ ਸਿੰਘਾਂ ਨੂੰ ਸ਼ਹੀਦ ਅਤੇ ਜਖਮੀ ਕੀਤਾ। ਜਦੋਂ ਇਥੋਂ ਦਾ ਅਦਾਲਤੀ ਨਿਆਂ ਕਿਸੇ ਇਕ ਵੀ ਦੋਸ਼ੀ ਨੂੰ ਸਜਾ ਦੇਣ ਤੋਂ ਨੰਗਾ ਚਿੱਟਾ ਮੁਕਰ ਗਿਆ ਤਾਂ ਇਸ ਅਨਿਆਂ ਦੇ ਉੱਤਰ ਵਜੋਂ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਅਤੇ ਭਾਈ ਤਲਵਿੰਦਰ ਸਿੰਘ, ਭਾਈ ਸੁਖਦੇਵ ਸਿੰਘ ਬੱਬਰ ਹੋਰਾਂ ਨੇ ਸਭ ਤੋਂ ਪਹਿਲਾਂ ਸਿੱਖਾਂ ਨੂੰ ਹਥਿਆਰਬੰਦ ਰੂਪ ਵਿੱਚ ਜਥੇਬੰਦ ਕੀਤਾ ਤਾਂ ਕਿ ਸਿੱਖ ਦੁਸ਼ਮਣ ਤਾਕਤਾਂ ਨੂੰ ਸਿੱਧਾ ਉੱਤਰ ਦਿੱਤਾ

ਜਾ ਸਕੇ। ਇਹਨਾਂ ਜਥਿਆਂ ਵਿੱਚ ਕੁੱਝ ਕੁ ਚੋਣਵੇਂ ਸਿੰਘ ਹੀ ਸਨ। ਪਹਿਲੇ ਹਥਿਆਰ ਸਿੱਖਾਂ ਤੋਂ ਹੀ ਇਕੱਠੇ ਕੀਤੇ ਜਾਂ ਕੁਝ ਯੂਪੀ ਅਤੇ ਨੇਪਾਲ ਤੋਂ ਖਰੀਦੇ ਗਏ। ੪ ਕੁ ੩੮ ਬੋਰ ਸਪੈਸ਼ਲ ਦੇ ਰਿਵਾਲਵਰ ਜਥੇਦਾਰ ਤਲਵਿੰਦਰ ਸਿੰਘ ਬਾਹਰੋਂ ਲੈ ਕੇ ਆਇਆ। ੧੯੮੪ ਤੱਕ ਕਾਰਵਾਈਆਂ ਲਈ ਬਹੁਤੇ ਹਥਿਆਰ ਲਾਇਸੰਸੀ ਹੀ ਵਰਤੇ ਜਾਂਦੇ ਸੀ, ਗੋਲੀ ਸਿੱਕਾ ਵੀ ਲਾਇਸੰਸ ਵਾਲਿਆਂ ਤੋਂ ਹੀ ਲਿਆ ਜਾਂਦਾ ਸੀ। ਇਕ ਵਾਰ ਸੁਲੱਖਣ ਸਿੰਘ ਬੱਬਰ ਨੇ ਦੱਸਿਆ ਕਿ ਓਹਨਾਂ ਨੂੰ ਜਦੋਂ ਵੀ ੯ ਐਮਐਮ ਜਾਂ ੩੨ ਬੋਰ ਗੋਲੀਆਂ ਦੀ ਜਰੂਰਤ ਪੈਂਦੀ ਸੀ ਤਾਂ ਉਹ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਹਰਚਰਨ ਸਿੰਘ ਮਹਾਲੋਂ ਦੇ ਪਟੇ ਵਿਚੋਂ ਕੱਢ ਲੈਂਦੇ ਸਨ ਅਤੇ ਅੱਗੋਂ ਉਹ ਹੱਸ ਛੱਡਦੇ ਸਨ।

ਜਥੇਦਾਰ ਤਲਵਿੰਦਰ ਸਿੰਘ ਨੇ ਜੋ ੩੮ ਬੋਰ ਸਪੈਸ਼ਲ ਦੇ ਰਿਵਾਲਵਰ ਲਿਆਂਦੇ ਸਨ, ਉਹਨਾਂ ਵਿਚੋਂ ਇੱਕ ਸੰਤਾਂ ਦੇ ਗਲ ਸਦਾ ਪਾਇਆ ਹੁੰਦਾ ਸੀ। ਇਸ ਕਰਕੇ ਉਸਦੀ ਬਹੁਤ ਮਸ਼ਹੂਰੀ ਹੋ ਗਈ। ਸੰਤਾਂ ਦੀਆਂ ਤਸਵੀਰਾਂ ਵਿੱਚ ਅਸੀਂ ਉਸ ਦੇ ਪਟੇ ਨੂੰ ਦੇਖ ਸਕਦੇ ਹਾਂ। ਉਸ ਦੀਆਂ ਦੋ ਤਰ੍ਹਾਂ ਦੀਆਂ ਛੋਟੀਆਂ ਤੇ ਲੰਬੀਆਂ ਗੋਲੀਆਂ ਉਹਨਾਂ ਦੇ ਪਟੇ ਵਿੱਚ ਦਿਖਦੀਆਂ ਹਨ। ਉਹਨਾਂ ਦੇ ਨਾਲ ਰਹਿਣ ਵਾਲੇ ਦਸਦੇ ਹਨ ਕਿ ਸੰਤਾਂ ਨੂੰ ਸਾਰੇ ਮਹਾਨ ਜਰਨੈਲਾਂ ਵਾਂਗ ਸੋਹਣੇ ਹਥਿਆਰਾਂ ਨਾਲ ਬਹੁਤ ਪਿਆਰ ਸੀ। ਉਹ ਇਸ ਪਿਆਰ ਦੀ ਬਖਸ਼ਿਸ਼ ਆਪਣੇ ਕੁਝ ਚੋਣਵੇਂ ਸਿੰਘਾਂ ਨੂੰ ਵੀ ਕਰਦੇ ਰਹਿੰਦੇ ਸਨ। ਉਹਨਾਂ ਨੇ ਉਹੋ ਜਿਹਾ ਹੀ ਇੱਕ ੩੮ ਬੋਰ ਸਪੈਸ਼ਲ ਦਾ ਰਿਵਾਲਵਰ ਭਾਈ ਬਖਸ਼ੀਸ਼ ਸਿੰਘ ਮਾਲੋਵਾਲ, ਜੋ ਉਹਨਾਂ ਦੇ ਪਹਿਰੇ ਉਤੇ ਹੁੰਦਿਆਂ ਉਹਨਾਂ ਦਾ ਹੀ ਅੰਗ ਹੋ ਗਿਆ, ਨੂੰ ਦਿੱਤਾ ਸੀ। ਦਰਬਾਰ ਸਾਹਿਬ ਉਤੇ ਹਮਲੇ ਤੋਂ ਪਹਿਲਾਂ ਦੀਆਂ ਵੱਡੀਆਂ ਕਾਰਵਾਈਆਂ ਵਿੱਚ ਭਾਈ ਬਖਸ਼ੀਸ਼ ਸਿੰਘ ਮਾਲੋਵਾਲ ਦਾ ਯੋਗਦਾਨ ਸੀ। ਇਹ ਸ਼ਸ਼ਤਰ ਹੀ ੧੯੮੪ ਤੋਂ ਬਾਅਦ ਚਾਚਾ ਮਥਰਾ ਸਿੰਘ ਕੋਲ਼ ਆ ਗਿਆ। ਦਿੱਲੀ ਵਿਚ ਲਲਿਤ ਮਾਕਨ ਅਤੇ ਅਰਜਨ ਦਾਸ ਉਤੇ ਹਮਲੇ ਵਿੱਚ ਵੀ ਇਹ ਸ਼ਸ਼ਤਰ ਵਰਤਿਆ ਗਿਆ ਫਿਰ ਅਸੀਂ ਇਸ ਸ਼ਸ਼ਤਰ ਨੂੰ ਪੰਜਾਬ ਲੈ ਆਏ ਤਾਂ ਕਿ ਇਸ ਨੂੰ ਸੰਭਾਲਿਆ ਜਾ ਸਕੇ ਪਰ ਹੋਇਆ ਇਸ ਤੋਂ ਉਲਟ। ਸਾਡੀ ਸਾਂਝੀ ਠਾਹਰ ਤੋਂ ਇਕ ਸਿੰਘ ਇਹ ਹਥਿਆਰ ਲੈ ਗਿਆ ਅਤੇ ਕੁਝ ਸਮੇਂ ਬਾਅਦ ਉਹ ਸ਼ਸ਼ਤਰ ਸਮੇਤ ਫੜਿਆ ਗਿਆ। ਸੁਣਨ ਵਿਚ ਆਇਆ ਹੈ ਕਿ ਇਸ ਸ਼ਸ਼ਤਰ ਨੂੰ ਉਸ ਸਮੇਂ ਦੇ ਇਕ ਵੱਡੇ ਪੁਲਿਸ ਅਧਿਕਾਰੀ ਨੇ ਆਪਣੇ ਕੋਲ ਰੱਖ ਲਿਆ ਅਤੇ ਕਿਤੇ ਵੀ ਕਾਗਜਾਂ ਵਿਚ ਜਾਹਰ ਨਹੀਂ ਕੀਤਾ। ਇਸ ਤਰ੍ਹਾਂ ਸੰਤਾਂ ਦੇ ਪਿਆਰ ਦੀ ਬਹੁਤ ਕੀਮਤੀ ਨਿਸ਼ਾਨੀ ਲਾਪਰਵਾਹੀ ਵਿੱਚ ਗਵਾਚ ਗਈ।

ਸੰਤਾਂ ਦੇ ਪੱਕੇ ਤੌਰ ਤੇ ਦਰਬਾਰ ਸਾਹਿਬ ਟਿਕਣ ਨਾਲ ਅਤੇ ਬੱਬਰਾਂ ਦੇ ਵੀ ਉਥੇ

ਟਿਕਣ ਨਾਲ ਉਹਨਾਂ ਆਲੇ-ਦੁਆਲੇ ਕੁਝ ਹੋਰ ਅਸਲਾ ਇਕੱਤਰ ਹੋ ਗਿਆ। ਸੰਤਾਂ ਨਾਲ ਵੱਧ ਤੋਂ ਵੱਧ ੨੫-੩੦ ਹਥਿਆਰਬੰਦ ਸਿੰਘ ਸਨ ਅਤੇ ਬੱਬਰਾਂ ਕੋਲ ੧੦ ਕੁ ਸਿੰਘ ਸਨ। ਸਿਖਲਾਈ ਦੇ ਖੇਤਰ ਵਿੱਚ ਭਾਈ ਗਿਆਨ ਸਿੰਘ, ਭਾਈ ਕਾਬਲ ਸਿੰਘ ਅਤੇ ਭਾਈ ਫੌਜਾ ਸਿੰਘ ਹੋਰਾਂ ਨੇ ਪਹਿਲੇ ਸਿੰਘਾਂ ਨੂੰ ਕੁਝ ਮੁੱਢਲੀ ਸਿਖਲਾਈ ਦੇਣ ਦੀ ਕੋਸ਼ਿਸ਼ ਕੀਤੀ ਪਰ ਕਾਰਵਾਈਆਂ ਕਰਨ ਵਾਲੇ ਬਹੁਤੇ ਸਿੰਘਾਂ ਦੀ ਕੋਈ ਸਿਖਲਾਈ ਨਹੀਂ ਸੀ।

ਪਹਿਲਾਂ ਪਹਿਲ ਏਨਾ ਕੁ ਹੀ ਅਸਲਾ ਸੀ ਜਿਸ ਨਾਲ ਜੰਗ ਸ਼ੁਰੂ ਹੋਈ। ਜਿਸ ਨੂੰ ਸਿੰਘਾਂ ਨੇ ਅਲਹਿਦਾ ਅਲਹਿਦਾ ਟਿਕਾਣਿਆਂ ਤੇ ਥੋੜ੍ਹਾ-ਥੋੜ੍ਹਾ ਕਰਕੇ ਰੱਖਿਆ ਸੀ। ਜਿਵੇਂ ਬਖਸ਼ੀਸ਼ ਸਿੰਘ ਹੁਰਾਂ ਨੇ ਇੱਕ ਭੱਥਾ ਬਣਾ ਕੇ ਦਿੱਲੀ ਵਿੱਚ ਸਾਂਭਿਆ ਸੀ, ਜਿਸ ਵਿਚ ਇਕ ਸਟੇਨਗੰਨ, ਇਕ ਪਸਤੌਲ ਅਤੇ ਦੋ ਰਿਵਾਲਵਰ ਸਨ। ਬਾਅਦ ਵਿਚ ਇਹ ਹਥਿਆਰ ਅਸੀਂ ਪ੍ਰਾਪਤ ਕੀਤੇ। ਲੁਧਿਆਣੇ ਵਿਚ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਹਿੱਸੇ ਦਾ ਵੀ ਇਕ ਭੱਥਾ ਪਿਆ ਸੀ, ਜਿਸ ਵਿੱਚ ੧ ਸਟੇਨਗੰਨ, ੧ ਪਸਤੌਲ, ੧ ਰਿਵਾਲਵਰ ਸੀ, ਇਹ ਵੀ ਬਾਅਦ ਵਿੱਚ ਅਸੀਂ ਸਾਂਭ ਲਿਆ। ਬੱਬਰਾਂ ਦਾ ਇਕ ਭੱਥਾ ਚੰਡੀਗੜ੍ਹ ਪਿਆ ਸੀ, ਜਿਸ ਨਾਲ ਨਿਰੰਜਨ ਸਿੰਘ ਆਈ.ਏ.ਐਸ ਤੇ ਹਮਲਾ ਹੋਇਆ ਸੀ। ਇਸ ਤਰ੍ਹਾਂ ਕਹਿ ਸਕਦੇ ਹੋ ਕਿ ਜੂਨ ੧੯੮੪ ਤੋਂ ਪਹਿਲਾਂ ਹੋਏ ਕੰਮਾਂ ਵਿੱਚ ਜਿਆਦਾਤਰ ਰਿਵਾਲਵਰ, ਪਸਤੌਲ, ੧੨ ਬੋਰ ਅਤੇ ੩੧੫ ਰਫਲਾਂ, ਕੁਝ ਕਾਰਬਾਈਨ ਅਤੇ ਸਪਰਿੰਗ ਫੀਲਡ, ੭-੮ ਸਟੇਨ ਗੰਨਾਂ, ੫-੭ ਐਸਐਲਆਰ ਅਤੇ ਕੁਝ ਹੋਰ ਬੰਦੂਕਾਂ ਸਨ। ਹਮਲਿਆਂ ਸਮੇਂ ਕੁਝ ਅਸਲਾ ਪੁਲਿਸ ਤੋਂ ਵੀ ਖੋਹ ਲਿਆ ਗਿਆ। ਅਸਲ ਵਿਚ ਇੰਨਾ ਕੁ ਹੀ ਅਸਲਾ ਸੀ, ਜਿਸ ਨਾਲ ਸਾਰੇ ਪਾਸੇ ਤਰਥੱਲੀ ਮੱਚ ਗਈ ਸੀ। ਸਰਕਾਰ ਅਤੇ ਮੀਡੀਆ ਨੇ ਰੌਲਾ ਪਾ ਦਿੱਤਾ ਕਿ ਪੰਜਾਬ ਵਿੱਚ ਤਾਂ ਸਰਹੱਦ ਪਾਰ ਤੋਂ ਅਸਲੇ ਦੇ ਭੰਡਾਰ ਆ ਗਏ ਹਨ ਅਤੇ ਪੰਜਾਬ ਵਿਚ ਖਾਨਾਜੰਗੀ ਵਰਗੇ ਹਾਲਾਤ ਹਨ।

੧੯੮੪ ਦੇ ਸ਼ੁਰੂ ਵਿੱਚ ਜਦੋਂ ਇਹ ਗੱਲ ਜਾਹਰ ਹੋਣ ਲੱਗ ਪਈ ਕਿ ਸਰਕਾਰ ਦਰਬਾਰ ਸਾਹਿਬ ਤੇ ਹਮਲਾ ਕਰੇਗੀ ਤਾਂ ਦਰਬਾਰ ਸਾਹਿਬ ਦੇ ਅੰਦਰ ਅਸਲੇ ਦੀ ਜਰੂਰਤ ਨੂੰ ਮਹਿਸੂਸ ਕਰਦਿਆਂ ਇਥੋਂ ਵਾਲੇ ਸਿੰਘਾਂ ਅਤੇ ਬਾਹਰ ਵਾਲੇ ਸਿੱਖਾਂ ਵਿਚੋਂ ਕੁਝ ਨੇ, ਅਸਲਾ ਇਕੱਠਾ ਕਰ ਕੇ ਅੰਮ੍ਰਿਤਸਰ ਪਹੁੰਚਾਉਣ ਦੀ ਕੋਸ਼ਿਸ਼ ਕੀਤੀ। ਇਸ ਕਰਕੇ ਕੁੱਝ ਅਸਲਾ ਯੂਪੀ, ਨੇਪਾਲ, ਕਲਕੱਤਾ ਅਤੇ ਹੋਰ ਥਾਵਾਂ ਤੋਂ ਖਰੀਦ ਕੇ ਲਿਆਂਦਾ ਗਿਆ। ਆਮ ਸ਼ਰਧਾਵਾਨ ਸਿੱਖਾਂ ਨੇ ਵੀ ਕੁੱਝ ਅਸਲਾ ਗੁਪਤ ਤੌਰ ਤੇ ਸੰਤਾਂ ਨੂੰ ਭੇਟ ਕੀਤਾ। ਇਕ ਵਾਰ ਮਨਵੀਰ ਸਿੰਘ ਚਹੇੜੂ ਅਤੇ ਲਾਭ ਸਿੰਘ ਨੇ ਸਾਡੇ ਕੋਲ ਜਿਕਰ ਕੀਤਾ ਸੀ ਕਿ ਕਿਵੇਂ ਓਹਨਾਂ ਨੂੰ ਸੰਤਾਂ ਨੇ ਕੁੱਝ ਸ਼ਰਧਾਵਾਨ ਸਿੱਖਾਂ ਤੋਂ

ਅਸਲਾ ਲਿਆਉਣ ਲਈ ਭੇਜਿਆ ਸੀ। ਓਹ ਸਰਸੇ ਵੱਲ ਇੱਕ ਥਾਂ ਤੋਂ ੧ ਐਲਐਮਜੀ, ੧ ਐਸਐਲਆਰ ਅਤੇ ਬਹੁਤ ਸਾਰੇ ਰੌਂਦ ਲੈ ਕੇ ਆਏ। ਇਕ ਵੱਡੇ ਫੌਜੀ ਅਫਸਰ ਨੇ ਸੰਤਾਂ ਨੂੰ ਇੱਕ ਸਟੇਨਗੰਨ ਤੇ ੪੫ ਬੋਰ ਦਾ ਪਸਤੌਲ ਭੇਟ ਕੀਤਾ। ਕਾਫੀ ਸਿੱਖ ਫੌਜੀਆਂ ਨੇ ਵੀ ਸੰਤਾਂ ਨੂੰ ਅਸਲਾ ਲਿਆ ਕੇ ਦਿੱਤਾ। ਇਸ ਵਿੱਚ ਬਹੁਤ ਸਾਰਾ ਗੋਲੀ ਸਿੱਕਾ, ਬਾਰੂਦੀ ਛੜਾਂ ਅਤੇ ਪਲੀਤੇ ਸਨ। ਪੰਜਾਬ ਤੋਂ ਬਾਹਰੋਂ ਸਿੰਘਾਂ ਨੇ ਜਿਹੜੀਆਂ ਥਾਂਵਾਂ ਤੇ ਸੜਕਾਂ ਬਣ ਰਹੀਆਂ ਸੀ ਜਾਂ ਪਹਾੜ ਪਾੜੇ ਜਾ ਰਹੇ ਸਨ, ਓਥੋਂ ਦੇ ਠੇਕੇਦਾਰਾਂ ਤੋਂ ਬਾਰੂਦ ਇਕੱਠਾ ਕੀਤਾ ਸੀ। ਬਾਰੂਦੀ ਛੜਾਂ ਨੂੰ ਇਕੱਠਿਆਂ ਕਰਕੇ ਅਤੇ ਇਹਨਾਂ ਦੁਆਲੇ ਹੋਰ ਲੋਹਾ ਬੰਨ੍ਹ ਕੇ ਇਹਨਾਂ ਦੇ ਸੁੱਟਣ ਵਾਲੇ ਬੰਬ ਬਣਾਏ ਗਏ।

ਉਸ ਵੇਲੇ ਮਾਝੇ ਦੇ ਕਾਫੀ ਸ਼ਸ਼ਤਰ-ਸੌਦਾਗਰਾਂ ਅਤੇ ਵੈਲੀਆਂ ਨੇ ਸੰਤਾਂ ਦੀ ਮਹਾਨਤਾ ਨੂੰ ਪਛਾਣਦੇ ਹੋਏ ਓਹਨਾਂ ਦੀ ਇਸ ਪੱਖ ਤੋਂ ਪੂਰੀ ਮਦਦ ਕੀਤੀ। ਏਹਨਾਂ ਲੋਕਾਂ ਦੀ ਮਦਦ ਨਾਲ ਸਿੰਘਾਂ ਨੇ ਸਰਹੱਦ ਪਾਰੋਂ ਵੀ ਕੁਝ ਅਸਲਾ ਖਰੀਦ ਕੇ ਲਿਆਂਦਾ। ਇਸ ਅਸਲੇ ਵਿੱਚ ਐਲਐਮਜੀ, ਪਸਤੌਲ, ਹੱਥ ਗੋਲੇ ਅਤੇ ਗੋਲੀ ਸਿੱਕਾ ਵੀ ਸੀ। ਇਕ ਦੋ ਰੌਕਟ ਲਾਂਚਰ ਵੀ ਸਨ। ਦਰਬਾਰ ਸਾਹਿਬ ਦੀ ਜੰਗ ਵਿਚ ਸਿੰਘਾਂ ਨੇ ਟੋਕਾ-ਮਸ਼ੀਨ ਦੀਆਂ ਚਾਲਾਂ ਵਿੱਚ ਬਾਰੂਦ ਭਰ ਕੇ ਇਨ੍ਹਾਂ ਨੂੰ ਬੜੇ ਮਾਰੂ ਹੱਥ ਗੋਲੇ ਬਣਾਇਆ ਜਿਨ੍ਹਾਂ ਨੇ ਭਾਰਤੀ ਫੌਜ ਦੇ ਜਵਾਨਾਂ ਤੇ ਸਾਜੋ ਸਮਾਨ ਦਾ ਬਹੁਤ ਨੁਕਸਾਨ ਕੀਤਾ।

ਸਾਰਾ ਅਸਲਾ ਜਨਰਲ ਸੁਬੇਗ ਸਿੰਘ ਤੇ ਭਾਈ ਰਛਪਾਲ ਸਿੰਘ ਪੀ.ਏ. ਦੀ ਨਿਗਰਾਨੀ ਵਿੱਚ ਸੀ। ਭਾਈ ਸੁਬੇਗ ਸਿੰਘ ਇਕ ਜਨਰਲ ਵਜੋਂ ਇਸ ਗੱਲ ਵਿੱਚ ਪੂਰੀ ਤਰ੍ਹਾਂ ਕਾਮਯਾਬ ਰਹੇ ਕਿ ਆਖਰੀ ਦਿਨ ਤੱਕ ਭਾਰਤ ਸਰਕਾਰ ਨੂੰ ਸਿੰਘਾਂ ਕੋਲ ਅਸਲੇ ਦੀ ਸਹੀ ਤਦਾਦ ਅਤੇ ਉਸਦੀ ਗੁਣ-ਕਿਸਮ ਦਾ ਪਤਾ ਨਹੀਂ ਲੱਗਿਆ। ਜਿਆਦਾ ਅਸਲਾ ਅਖੀਰਲੇ ਮਹੀਨਿਆਂ ਵਿੱਚ ਹੀ ਆਇਆ ਸੀ ਤੇ ਸਿੰਘਾਂ ਨੂੰ ਵੀ ਉਸ ਸਮੇਂ ਹੀ ਦਿੱਤਾ ਗਿਆ ਜਦੋਂ ਇਹ ਯਕੀਨ ਹੋ ਗਿਆ ਕਿ ਫੌਜ ਅੰਦਰ ਵੜਨ ਲਈ ਤਿਆਰ ਹੈ। ਇਹ ਅਸਲਾ ਵੀ ਕੋਈ ਬਹੁਤਾ ਨਹੀਂ ਸੀ, ਇਸ ਨਾਲ ੧੦੦-੧੫੦ ਕੁ ਬੰਦੇ ਦੋ ਕੁ ਦਿਨ ਲੜ ਸਕਦੇ ਸਨ। ਸਰਕਾਰ ਨੇ ਇਹ ਪਰਚਾਰ ਕੀਤਾ ਸੀ ਕਿ ਓਥੇ ਅਸਲੇ ਦੇ ਭੰਡਾਰ ਹਨ। ਹਮਲੇ ਤੋਂ ਬਾਅਦ ਜਦੋਂ ਪਤਰਕਾਰਾਂ ਨੂੰ ਅੰਦਰੋਂ ਫੜਿਆ ਅਸਲਾ ਦਿਖਾਇਆ ਤਾਂ ਉਹ ਇੰਨਾ ਕੁ ਹੀ ਸੀ। ਸੰਤਾਂ ਦੀ ਅਜਮਤ ਅਤੇ ਜਨਰਲ ਸੁਬੇਗ ਸਿੰਘ ਦੀ ਫੌਜੀ ਮੁਹਾਰਤ ਨੇ ਦੁਨੀਆ ਦੀ ਇੱਕ ਵੱਡੀ ਫੌਜ ਨੂੰ ਤਿੰਨ ਦਿਨ ਤੱਕ ਰੋਕ ਕੇ ਰੱਖਿਆ ਤੇ ਓਹਦਾ ਬਹੁਤ ਨੁਕਸਾਨ ਕੀਤਾ।

ਬੱਬਰਾਂ ਕੋਲ ਦਸ-ਪੰਦਰਾਂ ਸਿੰਘ ਸਨ। ਉਹਨਾਂ ਨੇ ਵੀ ਸਰਹੱਦ ਪਾਰ ਤੋਂ ਅਸਲਾ ਮੰਗਵਾਇਆ ਸੀ ਪਰ ਕਿਸੇ ਕਾਰਨ ਅੰਦਰ ਨਹੀਂ ਆ ਸਕਿਆ। ਉਹ ਫਿਰੋਜਪੁਰ

ਜਿਲ੍ਹੇ ਵਿੱਚ ਸਰਹੱਦ ਨੇੜੇ ਧੁੱਸੀ ਬੰਨ ਵਿਚ ਦੱਬਿਆ ਹੀ ਰਹਿ ਗਿਆ। ਦਰਬਾਰ ਸਾਹਿਬ ਉਤੇ ਹਮਲੇ ਤੋਂ ਬਾਅਦ ਜਦੋਂ ਸੁਲੱਖਣ ਸਿੰਘ ਤੇ ਅਨੋਖ ਸਿੰਘ ਬੱਬਰ ਸਾਨੂੰ ਮਿਲੇ ਤਾਂ ਉਹ ਅਸਲਾ ਵੀ ਉਥੋਂ ਕੱਢ ਕੇ ਲਿਆਂਦਾ ਤੇ ਉਹਦੇ ਨਾਲ ਪੰਜਾਬ ਵਿੱਚ ਮੁੜ ਹਥਿਆਰਬੰਦ ਸੰਘਰਸ਼ ਸ਼ੁਰੂ ਹੋਇਆ। ਇਸ ਅਸਲੇ ਵਿੱਚ ੨੫ ਥਾਮਸਨ ਗੰਨਾਂ, ੨੫ ਪਸਤੌਲ ੪੫ ਬੋਰ ਦੇ, ਪੰਜ ਕੁ ਹਜਾਰ ਗੋਲੀਆਂ ਤੇ ਕੁਝ ਹੱਥ ਗੋਲੇ ਸਨ। ਉਸ ਵਕਤ ਪਾਕਿਸਤਾਨ ਵਾਲੇ ਪਾਸੇ ਵਧਾਵਾ ਸਿੰਘ ਹੋਰੀਂ ਆ ਕੇ ਬੈਠ ਗਏ ਸਨ। ਜਥੇਦਾਰ ਤਲਵਿੰਦਰ ਸਿੰਘ, ਜਗਜੀਤ ਸਿੰਘ ਚੌਹਾਨ ਤੇ ਗੰਗਾ ਸਿੰਘ ਢਿੱਲੋਂ ਉਸ ਵਕਤ ਉਧਰ ਆਉਂਦੇ ਜਾਂਦੇ ਸਨ ਪਰ ਪਾਕਿਸਤਾਨ ਦੀ ਸਰਕਾਰ ਦਾ ਸਿੰਘਾਂ ਨਾਲ ਕੋਈ ਬਹੁਤਾ ਚੰਗਾ ਸਬੰਧ ਨਹੀਂ ਸੀ। ਬਾਹਰਲੇ ਸਿੰਘ ਨਿੱਜੀ ਤਾਲੁਕਾਤ ਵਾਲੇ ਬੰਦਿਆਂ ਕੋਲ ਹੀ ਰਹਿੰਦੇ ਸਨ। ਸਰਕਾਰ ਨੂੰ ਸਿੰਘਾਂ ਬਾਰੇ ਪਤਾ ਸੀ, ਉਹਨਾਂ ਨੂੰ ਮਿਲਦੇ ਵੀ ਸੀ ਪਰ ਕਿਸੇ ਤਰ੍ਹਾਂ ਦੀ ਮੱਦਦ ਨਹੀਂ ਸੀ ਕਰਦੇ।

ਜਿਹੜਾ ਅਸਲਾ ਓਧਰੋਂ ਇਧਰ ਆਇਆ ਉਹ ਸਿੰਘਾਂ ਦੀ ਨਿੱਜੀ ਹਿੰਮਤ ਨਾਲ ਪਾਂਡੀਆਂ ਰਾਹੀਂ ਹੀ ਆਇਆ ਸੀ ਜੋ ਅਫਗਾਨ ਦਰੇ ਤੋਂ ਹੀ ਖਰੀਦਿਆ ਗਿਆ ਸੀ। ਇਹ ਸਾਰੇ ਜਾਣਦੇ ਹਨ ਕਿ ਓਹਨਾਂ ਦਿਨਾਂ ਵਿਚ ਅਫਗਾਨ ਦਰਾ ਹਥਿਆਰਾਂ ਦੀ ਕੌਮਾਂਤਰੀ ਮੰਡੀ ਸੀ ਇਸ ਵੇਲੇ ਤੱਕ ਸਿੱਖਾਂ ਵਲੋਂ ਹਥਿਆਰ ਖਰੀਦਣ ਵਿੱਚ ਕਿਸੇ ਵੀ ਪਾਕਿ ਏਜੰਸੀ ਦਾ ਕੋਈ ਹੱਥ ਨਹੀਂ ਸੀ। ਹਾਂ, ਇਹ ਜਰੂਰ ਮੰਨਿਆ ਜਾ ਸਕਦਾ ਹੈ ਕਿ ਉਹਨਾਂ ਨੂੰ ਸਾਡੇ ਇਹ ਅਮਲ ਬਾਰੇ ਪਤਾ ਹੋਵੇਗਾ। ਭਾਰਤ ਸਰਕਾਰ ਨੇ ਏਨੀ ਗੱਲ ਦਾ ਵੀ ਬਹੁਤ ਗੁੱਡਾ ਬੰਨ੍ਹਿਆ ਕਿ ਪਾਕਿਸਤਾਨੀ ਫੌਜ ਤੇ ਖੁਫੀਆ ਮਹਿਕਮੇ ਨੇ ਸੰਤਾਂ ਨੂੰ ਅਸਲਾ ਭੇਜਿਆ ਹੈ। ਕਈਆਂ ਨੇ ਤਾਂ ਇਥੋਂ ਤੱਕ ਲਿਖ ਦਿੱਤਾ ਕਿ ਦਰਬਾਰ ਸਾਹਿਬ ਵਿਚ ਪਾਕਿਸਤਾਨ ਫੌਜ ਦੇ ਕਰਨਲ ਸਿਖਲਾਈ ਦੇਣ ਲਈ ਆਏ ਸਨ। ਬਾਅਦ ਵਿੱਚ ਹੋਰ ਵੀ ਝੂਠ ਜੋੜ ਦਿੱਤਾ ਕਿ ਸੰਤਾਂ ਦਾ ਪਾਕਿਸਤਾਨ ਦੇ ਆਹਲਾ ਫੌਜੀ ਅਫਸਰਾਂ ਨਾਲ ਸਿੱਧਾ ਬੇਤਾਰ ਰਾਬਤਾ ਸੀ। ਗੱਲ ਸਿਰਫ ਏਨੀ ਸੀ ਕਿ ਦਰਬਾਰ ਸਾਹਿਬ ਵਿੱਚ ਕੁਝ ਵਾਕੀ-ਟਾਕੀ ਸੈੱਟ ਸਨ ਜੋ ਅਸਲ ਵਿਚ ਭਾਰਤੀ ਫੌਜ ਦੇ ਹੀ ਸਨ ਅਤੇ ਸਿੱਖ ਫੌਜੀਆਂ ਨੇ ਹੀ ਸੰਤਾਂ ਨੂੰ ਲਿਆ ਕੇ ਦਿੱਤੇ ਸਨ। ਏਹਨਾਂ ਰਾਹੀਂ ਜਨਰਲ ਸੁਬੇਗ ਸਿੰਘ ਕੁਝ ਚੋਣਵੇਂ ਸਿੰਘਾਂ ਨਾਲ ਸੰਪਰਕ ਵਿੱਚ ਰਹਿੰਦੇ ਸਨ।

ਇਹ ਗੱਲ ਯਾਦ ਰਖਣ ਵਾਲੀ ਹੈ ਕਿ ਪਾਕਿਸਤਾਨ ਸਰਕਾਰ ਇਸ ਸਾਰੇ ਘਟਨਾਕ੍ਰਮ ਨੂੰ ਦੇਖ ਤਾਂ ਬੜੀ ਦਿਲਚਸਪੀ ਨਾਲ ਰਹੀ ਸੀ ਪਰ ਉਹਨਾਂ ਦਾ ਇਹ ਹਾਲਾਤ ਬਣ ਜਾਣ ਨਾਲ ਕੋਈ ਸੰਬੰਧ ਨਹੀਂ ਸੀ। ਅਸਲ ਗੱਲ ਇਹ ਸੀ ਕਿ ਉਹਨਾਂ ਨੂੰ ਉਸ ਵੇਲੇ ਇਹ ਗੱਲ ਪੂਰੀ ਤਰ੍ਹਾਂ ਸਮਝ ਵੀ ਨਹੀਂ ਆ ਰਹੀ ਸੀ ਕਿ ਜਿਹੜੇ ਸਿੱਖ ਐਨੀ ਸ਼ਿੱਦਤ ਨਾਲ ਭਾਰਤੀ ਪ੍ਰਬੰਧ ਵਿਚ ਜੁੜੇ ਹੋਏ ਹਨ ਤੇ ਜਿਹੜੇ ਇਸ ਮੁਲਕ ਦੀ

ਰਾਖੀ ਵਿੱਚ ਸਭ ਤੋਂ ਮੋਹਰੀ ਰੋਲ ਅਦਾ ਕਰਦੇ ਹਨ, ਉਹ ਕਿਵੇਂ ਭਾਰਤੀ ਫੌਜ ਨਾਲ ਮੱਥਾ ਲਾਉਣ ਨੂੰ ਤਿਆਰ ਹੋ ਗਏ। ਪਾਕਿਸਤਾਨ ਦੇ ਖਿਲਾਫ ਜੰਗਾਂ ਵਿਚ ਸਿੱਖ ਫੌਜੀ ਅਤੇ ਆਮ ਲੋਕ ਜਿੰਨੇ ਜੀਅ ਜਾਨ ਨਾਲ ਲੜੇ ਸਨ, ਉਸ ਤਜਰਬੇ ਦੇ ਹਿਸਾਬ ਨਾਲ ਏਹ ਵਰਤਾਰਾ ਉਲਟਾ ਵਾਪਰ ਰਿਹਾ ਸੀ। ਇਹ ਪਾਕਿਸਤਾਨ ਦੇ ਖੁਫੀਆ ਮਹਿਕਮੇ, ਫੌਜ ਅਤੇ ਰਾਜਸੀ ਆਗੂਆਂ ਦੀ ਕਲਪਨਾ ਤੋਂ ਬਾਹਰ ਦਾ ਕੰਮ ਹੋ ਰਿਹਾ ਸੀ। ਇਹਦੇ ਪਿਛੇ ਇਕ ਵੱਡਾ ਸੱਚ ਵੀ ਪਿਆ ਸੀ ਕਿ ਚਾਰ ਕੁ ਦਹਾਕੇ ਪਹਿਲਾਂ ਸਿੱਖਾਂ ਨੇ ਭਾਰਤ ਨਾਲ ਰਹਿਣ ਦਾ ਜਿੱਡਾ ਆਪਾ-ਮਾਰੂ ਫੈਸਲਾ ਲਿਆ ਸੀ ਉਹਤੋਂ ਉਹਨਾਂ ਦੀ ਹਿੰਦੂਆਂ ਨਾਲ ਅਟੁਟ ਸਾਂਝ ਦਾ ਸਬੂਤ ਹੀ ਮਿਲਦਾ ਸੀ। ਜਦੋਂ ਅਸੀਂ ਪਾਕਿਸਤਾਨ ਵਿੱਚ ਗਏ ਤਾਂ ਕੁਝ ਉਪਰਲੇ ਅਧਿਕਾਰੀਆਂ ਨੂੰ ਮਿਲੇ ਤਾਂ ਉਹਨਾਂ ਦੀ ਗੱਲਬਾਤ ਵਿੱਚੋਂ ਇਹ ਹੀ ਪੱਕਾ ਹੋਇਆ ਕਿ ਜੋ ਕੁੱਝ ਜੂਨ ੮੪ ਵਿੱਚ ਹੋਇਆ, ਉਹ ਦੇ ਲਈ ਪਾਕਿਸਤਾਨ ਬਿਲਕੁਲ ਵੀ ਤਿਆਰ ਨਹੀਂ ਸੀ। ਉਹਨਾਂ ਨੇ ਇਸ ਤਰ੍ਹਾਂ ਦਾ ਵਰਤਾਰਾ ਕਿਆਸਿਆ ਵੀ ਨਹੀਂ ਸੀ ਤੇ ਨਾ ਹੀ ਇਸ ਨਾਲ ਨਿਪਟਣ ਲਈ ਉਹਨਾਂ ਦੀ ਕੋਈ ਯੋਜਨਾਬੰਦੀ ਸੀ। ਅਜਿਹੀ ਹਾਲਤ ਵਿਚ ਉਹਨਾਂ ਨੇ ਉਦੋਂ ਜੋ ਵੀ ਫੈਸਲੇ ਲਏ ਉਹ ਬਹੁਤੇ ਨਿੱਜੀ ਅਤੇ ਵਕਤੀ ਕਿਸਮ ਦੇ ਸਨ।

ਭਾਰਤ ਦੇ ਭੰਡੀ-ਪਰਚਾਰ ਮਹਿਕਮੇ ਨੇ ਇਹ ਗੱਲ ਦਾ ਵੀ ਬੜਾ ਪ੍ਰਚਾਰ ਕੀਤਾ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਵੈਲੀਆਂ ਨਾਲ ਸੰਬੰਧ ਹਨ ਜਾਂ ਇਹੋ ਜਿਹੇ ਲੋਕ ਸੰਤਾਂ ਕੋਲ ਭਰਤੀ ਹੋ ਗਏ ਹਨ। ਅਸਲ ਗੱਲ ਇਹ ਸੀ ਕਿ ਸੰਤ ਜੀ ਲਗਾਤਾਰ ਸਿੱਖਾਂ ਨੂੰ ਧਰਮ ਦਾ ਹੋਕਾ ਦਿੰਦੇ ਸਨ। ਸੱਚੀ ਕਿਰਤ ਦਾ ਰਾਹ ਦਿਖਾਉਂਦੇ ਸਨ ਤੇ ਸਾਰੀਆ ਮਾੜੀਆਂ ਆਦਤਾਂ ਨੂੰ ਛੱਡਣ ਦੀ ਪ੍ਰੇਰਨਾ ਦਿੰਦੇ ਸਨ। ਅਸੀਂ ਇਹੋ ਜਿਹੇ ਕਿੰਨੇ ਹੀ ਬੰਦਿਆਂ ਨੂੰ ਜਾਣਦੇ ਹਾਂ ਜੋ ਪਹਿਲਾਂ ਗਲਤ ਕੰਮ ਕਰਦੇ ਸਨ ਪਰ ਸੰਤਾਂ ਦੀ ਸੰਗਤ ਵਿਚ ਆਉਣ ਤੋਂ ਬਾਅਦ ਓਹਨਾਂ ਨੇ ਆਪਣੇ ਪੁਰਾਣੇ ਰਾਹ ਛੱਡ ਦਿੱਤੇ ਅਤੇ ਸੰਤਾਂ ਦੇ ਹੀ ਹੋ ਕੇ ਰਹਿ ਗਏ। ਇਹਨਾਂ ਵਿਚੋਂ ਕੁਝ ਸੱਜਣਾਂ ਨੇ ਦਰਬਾਰ ਸਾਹਿਬ ਦੀ ਜੰਗ ਵਿੱਚ ਸ਼ਹਾਦਤ ਦਿੱਤੀ ਅਤੇ ਕਿੰਨਿਆਂ ਨੇ ਖਾੜਕੂ ਸੰਘਰਸ਼ ਵਿੱਚ ਯੋਗਦਾਨ ਪਾਇਆ ਤੇ ਸ਼ਹਾਦਤਾਂ ਦਿੱਤੀਆਂ। ਹੋਰ ਤਾਂ ਕੀ ਕਹਿਣਾ ਭਾਈ ਬਖਸ਼ੀਸ਼ ਸਿੰਘ ਮਾਲੋਵਾਲ ਤੇ ਹਰਜਿੰਦਰ ਸਿੰਘ ਜਿੰਦਾ ਇਸ ਦੀ ਸਭ ਤੋਂ ਪ੍ਰਮੁੱਖ ਮਿਸਾਲ ਹਨ।

ਸੰਤਾਂ ਦਾ ਉਸ ਵੇਲੇ ਇਸ ਤਰ੍ਹਾਂ ਦਾ ਪ੍ਰਭਾਵ ਸੀ ਕਿ ਜਿਸ ਬੰਦੇ ਵਿੱਚ ਵੀ ਸਿੱਖੀ ਦਾ ਕੋਈ ਅੰਸ਼ ਸੀ ਜਾਂ ਜਮੀਰ ਜਾਂ ਅਣਖ ਨਾਲ ਕੋਈ ਵਾਸਤਾ ਸੀ ਉਹ ਸਾਰੇ ਹੀ ਸੰਤਾਂ ਨੂੰ ਸਮਰਪਿਤ ਹੋ ਗਏ। ਓਹ ਲੋਕ ਪਹਿਲਾਂ ਕੀ ਕਰਦੇ ਸਨ ਜਾਂ ਓਨ੍ਹਾਂ ਦੇ ਜੀਵਨ ਕਿਹੋ ਜਿਹੇ ਸਨ, ਇਸ ਦਾ ਕੋਈ ਮਤਲਬ ਨਹੀਂ ਕਿਉਂਕਿ ਸੰਤਾਂ ਨੂੰ ਮਿਲਣ ਤੋਂ ਬਾਅਦ ਓਹਨਾਂ ਦੇ ਜੀਵਨ ਬਦਲ ਗਏ ਸਨ। ਜਾਂ ਇਓਂ ਕਹਿ ਲਓ ਕਿ ਉਸ ਵੇਲੇ ਸਿੱਖਾਂ ਦੇ

ਸਭ ਵਰਗਾਂ ਵੰਨਗੀਆਂ ਵਿਚੋਂ ਜ਼ਿੰਦਗੀ ਦੇ ਤੱਤ ਵਾਲੇ ਬੰਦੇ ਸੰਤਾਂ ਵੱਲ ਖਿੱਚੇ ਗਏ। ਸੰਤਾਂ ਨਾਲ ਮੇਲ ਤੋਂ ਬਾਅਦ ਓਹਨਾਂ ਬੰਦਿਆਂ ਅਤੇ ਓਹਨਾਂ ਦੇ ਪਰਿਵਾਰਾਂ ਉਤੇ ਹਾਂ-ਪੱਖੀ ਅਸਰ ਹੀ ਪਿਆ। ਇਹਨਾਂ ਬੰਦਿਆਂ/ਪਰਿਵਾਰਾਂ ਨੇ ਜੂਨ ਚੁਰਾਸੀ ਤੋਂ ਬਾਅਦ ਖਾੜਕੂ ਸੰਘਰਸ਼ ਦਾ ਵੀ ਉਸੇ ਤਰ੍ਹਾਂ ਸਾਥ ਦਿੱਤਾ ਜਿਵੇਂ ਸੰਤਾਂ ਦਾ ਦਿੱਤਾ ਸੀ। ਇਕ ਵਕਤ ਸੀ ਕਿ ਪੰਜਾਬ ਦੀ ਸਮੁੱਚੀ ਲੋਕਾਈ ਹੀ ਖਾੜਕੂਆਂ ਨਾਲ ਤੁਰ ਪਈ ਸੀ।

ਪੁਲਿਸ ਅਤੇ ਏਜੰਸੀਆਂ ਨੇ ਇੱਕ ਲੰਮੀ ਨੀਤੀ ਤਹਿਤ ਇਹਨਾਂ ਲੋਕਾਂ (ਸਮਗਲਰਾਂ, ਵੈਲੀਆਂ ਆਦਿ) ਨੂੰ ਦੁਬਾਰਾ ਆਪਣੇ ਅਪਰਾਧ ਤੇ ਮੁਖਬਰੀ ਵਾਲੇ ਰਾਹਾਂ ਤੇ ਤੋਰਿਆ। ਇਹਨਾਂ ਵਿੱਚੋਂ ਕਈਆਂ ਨੂੰ ਬੁਰੀ ਤਰ੍ਹਾਂ ਮਾਰ ਦਿੱਤਾ ਗਿਆ ਤੇ ਉਹਨਾਂ ਦੇ ਘਰ ਬਾਰ ਵੀ ਉਜਾੜ ਦਿੱਤੇ ਗਏ, ਜਿਵੇਂ ਫਿਰੋਜਪੁਰ ਵਿਚ ਮਹਿੰਦਰ ਸਿੰਘ ਕੜਮਾ, ਤਰਨਤਾਰਨ ਤੋਂ ਸਕਰੀਵਾਲੇ ਅਤੇ ਕਈ ਹੋਰ। ਕਈਆਂ ਨੂੰ ਜੇਲ੍ਹਾਂ ਵਿੱਚ ਤੇ ਤਸੀਹੇ ਕੇਂਦਰਾਂ ਵਿੱਚ ਹੀ ਸੁੱਟੀ ਰੱਖਿਆ। ਕੁਝ ਨੂੰ ਪੈਸੇ ਤੇ ਸ਼ੋਹਰਤ ਦਾ ਲਾਲਚ ਦੇ ਕੇ ਅਤੇ ਬਹੁਤ ਖੁੱਲ੍ਹਾਂ ਦੇ ਕੇ ਆਪਣੇ ਨਾਲ ਰਲਾਇਆ। ੧੯੯੨ ਤੱਕ ਇਹਨਾਂ ਵਿਚੋਂ ਕੁਝ ਲੋਕਾਂ ਨੂੰ ਅਤੇ ਕਈ ਹੋਰ ਨਵਿਆਂ ਨੂੰ ਇਹ ਧੰਦੇ ਲਈ ਤਿਆਰ ਕਰ ਲਿਆ। ਕੁਝ ਤਾਂ ਸਿੱਧੇ ਰੂਪ ਵਿੱਚ ਸਰਕਾਰੀ ਹਥਿਆਰ ਦੇ ਕੇ ਖਾੜਕੂਆਂ ਵਿਰੁੱਧ ਖੜ੍ਹੇ ਕਰ ਦਿੱਤੇ। ਮੁੱਖ ਮੰਤਰੀ ਬੇਅੰਤ ਅਤੇ ਕੇਪੀਐਸ ਗਿੱਲ ਦੀ ਜੋੜੀ ਨੇ ਵੀ ਇਸ ਤਰੀਕੇ ਨਾਲ ੧੯੯੨-੯੩ ਵਿੱਚ ਅਫੀਮ, ਚਰਸ, ਨਸ਼ੀਲੀਆਂ ਦਵਾਈਆਂ ਆਦਿ ਹਰ ਤਰ੍ਹਾਂ ਦੇ ਨਸ਼ੇ ਨੂੰ ਪੰਜਾਬ ਵਿਚ ਲੈ ਕੇ ਆਂਦਾ। ਇਹਨਾਂ ਲੋਕਾਂ ਨੂੰ ਨਸ਼ੇ ਵੇਚਣ ਦੀ ਖੁੱਲ੍ਹ ਦਿੱਤੀ ਗਈ ਅਤੇ ਠਾਣੇ ਇਹਨਾਂ ਨੂੰ ਸੁਰੱਖਿਆ ਦਿੰਦੇ ਸਨ। ਪਹਿਲੇ ਪਹਿਲ ਤਾਂ ਚੋਣਵੇਂ ਪੁਲਿਸ ਠਾਣਿਆਂ ਰਾਹੀਂ ਨਸ਼ੇ ਵੀ ਵੰਡੇ ਗਏ ਫਿਰ ਹੌਲੀ-ਹੌਲੀ ਇਹ ਸਿਲਸਲਾ ਤੁਰਨ ਲੱਗ ਪਿਆ ਤੇ ਬਹੁਤ ਤਕੜਾ ਹੋ ਗਿਆ। ਇਸ ਤਰ੍ਹਾਂ ਨਸ਼ਾ ਸੌਦਾਗਰੀ ਦਾ ਵਰਤਾਰਾ ਪੰਜਾਬ ਦੀ ਪੁਲਿਸ, ਅਫਸਰਸ਼ਾਹੀ ਤੇ ਚੋਣ ਦਲਾਂ ਨਾਲ ਘਿਉ-ਖਿਚੜੀ ਹੋ ਗਿਆ। ਹਾਲੇ ਤੱਕ ਇਸ ਨੂੰ ਨਿਖੇੜਿਆ ਨਹੀਂ ਜਾ ਸਕਿਆ।

ਦਰਬਾਰ ਸਾਹਿਬ ਵਿੱਚ ਜਿਹੜੇ ਸ਼ਸ਼ਤਰਾਂ ਨਾਲ ਦਿੱਲੀ ਤਖਤ ਦਾ ਟਾਕਰਾ ਕੀਤਾ ਗਿਆ, ਉਨ੍ਹਾਂ ਵਿੱਚੋਂ ਵੱਡਾ ਹਿੱਸਾ ਇੰਡੀਅਨ ਫੌਜ ਵੱਲੋਂ ਵਰਤੇ ਜਾਂਦੇ ਸਸ਼ਤਰ ਤੇ ਗੋਲਾ ਬਾਰੂਦ ਹੀ ਸਨ। ਆਪਾਂ ਕਹਿ ਸਕਦੇ ਹਾਂ ਕਿ ਬਹੁਤੇ ਸਸ਼ਤਰ ਭਾਰਤ ਵਿਚ ਹੀ ਬਣੇ ਹੋਏ ਸਨ। ਦੋਆਬੇ ਦੇ ਇੱਕ ਧਰਮੀ ਫੌਜੀ ਨੇ ਦੱਸਿਆ ਕਿ ਫੌਜ ਵਿੱਚ ਬਹੁਤ ਸ਼ਰਧਾਲੂ ਸਿੱਖ ਸਨ ਤੇ ਹਰ ਕੋਈ ਸੰਤ ਜੀ ਦੀ ਮਦਦ ਕਰਨਾ ਚਾਹੁੰਦਾ ਸੀ। ਐਲਐਮਜੀ ਤੇ ਐਸਐਲਆਰ ਦੀਆਂ ਦੱਸ ਹਜਾਰ ਗੋਲੀਆਂ ਤਾਂ ਇਨ੍ਹਾਂ ਸਿੰਘਾਂ ਨੇ ਹੀ ਸੰਤ ਜੀ ਨੂੰ ਭੇਟ ਕੀਤੀਆਂ। ਜੋ ਇਨ੍ਹਾਂ ਨੇ ਸਿਖਲਾਈ ਦੌਰਾਨ ਬਚਾਅ ਲਈਆਂ ਸਨ। ਫੌਜੀ ਹੱਥ ਗੋਲੇ ਤੇ ਆਪ ਬਣਾਏ ਬੰਬ ਕਾਫੀ ਗਿਣਤੀ ਵਿੱਚ ਸੀ। ਇਹ ਸਾਰਾ ਅਸਲਾ

ਸਿੱਖ ਸੰਗਤਾਂ ਦੇ ਸਹਿਯੋਗ ਨਾਲ ਇੱਥੇ ਹੀ ਇਕੱਠਾ ਹੋਇਆ ਸੀ।

ਛੇ ਜੂਨ ਤੋਂ ਬਾਅਦ ਜਦੋਂ ਭਾਰਤੀ ਫੌਜ ਦਾ ਬਹੁਤ ਜਿਆਦਾ ਨੁਕਸਾਨ ਹੋ ਗਿਆ ਸੀ ਤੇ ਸਾਰੀ ਦੁਨੀਆ ਵਿੱਚ ਬਦਨਾਮੀ ਹੋ ਰਹੀ ਸੀ। ਦੁਨੀਆ ਪੁੱਛ ਰਹੀ ਸੀ ਕਿ ਤੋਪਾਂ, ਟੈਂਕਾਂ ਤੇ ਹੈਲੀਕਾਪਟਰਾਂ ਨਾਲ ਭਾਰਤੀ ਫੌਜ ਕਿਸ ਖਿਲਾਫ ਲੜ ਰਹੀ ਹੈ ਤਾਂ ਫੌਜ ਕੋਲ ਦੱਸਣ ਲਈ ਕੋਈ ਜਵਾਬ ਨਹੀਂ ਸੀ। ਇਹ ਕਿਵੇਂ ਦੱਸ ਸਕਦੇ ਸਨ ਕਿ ੧੫੦ ਕੁ ਸਾਦੇ (ਗੈਰ ਸਿਖਲਾਈ) ਬੰਦੇ, ਜਿਹੜੇ ਖੋਹੇ ਚੁਰਾਏ ਅਤੇ ਚੋਰ ਬਜਾਰੋਂ ਖਰੀਦਿਆ ਅਸਲਾ ਲੈ ਕੇ ਅੜੇ ਹੋਏ ਸਨ, ਉਨ੍ਹਾਂ ਤੇ ਕਾਬੂ ਪਾਉਣ ਲਈ ਭਾਰਤੀ ਫੌਜ ਆਪਣੀਆਂ ਤਿੰਨ ਸੈਨਾਵਾਂ ਦੇ ਮਾਹਰ ਜੰਗਬਾਜਾਂ (Elite Commandos), ਟੈਂਕ, ਤੋਪਾਂ, ਹੈਲੀਕਾਪਟਰ, ਜਹਿਰੀਲੀਆਂ ਗੈਸਾਂ, ਸਟੱਨ ਬੰਬ ਤੇ ਹੋਰ ਸਾਰੇ ਹਥਿਆਰਾਂ ਦੀ ਵਰਤੋਂ ਕਰ ਰਹੀ ਸੀ। ਹਜਾਰਾਂ ਦੀ ਗਿਣਤੀ ਵਿਚ ਫੌਜ ਨੇ ਇਨ੍ਹਾਂ ਗਿਣਤੀ ਦੇ ਜੰਗਜੂਆਂ ਨੂੰ ਘੇਰਿਆ ਹੋਇਆ ਸੀ ਅਤੇ ਸਾਰੇ ਪੰਜਾਬ ਵਿੱਚ ਸਕਤਾ (ਕਰਫਿਊ) ਲਾ ਕੇ ਉਹਨਾਂ ਨੂੰ ਦੁਨੀਆ ਨਾਲੋਂ ਨਿਖੇੜ ਦਿੱਤਾ।

ਨਮੋਸ਼ੀ ਤੋਂ ਬਚਣ ਲਈ ਅਤੇ ਸੰਤਾਂ ਸਮੇਤ ਸਿੰਘਾਂ ਨੂੰ ਬਦਨਾਮ ਕਰਨ ਲਈ ਭਾਰਤੀ ਫੌਜ ਨੇ ਸਾਰੀ ਪ੍ਰੈਸ ਨੂੰ ਬੁਲਾ ਕੇ ਇਹ ਦੱਸਣ ਦਾ ਯਤਨ ਕੀਤਾ ਕਿ ਇੱਥੇ ਬਹੁਤ ਜਿਆਦਾ ਪਾਕਿਸਤਾਨੀ ਤੇ ਅਮਰੀਕੀ ਮਾਰਕੇ ਦੇ ਹਥਿਆਰ, ਬਾਹਰਲੀ ਕਰੰਸੀ, ਨਸ਼ੀਲੇ ਪਦਾਰਥ ਤੇ ਅਸ਼ਲੀਲ ਫਿਲਮਾਂ ਤੇ ਸਾਹਿਤ ਮਿਲਿਆ। ਇਹ ਗੱਲ ਵੀ ਉਡਾਈ ਕਿ ਮਰਨ ਵਾਲਿਆਂ ਵਿੱਚ ਪਾਕਿਸਤਾਨ ਦੇ ਸਲਾਹਕਾਰ ਵੀ ਸੀ। ਇਹ ਸਭ ਕੁਝ ਝੂਠ ਸੀ। ਬਾਅਦ ਵਿੱਚ ਭਾਰਤੀ ਖਬਰਖਾਨੇ ਵਿੱਚ ਵੀ ਇਹ ਕਹਾਣੀ ਝੂਠੀ ਸਾਬਿਤ ਹੋ ਗਈ ਸੀ। ਮੈਨੂੰ ਇੱਕ ਬੰਦਾ ਮਿਲਿਆ ਜੋ ਉਸ ਵਕਤ ਲੋਕ ਰਾਬਤੇ ਮਹਿਕਮੇ ਵਿੱਚ ਵੱਡਾ ਅਫਸਰ ਸੀ ਤੇ ਉਹਨੂੰ ਵੀ ਇਸ ਪ੍ਰੈਸ ਕਾਨਫਰੰਸ ਵਿੱਚ ਸੱਦਿਆ ਗਿਆ ਸੀ। ਜਨਰਲ ਬਰਾੜ ਪੱਤਰਕਾਰਾਂ ਨੂੰ ਸੰਬੋਧਿਤ ਹੋ ਰਿਹਾ ਸੀ ਪਰ ਫੌਜ ਤੋਂ ਮੂਰਖਤਾ ਹੋ ਗਈ ਕਿ ਇਨ੍ਹਾਂ ਅਫਸਰਾਂ ਨੇ ਪੱਤਰਕਾਰਾਂ ਦੇ ਸਾਹਮਣੇ ਹੀ ਬਾਹਰੋਂ ਲਿਆ ਕੇ ਅਸਲਾ, ਨਸ਼ਾ, ਅਸ਼ਲੀਲ ਫਿਲਮਾਂ ਅਤੇ ਹੋਰ ਦਸਤਾਵੇਜ ਉੱਥੇ ਰੱਖ ਦਿੱਤੇ। ਉਸ ਵਕਤ ਫੌਜ ਅੱਗੇ ਕੋਈ ਬੋਲ ਨਹੀਂ ਸੀ ਸਕਦਾ ਪਰ ਸਭ ਪੱਤਰਕਾਰਾਂ ਨੂੰ ਪਤਾ ਲੱਗ ਗਿਆ ਕਿ ਬਾਹਰੋਂ ਲਿਆ ਕੇ ਟਰੰਕਾਂ ਚ ਜਿਹੜਾ ਸਾਮਾਨ ਰੱਖਿਆ ਗਿਆ ਉਹ ਅਸਲ ਵਿਚ ਸਿੰਘਾਂ ਦੇ ਨਾਂ ਨਾਲ ਜੋੜਿਆ ਗਿਆ ਸੀ।

ਬੱਬਰ ਜਥੇ ਦੇ ਸਿੰਘ ਫੌਜ ਦੇ ਭਾਰੂ ਪੈਣ ਤੱਕ ਮੁਕਾਬਲਾ ਕਰਦੇ ਰਹੇ ਤੇ ਰਣਨੀਤਕ ਪੈਂਤੜੇ ਵਜੋਂ ਕੰਧ ਪਾੜ ਕੇ ਬਾਹਰ ਨਿਕਲਣ ਵਿਚ ਕਾਮਯਾਬ ਹੋ ਗਏ ਸੀ। ਹਰਮਿੰਦਰ ਸਿੰਘ ਸੰਧੂ ਤੇ ਉਹਦੇ ਸਾਥੀਆਂ ਕੋਲ ਜਿਹੜਾ ਅਸਲਾ ਸੀ, ਉਹਨਾਂ ਨੇ ਉਹ ਨਹੀਂ ਵਰਤਿਆ ਅਤੇ ਫੌਜ ਅੱਗੇ ਆਤਮ ਸਮਰਪਣ ਕਰ ਦਿੱਤਾ। ਫੌਜ ਸਭ ਤੋਂ

ਪਹਿਲਾਂ ਏਧਰੋਂ ਹੀ ਅੰਦਰ ਵੜੀ ਸੀ। ਇਸ ਕਰਕੇ ਇਹ ਜੰਗ ਅਸਲ ਵਿਚ ਸੰਤ ਜਰਨੈਲ ਸਿੰਘ, ਜਨਰਲ ਸੁਬੇਗ ਸਿੰਘ, ਭਾਈ ਅਮਰੀਕ ਸਿੰਘ ਤੇ ਉਹਨਾਂ ਨਾਲ ਚੁਣੇ ਹੋਏ ੧੫੦ ਕੁ ਹਥਿਆਰਬੰਦ ਸਿੰਘਾਂ ਨੇ ਹੀ ਲੜੀ। ਇਹਨਾਂ ਵਿੱਚ ਸਾਰੇ ਮੋਰਚਿਆਂ ਦੇ ਸਿੰਘਾਂ ਨੂੰ ਜੋੜ ਲਵੋ ਤਾਂ ਵੀ ਇਹ ਗਿਣਤੀ ੨੦੦ ਤੋਂ ਨਹੀਂ ਟੱਪਦੀ। ਇੰਨਾ ਕੁ ਹੀ ਅਸਲਾ ਸੀ ਤੇ ਉਹ ਵੀ ਇਸ ਕਰਕੇ ਲਿਆਂਦਾ ਸੀ ਕਿ ਸੰਤਾਂ ਨੂੰ ਪਤਾ ਸੀ ਕਿ ਬਿਪਰਵਾਦ ਨੇ ਦਰਬਾਰ ਸਾਹਿਬ ਤੇ ਹਮਲਾ ਕਰਨਾ ਹੈ। ਹਕੂਮਤ ਨੇ ਅਕਾਲ ਤਖਤ ਸਾਹਿਬ ਨੂੰ ਢਾਹੁਣ ਦੀ ਕੋਸ਼ਿਸ਼ ਕਰਨੀ ਹੈ, ਉਹ ਇਸਨੂੰ ਰੋਕ ਤਾਂ ਨਹੀਂ ਸੀ ਸਕਦੇ ਪਰ ਉਹਨਾਂ ਨੇ ਬਾਬਾ ਦੀਪ ਸਿੰਘ ਤੇ ਬਾਬਾ ਗੁਰਬਖਸ਼ ਸਿੰਘ ਦੇ ਵਾਰਸ ਹੁੰਦਿਆਂ ਹਮਲਾਵਰ ਫੌਜਾਂ ਨੂੰ ਜੰਗ ਦੇ ਜੌਹਰ ਦਿਖਾਉਣ ਅਤੇ ਦੁਨੀਆ ਨੂੰ ਇਸ ਪਦਾਰਥਵਾਦੀ ਯੁਗ ਵਿੱਚ ਖਾਲਸਾਈ ਤੇਜ ਨਾਲ ਰੂਹਾਨੀ ਸਿਖਰਾਂ ਤੇ ਖੜ੍ਹ ਕੇ ਸ਼ਹਾਦਤ ਦਾ ਰੰਗ ਦਿਖਾਉਣ ਦਾ ਨਿਸ਼ਚਾ ਕੀਤਾ। ਇਸ ਲਈ ਉਹਨਾਂ ਨੂੰ ਜਿੰਨੇ ਕੁ ਸਸ਼ਤਰ ਚਾਹੀਦੇ ਸਨ ਓਨੇ ਕੁ ਸਸ਼ਤਰ ਓਹਨਾਂ ਨੇ ਇਕੱਠੇ ਕਰਵਾ ਲਏ।

ਸੰਤਾਂ ਦਾ ਸਿੱਖਾਂ ਵਿੱਚ ਕਿਸ ਕਦਰ ਦਾ ਪ੍ਰਭਾਵ ਅਤੇ ਸਤਿਕਾਰ ਸੀ, ਓਹਦਾ ਇਸ ਗੱਲ ਤੋਂ ਪਤਾ ਲੱਗਦਾ ਹੈ ਕਿ ਉਸ ਵੇਲੇ ਅਮਰਿੰਦਰ ਸਿੰਘ ਕਾਂਗਰਸ ਵਿੱਚ ਸੀ ਤੇ ਇੰਦਰਾ ਗਾਂਧੀ ਦੇ ਬਹੁਤ ਨਜਦੀਕ ਸੀ, ਜਦੋਂ ਉਹ ਗੁਪਤ ਰੂਪ ਵਿੱਚ ਸੰਤਾਂ ਨੂੰ ਮਿਲਣ ਆਇਆ ਤਾਂ ਓਹਨਾਂ ਨੂੰ ਇਕ ਬਹੁਤ ਵਧੀਆ ਪਸਤੌਲ ਭੇਟ ਕੀਤਾ। ਰਾਜਿਆਂ ਤੇ ਅਮੀਰਾਂ ਵਿੱਚ ਇਹ ਇੱਕ ਪਰੰਪਰਾ ਵੀ ਹੁੰਦੀ ਹੈ ਕਿ ਕਿਸੇ ਉੱਚੀ ਸਖਸ਼ੀਅਤ ਨੂੰ ਹਥਿਆਰ ਨਾਲ ਸਨਮਾਨਤ ਕਰਨਾ। ਅਮਰਿੰਦਰ ਵੱਲੋਂ ਭੇਟ ਕੀਤੇ ਸਸ਼ਤਰ ਬਾਰੇ ਮੈਂ ਦਮਦਮੀ ਟਕਸਾਲ ਦੇ ਕਿਸੇ ਜਿੰਮੇਵਾਰ ਸਿੰਘ ਤੋਂ ਪਹਿਲਾਂ ਵੀ ਸੁਣਿਆ ਸੀ ਪਰ ਉਹਨਾਂ ਨੇ ਇਸਦਾ ਜਿਕਰ ਇੰਝ ਕੀਤਾ ਸੀ ਕਿ ਇਹ ਗੱਲ ਕਿਸੇ ਹੋਰ ਕੋਲ ਨਹੀਂ ਜਾਣੀ ਚਾਹੀਦੀ ਕਿਉਂਕਿ ਇਹ ਇਕ ਸਮਾਜਕ ਸਲੀਕਾ ਹੈ। ਕੁਝ ਸਮਾਂ ਪਹਿਲਾਂ ਮਾਤਾ ਪ੍ਰੀਤਮ ਕੌਰ ਦੇ ਭੋਗ ਸਮੇਂ ਇਹ ਗੱਲ ਵੀ ਬਾਹਰ ਆ ਗਈ।

ਜੂਨ ੧੯੮੪ ਤੋਂ ਬਾਅਦ ਸਿੱਖਾਂ ਦੀ ਮਨੋ ਅਵਸਥਾ ਵਿਚ ਬਹੁਤ ਬਦਲਾਅ ਆ ਗਿਆ ਸੀ ਪਰ ਹਥਿਆਰਾਂ ਦੇ ਪੱਖ ਤੋਂ ਹਾਲਤ ਫਿਰ ਉੱਥੇ ਹੀ ਆ ਗਈ ਜਿੱਥੇ ੧੯੭੮ ਵਿਚ ਸੀ। ਹੌਲੀ-ਹੌਲੀ ਦਮਦਮੀ ਟਕਸਾਲ, ਸਿੱਖ ਸਟੂਡੈਂਟਸ ਫੈਡਰੇਸ਼ਨ ਤੇ ਬੱਬਰਾਂ ਨਾਲ ਸਬੰਧਤ ਸਿੰਘ ਫਿਰ ਇਕੱਠੇ ਹੋਏ। ਸਾਡਾ ਇਹਨਾਂ ਧਿਰਾਂ ਨਾਲ ਉਦੋਂ ਤੱਕ ਸੰਬੰਧ ਬਣ ਚੁੱਕਿਆ ਸੀ। ਸੰਤਾਂ ਨਾਲ ਸਬੰਧਤ ਜੋ ਸਸ਼ਤਰ ਬਾਹਰ ਪਏ ਸਨ, ਉਹ ਇਕੱਠੇ ਕੀਤੇ ਗਏ। ਜਿਵੇਂ ਦਿੱਲੀ ਅਤੇ ਲੁਧਿਆਣੇ ਵਾਲੇ ਸ਼ਾਸਤਰ ਸਾਡੇ ਕੋਲ ਆ ਗਏ। ਇਸ ਤਰ੍ਹਾਂ ਦਮਦਮੀ ਟਕਸਾਲ ਵਾਲੇ ਸਿੰਘਾਂ ਨੇ ਵੀ ਜਿਥੇ-ਜਿਥੇ ਸਸ਼ਤਰ ਪਏ ਸੀ, ਉਹਨਾਂ ਨੂੰ ਇਕੱਠੇ ਕੀਤਾ ਅਤੇ ਹਥਿਆਰਬੰਦ ਕਾਰਵਾਈਆਂ ਸ਼ੁਰੂ ਹੋ ਗਈਆਂ।

ਕੁਝ ਵਧੀਆ ਸ਼ਸ਼ਤਰ ਜੋ ਲੋਕਾਂ ਦੇ ਲਾਇਸੰਸਾਂ ਤੇ ਚੜ੍ਹੇ ਸਨ, ਸਿੰਘਾਂ ਨੇ ਕੁਝ ਲੋਕਾਂ ਤੋਂ ਜਬਰਦਸਤੀ ਵੀ ਲੈ ਆਂਦੇ ਸਨ ਤੇ ਕੁਝ ਕੁ ਲੋਕਾਂ ਨੇ ਸਿੰਘਾਂ ਨੂੰ ਆਪ ਹੀ ਦੇ ਦਿੱਤੇ ਸਨ। ਮੈਂ ਇਹੋ ਜਿਹੇ ਤਿੰਨ ਵਾਕੇ ਜਾਣਦਾ ਹਾਂ ਜਿੱਥੇ ਲੋਕਾਂ ਨੇ ਆਪ ਹੀ ਸੁਨੇਹਾ ਭਿਜਵਾਇਆ ਕਿ ਤੁਸੀਂ ਆ ਕੇ ਸਾਡੇ ਤੋਂ ਲੁੱਟ ਕੇ ਲੈ ਜਾਵੋ।

ਉਸ ਵਕਤ ਬੱਬਰਾਂ ਕੋਲ ਸਭ ਤੋਂ ਜਿਆਦਾ ਅਸਲਾ ਸੀ। ਇੱਕ ਤਾਂ ਉਹ ਪਾਰ ਜਾਣ ਤੋਂ ਪਹਿਲਾਂ ਆਪਣਾ ਅਸਲਾ ਇਥੇ ਸੰਭਾਲ ਕੇ ਗਏ ਸੀ, ਦੂਸਰਾ ਜੂਨ ੧੯੮੪ ਤੋਂ ਪਹਿਲਾਂ ਜੋ ਪਾਰ ਤੋਂ ਅਸਲਾ ਆਇਆ ਸੀ ਜੋ ਦੱਬਿਆ ਪਿਆ ਸੀ, ਉਹ ਵੀ ਮਿਲ ਗਿਆ। ਸੰਨ ੧੯੮੬ ਤੱਕ ਇਹਨਾਂ ਕੋਲ ਕੋਈ ਪੰਜਾਹ ਕੁ ਵੱਡੀਆਂ ਬੰਦੂਕਾਂ ਤੇ ਏਨੇ ਕੁ ਹੀ ਛੋਟੇ ਹਥਿਆਰ ਅਤੇ ਕੁਝ ਹੱਥਗੋਲੇ ਸਨ। ਇਹਨਾਂ ਵਿਚ ਭਾਈ ਅਨੋਖ ਸਿੰਘ ਤੇ ਭਾਈ ਮਹਿੰਦਰ ਸਿੰਘ ਬਾਰੂਦ ਬਾਰੇ ਬਹੁਤ ਜਾਣਕਾਰੀ ਰਖਦੇ ਸਨ ਤੇ ਇਨ੍ਹਾਂ ਨੇ ਦਿੱਲੀ ਅਤੇ ਹੋਰ ਥਾਵਾਂ ਤੋਂ ਕਈ ਤਰ੍ਹਾਂ ਦੇ ਰਸਾਇਣ ਖਰੀਦ ਕੇ ਦੇਸੀ ਬੰਬ ਵੀ ਬਣਾਏ ਜੋ ਪੰਜਾਬ ਅਤੇ ਦਿੱਲੀ ਵਿੱਚ ਵਰਤੇ ਗਏ। ੧੯੮੬ ਦੇ ਅਖੀਰ ਤੱਕ ਦਮਦਮੀ ਟਕਸਾਲ, ਫੈਡਰੇਸ਼ਨ, ਖਾਲਸਤਾਨ ਕਮਾਂਡੋ ਫੋਰਸ ਕੋਲ ਕੁੱਲ ਮਿਲਾ ਕੇ ਵੀ ਬੱਬਰਾਂ ਤੋਂ ਘੱਟ ਹੀ ਅਸਲਾ ਸੀ। ਸੰਨ ੧੯੮੬ ਵਿੱਚ ਪੰਥਕ ਕਮੇਟੀ ਅਤੇ ਖਾਲਸਤਾਨ ਕਮਾਂਡੋ ਫੋਰਸ ਨੇ ਯੂਪੀ ਤੋਂ ਅਸਲਾ ਖਰੀਦਣਾ ਸੀ ਤਾਂ ਮੈਂ ਵੀ ਨਾਲ ਗਿਆ। ਅਸੀਂ ਹਫਤਾ ਲਾ ਕੇ ਮੁਜੱਫਰਪੁਰ, ਰਾਮਪੁਰ ਅਤੇ ਪੀਲੀਭੀਤ ਤੱਕ ਅਸਲਾ ਵੇਚਣ ਵਾਲਿਆਂ ਨੂੰ ਮਿਲੇ। ਇਹ ਵੱਡਾ ਜੋਖਮ ਭਰਿਆ ਕੰਮ ਸੀ ਕਿਉਂਕਿ ਓਹ ਕਈ ਵਾਰ ਬੰਦਿਆਂ ਨੂੰ ਫੜਾ ਵੀ ਦਿੰਦੇ ਸਨ। ਹਫਤੇ ਬਾਅਦ ਅਸੀਂ ਦੋ ਰਿਵਾਲਵਰ, ਇਕ ਜੀ ੩ ਰਫਲ ਤੇ ਇਕ ਪੁਰਾਣੀ ਚੀਨੀ ਏਕੇ-੪੭ ਖਰੀਦੀ। ਜੋ ਉਸ ਵਕਤ ਲੱਖ ਦੇ ਕਰੀਬ ਦਾ ਸਮਾਨ ਸੀ। ਇਸੇ ਤਰ੍ਹਾਂ ਹੋਰ ਵੀ ਸਿੰਘ, ਜਿਥੋਂ ਵੀ ਅਸਲੇ ਦੀ ਦੱਸ ਪੈਂਦੀ, ਖਰੀਦਦੇ ਸਨ। ਇਸ ਤਰ੍ਹਾਂ ਦੇਖਿਆ ਜਾਵੇ ਤਾਂ ੧੯੮੬ ਦੇ ਅਖੀਰ ਤੱਕ ਸੌ ਦੇ ਕਰੀਬ ਬੰਦੂਕਾਂ (automatic, semi-automatic, stenguns, Thompson guns) ਅਤੇ ਸੌ ਕੁ ਰਿਵਾਲਵਰ, ਪਸਤੌਲ ਅਤੇ ਥੋੜ੍ਹੇ ਬਹੁਤ ਹੱਥ ਗੋਲੇ ਤੇ ਆਪ ਤਿਆਰ ਕੀਤਾ ਬਾਰੂਦ ਹੀ ਸੀ।

ਇਹ ਅਸਲਾ ਵੀ ਸਾਰੇ ਸਿੰਘਾਂ ਵਿੱਚ ਉਸ ਵਕਤ ਬਰਾਬਰ ਵੰਡਿਆ ਹੋਇਆ ਨਹੀਂ ਸੀ। ਕਿਤੇ ਇੱਕ ਜਥੇ ਕੋਲ ਜਿਆਦਾ ਸੀ, ਕਿਸੇ ਕੋਲ ਨਾਂਹ ਬਰਾਬਰ ਹੀ ਸੀ। ਉਸ ਵਕਤ ਜਿੰਨੇ ਸਿੰਘ ਮੈਦਾਨੇ ਜੰਗ ਵਿਚ ਸਨ ਹਥਿਆਰ ਓਨੇ ਵੀ ਨਹੀਂ ਸਨ। ਅਸੀਂ ਪੰਜਾਬ ਤੋਂ ਬਾਹਰ ਵੀ ਸਰਗਰਮ ਸੀ ਅਤੇ ਸਾਡੇ ਸਾਰਿਆਂ ਨਾਲ ਚੰਗੇ ਸਬੰਧ ਸਨ ਪਰ ਸਾਨੂੰ ਵੀ ਅਸਲੇ ਦੀ ਥੋੜ ਹੀ ਰਹਿੰਦੀ ਸੀ। ਉਹੀ ਹਥਿਆਰ ਇਕ ਥਾਂ ਤੋਂ ਦੂਸਰੀ ਥਾਂ ਲੈ ਕੇ ਜਾਣੇ ਪੈਂਦੇ ਸੀ। ਜਿਹੜਾ ਅਸਲਾ ਅਸੀਂ ਯੂਪੀ ਤੋਂ ਲਿਆਂਦਾ ਉਸ ਦੇ

ਨਾਲ ਹੀ ਰਿਬੈਰੋ ਤੇ ਹਮਲਾ ਕੀਤਾ ਸੀ। ਕੋਈ ਵੱਡਾ ਹਮਲਾ (ਜਿਵੇਂ ਰਿਬੈਰੋ ਵਾਲਾ) ਕਰਨ ਲਈ ਕਈ ਥਾਵਾਂ ਤੋਂ ਅਸਲਾ ਅਤੇ ਸਾਧਨ ਇਕੱਠੇ ਕਰਨੇ ਪੈਂਦੇ ਸੀ। ਬਰਨਾਲਾ ਸਰਕਾਰ ਵੇਲੇ ਹੋਲੇ ਮਹੱਲੇ ਤੇ ਗੋਲੀ ਚਲਾ ਕੇ ਕਈ ਸਿੰਘ ਸ਼ਹੀਦ ਕਰ ਦਿੱਤੇ ਸੀ। ਇਹ ਦੇ ਜਵਾਬ ਵਿੱਚ ਲੁਧਿਆਣੇ ਆਰਐਸਐਸ ਵਾਲਿਆਂ ਤੇ ਹਮਲਾ ਕਰਨਾ ਸੀ ਤਾਂ ਸੁਖਦੇਵ ਸਿੰਘ ਸੁੱਖਾ ਰਾਤ ਨੂੰ ਦਿੱਲੀ ਗਿਆ ਤੇ ਅਗਲੇ ਦਿਨ ਬੱਸ ਵਿੱਚ ਹੀ ਅਸਲਾ ਲੈ ਕੇ ਸਵੇਰੇ ਵਾਪਸ ਪਹੁੰਚਿਆ, ਫੇਰ ਜਾ ਕੇ ਉਹ ਕੰਮ ਹੋਇਆ। ਅਸਲ ਵਿਚ ਅਸਲੇ ਪੱਖੋਂ ਸਾਡੀ ਹਾਲਤ ਇਹੋ ਜਿਹੀ ਸੀ। ਸਰਕਾਰ ਅਤੇ ਮੀਡੀਆ ਵੱਲੋਂ ਇਹ ਗੱਲ ਲੋਕਾਂ ਨੂੰ ਜਚਾ ਦਿੱਤੀ ਗਈ ਸੀ ਕਿ ਖਾੜਕੂਆਂ ਕੋਲ ਅਤਿ ਆਧੁਨਿਕ ਅਸਲੇ ਦੇ ਜਖੀਰੇ ਪਾਕਿਸਤਾਨ ਤੋਂ ਆ ਰਹੇ ਹਨ।

ਅਸਲ ਵਿਚ ਸਾਨੂੰ ਗੋਲੀ ਸਿੱਕਾ ਮੁਹੱਈਆ ਕਰਵਾਉਣ ਅਤੇ ਹਥਿਆਰਾਂ ਦੀ ਮੁਰੰਮਤ ਕਰਵਾਉਣ ਵਾਲੇ ਜਿਆਦਾਤਰ ਬੰਦੇ ਪੰਜਾਬ ਵਿੱਚ ਅਸਲੇ ਵੇਚਣ ਵਾਲੇ ਹੀ ਸਨ। ਕਈ ਥਾਵਾਂ ਤੇ ਪੁਲਿਸ ਵਾਲੇ ਵੀ ਸਿੰਘਾਂ ਨੂੰ ਗੋਲੀ ਸਿੱਕਾ ਦੇਈ ਜਾਂਦੇ ਸਨ, ਬਹੁਤੇ ਸੇਵਾ-ਭਾਵਨਾ ਵਿਚ ਹੀ ਦਿੰਦੇ ਸਨ ਪਰ ਕੁਝ ਵੇਚਦੇ ਵੀ ਸਨ। ਛੋਟੇ ਬੋਰ ਵਾਲੇ ਹਥਿਆਰਾਂ ਦਾ ਗੋਲੀ-ਸਿੱਕਾ ਤਾਂ ਸਾਡਾ ਜਥਾ ਅੰਮ੍ਰਿਤਸਰ ਅਤੇ ਚੰਡੀਗੜ੍ਹ ਵਿੱਚੋ ਕੁਝ ਸੁਹਿਰਦ ਪੁਲਿਸ ਵਾਲਿਆਂ ਤੋਂ ਪ੍ਰਾਪਤ ਕਰਦਾ ਸੀ। ਚਾਚਾ ਮਥਰਾ ਸਿੰਘ ਅਤੇ ਸੁਖਵਿੰਦਰ ਸਿੰਘ ਛਿੰਦੂ (ਕੇਸੀ ਸ਼ਰਮਾ) ਨਾਲ ਕਈ ਪੁਲਿਸ ਵਾਲਿਆਂ ਦਾ ਸੰਪਰਕ ਸੀ।

ਜਦੋਂ ਕੋਈ ਸਿੰਘ ਮੁਕਾਬਲੇ ਵਿੱਚ ਸ਼ਹੀਦ ਕੀਤਾ ਜਾਂਦਾ ਸੀ ਜਾਂ ਕੋਈ ਪਨਾਹ ਵਾਲਾ ਫੜਿਆ ਜਾਂਦਾ ਸੀ ਤਾਂ ਪੁਲਿਸ ਉਹਨਾਂ ਤੇ ਅਸਲਾ ਪਾ ਦਿੰਦੀ ਸੀ ਜਿਹੜਾ ਜਿਆਦਾਤਰ ਉਹ ਆਪਣੇ ਕੋਲੋਂ ਹੀ ਪਾਉਂਦੀ ਸੀ। ਜਿਵੇਂ ਸਿੰਘਾਂ ਦੇ ਹਥਿਆਰਾਂ ਵਾਲਿਆਂ ਨਾਲ ਸਬੰਧ ਸਨ, ਉਵੇਂ ਪੁਲਿਸ ਵਾਲਿਆਂ ਦੇ ਵੀ ਸਨ। ਪੰਜਾਬ ਵਿੱਚ ਹਰ ਥਾਣੇ ਵਾਲਿਆਂ ਦੇ ਦੇਸੀ ਅਸਲਾ ਬਣਾਉਣ ਵਾਲੇ ਬੰਦਿਆਂ ਨਾਲ ਸਬੰਧ ਹੁੰਦੇ ਸਨ। ਜਿਹੜੇ ਓਹਨਾਂ ਨੂੰ ਲੋੜ ਪੈਣ ਤੇ ਇਹ ਅਸਲਾ ਮੁਹੱਈਆ ਕਰਦੇ ਸਨ। ਇਹੋ ਜਿਹਾ ਇਕ ਅਸਲਾ ਬਣਾਉਣ ਵਾਲਾ ਬੰਦਾ ਸਾਡੀ ਠਾਹਰ ਵੀ ਸੀ, ਪੁਲਿਸ ਵਾਲੇ ਉਸ ਨੂੰ ਆਪਣਾ ਬੰਦਾ ਸਮਝਦੇ ਸਨ। ਇਸ ਕਰਕੇ ਇਹ ਬਹੁਤ ਸੁਰੱਖਿਅਤ ਠਾਹਰ ਸੀ। ਉਹਦੇ ਘਰੇ ਹੀ ਖਰਾਦ ਤੇ ਹੋਰ ਸੰਦ ਸਮਾਨ ਸੀ, ਜਿਸ ਨਾਲ ਉਹ ਵਿਹਲੇ ਸਮੇਂ ਬਹੁਤ ਵਧੀਆ ੧੨ ਬੋਰ, ੩੦੩ ਦੇ ਦੇਸੀ ਪਸਤੌਲ ਬਣਾ ਦਿੰਦਾ ਸੀ। ਕੁਝ ਪੁਲਿਸ ਦੀ ਭੇਟ ਚੜ੍ਹਾ ਦਿੰਦਾ ਸੀ ਤੇ ਕੁਝ ਉਹ ਲੋਕਾਂ ਵਿਚ ਵੇਚੀ ਜਾਂਦਾ ਸੀ।

ਜੂਨ ਚੁਰਾਸੀ ਤੋਂ ਬਾਅਦ ਕਾਫੀ ਸਿੰਘ ਪਾਕਿਸਤਾਨ ਚਲੇ ਗਏ ਸਨ। ਪਹਿਲਾਂ ਪਹਿਲਾਂ ਓਹਨਾਂ ਨੂੰ ਜੇਲ੍ਹ ਵਿੱਚ ਫਿਰ ਕੈਂਪਾਂ ਵਿੱਚ ਤੇ ਫਿਰ ਜਥੇਬੰਦੀਆਂ ਦੇ ਹਿਸਾਬ

ਨਾਲ ਗੁਪਤ ਤੇ ਸੁਰਖਿਅਤ ਠਿਕਾਣਿਆਂ ਤੇ ਰੱਖਿਆ ਗਿਆ। ਉੱਥੇ ਸਦਾ ਹੀ ਹਰ ਜਥੇਬੰਦੀ ਵੱਲੋਂ ਕੋਈ ਨਾ ਕੋਈ ਜਿੰਮੇਵਾਰ ਸਿੰਘ ਰਹਿੰਦਾ ਸੀ ਜੋ ਆਉਣ ਜਾਣ ਵਾਲੇ ਸਿੰਘਾਂ ਦਾ ਖਿਆਲ ਰੱਖਦਾ ਸੀ ਅਤੇ ਹੋਰ ਅਸਲਾ ਬਾਰੂਦ ਦਾ ਪ੍ਰਬੰਧ ਵੀ ਕਰਦਾ ਸੀ। ਸੰਨ ੧੯੮੮ ਤੱਕ ਪਾਰ ਵਾਲਿਆਂ (ਜਿਨ੍ਹਾਂ ਨੂੰ ਚੌਧਰੀ ਕਿਹਾ ਜਾਂਦਾ ਸੀ) ਨੇ ਸਿੰਘਾਂ ਨੂੰ ਉਥੇ ਪਨਾਹ ਦੇਣ ਤੋਂ ਬਿਨਾ ਕੋਈ ਹੋਰ ਮਦਦ ਨਹੀਂ ਕੀਤੀ। ਕਦੀ-ਕਦੀ ਕਿਸੇ ਸਿੰਘ ਨੂੰ ਜਾਂ ਜਥੇ ਨੂੰ ਕੋਈ ਥੋੜ੍ਹਾ ਬਹੁਤ ਸਮਾਨ ਪਹੁੰਚਣ ਦਿੱਤਾ ਪਰ ਕੋਈ ਸਿੱਧੀ ਮਦਦ ਨਹੀਂ ਕੀਤੀ। ੧੯੮੪ ਤੋਂ ਬਾਅਦ ਜਦੋਂ ਬਲਜਿੰਦਰ ਸਿੰਘ ਰਾਜੂ ਪਹਿਲੀ ਵਾਰ ਸਰਹੱਦ ਟੱਪਿਆ ਸੀ ਤੇ ਉਹ ਵਾਪਸ ਆਇਆ ਤਾਂ ਓਹਨਾਂ ਨੂੰ ਕੁਝ ਸਮਾਨ ਦਿੱਤਾ ਸੀ। ਜਿਹੜਾ ਸਰਹੱਦ ਤੇ ਹੀ ਫੜਿਆ ਗਿਆ।

੧੯੮੭ ਦੇ ਸ਼ੁਰੂ ਵਿੱਚ ਸਿੰਘ ਪਾਕਿਸਤਾਨੀ ਸੌਦਾਗਰਾਂ ਰਾਹੀਂ ਸਮਾਨ ਸਿੱਧਾ ਦੱਰੇ ਤੋਂ ਖਰੀਦ ਕੇ ਲਿਆਉਣ ਲੱਗ ਪਏ। ਇਸ ਵਿੱਚ ਬਾਹਰਲੇ ਦੇਸ਼ਾਂ ਵਿੱਚ ਵੱਸਦੇ ਸਿੰਘ ਜਿਵੇਂ ਇੰਟਰਨੈਸਨਲ ਸਿੱਖ ਯੂਥ ਫੈਡਰੇਸ਼ਨ (ISYF) ਦੇ ਸਿੰਘਾਂ ਅਤੇ ਬੱਬਰ ਖਾਲਸਾ ਦੇ ਸਿੰਘਾਂ ਦਾ ਵੀ ਹਿੱਸਾ ਰਿਹਾ। ਇਸ ਤਰ੍ਹਾਂ ਪਾਕਿਸਤਾਨ ਰਾਹੀਂ ਏਕੇ-੪੭ ਪੰਜਾਬ ਆਉਣ ਲੱਗੀ। ਇਹ ਸਮਾਨ ਪੰਥਕ ਕਮੇਟੀ, ਖਾਲਸਤਾਨ ਕਮਾਂਡੋ ਫੋਰਸ ਕੋਲ ਕਾਫੀ ਗਿਣਤੀ ਵਿੱਚ ਆ ਗਿਆ ਸੀ। ਕੋਈ ੫੦-੬੦ ਨਗ (ਏਕੇ-੪੭, ੩੦ ਦੇ ਪਸਤੌਲ, ਹੱਥਗੋਲੇ, ਬਾਰੂਦ (Rdx, detonator, mines, timers, MMG) ਆਏ। ਇਸੇ ਤਰ੍ਹਾਂ ਅਵਤਾਰ ਸਿੰਘ ਬ੍ਰਹਮਾ ਹੋਰਾਂ ਕੋਲ ਵੀ ਸਮਾਨ ਆਇਆ, ਬੱਬਰ ਖਾਲਸਾ ਕੋਲ ਵੀ ਅਤੇ ਗੁਰਬਚਨ ਸਿੰਘ ਮਾਨੋਚਾਹਲ ਕੋਲ ਵੀ। ਪਹਿਲੀ ਵਾਰੀ ਅਸਾਲਟ ਅੰਮ੍ਰਿਤਸਰ ਦੀ ਕਚਹਿਰੀ ਵਿੱਚ ਵਰਤੀ ਗਈ ਜਦੋਂ ਕੰਵਰਜੀਤ ਸਿੰਘ ਸੁਲਤਾਨਵਿੰਡ ਹੋਰਾਂ ਨੂੰ ਛੁਡਵਾਇਆ। ਮੁਕਾਬਲੇ ਵਜੋਂ ਅੰਮ੍ਰਿਤਸਰ ਵਿੱਚ ਅਵਤਾਰ ਸਿੰਘ ਭਲਵਾਨ ਹੁਰਾਂ ਦਾ ਕੋਟ ਖਾਲਸਾ ਵਿੱਚ ਪੁਲਿਸ ਮੁਕਾਬਲਾ ਹੋਇਆ ਸੀ, ਉਹਦੇ ਵਿਚ ਸਿੰਘਾਂ ਵਲੋਂ ਏਕੇ-੪੭ ਵਰਤੀ ਗਈ।

ਇਹ ਸਾਰਾ ਅਸਲਾ ਦੱਰਾ ਖੈਬਰ (ਪਾਕਿਸਤਾਨ ਤੇ ਅਫਗਾਨਿਸਤਾਨ ਦੀ ਸਰਹੱਦ ਤੇ ਪੈਂਦਾ ਇਲਾਕਾ ਜੋ ਉਸ ਵਕਤ ਅਸਲੇ ਦੀ ਖੁੱਲ੍ਹੀ ਮੰਡੀ ਸੀ) ਤੋਂ ਲਿਆਂਦਾ ਤੇ ਪੈਸਾ ਜਿਆਦਾਤਰ ਬਾਹਰਲੇ ਸਿੱਖ ਆਪਣਾ ਦਸਵੰਧ ਇਕੱਠਾ ਕਰਕੇ ਲਿਆਉਂਦੇ ਸੀ। ਉਥੇ ਰੂਸੀ, ਅਮਰੀਕੀ, ਚੀਨੀ, ਇਸਰਾਈਲੀ ਹਥਿਆਰ ਮਿਲ ਜਾਂਦੇ ਸੀ। ਚੌਧਰੀਆਂ ਨੂੰ ਇਸ ਸਭ ਕੁਝ ਦਾ ਪਤਾ ਸੀ। ਉਹ ਸਾਡੀ ਏਨੀ ਕੁ ਮਦਦ ਕਰਦੇ ਸਨ ਕਿ ਕਿਤੇ ਸਾਨੂੰ ਓਥੋਂ ਦੀ ਪੁਲਿਸ ਵੱਲੋਂ ਕੋਈ ਸਮੱਸਿਆ ਨਾ ਆਵੇ ਜਾਂ ਉਥੋਂ ਦੇ ਸਮੱਗਲਰ ਧੋਖਾ ਨਾ ਦੇ ਜਾਣ ਪਰ ਉਹ ਦਖਲਅੰਦਾਜੀ ਵੀ ਕਰਦੇ ਸਨ ਕਿ ਅਸੀਂ ਕੋਈ ਵੱਡਾ ਜਾਂ ਖਤਰਨਾਕ ਹਥਿਆਰ ਨਾ ਲੈ ਆਈਏ। ਚੌਧਰੀ ਇਹ ਨਹੀਂ ਸੀ

ਚਾਹੁੰਦੇ ਕਿ ਇਧਰੋਂ ਕੋਈ ਇਹੋ ਜਿਹਾ ਅਸਲਾ ਚਲਾ ਜਾਵੇ ਤੇ ਜਿਸ ਨਾਲ ਕੋਈ ਵੱਡੀ ਵਾਰਦਾਤ ਹੋ ਜਾਵੇ ਤੇ ਉਹਨਾਂ ਦੇ ਮੁਲਕ ਲਈ ਕੋਈ ਸਮੱਸਿਆ ਖੜ੍ਹੀ ਹੋ ਜਾਵੇ। ਉਹਨਾਂ ਵੱਲੋਂ ੧੯੮੮ ਤੋਂ ਬਾਅਦ ਸਮਾਨ ਦਾ ਸਿੱਧਾ ਲੈਣ ਦੇਣ ਸ਼ੁਰੂ ਹੋਇਆ, ਜਿਸ ਵਿਚ ਨਵੀਂ ਕਿਸਮ ਦਾ ਬਾਰੂਦ, ਕੁਝ ਐਮਐਮਜੀ, ਹੱਥਗੋਲੇ, ਬਾਰੂਦ, ਇਸ ਤੋਂ ਬਿਨਾ ਜੋ ਅਸੀਂ ਕੁਝ ਸਪੈਸ਼ਲ ਅਸਲਾ ਚਾਹੁੰਦੇ ਸੀ ਉਹ ਅਸੀਂ ਓਥੋਂ ਖਰੀਦਦੇ ਸੀ। ਜਿਵੇਂ ਜੀ-੩, ਐਮ-੧੬, ਡਰੈਗਨ ਗੰਨਾਂ, ਦੂਰਬੀਨੀ ਬੰਦੂਕਾਂ, ਰੂਸੀ ਏਕੇ-੪੭, ਗਿੜਵੀਆਂ ੧੨ ਬੋਰ ਬੰਦੂਕਾਂ। ਜਰਮਨ ਤੇ ਹੋਰ ਮੁਲਕਾਂ ਦੇ ਵਧੀਆ ਬੁਕਲ ਦੇ ਹਥਿਆਰ ਵੀ ਅਸੀਂ ਆਪਣੇ ਪੈਸਿਆਂ ਨਾਲ ਖਰੀਦਦੇ ਸੀ। ਉਦੋਂ ਉਥੇ ਤੁਸੀਂ ਖਰੀਦਣ ਵਾਲੇ ਚਾਹੀਦੇ ਸੀ ਜੋ ਮਰਜੀ ਖਰੀਦ ਲਵੋ ਪਰ ਸਾਡੇ ਲਈ ਇਹ ਖੁੱਲ੍ਹ ਵੀ ਸੀਮਤ ਸੀ ਕਿਉਂਕਿ ਚੌਧਰੀ ਇਸ ਗੱਲ ਦਾ ਬਹੁਤ ਖਿਆਲ ਰੱਖ ਰਹੇ ਸੀ ਕਿ ਜਿਵੇਂ ਮੌਰਟਰ, ਰਾਕਟ ਅਤੇ ਮਿਜ਼ਾਈਲਾਂ (Mortars, rocket, missiles) ਵਰਗੇ ਹਥਿਆਰ ਕਿਸੇ ਵੀ ਸੂਰਤ ਵਿੱਚ ਸਾਡੇ ਤੱਕ ਨਾ ਪਹੁੰਚਣ। ਉਹਨਾਂ ਨੇ ਕਈ ਵਾਰ ਸਾਡਾ ਇਹੋ ਜਿਹਾ ਸਮਾਨ ਜਬਤ ਵੀ ਕਰ ਲਿਆ ਤੇ ਫਿਰ ਮੋੜਿਆ ਵੀ ਨਹੀਂ। ਇਸ ਗੱਲ ਤੇ ਉਹ ਬਹੁਤ ਸਖਤੀ ਵੀ ਕਰਦੇ ਸੀ, ਖਾਸ ਕਰਕੇ ਉਥੋਂ ਦੇ ਸਮੱਗਲਰਾਂ ਉਤੇ।

ਅਸੀਂ ਜਦੋਂ ਦਿੱਲੀ ਸੀ ਤਾਂ ਅਸੀਂ ਭਾਊ ਲਾਭ ਸਿੰਘ ਹੁਰਾਂ ਨਾਲ ਤੇ ਬਾਹਰ ਵਾਲਿਆਂ ਨਾਲ ਸਲਾਹ ਕੀਤੀ ਕਿ ਜੇ ਸਾਡੇ ਕੋਲ ਸਟਿੰਗਰ ਹੋਵੇ ਤਾਂ ਅਸੀਂ ਰਾਜੀਵ ਗਾਂਧੀ ਦਾ ਜਹਾਜ ਵੀ ਲਾਹ ਸਕਦੇ ਹਾਂ। ਇਹ ਕੰਮ ਚੌਧਰੀਆਂ ਨੇ ਹੀ ਨਹੀਂ ਹੋਣ ਦਿੱਤਾ। ਇਹੋ ਜਿਹੇ ਸਮਾਨ ਬਾਰੇ ਪਤਾ ਲੱਗਣ ਤੇ ਉਹ ਦੂਜਾ ਸਮਾਨ ਵੀ ਲੰਘਾਉਣਾ ਬੰਦ ਕਰ ਦਿੰਦੇ ਸੀ। ਇਕ ਵਾਰ ਸਿੰਘਾਂ ਨੇ ਉਥੋਂ ਸਟਿੰਗਰ ਮਿਜਾਇਲ ਵੀ ਖਰੀਦੀ ਸੀ ਜੋ ਉਸ ਵਕਤ ਪੱਚੀ ਲੱਖ ਦੀ ਮਿਲੀ ਸੀ। ਇਹ ਜਹਾਜ ਨੂੰ ਸਿੱਟਣ ਵਾਲੀ ਅਮਰੀਕੀ ਮਿਜਾਇਲ ਸੀ, ਉਸ ਵਕਤ ਉਥੇ ਰੂਸ ਵਿਰੁੱਧ ਮੁਜਾਹਦੀਨ ਲੜ ਰਹੇ ਸਨ। ਜਿਨ੍ਹਾਂ ਦੀ ਮਦਦ ਮੁਸਲਮਾਨ ਦੇਸ਼ ਅਤੇ ਅਮਰੀਕਾ ਖੁੱਲ੍ਹ ਕੇ ਕਰ ਰਿਹਾ ਸੀ। ਇਹ ਮਿਜਾਇਲ ਵੀ ਉਹਨਾਂ ਤੋਂ ਬੜੀ ਮੁਸ਼ਕਲ ਨਾਲ ਮਿਲੀ ਸੀ ਪਰ ਚੌਧਰੀਆਂ ਨੇ ਰੋਕ ਲਈ।

ਲੁਧਿਆਣੇ ਵਾਲਾ ਬੈਂਕ ਹਥਿਆਰਾਂ ਦੀ ਥੋੜ ਕਰਕੇ ਹੀ ਮਾਂਜਿਆ ਸੀ। ਇਹਦੇ ਵਿੱਚੋਂ ਜਿਆਦਾ ਪੈਸਾ ਉਧਰ ਹੀ ਭੇਜ ਦਿੱਤਾ। ਇਸ ਤਰ੍ਹਾਂ ਨਵੀਂ ਕਿਸਮ ਦੇ ਅਸਲੇ ਦੇ ਆਉਣ ਨਾਲ ਖਾੜਕੂਆਂ ਦੀ ਤਾਕਤ ਵਧ ਗਈ ਤੇ ਪੁਲਿਸ ਉਤੇ ਦਬਾਅ ਵਧ ਗਿਆ। ਹੁਣ ਸਾਡੇ ਕੋਲ ਵੀ ਓਹਨਾਂ ਵਰਗੇ ਹੀ ਹਥਿਆਰ ਆ ਗਏ ਸਨ ਪਰ ਗਿਣਤੀ ਹਾਲੇ ਵੀ ਥੋੜ੍ਹੀ ਸੀ। ਪਹਿਲਾਂ ਸਿੰਘਾਂ ਕੋਲ ਟਾਂਵੀਆਂ-ਟਾਂਵੀਆਂ ਲੰਮੀ ਮਾਰ ਵਾਲੀਆਂ ਬੰਦੂਕਾਂ ਸਨ। ਜਿਆਦਾ ਤੋਂ ਜਿਆਦਾ ਇਕ-ਦੋ ਐਸਐਲਆਰ ਜਾਂ ਫਿਰ ਸਪਰਿੰਗਫੀਲਡ, ੩੧੫ ਤੇ ੩੦੩। ਜਦੋਂ ਕਿਤੇ ਘੇਰਾ ਪੈਂਦਾ, ਮੁਕਾਬਲਾ ਹੁੰਦਾ ਤਾਂ

ਸੁਰੱਖਿਆ ਦਸਤੇ ਬੜਾ ਉਪਰ ਚੜ੍ਹ ਆਉਂਦੇ ਸੀ ਕਿ ਇਹਨਾਂ ਕੋਲ ਕਿਹੜਾ ਕੋਈ ਵੱਡਾ ਅਸਲਾ ਹੈ। ਜਦੋਂ ਅਸਾਲਟਾਂ, ਵਧੀਆ ਹਥਗੋਲੇ ਅਤੇ ਐਮਐਮਜੀ ਬੰਦੂਕਾਂ ਆਈਆਂ ਉਸ ਤੋਂ ਬਾਅਦ ਪੁਲਿਸ ਅਤੇ ਹੋਰ ਦਸਤੇ ਇੱਕ ਲੰਬਾ ਫਾਸਲਾ ਰੱਖਣ ਲੱਗੇ ਜਿਸ ਨਾਲ ਸਿੰਘਾਂ ਨੂੰ ਬਚ ਕੇ ਨਿਕਲਣਾ ਆਸਾਨ ਹੋ ਜਾਂਦਾ ਸੀ। ਪੁਲਿਸ ਵਾਲਿਆਂ ਦਾ ਹੁਣ ਜਿਆਦਾ ਨੁਕਸਾਨ ਹੋਣ ਲੱਗ ਪਿਆ। ੧੯੮੮ ਦੇ ਅਖੀਰ ਤੱਕ ਜਿੰਨੇ ਵੀ ਪ੍ਰਮੁੱਖ ਜਥੇ ਸਨ ਉਹਨਾਂ ਦੇ ਹੱਥ ਬਾਰੂਦ ਪਹੁੰਚ ਗਿਆ ਅਤੇ ਹੁਣ ਲੜਾਈ ਦਾ ਤਵਾਜਨ ਕੁਝ ਬਦਲ ਗਿਆ। ੧੯੮੮ ਦੌਰਾਨ ਚੌਧਰੀਆਂ ਨੇ ਪਹਿਲੀ ਵਾਰ ਸਿੰਘਾਂ ਨੂੰ ਅਸਲਾ ਦੇਣਾ ਸ਼ੁਰੂ ਕੀਤਾ ਅਤੇ ਇਸ ਤੋਂ ਬਾਅਦ ਅਖੀਰ ਤੱਕ ਕਦੇ ਘੱਟ ਤੇ ਕਦੇ ਵੱਧ ਚਲਦਾ ਰਿਹਾ। ਪੰਜਾਬ ਵਿੱਚ ਸਿੰਘਾਂ ਵਲੋਂ ਕਈ ਚੌਕੀਆਂ ਅਤੇ ਹਥਿਆਰਾਂ ਦੀਆਂ ਦੁਕਾਨਾਂ ਵੀ ਲੁੱਟੀਆਂ ਗਈਆਂ।

ਸਰਕਾਰ ਨੇ ੧੯੮੪ ਤੋਂ ਬਾਅਦ ਹੀ ਸਾਰੀ ਸਰਹੱਦ ਨੂੰ ਸਖਤ ਕਰਨਾ ਸ਼ੁਰੂ ਕਰ ਦਿੱਤਾ ਸੀ। ੧੯੯੦ ਦੇ ਸ਼ੁਰੂ ਤੱਕ ਪੰਜਾਬ ਦੀ ਸਾਰੀ ਸਰਹੱਦ ਤਕਰੀਬਨ ਬੰਦ ਹੋ ਗਈ ਸੀ। ਪੰਜਾਬ ਨਾਲ ਲੱਗਦੀ ਜੰਮੂ ਤੇ ਗੰਗਾਨਗਰ ਤੱਕ ਦੀ ਸਰਹੱਦ ਤੇ ਵੀ ਬਹੁਤ ਸਖਤੀ ਹੋ ਗਈ ਸੀ। ਸਾਰੀ ਸਰਹੱਦ ਤੇ ਕੰਡਿਆਲੀ ਤਾਰ ਦੀ ਕੰਧ ਖੜ੍ਹੀ ਹੋ ਗਈ ਸੀ ਤੇ ਸਰਹੱਦ ਉਤੇ ਵੱਡੇ ਉਚੇ ਬਿਜਲੀ ਖੰਭਿਆਂ ਦੇ ਤੇਜ ਚਾਨਣ ਨਾਲ ਰਾਤਾਂ ਨੂੰ ਵੀ ਦਿਨ ਵਰਗਾ ਮਾਹੌਲ ਹੋ ਗਿਆ। ਕੁਝ ਚੋਣਵੀਆਂ ਥਾਵਾਂ ਉਪਰ ਬਾਰੂਦੀ ਸੁਰੰਗਾਂ ਅਤੇ ਬਿਜਲੀ ਦੀਆਂ ਤਾਰਾਂ ਵੀ ਵਿਛਾਈਆਂ ਗਈਆਂ। ਸਰਹੱਦ ਉੱਤੇ ਬੀਐਸਐਫ ਦੀ ਨਫਰੀ ਬਹੁਤ ਵਧਾ ਦਿੱਤੀ। ਉਰਲੇ ਪਾਸੇ ਥਾਂ-ਥਾਂ ਨਾਕੇ ਲਾਏ ਜਾਣ ਲੱਗੇ। ੧੯੮੯ ਤੋਂ ਬਾਅਦ ਹੀ ਸਰਹੱਦ ਪਾਰ ਕਰਨਾ ਬਹੁਤ ਔਖਾ ਹੋ ਗਿਆ। ਸਰਹੱਦ ਉਤੇ ਮੁਕਾਬਲੇ ਅਤੇ ਸ਼ਹਾਦਤਾਂ ਜਿਆਦਾ ਹੋਣ ਲੱਗੀਆਂ ਅਤੇ ਸਮਾਨ ਵੀ ਜਿਆਦਾ ਫੜਿਆ ਜਾਣ ਲੱਗਾ।

ਜਦੋਂ ਮੈਂ ਨਵੰਬਰ ੧੯੯੦ ਵਿਚ ਪਾਕਿਸਤਾਨ ਗਿਆ ਤਾਂ ਉਸ ਸਮੇਂ ਤੱਕ ਇਹੋ ਜਿਹੀ ਸਥਿਤੀ ਬਣ ਚੁੱਕੀ ਸੀ ਕਿ ਜੰਮੂ ਤੋਂ ਲੱਗ ਕੇ ਬੀਕਾਨੇਰ ਤੱਕ ਕਿਤੇ-ਕਿਤੇ ਅਤੇ ਕਦੀ-ਕਦੀ ਕੋਈ ਬੰਦਾ ਹੀ ਸਰਹੱਦ ਪਾਰ ਕਰਦਾ ਸੀ। ਇਸ ਤਰ੍ਹਾਂ ਇਧਰ ਸਮਾਨ ਆਉਣਾ ਘੱਟ ਗਿਆ। ਕਹਿ ਸਕਦੇ ਹਾਂ ਕਿ ਜੋ ਸਮਾਨ ਆਇਆ ਵੀ ਉਹਦੇ ਵਿਚੋਂ ਬਹੁਤਾ ਸਰਹੱਦੀ ਇਲਾਕੇ ਵਿਚ ਹੀ ਰਹਿ ਗਿਆ ਅਤੇ ਇਸ ਵਿੱਚੋਂ ਕਾਫੀ ਫੜਿਆ ਗਿਆ। ਦੂਸਰੇ ਪਾਸੇ ਸਿੰਘ ਹਮਲਾ ਕਰਕੇ ਗਾਰਦਾਂ ਤੋਂ ਸਮਾਨ ਖੋਹ ਵੀ ਲੈਂਦੇ ਸਨ।

ਸਿੰਘਾਂ ਨੇ ਜਿਆਦਾ ਵਰਤੋਂ ਬੰਦੂਕਾਂ ਅਤੇ ਪਸਤੌਲਾਂ ਦੀ ਹੀ ਕੀਤੀ। ਹੱਥ ਗੋਲਿਆਂ ਅਤੇ ਧਮਾਕਿਆਂ ਦੀ ਵਰਤੋਂ ਮੁਕਾਬਲਤਨ ਘੱਟ ਹੋਈ। ਰਾਕਟ ਅਤੇ

ਗਰਨੇਡ ਲਾਂਚਰ ਅਖੀਰ ਵਿੱਚ ਆਏ ਤੇ ਘੱਟ ਹੀ ਵਰਤੇ ਗਏ। ਦੂਰਬੀਨੀ ਬੰਦੂਕਾਂ ਦੀ ਵਰਤੋਂ ਵੀ ਬਹੁਤ ਘੱਟ ਹੋਈ।

੧੯੮੭ ਤੋਂ ੧੯੯੦ ਤੱਕ ਜਿੰਨਾ ਕੁ ਅਸਲਾ ਆਇਆ। ਉਸ ਦੀ ਸਹੀ ਵੰਡ ਤੇ ਵਰਤੋਂ ਨਹੀਂ ਹੋਈ। ਜੇ ਮੋਟਾ ਜਿਹਾ ਅੰਦਾਜਾ ਲਾਇਆ ਜਾਵੇ ਤਾਂ ਲਹਿਰ ਦੇ ਕਿਸੇ ਵੀ ਦੌਰ ਵਿੱਚ ਪੰਜਾਬ ਵਿੱਚ ਇੱਕ ਵੇਲੇ ਪੰਜ ਸੌ ਤੋਂ ਵੱਧ ਜੰਗੀ ਸਿੰਘ ਨਹੀਂ ਸੀ। ਮੁੱਢਲੇ ਵਰ੍ਹਿਆਂ ਵਿਚ ਪੁਲਿਸ ਵੱਲੋਂ ਭਗੌੜੇ ਕਰਾਰ ਦਿੱਤੇ ਗਏ ਸਿੰਘਾਂ ਦੀ ਗਿਣਤੀ ਇਸ ਤੋਂ ਵੀ ਘੱਟ ਸੀ। ਹੋ ਸਕਦਾ ਹੈ ਕਿ ੧੯੯੦ ਤੋਂ ਬਾਅਦ ਥੋੜ੍ਹੀ ਬਹੁਤ ਗਿਣਤੀ ਵਧੀ ਹੋਵੇ ਪਰ ਸਿੰਘ ਸ਼ਹੀਦ ਹੋਈ ਜਾਂਦੇ ਸਨ ਅਤੇ ਇਹਨਾਂ ਦੀ ਥਾਂ ਤੇ ਨਵੇਂ ਆਈ ਜਾਂਦੇ ਸਨ। ਅੰਦਾਜਨ ਗਿਣਤੀ ਇੰਨੀ ਕੁ ਹੀ ਰਹੀ। ਜੇਕਰ ੫੦੦ ਬੰਦਾ ਰੂਪੋਸ਼ ਸੀ ਤਾਂ ਇੰਨਾ ਕੁ ਹੀ ਅਸਲਾ ਹੋਵੇਗਾ ਜਿਹੜਾ ਕਿਸੇ ਸਮੇਂ ਵਰਤੋਂ ਵਿੱਚ ਸੀ। ਏਨੀ ਕੁ ਸੰਖਿਆ ਤੇ ਇੰਨੇ ਕੁ ਅਸਲੇ ਨਾਲ ਵੀ ਖਾੜਕੂ ਇੰਨੇ ਸਾਲ ਪੁਲਿਸ, ਸੁਰੱਖਿਆ ਦਸਤੇ ਅਤੇ ਫੌਜ ਦਾ ਮੁਕਾਬਲਾ ਕਰਦੇ ਰਹੇ।

ਜਦੋਂ ਅਸਲਾ ਪਾਕਿਸਤਾਨ ਵਾਲੇ ਪਾਸਿਓਂ ਆਉਣ ਲੱਗ ਪਿਆ, ਉਸ ਤੋਂ ਬਾਅਦ ਪੰਜਾਬ ਵਿੱਚ ਖਾੜਕੂਆਂ ਨੇ ਕਿਸੇ ਹੋਰ ਪਾਸੇ ਤੋਂ ਅਸਲਾ ਲਿਆਉਣ ਦੀ ਕੋਸ਼ਿਸ਼ ਨਹੀਂ ਕੀਤੀ। ਕੁਝ ਸਿੰਘਾਂ ਦੇ ਅਸਾਮ ਦੇ ਖਾੜਕੂਆਂ ਨਾਲ ਸਬੰਧ ਸਨ ਤੇ ਨਕਸਲਬਾੜੀਆਂ ਨਾਲ ਵੀ ਸਬੰਧ ਸਨ ਪਰ ਉਧਰੋਂ ਕਦੀ ਕੋਈ ਅਸਲਾ ਨਹੀਂ ਆਇਆ। ਧਮਾਕੇ ਕਰਨ ਲਈ ਬਾਰੂਦੀ ਛੜਾਂ ਜਰੂਰ ਓਧਰੋਂ ਖਰੀਦ ਕੇ ਲਿਆਉਂਦੇ ਰਹੇ। ਖਾਲਸਤਾਨ ਲਿਬਰੇਸ਼ਨ ਫੋਰਸ ਵਾਲਿਆਂ ਨੇ ਵੱਡੀ ਮਾਤਰਾ ਵਿੱਚ ਇਹ ਸਮਾਨ ਇਧਰੋਂ ਵੀ ਖਰੀਦਿਆ ਸੀ। ੧੯੯੧ ਅਤੇ ੧੯੯੨ ਵਿਚ ਅਸੀਂ ਰਾਜਸਥਾਨ ਵਿੱਚ ਬੀਕਾਨੇਰ ਤੋਂ ਅਗਲੇ ਹਿੱਸੇ ਜਿਵੇਂ ਬਾੜਮੇਰ, ਜੈਸਲਮੇਰ ਅਤੇ ਗੁਜਰਾਤ ਦੇ ਕੱਛ ਦੇ ਇਲਾਕੇ ਰਾਹੀਂ ਸਮਾਨ ਭੇਜਣ ਲਈ ਰਾਹ ਖੋਲ੍ਹੇ। ਖਾਲਸਤਾਨ ਲਿਬਰੇਸ਼ਨ ਫੋਰਸ, ਖਾਲਸਤਾਨ ਕਮਾਂਡੋ ਫੋਰਸ ਤੇ ਭਿੰਡਰਾਂਵਾਲੇ ਟਾਈਗਰ ਫੋਰਸ ਨੇ ਇਹ ਸਮਾਨ ਨੂੰ ਢੋਇਆ ਸੀ। ਇਹ ਸਾਰਾ ਸਮਾਨ ਊਠਾਂ ਰਾਹੀਂ ਆਇਆ ਤੇ ਸੌਦਾਗਰਾਂ ਨੂੰ ਪੈਸੇ ਦੇ ਕੇ ਇੱਧਰ ਭੇਜਿਆ। ਇਹ ਸਮਾਨ ਕਾਫੀ ਵੱਡੀ ਮਾਤਰਾ ਵਿੱਚ ਸੀ। ਇਸ ਵਿਚੋਂ ਕੁਝ ਹਿੱਸਾ ਸਿੰਘਾਂ ਨੇ ਵਰਤਿਆ ਵੀ ਪਰ ਬਹੁਤਾ ਹਿੱਸਾ ਗੁਜਰਾਤ ਜਾਂ ਰਾਜਸਥਾਨ ਵਿਚ ਫੜਿਆ ਗਿਆ ਜਾਂ ਕਿਤੇ ਰਾਹ ਵਿਚ ਹੀ ਰੁਲ ਗਿਆ।

੧੯੯੨ ਵਿੱਚ ਵੱਡੀ ਮਾਤਰਾ ਵਿਚ ਇਹ ਸਮਾਨ ਭੇਜਣ ਦਾ ਮਤਲਬ ਸੀ ਕਿ ਲਹਿਰ ਮੱਠੀ ਹੋ ਰਹੀ ਹੈ ਅਤੇ ਲਹਿਰ ਨੂੰ ਦੁਬਾਰਾ ਖੜ੍ਹੇ ਕਰਨ ਲਈ ਨਵੇਂ ਸਿਰਿਓਂ ਇਸ ਸਮਾਨ ਨੂੰ ਪੰਜਾਬ ਜਾਂ ਪੰਜਾਬ ਤੋਂ ਬਾਹਰ ਸੰਭਾਲ ਕੇ ਰੱਖ ਲਿਆ ਜਾਵੇ ਪਰ ਇੰਝ ਹੋ ਨਹੀਂ ਸਕਿਆ। ਜਿਆਦਾ ਸਮਾਨ ਫੜਿਆ ਗਿਆ ਅਤੇ ਸਮਾਨ ਸਾਂਭਣ ਵਾਲੇ

ਜਿਆਦਾ ਸਿੰਘ ਸ਼ਹੀਦ ਹੋ ਗਏ। ਕੁਝ ਸਮਾਨ ਦਾ ਉਹਨਾਂ ਸਿੰਘਾਂ ਨੂੰ ਹੀ ਪਤਾ ਸੀ ਜਿਹੜੇ ਸ਼ਹੀਦ ਹੋ ਗਏ। ਕੁਝ ਸਮਾਨ ਸੌਦਾਗਰਾਂ ਕੋਲ ਹੀ ਰਹਿ ਗਿਆ ਕਿਉਂਕਿ ਸਿੰਘ ਸ਼ਹੀਦ ਹੋ ਗਏ ਸਨ ਤੇ ਕੋਈ ਸਮਾਨ ਚੁੱਕਣ ਹੀ ਨਹੀਂ ਪਹੁੰਚਿਆ।

ਜਦੋਂ ਮੈਂ ਦਿੱਲੀ ਤਿਹਾੜ ਜੇਲ੍ਹ ਵਿੱਚ ਸੀ ਉਸ ਵਕਤ ਯੂਪੀ ਦੇ ਇਕ ਵੱਡੇ ਡੌਨ ਨੇ ਮੈਨੂੰ ਇਹ ਦੱਸਿਆ ਕਿ ਉਨ੍ਹਾਂ ਨੇ ਕੁਝ ਕੁ ਅਸਾਲਟਾਂ ਰਾਜਸਥਾਨ ਤੋਂ ਖਰੀਦੀਆਂ। ਉਥੇ ਕੁਝ ਸੌਦਾਗਰ ਸਨ, ਜਿਨ੍ਹਾਂ ਕੋਲ ਖਾੜਕੂਆਂ ਦਾ ਸਮਾਨ ਰਹਿ ਗਿਆ ਸੀ। ਉਹ ਕਾਫੀ ਜਿਆਦਾ ਸਮਾਨ ਸੀ, ਕੋਈ ਚਾਰ ਊਠਾਂ ਦਾ ਸਮਾਨ ਸੀ। ਮੈਨੂੰ ਯਾਦ ਆ ਗਿਆ ਕਿ ਉਸ ਥਾਂ ਤੋਂ ਸਮਾਨ ਤਾਂ ਸਾਡੇ ਬੰਦੇ ਹੀ ਲੈ ਕੇ ਜਾਂਦੇ ਸਨ। ਅੱਗਿਓਂ ਰਛਪਾਲ ਸਿੰਘ ਛੰਦੜਾ ਜਥੇ ਵਾਲੇ ਉਥੋਂ ਚੁੱਕਦੇ ਸਨ ਪਰ ਉਹ ਸਾਰੇ ਸਿੰਘ ਲੁਧਿਆਣੇ ਵਿਖੇ ਲਗਭਗ ਇਕੱਠੇ ਹੀ ਸ਼ਹੀਦ ਹੋ ਗਏ ਤੇ ਸਮਾਨ ਨਾਲ ਕੋਈ ਰਾਬਤਾ ਨਾ ਰਿਹਾ। ਉਸ ਸਮੱਗਲਰ ਨੇ ੫੦ ਹਜਾਰ ਦੀ ਅਸਾਲਟ ਵੇਚਣੀ ਸ਼ੁਰੂ ਕਰ ਦਿੱਤੀ ਤੇ ਕੁਝ ਸਮੇਂ ਬਾਅਦ ਉਹ ਵੀ ਫੜਿਆ ਗਿਆ ਤੇ ਉਸ ਨੇ ਸਾਰਾ ਸਮਾਨ ਫੜਾ ਦਿੱਤਾ।

ਅਸਲੇ ਦੀ ਸੰਘਰਸ਼ ਵਿਚ ਅਸਲ ਤਸਵੀਰ ਤਾਂ ਇਹੋ ਹੀ ਹੈ। ਸਰਕਾਰ ਨੇ ਪਰਚਾਰ ਬਹੁਤ ਜਿਆਦਾ ਕੀਤਾ ਉਸ ਪਰਚਾਰ ਦੇ ਮੁਕਾਬਲੇ ਇਹ ਸਮਾਨ ਤਾਂ ਬਹੁਤ ਹੀ ਥੋੜ੍ਹਾ ਸੀ, ਜਿਸ ਨਾਲ ਸਾਰੀ ਜੰਗ ਲੜੀ ਗਈ। ਉਹ ਸਮਾਨ ਵੀ ਸਾਨੂੰ ਉਂਝ ਹੀ ਨਹੀਂ ਮਿਲਿਆ ਸੀ, ਸਾਡੇ ਭੈਣਾਂ ਭਰਾਵਾਂ ਦੀ ਹੱਡ ਭੰਨਵੀਂ ਕਮਾਈ ਦਾ ਹਿੱਸਾ ਸੀ ਜਿਨ੍ਹਾਂ ਨੇ ਆਪਣੇ ਸੁਖ ਸਹੂਲਤਾਂ ਨਾਲੋਂ ਪੰਥਕ ਕਾਰਜ ਨੂੰ ਕੀਮਤੀ ਜਾਣਿਆ ਸੀ। ਸਮਾਨ ਨੂੰ ਅਫਗਾਨ ਦਰੇ ਤੋਂ ਇਧਰ ਸਾਡੇ ਸਿੰਘਾਂ ਕੋਲ ਵੀ ਕਿੰਨੀਆਂ ਘਾਲਣਾਂ ਘਾਲ ਕੇ ਲਿਆਂਦਾ ਜਾਂਦਾ ਸੀ। ਸਮਾਨ ਖਰੀਦਣ ਲਈ ਸਿਰਫ ਪੈਸਾ ਹੀ ਨਹੀਂ ਹੋਰ ਵੀ ਬਹੁਤ ਮਿਹਨਤ ਲੱਗਦੀ ਸੀ। ਸਰਹੱਦ ਪਾਰ ਕਰਨ ਲਈ, ਸਿੰਘਾਂ ਕੋਲ ਪਹੁੰਚਦਾ ਕਰਨ ਲਈ ਵੀ ਘਾਲਣਾ ਘਾਲੀ ਦੀ ਸੀ।

ਜਦੋਂ ਮੈਂ ਪਾਕਿਸਤਾਨ ਸੀ ਤਾਂ ਅਸੀਂ ਹੋਰਨਾਂ ਥਾਵਾਂ ਤੋਂ ਸੰਘਰਸ਼ ਲਈ ਲੋੜੀਂਦੇ ਸਾਜੋ ਸਮਾਨ ਬਾਰੇ ਜਾਣਕਾਰੀ ਹਾਸਲ ਕਰਨ ਦੀ ਕੋਸ਼ਿਸ਼ ਕੀਤੀ। ਇਸ ਖੇਤਰ ਵਿੱਚ ਸਮਗਲਰ, ਮਾਫੀਆ ਤੇ ਖੁਫੀਆ ਏਜੰਸੀਆਂ ਦੇ ਤਾਣੇ-ਬਾਣੇ ਦਾ ਇਕ ਥਾਂ ਤਾਂ ਉਸ ਵਕਤ ਦੱਰੇ ਦਾ ਖੇਤਰ ਹੀ ਸੀ। ਕਰਾਚੀ ਦੂਸਰਾ ਸਥਾਨ ਸੀ, ਜਿੱਥੇ ਇਹੋ ਜਿਹੇ ਕੰਮਾਂ ਅਤੇ ਸਬੰਧਾਂ ਵਾਲੇ ਬੰਦੇ ਸਰਗਰਮ ਸਨ। ਉਥੋਂ ਦੇ ਮੁਹਾਜਰ ਮੁਸਲਮਾਨਾਂ ਨੇ ਸਾਡੀ ਕਾਫੀ ਮਦਦ ਕੀਤੀ। ਓਹਨਾਂ ਦਿਨਾਂ ਵਿਚ ਥਾਈਲੈਂਡ, ਮਲੇਸ਼ੀਆ, ਹਾਂਗਕਾਂਗ ਤੇ ਦੱਖਣੀ ਚੀਨ ਨਾਲ ਲਗਦਾ ਸਾਰਾ ਇਲਾਕਾ ਇਹੋ ਜਿਹੇ ਸਮਾਨ ਦਾ ਇਕ ਹੋਰ ਕੇਂਦਰ ਸੀ। ਉਸ ਵਕਤ ਪੂਰਬੀ ਯੂਰਪ ਦੇ ਕੁਝ ਦੇਸ਼ ਵੀ ਅਜਿਹੇ ਅੱਡੇ ਸਨ ਅਤੇ ਇਕ ਖੇਤਰ

ਦੱਖਣੀ ਅਮਰੀਕਾ ਦੇ ਕੁਝ ਦੇਸ਼ਾਂ ਵਿਚ ਸੀ। ਦੱਖਣੀ ਅਫਰੀਕਾ ਵਿਚ ਵੀ ਹਥਿਆਰਾਂ ਦਾ ਇਕ ਅਜਿਹਾ ਧੁਰਾ ਬਣਦਾ ਸੀ। ਇੱਥੇ ਇਹੋ ਜਿਹੇ ਬੰਦੇ ਬੈਠੇ ਸਨ ਜੋ ਇਹ ਕੰਮ ਕਰਦੇ ਸੀ। ਹਰ ਕਿਸਮ ਦਾ ਵਧੀਆ ਤੋਂ ਵਧੀਆ ਅਸਲਾ ਉਹ ਦੇ ਸਕਦੇ ਸਨ ਪਰ ਕੀਮਤ ਓਹਨਾਂ ਦੀ ਮੂੰਹ ਮੰਗੀ ਹੁੰਦੀ ਸੀ। ਦੱਖਣ-ਪੱਛਮੀ ਏਸ਼ੀਆ ਦੇ ਦੇਸ਼ਾਂ ਵਿੱਚ ਬਿਜਲਈ ਸਮਾਨ, ਜਾਸੂਸੀ ਦਾ ਸਮਾਨ, ਸੰਚਾਰ ਦਾ ਸਮਾਨ ਵੀ ਮਿਲਦਾ ਸੀ। ਹਰ ਤਰ੍ਹਾਂ ਦੀ ਨਕਲੀ ਕਰੰਸੀ ਵੀ ਇੱਥੇ ਤੁਹਾਨੂੰ ਸਭ ਤੋਂ ਵਧੀਆ ਮਿਲਦੀ ਸੀ। ਇਨ੍ਹਾਂ ਥਾਂਵਾਂ ਤੇ ਅਸੀਂ ਕੁਝ ਬਾਹਰਲੇ ਸਿੰਘਾਂ ਨੂੰ ਭੇਜਿਆ। ਇੱਥੇ ਓਹਨਾਂ ਨੇ ਕਾਫੀ ਸਬੰਧ ਬਣਾਏ। ਇੱਥੇ ਪੈਸੇ ਨਾਲ ਹਰ ਕੁਝ ਮਿਲਦਾ ਹੈ ਪਰ ਇਹ ਸਬੰਧ ਤੁਹਾਨੂੰ ਕਿਸੇ ਵਿਸ਼ਵਾਸ ਵਾਲੇ ਬੰਦੇ ਰਾਹੀਂ ਹੀ ਬਣਾਉਣੇ ਪੈਂਦੇ ਹਨ।

ਕਾਫੀ ਮਿਹਨਤ ਮਗਰੋਂ ਉਸ ਵਕਤ ਇੱਕ ਧਿਰ ਨੇ ਬਹੁਤ ਵੱਡੀ ਰਕਮ ਤੇ ਸਾਨੂੰ ਕਲਕੱਤੇ ਕੋਲ ਸਮਾਨ ਦੇਣ ਲਈ ਹਾਂ ਕਰ ਦਿੱਤੀ ਸੀ। ਇਹ ਬੰਦੇ ਸਾਨੂੰ ਨੇਪਾਲ ਵਿਚ ਸਮਾਨ ਦੇਣ ਨੂੰ ਵੀ ਤਿਆਰ ਸਨ। ਇਸ ਸਮੇਂ ਦੌਰਾਨ ਚੋਰ ਬਜਾਰ ਦੇ ਰੂਸੀ ਸੌਦਾਗਰਾਂ ਨੇ ਇਕ ਕਰੋੜ ਡਾਲਰ ਵਿਚ ਸਾਨੂੰ ਆਪਣਾ ਸੁਰੱਖਿਅਤ ਸੰਚਾਰ ਪਰਬੰਧ ਤਿਆਰ ਕਰਨ ਲਈ ਸਹਿਮਤੀ ਵੀ ਦਿੱਤੀ ਸੀ। ਅਸੀਂ ਜਾਣਕਾਰੀ ਤਾਂ ਬਥੇਰੀ ਇਕੱਠੀ ਕੀਤੀ ਅਤੇ ਸਬੰਧ ਵੀ ਬਣਾ ਲਏ ਪਰ ਇਹ ਸੌਦਾ ਨਹੀਂ ਹੋ ਸਕਿਆ ਕਿਉਂਕਿ ਸਾਡੇ ਇੱਥੇ ਹਾਲਾਤ ਹੀ ਉਸ ਅਨੁਸਾਰ ਨਹੀਂ ਸੀ ਤੇ ਲਗਾਤਾਰ ਬਦਲਦੇ ਗਏ। ਦੂਸਰੀ ਗੱਲ ਕਿ ਇਹ ਕੰਮ ਲਈ ਪੈਸਾ ਬਹੁਤ ਜਿਆਦਾ ਚਾਹੀਦਾ ਸੀ ਜੋ ਸਾਡੇ ਕੋਲ ਨਹੀਂ ਸੀ। ਤੀਸਰੀ ਅਤੇ ਅਹਿਮ ਗੱਲ ਸੀ ਚੌਧਰੀ ਇਸ ਗੱਲ ਦੇ ਉਲਟ ਸਨ। ਅਸੀਂ ਕੁਝ ਵਾਇਰਲੈੱਸ ਕਿਸਮ ਦੇ ਸੰਚਾਰ ਅਤੇ ਜਾਸੂਸੀ ਦੇ ਸੰਦ ਹੀ ਉਥੋਂ ਖਰੀਦੇ। ਇਸ ਤੋਂ ਅੱਗੇ ਕੋਈ ਗੱਲ ਤੁਰੀ ਨਹੀਂ। ਇਹ ਗੱਲ ੧੯੯੨ ਦੇ ਸ਼ੁਰੂ ਦੀ ਹੈ।

ਸਾਡੇ ਕੋਲ ਇਥੇ ਵੱਧ ਤੋਂ ਵੱਧ ਵਾਕੀ-ਟਾਕੀ ਸੈੱਟ ਹੀ ਸਨ, ਉਹ ਵੀ ਕਿਸੇ-ਕਿਸੇ ਜਥੇ ਕੋਲ। ਜਿਹੜੇ ਸੰਚਾਰ ਦੇ ਸੰਦ ਅਸੀਂ ਓਧਰੋਂ ਮੰਗਵਾ ਕੇ ਇੱਧਰ ਭੇਜੇ, ਉਹ ਵੀ ਕਿਸੇ ਨੇ ਵਰਤੇ ਨਹੀਂ, ਇਸੇ ਤਰ੍ਹਾਂ ਕਿਤੇ ਨਾ ਕਿਤੇ ਫੜੇ ਗਏ। ਸਿੰਘਾਂ ਦੀ ਚੌਧਰੀਆਂ ਤੋਂ ਬੜੇ ਚਿਰ ਤੋਂ ਇਹ ਮੰਗ ਸੀ ਕਿ ਉਹ ਸਾਡੇ ਲਈ ਇੱਕ ਗੁਪਤ ਰੇਡੀਓ ਖਾਲਸਤਾਨ ਲਾ ਕੇ ਦੇਣ, ਇਹ ਗੱਲ ਉਹਨਾਂ ਨੇ ਅਖੀਰ ਤੱਕ ਪੂਰੀ ਨਹੀਂ ਕੀਤੀ। ਅਫਗਾਨਿਸਤਾਨ ਦੇ ਮੁਜਾਹਦੀਨਾਂ ਨਾਲ ਸਾਡੀ ਗੱਲਬਾਤ ਹੋਈ। ਉਸ ਵਕਤ ਇੰਜੀਨੀਅਰ ਹਿਕਮਤਯਾਰ, ਉਹਨਾਂ ਦਾ ਮੁੱਖ ਆਗੂ ਸੀ। ਉਸ ਨੇ ਇਕ ਵਾਰ ਹਾਂ ਕਰ ਦਿੱਤੀ ਕਿ ਤੁਸੀਂ ਆਪਣਾ ਰੇਡੀਓ ਕੇਂਦਰ ਅਫਗਾਨਿਸਤਾਨ ਵਿਚ ਲਾ ਲਓ ਪਰ ਇਹ ਗੱਲ ਵੀ ਸਿਰੇ ਨਾ ਚੜ੍ਹੀ।

ਇੱਕ ਗੱਲ ਦਾ ਭਾਰਤੀ ਮੀਡੀਏ ਨੇ ਬਹੁਤ ਪ੍ਰਚਾਰ ਕੀਤਾ ਕਿ ਖਾੜਕੂ

ਛਾਪਾਮਾਰੀ ਜੰਗ ਵਿੱਚ ਬਹੁਤ ਮਾਹਿਰ ਹਨ ਕਿਉਂਕਿ ਇਹਨਾਂ ਨੂੰ ਪਾਕਿਸਤਾਨ ਦੀ ਆਈਐਸਆਈ ਸਿਖਲਾਈ ਦੇ ਰਹੀ ਹੈ। ਇਹ ਪਰਚਾਰ ਸੰਤਾਂ ਦੇ ਜਿਉਂਦਿਆਂ ਤੋਂ ਸ਼ੁਰੂ ਹੋ ਕੇ ਹੁਣ ਤੱਕ ਚੱਲੀ ਜਾ ਰਿਹਾ ਹੈ। ਅਖਬਾਰਾਂ ਵਿੱਚ ਇਹਨਾਂ ਨੇ ਬਹੁਤ ਸਿਖਲਾਈ ਕੈਂਪਾਂ ਬਾਰੇ ਖਬਰਾਂ ਲਾਈਆਂ ਤੇ ਉਹਨਾਂ ਦੀ ਜਗ੍ਹਾ ਵੀ ਦੱਸੀ ਪਰ ਇਸ ਵਿੱਚ ਕੋਈ ਸਚਾਈ ਨਹੀਂ ਸੀ। ਬਹੁਤੇ ਸਿੰਘਾਂ ਨੇ ਕਿਧਰੋਂ ਵੀ ਸਿਖਲਾਈ ਨਹੀਂ ਲਈ, ਨਾ ਹੀ ਕੋਈ ਇਹੋ ਜਿਹਾ ਥਾਂ ਸੀ ਜਿੱਥੇ ਅਸੀਂ ਸਿਖਲਾਈ ਲੈ ਸਕਦੇ। ਬਹੁਤਿਆਂ ਨੇ ਪਹਿਲੇ ਹਮਲੇ ਜਾਂ ਮੁਕਾਬਲੇ ਵੇਲੇ ਹੀ ਪਹਿਲੀ ਵਾਰ ਗੋਲੀ ਚਲਾਈ ਸੀ। ਏਨੀ ਗੱਲ ਜਰੂਰ ਹੈ ਕਿ ਅਸੀਂ ਹਥਿਆਰਾਂ ਨੂੰ ਸਾਫ ਕਰਨਾ, ਸੰਭਾਲਣਾ, ਖੋਲ੍ਹਣਾ-ਜੋੜਨਾ ਤੇ ਉਸ ਨਾਲ ਰਹਿਣਾ ਸਿੱਖਦੇ ਰਹਿੰਦੇ ਸੀ। ਸਿੱਖਾਂ ਵਿੱਚ ਇਹ ਵਿਰਾਸਤੀ ਗੁਣ ਸਸ਼ਤਰ ਨਾਲ ਪਿਆਰ ਕਰਕੇ ਹੈ, ਜਿਸ ਕਰਕੇ ਉਹ ਲੋੜ ਪੈਣ ਤੇ ਉਸ ਨੂੰ ਸਹਿਜੇ ਹੀ ਵਰਤ ਸਕਦਾ ਹੈ ਅਤੇ ਪੂਰੇ ਸਿੱਖਿਅਤ ਸਿਪਾਹੀ ਵਾਂਗ ਵਿਚਰ ਸਕਦਾ ਹੈ।

ਚੌਧਰੀਆਂ ਨੇ ਸਿੰਘਾਂ ਦੇ ਬਹੁਤ ਕਹਿਣ ਉਤੇ ੧੯੯੧ ਦੇ ਅਖੀਰ ਵਿੱਚ ਕੁਝ ਸਿਖਲਾਈ ਦੇਣੀ ਸ਼ੁਰੂ ਕੀਤੀ। ਇਹ ਦੱਰੇ ਨੇੜੇ ਦਿੱਤੀ ਜਾਂਦੀ ਸੀ ਅਤੇ ੧੨ ਕੁ ਦਿਨ ਦਾ ਅਭਿਆਸ ਹੁੰਦਾ ਸੀ। ਇਕ ਵਾਰ ਵਿਚ ੧੫-੨੦ ਬੰਦੇ ਸਿਖਲਾਈ ਲੈਂਦੇ ਸੀ। ਇਸ ਵਿੱਚ ਛਾਪਾਮਾਰੀ ਜੰਗ ਬਾਰੇ ਬੁਨਿਆਦੀ ਗੱਲਾਂ, ਹਥਿਆਰਾਂ ਬਾਰੇ ਜਾਣਕਾਰੀ, ਬਾਰੂਦ ਬਾਰੇ ਜਾਣਕਾਰੀ, ਸਰੀਰਿਕ ਕਸਰਤ ਅਤੇ ਦੁਸ਼ਮਣ ਤੇ ਹਮਲਾ ਕਰਨ ਅਤੇ ਬਚਣ ਦੀ ਸਿਖਲਾਈ ਹੁੰਦੀ ਸੀ। ਜਥੇ ਵਿਚ ਰਹਿਣ ਦੀ ਅਤੇ ਅਗਵਾਈ ਦੀ ਸਿਖਲਾਈ, ਇਸ ਵਿਚ ਅੱਧਾ ਵਕਤ ਜਾਣਕਾਰੀ ਅਤੇ ਅੱਧਾ ਵਕਤ ਅਭਿਆਸ ਦਾ ਹੁੰਦਾ ਸੀ। ਇਹ ਸਿਖਲਾਈ ਸਾਡੇ ਬੰਦਿਆਂ ਲਈ ਕਾਫੀ ਲਾਹੇਵੰਦੀ ਸੀ ਕਿਉਂਕਿ ਅਸੀਂ ਕਦੇ ਵੀ ਕੋਈ ਸਿਖਲਾਈ ਨਹੀਂ ਲਈ ਸੀ। ਪਰ ਇਹ ਬਹੁਤ ਦੇਰੀ ਨਾਲ ਸ਼ੁਰੂ ਹੋਈ ਅਤੇ ਇਸ ਦਾ ਫਾਇਦਾ ਕੁਝ ਗਿਣਤੀ ਦੇ ਸਿੰਘ ਹੀ ਲੈ ਸਕੇ। ਸੱਚ ਇਹੋ ਹੈ ਕਿ ਅਸੀਂ ਸਾਰੀ ਜੰਗ ਬਿਨਾ ਕਿਸੇ ਰਸਮੀ ਸਿਖਲਾਈ ਤੋਂ ਹੀ ਲੜੀ। ਇਹ ਸਾਡੀ ਘਾਟ ਤਾਂ ਸੀ ਪਰ ਹਕੂਮਤ ਨੂੰ ਵੀ ਮੰਨਣਾ ਬਹੁਤ ਔਖਾ ਸੀ ਕਿ ਅਣਜਾਣ ਬੰਦਿਆਂ ਨੇ ਮੈਦਾਨੀ ਇਲਾਕਿਆਂ ਵਿਚ ਐਨਾ ਚਿਰ ਚੌਥੀ-ਪੰਜਵੀਂ ਵੱਡੀ ਤਾਕਤ ਕਹਾਉਣ ਵਾਲੀ ਹਕੂਮਤ ਦਾ ਮੁਕਾਬਲਾ ਕੀਤਾ।

ਅਸਲਾ ਅਤੇ ਇਲਾਕਾ

ਸਰਹੱਦੀ ਇਲਾਕਿਆਂ ਦੇ ਸਿੰਘ ਰਾਹਾਂ ਦੇ ਭੇਤੀ ਹੋਣ ਕਰਕੇ ਪਾਰ ਜਾਂਦੇ ਆਉਂਦੇ ਰਹਿੰਦੇ ਸਨ। ਪੂਰੇ ਸੰਘਰਸ਼ ਦੌਰਾਨ ਜਿਹੜਾ ਅਸਲਾ ਇਧਰ ਆਇਆ ਉਹਦਾ ਬਹੁਤ ਵੱਡਾ ਹਿੱਸਾ ਸਰਹੱਦੀ ਜਿਲ੍ਹਿਆਂ ਵਿਚ ਹੀ ਰੁਕਦਾ ਰਿਹਾ ਹੈ। ਏਹਨਾਂ ਇਲਾਕਿਆਂ ਵਿਚ ਜੰਗੀ ਸਿੰਘਾਂ ਦੀ ਗਿਣਤੀ ਵੀ ਜਿਆਦਾ ਸੀ ਅਤੇ ਜਥੇ ਵੀ ਜਿਆਦਾ ਸਨ। ਇਥੇ ਗੁਰੀਲਾ ਜੰਗ ਦੇ ਨੇਮਾਂ ਦੀ ਪਾਬੰਦੀ ਵੀ ਘੱਟ ਸੀ ਅਤੇ ਆਪਸੀ ਵਿਰੋਧਤਾਵਾਂ ਵੀ ਸਨ। ਸਮਾਨ ਲਿਆਉਣ ਦੇ ਰਾਹ, ਲਿਆਉਣ ਵਾਲੇ ਬੰਦੇ, ਸਭ ਇਥੇ ਦੇ ਹੀ ਸਨ। ਪਾਰ ਬੈਠੇ ਸਿੰਘ ਵੀ ਜਿਆਦਾਤਰ ਏਹਨਾਂ ਇਲਾਕਿਆਂ ਦੇ ਹੀ ਸਨ। ਸੰਘਰਸ਼ ਦੇ ਅਖੀਰ ਤੱਕ ਮਾਲਵੇ, ਦੁਆਬੇ ਅਤੇ ਪੁਆਧ ਦੇ ਇਲਾਕਿਆਂ ਵਿਚ ਲੋੜੀਂਦਾ ਜੰਗੀ ਸਮਾਨ ਵੀ ਘੱਟ ਹੀ ਪਹੁੰਚਿਆ। ਉਥੇ ਕਦੀ ਵੀ ਸਮਾਨ ਵਾਧੂ ਨਹੀਂ ਹੋਇਆ ਸੀ। ਖਾਸ ਕਰਕੇ ਵਧੀਆ ਸਮਾਨ ਤਾਂ ਜਿਆਦਾ ਪਿਛੇ ਹੀ ਰੁਕ ਜਾਂਦਾ ਸੀ। ਸਾਰੀਆਂ ਜਥੇਬੰਦੀਆਂ ਦੇ ਰਸਤੇ ਤੇ ਰਾਬਤੇ ਦਾ ਇਹੋ ਹਾਲ ਸੀ।

ਸਾਡਾ ਆਪਣਾ ਤਜਰਬਾ ਸੀ ਕਿ ਪੰਜਾਬ ਤੋਂ ਬਾਹਰ ਅਤੇ ਪੰਜਾਬ ਵਿਚ ਕਈ ਅਹਿਮ ਕੰਮ ਕੀਤੇ, ਸਾਰੇ ਥਾਂ ਅਸੀਂ ਉਹੀ ਹਥਿਆਰ ਨਾਲ ਲੈ ਕੇ ਜਾਂਦੇ ਸਾਂ। ਲੁਧਿਆਣੇ ਬੈਂਕ ਮਾਂਜੇ ਮਗਰੋਂ ਲਾਭ ਸਿੰਘ ਵਲੋਂ ਸਖਤੀ ਕਰਨ ਨਾਲ ਹੀ ਅਸਲਾ ਸਾਡੇ ਤਾਈਂ ਪਹੁੰਚਿਆ ਸੀ। ਮੈਂ ਅਤੇ ਚਰਨਜੀਤ ਸਿੰਘ ਤਲਵੰਡੀ ਇਕ ਵਾਰ ਮਾਝੇ ਵਿਚ ਸਿੰਘਾਂ ਨੂੰ ਮਿਲਣ ਗਏ ਤਾਂ ਉਥੇ ਵੇਖਿਆ ਕਿ ਬਹੁਤੇ ਸਿੰਘਾਂ ਕੋਲ ਦੋ-ਦੋ ਹਥਿਆਰ ਸਨ। ਇਸੇ ਤਰ੍ਹਾਂ ਜਦੋਂ ਦਰਸ਼ਨ ਸਿੰਘ ਡੱਲਾ ਅਤੇ ਪੰਜਾਬ ਸਿੰਘ ਗਿਆਨੀ ਮਾਝੇ ਵਿਚ ਅਵਤਾਰ ਸਿੰਘ ਬ੍ਰਹਮਾ ਕੋਲ ਰਹੇ ਤਾਂ ਓਹਨਾਂ ਨੇ ਵਾਪਸ ਆ ਕੇ ਦੱਸਿਆ ਕਿ ਮਾਝੇ ਵਿਚ ਤਾਂ ਅਸਲਾ ਬਹੁਤ ਹੈ। ਉਥੇ ਓਹਨਾਂ ਨੂੰ ਸਿੰਘਾਂ ਨੇ ਅਸਲਾ ਦਿੱਤਾ ਅਤੇ ਦੱਸਿਆ ਕਿ ਸਾਡੇ ਕੋਲ ਕਾਫੀ ਸਮਾਨ ਪਿਆ ਹੈ, ਤੁਸੀਂ ਦੇਖ ਲਓ ਜੋ ਲੈਣਾ ਹੈ। ਕੁਝ ਪਾਥੀਆਂ ਜਿਹੀਆਂ ਹਨ, ਕੁਝ ਤਾਰਾਂ ਅਤੇ ਬਿਜਲੀ ਦਾ ਸਮਾਨ ਹੈ। ਇਹ ਪਾਥੀਆਂ ਆਮ ਨਹੀਂ ਸਨ ਸਗੋਂ ਟੈਂਕ ਨਕਾਰਾ ਕਰਨ ਵਾਲੇ ਬਾਰੂਦੀ ਬੰਬ ਸਨ ਜੋ ਭਾਰ ਪੈਣ

ਨਾਲ ਚੱਲ ਜਾਂਦੇ ਸਨ। ਬਿਜਲੀ ਦਾ ਸਮਾਨ ਵੀ ਅਸਲ ਵਿਚ ਬੰਬਾਂ ਨਾਲ ਸਬੰਧਤ ਸੀ। ਉਥੇ ਬਾਰੂਦ ਵੀ ਬਹੁਤ ਪਿਆ ਸੀ ਜਿਹੜਾ ਓਹਨਾਂ ਸਿੰਘਾਂ ਨੇ ਚੁੱਕ ਕੇ ਲਿਆਂਦਾ। ਇਸੇ ਬਾਰੂਦ ਨਾਲ ਗੁਰਜੰਟ ਸਿੰਘ ਦੇ ਜਥੇ ਨੇ ਕਈ ਵੱਡੇ ਕੰਮ ਸਿਰੇ ਚੜ੍ਹਾਏ।

ਇਕ ਵਾਰ ਅਸੀਂ ਕੋਈ ਕੰਮ ਕਰਨਾ ਸੀ ਤਾਂ ਮੈਂ ਅਤੇ ਸੁਖਦੇਵ ਸਿੰਘ ਸੁੱਖਾ ਦੋ-ਦੋ ਰਿਵਾਲਵਰ ਡੱਬਾਂ ਵਿਚ ਪਾ ਕੇ ਬੱਸ ਰਾਹੀਂ ਆਏ ਤੇ ਅਗਲੇ ਦਿਨ ਕੰਮ ਕੀਤਾ। ਜਦੋਂ ਚਰਨਜੀਤ ਸਿੰਘ ਤਲਵੰਡੀ ਅਤੇ ਗੁਰਜੰਟ ਸਿੰਘ ਪਾਕਿਸਤਾਨ ਗਏ ਤਾਂ ਉਥੋਂ ਓਹਨਾਂ ਨੇ ਬਹੁਤ ਚੋਣਵਾਂ ਸਮਾਨ ਵਾਹਵਾ ਗਿਣਤੀ ਵਿਚ ਸਾਡੇ ਲਈ ਭੇਜਿਆ ਪਰ ਇਹ ਵੀ ਸਾਡੇ ਕੋਲ ਅੱਧਾ ਕੁ ਪਹੁੰਚਿਆ। ਰਾਕਟ ਲਾਂਚਰ ਤੇ ਐਮਐਮਜੀ ਬੰਦੂਕਾਂ ਰਾਹ ਵਿਚ ਰਹਿ ਗਈਆਂ ਅਤੇ ਉਥੇ ਹੀ ਫੜੀਆਂ ਗਈਆਂ। ਇਹ ਮੁਸ਼ਕਲ ਕਰਕੇ ਕਈ ਵਾਰ ਸਾਡਾ ਦੂਜੀਆਂ ਜਥੇਬੰਦੀਆਂ ਦੇ ਜਿੰਮੇਵਾਰ ਸਿੰਘਾਂ ਨਾਲ ਗੁੱਸਾ ਵੀ ਹੋ ਜਾਂਦਾ ਸੀ ਤਾਂ ਉਹ ਸਮਾਨ ਦੇਣ ਲੱਗ ਜਾਂਦੇ ਪਰ ਬਾਅਦ ਵਿਚ ਗੱਲ ਫਿਰ ਪਹਿਲੀ ਥਾਂ ਪਹੁੰਚ ਜਾਂਦੀ ਸੀ।

ਚਰਨਜੀਤ ਸਿੰਘ ਤਲਵੰਡੀ, ਪਰਗਟ ਸਿੰਘ (ਹਰਜੀਤ ਸਿੰਘ), ਦਰਸ਼ਨ ਸਿੰਘ ਡੱਲਾ ਅਤੇ ਬਲਬੀਰ ਸਿੰਘ ਕਨੇਡੀਅਨ ਸੰਨ ੧੯੮੮ ਵਿਚ ਪਾਰ ਗਏ। ਉੱਥੇ ਸਿੰਘਾਂ ਨੂੰ ਮਿਲੇ ਤੇ ਫਿਰ ਖੁਦ ਮਨਪਸੰਦ ਸਾਮਾਨ ਲੈ ਕੇ ਇਧਰਲੇ ਪਾਸੇ ਆਏ। ਕੁਝ ਦਿਨਾਂ ਬਾਅਦ ਇਹ ਸਾਮਾਨ ਲੈ ਕੇ ਚੰਡੀਗੜ੍ਹ ਨੇੜੇ ਜਦੋਂ ਸਾਡੇ ਕੋਲ ਆਏ ਤਾਂ ਏਨਾ ਵਧੀਆ ਸਾਮਾਨ ਦੇਖ ਕੇ ਅਸੀਂ ਹੈਰਾਨ ਹੋ ਗਏ। ਸਾਨੂੰ ਯਕੀਨ ਹੀ ਨਹੀਂ ਸੀ ਹੋ ਰਿਹਾ ਕਿ ਇਹ ਸਾਰਾ ਸਮਾਨ ਸਾਡੇ ਤਕ ਲੈ ਆਏ ਹਨ। ਗੁਰਜੰਟ ਸਿੰਘ ਬੁੱਧਸਿੰਘਵਾਲਾ ਨੇ ਬਹੁਤ ਖੁਸ਼ ਹੋ ਕੇ ਚਰਨਜੀਤ ਸਿੰਘ ਤਲਵੰਡੀ ਨੂੰ ਆਖਿਆ ਕਿ ਤੂੰ ਨਾਮੁਮਕਿਨ ਨੂੰ ਮੁਮਕਿਨ ਕਰ ਦਿੱਤਾ ਹੈ। ਪਾਰ ਤੋਂ ਸਾਡੇ ਤਾਈਂ ਸਾਮਾਨ ਚੰਡੀਗੜ੍ਹ ਲਿਆਉਣਾ ਇਸ ਤਰ੍ਹਾਂ ਹੈ ਜਿਵੇਂ ਕਿਸੇ ਮਿਥਿਹਾਸਕ ਨਾਇਕ ਨੇ ਪਹਾੜ ਖੋਦ ਕੇ ਨਹਿਰ ਕੱਢ ਲਿਆਂਦੀ ਸੀ।

ਸੰਘਰਸ਼ ਦੌਰਾਨ ਹਥਿਆਰਾਂ ਦੀ ਕੁਵਰਤੋਂ

੧੯੯੬ ਵਿੱਚ ਰਿਮਾਂਡ ਦੌਰਾਨ ਲੁਧਿਆਣੇ ਦੇ ਤਫਤੀਸ਼ੀ ਥਾਣੇ ਦੇ ਪੁਰਾਣੇ ਥਾਣੇਦਾਰ ਨੇ ਮੈਨੂੰ ਕਿਹਾ ਕਿ ਦਲਜੀਤ ਸਿੰਘ ਤੁਹਾਡਾ ਸਭ ਤੋਂ ਵੱਧ ਨੁਕਸਾਨ ਗਲਤ ਬੰਦਿਆਂ ਦੇ ਹੱਥਾਂ ਵਿਚ ਹਥਿਆਰ ਆਉਣ ਨਾਲ ਹੋਇਐ। ਤੁਸੀਂ ਹਥਿਆਰਾਂ ਬਾਰੇ ਕੋਈ ਜਾਬਤਾ ਨਹੀਂ ਬਣਾ ਸਕੇ। ਮੈਂ ਕਿਹਾ ਕਿ ਗੱਲ ਤਾਂ ਠੀਕ ਹੈ ਕਿ ਗਲਤ ਹੱਥਾਂ ਵਿਚ ਹਥਿਆਰ ਜਾਣ ਤੋਂ ਅਸੀਂ ਪੂਰੀ ਤਰ੍ਹਾਂ ਰੋਕ ਨਹੀਂ ਸਕੇ ਪਰ ਇਹਦਾ ਦੂਜਾ ਪੱਖ ਹੈ ਕਿ ਸਰਕਾਰ ਨੇ ਗਲਤ ਬੰਦਿਆਂ ਨੂੰ ਹਥਿਆਰਬੰਦ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ। ਇਹ ਗੱਲ ਜੋ ਉਥੇ ਹੋਈ ਮੇਰੇ ਮਨ ਉਤੇ ਕਈ ਵਾਰ ਆਉਂਦੀ ਰਹੀ ਹੈ। ਜੁਰਮ ਅਤੇ ਹਥਿਆਰ ਦੀ ਸਾਂਝ ਬਾਰੇ ਮੈਨੂੰ ਕਈ ਵਾਕਿਆਤ ਉਸੇ ਪਰਸੰਗ ਵਿਚ ਯਾਦ ਆਉਂਦੇ ਹਨ ਤਾਂ ਮਨ ਉਤੇ ਅਜੀਬ ਜਿਹਾ ਭਾਰ ਆ ਜਾਂਦਾ ਹੈ।

ਸਭ ਤੋਂ ਪਹਿਲੀ ਘਟਨਾ ਜੋ ਮੈਨੂੰ ਯਾਦ ਆਉਂਦੀ ਹੈ ਉਹ ੧੯੮੫ ਦੀ ਹੈ ਜਦੋਂ ਅਸੀਂ ਹਾਲੇ ਰੂਪੋਸ਼ ਵੀ ਨਹੀਂ ਹੋਏ ਸੀ। ਉਸ ਵੇਲੇ ਸਿੱਖਾਂ ਦੇ ਇਕ ਦੁਸ਼ਮਣ ਨੂੰ ਮਾਰਨ ਲਈ ਅਸੀਂ ਕਿਸੇ ਬੰਦੇ ਨੂੰ ਪੈਸੇ ਅਤੇ ਹਥਿਆਰ ਇਕੱਠੇ ਕਰਕੇ ਦਿੱਤੇ। ਵਿਚਕਾਰਲੇ ਬੰਦੇ ਬੜੇ ਪੱਕੇ ਅਤੇ ਭਰੋਸੇ ਵਾਲੇ ਸਨ। ਓਹਨਾਂ ਸਿੰਘਾਂ ਨੇ ਕੁਝ ਕੰਮ ਵੀ ਕੀਤੇ ਸਨ। ਉਸ ਵੇਲੇ ਅਜਿਹੇ ਕੰਮ ਬਹੁਤ ਘੱਟ ਹੋ ਰਹੇ ਸਨ ਕਿਉਂਕਿ ਹਥਿਆਰ ਹੀ ਬਹੁਤ ਘੱਟ ਸਨ। ਓਹਨਾਂ ਬੰਦਿਆਂ ਨੂੰ ਪੈਸੇ ਅਤੇ ਹਥਿਆਰ ਦੇਣ ਤੋਂ ਕੁਝ ਸਮੇਂ ਬਾਅਦ ਸਾਨੂੰ ਕਿਸੇ ਨੇ ਚੰਡੀਗੜ੍ਹ ਤੋਂ ਹੋਰ ਹਥਿਆਰ ਖਰੀਦਣ ਬਾਰੇ ਦੱਸ ਪਾਈ। ਜਦੋਂ ਓਥੇ ਜਾ ਕੇ ਅਸੀਂ ਉਹ ਹਥਿਆਰ ਵੇਖਿਆ ਤਾਂ ਉਹ ਸਾਡਾ ਹਥਿਆਰ ਹੀ ਸੀ। ਸਾਡੇ ਵਲੋਂ ਬਹੁਤ ਮਿਹਨਤ ਕਰਕੇ ਜੁਟਾਇਆ ਹਥਿਆਰ ਮੁੜ ਸਾਡੇ ਕੋਲ ਵਿਕ ਰਿਹਾ ਸੀ। ਇਹ ਸਾਡੇ ਲਈ ਬਹੁਤ ਦੁਖਦਾਈ ਅਤੇ ਅਸਹਿਣਯੋਗ ਸੀ। ਬਾਅਦ ਵਿਚ ਸਾਨੂੰ ਪਤਾ ਲੱਗਿਆ ਕਿ ਓਹ ਬੰਦੇ ਸਹੀ ਕੰਮ ਵੀ ਕਰ ਦਿੰਦੇ ਸਨ ਅਤੇ ਪੈਸੇ ਲੈ ਕੇ ਕਤਲ ਵੀ ਕਰਦੇ ਸਨ। ਓਹਨਾਂ ਨੇ ਸਾਡੇ ਤੋਂ ਬਿਨਾ ਹੋਰ ਸਿੰਘਾਂ ਨਾਲ ਵੀ ਰਾਬਤਾ ਬਣਾਇਆ ਹੋਇਆ ਸੀ। ਓਹ ਸਭ ਤੋਂ ਹੀ ਪੈਸੇ ਅਤੇ ਹਥਿਆਰ ਲੈ ਲੈਂਦੇ ਸਨ। ਇਕੋ ਕੰਮ ਸਾਰਿਆਂ ਨੂੰ ਵਿਖਾ

ਦਿੰਦੇ ਸਨ। ਅਸਲ ਵਿਚ ਉਹ ਬੰਦੇ ਜਿਆਦਾ ਜੋਰ ਪੈਸਾ ਇਕੱਠਾ ਕਰਨ ਉਤੇ ਲਾ ਰਹੇ ਸਨ। ਹੌਲੀ ਹੌਲੀ ਓਹਨਾਂ ਦਾ ਭੇਤ ਖੁੱਲ ਗਿਆ ਕਿਉਂਕਿ ਅਜਿਹੇ ਕੰਮ ਲੰਮਾ ਸਮਾਂ ਨਹੀਂ ਚੱਲ ਸਕਦੇ। ਇਹ ਘਟਨਾ ਸਾਡੇ ਲਈ ਬੜਾ ਵੱਡਾ ਧੱਕਾ ਸੀ। ਸ਼ੁਰੂ ਵਿਚ ਹੀ ਇਹੋ ਜਿਹਾ ਉਦਾਸ ਤਜਰਬਾ ਹੋਇਆ।

ਸੰਘਰਸ਼ ਦੌਰਾਨ ਅਜਿਹੀਆਂ ਘਟਨਾਵਾਂ ਸਾਡੇ ਨਾਲ ਵਾਪਰਦੀਆਂ ਹੀ ਰਹੀਆਂ ਜਿਸ ਕਰਕੇ ਮੈਨੂੰ ਪੁਲਿਸ ਵਾਲੇ ਬੰਦੇ ਵਲੋਂ ੧੯੯੬ ਵਿਚ ਕਹੀ ਗੱਲ ਨੇ ਮੁੜ ਸਾਰੀਆਂ ਯਾਦਾਂ ਅਤੇ ਘਟਨਾਵਾਂ ਨੂੰ ਇਕ ਲੜੀ ਵਿਚ ਵੇਖਣ ਦਾ ਅੰਦਾਜਾ ਦਿੱਤਾ ਪਰ ਲੰਮੇ ਤਫਤੀਸ਼ੀ ਅਤੇ ਅਦਾਲਤੀ ਚੱਕਰਾਂ ਵਿਚ ਇਹ ਗੱਲ ਫਿਰ ਮਨ ਵਿਚ ਹੀ ਦਬ ਗਈ।

ਜਦੋਂ ਪੰਥਕ ਕਮੇਟੀ ਅਤੇ ਖਾਲਸਤਾਨ ਕਮਾਂਡੋ ਫੋਰਸ ਬਣੀ ਉਦੋਂ ਵੀ ਹਥਿਆਰਾਂ ਦੀ ਬਹੁਤ ਘਾਟ ਸੀ। ਉਸ ਵਕਤ ਕੰਵਰਜੀਤ ਸਿੰਘ ਸੁਲਤਾਨਵਿੰਡ ਹਾਲੇ ਬਾਗੀ ਨਹੀਂ ਹੋਇਆ ਸੀ ਪਰ ਭਾਈ ਮਨਵੀਰ ਸਿੰਘ ਚਹੇੜੂ ਅਤੇ ਬਾਬਾ ਬਲਵਿੰਦਰ ਸਿੰਘ ਹੋਰਾਂ ਨਾਲ ਪੂਰੀ ਤਰ੍ਹਾਂ ਸਰਗਰਮ ਸੀ। ਇਕ ਵਾਰ ਉਹ ਰਾਤ ਵੇਲੇ ਮੈਨੂੰ ਅਤੇ ਚਾਚਾ ਮਥਰਾ ਸਿੰਘ ਨੂੰ ਸ਼ਹਿਰ ਛੱਡਣ ਆ ਰਿਹਾ ਸੀ ਤਾਂ ਰਾਹ ਵਿਚ ਅਸੀਂ ਉਹਨਾਂ ਦੀ ਬੰਬੀ ਉਤੇ ਰੁਕੇ। ਉਥੇ ਬਾਬਾ ਬਲਵਿੰਦਰ ਸਿੰਘ, ਅਵਤਾਰ ਸਿੰਘ ਸੁਲਤਾਨਵਿੰਡ ਤੇ ਦੋ ਹੋਰ ਸਿੰਘ ਸਨ। ਓਹਨਾਂ ਨੇ ਇਕ ਬੰਦੇ ਨੂੰ ਮੁਸ਼ਕਾਂ ਬੰਨ੍ਹ ਕੇ ਬਿਠਾਇਆ ਹੋਇਆ ਸੀ। ਇਹ ਬੰਦੇ ਦਾ ਪਿਛੋਕੜ ਲੁੱਟਾਂ-ਖੋਹਾਂ, ਡਾਕਿਆਂ ਦਾ ਸੀ। ਸਿੰਘਾਂ ਨੇ ਇਸਨੂੰ ਪਿਛਲੀ ਵਾਰ ਇਹਦੇ ਘਰਦਿਆਂ ਅਤੇ ਪੰਚਾਇਤ ਦੇ ਕਹਿਣ ਉਤੇ ਛੱਡ ਦਿੱਤਾ ਸੀ। ਹੁਣ ਫਿਰ ਇਸਨੇ ਦੋ ਥਾਂਵਾਂ ਤੋਂ ਬੰਦੂਕਾਂ ਖੋਹੀਆਂ ਅਤੇ ਇਕ ਥਾਂ ਬਜੁਰਗ ਨੂੰ ਗੋਲੀ ਮਾਰੀ। ਦੋ ਵਾਰ ਛੱਡਣ ਦੇ ਬਾਵਜੂਦ ਇਹ ਆਪਣਾ ਗਰੋਹ ਬਣਾ ਕੇ ਪੁਰਾਣੇ ਕੰਮ ਵਿਚ ਲੱਗ ਗਿਆ। ਉਹ ਬੰਦਾ ਕੋਈ ੪੦ ਕੁ ਸਾਲ ਦਾ ਸੀ। ਲੰਮਾ, ਪਤਲਾ ਅਤੇ ਖਤ ਕੱਢੇ ਹੋਏ ਸਨ। ਕੰਵਰਜੀਤ ਸਿੰਘ ਨੇ ਪੁਛਿਆ 'ਫਿਰ ਟਲਿਆ ਨਹੀਂ ਤੂੰ'। ਉਹ ਨਿੰਮੋਝੂਣਾ ਹੋ ਕੇ ਕਹਿਣ ਲੱਗਾ ਭਾਊ ਇਸ ਵਾਰ ਛੱਡ ਦਿਓ, ਮੁੜ ਕੇ ਨਹੀਂ। ਉਹ ਉਸ ਵੇਲੇ ਡਰਿਆ ਹੋਇਆ ਸੀ ਅਤੇ ਉਹਦਾ ਸਰੀਰ ਕੰਬ ਵੀ ਰਿਹਾ ਸੀ।

ਅਸੀਂ ਸ਼ਹਿਰ ਵੱਲ ਆ ਗਏ ਤੇ ਰਸਤੇ ਵਿੱਚ ਚਾਚਾ ਮਥਰਾ ਸਿੰਘ ਨੇ ਕੰਵਰਜੀਤ ਸਿੰਘ ਸੁਲਤਾਨਵਿੰਡ ਨੂੰ ਮਖੌਲ ਨਾਲ ਪੁਛਿਆ 'ਬੌਸ ਹੁਣ ਕੀ ਕਰੋਗੇ।' ਉਹਨੇ ਕਿਹਾ 'ਤੁਹਾਡਾ ਕੰਮ ਠੀਕ ਹੈ ਸ਼ਹਿਰਾਂ ਵਿਚ ਰਹਿੰਦੇ ਓ ਤੇ ਰਮਤੇ ਓ, ਕਿਸੇ ਚੀਜ ਦਾ ਫਿਕਰ ਨਹੀਂ ਹੈ। ਅਸੀਂ ਇਥੇ ਲੋਕਾਂ ਵਿਚ ਰਹਿੰਦੇ ਹਾਂ ਤੇ ਏਹਨਾਂ ਲੁਟੇਰਿਆਂ ਅਤੇ ਹੋਛੇ ਬੰਦਿਆਂ ਨੇ ਸਾਡਾ ਜੀਣਾ ਹਰਾਮ ਕੀਤਾ ਹੋਇਆ ਹੈ। ਜਿਥੇ ਵੀ ਜਾਓ ਪਹਿਲਾਂ ਇਹੋ ਸ਼ਿਕਾਇਤ ਮਿਲਦੀ ਹੈ ਕਿ ਸੰਘਰਸ਼ ਦੇ ਨਾਂ ਤੇ ਇਹ ਹੋ ਗਿਆ, ਆਹ ਹੋ ਗਿਆ। ਏਹਨਾਂ ਨੂੰ ਸਖਤੀ ਨਾਲ ਹੀ ਨਿਬੜਣਾ ਪਏਗਾ ਨਹੀਂ ਤਾਂ ਇਹ ਆਪਾਂ ਸਭ ਨੂੰ

ਬਰਬਾਦ ਕਰ ਦੇਣਗੇ।' ਫਿਰ ਕੰਵਰਜੀਤ ਸਿੰਘ ਨੇ ਉਸ ਬੰਦੇ ਬਾਰੇ ਸਾਨੂੰ ਦੱਸਿਆ ਕਿ ਇਹ ਬੰਦੇ ਨੂੰ ਇਹਦੇ ਜੁਰਮਾਂ ਦੇ ਬਾਵਜੂਦ ਪਹਿਲਾਂ ਵੀ ਛੱਡਿਆ ਸੀ। ਉਦੋਂ ਇਹੀ ਗੱਲ ਹੋਈ ਸੀ ਕਿ ਜੇ ਦੁਬਾਰਾ ਇਹ ਰਾਹ ਤੇ ਤੁਰਦਾ ਮਿਲ ਗਿਆ ਤਾਂ ਜੀਅ ਸਦਕੇ ਗੋਲੀ ਮਾਰ ਦਿਓ। ਜੇ ਹੁਣ ਇਹਨੂੰ ਛੱਡਿਆ ਤਾਂ ਇਹਦਾ ਅਗਲਾ ਨਿਸ਼ਾਨਾ ਲੋਕ ਨਹੀਂ ਆਪਾਂ ਹੋਵਾਂਗੇ। ਉਸ ਰਾਤ ਬੰਬੀ ਤੇ ਰੁਕੇ ਸਿੰਘਾਂ ਨੇ ਉਹ ਬੰਦੇ ਦੇ ਦੂਜੇ ਸਾਥੀ ਨੂੰ ਵੀ ਚੁੱਕ ਲਿਆਂਦਾ ਅਤੇ ਦੋਵਾਂ ਨੂੰ ਗੋਲੀ ਮਾਰ ਦਿੱਤੀ।

ਇਸ ਮਾਮਲੇ ਵਿਚ ੧੯੮੮ ਵਿਚ ਦਰਬਾਰ ਸਾਹਿਬ ਵਿਚ ਬੈਠੇ ਟੋਲੇ ਦੀ ਯਾਦ ਵੀ ਆਉਂਦੀ ਹੈ ਜੋ ਕਹਿਣ ਨੂੰ ਖਾਲਸਤਾਨ ਦਾ ਸੰਘਰਸ਼ ਲੜਦੇ ਸਨ ਪਰ ਓਹਨਾਂ ਨੇ ਸਾਡੀ ਜਲੰਧਰ ਦੀ ਇਕ ਠਾਹਰ ਤੋਂ ੫ ਲੱਖ ਦੀ ਮੰਗ ਕੀਤੀ। ਪੈਸੇ ਨਾ ਦੇਣ ਦੀ ਸੂਰਤ ਵਿਚ ਮਾਰ ਦੇਣ ਦੀ ਧਮਕੀ ਦਿੱਤੀ। ਜਦੋਂ ਚਾਚਾ ਮਥਰਾ ਸਿੰਘ ਅਤੇ ਸਤਪਾਲ ਸਿੰਘ ਢਿਲੋਂ ਨੇ ਚਿੱਠੀ ਭੇਜੀ ਕਿ ਇਹ ਤੁਸੀ ਕੀ ਕਰ ਰਹੇ ਹੋ, ਇਹ ਸਾਡੇ ਬੰਦੇ ਨੇ। ਓਹਨਾਂ ਦਾ ਅੱਗੋਂ ਬੜਾ ਰੁਖਾ ਜੁਆਬ ਆਇਆ ਕਿ 'ਜੇ ਇਹ ਨਹੀਂ ਦੇ ਸਕਦੇ ਤਾਂ ਤੁਸੀਂ ਦੇ ਦਿਓ।' ਫਿਰ ਅਸੀਂ ਓਹਨਾਂ ਬੰਦਿਆਂ ਦਾ ਪਿਛੋਕੜ ਪਤਾ ਕੀਤਾ ਅਤੇ ਓਹਨਾਂ ਦੇ ਘਰਦਿਆਂ ਨੂੰ ਓਹਨਾਂ ਕੋਲ ਭੇਜਿਆ ਕਿ ਬੰਦੇ ਬਣ ਜਾਓ ਤਾਂ ਕਿਤੇ ਜਾ ਕੇ ਓਹਨਾਂ ਦੀ ਹੋਸ਼ ਠਿਕਾਣੇ ਆਈ ਤੇ ਮਾਫੀ ਮੰਗੀ।

ਗੁਰੀਲਾ ਸੰਘਰਸ਼ ਦੇ ਪੱਖ ਤੋਂ ਇਹ ਵੱਡੀ ਕਮਜੋਰੀ ਸੀ। ਹਥਿਆਰਬੰਦ ਸੰਘਰਸ਼ ਵਿਚ ਜਿਹੜਾ ਹਥਿਆਰ ਵੀ ਗਲਤ ਹੱਥਾਂ ਵਿਚ ਚਲਾ ਗਿਆ, ਸਮਝੋ ਕਿ ਉਸ ਦੀ ਨਾਲੀ ਤੁਹਾਡੇ ਵੱਲ ਹੋ ਗਈ। ਪੁਲਿਸ ਨੇ ਵੀ ਇਹੋ ਗੱਲ ਨੂੰ ਸਮਝ ਕੇ ਕੈਟ ਵਰਤਾਰਾ ਚਲਾਇਆ ਸੀ। ਇਹੋ ਜਿਹੇ ਬੰਦਿਆਂ ਨੂੰ ਲੱਭ ਲੱਭ ਕੇ ਹਥਿਆਰਬੰਦ ਕਰਨਾ ਸ਼ੁਰੂ ਕੀਤਾ ਅਤੇ ਸਾਡੇ ਭੇਸ ਵਿਚ ਲੋਕਾਂ ਵਿਚ ਛੱਡ ਦਿੱਤਾ। ਜਦੋਂ ਸੰਘਰਸ਼ ਦੌਰਾਨ ਜਰਾਇਮ ਪੇਸ਼ਾ ਲੋਕ ਜਾਂ ਕਮਜੋਰ ਬੰਦੇ ਫੜੇ ਜਾਂਦੇ ਸਨ ਤਾਂ ਪੁਲਿਸ ਓਹਨਾਂ ਸਾਹਮਣੇ ਦੋ ਰਾਹ ਪੇਸ਼ ਕਰ ਦਿੰਦੀ ਸੀ- ਇਕ ਮੌਤ, ਦੂਜਾ ਸਾਡੇ ਖਿਲਾਫ ਤੁਰਨਾ। ਜਿਆਦਾਤਰ ਬੰਦੇ ਸਾਡੇ ਖਿਲਾਫ (ਸਾਡੇ ਭੇਸ ਵਿਚ ਹੀ) ਤੋਰ ਦਿੱਤੇ ਜਾਂਦੇ ਸਨ।

ਜਦੋਂ ਮੈਂ ਓਧਰਲੇ ਪੰਜਾਬ ਵਿੱਚ ਸੀ ਤਾਂ ਉਦੋਂ ਅੰਮ੍ਰਿਤਸਰ ਨੇੜੇ ਦੇ ਚਾਰ ਨੌਜਵਾਨ ਸਰਹੱਦ ਪਾਰ ਕਰਕੇ ਆਏ। ਓਹਨਾਂ ਨੂੰ ਭਿੰਡਰਾਂਵਾਲੇ ਟਾਈਗਰ ਫੋਰਸ (ਸੰਘਾ) ਨੇ ਭੇਜਿਆ ਸੀ। ਕਿਸੇ ਕਾਰਨ ਅਸੀਂ ਓਹਨਾਂ ਨੂੰ ਤਿੰਨ ਕੁ ਦਿਨ ਆਪਣੇ ਕੋਲ ਨਾ ਲਿਆ ਸਕੇ ਤਾਂ ਉਹ ਸਰਹੱਦੀ ਚੌਕੀ ਤੇ ਹੀ ਰੁਕੇ ਰਹੇ। ਚੌਕੀ ਦਾ ਅਫਸਰ ਸਾਨੂੰ ਚੰਗੀ ਤਰ੍ਹਾਂ ਜਾਣਦਾ ਸੀ। ਉਹ ਸਾਨੂੰ ਆਉਣ ਲੱਗਿਆਂ ਨੂੰ ਕਹਿੰਦਾ ਇਹ ਬੰਦੇ ਕੁਝ ਸ਼ੱਕੀ ਲਗਦੇ ਹਨ, ਧਿਆਨ ਰੱਖਿਓ। ਸਾਨੂੰ ਪਿਛੋਂ ਫੋਨ ਆਇਆ ਸੀ ਕਿ ਬੰਦੇ ਸਾਡੇ ਨਾਲ ਦੇ ਹਨ ਅਤੇ ਸਹੀ ਹਨ। ਇਸ ਕਰਕੇ ਅਸੀਂ ਓਹਨਾਂ ਨੂੰ ਆਪਣੇ ਨਾਲ ਲੈ ਗਏ।

ਓਹਨਾਂ ਵਿਚੋਂ ਦੋ ੪੦ ਕੁ ਸਾਲ ਦੇ ਸਨ, ਇਕ ੨੫ ਕੁ ਸਾਲ ਦਾ ਸੀ ਅਤੇ ਇਕ ੧੭-੧੮ ਸਾਲ ਦਾ ਸੀ। ਕੁਝ ਦਿਨਾਂ ਵਿਚ ਹੀ ਸਾਨੂੰ ਓਹਨਾਂ ਵਿਚ ਕੱਚ ਲੱਗਣ ਲੱਗ ਪਿਆ। ਜਿਆਦਾ ਚਿਰ ਕੋਲ ਰਹਿ ਕੇ ਬੰਦਿਆਂ ਦਾ ਕਾਫੀ ਕੁਝ ਪਤਾ ਲੱਗ ਜਾਂਦਾ ਹੈ। ਦੋ ਵੱਡਿਆਂ ਅਤੇ ਸਭ ਤੋਂ ਛੋਟੇ ਨੂੰ ਸਿੱਖੀ ਬਾਰੇ ਕੋਈ ਸਮਝ ਨਹੀਂ ਸੀ। ਵਿਚਕਾਰਲਾ ਨਿਤਨੇਮ ਕਰਦਾ ਸੀ। ਓਹਨਾਂ ਨੂੰ ਵਧੀਆ ਕਪੜਿਆਂ, ਖਾਣੇ, ਘੜੀਆਂ ਤੇ ਵਧੀਆ ਹਥਿਆਰਾਂ ਦਾ ਸ਼ੌਕ ਸੀ। ਅਸਲ ਵਿਚ ਓਹਨਾਂ ਨੇ ਵੇਖਿਆ ਕਿ ਬਾਬਿਆਂ ਦੀ ਬੜੀ ਜੈ ਜੈਕਾਰ ਹੈ, ਇੱਜਤ ਵੀ ਹੈ, ਤੇ ਸ਼ਾਨ ਵੀ। ਓਹਨਾਂ ਨੂੰ ਇਹ ਰਾਹ ਬੜਾ ਸੌਖਾ ਲੱਗਿਆ।

ਉਹ ਸਾਰੇ ਹੀ ਬਹੁਤ ਦਲੇਰ ਸਨ ਪਰ ਵੱਡੇ ਦੋਵੇਂ ਤਾਂ ਮੁਜਰਮ ਬਿਰਤੀ ਦੇ ਸਨ। ਸ਼ੱਕ ਹੋਣ ਮਗਰੋਂ ਇਕ ਦਿਨ ਅਸੀਂ ਓਹਨਾਂ ਦੀਆਂ ਗੱਲਾਂ ਸੁਣ ਲਈਆਂ ਉਹ ਆਪਸ ਵਿਚ ਸਲਾਹਾਂ ਕਰ ਰਹੇ ਸਨ ਕਿ ਵਾਪਸ ਜਾ ਕੇ ਕੀ-ਕੀ ਕਰਨਾ ਹੈ। ਸਭ ਤੋਂ ਪਹਿਲਾਂ ਓਹਨਾਂ ਨੇ ਹਥਿਆਰ ਕੱਠੇ ਕਰਨੇ ਸਨ ਫਿਰ ਆਪਣਾ ਗਰੋਹ ਬਣਾਉਣਾ ਸੀ ਅਤੇ ਪੈਸੇ ਇਕੱਠੇ ਕਰਨੇ ਸਨ। ਓਹਨਾਂ ਨੇ ਅਮੀਰ ਹੋ ਕੇ ਜਿਹੜੇ ਘਰਾਂ ਵਿਚ ਵਿਆਹ ਕਰਾਉਣੇ ਸਨ ਉਹ ਵੀ ਮਿਥ ਲਏ ਹਾਲਾਂਕਿ ਇਕ ਪਹਿਲਾਂ ਵਿਆਹਿਆ ਹੋਇਆ ਸੀ। ਉਹ ਉਥੇ ਸਿਰਫ ਹਥਿਆਰ ਲੈਣ ਲਈ ਆਏ ਸੀ ਤੇ ਉਸ ਤੋਂ ਬਾਅਦ ਓਹਨਾਂ ਨੇ ਆਪਣੇ ਹੀ ਰਾਹ ਤੁਰਨਾ ਸੀ, ਜਿਸ ਨੇ ਇਕ ਦਿਨ ਸਾਡਾ ਹੀ ਰਾਹ ਕੱਟਣਾ ਸੀ। ਪਿਛੇ ਪੰਜਾਬ ਵਾਲੀ ਜਥੇਬੰਦੀ ਨੇ ਬੰਦਿਆਂ ਦੀ ਕਮੀ ਕਾਰਣ ਸਿਰਫ ਇਹ ਦੇਖ ਕੇ ਬੰਦੇ ਦਲੇਰ ਅਤੇ ਲੜਾਕੂ ਹਨ, ਓਹਨਾਂ ਨੂੰ ਸਾਡੇ ਕੋਲ ਭੇਜ ਦਿੱਤਾ। ਸਭ ਤੋਂ ਛੋਟਾ ਬਿਲਕੁਲ ਨਾਸਮਝ ਹੀ ਸੀ ਜੋ ਗੁੱਸੇ ਅਤੇ ਹੰਕਾਰ ਦਾ ਭਰਿਆ ਸੀ। ਉਹ ਹੰਕਾਰ ਵਿਚੋਂ ਹੀ ਵੱਡੇ ਤੋਂ ਵੱਡਾ ਦਲੇਰਾਨਾ ਕੰਮ ਕਰ ਸਕਦਾ ਸੀ।

ਉਹ ਚਾਰੇ ਹੀ ਬੜੀ ਕਾਹਲੀ ਕਰਨ ਲੱਗ ਪਏ ਕਿ ਸਾਨੂੰ ਹਥਿਆਰ ਦੇ ਕੇ ਛੇਤੀ ਵਾਪਸ ਭੇਜੋ, ਪਿੱਛੇ ਸਿੰਘਾਂ ਨੂੰ ਬੜੀ ਜਰੂਰਤ ਹੈ। ਅਸੀਂ ਓਹਨਾਂ ਨੂੰ ਟਾਲੀ ਗਏ ਕਿਉਂਕਿ ਓਹ ਬੰਦੇ ਹਥਿਆਰਬੰਦ ਕਰਨ ਦੇ ਲਾਇਕ ਨਹੀਂ ਸਨ। ਅਖੀਰ ਉਹ ਵਾਪਸ ਆ ਗਏ ਪਰ ਅਸੀਂ ਹਥਿਆਰ ਨਹੀਂ ਦਿੱਤੇ। ਓਹਨਾਂ ਦੋਵਾਂ ਵੱਡਿਆਂ ਵਿਚ ਇਕ ਨੇ ਇਧਰ ਆ ਕੇ ਡਾਕੇ ਲੁਟਾਂ ਦਾ ਕੰਮ ਸ਼ੁਰੂ ਕਰ ਦਿੱਤਾ। ਛੇਤੀ ਹੀ ਕਿਸੇ ਜਥੇਬੰਦੀ ਦੇ ਸਿੰਘਾਂ ਨੇ ਉਸਨੂੰ ਫੜ ਕੇ ਸੋਧ ਦਿੱਤਾ। ਜਿਹੜਾ ਦੂਜਾ ਵੱਡਾ ਸੀ ਉਹ ਕੁਝ ਚਿਰ ਸਿੰਘਾਂ ਵੱਲ ਰਿਹਾ ਫਿਰ ਉਹ ਸਰਕਾਰ ਵੱਲ ਚਲਾ ਗਿਆ। ਜਿਹੜਾ ਤੀਜਾ ਬੰਦਾ ਸੀ ਉਹ ਸਾਫ ਚਿਤ ਸੀ। ਉਹ ਪੰਚਾਇਤ ਰਾਹੀਂ ਪੇਸ਼ ਹੋ ਗਿਆ। ਚੌਥਾ ਜੋ ਸਭ ਤੋਂ ਛੋਟਾ ਸੀ ਉਹ ਮਾਲਵੇ ਵਿਚ ਸਿੰਘਾਂ ਦੇ ਇਕ ਜਥੇ ਨਾਲ ਰਲ ਗਿਆ ਪਰ ਜਦੋਂ ਓਹਨਾਂ ਨੇ ਵੇਖਿਆ ਕਿ ਉਹ ਤੇ ਬਿਲਕੁਲ ਭਰੋਸਾ ਨਹੀਂ ਕੀਤਾ ਜਾ ਸਕਦਾ ਕਿ ਉਹ ਕੀ ਕਰ ਦੇਵੇ ਤਾਂ ਓਹਨਾਂ ਨੇ ਵੀ ਵਾਪਸ ਭੇਜ ਦਿੱਤਾ। ਸ਼ਾਇਦ ਉਹ ਕਿਸੇ ਮੁਕਾਬਲੇ ਵਿਚ

ਮਾਰਿਆ ਗਿਆ ਹੋਵੇ, ਪਤਾ ਨਹੀਂ ਉਹਦਾ ਕੀ ਬਣਿਆ ਪਰ ਉਹਦਾ ਸੁਭਾਅ ਸੰਘਰਸ਼ ਦੇ ਮੇਚ ਦਾ ਨਹੀਂ ਸੀ।

ਜਦੋਂ ਤੋਂ ਖਾੜਕੂਆਂ ਦਾ ਪੰਜਾਬ ਵਿੱਚ ਦਬਦਬਾ ਅਤੇ ਸਤਿਕਾਰ ਵਧਿਆ ਉਦੋਂ ਤੋਂ ਹੀ ਖਾੜਕੂ ਸੰਘਰਸ਼ ਦੇ ਨਾਲ-ਨਾਲ ਇੱਕ ਇਹੋ ਜਿਹੀ ਲਹਿਰ ਵੀ ਪਣਪੀ ਜਿਸ ਦਾ ਮਕਸਦ ਸੰਘਰਸ਼ ਦੀ ਇੱਜਤ ਦਾ ਫਾਇਦਾ ਉਠਾ ਕੇ ਆਪਣਾ ਨਿੱਜੀ ਫਾਇਦਾ ਹਾਸਲ ਕਰਨਾ ਸੀ। ਇਹ ਜਰਾਇਮ ਪੇਸ਼ਾ ਲੋਕ ਸ਼ੁਰੂ ਤੋਂ ਅਖੀਰ ਤੱਕ ਸੰਘਰਸ਼ ਦੇ ਸਾਥੀ ਹੀ ਰਹੇ ਅਤੇ ਇਹਨਾਂ ਨੇ ਲੋਕਾਂ ਤੋਂ ਕਾਫੀ ਅਸਲਾ ਲੁੱਟ ਕੇ ਲੁੱਟ-ਖੋਹ ਕੀਤੀ ਅਤੇ ਉਹਦੇ ਨਾਲ ਹੋਰ ਵੀ ਜੁਰਮ ਕੀਤੇ।

ਖਾੜਕੂ ਸਿੰਘ ਮਾੜੇ ਅਨਸਰਾਂ ਨੂੰ ਵੀ ਸਜਾ ਦਿੰਦੇ ਰਹਿੰਦੇ ਸਨ। ਕਈ ਵਾਰ ਪੁਲਿਸ ਵੀ ਇਨ੍ਹਾਂ ਨੂੰ ਮਾਰ ਦਿੰਦੀ ਸੀ ਅਤੇ ਵਰਤ ਵੀ ਲੈਂਦੀ ਸੀ ਪਰ ਇਹ ਵਰਤਾਰਾ ਅਖੀਰ ਤੱਕ ਚਲਦਾ ਰਿਹਾ। ੧੯੯੦ ਤੋਂ ਬਾਅਦ ਤਾਂ ਇਹ ਵਰਤਾਰਾ ਹੋਰ ਵੀ ਵਧ ਗਿਆ ਕਿਉਂਕਿ ਹੁਣ ਪੁਲਿਸ ਇਨ੍ਹਾਂ ਨੂੰ ਆਪ ਹਥਿਆਰਬੰਦ ਕਰਕੇ ਖਾੜਕੂ ਸੰਘਰਸ਼ ਖਿਲਾਫ ਵਰਤਣ ਲੱਗ ਪਈ ਸੀ। ਹਰ ਸਮੇਂ ਹਥਿਆਰਾਂ ਦਾ ਇੱਕ ਹਿੱਸਾ ਤਾਂ ਇਹਨਾਂ ਲੋਕਾਂ ਕੋਲ ਹੀ ਹੁੰਦਾ ਸੀ ਜੋ ਸਾਡੇ ਖਿਲਾਫ ਹੀ ਚੱਲ ਰਹੇ ਸਨ। ਅਸਲ ਵਿਚ ੧੯੮੭ ਵਿਚ ਹੀ ਭਾਰਤੀ ਹਕੂਮਤ ਨੇ ਇਹਨਾਂ ਲੁਟੇਰਿਆਂ ਵਿਚੋਂ ਅਤੇ ਆਪਣੇ ਰਾਹੋਂ ਥਿੜਕ ਚੁੱਕੇ ਖਾੜਕੂਆਂ ਵਿਚੋਂ ਕੈਟ ਅਤੇ ਪੁਲਿਸ ਮੁਲਾਜਮਾਂ ਨੂੰ ਇਕੱਠੇ ਕਰਕੇ ਅਜਿਹੇ ਟੋਲੇ ਬਣਾ ਦਿੱਤੇ ਸਨ ਜੋ ਸਾਦੇ ਕੱਪੜਿਆਂ ਵਿਚ ਹੀ ਖਾੜਕੂਆਂ ਵਾਂਗ ਵਿਚਰਦੇ ਸੀ ਅਤੇ ਕਿਤੇ ਵੀ ਕੁਝ ਵੀ ਕਰ ਸਕਦੇ ਸੀ। ਕਈ ਥਾਵਾਂ ਤੇ ਇਹ ਪੁਲਿਸ ਵਾਲੇ ਬਣ ਕੇ ਖਾੜਕੂਆਂ ਖਿਲਾਫ ਹਮਲੇ ਕਰਦੇ ਸਨ ਅਤੇ ਕਈ ਥਾਵਾਂ ਤੇ ਇਹ ਖਾੜਕੂਆਂ ਦਾ ਭੇਸ ਬਣਾ ਕੇ ਸਾਡੇ ਨਾਮ ਤੇ ਹੀ ਸੰਘਰਸ਼ ਵਿਰੋਧੀ ਕਾਰਵਾਈਆਂ ਕਰਦੇ ਸਨ ਤੇ ਸਾਡੇ ਨਾਂ ਲਾ ਦਿੰਦੇ ਸਨ।

ਸੰਨ ੧੯੯੨ ਤੱਕ ਆ ਕੇ ਤਕਰੀਬਨ ਹਰ ਪੁਲਿਸ ਜਿਲ੍ਹੇ ਕੋਲ ਇਹੋ ਜਿਹੇ ਆਪਣੇ ਦਸਤੇ ਸਨ। ਮਾਝੇ ਦੇ ਜਿਲ੍ਹਿਆਂ ਵਿੱਚ ਇਨ੍ਹਾਂ ਦੀ ਗਿਣਤੀ ਬਹੁਤ ਜਿਆਦਾ ਸੀ ਪਰ ਹਰ ਜਿਲ੍ਹੇ ਵਿਚ ਘਟ ਤੋਂ ਘਟ ੧੫-੨੦ ਬੰਦੇ ਤਾਂ ਹੁੰਦੇ ਹੀ ਸਨ। ਇਹਨਾਂ ਕੋਲ ਸਭ ਤੋਂ ਵਧੀਆ ਅਸਲਾ ਹੁੰਦਾ ਸੀ। ਸਾਡੇ ਨਾਂ ਤੇ ਚੱਲ ਰਹੇ ਅਸਲੇ ਵਿਚੋਂ ਇਕ ਹਿੱਸਾ ਇਸ ਤਰ੍ਹਾਂ ਦੇ ਅਸਲੇ ਦਾ ਵੀ ਸੀ।

ਪਾਠ : ੨

ਪੈਸੇ ਬਾਰੇ

ਪੈਸਾ ਆਮ ਜ਼ਿੰਦਗੀ ਵਿਚ ਹੋਰ ਤਰੀਕੇ ਨਾਲ ਅਹਿਮ ਹੁੰਦਾ ਹੈ ਅਤੇ ਸੰਘਰਸ਼ਾਂ ਵਿਚ ਜੰਗਜੂਆਂ ਲਈ ਇਹਦੇ ਮਾਅਨੇ ਹੋਰ ਹੁੰਦੇ ਹਨ। ਪੈਸਾ ਕਿਵੇਂ ਕਿਥੋਂ ਆਉਂਦਾ ਹੈ ਤੇ ਕਿਥੇ ਜਾਂਦਾ ਹੈ ਇਹ ਆਮ ਜ਼ਿੰਦਗੀ ਨਾਲੋਂ ਵੱਖਰੇ ਤਰੀਕੇ ਨਾਲ ਹੀ ਆਉਂਦਾ ਹੈ ਅਤੇ ਜਾਂਦਾ ਵੀ ਉਸੇ ਤਰੀਕੇ ਹੈ।

ਸੰਘਰਸ਼ ਦੇ ਸ਼ੁਰੂ ਵਿਚ ਬੈਂਕਾਂ ਤੋਂ ਪੈਸਾ ਖੋਹ ਲੈਣਾ ਸਾਡੇ ਲਈ ਇਕ ਵੱਡਾ ਸਾਧਨ ਸੀ ਪਰ ਇਹ ਪੂਰਾ ਸੱਚ ਨਹੀਂ ਹੈ ਕਿ ਸਾਰਾ ਸੰਘਰਸ਼ ਹੀ ਏਸ ਤਰ੍ਹਾਂ ਚਲਿਆ। ਪੈਸੇ ਦੇ ਮਾਮਲੇ ਵਿਚ ਸੰਘਰਸ਼ ਬਾਰੇ ਇਹ ਰਾਇ ਭਾਰੂ ਹੋ ਗਈ ਕਿਉਂਕਿ ਇਹ ਮਾਨਤਾ ਸਰਕਾਰ ਨੂੰ ਵੀ ਫਾਇਦਾ ਦਿੰਦੀ ਸੀ ਤੇ ਜਿਹੜੇ ਲੋਕ ਸੰਘਰਸ਼ ਦਾ ਲਾਹਾ ਲੈਣਾ ਚਾਹੁੰਦੇ ਸਨ ਉਹਨਾਂ ਦੇ ਗੁਨਾਹ ਨੂੰ ਵੀ ਢਕਦੀ ਸੀ। ਹੁਣ ਵੀ ਜਿਹੜੇ ਲੋਕ ਸੰਘਰਸ਼ ਨੂੰ ਪੰਥਕ ਭਾਵਨਾ ਦੀ ਥਾਂ ਦੁਨੀਆ ਦੇ ਤਰੀਕੇ ਨਾਲ ਵੇਖਦੇ ਹਨ ਉਹਨਾਂ ਨੂੰ ਬੈਂਕ ਮਾਂਜੇ ਅਤੇ ਉਗਰਾਹੀਆਂ ਆਦਿ ਹੀ ਮੁੱਖ ਲਗਦੇ ਹਨ। ਸਾਡੇ ਲਈ ਜੋ ਪੈਸੇ ਦਸਵੰਧ ਅਤੇ ਦਾਨ ਵਜੋਂ ਸਿੱਖ ਸੰਗਤ ਖੁਸ਼ੀ, ਪਿਆਰ ਅਤੇ ਸ਼ਰਧਾ ਨਾਲ ਦਿੰਦੇ ਸਨ, ਉਹਨਾਂ ਦੀ ਕੀਮਤ ਸਾਡੇ ਲਈ ਬਹੁਤ ਜਿਆਦਾ ਹੁੰਦੀ ਸੀ। ਇਹ ਪੈਸੇ ਹੋਰਾਂ ਲਈ ਆਮ ਪੈਸੇ ਹੋ ਸਕਦੇ ਸਨ ਪਰ ਸਾਡੇ ਲਈ ਇਹ ਮਾਇਆ ਅਸੀਸ ਵਜੋਂ ਆਉਂਦੀ ਸੀ। ਇਹ ਅਸੀਸਾਂ ਹੀ ਸਾਡੇ ਲਈ ਸਭ ਤੋਂ ਵੱਡਾ ਖਜਾਨਾ ਸਨ। ਮਾਇਆ ਜੋ ਸਦਾ ਹੀ ਭਟਕਣ ਪੈਦਾ ਕਰਨ ਅਤੇ ਰੱਬ ਤੋਂ ਦੂਰ ਹੋਣ ਦਾ ਸਾਧਨ ਗਿਣੀ ਜਾਂਦੀ ਹੈ ਅਜਿਹੇ ਸਮੇਂ ਜੋ ਪਰਿਵਾਰਾਂ ਵਲੋਂ ਪਿਆਰ ਅਤੇ ਸ਼ਰਧਾ ਨਾਲ ਦਿੱਤੀ ਜਾਂਦੀ ਸੀ ਤਾਂ ਉਹ ਬਹੁਤ ਚੰਗਾ ਅਸਰ ਪਾਉਂਦੀ ਸੀ। ਕਈ ਸ਼ਰਧਾਵਾਨ ਭੈਣਾਂ-ਬੀਬੀਆਂ ਸਾਨੂੰ ਆਪਣੇ ਗਹਿਣੇ ਤੱਕ ਵੀ ਦੇ ਦਿੰਦੀਆਂ ਸਨ। ਪੈਸੇ ਦੀ ਆਮਦ ਦਾ ਇਹ ਤਰੀਕਾ ਬਹੁਤ ਉਤਸ਼ਾਹ ਦੇਣ ਵਾਲਾ ਤੇ ਸਾਨੂੰ ਆਪਣੇ ਕਾਰਜ ਨਾਲ ਹੋਰ ਮਜਬੂਤੀ ਨਾਲ ਜੋੜਣ ਵਾਲਾ ਸੀ। ਜਿਹੜੇ ਪਰਿਵਾਰਾਂ ਤੋਂ ਸਾਨੂੰ ਪੈਸੇ ਮਿਲਦੇ ਸਨ ਉਹ ਪਿਆਰ ਅਤੇ ਸੇਵਾ ਭਾਵਨਾ ਕਰਕੇ ਵੀ ਨਹੀਂ ਚਾਹੁੰਦੇ ਸਨ ਕਿ ਕਦੇ ਉਹਨਾਂ ਦਾ ਨਾਂ ਸਾਹਮਣੇ ਆਵੇ ਅਤੇ ਇਹ

ਸੰਘਰਸ਼ ਦੇ ਪੱਖ ਤੋਂ ਵੀ ਅਜਿਹਾ ਬਚਾਅ ਜਰੂਰੀ ਸੀ। ਇਸ ਕਰਕੇ ਇਹਦੇ ਜਿਆਦਾ ਵੇਰਵੇ ਨਹੀਂ ਹੋ ਸਕਦੇ ਪਰ ਜਿਸ ਤਰੀਕੇ ਨਾਲ ਅਸੀਂ ਬੈਂਕਾਂ ਤੋਂ ਪੈਸਾ ਲਿਆ ਉਹਦਾ ਕੁਝ ਜਿਕਰ ਜਰੂਰੀ ਹੈ। ਜਿਸ ਤਰੀਕੇ ਨਾਲ ਇਹ ਪੈਸੇ ਦੇ ਰੱਖਣ ਅਤੇ ਖਰਚਣ ਦਾ ਅਮਲ ਸੀ ਉਹਦੇ ਬਾਰੇ ਵੀ ਕੁਝ ਜਿਕਰ ਹੈ।

ਸੰਘਰਸ਼ ਦੇ ਪੈਸੇ ਨੂੰ ਕਿਸੇ ਗ੍ਰਿਹਿਸਥੀ ਬੰਦੇ ਕੋਲ ਰੱਖਣ ਦਾ ਕੌੜਾ ਤਜਰਬਾ ਸਾਡੇ ਨਾਲ ਕਈ ਥਾਈਂ ਹੋਇਆ। ਪੈਸੇ ਦੇ ਮਾਮਲੇ ਵਿਚ ਗ੍ਰਿਹਿਸਥੀ ਲੋਕ ਕਮਜੋਰੀ ਦਿਖਾ ਜਾਂਦੇ ਹਨ। ਉਹ ਤੁਹਾਨੂੰ ਬਿਨਾ ਦੱਸਿਆਂ ਹੀ ਫੌਰੀ ਕੰਮਾਂ ਲਈ ਰੱਖੇ ਪੈਸੇ ਨੂੰ ਹੋਰ ਥਾਈਂ ਵਰਤ ਲੈਂਦੇ ਹਨ। ਓਹ ਅਕਸਰ ਸੋਚ ਲੈਂਦੇ ਹਨ ਕਿ ਜਦੋਂ ਲੋੜ ਪਈ ਤਾਂ ਫੜ ਕੇ ਮੋੜ ਦਿਆਂਗੇ ਇਕ ਵਾਰ ਕੰਮ ਸਾਰ ਲਓ। ਉਹ ਆਮ ਜਿੰਦਗੀ ਦੀ ਲੋੜ ਅਤੇ ਜੰਗ ਵਿਚਲੀ ਫੌਰੀ ਲੋੜ ਦਾ ਫਰਕ ਅਕਸਰ ਭੁਲ ਜਾਂਦੇ ਹਨ। ਇਸ ਕਰਕੇ ਕਈ ਵਾਰ ਉਹ ਕਸੂਤੇ ਫਸ ਜਾਂਦੇ ਹਨ। ਕਈ ਵਾਰ ਘਰੇਲੂ ਕੰਮਾਂ ਵਿਚ ਖਰਚਿਆ ਪੈਸਾ ਹੀ ਓਹਨਾਂ ਨੂੰ ਬੇਈਮਾਨ ਬਣਾ ਦਿੰਦਾ ਹੈ ਤੇ ਉਹ ਆਖਰੀ ਹੱਦ ਤੱਕ ਚਲੇ ਜਾਂਦੇ ਹਨ। ਪੈਸੇ ਦੇ ਲਾਲਚ ਵਿਚ ਸੰਘਰਸ਼ ਦੇ ਵਿਰੁੱਧ ਹੋ ਕੇ ਤੁਹਾਨੂੰ ਫੜਾ ਵੀ ਸਕਦੇ ਹਨ। ਦੇਖਣ ਨੂੰ ਬਹੁਤ ਸ਼ਰੀਫ ਜਾਂ ਅਮੀਰ ਬੰਦੇ ਵੀ ਇਹ ਕੰਮ ਕਰ ਸਕਦੇ ਹਨ। ਕਈ ਵਾਰ ਘਰ ਦਾ ਇੱਕ ਬੰਦਾ ਹੀ ਇਹੋ ਜਿਹਾ ਹੁੰਦਾ ਹੈ ਤੇ ਕਈ ਵਾਰ ਸਾਰੇ ਵੀ ਹੋ ਸਕਦੇ ਹਨ। ਪਰਿਵਾਰਾਂ ਵਿੱਚ ਅਚਾਨਕ ਆਏ ਪੈਸੇ ਨਾਲ ਲੜਾਈ ਵੀ ਪੈ ਜਾਂਦੀ ਹੈ। ਕਈ ਕੌੜੇ ਤਜਰਬਿਆਂ ਨਾਲ ਸਾਨੂੰ ਸਮਝ ਆਈ ਕਿ ਪੈਸਾ ਤਾਂ ਸਿਰਫ ਕੁਝ ਕੁ ਬਹੁਤ ਹੀ ਇਮਾਨਦਾਰ ਤੇ ਆਪਾ ਵਾਰੂ ਬੰਦਿਆਂ ਕੋਲ ਹੀ ਰੱਖਿਆ ਜਾ ਸਕਦਾ ਹੈ, ਜਿਨ੍ਹਾਂ ਦਾ ਜੀਵਨ ਪੈਸੇ ਤੋਂ ਉੱਪਰ ਉੱਠ ਚੁੱਕਾ ਹੋਵੇ। ਜਿਨ੍ਹਾਂ ਲਈ ਅਣਖ ਤੇ ਈਮਾਨ ਸਭ ਕੁਝ ਹੋਵੇ ਜਿਨ੍ਹਾਂ ਲਈ ਪੰਥ ਅੱਵਲ ਹੋਵੇ ਤੇ ਗੁਰੂ ਦਾ ਭੈਅ ਹੋਵੇ। ਪੈਸਾ ਹੋਰ ਕਿਸੇ ਕੋਲ ਨਹੀਂ ਰੱਖਣਾ ਚਾਹੀਦਾ। ਤੁਹਾਡੀ ਕਿੰਨੀ ਲਿਹਾਜ ਹੋਵੇ ਜਾਂ ਉਹ ਤੁਹਾਨੂੰ ਕਿੰਨਾ ਵੀ ਚੰਗਾ ਲੱਗੇ ਪਰ ਮਾਇਆ ਦੀ ਤਾਸੀਰ ਹੀ ਐਸੀ ਹੈ ਕਿ ਇਹ ਦੁਨੀਆਦਾਰਾਂ ਵਿਚ ਲਾਲਚ ਨੂੰ ਉਕਸਾਉਂਦੀ ਹੈ ਤੇ ਹਵਸ ਨੂੰ ਵਧਾਉਂਦੀ ਹੈ। ਹੌਲੀ -ਹੌਲੀ ਬੰਦਾ ਥੱਲੇ ਹੀ ਡਿੱਗਦਾ ਜਾਂਦਾ ਹੈ ਤੇ ਇਸ ਤਰ੍ਹਾਂ ਉਹ ਤੁਹਾਡੇ ਲਈ ਖਤਰਾ ਬਣ ਜਾਂਦਾ ਹੈ।

ਇਹ ਗੱਲ ਸਿਰਫ ਕਮਜੋਰ ਬੰਦਿਆਂ ਬਾਰੇ ਹੈ, ਪੰਥ ਦੀਆਂ ਅਮਾਨਤਾਂ ਨੂੰ ਸਾਂਭਣ ਵਾਲੇ ਬਹੁਤ ਸਿੰਘ ਸਿੰਘਣੀਆਂ ਹੋਏ ਹਨ ਜਿਨ੍ਹਾਂ ਨੇ ਸਿਰ ਦੇ ਕੇ ਵੀ ਅਮਾਨਤਾਂ ਸਾਂਭੀਆਂ ਤੇ ਹਾਲੇ ਤਕ ਵੀ ਸੰਭਾਲ ਕੇ ਰੱਖੀਆਂ ਹਨ। ਜੇਲ੍ਹ ਤੋਂ ਬਾਹਰ ਆਉਣ ਤੋਂ ਤਿੰਨ ਕੁ ਸਾਲਾਂ ਬਾਅਦ ਮੈਂ ਇਕ ਕਿਰਤੀ ਪਰਿਵਾਰ ਕੋਲ ਗਿਆ। ਓਹਨਾਂ ਬਾਰੇ ਪੁਲਿਸ ਨੂੰ ਕੁਝ ਪਤਾ ਨਹੀਂ ਸੀ। ਉੱਥੇ ਜਗਰੂਪ ਸਿੰਘ ਜਗਜੀਤਪੁਰਾ ਦੇ ਬਾਰਾਂ ਹਜਾਰ ਰੁਪਏ ਪਏ ਸੀ। ਪ੍ਰਸ਼ਾਦਾ ਛਕਣ ਤੋਂ ਬਾਅਦ ਤੁਰਨ ਸਮੇਂ ਓਹਨਾਂ ਨੇ ਇਹ ਅਮਾਨਤ

ਮੈਨੂੰ ਦਿੱਤੀ ਜਿਸ ਬਾਰੇ ਮੈਨੂੰ ਵੀ ਪਤਾ ਨਹੀਂ ਸੀ। ਮੈਂ ਕਿਹਾ ਕਿ ਤੁਸੀਂ ਰੱਖੋ, ਬੱਚਿਆਂ ਦੀ ਪੜ੍ਹਾਈ ਲਈ ਖਰਚ ਲੈਣੇ। ਓਹਨਾਂ ਨੇ ਕਿਹਾ ਕਿ ਅਸੀਂ ਤਾਂ ਅੱਜ ਆਪਣੇ ਸਿਰੋਂ ਭਾਰ ਲਾਹਿਆ ਹੈ। ਇਹ ਪੰਥ ਦੀ ਅਮਾਨਤ ਹੈ ਇਹਨੂੰ ਪੰਥ ਹੀ ਵਰਤ ਸਕਦਾ ਹੈ। ਸੰਘਰਸ਼ ਵੀ ਅਜਿਹੇ ਸਿਦਕੀ ਲੋਕਾਂ ਦੇ ਸਿਰ 'ਤੇ ਚੱਲਦੇ ਹਨ ਅਤੇ ਇਤਿਹਾਸ ਦੀ ਅਸਲ ਜਾਨ ਵੀ ਇਹੀ ਹੁੰਦੇ ਹਨ।

ਖਾੜਕੂ ਸੰਘਰਸ਼ ਦੀ ਧਨ ਲਈ ਮੁਖ ਟੇਕ ਸਿੱਖ ਸੰਗਤ ਹੀ ਸੀ। ਇਹ ਗੱਲ ਬਹੁਤ ਲੋਕਾਂ ਨੂੰ ਪਤਾ ਹੈ ਕਿ ਸਿੰਘਾਂ ਦੇ ਕਈ ਜਥੇ ਤਾਂ ਐਸੇ ਸਨ ਜੋ ਆਪਣੇ ਸਭ ਕੰਮਾਂ ਲਈ ਦਸਵੰਧ ਦੇ ਪੈਸੇ ਹੀ ਵਰਤਦੇ ਸਨ। ਇਹ ਵੀ ਸੱਚ ਹੈ ਕਿ ਦਸਵੰਧ ਹਰ ਜਥੇ ਨੂੰ ਹੀ ਪਰਾਪਤ ਹੁੰਦਾ ਸੀ। ਲੋਕ ਆਪਣੀ ਕਮਾਈ ਵਿਚੋਂ ਖੁਸ਼ੀ ਨਾਲ ਸਿੰਘਾਂ ਦੀ ਮਦਦ ਕਰਦੇ ਸਨ। ਹਰ ਜਥੇ ਦੇ ਦਸਵੰਧ ਦੇ ਆਪਣੇ ਸਰੋਤ ਹੁੰਦੇ ਸਨ।

ਕਈ ਜਥਿਆਂ ਨੂੰ ਬਾਹਰਲੇ ਮੁਲਕਾਂ ਤੋਂ ਵੀ ਸਿੰਘ ਮਦਦ ਭੇਜਦੇ ਸਨ। ਬਾਹਰਲੇ ਮੁਲਕਾਂ ਵਿਚ ਵਸਦੇ ਸਿੱਖਾਂ ਨੇ ਮਾਇਆ ਪੱਖੋਂ ਸੰਘਰਸ਼ ਦੀ ਬਹੁਤ ਮਦਦ ਕੀਤੀ ਹੈ। ਇਥੇ ਵੀ ਹਰ ਜਥੇ ਦੇ ਆਪਣੇ ਸਬੰਧ ਸਨ, ਭੇਜਣ ਦੇ ਰਸਤੇ ਅਤੇ ਸਾਧਨ ਵੀ ਆਪਣੇ ਸਨ। ਪਾਕਿਸਤਾਨ ਵਾਲੇ ਪਾਸੇ ਵੀ ਬਾਹਰਲੀਆਂ ਸੰਗਤਾਂ ਨੇ ਬਹੁਤ ਮਦਦ ਕੀਤੀ। ਓਥੇ ਤਾਂ ਸਾਡੀ ਮਦਦ ਦਾ ਸਰੋਤ ਹੀ ਉਹ ਸਨ। ਉਹਨਾਂ ਵਲੋਂ ਭੇਜੀ ਮਾਇਆ ਨਾਲ ਹੀ ਅਸੀਂ ਉਥੇ ਰਹਿੰਦੇ ਸਾਂ। ਕਈ ਵਾਰ ਇਧਰਲੇ ਪਾਸਿਓਂ ਵੀ ਪੈਸਾ ਮੰਗਵਾ ਲਿਆ ਜਾਂਦਾ ਸੀ ਜਿਵੇਂ ਲੁਧਿਆਣੇ ਵਾਲੇ ਮਾਂਜੇ ਦਾ ਪੈਸਾ।

ਸਭ ਸੰਘਰਸ਼ਾਂ ਲਈ ਉਗਰਾਹੀ ਅਤੇ ਰਾਖੀ ਪੈਸੇ ਦਾ ਵੱਡਾ ਸਰੋਤ ਹੁੰਦੀ ਹੈ। ਪੰਜਾਬ ਦੇ ਅਮੀਰ ਲੋਕ, ਵੱਡੇ ਅਦਾਰੇ, ਧਾਰਮਿਕ ਡੇਰੇ ਤੇ ਹੋਰ ਕਈ ਧਿਰਾਂ ਸਿੰਘਾਂ ਨੂੰ ਆਪਣੀ ਮਰਜੀ ਨਾਲ ਭੇਟਾ ਦਿੰਦੀਆਂ ਸਨ। ਉਸ ਵਕਤ ਸਿੰਘਾਂ ਦਾ ਜੋਰ ਸੀ ਤੇ ਇਹ ਜੋਰ ਨੂੰ ਪਛਾਣਦਿਆਂ ਸਾਰੇ ਅਮੀਰ, ਪਤਵੰਤੇ ਅਤੇ ਹੋਰ ਸੰਸਥਾਵਾਂ ਸਿੰਘਾਂ ਨਾਲ ਸੁਲਹ ਵਿਚ ਰਹਿਣਾ ਚਾਹੁੰਦੀਆਂ ਸਨ। ਇਸ ਕਰਕੇ ਉਹ ਸਿੰਘਾਂ ਨੂੰ ਧਨ ਭੇਟ ਕਰਦੇ ਸਨ। ਇਕ ਤਰੀਕੇ ਨਾਲ ਉਹਨਾਂ ਨੂੰ ਸਿੰਘਾਂ ਵਲੋਂ ਰਾਖੀ ਹਾਸਲ ਹੋ ਜਾਂਦੀ ਸੀ। ਫਿਰ ਉਹਨਾਂ ਤੋਂ ਕੋਈ ਹੋਰ ਰਾਖੀ ਵਜੋਂ ਧਨ ਨਹੀਂ ਮੰਗ ਸਕਦਾ ਸੀ ਕਿਉਂਕਿ ਉਹਨਾਂ ਦਿਨਾਂ ਵਿਚ ਕਈ ਮੌਕਾਪ੍ਰਸਤ ਤੇ ਜਰਾਇਮ ਪੇਸ਼ਾ ਲੋਕ ਸਿੰਘਾਂ ਦੇ ਭੇਸ ਵਿਚ ਅਮੀਰ ਲੋਕਾਂ ਤੋਂ ਪੈਸਾ ਉਗਰਾਹ ਲੈਂਦੇ ਸਨ। ਪੰਜਾਬ ਵਿਚਲੇ ਜਿਆਦਾ ਡੇਰੇ, ਸੰਸਥਾਵਾਂ ਅਤੇ ਕਮੇਟੀਆਂ ਵਾਲੇ ਕਿਸੇ ਨਾ ਕਿਸੇ ਤਰੀਕੇ ਆਪਣੇ ਇਲਾਕੇ ਦੇ ਸਰਗਰਮ ਜਥਿਆਂ ਨਾਲ ਸਬੰਧ ਬਣਾ ਕੇ ਉਹਨਾਂ ਦੀ ਮਦਦ ਕਰਦੇ ਰਹਿੰਦੇ ਸਨ। ਵੱਡੇ ਅਦਾਰੇ ਸਾਨੂੰ ਮਹੀਨੇਵਾਰ ਅਤੇ ਕਦੇ ਲੋੜ ਪੈਣ ਤੇ ਵੱਖਰੀ ਮਦਦ ਵੀ ਕਰਦੇ ਸਨ। ਇਸੇ ਤਰ੍ਹਾਂ ਜਿਹੜੇ ਲੋਕ, ਡੇਰੇ ਜਾਂ ਸੰਸਥਾਵਾਂ ਸੰਘਰਸ਼ ਦੇ ਖਿਲਾਫ ਚੱਲ ਕੇ ਸਾਡਾ ਨੁਕਸਾਨ ਕਰਦੇ

ਸਨ ਉਹਨਾਂ ਤੋਂ ਸਿੰਘ ਸਜਾ ਵਜੋਂ ਵੀ ਜੁਰਮਾਨਾ ਜਾਂ ਹਰਜਾਨਾ ਵਸੂਲਦੇ ਸਨ। ਜਿਹੜੇ ਗਲਤੀ ਕਬੂਲ ਕੇ ਮੁਆਫੀ ਮੰਗਦੇ ਸਨ ਉਹਨਾਂ ਨੂੰ ਏਨੀ ਕੁ ਸਜਾ ਤਾਂ ਲਗਦੀ ਹੀ ਸੀ। ਜੁਰਮਾਨਾ/ਹਰਜਾਨਾ ਵੀ ਪੈਸੇ ਦਾ ਇਕ ਸਾਧਨ ਸੀ।

ਜਿਥੇ ਕਿਤੇ ਵੀ ਸੰਘਰਸ਼ ਚਲਦਾ ਹੈ ਉਥੇ ਆਮ ਤੌਰ ਉਤੇ ਇਸ ਤਰ੍ਹਾਂ ਹੀ ਪੈਸੇ ਦਾ ਪਰਬੰਧ ਹੁੰਦਾ ਹੈ: **ਪਹਿਲਾ** : ਸਮਰਥਕਾਂ ਵਲੋਂ ਦਿਤਾ ਗਿਆ ਧਨ, **ਦੂਜਾ** : ਰਾਖੀ ਅਤੇ ਉਗਰਾਹੀ, **ਤੀਜਾ** : ਸਰਕਾਰੀ ਖਜਾਨੇ ਮਾਂਜਣਾ, **ਚੌਥੇ** ਤਰੀਕੇ ਵਜੋਂ ਕਈ ਥਾਂ ਜੰਗਜੂ ਧਿਰਾਂ ਇਲਾਕੇ ਅਤੇ ਰਾਜਸੀ ਹਾਲਾਤ ਕਰਕੇ ਆਪਣੇ ਕਮਾਈ ਦੇ ਸਾਧਨ ਵੀ ਖੜੇ ਕਰ ਲੈਂਦੀਆਂ ਹਨ। ਸੰਘਰਸ਼ ਦੌਰਾਨ ਕੁਝ ਸਿੰਘਾਂ ਨੇ ਠਾਹਰਾਂ ਵਜੋਂ ਇਹ ਤਰੀਕਾ ਵੀ ਵਰਤਿਆ ਕਿ ਉਹਨਾਂ ਨੇ ਆਪਣੇ ਆਪ ਨੂੰ ਲੁਕਾਉਣ ਲਈ ਵਪਾਰਕ ਤਰੀਕੇ ਨਾਲ ਸਥਾਪਤ ਕਰ ਲਿਆ।

ਗੁਰਮਤਿ ਵਿਚ ਹਰ ਸਿੱਖ ਲਈ ਦਸਵੰਧ ਕਢਣਾ ਲਾਜਮੀ ਹੈ। ਹਲੇਮੀ ਰਾਜ ਅਤੇ ਸਰਬੱਤ ਦੇ ਭਲੇ ਲਈ ਇਹ ਕਾਰਜ ਬਹੁਤ ਅਹਿਮ ਹੈ। ਇਸ ਵਿਚ ਸੰਗਤ ਦੀ ਸ਼ਮੂਲੀਅਤ ਹੁੰਦੀ ਹੈ। ਉਹਨਾਂ ਦੀ ਕਿਰਤ ਅਤੇ ਅਰਦਾਸ ਸ਼ਾਮਲ ਹੁੰਦੀ ਹੈ। ਇਹ ਬਰਕਤ ਵਾਲਾ ਰਾਹ ਹੈ। ਸਿੱਖ ਸੰਗਤਾਂ ਨੇ ਸਾਨੂੰ ਪੈਸੇ ਪੱਖੋਂ ਬਹੁਤ ਸਾਥ ਦਿੱਤਾ। ਸਰਕਾਰੀ ਪੈਸਾ ਵੀ ਲੋੜ ਅਨੁਸਾਰ ਹਾਸਲ ਕੀਤਾ ਤੇ ਸੰਘਰਸ਼ ਵਿਚ ਖਰਚ ਕੀਤਾ। ਸਿੰਘ ਆਪਣੇ ਵਿਰੋਧੀਆਂ ਅਤੇ ਸਰਕਾਰ ਪੱਖੀਆਂ ਤੋਂ ਵੀ ਮਾਇਆ ਪਰਾਪਤ ਕਰਦੇ ਸੀ ਪਰ ਅਸੀਂ ਪੰਜਾਬ ਵਿਚ ਆਪਣੇ ਰਾਖੀ ਪ੍ਰਬੰਧ ਨਾਲ ਵਧੀਆ ਮਾਲੀ ਪਰਬੰਧ ਖੜ੍ਹਾ ਨਹੀਂ ਕਰ ਸਕੇ ਜਿਵੇਂ ਕੁਝ ਹੋਰ ਸੰਘਰਸ਼ ਵਾਲਿਆਂ ਨੇ ਕੀਤਾ। ਇਸ ਦਾ ਇਕ ਕਾਰਣ ਇਹ ਵੀ ਸੀ ਕਿ ਸਾਡੇ ਕੋਲ ਆਪਣਾ ਕੋਈ ਆਜਾਦ ਇਲਾਕਾ ਨਹੀਂ ਸੀ। ਦੂਜਾ, ਸਾਰਾ ਸੰਘਰਸ਼ ਇਕ ਕਮਾਨ ਹੇਠ ਨਹੀਂ ਹੋਇਆ ਇਸ ਕਰਕੇ ਸਾਰੇ ਥਾਂ ਨੇਮ ਜਾਂ ਸ਼ਰਤਾਂ ਇਕਸਾਰ ਲਾਗੂ ਨਹੀਂ ਹੁੰਦੀਆਂ ਸਨ। ਸਾਨੂੰ ਕਈ ਵਾਰ ਵੱਡੇ ਵਪਾਰੀਆਂ, ਜਥੇਬੰਦੀਆਂ, ਯੂਨੀਅਨਾਂ ਅਤੇ ਕਮੇਟੀਆਂ ਵਾਲਿਆਂ ਨੇ ਕਿਹਾ ਕਿ ਸਾਨੂੰ ਮਹੀਨੇ ਜਾਂ ਸਾਲ ਦੀ ਪੱਕੀ ਮਾਇਆ ਬੰਨ੍ਹ ਦਿਓ ਅਸੀਂ ਦੇਵਾਂਗੇ ਪਰ ਇਹਦੇ ਵਿਚ ਲਾਜਮੀ ਸ਼ਰਤ ਸੀ ਕਿ ਫਿਰ ਕੋਈ ਹੋਰ ਓਹਨਾਂ ਨੂੰ ਪੈਸੇ ਲਈ ਤੰਗ ਨਾ ਕਰੇ। ਉਹਨਾਂ ਵੇਲਿਆਂ ਵਿਚ ਪੈਸੇ ਨਾ ਦੇਣ ਦੀ ਸੂਰਤ ਵਿਚ ਜਰਾਇਮ ਪੇਸ਼ਾ ਟੋਲਿਆਂ ਵਲੋਂ ਜਾਨੀ ਨੁਕਸਾਨ ਕਰਨਾ ਬਹੁਤ ਸੌਖਾ ਸੀ ਕਿਉਂਕਿ ਉਹ ਕਤਲ ਸਾਡੇ ਨਾਂ ਹੀ ਲਗਦੇ ਸਨ। ਇਹ ਲੁੱਟ-ਖਸੁੱਟ ਅਤੇ ਧੱਕਾ ਉਗਰਾਹੀ ਲਈ ਸਰਕਾਰ ਵੀ ਅਜਿਹੇ ਲੋਕਾਂ ਨਾਲ ਨਰਮ ਸੀ, ਬਾਅਦ ਵਿਚ ਤਾਂ ਸਰਕਾਰ ਨੇ ਸਿੱਧੇ ਰੂਪ ਵਿਚ ਹੀ ਉਹਨਾਂ ਦੀ ਪੁਸ਼ਤ ਪਨਾਹੀ ਕੀਤੀ।

ਇਕ ਵਾਰ ਲੁਧਿਆਣੇ ਦੇ ਵਪਾਰੀਆਂ ਨੇ ਗੁਰਜੰਟ ਸਿੰਘ ਬੁੱਧ ਸਿੰਘ ਵਾਲੇ ਤੱਕ ਇਹ ਸੁਨੇਹਾ ਪਹੁੰਚਾਇਆ ਕਿ ਸਾਨੂੰ ਇਹਨਾਂ ਲੁਟੇਰਿਆਂ ਤੋਂ ਬਚਾਉਣ ਦੀ

ਜਿੰਮੇਵਾਰੀ ਲੈ ਲਵੋ, ਅਸੀਂ ਤੁਹਾਡੇ ਸੰਘਰਸ਼ ਦਾ ਸਾਰਾ ਖਰਚ ਚੁੱਕਣ ਲਈ ਤਿਆਰ ਹਾਂ। ਸਾਨੂੰ ਪਤਾ ਸੀ ਕਿ ਇਹ ਗੱਲ ਦੇ ਮਾਅਨੇ ਵੱਡੇ ਹਨ। ਸਾਡੇ ਕੁਝ ਨੁਮਾਇੰਦੇ ਉਹਨਾਂ ਦੇ ਨੁਮਾਇੰਦਿਆਂ ਨੂੰ ਮਿਲੇ ਵੀ ਪਰ ਹਾਲਤ ਹੀ ਅਜਿਹੇ ਸਨ ਕਿ ਅਸੀਂ ਉਹਨਾਂ ਨੂੰ ਉਹ ਰਾਖੀ ਨਹੀਂ ਦੇ ਸਕਦੇ ਸੀ ਜਿਸ ਦੀ ਮੰਗ ਕਰਦੇ ਸਨ। ਅਸੀਂ ਅਜਿਹੇ ਹਾਲਾਤ ਵਿਚ ਲੜ ਰਹੇ ਸੀ ਕਿ ਸਾਡੇ ਲਈ ਆਪਣੇ ਬੰਦਿਆਂ ਦੀ ਹਿਫਾਜਤ ਵੀ ਖਤਰੇ ਵਿਚ ਰਹਿੰਦੀ ਸੀ। ਇਹ ਗੱਲ ਉਸ ਵੇਲੇ ਉਹਨਾਂ ਵਪਾਰੀਆਂ ਨੂੰ ਵੀ ਸਮਝ ਆ ਰਹੀ ਸੀ ਕਿ ਸਰਕਾਰ ਜਾਣਬੁਝ ਕੇ ਉਹਨਾਂ ਨਾਲ ਅਜਿਹਾ ਕਰਵਾ ਰਹੀ ਹੈ। ਹਕੂਮਤ ਸਿਰਫ ਸਾਨੂੰ ਮਾਰਨਾ ਹੀ ਨਹੀਂ ਚਾਹੁੰਦੀ ਸੀ ਸਗੋਂ ਪੰਜਾਬ ਨੂੰ ਉਜਾੜਨਾ ਅਤੇ ਬਦਨਾਮ ਕਰਨਾ ਵੀ ਚਾਹੁੰਦੀ ਸੀ। ਅੰਮ੍ਰਿਤਸਰ ਵਿਚ ਵੀ ਵਪਾਰੀਆਂ ਨਾਲ ਇਹੋ ਜਿਹੀਆਂ ਮੁਲਾਕਾਤਾਂ ਹੋਈਆਂ ਸਨ। ਉਹਨਾਂ ਨੇ ਸਾਨੂੰ ਪੈਸੇ ਵੀ ਦੇਣੇ ਸ਼ੁਰੂ ਕਰ ਦਿੱਤੇ ਸਨ ਪਰ ਇਹ ਗੱਲ ਦਾ ਸਰਕਾਰ ਨੂੰ ਪਤਾ ਲੱਗ ਗਿਆ। ਆਲਮ ਸੈਨਾ ਵਜੋਂ ਮਸ਼ਹੂਰ ਕੈਟਾਂ ਨੇ ਉਹਨਾਂ ਬੰਦਿਆਂ ਨੂੰ ਹੀ ਲੁੱਟ ਲਿਆ ਜਿਹੜਿਆਂ ਨੇ ਇਹ ਗੱਲਬਾਤ ਕਰਵਾਈ ਸੀ। ਇਹ ਵਪਾਰੀਆਂ ਨੂੰ ਸਰਕਾਰ ਦਾ ਸੁਨੇਹਾ ਸੀ ਕਿ ਉਹ ਸਾਡੇ ਨਾਲ ਨਾ ਜੁੜਣ।

ਗੁਰੀਲਾ ਸੰਘਰਸ਼ ਵਿੱਚ ਖਰਚੇ ਦਾ ਅੰਦਾਜਾ ਵੀ ਪੱਕਾ ਨਹੀਂ ਹੁੰਦਾ ਅਤੇ ਪੈਸੇ ਦੇ ਸਾਧਨ ਵੀ ਪੱਕੇ ਨਹੀਂ ਹੁੰਦੇ। ਸਾਡੇ ਖਾਣ ਪਹਿਨਣ ਦਾ ਪਰਬੰਧ ਤਾਂ ਸੰਗਤਾਂ ਬੜੇ ਸੋਹਣੇ ਤਰੀਕੇ ਨਾਲ ਪੂਰਾ ਕਰ ਦਿੰਦੀਆਂ ਸਨ ਪਰ ਪੈਸੇ ਦੀਆਂ ਹੋਰ ਕਈ ਲੋੜਾਂ ਸਨ। ਪੈਸੇ ਦੀ ਜਿਆਦਾ ਜਰੂਰਤ ਹਥਿਆਰਾਂ, ਗੋਲੇ ਬਾਰੂਦ ਅਤੇ ਹੋਰ ਸੂਖਮ ਸੰਦਾਂ ਲਈ ਪੈਂਦੀ ਸੀ ਜੋ ਜੰਗ ਦੀ ਲੋੜ ਸਨ। ਹਥਿਆਰਾਂ ਨੂੰ ਲਿਆਉਣ ਅਤੇ ਲਿਜਾਣ ਉਤੇ ਵੀ ਖਰਚ ਹੁੰਦਾ ਸੀ। ਇਕ ਵੱਡਾ ਖਰਚ ਜੇਲ੍ਹਾਂ ਵਿਚ ਨਜਰਬੰਦ ਸਿੰਘਾਂ ਦਾ ਹੁੰਦਾ ਸੀ। ਉਹਨਾਂ ਦੇ ਵਕੀਲਾਂ, ਸ਼ਹੀਦ ਸਿੰਘਾਂ ਦੇ ਪਰਿਵਾਰਾਂ ਅਤੇ ਸਾਥੀਆਂ ਦੀ ਮਦਦ ਦੀ ਸਦਾ ਲੋੜ ਰਹਿੰਦੀ ਸੀ। ਸਾਡੀ ਮਦਦ ਕਰਨ ਵਾਲਿਆਂ ਦੇ ਪਰਿਵਾਰਾਂ ਨੂੰ ਪੁਲਿਸ ਤੋਂ ਬਚਾਉਣ ਲਈ ਰਿਸ਼ਵਤ ਦੇਣਾ ਵੀ ਇਕ ਵੱਡਾ ਖਰਚ ਸੀ। ਜਿਹੜੇ ਸਿੰਘ ਸ਼ਹਿਰਾਂ ਵਿਚ ਜਾਂ ਪੰਜਾਬ ਤੋਂ ਬਾਹਰ ਸਾਡੇ ਲਈ ਠਾਹਰਾਂ ਬਣਾਉਂਦੇ ਸਨ ਉਹਨਾਂ ਦਾ ਖਰਚ ਵੀ ਕਾਫੀ ਹੁੰਦਾ ਸੀ। ਦੁਸ਼ਮਣ ਬਾਰੇ ਜਾਣਕਾਰੀ ਲੈਣ ਲਈ ਵੀ ਮਾਇਆ ਖਰਚ ਹੁੰਦੀ ਸੀ। ਸਰਕਾਰੀ ਦਫਤਰਾਂ ਦੀ ਜਾਣਕਾਰੀ ਜਿਆਦਾਤਰ ਪੈਸੇ ਨਾਲ ਹੀ ਬਾਹਰ ਨਿਕਲਦੀ ਹੁੰਦੀ ਹੈ। ਵੱਡੇ ਅਤੇ ਅਹਿਮ ਕੰਮਾਂ ਲਈ ਖਾਸ ਖਰਚ ਕਰਨੇ ਪੈਂਦੇ ਸਨ। ਨਵੇਂ ਟਿਕਾਣੇ ਬਣਾਉਣੇ ਪੈਂਦੇ ਸਨ ਜੋ ਕਈ ਵਾਰ ਥਾਂ ਖਰੀਦ ਕੇ ਵੀ ਬਣਾਉਣੇ ਪੈਂਦੇ ਸਨ। ਹਰ ਤਰ੍ਹਾਂ ਦੇ ਆਵਾਜਾਈ ਦੇ ਸਾਧਨ ਵੀ ਖਰੀਦਣੇ ਪੈਂਦੇ ਸਨ। ਹਰ ਵੱਡੇ ਕੰਮ ਮਗਰੋਂ ਕੋਈ ਨਾ ਕੋਈ ਸਾਧਨ ਛੱਡਣਾ ਹੀ ਹੁੰਦਾ ਸੀ। ੧੯੯੦ ਤੋਂ ਬਾਅਦ ਜਦੋਂ

ਸੰਘਰਸ਼ ਉਤੇ ਦਬਾਅ ਵਧ ਗਿਆ ਸੀ ਤਾਂ ਉਸ ਵਕਤ ਸਿੰਘਾਂ ਨੇ ਪੱਕੀਆਂ ਠਾਹਰਾਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ ਸਨ। ਇਸ ਕਰਕੇ ਕੋਈ ਵਪਾਰਕ ਕੰਮ ਕਾਜ ਜਾਂ ਖੇਤੀਬਾੜੀ ਵਿਖਾਉਣ ਲਈ ਇਕ ਅਸਲੀ ਢਾਂਚਾ ਖੜ੍ਹਾ ਕਰਨਾ ਪੈਂਦਾ ਸੀ। ਪਰਮੁੱਖ ਸਿੰਘਾਂ ਨੇ ਅਜਿਹੀਆਂ ਅਨੇਕਾਂ ਥਾਂਵਾਂ ਪੰਜਾਬ ਵਿਚ ਅਤੇ ਪੰਜਾਬ ਤੋਂ ਬਾਹਰ ਬਣਾਈਆਂ। ਅਸੀਂ ਵੀ ਇਕ ਅਜਿਹੀ ਥਾਂ ਤੋਂ ਫੜੇ ਗਏ ਸੀ, ਜਿਥੇ ਅਸੀਂ ਕਿਸਾਨ ਬਣ ਕੇ ਰਹਿੰਦੇ ਸੀ। ਜਿਥੋਂ ਹਰਮਿੰਦਰ ਸਿੰਘ ਸੁਲਤਾਨਵਿੰਡ ਫੜਿਆ ਗਿਆ, ਉਹ ਵੀ ਵਪਾਰੀ ਵਜੋਂ ਬਣਾਈ ਠਾਹਰ ਹੀ ਸੀ। ਜਿਥੋਂ ਜਥੇਦਾਰ ਸੁਖਦੇਵ ਸਿੰਘ ਬੱਬਰ ਫੜਿਆ ਗਿਆ ਉਹ ਵੀ ਠੇਕੇਦਾਰ ਵਜੋਂ ਬਣਾਈ ਠਾਹਰ ਹੀ ਸੀ। ਕਈ ਵੱਡੇ ਸ਼ਹਿਰਾਂ ਵਿਚ ਕਈ ਅਹਿਮ ਥਾਂਵਾਂ ਪਰਮੁੱਖ ਸਿੰਘਾਂ ਨੇ ਖਰੀਦੀਆਂ ਜਾਂ ਬਣਾਈਆਂ ਸਨ। ਇਹ ਸਾਰੀਆਂ ਠਾਹਰਾਂ ਉਸ ਵਕਤ ਬਹੁਤ ਜਰੂਰੀ ਸਨ ਪਰ ਸਿੰਘਾਂ ਦੇ ਸ਼ਹੀਦ ਹੋਣ ਜਾਂ ਫੜੇ ਜਾਣ ਤੋਂ ਬਾਅਦ ਅਜਿਹੀਆਂ ਬਹੁਤੀਆਂ ਥਾਂਵਾਂ ਉਤੇ ਪੁਲਿਸ ਵਾਲੇ ਹੀ ਕਾਬਜ ਹੋ ਗਏ।

ਸੰਨ ੧੯੮੫ ਵਿਚ ਅਸੀਂ ਜਦੋਂ ਰੂਪੋਸ਼ ਹੋਏ ਤਾਂ ਮੈਂ ਦੇਖਿਆ ਕਿ ਸਾਡੇ ਕੋਲ ਦਸਵੰਧ ਵਜੋਂ, ਉਗਰਾਹੀ ਵਜੋਂ ਅਤੇ ਬੈਂਕਾਂ ਤੋਂ ਸਰਕਾਰੀ ਪੈਸਾ ਆਇਆ ਪਰ ਸਾਡੇ ਖਰਚੇ ਲਈ ਕਦੇ ਵੀ ਪੂਰਾ ਨਹੀਂ ਪਿਆ। ਸਾਡੇ ਸਿਰ ਐਨੀਆਂ ਦੇਣਦਾਰੀਆਂ ਹੁੰਦੀਆਂ ਸਨ ਕਿ ਜਿੰਨਾ ਕੁ ਖਜਾਨਾ ਆਉਂਦਾ ਸੀ ਉਹ ਕੁਝ ਸਮੇਂ ਵਿਚ ਹੀ ਲੇਖੇ ਲੱਗ ਜਾਂਦਾ ਸੀ ਤੇ ਅਸੀਂ ਫਿਰ ਪਹਿਲੇ ਵਾਲੀ ਹਾਲਤ ਵਿਚ ਆ ਜਾਂਦੇ ਸੀ। ਇਕੋ ਵਾਰ ਸਭ ਤੋਂ ਵੱਧ ਪੈਸਾ ਲੁਧਿਆਣੇ ਬੈਂਕ ਮਾਂਜੇ ਵੇਲੇ ਆਇਆ ਸੀ ਉਹ ਵੀ ੩ ਕੁ ਮਹੀਨਿਆਂ ਵਿਚ ਲੇਖੇ ਲੱਗ ਗਿਆ ਸੀ। ਅਸੀਂ ਉਧਾਰ ਵੀ ਕਰਦੇ ਸੀ ਪਰ ਇਹ ਠਾਹਰਾਂ ਵਾਲਿਆਂ ਜਾਂ ਸਮਰਥਾ ਵਾਲੇ ਸਿੱਖਾਂ ਤੋਂ ਹੀ ਪੈਸਾ ਲੈਂਦੇ ਸੀ ਅਤੇ ਮੋੜਦੇ ਵੀ ਸਾਂ। ਇਹ ਸਾਡੇ ਲਈ ਬਹੁਤ ਵੱਡਾ ਆਸਰਾ ਸੀ। ਇਹ ਗੱਲ ਦਾ ਹੁਣ ਸ਼ਾਇਦ ਕਿਸੇ ਨੂੰ ਯਕੀਨ ਨਾ ਆਵੇ ਪਰ ਉਸ ਵੇਲੇ ਬੰਦੇ ਕਰਜਾ ਚੁੱਕ ਕੇ ਅਤੇ ਆਪਣਾ ਕੁਝ ਵੇਚ ਕੇ ਵੀ ਸਾਨੂੰ ਪੈਸੇ ਦਾ ਪਰਬੰਧ ਕਰ ਦਿੰਦੇ ਸਨ। ਅਜਿਹੇ ਲੋਕਾਂ ਦੀ ਮਦਦ ਬਿਨਾ ਏਨੀ ਵੱਡੀ ਹਕੂਮਤ ਖਿਲਾਫ ਲੜਿਆ ਨਹੀਂ ਜਾ ਸਕਦਾ ਸੀ। ਬੈਂਕ ਮਾਂਜੇ ਜਾਂ ਉਗਰਾਹੀਆਂ ਰੋਜ ਨਹੀਂ ਹੋ ਸਕਦੇ ਸਨ। ਸੰਗਤ ਦਾ ਪੈਸਾ ਸਭ ਤੋਂ ਵੱਡਾ ਸਾਧਨ ਸੀ।

ਸਿੰਘਾਂ ਅਤੇ ਸੰਗਤਾਂ ਦਾ ਰਿਸ਼ਤਾ ਬਹੁਤ ਪਿਆਰ ਅਤੇ ਸਤਿਕਾਰ ਵਾਲਾ ਸੀ। ਜਦੋਂ ਚਾਚਾ ਮਥਰਾ ਸਿੰਘ ਸ਼ਹੀਦ ਹੋਇਆ ਤਾਂ ਅਸੀਂ ਸਭ ਤੋਂ ਪਹਿਲਾਂ ਉਹਦੇ ਖਾਸ ਬੰਦਿਆਂ ਨੂੰ ਕੋਈ ੭ ਕੁ ਲੱਖ ਰੁਪਏ ਕੁਝ ਦਿਨਾਂ ਵਿਚ ਹੀ ਵਾਪਸ ਮੋੜੇ। ਉਹਨਾਂ ਪਰਿਵਾਰਾਂ ਨੇ ਕੋਈ ਮੰਗ ਨਹੀਂ ਕੀਤੀ ਸੀ। ਉਹ ਤਾਂ ਅਜਿਹੇ ਬੰਦੇ ਸਨ ਜੋ ਆਪਣੀ ਸਾਰੀ ਜਾਇਦਾਦ ਵੇਚ ਕੇ ਸੰਘਰਸ਼ ਤੋਂ ਵਾਰ ਸਕਦੇ ਸਨ ਪਰ ਸਾਨੂੰ ਪਤਾ ਸੀ ਕਿ ਸਾਡੇ

ਸਿੰਘ ਦੀ ਰੂਹ ਤੇ ਬਹੁਤ ਵੱਡਾ ਬੋਝ ਹੋਏਗਾ ਕਿਉਂਕਿ ਉਹਨੇ ਕੁਝ ਸਜਣਾਂ ਤੋਂ ਪੈਸੇ ਉਧਾਰ ਕਰਕੇ ਲਏ ਸਨ ਤਾਂ ਇਹ ਹੋ ਨਹੀਂ ਸਕਦਾ ਸੀ ਕਿ ਅਸੀਂ ਉਹਦਾ ਕੌਲ ਨਾ ਪਾਲਦੇ। ਮੈਨੂੰ ਇਹ ਵਾਕਿਆ ਯਾਦ ਹੈ ਕਿ ਕਾਦੀਆਂ ਕੋਲ ਜਦੋਂ ਇਕ ਪਰਿਵਾਰ ਨੂੰ ਮੈਂ ਅਤੇ ਸੁਖਵਿੰਦਰ ਸਿੰਘ ਛਿੰਦੂ ਪੈਸੇ ਮੋੜਣ ਗਏ ਤਾਂ ਘਰ ਵਾਲੇ ਫੁਟ ਫੁਟ ਕੇ ਰੋਣ ਲੱਗ ਪਏ। ਉਹ ਸਾਥੋਂ ਪੈਸੇ ਨਹੀਂ ਲੈ ਰਹੇ ਸਨ ਤੇ ਬਹੁਤ ਤੜਫ ਨਾਲ ਰੋ ਰਹੇ ਸਨ ਜਿਸ ਕਰਕੇ ਸਾਡੇ ਵੀ ਮਨ ਭਰ ਆਏ। ਅਖੀਰ ਅਸੀਂ ਪੈਸੇ ਧਰ ਕੇ ਖੜ੍ਹੇ ਹੋਏ ਅਤੇ ਬਾਹਰ ਆ ਗਏ।

ਮੈਂ ਸੰਘਰਸ਼ ਵਾਲੀ ਜਿੰਦਗੀ ਵਿਚ ਵੇਖਿਆ ਹੈ ਕਿ ਪੈਸੇ ਦੀ ਆਪਣੀ ਰਵਾਨਗੀ (ਆਮਦ ਅਤੇ ਖਰਚ) ਸਰਬੱਤ ਦੇ ਭਲੇ ਅਤੇ ਜੰਗ ਵਿਚ ਬਹੁਤ ਸੋਹਣੀ ਅਤੇ ਚੰਗੀ ਹੁੰਦੀ ਹੈ। ਸੰਘਰਸ਼ ਦੌਰਾਨ ਸਾਡੇ ਕੋਲ ਕਰੋੜਾਂ ਆਏ ਅਤੇ ਗਏ। ਸਾਡੇ ਕੋਲ ਕਦੇ ਨਹੀਂ ਠਹਿਰੇ ਕਿਉਂਕਿ ਇਹ ਇੰਜਣ ਲਈ ਤੇਲ ਵਾਂਗ ਹੀ ਸਨ। ਅਸਲ ਗੱਲ ਹੈ ਕਿ ਪੈਸੇ ਦੇ ਹਾਸਲ ਕਰਨ ਦਾ ਮਨੋਰਥ ਅਤੇ ਤਰੀਕਾ ਜਾਇਜ ਹੋਣਾ ਚਾਹੀਦਾ ਹੈ ਤੇ ਉਹ ਸਹੀ ਥਾਂ ਤੇ ਖਰਚਿਆ ਜਾਣਾ ਚਾਹੀਦਾ ਹੈ। ਇਸ ਤਰ੍ਹਾਂ ਚਲਦਿਆਂ ਪੈਸੇ ਦੀ ਖੜੋਤ ਕਦੇ ਵੀ ਨਹੀਂ ਆਉਂਦੀ ਤੇ ਇਹ ਤੁਹਾਡੇ ਉਤੇ ਬੋਝ ਵੀ ਨਹੀਂ ਬਣਦਾ।

ਸੰਘਰਸ਼ ਦੌਰਾਨ ਸਿੰਘਾਂ ਵਿਚ ਪੈਸੇ ਦੇ ਖਰਚ ਪ੍ਰਤੀ ਬਹੁਤ ਸੰਜਮ ਸੀ। ਇਕ ਵਾਰ ਇਕ ਸਿੰਘ ਨੇ ਆਪਣੇ ਲਈ ਮਹਿੰਗੇ ਕਪੜੇ ਖਰੀਦ ਲਏ ਤਾਂ ਉਸਦੇ ਜਥੇ ਵਾਲਿਆਂ ਨੇ ਉਸ ਨਾਲ ਬੋਲਣਾ ਬੰਦ ਕਰ ਦਿੱਤਾ। ਉਹਨੂੰ ਉਹ ਕਪੜੇ ਕਿਸੇ ਠਾਹਰ ਵਾਲੇ ਪਰਿਵਾਰ ਨੂੰ ਦੇਣੇ ਪਏ। ਸੰਘਰਸ਼ ਵਿਚ ਪੈਸੇ ਲਈ, ਖਾਸ ਕਰਕੇ ਦਸਵੰਧ ਦੀ ਮਾਇਆ ਖਰਚਣ ਵੇਲੇ ਬਹੁਤ ਧਿਆਨ ਰੱਖਿਆ ਜਾਂਦਾ ਸੀ। ਉਸ ਵੇਲੇ ਮਾਹੌਲ ਐਸਾ ਸੀ ਕਿ ਬਿਨਾ ਸੰਘਰਸ਼ ਦੇ ਰਾਹ ਤੋਂ ਹੋਰ ਕਿਤੇ ਵੀ ਖਰਚਿਆ ਪੈਸਾ ਬਹੁਤ ਛੇਤੀ ਉਜਾਗਰ ਹੋ ਜਾਂਦਾ ਸੀ ਤੇ ਉਹਦਾ ਵਿਰੋਧ ਵੀ ਬਹੁਤ ਸਖਤ ਹੁੰਦਾ ਸੀ। ਜਦੋਂ ਤੁਸੀਂ ਆਪਾ ਵਾਰਨ ਦੇ ਰਾਹ ਤੁਰੇ ਹੋ ਤੇ ਤੁਹਾਡੇ ਸਾਥੀ ਸ਼ਹੀਦ ਹੋ ਰਹੇ ਹੋਣ ਤਾਂ ਓਦੋਂ ਤੁਹਾਡਾ ਕੁਝ ਵੀ ਨਿੱਜੀ ਨਹੀਂ ਹੁੰਦਾ। ਕੋਈ ਸਿੰਘ ਆਪਣੇ ਲਈ ਜਾਂ ਆਪਣੇ ਪਰਿਵਾਰਾਂ ਲਈ ਜਥੇ ਦੀ ਸਹਿਮਤੀ ਬਿਨਾ ਪੈਸੇ ਖਰਚ ਲਵੇ ਇਹ ਸੋਚਿਆ ਵੀ ਨਹੀਂ ਜਾ ਸਕਦਾ ਸੀ। ਸਾਡੇ ਲਈ ਬਹੁਤ ਵੱਡਾ ਗੁਨਾਹ ਸੀ ਤੇ ਇਹ ਗੁਨਾਹ ਹੋਣ ਨਾਲ ਗੱਲ ਮੌਤ ਤੱਕ ਜਾ ਪਹੁੰਚਦੀ ਸੀ। ਜੰਗ ਅਤੇ ਸ਼ਹਾਦਤ ਦੇ ਰੰਗ ਵਿਚੋਂ ਨਿਕਲ ਕੇ ਕੋਈ ਮੂਰਖ ਹੀ ਪੈਸੇ ਨੂੰ ਤਰਜੀਹ ਦੇ ਸਕਦਾ ਸੀ।

ਪੰਜਾਬ ਅਤੇ ਪੰਥ ਨੇ ਧਨ ਮਾਲ ਪੱਖੋਂ ਸੰਘਰਸ਼ ਦੀ ਬਹੁਤ ਮਦਦ ਕੀਤੀ ਇਸ ਮਦਦ ਕਰਕੇ ਪੰਜਾਬ ਨੂੰ ਸਰਕਾਰ ਹੱਥੋਂ ਡਾਢਾ ਇਵਜਾਨਾ ਭੁਗਤਣਾ ਪਿਆ। ਸਭ ਤੋਂ ਪਹਿਲਾਂ ਪੁਲਿਸ, ਏਜੰਸੀਆਂ ਅਤੇ ਕੈਟਾਂ ਰਾਹੀਂ ਸੰਘਰਸ਼ ਦੇ ਮਦਦਗਾਰਾਂ ਅਤੇ

ਸ਼ੁਭਚਿੰਤਕਾਂ ਨੂੰ ਨਿਸ਼ਾਨਾ ਬਣਾਇਆ ਗਿਆ। ਲੋਕਾਂ ਨੇ ਆਪਣੇ ਬੱਚਿਆਂ ਨੂੰ ਬਚਾਉਣ ਲਈ ਜਾਲਮਾਂ ਨੂੰ ਮੂੰਹੋਂ ਮੰਗਿਆ ਪੈਸਾ ਦਿੱਤਾ। ਤਸ਼ੱਦਦ ਤੋਂ ਬਚਣ ਲਈ ਵੀ ਲੋਕਾਂ ਨੇ ਪੈਸਾ ਦਿੱਤਾ। ਸਾਰੇ ਪੰਜਾਬ ਵਿਚ ਇਸ ਤਰ੍ਹਾਂ ਪੈਸੇ ਕਮਾਉਣ ਦਾ ਇਕ ਕਾਰੋਬਾਰ ਹੀ ਚੱਲ ਪਿਆ ਸੀ। ਸੁਰੱਖਿਆ ਦਸਤਿਆਂ ਲਈ ਇਹ ਆਮ ਸੀ ਕਿ ਕਿਸੇ ਵੀ ਖਾਂਦੇ ਪੀਂਦੇ ਘਰ ਦਾ ਮੁੰਡਾ ਚੁੱਕ ਲਵੋ ਤੇ ਜਿੱਡੀ ਮਰਜੀ ਰਕਮ ਵਸੂਲ ਲਵੋ। ਮੈਂ ਇਹੋ ਜਿਹੇ ਕਈ ਮਾਮਲੇ ਜਾਣਦਾ ਹਾਂ ਜਿਥੇ ਬੰਦਿਆਂ ਦਾ ਸਾਡੇ ਨਾਲ ਕੋਈ ਵੀ ਸਬੰਧ ਨਹੀਂ ਸੀ ਪਰ ਬੁੱਚੜ ਅਫਸਰਾਂ ਅਤੇ ਕੈਟਾਂ ਨੇ ਉਹਨਾਂ ਦੇ ਮੁੰਡੇ ਚੁੱਕ ਲਏ ਤੇ ਮੂੰਹੋਂ ਮੰਗੇ ਪੈਸੇ ਲੈ ਕੇ ਛੱਡ ਦਿੱਤੇ। ਅਜਿਹੇ ਪਰਿਵਾਰਾਂ ਨੇ ਫਿਰ ਬਾਹਰ ਭੇਜਣ ਵਾਲਿਆਂ ਨੂੰ ਮੂੰਹੋਂ ਮੰਗੇ ਪੈਸੇ ਦੇ ਕੇ ਆਪਣੇ ਬੱਚਿਆਂ ਨੂੰ ਬਾਹਰ ਭੇਜ ਦਿੱਤਾ। ਪੰਜਾਬ ਵਿਚੋਂ ਹੁਣ ਜੋ ਨੌਜਵਾਨ ਬਾਹਰ ਜਾਣ ਨੂੰ ਝਾਕ ਰਹੇ ਹਨ ਉਹਨਾਂ ਨੂੰ ਸ਼ਾਇਦ ਪਤਾ ਨਹੀਂ ਕਿ ਇਹ ਮੁਹਿੰਮ ਦਾ ਅਗਾਜ ਇਸ ਦਰਦਨਾਕ ਤਰੀਕੇ ਨਾਲ ਵੀ ਹੋਇਆ ਹੈ। ਇਹ ਲੋਕ ਔਰਤਾਂ ਨੂੰ ਵੀ ਨਹੀਂ ਬਖਸ਼ਦੇ ਸਨ। ਲੁਧਿਆਣੇ ਤੋਂ ਡਾ. ਗੁਰਪ੍ਰੀਤ ਸਿੰਘ ਵਿਰਕ ਦੀ ਸ਼ਹਾਦਤ ਮਗਰੋਂ ਉਹਦੀ ਸਿੰਘਣੀ ਨੂੰ ਆਪਣੇ ਪੇਕਿਆਂ ਦੇ ਘਰ ਜਾਣਾ ਪਿਆ। ਉਹਦੇ ਪੇਕਿਆਂ ਨੇ ਇਹ ਠਾਣ ਲਈ ਕਿ ਉਹ ਆਪਣੀ ਧੀ ਨੂੰ ਥਾਣੇ ਨਹੀਂ ਜਾਣ ਦੇਣਗੇ। ਜਦੋਂ ਵੀ ਪੁਲਿਸ ਉਹਨਾਂ ਦੇ ਘਰ ਗਈ ਤਾਂ ਮੋਟੀ ਰਕਮ ਲੈ ਕੇ ਵਾਪਸ ਮੁੜੀ। ਆਪਣੀ ਧੀ ਨੂੰ ਬਚਾਉਂਦਿਆਂ ਕਈ ਸਾਲਾਂ ਦੇ ਸਮੇਂ ਵਿਚ ਉਹਨਾਂ ਦੀ ਸਾਰੀ ਸ਼ਹਿਰੀ ਜਾਇਦਾਦ ਵਿਕ ਗਈ। ਇਹ ਅਜਿਹੇ ਬਹੁਤ ਘਰਾਂ ਦੀ ਕਹਾਣੀ ਹੈ ਜਿਹੜਿਆਂ ਨੇ ਆਪਣੇ ਧੀਆਂ ਪੁੱਤਾਂ ਨੂੰ ਬਚਾਉਣ ਲਈ ਪੈਸੇ ਦੇ ਰੂਪ ਵਿਚ ਮਾਰ ਝੱਲੀ। ਅਨੇਕਾਂ ਸਿੱਖਾਂ ਨੇ ਸਰਕਾਰ ਦੇ ਕਰਿੰਦਿਆਂ ਨੂੰ ਅਣਕਿਆਸਿਆ ਸਰਮਾਇਆ ਦਿੱਤਾ।

ਦੂਸਰਾ ਇਵਜਾਨਾ ਲੁਟੇਰੇ ਤੇ ਮੌਕਾਪ੍ਰਸਤ ਲੋਕਾਂ ਨੇ ਲਿਆ ਜਿਹੜਿਆਂ ਨੇ ਸੰਘਰਸ਼ ਦੇ ਸਤਿਕਾਰ ਅਤੇ ਭੈਅ ਦਾ ਫਾਇਦਾ ਲਿਆ ਅਤੇ ਉਹਨੂੰ ਬਦਨਾਮ ਵੀ ਕੀਤਾ, ਦੁਸ਼ਮਣ ਨਾਲ ਜੰਗ ਦੌਰਾਨ ਏਹਨਾਂ ਟੋਲਿਆਂ ਨੇ ਸਾਡੇ ਬਹੁਤ ਸਮੇਂ, ਊਰਜਾ ਅਤੇ ਬੰਦਿਆਂ ਨੂੰ ਵੀ ਖਾਧਾ। ਲੋਕਾਂ ਤੋਂ ਧਮਕੀਆਂ ਅਤੇ ਚਿੱਠੀਆਂ ਰਾਹੀਂ ਪੈਸੇ ਉਗਰਾਹੇ। ਮੈਨੂੰ ਇਹ ਗੱਲ ਲਿਖਣ ਵਿਚ ਕੋਈ ਸੰਕੋਚ ਨਹੀਂ ਕਿ ਸੰਘਰਸ਼ ਦੇ ਨਾਂ ਉਤੇ ਸਾਡੇ ਆਪਣਿਆਂ ਵਿਚੋਂ ਹੀ ਕੁਝ ਹਿੱਸੇ ਨੇ ਵੀ ਇਹ ਕਾਰਵਾਈਆਂ ਕੀਤੀਆਂ। ਕੁਝ ਦਾ ਪਤਾ ਲੱਗਿਆ ਤਾਂ ਵਰਜਿਆ ਵੀ, ਵਰਜਣ ਮਗਰੋਂ ਕੁਝ ਨੂੰ ਸਜਾ ਵੀ ਮਿਲੀ ਪਰ ਇਹ ਗੱਲ ਵੀ ਸਹੀ ਹੈ ਕਿ ਸਮੁੱਚਾ ਸੰਘਰਸ਼ ਕਦੇ ਵੀ ਇਕ ਜਾਬਤੇ ਵਿਚ ਨਹੀਂ ਚੱਲਿਆ। ਇਕ ਅਜਿਹਾ ਹਿੱਸਾ ਸੰਘਰਸ਼ ਵਿਚ ਸਦਾ ਹੀ ਸਰਗਰਮ ਰਿਹਾ ਜੋ ਸਿੱਖ ਸਿਧਾਂਤ ਅਤੇ ਸੰਘਰਸ਼ ਦੀ ਰੂਹ ਦੇ ਹਾਣ ਦਾ ਨਹੀਂ ਸੀ।

ਬੈਂਕ ਦੀ ਘੋਖ ਅਤੇ ਮਾਂਜਾ

ਖਾੜਕੂ ਸੰਘਰਸ਼ ਦੌਰਾਨ ਪੈਸੇ ਦੇ ਕਈ ਸਾਧਨਾਂ ਵਿੱਚੋਂ ਬੈਂਕ ਮਾਂਜਣਾ ਵੀ ਇੱਕ ਸਾਧਨ ਸੀ। ਕਈ ਤਰ੍ਹਾਂ ਦੇ ਬੈਂਕ ਹੁੰਦੇ ਹਨ, ਜਿਵੇਂ ਸਹਿਕਾਰੀ ਬੈਂਕ, ਖੇਤੀਬਾੜੀ ਬੈਂਕ ਤੇ ਸਰਕਾਰੀ ਬੈਂਕ। ਅਸੀਂ ਜਿਆਦਾਤਰ ਸਰਕਾਰੀ ਬੈਂਕਾਂ ਨੂੰ ਹੀ ਹੱਥ ਪਾਉਂਦੇ ਸੀ। ਜਿੰਨੇ ਕੁ ਪੈਸੇ ਦੀ ਲੋੜ ਹੁੰਦੀ ਸੀ ਉਸ ਮੁਤਾਬਕ ਬੈਂਕ ਚੁਣ ਲਿਆ ਜਾਂਦਾ ਸੀ। ਛੋਟੇ ਥਾਵਾਂ ਉਤੇ ਪੈਸਾ ਘੱਟ ਹੁੰਦਾ ਹੈ ਤੇ ਪਹਿਰੇਦਾਰੀ ਵੀ ਘੱਟ ਹੁੰਦੀ ਹੈ। ਵੱਡੀਆਂ ਬ੍ਰਾਂਚਾਂ ਵਿਚ ਇਸ ਤੋਂ ਉਲਟ ਹੁੰਦਾ ਹੈ। ਉਸ ਵੇਲੇ ਇਹ ਕੰਮ ਸਾਨੂੰ ਸੌਖਾ ਲਗਦਾ ਸੀ ਪਰ ਅਸਲ ਵਿਚ ਕਦੇ ਵੀ ਸੌਖਾ ਨਹੀਂ ਹੁੰਦਾ। ਸਾਨੂੰ ਵੀ ਇਹਦੇ ਲਈ ਬਹੁਤ ਸਾਰੀਆਂ ਗੱਲਾਂ ਦਾ ਧਿਆਨ ਰੱਖਣਾ ਪੈਂਦਾ ਸੀ ਅਤੇ ਗਿਣੇ ਮਿਥੇ ਤਰੀਕੇ ਨਾਲ ਕਰਨਾ ਪੈਂਦਾ ਸੀ। ਬੈਂਕਾਂ ਨੂੰ ਮਾਂਜਾ ਲਾਉਣ ਦਾ ਪਹਿਲਾ ਜਰੂਰੀ ਹਿੱਸਾ ਉਹਨਾਂ ਦੀ ਘੋਖ ਕਰਨਾ ਹੁੰਦਾ ਸੀ ਅਤੇ ਦੂਜਾ ਇਹ ਕੰਮ ਨੂੰ ਵਿਉਂਤ ਬਣਾ ਕੇ ਸਿਰੇ ਚੜ੍ਹਾਉਣਾ।

ਕਿਸੇ ਬੈਂਕ ਜਾਂ ਬੰਦੇ ਦੀ ਘੋਖ ਕਰਨੀ ਬੜਾ ਅਕਾਊ ਅਤੇ ਥਕਾਉਣ ਵਾਲਾ ਕੰਮ ਹੁੰਦਾ ਹੈ। ਇਸ ਵਿੱਚ ਖਤਰਾ ਹੁੰਦਾ ਹੈ ਕਿ ਕਿਸੇ ਨੂੰ ਸ਼ੱਕ ਨਾ ਹੋ ਜਾਵੇ ਪਰ ਮਿਹਨਤ ਬਿਨਾ ਕੁਝ ਵੀ ਸਿਰੇ ਨਹੀਂ ਚੜ੍ਹਦਾ। ਅਸੀਂ ਆਪਣੇ ਹਰ ਟੀਚੇ ਦੀ ਸੰਭਵ ਹੱਦ ਤੱਕ ਵਿਸਥਾਰ ਨਾਲ ਜਾਣਕਾਰੀ ਲੈਂਦੇ ਸੀ ਅਤੇ ਉਸ ਨੂੰ ਚੰਗੀ ਤਰ੍ਹਾਂ ਜਾਣ ਲੈਂਦੇ ਸੀ। ਸਿਰਫ ਦੋ ਤਿੰਨ ਥਾਵਾਂ ਤੇ ਹੀ ਸਾਡੇ ਜਥੇ ਨੇ ਇੱਕੋ ਦਿਨ ਦੀ ਘੋਖ ਕਰਕੇ ਉਸੇ ਦਿਨ ਮਾਂਜ ਦਿੱਤਾ। ਇਹ ਬੈਂਕ ਛੋਟੇ ਅਤੇ ਸੁਰੱਖਿਅਤ ਜਾਪਦੇ ਸਨ ਅਤੇ ਏਹ ਕੰਮ ਅਸੀਂ ਕਿਸੇ ਯੋਜਨਾਬੰਦੀ ਵਿੱਚ ਨਹੀਂ ਕੀਤੇ, ਚਲੋ ਇਹ ਸਾਡੇ ਸਾਹਮਣੇ ਆ ਰਿਹਾ ਹੈ ਤਾਂ ਇਨ੍ਹਾਂ ਨੂੰ ਆਪਣੀ ਲਪੇਟ ਵਿਚ ਲੈ ਲਈਏ ਕਿਉਂਕਿ ਪੈਸੇ ਦੀ ਸਦਾ ਥੋੜ ਹੀ ਹੁੰਦੀ ਸੀ ਤੇ ਦੇਣਦਾਰੀਆਂ ਬਹੁਤ ਹੁੰਦੀਆਂ ਸਨ।

ਘੋਖ ਦਾ ਅਮਲ

ਜਰੂਰਤ ਮੁਤਾਬਿਕ ਕਿਸੇ ਬੈਂਕ ਦੀ ਚੋਣ ਕਰਨੀ ਅਤੇ ਬਾਅਦ ਵਿਚ ਕਾਰਵਾਈ

ਨੂੰ ਸਿਰੇ ਚੜ੍ਹਾਉਣ ਲਈ ਇਹ ਬਹੁਤ ਅਹਿਮ ਕੰਮ ਹੁੰਦਾ ਹੈ ਕਿ ਸਾਰੇ ਹਾਲਾਤ ਨੂੰ ਧਿਆਨ ਨਾਲ ਵਾਚਿਆ ਜਾਵੇ ਅਤੇ ਹਰ ਸੰਭਵ ਅਣਹੋਣੀ ਬਾਰੇ ਸੋਚਿਆ ਜਾਵੇ। ਕਈ ਵਾਰ ਇਹ ਕੰਮ ਇੱਕ ਦਿਨ ਵਿੱਚ ਹੀ ਹੋ ਜਾਂਦਾ ਹੈ। ਕਈ ਵਾਰ ਮਹੀਨੇ ਵੀ ਲੱਗ ਸਕਦੇ ਹਨ।

ਇਸ ਵਿੱਚ ਸਭ ਤੋਂ ਪਹਿਲਾਂ ਇਹ ਅੰਦਾਜਾ ਲਾਉਣਾ ਕਿ ਬੈਂਕ ਵਿਚ ਕਿੰਨੀ ਰਕਮ ਹੋ ਸਕਦੀ ਹੈ ? ਆਲੇ ਦੁਆਲੇ ਵਿਚ ਬੈਂਕ ਦੀ ਲੋੜ ਅਤੇ ਮਾਨਤਾ ਕਿਹੋ ਜਿਹੀ ਹੈ ? ਇਸ ਤੋਂ ਬਾਅਦ ਇਹ ਦੇਖਣਾ ਕਿ ਬੈਂਕ ਕਿਹੋ ਜਿਹੀ ਜਗ੍ਹਾ ਤੇ ਹੈ? ਉਸ ਨੂੰ ਕਿਹੋ ਜਿਹੀ ਪਹੁੰਚ ਹੈ? ਕਿੰਨੀਆਂ ਗਲੀਆਂ ਜਾਂ ਸੜਕਾਂ ਲੱਗਦੀਆਂ ਹਨ ਤੇ ਉਸ ਥਾਂ ਤੋਂ ਬਾਹਰ ਨਿਕਲਣ ਲਈ ਕਿੰਨੇ ਰਸਤੇ ਹਨ ? ਫਿਰ ਇਹ ਵੇਖਣਾ ਕਿ ਉਸਦੇ ਨੇੜੇ ਤੇੜੇ ਕੋਈ ਚੌਂਕੀ, ਥਾਣਾ ਜਾਂ ਪੱਕਾ ਨਾਕਾ ਤਾਂ ਨਹੀਂ ਹੈ? ਫੇਰ ਬੈਂਕ ਦੇ ਸੁਰੱਖਿਆ ਪ੍ਰਬੰਧ ਬਾਰੇ ਦੇਖਣਾ। ਛੋਟੇ ਬੈਂਕਾਂ ਵਿਚ ਆਮ ਤੌਰ ਤੇ ਇੱਕ ਦੁਨਾਲੀ ਵਾਲਾ ਪਹਿਰੇਦਾਰ ਹੀ ਹੁੰਦਾ ਸੀ ਅਤੇ ਕੁਝ ਵੱਡੇ ਬੈਂਕਾਂ ਵਿਚ ਦੋ ਬੰਦੇ ਹੁੰਦੇ ਸਨ।

ਬੈਂਕਾਂ ਦੇ ਪਹਿਰੇਦਾਰ ਆਮ ਤੌਰ ਤੇ ਸਾਬਕਾ ਫੌਜੀ ਹੀ ਹੁੰਦੇ ਹਨ ਅਤੇ ਇਨ੍ਹਾਂ ਦਾ ਬਹੁਤ ਜਿਆਦਾ ਧਿਆਨ ਰੱਖਣਾ ਪੈਂਦਾ ਹੈ। ਜੇਕਰ ਓਹਨਾਂ ਨੂੰ ਸੰਭਲਣ ਦਾ ਮੌਕਾ ਵੀ ਮਿਲ ਜਾਵੇ ਤਾਂ ਜਜਬਾਤ ਵਿੱਚ ਆ ਕੇ ਵੀ ਮਰ ਸਕਦੇ ਹਨ ਕਿਉਂਕਿ ਇਹਨਾਂ ਨੇ ਫੌਜੀ ਹੋਣ ਦਾ ਮਾਣ ਅਤੇ ਦੇਸ਼ ਪ੍ਰੇਮ ਦਾ ਪਾਠ ਪੜ੍ਹਿਆ ਹੁੰਦਾ ਹੈ। ਸਾਡੇ ਜਥੇ ਵਿੱਚੋਂ ਸੁਖਵਿੰਦਰ ਸਿੰਘ ਛਿੰਦੂ ਤੇ ਗੁਰਸ਼ਰਨ ਸਿੰਘ ਗਾਮਾ (ਭਲਵਾਨ) ਇਸ ਕੰਮ ਵਿੱਚ ਬਹੁਤ ਮਾਹਰ ਸਨ। ਸੁਖਵਿੰਦਰ ਸਿੰਘ ਛਿੰਦੂ ਬਹੁਤ ਤਕੜਾ ਅਤੇ ਇਸ ਕੰਮ ਵਿੱਚ ਮਾਹਰ ਸੀ ਕਿ ਉਹ ਇਕੱਲਾ ਵੀ ਅੱਖ ਝਪਕਦਿਆਂ ਹੀ ਪਹਿਰੇਦਾਰ ਤੋਂ ਹਥਿਆਰ ਖੋਹ ਲੈਂਦਾ ਸੀ।

ਕਈ ਬੈਂਕ ਮਾਂਜਿਆਂ ਤੋਂ ਬਾਅਦ ਸਰਕਾਰ ਨੇ ਬੈਂਕਾਂ ਕੋਲ ਪੁਲਿਸ ਗਾਰਦ ਲਾਉਣੀ ਸ਼ੁਰੂ ਕਰ ਦਿੱਤੀ। ਉਹ ਮੋਟਰਸਾਈਕਲ ਤੇ ਦੋ ਜਣੇ ਬੈਂਕ ਕੋਲ ਗੇੜੇ ਕੱਢਦੇ ਰਹਿੰਦੇ ਸਨ। ਵੱਡੇ ਬੈਂਕਾਂ ਨਾਲ ਪੱਕੀਆਂ ਗਾਰਦਾਂ ਲੱਗ ਗਈਆਂ ਸਨ।

ਕਾਰਵਾਈ ਪਾਉਣ ਤੋਂ ਪਹਿਲਾਂ ਬੈਂਕ ਦੇ ਅੰਦਰ ਜਾ ਕੇ ਇਹ ਵੀ ਪਤਾ ਲਾਉਣਾ ਹੁੰਦਾ ਹੈ ਕਿ ਇਹ ਕਿੰਨਾ ਵੱਡਾ ਹੈ? ਕਿੰਨੇ ਕਮਰੇ ਹਨ? ਖਾਸ ਕਰਕੇ ਇਹ ਪਤਾ ਕਰਨਾ ਹੁੰਦਾ ਸੀ ਕਿ ਕੋਈ ਤਹਿਖਾਨਾ ਤਾਂ ਨਹੀਂ ? ਇਸ ਦੇ ਕਿੰਨੇ ਪੱਕੇ ਮੁਲਾਜਮ ਹਨ ? ਵੱਡੇ, ਛੋਟੇ ਅਧਿਕਾਰੀਆਂ, ਖਜਾਨਚੀ ਦੀ ਪਛਾਣ ਕਰਨੀ, ਇਹ ਵੀ ਦੇਖਣਾ ਹੁੰਦਾ ਹੈ ਕਿ ਕਿੰਨੀਆਂ ਖਿੜਕੀਆਂ ਅਤੇ ਕੁਰਸੀਆਂ ਹਨ? ਚਲੰਤ ਮਾਇਆ ਦੀ ਕਿਹੜੀ ਅਲਮਾਰੀ ਹੈ ਅਤੇ ਰਾਖਵੇਂ ਪੈਸੇ ਦੀ ਕਿਹੜੀ ਅਲਮਾਰੀ ਹੈ? ਇਸ ਤੋਂ ਬਾਅਦ ਬਹੁਤ ਜਰੂਰੀ ਹੁੰਦਾ ਸੀ ਕਿ ਦੇਖਿਆ ਜਾਵੇ ਕਿੰਨੇ ਟੈਲੀਫੋਨ ਹਨ (ਉਸ ਵਕਤ ਮੋਬਾਈਲ

ਨਹੀਂ ਸਨ ਹੁੰਦੇ)। ਇਹ ਵੀ ਦੇਖਣਾ ਕਿ ਬੈਂਕ ਵਿਚ ਖਤਰੇ/ਚਿਤਾਵਨੀ ਦਾ ਕੀ ਪ੍ਰਬੰਧ ਹੈ? ਓਹਨਾਂ ਦਿਨਾਂ ਵਿੱਚ ਦੋ ਤਰ੍ਹਾਂ ਦੇ ਪ੍ਰਬੰਧ ਹੁੰਦੇ ਸਨ। ਇਕ ਤਾਂ ਮੈਨੇਜਰ ਦੇ ਕਮਰੇ ਵਿਚ ਅਲਾਰਮ ਦਾ ਬਟਨ ਹੁੰਦਾ ਸੀ। ਕਈ ਵਾਰ ਉਸ ਦੀ ਕੁਰਸੀ ਦੇ ਕੋਲ ਹੀ ਹੁੰਦਾ ਸੀ। ਕਈ ਖਾਸ ਥਾਂਵਾਂ ਤੇ ਇਹ ਪ੍ਰਬੰਧ ਵੀ ਹੁੰਦਾ ਸੀ ਕਿ ਬੈਂਕ ਦਾ ਸਿੱਧਾ ਸਬੰਧ ਨੇੜਲੇ ਥਾਣੇ ਨਾਲ ਹੁੰਦਾ ਸੀ। ਇਕ ਬਟਣ ਦਬਾਉਣ ਤੇ ਘੰਟੀ ਸਿੱਧੀ ਥਾਣੇ ਵਿੱਚ ਵੱਜਦੀ ਸੀ ਅਤੇ ਤੁਹਾਨੂੰ ਕੁਝ ਪਤਾ ਨਹੀਂ ਸੀ ਲੱਗਦਾ ਪਰ ਥਾਣੇ ਨੂੰ ਪਤਾ ਲੱਗ ਜਾਂਦਾ ਸੀ ਕਿ ਬੈਂਕ ਚ ਕੋਈ ਗੜਬੜ ਹੈ। ਕਈ ਥਾਂ ਇਹ ਬਟਨ ਵੱਡੇ-ਛੋਟੇ ਅਧਿਕਾਰੀਆਂ ਦੇ ਪੈਰ ਕੋਲ ਹੁੰਦਾ ਸੀ ਅਤੇ ਦਿਸਦਾ ਨਹੀਂ ਸੀ। ਫਿਰ ਇਹ ਦੇਖਣਾ ਹੁੰਦਾ ਸੀ ਕਿ ਬਾਹਰੋਂ ਬੈਂਕ ਦੇ ਅੰਦਰ ਕੁਝ ਦਿਖਦਾ ਤਾਂ ਨਹੀਂ, ਜਿੱਥੇ ਦਿਸਦਾ ਹੁੰਦਾ ਸੀ ਉੱਥੇ ਬੈਂਕ ਮਾਂਜਣ ਲਈ ਪਹਿਲਾਂ ਪਰਦੇ ਖਿੱਚਣੇ ਪੈਂਦੇ ਸੀ।

ਇਹ ਸਾਰੀਆਂ ਗੱਲਾਂ ਤੁਹਾਨੂੰ ਅੰਦਰ ਜਾ ਕੇ ਹੀ ਅਤੇ ਧਿਆਨ ਨਾਲ ਵੇਖਿਆਂ ਹੀ ਪਤਾ ਲੱਗਦੀਆਂ ਸਨ। ਮੈਨੇਜਰ ਅਤੇ ਖਜਾਨਚੀ ਦੇ ਕਮਰਿਆਂ ਵਿੱਚ ਵੀ ਕਿਸੇ ਬਹਾਨੇ ਜਾਣਾ ਪੈਂਦਾ ਸੀ ਤਾਂ ਕਿ ਅਲਾਰਮ ਦਾ ਪ੍ਰਬੰਧ ਪਤਾ ਲੱਗ ਸਕੇ। ਇਹ ਕੰਮ ਅਸੀਂ ਆਪ ਹੀ ਕਰਦੇ ਸੀ ਅਤੇ ਕੋਈ ਬਹਾਨਾ ਬਣਾ ਲੈਂਦੇ ਸੀ। ਕਈ ਵਾਰੀ ਖਾਤਾ ਖੋਲ੍ਹਣ ਦਾ, ਕਈ ਵਾਰੀ ਪੈਸੇ ਕਢਾਉਣ ਦਾ, ਕਈ ਵਾਰੀ ਪੈਸੇ ਬਦਲਾਉਣ ਦਾ ਪਤਾ ਕਰਨ ਦਾ ਤੇ ਕਈ ਵਾਰੀ ਪੱਤਰਕਾਰ ਬਣ ਕੇ ਵੀ ਇਹੋ ਜਿਹੀ ਜਾਣਕਾਰੀ ਇਕੱਠੀ ਕਰਦੇ ਸੀ। ਲੁਧਿਆਣੇ ਵਾਲੀ ਬੈਂਕ ਦਾ ਮਾਂਜਾ ਲਾਉਣ ਲਈ ਤਿੰਨ ਚਾਰ ਮਹੀਨੇ ਹਰਜਿੰਦਰ ਸਿੰਘ ਜਿੰਦਾ, ਸਤਨਾਮ ਸਿੰਘ ਬਾਵਾ, ਚਰਨਜੀਤ ਸਿੰਘ ਤਲਵੰਡੀ ਤੇ ਮਨਜੀਤ ਸਿੰਘ ਮੰਜੂ ਨੇ ਪੂਰੀ ਘੋਖ ਕੀਤੀ। ਇਸ ਕੰਮ ਨੂੰ ਪੂਰਾ ਕਰਨ ਲਈ ਓਹਨਾਂ ਨੇ ਬੈਂਕ ਦੇ ਸਾਹਮਣੇ ਕਿਰਾਏ ਤੇ ਇੱਕ ਦੁਕਾਨ ਵੀ ਲਈ ਜਿਸ ਦਾ ਕਿਸੇ ਨੂੰ ਬਾਅਦ ਵਿੱਚ ਵੀ ਪਤਾ ਨਾ ਲੱਗਿਆ।

ਇਹ ਵੀ ਪਤਾ ਲਾਇਆ ਜਾਂਦਾ ਸੀ ਕਿ ਕਿਹੜਾ ਸਮਾਂ ਬੈਂਕ ਮਾਂਜੇ ਲਈ ਸਭ ਤੋਂ ਬਿਹਤਰ ਹੈ, ਜਦੋਂ ਸਭ ਤੋਂ ਘੱਟ ਸੁਰੱਖਿਆ ਤੇ ਸਭ ਤੋਂ ਜਿਆਦਾ ਪੈਸਾ ਹੋਵੇ। ਅਸੀਂ ਕਿਸੇ ਵੀ ਸਮੇਂ ਮਾਂਜਾ ਲਾ ਦਿੰਦੇ ਸੀ ਸਵੇਰੇ, ਦੁਪਹਿਰੇ ਅਤੇ ਸ਼ਾਮ ਨੂੰ ਵੀ। ਲੁਧਿਆਣੇ ਬੈਂਕ ਵਿੱਚ ਅਸੀਂ ਉਸਦੇ ਖੁੱਲ੍ਹਣ ਸਾਰ ਹੀ ਉਸ ਤੇ ਕਬਜਾ ਕਰ ਲਿਆ ਸੀ। ਬੰਬੇ ਵਿਚ ਅਸੀਂ ਇਕ ਬੈਂਕ ਦੇਰ ਸ਼ਾਮ ਨੂੰ ਹੌਲਾ ਕੀਤਾ। ਪੰਜਾਬ ਵਿੱਚ ਬੈਂਕਾਂ ਵਾਲੇ ਕਈ ਬੰਦੇ ਇਹ ਗੱਲ ਸੁਣ ਕੇ ਖੁਸ਼ ਹੁੰਦੇ ਸੀ ਤੇ ਆਪਣੀ ਹੱਦ ਤੋਂ ਬਾਹਰ ਜਾ ਕੇ ਸਾਡੀ ਮਦਦ ਕਰਨ ਤਕ ਜਾਂਦੇ ਸੀ।

ਬੈਂਕ ਮਾਂਜੇ ਵਿਚ ਸਭ ਤੋਂ ਅਹਿਮ ਹੁੰਦਾ ਹੈ ਕਿ ਤੁਸੀਂ ਸਾਰੇ ਮੁਲਾਜਮਾਂ ਅਤੇ ਗਾਹਕਾਂ ਨੂੰ ਕਾਬੂ ਕਰ ਲਵੋ ਪਰ ਓਹਨਾਂ ਨੂੰ ਕੋਈ ਔਖ ਮਹਿਸੂਸ ਨਾ ਹੋਵੇ ਤੇ ਆਪਣੀ

ਜਾਨ ਦਾ ਕੋਈ ਖਤਰਾ ਨਾ ਲੱਗੇ। ਦੋ ਨੁਕਤੇ ਸਦਾ ਧਿਆਨ ਵਿਚ ਰੱਖੀਦੇ ਸਨ ਕਿ ਘੱਟ ਤੋਂ ਘੱਟ ਸਮੇਂ ਦੀ ਵਰਤੋਂ ਕੀਤੀ ਜਾਵੇ ਤੇ ਹਥਿਆਰ ਵੀ ਘੱਟ ਤੋਂ ਘੱਟ ਹੀ ਦਿਖਾਏ ਜਾਣ। ਬਹੁਤੇ ਬੈਂਕ ਮਾਂਜਣ ਦਾ ਤਰੀਕਾ ਇਹੋ ਜਿਹਾ ਹੀ ਹੁੰਦਾ ਸੀ। ਨਿਸ਼ਚਿਤ ਕੀਤੇ ਸਮੇਂ ਤੇ ਬਿਲਕੁਲ ਤਿਆਰ ਹੋ ਕੇ ਜਾਣਾ। ਕਈ ਵਾਰ ਕੋਈ ਬੰਦਾ ਬਾਹਰ ਨਿਗਾਹ ਲਈ ਖੜ੍ਹਾ ਕੀਤਾ ਜਾਂਦਾ ਸੀ ਅਤੇ ਕਈ ਵਾਰ ਨਹੀਂ ਵੀ ਸੀ ਖੜ੍ਹਦਾ। ਸਾਰੇ ਅਲੱਗ ਅਲੱਗ ਹੋ ਕੇ ਅੰਦਰ ਵੜਦੇ ਸੀ ਤੇ ਆਪਸ ਵਿੱਚ ਪੂਰੀ ਸਮਝਦਾਰੀ ਵਾਲੀ ਸਾਂਝ ਹੁੰਦੀ ਸੀ। ਅੱਖਾਂ ਦਾ ਇਸ਼ਾਰਾ ਹੀ ਹੁੰਦਾ ਸੀ। ਜਦੋਂ ਇਕੋ ਹੀ ਜਥੇ ਨੇ ਕਈ ਕੰਮ ਇਕੱਠਿਆਂ ਕਰੇ ਹੋਣ ਤੇ ਓਹਨਾਂ ਦੇ ਦਿਲਾਂ ਤੇ ਦਿਮਾਗ ਦੀ ਇੱਕੋ ਜਿਹੀ ਸਮਝ ਬਣ ਜਾਂਦੀ ਹੈ। ਬਿਨਾ ਬੋਲਿਆਂ ਹੀ ਇੱਕ ਦੂਜੇ ਦੇ ਹਾਵ ਭਾਵ ਅਤੇ ਅਮਲ ਤੋਂ ਹੀ ਸਮਝ ਆ ਜਾਂਦੀ ਹੈ ਕਿ ਕੀ ਕਿਹਾ ਜਾ ਰਿਹਾ ਹੈ। ਖਤਰੇ ਅਤੇ ਤਣਾਅ ਵਾਲੀ ਸਥਿਤੀ ਵਿੱਚ ਤੁਹਾਡੇ ਵਿੱਚ ਇਹ ਇੱਕ ਤਰ੍ਹਾਂ ਦੀ ਸ਼ਾਂਤ ਵਾਰਤਾਲਾਪ ਬਣ ਜਾਂਦੀ ਹੈ। ਜੋ ਬੰਦਿਆਂ ਵਿਚ ਹੌਲੀ ਹੌਲੀ ਬਹੁਤ ਵਿਕਸਤ ਹੋ ਜਾਂਦੀ ਹੈ ਅਤੇ ਇਹ ਤੁਹਾਡੀ ਕਾਮਯਾਬੀ ਦਾ ਰਾਜ ਹੋ ਨਿੱਬੜਦੀ ਹੈ। ਜਦੋਂ ਮੈਨੂੰ ਇੱਕ ਵਾਰ ਪੁਲਿਸ ਨੇ ਘੇਰ ਲਿਆ ਤੇ ਸਾਰੇ ਪਾਸੇ ਪੁਲਿਸ ਹੀ ਪੁਲਿਸ ਸੀ ਤਾਂ ਜਿਸ ਤਰ੍ਹਾਂ ਦੂਰੋਂ ਸੁਖਵਿੰਦਰ ਸਿੰਘ ਛਿੰਦੂ ਮੇਰੇ ਵੱਲ ਤੁਰਿਆ ਆ ਰਿਹਾ ਸੀ ਅਤੇ ਜਿਸ ਤਰ੍ਹਾਂ ਜਿੰਦੇ ਨੇ ਕਾਰ ਚਾਲੂ ਕੀਤੀ ਤਾਂ ਮੈਨੂੰ ਸਮਝ ਆ ਗਿਆ ਕਿ ਹੁਣ ਤਾਬੜਤੋੜ ਗੋਲੀਬਾਰੀ ਕਰਨੀ ਹੈ ਅਸੀਂ ਤਿੰਨਾਂ ਨੇ ਇੰਝ ਹੀ ਕੀਤਾ। ਸਾਡੇ ਇਸ ਗੁਪਤ ਵਾਰਤਾਲਾਪ ਨਾਲ ਉੱਥੇ ਖੜ੍ਹੇ ਦਰਜਨਾਂ ਪੁਲਿਸ ਵਾਲੇ ਖੜ੍ਹੇ ਹੀ ਰਹਿ ਗਏ ਅਤੇ ਅਸੀਂ ਚੰਦ ਪਲਾਂ ਚ ਧੂੰਆਂਧਾਰ ਕਰਕੇ ਨਿਕਲ ਗਏ।

ਸਫਲ ਬੈਂਕ ਮਾਂਜੇ ਲਈ ਸਾਰੇ ਕੰਮ ਇੱਕੋ ਸਮੇਂ ਕਰਨੇ ਹੁੰਦੇ ਹਨ। ਇੱਕ ਬੰਦਾ ਮੈਨੇਜਰ ਕੋਲ ਜਾਂਦਾ ਹੈ ਤੇ ਉਸ ਨਾਲ ਗੱਲਬਾਤ ਕਰਨੀ ਸ਼ੁਰੂ ਕਰਦਾ ਹੈ। ਇੱਕ ਬੰਦਾ ਖਜਾਨਚੀ ਕੋਲ ਖੜ੍ਹ ਜਾਂਦਾ ਹੈ ਅਤੇ ਦੋ ਬੰਦੇ ਪਹਿਰੇਦਾਰ ਕੋਲ ਚਲੇ ਜਾਂਦੇ। ਕੰਮ ਦੀ ਸ਼ੁਰੂਆਤ ਪਹਿਰੇਦਾਰ ਦੀ ਬੰਦੂਕ ਖੋਹਣ ਤੋਂ ਹੁੰਦੀ ਹੈ। ਇਕ ਬੰਦਾ ਪਹਿਰੇਦਾਰ ਤੇ ਪਸਤੌਲ ਤਾਣਦਾ ਸੀ ਅਤੇ ਦੂਸਰਾ ਉਸ ਤੋਂ ਬੰਦੂਕ ਖੋਹ ਲੈਂਦਾ ਸੀ। ਇਨ੍ਹਾਂ ਦੋਹਾਂ ਵਿੱਚੋਂ ਹੀ ਇੱਕ ਬੰਦਾ ਬੂਹੇ ਕੋਲ ਚਲਿਆ ਜਾਂਦਾ ਤਾਂਕਿ ਇਸ ਤੋਂ ਬਾਅਦ ਕੋਈ ਬਾਹਰ ਨਾ ਜਾ ਸਕੇ ਜਿਹੜੇ ਅੰਦਰ ਆਉਂਦੇ ਹਨ, ਉਹ ਹੋਰਨਾਂ ਵਾਂਗੂੰ ਚੁੱਪ ਕਰਾ ਕੇ ਬੈਠਾਏ ਜਾਂਦੇ ਹਨ। ਖਜਾਨਚੀ ਕੋਲ ਖੜ੍ਹਾ ਬੰਦਾ ਉਹਤੇ ਬੰਦੂਕ ਤਾਣਦਾ ਹੈ ਤੇ ਉਸ ਨੂੰ ਉੱਠ ਕੇ ਕੰਧ ਨਾਲ ਖੜ੍ਹੇ ਹੋਣ ਦਾ ਇਸ਼ਾਰਾ ਕਰਦਾ ਹੈ। ਮੈਨੇਜਰ ਨਾਲ ਗੱਲ ਕਰਦਾ ਬੰਦਾ ਵੀ ਹਥਿਆਰ ਕੱਢਦਾ ਹੈ ਤੇ ਮੈਨੇਜਰ ਨੂੰ ਸਮਝਾਉਂਦਾ ਹੈ ਕਿ ਅਲਾਰਮ ਵਾਲੀ ਗਲਤੀ ਨਹੀਂ ਕਰਨੀ। ਚੁੱਪ ਚਾਪ ਉਹਨੂੰ ਬਾਹਰ ਲੈ ਆਉਂਦਾ। ਜੇ ਪਰਦੇ ਲਾਉਣ ਦੀ ਜਰੂਰਤ ਹੋਵੇ ਤਾਂ ਪਰਦੇ ਲਾ ਦਿੱਤੇ ਜਾਂਦੇ। ਇੱਕ ਬੰਦਾ ਸਾਰੇ ਟੈਲੀਫੋਨ ਅਤੇ ਅਲਾਰਮ

ਬੰਦ ਕਰ ਦਿੰਦਾ ਜਾਂ ਤੋੜ ਦਿੰਦਾ। ਬਾਹਰ ਵਾਲਾ ਬੰਦਾ ਇਹ ਧਿਆਨ ਰੱਖਦਾ ਹੈ ਕਿ ਅੰਦਰ ਬਾਰੇ ਕੁਝ ਬਾਹਰ ਪਤਾ ਨਾ ਲੱਗੇ। ਕਿਸੇ ਨੂੰ ਪਤਾ ਨਹੀਂ ਹੁੰਦਾ ਕਿ ਉਹ ਵੀ ਸਾਡਾ ਬੰਦਾ ਹੈ। ਬਹੁਤੀ ਵਾਰ ਬਾਅਦ ਵਿੱਚ ਵੀ ਉਸ ਬਾਰੇ ਪਤਾ ਨਹੀਂ ਲੱਗਦਾ ਸੀ। ਬੂਹੇ ਤੋਂ ਬਾਹਰ ਖੜ੍ਹਨ ਵਾਲਾ ਬੰਦਾ ਆਪਣੇ ਹਥਿਆਰ ਨੂੰ ਲੁਕਾਏ ਰੱਖਦਾ ਸੀ ਤਾਂ ਕਿ ਬਾਹਰੋਂ ਆਉਣ ਵਾਲਿਆਂ ਨੂੰ ਕੁਝ ਪਤਾ ਨਾ ਲੱਗੇ। ਕਈ ਵਾਰੀ ਬੈਂਕ ਦੇ ਹੋਰ ਬੂਹੇ ਵੀ ਹੋ ਸਕਦੇ ਹਨ, ਉਹਨਾਂ ਨੂੰ ਬੰਦ ਕਰ ਦਿੱਤਾ ਜਾਂਦਾ ਹੈ। ਲੁਧਿਆਣੇ ਵਾਲੀ ਬੈਂਕ ਵਿੱਚ ਅਸੀਂ ਦੋਵੇਂ ਵੱਡੇ ਬੂਹੇ ਖੁੱਲ੍ਹੇ ਰਹਿਣ ਦਿੱਤੇ ਸੀ ਕਿਉਂਕਿ ਇੱਥੇ ਸਾਡੇ ਕੋਲ ਪੁਲਿਸ ਵਾਲੀ ਵਰਦੀ ਵਿੱਚ ਸਾਡੇ ਸਿੰਘ ਸਨ। ਜੋ ਬੂਹਿਆਂ ਤੇ ਤਾਇਨਾਤ ਹੋ ਗਏ ਤਾਂ ਕਿ ਕੋਈ ਸ਼ੱਕ ਨਾ ਕਰੇ।

ਬੈਂਕ ਮਾਂਜੇ ਵਿੱਚ ਜਿਆਦਾਤਰ ਇੱਕ ਦੋ ਮਿੰਟ ਵਿੱਚ ਸਾਰਾ ਕੁਝ ਮੁਕੰਮਲ ਹੋ ਜਾਂਦਾ ਹੈ। ਆਮ ਤੌਰ ਤੇ ਵੱਡੇ ਬੈਂਕਾਂ ਦੀ ਬੁਖਾਰੀ ੨-੩ ਭਾਂਤ ਦੀਆਂ ਚਾਬੀਆਂ ਨਾਲ ਖੁੱਲ੍ਹਦੀ ਹੈ ਜੋ ਅਲੱਗ ਅਲੱਗ ਬੰਦਿਆਂ ਕੋਲ ਹੁੰਦੀਆਂ ਹਨ। ਇਸ ਕੰਮ ਨੂੰ ਕੁਝ ਸਮਾਂ ਲੱਗ ਜਾਂਦਾ ਹੈ।

ਕਈ ਵਾਰ ਕਈ ਅਧਿਕਾਰੀ ਗੱਲ ਲੁਕੋ ਲੈਂਦੇ ਹਨ ਜਾਂ ਝੂਠ ਬੋਲ ਦਿੰਦੇ ਹਨ ਤਾਂ ਓਹਨਾਂ ਤੇ ਥੋੜ੍ਹੀ ਸਖਤੀ ਵੀ ਕਰਨੀ ਪੈ ਜਾਂਦੀ ਹੈ। ਤਿੰਨ ਚਾਰ ਥਾਵਾਂ ਤੇ ਪਹਿਰੇਦਾਰ, ਮੈਨੇਜਰ ਜਾਂ ਖਜਾਨਚੀ ਦੇ ਥੱਪੜ-ਘਸੁੰਨ ਮਾਰਨੇ ਪਏ ਤਾਂ ਕਿ ਉਹ ਸਥਿਤੀ ਦੀ ਗੰਭੀਰਤਾ ਨੂੰ ਸਮਝ ਜਾਣ। ਕਈ ਵਾਰ ਡਰ ਕਾਰਨ ਲੋਕੀਂ ਇੰਨੇ ਝਟਕੇ ਵਿੱਚ ਹੋ ਜਾਂਦੇ ਹਨ ਕਿ ਓਹਨਾਂ ਨੂੰ ਬੋਲਣਾ ਹੀ ਭੁੱਲ ਜਾਂਦਾ ਹੈ। ਉਹ ਆਪੇ ਤੋਂ ਬਾਹਰ ਹੋ ਕੇ ਹਰਕਤਾਂ ਕਰਨ ਲੱਗ ਪੈਂਦੇ। ਇਹੋ ਜਿਹੀ ਸਥਿਤੀ ਵਿੱਚ ਓਹਨਾਂ ਨੂੰ ਪਿਆਰ ਅਤੇ ਸਖਤੀ ਦੇ ਸੁਮੇਲ ਨਾਲ ਕਾਬੂ ਰੱਖਣਾ ਪੈਂਦਾ ਹੈ। ਜਦੋਂ ਅਸੀਂ ਲੋਕਾਂ ਨੂੰ ਕਾਬੂ ਕਰ ਕੇ ਇੱਕ ਥਾਂ ਇਕੱਠੇ ਕਰ ਲੈਂਦੇ ਸੀ ਤਾਂ ਸਾਡੇ ਵਿੱਚੋਂ ਇੱਕ ਜਣਾ ਓਹਨਾਂ ਨੂੰ ਨਿਮਰਤਾ ਅਤੇ ਸਪੱਸ਼ਟਤਾ ਨਾਲ ਸਮਝਾ ਦਿੰਦਾ ਸੀ ਕਿ ਸਾਡਾ ਮਕਸਦ ਸਿਰਫ ਇਥੋਂ ਪੈਸਾ ਲਿਜਾਣਾ ਹੈ। ਸਾਡੀ ਤੁਹਾਡੇ ਨਾਲ ਕੋਈ ਦੁਸ਼ਮਣੀ ਨਹੀਂ, ਤੁਸੀਂ ਕੁਝ ਮਿੰਟਾਂ ਬਾਅਦ ਹੀ ਆਜਾਦ ਹੋ ਜਾਵੋਗੇ। ਪੰਜਾਬ ਵਿਚ ਅਸੀਂ ਓਹਨਾਂ ਨੂੰ ਸੱਚ ਦੱਸਦੇ ਸੀ ਕਿ ਅਸੀਂ ਖਾੜਕੂ ਹਾਂ ਅਤੇ ਅਸੀਂ ਤੁਹਾਡੇ ਵੈਰੀ ਨਹੀਂ, ਮਿੱਤਰ ਹਾਂ। ਸਾਡਾ ਸਰਕਾਰ ਨਾਲ ਵਿਰੋਧ ਹੈ ਇਹ ਪੈਸਾ ਸਰਕਾਰ ਦਾ ਹੈ ਤਾਂ ਅਸੀਂ ਲਿਜਾ ਰਹੇ ਹਾਂ। ਲੋਕੀਂ ਬਹੁਤ ਛੇਤੀ ਸਮਝ ਜਾਂਦੇ ਸਨ, ਖੁਸ਼ ਹੁੰਦੇ ਸਨ ਅਤੇ ਰਾਹਤ ਵੀ ਮਹਿਸੂਸ ਕਰਦੇ ਸਨ। ਅਸੀਂ ਇਹ ਵੀ ਪੁੱਛਦੇ ਸੀ ਕਿ ਕਿਸੇ ਦਾ ਬਿਨਾ ਦਰਜ ਹੋਇਆ ਨਿੱਜੀ ਪੈਸਾ ਖਿੜਕੀ ਤੇ ਤਾਂ ਨਹੀਂ ਪਿਆ? ਦਿੱਲੀ ਵਿਚ ਇਕ ਬੈਂਕ ਮਾਂਜੇ ਸਮੇਂ ਇਕ ਖਿੜਕੀ ਉੱਪਰ ਕਿਸੇ ਦਾ ੫੦,੦੦੦ ਜਮ੍ਹਾ ਕਰਵਾਉਣ ਵਾਲਾ ਪਿਆ ਸੀ, ਅਸੀਂ ਉਸ ਨੂੰ ਮੋੜ ਦਿੱਤਾ।

ਬੈਂਕ ਮਾਂਜੇ

ਸਾਡਾ ਇਹ ਅਸੂਲ ਸੀ ਕਿ ਪੈਸੇ ਕਾਰਨ ਕਿਸੇ ਦਾ ਕੋਈ ਨੁਕਸਾਨ ਨਾ ਹੋਵੇ। ਕਿਸੇ ਬੰਦੇ ਨੂੰ ਮਾਰਨਾ ਤਾਂ ਬਹੁਤ ਦੂਰ ਦੀ ਗੱਲ ਹੈ। ਸਾਡੇ ਤੇ ਇਹ ਪ੍ਰਮਾਤਮਾ ਦੀ ਕਿਰਪਾ ਹੀ ਰਹੀ ਕਿ ਅਸੀਂ ਕਈ ਬੈਂਕਾਂ ਨੂੰ ਮਾਂਜੇ ਲਾਏ ਪਰ ਕਿਤੇ ਵੀ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਸਿਰਫ ਦੋ ਥਾਂ ਤੇ ਗੋਲੀ ਚੱਲੀ ਪਰ ਉਹ ਵੀ ਸਿਰਫ ਡਰਾਉਣ ਲਈ ਸੀ। ਕੁਝ ਥਾਂ ਮੁਲਾਜਮ ਜਾਂ ਗਾਹਕਾਂ ਨਾਲ ਥੋੜ੍ਹੀ ਬਹੁਤ ਸਖਤੀ ਕਰਨੀ ਪਈ ਨਹੀਂ ਤਾਂ ਸਭ ਥਾਂ ਸਾਰਾ ਕੁਝ ਠੀਕ ਮਾਹੌਲ ਵਿੱਚ ਹੁੰਦਾ ਰਿਹਾ। ਬੈਂਕ ਮਾਂਜਣਾ ਹਰ ਕਿਸੇ ਦੇ ਵੱਸ ਦੀ ਗੱਲ ਨਹੀਂ ਸੀ। ਦੇਖਾ ਦੇਖੀ ਕਈਆਂ ਨੇ ਕੋਸ਼ਿਸ਼ ਕੀਤੀ, ਜਿਸ ਕਾਰਨ ਜਾਨੀ ਨੁਕਸਾਨ ਵੀ ਹੋਏ ਅਤੇ ਕੰਮ ਵੀ ਸਫਲ ਨਹੀਂ ਹੋਇਆ। ਕਿਸੇ ਦੁਸ਼ਟ ਨੂੰ ਸੋਧਣ ਨਾਲੋਂ ਬੈਂਕ ਮਾਂਜਣਾ ਜਿਆਦਾ ਮੁਸ਼ਕਲ ਕੰਮ ਹੁੰਦਾ ਹੈ ਕਿਉਂਕਿ ਇੱਥੇ ਤੁਸੀਂ ਇਕ ਟੋਲੀ ਬਣਾ ਕੇ ਨੇਮਬੱਧ ਤਰੀਕੇ ਨਾਲ ਕੰਮ ਕਰਨਾ ਹੁੰਦਾ ਹੈ। ਕਿਸੇ ਨੂੰ ਕੁਝ ਕਹਿਣਾ ਵੀ ਨਹੀਂ, ਬਾਹਰ ਪਤਾ ਵੀ ਨਹੀਂ ਲੱਗਣ ਦੇਣਾ, ਗੋਲੀ ਵੀ ਨਹੀਂ ਚਲਾਉਣੀ ਤੇ ਇਹ ਕੰਮ ਕੁਝ ਸਮਾਂ ਵੀ ਲੈਂਦਾ ਹੈ। ਕਿਸੇ ਤੇ ਹਮਲਾ ਕਰਨ ਵਾਲੇ ਕੰਮ ਅਕਸਰ ਸੌਖੇ ਹੁੰਦੇ ਹਨ। ਜਿੱਥੇ ਤੁਸੀਂ ਸਿੱਧਾ ਹਮਲਾ ਕਰਦੇ ਹੋ ਤੇ ਫਿਰ ਬਚ ਕੇ ਨਿਕਲ ਜਾਂਦੇ ਹੋ। ਇੱਥੇ ਤੁਸੀਂ ਹਮਲਾ ਵੀ ਕਰਦੇ ਹੋ ਪਰ ਹਥਿਆਰ ਸਿਰਫ ਡਰਾਉਣ ਅਤੇ ਕਾਬੂ ਕਰਨ ਤੱਕ ਹੀ ਸੀਮਤ ਰੱਖਣਾ ਹੁੰਦਾ ਹੈ। ਉਹਨਾਂ ਨਾਲ ਗੱਲਾਂ ਵੀ ਕਰਨੀਆਂ ਹੁੰਦੀਆਂ ਹਨ ਕੁਝ ਸਮਾਂ ਉਨ੍ਹਾਂ ਵਿੱਚ ਰਹਿਣਾ ਵੀ ਹੁੰਦਾ ਹੈ ਤੇ ਉਹ ਲੋਕ ਤੁਹਾਨੂੰ ਦੇਖ ਵੀ ਲੈਂਦੇ ਹਨ।

ਜਦੋਂ ਅਸੀਂ ੧੯੮੫ ਵਿੱਚ ਰੂਪੋਸ਼ ਹੋਏ ਤਾਂ ਚਾਚਾ ਮਥਰਾ ਸਿੰਘ, ਹਰਜਿੰਦਰ ਸਿੰਘ ਜਿੰਦਾ, ਸੁਖਦੇਵ ਸਿੰਘ ਸੁੱਖਾ, ਬਲਜਿੰਦਰ ਸਿੰਘ ਰਾਜੂ, ਸੁਖਵਿੰਦਰ ਸਿੰਘ ਛਿੰਦੂ ਹੁਰਾਂ ਇਨ੍ਹਾਂ ਨਾਲ ਰਲ ਕੇ ਜੱਥਾ ਬਣਾਇਆ, ਜੋ ਕਿਸੇ ਵੀ ਜਥੇਬੰਦੀ ਨਾਲ ਸਬੰਧਿਤ ਨਹੀਂ ਸੀ ਤੇ ਆਜਾਦ ਸੀ। ਉਦੋਂ ਅਸੀਂ ਸਾਰੇ ਘੋਨੇ ਸੀ ਤੇ ਅਸੀਂ ਪੰਜਾਬ ਵਿਚ ਵੀ ਤੇ ਪੰਜਾਬ ਤੋਂ ਬਾਹਰ ਵੀ ਕੰਮ ਕਰਦੇ ਸੀ। ਸਾਡੇ ਦਮਦਮੀ ਟਕਸਾਲ, ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਤੇ ਹੋਰ ਸਾਰੀਆਂ ਖਾੜਕੂ ਜਥੇਬੰਦੀਆਂ ਨਾਲ ਨੇੜਲੇ ਸਬੰਧ

ਸਨ ਤੇ ਅਸੀਂ ਕੰਮਾਂ ਤੇ ਸਾਧਨਾਂ ਦੀ ਸਾਂਝ ਕਰਦੇ ਰਹਿੰਦੇ ਸੀ। ਸਾਡੇ ਰੂਪੋਸ਼ ਹੋਣ ਤੋਂ ਪਹਿਲਾਂ ਹੀ ਚਾਚਾ ਮਥਰਾ ਸਿੰਘ ਤੇ ਹਰਜਿੰਦਰ ਸਿੰਘ ਜਿੰਦੇ ਹੁਰੀਂ ਦਿੱਲੀ ਵਿੱਚ ਸਥਾਪਤ ਹੋ ਚੁੱਕੇ ਸਨ ਤੇ ਉਨ੍ਹਾਂ ਕੋਲ ਹਥਿਆਰ ਅਤੇ ਠਾਹਰਾਂ ਸਨ। ਪਹਿਲਾਂ ਹੀ ਉਹ ਦਿੱਲੀ ਵਿੱਚ ਦੋ ਬੈਂਕ ਮਾਂਜ ਚੁੱਕੇ ਸਨ। ਹਰਜਿੰਦਰ ਸਿੰਘ ਜਿੰਦਾ ਤੇ ਬਲਜਿੰਦਰ ਸਿੰਘ ਰਾਜੂ ਆਪਣੇ ਕਾਲਜ ਦੇ ਸਮੇਂ ਤੋਂ ਹੀ ਦਿੱਲੀ ਵਿੱਚ ਆਉਂਦੇ ਜਾਂਦੇ ਸੀ ਤੇ ਇੱਥੋਂ ਦੇ ਬਹੁਤ ਭੇਤੀ ਸਨ। ਜਦੋਂ ਅਸੀਂ ਸਾਰੇ ਦਿੱਲੀ ਵਿੱਚ ਇਕੱਠੇ ਹੋਏ ਤੇ ਇਹ ਨਿਸ਼ਚਿਤ ਕੀਤਾ ਕਿ ਪੰਜਾਬ ਤੋਂ ਬਾਹਰਲੇ ਦੁਸ਼ਮਣ ਸੋਧੇ ਜਾਣ। ਪੈਸੇ ਲਈ ਅਸੀਂ ਇਹੋ ਹੀ ਫੈਸਲਾ ਕੀਤਾ ਕਿ ਅਸੀਂ ਕਿਸੇ ਤੇ ਨਿਰਭਰ ਨਹੀਂ ਰਹਾਂਗੇ ਤੇ ਜਿਸ ਸਟੇਟ ਵਿਰੁੱਧ ਜੰਗ ਲੜ ਰਹੇ ਹਾਂ ਉਸ ਦੇ ਖਜਾਨੇ ਨੂੰ ਵੀ ਸੋਧਾਂਗੇ ਤੇ ਅਸੀਂ ਸਦਾ ਇੰਝ ਹੀ ਕੀਤਾ।

ਅਸੀਂ ਆਪਣੇ ਸੰਪਰਕ ਵਿੱਚ ਆਏ ਹੋਰ ਸਿੰਘਾਂ ਅਤੇ ਜਥਿਆਂ ਦੀ ਵੀ ਲਗਾਤਾਰ ਵਿੱਤੀ ਮਦਦ ਕਰਦੇ ਰਹੇ ਤੇ ਉਹਨਾਂ ਨੂੰ ਸਿੱਖਿਅਤ ਵੀ ਕੀਤਾ ਕਿ ਕਿਵੇਂ ਬੈਂਕ ਮਾਂਜਣੇ ਹਨ। ਜਿਵੇਂ ਖਾਲਸਤਾਨ ਕਮਾਂਡੋ ਫੋਰਸ ਵਾਲਿਆਂ ਨਾਲ ਲੈ ਕੇ ਅੰਮ੍ਰਿਤਸਰ ਤੇ ਜਲੰਧਰ ਵਿਚ ਬੈਂਕ ਹੌਲੇ ਕੀਤੇ ਤੇ ਇਸੇ ਤਰ੍ਹਾਂ ਖਾਲਸਤਾਨ ਲਿਬਰੇਸ਼ਨ ਫੋਰਸ ਨਾਲ ਲੁਧਿਆਣੇ ਵਿੱਚ ਬੈਂਕ ਹੌਲੇ ਕੀਤੇ। ਜਦੋਂ ਅਸੀਂ ਪੰਥਕ ਕਮੇਟੀ, ਸਿੱਖ ਸਟੂਡੈਂਟਸ ਫੈਡਰੇਸ਼ਨ, ਖਾਲਸਤਾਨ ਕਮਾਂਡੋ ਫੋਰਸ, ਖਾਲਸਤਾਨ ਲਿਬਰੇਸ਼ਨ ਫੋਰਸ ਨਾਲ ਜੁੜੇ ਤੇ ਬਾਅਦ ਵਿੱਚ ਪੰਥਕ ਕਮੇਟੀ ਤੇ ੪ ਜਥੇਬੰਦੀਆਂ ਦੀ ਏਕਤਾ ਹੋਈ ਤਾਂ ਵੀ ਅਸੀਂ ਲੋੜ ਅਨੁਸਾਰ ਬੈਂਕਾਂ ਮਾਂਜਦੇ ਰਹੇ। ਸਰਕਾਰ ਅਤੇ ਸਿੰਘਾਂ ਦੀ ਨਿਗਾਹ ਵਿੱਚ ਸਾਡਾ ਜਥਾ ਇਸ ਪੱਖੋਂ ਬਹੁਤ ਮਸ਼ਹੂਰ ਹੋ ਗਿਆ ਸੀ ਤੇ ਸਾਨੂੰ ਵੀ ਇੰਨੀ ਮੁਹਾਰਤ ਹੋ ਗਈ ਸੀ ਕਿ ਇਹ ਕੋਈ ਔਖਾ ਕੰਮ ਹੀ ਨਹੀਂ ਸੀ ਲੱਗਦਾ।

ਇੱਕ ਵਾਰ ਹਰਜਿੰਦਰ ਸਿੰਘ ਜਿੰਦਾ, ਸੁਖਦੇਵ ਸਿੰਘ ਸੁੱਖਾ ਤੇ ਬਲਜਿੰਦਰ ਸਿੰਘ ਰਾਜੂ ਦਿੱਲੀ ਵਿੱਚ ਬੈਂਕ ਲੱਭ ਰਹੇ ਸੀ ਕਿ ਅੱਗੋਂ ਇਕ ਐਸੀ ਥਾਂ ਤੇ ਬੈਂਕ ਮਿਲ ਗਿਆ ਕਿ ਉਹਨਾਂ ਨੇ ਤਜਰਬੇ ਦੇ ਹਿਸਾਬ ਨਾਲ ਉਸੇ ਦਿਨ ਹੀ ਉਹ ਬੈਂਕ ਹੌਲਾ ਕਰ ਦਿੱਤਾ। ਇੱਕ ਵਾਰ ਲੁਧਿਆਣੇ ਸਾਨੂੰ ਇਕਦਮ ਹਥਿਆਰਾਂ ਵਾਸਤੇ ਤਿੰਨ ਕੁ ਲੱਖ ਰੁਪਿਆ ਚਾਹੀਦਾ ਸੀ। ਅਸੀਂ ਸ਼ਾਮ ਨੂੰ ਇਕ ਬੈਂਕ ਦੇਖਿਆ ਅਤੇ ਅਗਲੀ ਸਵੇਰ ਕਿਸੇ ਦਾ ਸਕੂਟਰ ਫੜ ਕੇ ਉਹ ਬੈਂਕ ਮਾਂਜ ਦਿੱਤਾ ਅਤੇ ਰਕਮ ਹਾਸਲ ਕਰ ਲਈ। ਜਦੋਂ ਦਿੱਲੀ ਵਿਚ ਸਖਤੀ ਵਧੀ ਤਾਂ ਅਸੀਂ ਸੋਚਿਆ ਕਿ ਹੁਣ ਦਿੱਲੀ ਵਿਚ ਬੈਂਕ ਨਹੀਂ ਮਾਂਜਣੇ ਕਿਉਂਕਿ ਇੱਥੇ ਤਾਂ ਹੋਰ ਬਹੁਤ ਵੱਡੇ ਨਿਸ਼ਾਨੇ ਸਨ।

ਇਕ ਵਾਰ ਸਾਨੂੰ ਅਹਿਮਦਾਬਾਦ ਬਾਰੇ ਕੁਝ ਜਾਣਕਾਰੀ ਮਿਲੀ। ਸਿਆਲ ਦੇ ਦਿਨ ਸਨ, ਸਾਡੇ ਚਾਰ ਸਿੰਘ ਸ਼ਾਮ ਨੂੰ ਦਿੱਲੀ ਤੋਂ ਮਾਰੂਤੀ ਕਾਰ ਵਿਚ ਤੁਰੇ ਤੇ ਸਾਰੀ ਰਾਤ ਗੱਡੀ ਚਲਾ ਕੇ ਸਵੇਰੇ ੯ ਕੁ ਵਜੇ ਅਹਿਮਦਾਬਾਦ ਪਹੁੰਚੇ। ਰਾਹ ਵਿੱਚ ਬੜੀ ਥਾਂ

ਪੁਲਿਸ ਨਾਕੇ ਮਿਲੇ ਪਰ ਓਹਨਾਂ ਨੇ ਕੋਈ ਪਰਵਾਹ ਨਹੀਂ ਕੀਤੀ। ਰਾਹ ਵਿਚ ਢਾਬਿਆਂ ਤੇ ਆਮ ਹਾਲਤਾਂ ਦੀ ਤਰ੍ਹਾਂ ਹੀ ਖਾਧਾ ਪੀਤਾ। ਉਥੇ ਜਾ ਕੇ ਇੱਕ ਹੋਟਲ ਵਿੱਚ ਕਮਰਾ ਲਿਆ ਤੇ ਇਕ ਪੁਰਾਣਾ ਸਕੂਟਰ ਖਰੀਦਿਆ। ਇਕ ਬੈਂਕ ਦੇਖਿਆ ਪਰ ਸ਼ਾਮ ਨੂੰ ਉੱਥੇ ਦੰਗੇ ਹੋ ਗਏ। ਸਵੇਰੇ ਫਿਰ ਸ਼ਹਿਰ ਖੁੱਲ੍ਹ ਗਿਆ ਤਾਂ ਸਕੂਟਰ ਤੇ ਜਾ ਕੇ ਬੈਂਕ ਮਾਂਜਿਆ। ਫੇਰ ਕਾਰ ਵਿੱਚ ਬੜੌਦੇ ਜਾ ਪਹੁੰਚੇ। ਉੱਥੋਂ ਹਰਜਿੰਦਰ ਸਿੰਘ ਜਿੰਦਾ ਤੇ ਬਲਜਿੰਦਰ ਸਿੰਘ ਰਾਜੂ ਕਾਰ ਰਾਹੀਂ ਦਿੱਲੀ ਨੂੰ ਚਲੇ ਗਏ ਤੇ ਸੁਖਵਿੰਦਰ ਸਿੰਘ ਛਿੰਦੂ ਤੇ ਸੁਖਦੇਵ ਸਿੰਘ ਸੁੱਖਾ ਪੈਸਾ ਤੇ ਹਥਿਆਰ ਅਟੈਚੀ ਵਿੱਚ ਪਾ ਕੇ ਰੇਲ ਰਾਹੀਂ ਤੜਕੇ ਨੂੰ ਦਿੱਲੀ ਪਹੁੰਚ ਗਏ।

ਬੈਂਕ ਮਾਂਜੇ ਦੌਰਾਨ ਅੰਮ੍ਰਿਤਸਰ ਵਿੱਚ ਇੱਕ ਬੰਦੇ ਨੇ ਚੋਰੀ ਨਾਲ ਆਪਣਾ ਕਾਰਡ ਸਾਨੂੰ ਦੇ ਦਿੱਤਾ ਤੇ ਬਾਅਦ ਵਿਚ ਸਾਡੇ ਸਿੰਘ ਉਸ ਕੋਲ ਆਉਂਦੇ ਜਾਂਦੇ ਵੀ ਰਹੇ। ਇੱਕ ਥਾਂ ਤੇ ਇੱਕ ਬੀਬੀ ਨੇ ਸਾਨੂੰ ਸਾਰਿਆਂ ਨੂੰ ਪ੍ਰਸ਼ਾਦ ਵੀ ਦਿੱਤਾ ਜੋ ਉਹ ਗੁਰੂ ਘਰ ਤੋਂ ਲੈ ਕੇ ਆਈ ਸੀ। ਜਦੋਂ ਮੈਂ ਫੜਿਆ ਗਿਆ ਤਾਂ ਸੀਬੀਆਈ ਵਾਲਿਆਂ ਨੇ ਮੈਨੂੰ ਦੱਸਿਆ ਕਿ ਬੈਂਕ ਦੇ ਮੁਲਾਜਮ ਤੁਹਾਡੇ ਤੋਂ ਬਹੁਤ ਪ੍ਰਭਾਵਤ ਹੋਏ। ਇੱਕ ਕੁੜੀ ਤਾਂ ਇੰਨੀ ਉਤਸ਼ਾਹਤ ਸੀ ਕਿ ਉਸ ਨੇ ਕਿਹਾ ਕਿ ਜੇ ਉਹ ਮੈਨੂੰ ਮਿਲ ਜਾਣ ਤਾਂ ਮੈਂ ਉਨ੍ਹਾਂ ਲਈ ਕੁਝ ਵੀ ਕਰ ਸਕਦੀ ਹਾਂ। ਤਕਰੀਬਨ ਸਭ ਥਾਈਂ ਸਾਡਾ ਲੋਕਾਂ ਨਾਲ ਵਿਹਾਰ ਬਹੁਤ ਵਧੀਆ ਰਿਹਾ ਅਤੇ ਉਹ ਸਾਡੇ ਹੱਕ ਵਿੱਚ ਹੀ ਭੁਗਤੇ। ਮੇਰੇ ਉੱਪਰ ਕੁਝ ਬੈਂਕ ਡਾਕਿਆਂ ਦੇ ਮੁਕੱਦਮੇ ਵੀ ਚੱਲੇ। ਭਾਵੇਂ ਹਾਲਾਤ ਬਦਲ ਗਏ ਸਨ ਪਰ ਪੁਲਿਸ ਵਾਲਿਆਂ ਦੇ ਕਹਿਣ ਦੇ ਬਾਵਜੂਦ ਵੀ ਲੋਕਾਂ ਨੇ ਸਾਡੇ ਵਿਰੁੱਧ ਗਵਾਹੀ ਨਹੀਂ ਦਿੱਤੀ। ਪੰਜਾਬ ਤੋਂ ਬਾਹਰ ਸਾਡੇ ਵਿੱਚੋਂ ਇੱਕ ਜਣਾ ਜਿਹੜਾ ਵਧੀਆ ਹਿੰਦੀ ਜਾਂ ਅੰਗਰੇਜੀ ਬੋਲ ਲੈਂਦਾ ਸੀ, ਉਹ ਲੋਕਾਂ ਨੂੰ ਸਮਝਾਉਂਦਾ ਸੀ। ਉਥੇ ਅਸੀਂ ਇਹ ਗੱਲ ਕਹਿੰਦੇ ਸੀ ਕਿ ਇਹ ਪੈਸਾ ਗਰੀਬਾਂ ਦਾ ਹੈ ਜੋ ਅਮੀਰਾਂ ਨੇ ਲੁੱਟਿਆ ਹੈ ਅਤੇ ਅਸੀਂ ਇਸ ਨੂੰ ਲਿਜਾ ਕੇ ਕੋਈ ਜੁਰਮ ਨਹੀਂ ਕਰਦੇ।

ਬਹੁਤੀ ਥਾਈਂ ਅਸੀਂ ਆਪਣੇ ਚਿਹਰੇ ਵੀ ਨਹੀਂ ਸੀ ਲੁਕਾਉਂਦੇ ਪਰ ਕਈ ਵਾਰ ਬੈਂਕ ਦੇ ਅੰਦਰ ਜਾ ਕੇ ਆਪਣੇ ਮੂੰਹ ਰੁਮਾਲ/ਮਫਲਰ ਨਾਲ ਢੱਕ ਲੈਂਦੇ ਸੀ। ਕਈ ਵਾਰ ਐਨਕਾਂ ਲਗਾ ਲੈਂਦੇ ਸੀ ਤੇ ਪੰਜਾਬ ਵਿੱਚ ਦਸਤਾਰ ਸਜਾ ਲੈਂਦੇ ਸੀ।

ਲੁਧਿਆਣੇ ਬੈਂਕ ਮਾਂਜੇ ਵੇਲੇ ਇਕ ਬੰਦਾ ਇੰਨਾ ਘਬਰਾ ਗਿਆ ਕਿ ਉਹ ਪਾਗਲਾਂ ਵਾਂਗ ਭੱਜ ਕੇ ਬਾਹਰ ਆ ਗਿਆ ਜਿੱਥੇ ਕਾਫੀ ਲੋਕ ਖੜ੍ਹੇ ਸੀ। ਸਾਹਮਣੇ ਵੱਡੀ ਸੜਕ ਤੇ ਇਕ ਪੁਲਿਸ ਦੀ ਜੀਪ ਖੜ੍ਹੀ ਸੀ। ਸਾਡੇ ਸਿੰਘਾਂ ਨੇ ਹਾਲਾਤ ਨੂੰ ਬਹੁਤ ਤਹੱਮਲ ਨਾਲ ਸੰਭਾਲਿਆ। ਗੁਰਸ਼ਰਨ ਸਿੰਘ ਗਾਮਾ ਅਤੇ ਰਾਜਵਿੰਦਰ ਸਿੰਘ ਰਾਜੀ ਜੋ ਉਸ ਵੇਲੇ ਪੁਲਿਸ ਵਰਦੀ ਵਿੱਚ ਸਨ ਓਹਨਾਂ ਨੇ ਉਸ ਬੰਦੇ ਨੂੰ ਆ ਕੇ ਢਾਹ ਲਿਆ ਅਤੇ

ਉਸ ਨੂੰ ਮੂਹੋਂ ਕੁਝ ਨਹੀਂ ਬੋਲਣ ਦਿੱਤਾ ਅਤੇ ਇਸੇ ਤਰ੍ਹਾਂ ਫੜ ਕੇ ਦੁਬਾਰਾ ਅੰਦਰ ਲੈ ਗਏ। ਹਾਲੇ ਬੈਂਕ ਮਾਂਜਾ ਸ਼ੁਰੂ ਹੀ ਹੋਇਆ ਸੀ ਅਤੇ ਇਸ ਨੇ ਘੰਟਾ ਭਰ ਚੱਲਣਾ ਸੀ। ਬਾਹਰ ਲੋਕੀਂ ਘੁਸਰ ਮੁਸਰ ਕਰਨ ਲੱਗ ਪਏ ਕਿ ਬੈਂਕ ਵਿੱਚ ਅੱਜ ਇਹ ਕੀ ਹੋ ਰਿਹਾ ਹੈ? ਉੱਥੇ ਹਰਜਿੰਦਰ ਸਿੰਘ ਜਿੰਦਾ ਐਨਕਾਂ ਲਾਈ ਇਕ ਹੀਰੋ ਵਾਂਗ ਆਇਆ ਅਤੇ ਲੋਕਾਂ ਨੂੰ ਸਮਝਾਉਣ ਲੱਗ ਪਿਆ ਕਿ ਉਸ ਬੰਦੇ ਨੇ ਬੈਂਕ ਦੇ ਪੈਸੇ ਦੇਣੇ ਹਨ ਤੇ ਅੰਦਰ ਆ ਕੇ ਉਹ ਗੁੱਸੇ ਹੋ ਗਿਆ ਅਤੇ ਮੈਨੇਜਰ ਦੇ ਗਲ ਪੈ ਗਿਆ। ਪੁਲਿਸ ਵਾਲੇ ਉਸ ਨੂੰ ਫੜ ਕੇ ਲੈ ਗਏ ਹਨ, ਹੁਣ ਦੇਖੋ ਕੀ ਹੁੰਦਾ ਹੈ। ਇਸ ਤਰ੍ਹਾਂ ਸਾਰੀ ਸਥਿਤੀ ਫੇਰ ਠੀਕ ਹੋ ਗਈ। ਇੱਕ ਬੈਂਕ ਮਾਂਜੇ ਸਮੇਂ ਪਹਿਰੇਦਾਰ ਇੰਨਾ ਡਰ ਗਿਆ ਕਿ ਉੱਚੀ ਉੱਚੀ ਰੋਣ ਲੱਗ ਪਿਆ। ਸਾਨੂੰ ਉਸ ਦਾ ਮੂੰਹ ਤੇ ਬਾਹਾਂ ਬੰਨ੍ਹਣੀਆਂ ਪਈਆਂ। ਉਸ ਨੂੰ ਸਮਝਾਇਆ ਕਿ ਉਹਦੀ ਜਿੰਦਗੀ ਨੂੰ ਕੋਈ ਖਤਰਾ ਨਹੀਂ।

ਇੱਕ ਵਾਰ ਜਲੰਧਰ ਵਿੱਚ ਕਾਰਵਾਈ ਦੌਰਾਨ ਅੱਠ-ਦਸ ਸਾਲ ਦਾ ਇੱਕ ਛੋਟਾ ਜਿਹਾ ਮੁੰਡਾ ਜੋ ਬੈਂਕ ਵਿੱਚ ਚਾਹ ਲਿਆਉਂਦਾ ਸੀ, ਉਹ ਸ਼ੈਤਾਨੀ ਨਾਲ ਬਾਹਰ ਨਿਕਲ ਗਿਆ ਅਤੇ ਸੜਕ ਤੋਂ ਪਾਰ ਆਪਣੇ ਢਾਬੇ ਵੱਲ ਨੂੰ ਭੱਜਣ ਲੱਗਿਆ। ਉਸ ਵਕਤ ਕੁਦਰਤੀ ਢਾਬੇ ਉਪਰ ਸੀਆਰਪੀਐਫ ਦੀ ਜੀਪ ਚਾਹ ਪੀਣ ਲਈ ਰੁਕੀ ਸੀ। ਹਰਜਿੰਦਰ ਸਿੰਘ ਜਿੰਦਾ ਬਾਹਰ ਉਹਦੇ ਪਿੱਛੇ ਭੱਜਦਾ ਹੋਇਆ ਗਿਆ ਜਿਵੇਂ ਕੋਈ ਜੁਆਕ ਨਾਲ ਛੂਹਣ ਛੁਹਾਈ ਖੇਡ ਰਿਹਾ ਹੋਵੇ ਅਤੇ ਉਸ ਬੱਚੇ ਨੂੰ ਕੁੱਛੜ ਚੁੱਕ ਕੇ ਵਾਪਸ ਲੈ ਆਇਆ। ਦੇਖਣ ਵਾਲਿਆਂ ਨੂੰ ਇੰਝ ਹੀ ਲੱਗਿਆ ਕਿ ਕੋਈ ਬੈਂਕ ਵਾਲਾ ਅਧਿਕਾਰੀ ਬੱਚੇ ਨਾਲ ਹਾਸਾ ਮਖੌਲ ਕਰ ਰਿਹਾ ਹੈ।

ਇੱਕ ਵਾਰ ਲੁਧਿਆਣੇ ਦੇ ਬਹੁਤ ਹੀ ਭੀੜ ਭਰੇ ਅਤੇ ਸੁਰੱਖਿਆ ਵਾਲੇ ਇਲਾਕੇ ਵਿਚ ਮਾਂਜੇ ਦੌਰਾਨ ਬੈਂਕ ਤੋਂ ਬਾਹਰ ਖੜ੍ਹੇ ਤਿੰਨ-ਚਾਰ ਬੰਦਿਆਂ ਨੂੰ ਅੰਦਾਜਾ ਲੱਗ ਗਿਆ ਕਿ ਅੰਦਰ ਕਾਰਵਾਈ ਚੱਲ ਰਹੀ ਹੈ। ਚਾਚਾ ਮਥਰਾ ਸਿੰਘ ਓਹਨਾਂ ਦੇ ਕੋਲ ਜਾ ਕੇ ਖੜ੍ਹ ਗਿਆ ਅਤੇ ਓਹਨਾਂ ਨੂੰ ਆਪਣੀ ਡੱਬ ਦਾ ਪਸਤੌਲ ਦਿਖਾਇਆ ਅਤੇ ਕਿਹਾ ਕਿ ਤੁਸੀਂ ਇੰਝ ਹੀ ਖੜ੍ਹੇ ਰਹਿਣਾ ਅਤੇ ਮੇਰੇ ਨਾਲ ਗੱਲਾਂ ਕਰੀ ਜਾਣੀਆਂ। ਉਹ ਪੰਜ ਸੱਤ ਮਿੰਟ ਉਸੇ ਤਰ੍ਹਾਂ ਖੜ੍ਹੇ ਰਹੇ ਜਦ ਤਕ ਕੰਮ ਪੂਰਾ ਨਹੀਂ ਹੋਇਆ। ਸਾਡੇ ਤੋਂ ਸਿਰਫ ਪੰਜਾਹ ਕੁ ਗਜ ਦੀ ਦੂਰੀ ਤੇ ਚੌਂਕ ਵਿਚ ਸੀਆਰਪੀਐਫ ਦਾ ਪੱਕਾ ਨਾਕਾ ਲੱਗਾ ਹੋਇਆ ਸੀ।

ਗੁਜਰਾਤ ਵਿੱਚ ਇੱਕ ਥਾਂ ਤੇ ਬੈਂਕ ਮਾਂਜਣ ਤੋਂ ਬਾਅਦ ਸਿੰਘ ਦੋ ਅਤੇ ਪੰਜ-ਪੰਜ ਦੇ ਨੋਟਾਂ ਦੀਆਂ ਗੁੱਟੀਆਂ ਦਾ ਝੋਲਾ ਟੱਪਰੀਵਾਸਾਂ ਕੋਲ ਸੁੱਟ ਗਏ। ਇਸ ਬਾਰੇ ਓਥੋਂ ਦੀਆਂ ਅਖਬਾਰਾਂ ਵਿੱਚ ਚਰਚਾ ਹੋਈ। ਲੁਧਿਆਣੇ ਬੈਂਕ ਵਿੱਚ ਸੱਤ ਅੱਠ ਮਜਦੂਰਾਂ ਨੇ ਬੋਰੀਆਂ ਵਿੱਚ ਪੈਸੇ ਭਰਨ ਅਤੇ ਬਾਹਰ ਗੱਡੀ ਵਿੱਚ ਰੱਖਣ ਵਿੱਚ ਮਦਦ ਕੀਤੀ।

ਆਉਣ ਲੱਗੇ ਅਸੀਂ ਓਹਨਾਂ ਨੂੰ ਕਿਹਾ ਕਿ ਤੁਸੀਂ ਜਿੰਨਾ ਚਾਹੋ ਪੈਸਾ ਚੁੱਕ ਲਵੋ। ਸਾਹਮਣੇ ਕਈ ਕਰੋੜ ਦੀ ਰਕਮ ਪਈ ਸੀ। ਦੋਵੇਂ ਥਾਵਾਂ ਤੇ ਇਨ੍ਹਾਂ ਮਿਹਨਤਕਸ਼ ਲੋਕਾਂ ਨੇ ਮੌਕੇ ਦਾ ਫਾਇਦਾ ਉਠਾ ਕੇ ਪੈਸਾ ਨਹੀਂ ਚੁੱਕਿਆ। ਸ਼ਾਇਦ ਉਹ ਆਪਣੀ ਹੱਕ ਦੀ ਕਮਾਈ ਵਿਚ ਯਕੀਨ ਰੱਖਦੇ ਸਨ ਜਾਂ ਗੁਰਬਤ ਏਨੀ ਮਾਰੂ ਹੁੰਦੀ ਹੈ ਕਿ ਲੋਕਾਂ ਤੋਂ ਇਸ ਤੋਂ ਬਾਹਰ ਹੋ ਕੇ ਸੋਚਿਆ ਹੀ ਨਹੀਂ ਜਾਂਦਾ। ਜਿਸ ਹਕੂਮਤੀ ਢਾਂਚੇ ਨੇ ਓਹਨਾਂ ਨੂੰ ਗਰੀਬ ਬਣਾਇਆ ਹੁੰਦਾ ਹੈ ਉਹ ਉਸ ਤੋਂ ਬਾਹਰ ਨਿਕਲ ਕੇ ਸੋਚਦੇ ਹੀ ਨਹੀਂ ਹੁੰਦੇ।

ਬੰਬੇ ਵਿੱਚ ਸਾਡੇ ਜਥੇ ਨੇ ਕੋਈ ਤਿੰਨ ਚਾਰ ਬੈਂਕ ਮਾਂਜੇ। ਇੱਕ ਬੈਂਕ ਬਿਲਕੁਲ ਫਿਲਮੀ ਅਦਾਕਾਰ ਧਰਮਿੰਦਰ ਦੇ ਘਰ ਦੇ ਕੋਲ ਸੀ। ਉੱਥੇ ਦੇ ਅਖਬਾਰਾਂ ਵਿੱਚ ਬਹੁਤ ਰੌਲਾ ਪੈ ਗਿਆ ਤੇ ਮਸ਼ਹੂਰੀ ਹੋ ਗਈ ਕਿ ਪੜ੍ਹਾਕੂ ਕਿਸਮ ਦੇ ਨੌਜਵਾਨ, ਜੋ ਅੰਗਰੇਜੀ ਬੋਲਦੇ ਹਨ, ਬੜੇ ਆਰਾਮ ਨਾਲ, ਬੜੀ ਸਫਾਈ ਨਾਲ ਬਿਨਾ ਕਿਸੇ ਮਾਰਾ-ਮਾਰੀ ਤੋਂ ਬੈਂਕ ਮਾਂਜ ਕੇ ਚਲੇ ਜਾਂਦੇ ਹਨ। ਉੱਥੇ ਦੇ ਅਖਬਾਰਾਂ ਵਿੱਚ ਸਾਡੇ ਇਹ ਕੰਮ ਬਾਰੇ ਕਈ ਰੌਬਿਨਹੁੱਡ ਵਰਗੀਆਂ ਕਹਾਣੀਆਂ ਛਪੀਆਂ ਅਤੇ ਅੱਗੇ ਜਾ ਕੇ ਕਿਸੇ ਫਿਲਮਕਾਰ ਨੇ ਇਨ੍ਹਾਂ ਕਾਰਵਾਈਆਂ ਤੇ ਆਧਾਰਤ ਕੋਈ ਫਿਲਮ ਵੀ ਬਣਾਈ। ਮੀਡੀਆ ਵਿੱਚ ਇਹ ਹਾਂ ਪੱਖੀ ਚਰਚਾ ਰਹੀ। ਅਸੀਂ ਤਾਂ ਉਥੋਂ ਆ ਗਏ ਪਰ ਸਾਡੇ ਪਿੱਛੋਂ ਉੱਥੇ ਕੋਈ ੯-੧੦ ਬੈਂਕ ਹੋਰ ਮਾਂਜੇ ਗਏ। ਅਸੀਂ ਵੀ ਬੜੇ ਹੈਰਾਨ ਹੋਏ ਕਿ ਇਹ ਕੌਣ ਹੋ ਸਕਦੇ ਹਨ? ਕੁਝ ਸਮੇਂ ਬਾਅਦ ਉਹ ਬੰਦੇ ਫੜੇ ਗਏ ਕਿਉਂਕਿ ਆਪਸ ਵਿੱਚ ਪੈਸੇ ਦਾ ਰੌਲਾ ਪੈ ਗਿਆ। ਉਹ ਬੰਬੇ ਦੇ ਹੀ ਬਦਮਾਸ਼ ਸਨ। ਜਦੋਂ ਉਨ੍ਹਾਂ ਨੇ ਦੇਖਿਆ ਕਿ ਇੰਨੇ ਸੌਖੇ ਤਰੀਕੇ ਨਾਲ ਕੋਈ ਇਸ ਤਰ੍ਹਾਂ ਬੈਂਕ ਮਾਂਜ ਰਿਹਾ ਹੈ ਤਾਂ ਉਹ ਵੀ ਬੈਂਕਾਂ ਨੂੰ ਪੈ ਨਿਕਲੇ ਪਰ ਉਨ੍ਹਾਂ ਨੇ ਕਈ ਥਾਈਂ ਜਾਨੀ ਨੁਕਸਾਨ ਕੀਤਾ ਤੇ ਛੇਤੀ ਹੀ ਫੜੇ ਗਏ।

ਮੈਨੂੰ ਯਾਦ ਹੈ ਕਿ ਇੱਕ ਵਾਰ ਅਸੀਂ ਸਾਰੇ ਹੀ ਬੈਠੇ ਸੰਘਰਸ਼ ਬਾਰੇ ਗੱਲਾਂ ਕਰ ਰਹੇ ਸੀ। ਭਵਿੱਖ ਬਾਰੇ ਤੇ ਹੋਰ ਨਿਸ਼ਾਨਿਆਂ ਬਾਰੇ ਗੱਲ ਕਰਦਿਆਂ ਚਾਚਾ ਮਥਰਾ ਸਿੰਘ ਨੇ ਦੱਸਿਆ ਕਿ ਕੈਨੇਡਾ-ਅਮਰੀਕਾ ਵਾਲੇ ਸਿੰਘ ਆਪਾਂ ਨੂੰ ਇੱਥੇ ਪੈਸਾ ਭੇਜਣ ਨੂੰ ਤਿਆਰ ਹਨ ਤਾਂ ਕਿ ਸਾਨੂੰ ਬੈਂਕ ਨਾ ਮਾਂਜਣੇ ਪੈਣ। ਤਕਰੀਬਨ ਅਸੀਂ ਸਾਰਿਆਂ ਨੇ ਹੀ ਫੈਸਲਾ ਕੀਤਾ ਤੇ ਆਪਣੇ ਪੈਸੇ ਦੀ ਆਜਾਦੀ ਨੂੰ ਬਰਕਰਾਰ ਰੱਖਿਆ। ਸੁਖਵਿੰਦਰ ਸਿੰਘ ਛਿੰਦੂ ਦਾ ਕਹਿਣਾ ਸੀ ਕਿ ਇਸ ਤਰ੍ਹਾਂ ਅਸੀਂ ਬਾਹਰਲਿਆਂ ਉੱਤੇ ਨਿਰਭਰ ਹੋ ਜਾਵਾਂਗੇ ਤੇ ਆਜਾਦ ਨਹੀਂ ਰਹਾਂਗੇ। ਸੁਖਦੇਵ ਸਿੰਘ ਦਾ ਖਿਆਲ ਸੀ ਕਿ ਦੁਸ਼ਮਣ ਤੋਂ ਖੋਹਣ ਦਾ ਹੱਕ ਕਦੀ ਨਹੀਂ ਛੱਡਣਾ ਚਾਹੀਦਾ। ਅਸੀਂ ਇਹੋ ਹੀ ਫੈਸਲਾ ਕੀਤਾ ਕਿ ਅਸੀਂ ਆਪਣੇ ਹਥਿਆਰਾਂ ਤੇ ਹੀ ਭਰੋਸਾ ਕਰਾਂਗੇ। ਕਿਸੇ ਤੋਂ ਪੈਸਾ ਨਹੀਂ ਲਵਾਂਗੇ ਤੇ ਇੰਝ ਹੀ ਹੋਇਆ ਤੇ ਉਹ ਪੈਸਾ ਕਿਸੇ ਹੋਰ ਜਰੂਰਤਮੰਦ ਥਾਂ ਤੇ ਜਾਂਦਾ ਰਿਹਾ।

ਬੈਂਕ ਮਾਂਜੇ ਵਿਚ ਬੰਦਿਆਂ ਦੇ ਨਾਲ ਹੀ ਸਾਧਨ ਦਾ ਪ੍ਰਬੰਧ ਵੀ ਕਰਨਾ ਪੈਂਦਾ ਹੈ।

ਲੁਧਿਆਣੇ ਬੈਂਕ ਵਿਚ ਵੱਡੀ ਕਾਰਵਾਈ ਵੇਲੇ ਇਕ ਟਰੱਕ, ਇਕ ਮੈਟਾਡੋਰ, ਤਿੰਨ ਕਾਰਾਂ, ਤਿੰਨ ਮੋਟਰ-ਸਾਈਕਲ, ਇੱਕ ਸਕੂਟਰ ਤੇ ਇਕ ਸਾਈਕਲ ਦੀ ਜਰੂਰਤ ਪਈ ਸੀ। ਬੈਂਕ ਦੀ ਚੋਣ ਅਨੁਸਾਰ ਹੀ ਬੰਦੇ ਚੁਣੇ ਜਾਂਦੇ ਸੀ। ਸਾਡੇ ਨਾਲ ਤਾਂ ਸਾਰੇ ਹੀ ਬੰਦੇ ਹਰ ਕੰਮ ਵਿੱਚ ਤਜਰਬੇਕਾਰ ਸੀ ਪਰ ਅਸੀਂ ਕਈ ਵਾਰ ਹੋਰਨਾਂ ਜਥਿਆਂ ਜਾਂ ਜਥੇਬੰਦੀਆਂ ਦੇ ਸਿੰਘਾਂ ਨੂੰ ਨਾਲ ਤਜਰਬੇ ਲਈ ਵੀ ਲੈ ਜਾਂਦੇ ਸੀ। ਲੁਧਿਆਣੇ ਇੱਕ ਵਾਰ ਦਰਸ਼ਨ ਸਿੰਘ ਡੱਲਾ ਬੈਂਕ ਮਾਂਜਾ ਦੇਖਣ ਲਈ ਸਾਡੇ ਨਾਲ ਗਿਆ ਕਿ ਕਿਵੇਂ ਸਭ ਕੁਝ ਹੁੰਦਾ ਹੈ? ਭਾਊ ਲਾਭ ਸਿੰਘ ਨੇ ਇੱਕ ਵਾਰ ਜੋਰ ਪਾਇਆ ਕਿ ਮੈਂ ਵੀ ਨਾਲ ਜਾ ਕੇ ਦੇਖਣਾ ਹੈ। ਉਸ ਵਕਤ ਉਹ ਖਾਲਸਤਾਨ ਕਮਾਂਡੋ ਫੋਰਸ ਦਾ ਮੁਖੀ ਸੀ ਅਤੇ ਉਸ ਉੱਪਰ ਕਿਸੇ ਵੀ ਕਾਰਵਾਈ ਵਿੱਚ ਜਾਣ ਤੋਂ ਰੋਕ ਲਾਈ ਹੋਈ ਸੀ। ਉਸ ਦੇ ਜੋਰ ਪਾਉਣ ਤੇ ਚਾਚਾ ਮਥਰਾ ਸਿੰਘ, ਸੁਖਵਿੰਦਰ ਸਿੰਘ ਛਿੰਦੂ ਤੇ ਹਰਜਿੰਦਰ ਸਿੰਘ ਜਿੰਦੇ ਨੇ ਕਿਹਾ ਕਿ ਹੁਣ ਆਪਾਂ ਨੂੰ ਭਾਊ ਦੀ ਮੰਨਣੀ ਹੀ ਪੈਣੀ ਹੈ ਪਰ ਉਸ ਨੂੰ ਕਿਹਾ ਗਿਆ ਕਿ ਸਾਡੀ ਵੀ ਇਕ ਗੱਲ ਮੰਨਣੀ ਪੈਣੀ ਕਿ ਤੁਸੀਂ ਉੱਥੇ ਕੁਝ ਨਹੀਂ ਕਰਨਾ, ਬੱਸ ਇਕ ਗਾਹਕ ਵਾਂਗ ਹੀ ਵਿਚਰਨਾ ਹੈ। ਜਲੰਧਰ ਦੇ ਕਾਰੋਬਾਰੀ ਇਲਾਕੇ ਵਿਚ ਅਸੀਂ ਬੈਂਕ ਮਾਂਜਿਆ, ਜਿੱਥੋਂ ਗਿਆਰਾਂ ਲੱਖ ਦੀ ਰਕਮ ਮਿਲੀ ਅਤੇ ਭਾਊ ਲਾਭ ਸਿੰਘ ਨੇ ਇਹ ਸਾਰਾ ਕੰਮ ਇਕ ਗਾਹਕ ਬਣ ਕੇ ਦੇਖਿਆ ਤੇ ਘਰ ਆ ਕੇ ਉਹ ਬਹੁਤ ਖੁਸ਼ ਹੋਇਆ।

ਪਾਠ : ੩

ਠਾਹਰਾਂ ਤੇ ਹੋਰ ਸਾਧਨ

ਠਾਹਰਾਂ ਤੋਂ ਬਿਨਾ ਕਿਸੇ ਗੁਰੀਲਾ ਸੰਘਰਸ਼ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ ਪਰ ਵਿਦਵਾਨ ਜਾਂ ਲਿਖਾਰੀ ਲੋਕ ਸੰਘਰਸ਼ ਬਾਰੇ ਗੱਲ ਕਰਦਿਆਂ ਅਕਸਰ ਠਾਹਰਾਂ ਵਾਲਿਆਂ ਨੂੰ ਅਹਿਮੀਅਤ ਘੱਟ ਦਿੰਦੇ ਹਨ। ਇਹ ਗੱਲ ਸੱਚ ਹੈ ਕਿ ਲੜਣ ਵਾਲਿਆਂ ਦਾ ਠਾਹਰਾਂ ਨਾਲ ਰਿਸ਼ਤਾ ਮੱਛੀ ਅਤੇ ਪਾਣੀ ਵਰਗਾ ਹੈ। ਕਿਸੇ ਸਮਾਜ ਦਾ ਜਿਹੜਾ ਹਿੱਸਾ ਕਿਸੇ ਹਕੂਮਤ ਖਿਲਾਫ ਸੰਘਰਸ਼ ਕਰਦਾ ਹੈ ਉਹ ਸਮੁੰਦਰ ਵਿਚ ਬਰਫ ਦੇ ਤੋਦੇ ਵਾਂਗਰਾਂ ਛੁਪਿਆ ਹੁੰਦਾ ਹੈ ਜੀਹਦੀ ਇਕ ਨੋਕ ਹੀ ਉਪਰ ਦਿਸਦੀ ਹੁੰਦੀ ਹੈ। ਖਾੜਕੂ ਉਹ ਦਿਸਦੀ ਹੋਈ ਨੋਕ ਹੀ ਹੁੰਦੇ ਹਨ ਪਰ ਉਹਨਾਂ ਪਿਛਲੀ ਅਸਲ ਤਾਕਤ ਠਾਹਰਾਂ ਅਤੇ ਬਾਕੀ ਸਭ ਮਦਾਦੀ ਅਤੇ ਹਮਦਰਦ ਲੋਕਾਂ ਵਿਚ ਛੁਪੀ ਹੁੰਦੀ ਹੈ। ਅਸੀਂ ਇਸੇ ਹਿੱਸੇ ਦੀ ਉਪਜ ਹੁੰਦੇ ਹਾਂ ਅਤੇ ਇਹੀ ਸਾਨੂੰ ਪਾਲਦੇ ਹਨ ਅਤੇ ਸਮਝਾਉਂਦੇ ਹਨ। ਸੂਚਨਾ ਸਾਧਨ ਅਤੇ ਸਭ ਸਹਾਇਤਾ ਮੁਹੱਈਆ ਕਰਦੇ ਹਨ ਤੇ ਅਸੀਂ ਉਹਨਾਂ ਦੀ ਉਹ ਸ਼ੁਧ ਭਾਵਨਾ ਦੀ ਪੂਰਤੀ ਲਈ ਹੀ ਆਪਣੇ ਆਪ ਨੂੰ ਜੰਗ ਵਿਚ ਝੋਕਦੇ ਹਾਂ। ਅਸਲ ਵਿਚ ਉਹ ਲੋਕ ਸਾਡੇ ਤੋਂ ਪਹਿਲਾਂ ਹੀ ਆਪਣੇ ਆਪ ਨੂੰ ਜੰਗ ਵਿਚ ਝੋਕ ਚੁੱਕੇ ਹੁੰਦੇ ਹਨ।

ਇਕ ਖਾੜਕੂ ਦਾ ਸਫਰ ਬੜਾ ਸਰਲ ਜਿਹਾ ਹੁੰਦਾ ਹੈ, ਉਸ ਨੇ ਜਾਂ ਤਾਂ ਜੰਗ ਵਿਚ ਜੂਝਦਿਆਂ ਸ਼ਹੀਦ ਹੋ ਜਾਣਾ ਹੁੰਦਾ ਹੈ ਤੇ ਜੇ ਫੜਿਆ ਗਿਆ ਤਾਂ ਜੇਲ੍ਹ ਜਾਂ ਫਾਂਸੀ ਮਿਲਦੀ ਹੈ। ਇਸ ਦੇ ਮੁਕਾਬਲੇ ਕਿਸੇ ਠਾਹਰ ਵਾਲੇ ਬੰਦੇ ਦਾ ਸਫਰ ਬਹੁ ਭਾਂਤੀ ਅਤੇ ਬਹੁ ਪਰਤੀ ਹੁੰਦਾ ਹੈ।

ਜੇ ਕਿਸੇ ਠਾਹਰ ਦੇਣ ਵਾਲੇ ਨੂੰ ਹਕੂਮਤ ਫੜ ਲੈਂਦੀ ਹੈ ਤਾਂ ਉਹਦੇ ਲਈ ਜਲਾਲਤ, ਤਸ਼ੱਦਦ, ਕੈਦ ਅਤੇ ਸ਼ਹਾਦਤ ਸਭ ਹੋ ਸਕਦਾ ਹੈ ਜੋ ਕਿਸੇ ਖਾੜਕੂ ਨਾਲ ਹੁੰਦਾ ਹੈ। ਪਰਿਵਾਰਕ ਨੁਕਸਾਨ ਦਾ ਇਕ ਅਲਹਿਦਾ ਹੀ ਪੱਖ ਹੁੰਦਾ ਹੈ ਕਿਉਂਕਿ ਕਿਸੇ ਖਾੜਕੂ ਦਾ ਇਹ ਰਾਹ ਪੈਣਾ ਆਪਣੇ ਆਪ ਨੂੰ ਨਿਸ਼ਚਿਤ ਮੌਤ ਵੱਲ ਲੈ ਕੇ ਜਾਣਾ ਹੁੰਦਾ ਹੈ ਅਤੇ ਉਹ ਆਪਣੇ ਪਰਿਵਾਰ ਦੇ ਮਾਰੇ ਜਾਣ ਬਾਰੇ ਵੀ ਅੰਦਾਜੇ ਵਿਚ ਹੁੰਦਾ ਹੈ

ਪਰ ਇਕ ਠਾਹਰ ਵਾਲੇ ਦੇ ਮਨ ਵਿਚ ਉਹਦਾ ਪਰਿਵਾਰ ਜਿਉਂਦਾ ਹੁੰਦਾ ਹੈ। ਇਹੋ ਫਰਕ ਇਕ ਖਾੜਕੂ ਅਤੇ ਠਾਹਰ ਵਾਲੇ ਨੂੰ ਨਿਖੇੜਦਾ ਹੈ। ਇਸ ਕਰਕੇ ਹਕੂਮਤਾਂ ਕਿਸੇ ਠਾਹਰ ਵਾਲੇ ਦੇ ਪਰਿਵਾਰ ਨੂੰ ਵਧੇਰੇ ਨਿਸ਼ਾਨਾ ਬਣਾਉਂਦੀਆਂ ਹਨ ਅਤੇ ਉਹਨਾਂ ਦੀਆਂ ਔਰਤਾਂ ਦੀ ਬੇਪਤੀ ਵੀ ਵਧੇਰੇ ਕੀਤੀ ਜਾਂਦੀ ਹੈ।

ਠਾਹਰਾਂ ਦਾ ਇਕ ਹੋਰ ਪੱਖ ਹੈ ਕਿ ਕਿਸੇ ਪਰਿਵਾਰ ਨੂੰ ਜਿਉਂਦੇ ਰੱਖਣ ਲਈ ਰੁਜਗਾਰ ਸਾਧਨ ਜਰੂਰੀ ਹੁੰਦਾ ਹੈ। ਠਾਹਰਾਂ ਵਾਲੇ ਲੋਕਾਂ ਨੂੰ ਹਕੂਮਤ ਵਲੋਂ ਇਸ ਪੱਖ ਤੋਂ ਵਧੇਰੇ ਤੋੜਿਆ ਜਾਂਦਾ ਹੈ। ਅਸੀਂ ਵੇਖਿਆ ਹੈ ਕਿ ਵਾਰ ਵਾਰ ਰਿਸ਼ਵਤ ਦੇਣ ਕਰਕੇ ਵੀ ਪਰਿਵਾਰਾਂ ਦੀ ਮਾਲੀ ਹਾਲਤ ਮਾੜੀ ਹੋ ਜਾਂਦੀ ਸੀ। ਜਿਉਣ ਦੀ ਲਕੀਰ ਉਤੇ ਖੜ੍ਹੇ ਬੰਦਿਆਂ ਲਈ ਮੌਤ ਦੇ ਰਾਹ ਪਏ ਜੰਗਜੂਆਂ ਤੋਂ ਆਪਣੇ ਲਈ ਮਦਦ ਮੰਗਣੀ ਨੈਤਿਕ ਹਾਰ ਸਮਾਨ ਹੁੰਦੀ ਹੈ ਜੋ ਕੋਈ ਵੀ ਸਵੈਮਾਨੀ ਬੰਦਾ ਝੱਲ ਨਹੀਂ ਸਕਦਾ।

ਲਗਾਤਾਰ ਚੌਕਸੀ ਅਤੇ ਸੇਵਾ ਸੰਭਾਲ ਕਾਰਣ ਠਾਹਰਾਂ ਵਾਲੇ ਪਰਿਵਾਰਾਂ ਦੇ ਕੰਮ ਕਾਜ ਵਿਚ ਫਰਕ ਪੈਣਾ ਵੀ ਕੁਦਰਤੀ ਹੁੰਦਾ ਹੈ। ਕਈ ਵਾਰ ਸਾਰੇ ਦਾ ਸਾਰਾ ਪਰਿਵਾਰ ਖਤਮ ਹੋ ਜਾਂਦਾ ਹੈ ਕਈ ਵਾਰ ਬੰਦੇ ਇਲਾਕਾ ਜਾਂ ਦੇਸ ਛੱਡ ਕੇ ਹੀ ਚਲੇ ਜਾਂਦੇ ਹਨ।

ਹਕੂਮਤੀ ਪਰਬੰਧ ਨੇ ਲਗਾਤਾਰ ਤਾੜਨਾ ਰੱਖਣੀ, ਲਾਲਚ ਦੇਈ ਜਾਣਾ ਅਤੇ ਜਲੀਲ ਵੀ ਕਰਨਾ ਹੁੰਦਾ ਹੈ। ਇਸ ਤਰ੍ਹਾਂ ਲਗਾਤਾਰ ਤਣਾਅ ਕਾਰਨ ਪਰਿਵਾਰਾਂ ਵਿਚ ਕੁਝ ਸੰਵੇਦਨਸ਼ੀਲ ਜਾਂ ਕਮਜੋਰ ਜੀਅ ਬਿਮਾਰ ਹੋ ਜਾਂਦੇ ਹਨ। ਪੁਲਿਸ ਅਤੇ ਹਕੂਮਤੀ ਤੱਤਾਂ ਨੂੰ ਏਹਨਾਂ ਲੋਕਾਂ ਉਤੇ ਦਬਾਅ ਬਣਾਈ ਰੱਖਣਾ ਬਹੁਤ ਚੰਗਾ ਅਤੇ ਜਰੂਰੀ ਕੰਮ ਲਗਦਾ ਹੈ ਕਿ ਇਸ ਤਰ੍ਹਾਂ ਕਿਸੇ ਦਿਨ ਉਹ ਟੁਟ ਜਾਣਗੇ। ਅਕਸਰ ਲੰਮੇ ਦਬਾਅ ਨਾਲ ਲੋਕ ਜਾਂ ਤਾਂ ਉਜੜ ਜਾਂਦੇ ਹਨ ਜਾਂ ਟੁਟ ਜਾਂਦੇ ਹਨ ਜਾਂ ਫਿਰ ਖਤਮ ਵੀ ਹੋ ਜਾਂਦੇ ਹਨ। ਪੰਜਾਬ ਵਿਚ ਇਹ ਸਭ ਕੁਝ ਸਾਡੇ ਸਾਹਮਣੇ ਵਾਪਰਿਆ ਹੈ।

ਕਈ ਵਾਰ ਪਰਿਵਾਰਾਂ ਨਾਲ ਦੂਹਰਾ ਦੁਖਾਂਤ ਵਾਪਰਦਾ ਹੈ ਕਿ ਜਦੋਂ ਕੋਈ ਪਰਿਵਾਰ ਕਿਸੇ ਦਬਾਅ ਅਧੀਨ, ਭੁਲੇਖੇ ਨਾਲ ਜਾਂ ਸ਼ੱਕ ਅਧੀਨ ਹੀ ਸੰਘਰਸ਼ ਦੇ ਦੋਸ਼ ਦਾ ਭਾਗੀ ਬਣ ਜਾਂਦਾ ਹੈ ਤਾਂ ਉਹ ਦੂਵੱਲੀ ਮਾਰ ਦਾ ਸ਼ਿਕਾਰ ਹੋ ਜਾਂਦੇ ਹਨ। ਸਾਡੇ ਸੰਘਰਸ਼ ਵਿਚ ਬਹੁਤ ਹੀ ਸੇਵਾ ਵਾਲੇ ਪਰਿਵਾਰਾਂ ਨਾਲ ਅਜਿਹਾ ਵਾਪਰਦਾ ਵੇਖਿਆ ਹੈ ਕਿ ਕਿਸੇ ਇਕ ਘਟਨਾ ਕਰਕੇ ਉਹਨਾਂ ਦਾ ਸਾਰਾ ਜੀਵਨ ਦਾਅ ਉਤੇ ਲੱਗ ਗਿਆ ਤੇ ਉਹ ਦੂਜੇ ਪਾਲੇ ਵਿਚ ਖੜ੍ਹੇ ਵਿਖਾਈ ਦੇਣ ਲੱਗੇ। ਕਈ ਬੰਦੇ ਆਪਣੇ ਉਤੇ ਲੱਗੇ ਦੋਸ਼ ਦੇ ਵਿਰੋਧ ਵਿਚੋਂ ਹੀ ਹਕੂਮਤੀ ਪਾਲੇ ਵਿਚ ਚਲੇ ਗਏ।

ਠਾਹਰਾਂ ਬਾਰੇ ਇਕ ਪੱਖ ਇਹ ਵੀ ਹੈ ਕਿ ਲੋਕਾਂ ਸਾਹਮਣੇ ਆਈਆਂ ਠਾਹਰਾਂ

ਉਹੀ ਹਨ ਜਿਹੜੀਆਂ ਫੜੀਆਂ ਗਈਆਂ ਸਨ। ਫੜੀਆਂ ਗਈਆਂ ਠਾਹਰਾਂ ਤਾਂ ਬਹੁਤ ਥੋਹੜੀਆਂ ਹਨ। ਜਿਹੜੇ ਲੋਕਾਂ ਨੇ ਪੂਰੇ ਸੰਘਰਸ਼ ਦੀ ਮਦਦ ਕੀਤੀ ਅਤੇ ਕਿਤੇ ਆਪਣੀ ਸੇਵਾ ਦਾ ਕੋਈ ਵਿਖਾਵਾ ਨਹੀਂ ਕੀਤਾ, ਓਹਨਾਂ ਦੀ ਗਿਣਤੀ ਬਹੁਤ ਵੱਡੀ ਹੈ।

ਪਰਗਟ ਹੋਈਆਂ ਠਾਹਰਾਂ ਦੇ ਕਿਰਦਾਰਾਂ ਨੇ ਨਾ ਸਿਰਫ ਸਾਨੂੰ ਬਚਾਇਆ ਸਗੋਂ ਸੰਘਰਸ਼ ਦੀ ਸ਼ਾਨ ਨੂੰ ਵੀ ਬੁਲੰਦ ਕੀਤਾ। ਅਜਿਹੇ ਕਿੰਨੇ ਹੀ ਨਾਂ ਯਾਦ ਆਉਂਦੇ ਹਨ ਜਿਹੜਿਆਂ ਬਾਰੇ ਪੁਲਿਸ ਨੂੰ ਪਰਤੱਖ ਹੀ ਪਤਾ ਸੀ ਕਿ ਉਹ ਸਾਡੀ ਮਦਦ ਕਰਦੇ ਹਨ ਪਰ ਜਿਉਂਦੇ ਜੀਅ ਉਹਨਾਂ ਨੂੰ ਹਕੂਮਤ ਦੇ ਕੁੱਲ ਡਰ, ਲਾਲਚ ਤੇ ਤਸੀਹੇ ਤੋੜ ਨਹੀਂ ਸਕੇ। ਹਰਮਿੰਦਰ ਸਿੰਘ ਸੁਲਤਾਨਵਿੰਡ ਦਾ ਚਾਚਾ ਪਿਆਰਾ ਸਿੰਘ ਵੀ ਅਜਿਹਾ ਮਜਬੂਤ ਪਹਾੜ ਸੀ, ਜੋ ਹਰ ਵਾਰ ਫੜਿਆ ਜਾਂਦਾ ਤੇ ਰੱਜ ਕੇ ਤਸ਼ੱਦਦ ਝੱਲਦਾ ਸੀ ਤੇ ਸਾਡਾ ਕੋਈ ਨੁਕਸਾਨ ਨਹੀਂ ਹੁੰਦਾ ਸੀ। ਸਾਨੂੰ ਮਿਲਣ ਤੇ ਤਸ਼ੱਦਦ ਦੀ ਗੱਲ ਹੱਸ ਕੇ ਸੁਣਾਉਂਦਾ ਸੀ। ਫਿਰ ਸਾਡੇ ਨਾਲ ਅਗਲੀ ਵਾਰ ਤੁਰ ਪੈਂਦਾ ਸੀ ਅਤੇ ਤਸ਼ੱਦਦ ਦੀ ਉਡੀਕ ਕਰਦਾ ਸੀ। ਇਕ ਵਾਰ ਉਹਨਾਂ ਨੂੰ ਮੈਂ ਕਿਹਾ ਕਿ ਇਹ ਬਹੁਤ ਔਖਾ ਅਤੇ ਖਤਰਨਾਕ ਕੰਮ ਹੈ ਤੁਸੀਂ ਨਾ ਆਇਆ ਕਰੋ। ਅੱਗੋਂ ਕਹਿਣ ਲੱਗੇ ਕਿ ਇਹ ਕਿਵੇਂ ਹੋ ਸਕਦਾ ਹੈ, ਇਹ ਸਾਡਾ ਕਿਰਦਾਰ ਨਹੀਂ ਹੈ। ਮੈਂ ਹਥਿਆਰਬੰਦ ਨਹੀਂ ਹੋ ਸਕਦਾ ਪਰ ਆਪਣਾ ਫਰਜ ਤਾਂ ਨਿਭਾਵਾਂਗਾ। ਆਖਰ ਉਹ ਆਪਣਾ ਫਰਜ ਨਿਭਾਉਂਦਿਆਂ ਤਸੀਹੇਖਾਨੇ ਵਿਚ ਹੀ ਰਹਿ ਗਏ। ਬਹੁਤ ਸਾਲਾਂ ਬਾਅਦ ਮੈਨੂੰ ਇਕ ਸਿੰਘ ਮਿਲਿਆ ਉਸਨੇ ਦੱਸਿਆ ਕਿ ਉਹਨੇ ਆਖਰੀ ਵਾਰ ਚਾਚੇ ਪਿਆਰਾ ਸਿੰਘ ਨੂੰ ਮਾਲਮੰਡੀ ਤਸੀਹੇਖਾਨੇ ਦੀ ਇਕ ਕੋਠੜੀ ਵਿਚ ਵੇਖਿਆ ਸੀ। ਜਦੋਂ ਮਾਲਮੰਡੀ ਦੇ ਮਸ਼ਹੂਰ ਡੀਐਸਪੀ ਗੁਰਮੇਲ ਬਾਈ ਵਲੋਂ ਉਹਦੀ ਪੁਛਗਿਛ ਦਾ ਦੌਰ ਚੱਲ ਰਿਹਾ ਸੀ। ਉਸ ਵਕਤ ਉਹਦੇ ਸਰੀਰ ਦਾ ਬਹੁਤ ਬੁਰਾ ਹਾਲ ਸੀ। ਉਹਦਾ ਮੂੰਹ ਸੁੱਜਿਆ ਹੋਇਆ ਅਤੇ ਕਪੜੇ ਲਹੂ ਰੱਤੇ ਸਨ। ਇਹ ਸਿੰਘ ਨੇ ਉਹਨਾਂ ਨੂੰ ਕਿਹਾ ਕਿ ਮੈਂ ਬਾਹਰੋਂ ਦਵਾਈਆਂ ਭੇਜ ਦਿੰਦਾ ਹਾਂ ਮੈਨੂੰ ਕਈ ਮੁਲਾਜਮ ਜਾਣਦੇ ਹਨ। ਅੱਗੋਂ ਚਾਚਾ ਪਿਆਰਾ ਸਿੰਘ ਨੇ ਨਾਂਹ ਕਰ ਦਿੱਤੀ ਕਿ ਇਸ ਵਾਰ ਹੁਣ ਕੋਈ ਜਰੂਰਤ ਨਹੀਂ ਹੈ। ਚਾਚਾ ਪਿਆਰਾ ਸਿੰਘ ਦਾ ਲਾਪਤਾ ਹੋਣਾ ਉਹਨਾਂ ਲਾਸ਼ਾਂ ਦਾ ਹਿੱਸਾ ਹੈ ਜਿਨ੍ਹਾਂ ਦੀ ਭਾਲ ਵਿਚ ਸ਼ਹੀਦ ਜਸਵੰਤ ਸਿੰਘ ਖਾਲੜਾ ਨੂੰ ਲਾਵਾਰਸ ਲਾਸ਼ਾਂ ਦੇ ਸਬੂਤਾਂ ਦਾ ਰਾਹ ਲੱਭਿਆ।

ਚਾਚਾ ਮਥਰਾ ਸਿੰਘ ਅਤੇ ਹਰਜਿੰਦਰ ਸਿੰਘ ਜਿੰਦੇ ਦਾ ਕਾਲਜ ਵੇਲੇ ਦਾ ਦੋਸਤ ਗੁਰਵਿੰਦਰ ਸਿੰਘ ਪਰਧਾਨ ਬਹੁਤ ਯਾਦ ਆਉਂਦਾ ਹੈ। ਉਹਦੇ ਨਾਲ ਵੀ ਅਖੀਰ ਤੱਕ ਚਾਚੇ ਪਿਆਰਾ ਸਿੰਘ ਵਾਂਗ ਹੀ ਹੁੰਦੀ ਰਹੀ। ਉਹ ਹਰ ਵਾਰ ਤਸ਼ੱਦਦ ਝੱਲ ਕੇ ਬਚ ਆਉਂਦਾ ਸੀ ਅਤੇ ਫਿਰ ਸਾਡੀ ਸੇਵਾ ਵਿਚ ਜੁਟ ਜਾਂਦਾ ਸੀ। ਇਸੇ ਤਰ੍ਹਾਂ ਭਾਊ ਲਾਭ

ਸਿੰਘ ਨਾਲ ਜੁੜੇ ਮਾਸਟਰ ਜੀ ਦੀ ਯਾਦ ਆਉਂਦੀ ਹੈ ਜਿਸਨੂੰ ਪੁਲਿਸ ਵਾਲੇ ਖਾੜਕੂਆਂ ਦੀ ਮਾਂ ਕਹਿੰਦੇ ਸਨ। ਉਹਦੀ ਜਿੰਦਗੀ ਵੀ ਠਾਣਿਆਂ ਵਿਚ ਅਤੇ ਸਿੰਘਾਂ ਦੀ ਸੇਵਾ ਵਿਚ ਹੀ ਲੇਖੇ ਲੱਗੀ, ਅਖੀਰ ਉਹ ਵੀ ਚਾਚੇ ਪਿਆਰਾ ਸਿੰਘ ਵਾਂਗ ਲਾਪਤਾ ਹੋ ਗਿਆ। ਉਸ ਨੇ ਵੀ ਚਾਚੇ ਪਿਆਰਾ ਸਿੰਘ ਵਾਂਗ ਕਿਹਾ ਸੀ ਕਿ ਸਾਡਾ ਫਰਜ ਹੁਣ ਇਹੋ ਕੰਮ ਕਰਨ ਦਾ ਹੈ। ਇਹ ਫਰਜ ਅਸੀਂ ਅੰਤ ਤੱਕ ਨਿਭਾਂਵਾਗੇ। ਲੁਧਿਆਣੇ ਸ਼ਹਿਰ ਵਿਚ ਚਰਨਜੀਤ ਸਿੰਘ ਤਲਵੰਡੀ ਰਾਹੀਂ ਠਾਹਰ ਬਣੇ ਮਾਨ ਸਿੰਘ ਢੋਲੇਵਾਲ ਨੂੰ ਵੀ ਇਹ ਫਰਜ ਨਿਭਾਉਣ ਕਰਕੇ ਬਹੁਤ ਵਾਰ ਠਾਣਿਆਂ ਅਤੇ ਤਸੀਹੇ ਖਾਨਿਆਂ ਵਿਚੋਂ ਲੰਘਣਾ ਪਿਆ ਪਰ ਉਹ ਹਰ ਵਾਰ ਖਿੜੇ ਮੱਥੇ ਹਾਜਰ ਹੁੰਦੇ। ਉਹ ੧੯੮੪ ਤੋਂ ਪਹਿਲਾਂ ਅਕਾਲੀ ਦਲ ਦੇ ਜਿਲਾ ਆਗੂ ਸਨ ਪਰ ਉਹਨਾਂ ਨੇ ਪੰਥਪ੍ਰਸਤੀ ਦਾ ਰਾਹ ਪਛਾਣਿਆ ਤੇ ਹਰ ਤਰ੍ਹਾਂ ਦੇ ਦੁੱਖ-ਨੁਕਸਾਨ ਝੱਲੇ। ਹਰਮਿੰਦਰ ਸਿੰਘ ਸੁਲਤਾਨਵਿੰਡ ਦੇ ਚਾਚੇ ਪਿਆਰਾ ਸਿੰਘ ਵਾਂਗ ਗੁਰਸ਼ਰਨ ਸਿੰਘ ਗਾਮੇ ਹੋਣਾਂ ਦਾ ਬਾਪੂ ਪਿਆਰਾ ਸਿੰਘ ਵੀ ਵੱਡੇ ਤਸ਼ੱਦਦ ਵਿਚੋਂ ਗੁਜਰਿਆ ਸੀ। ੧੯੯੬ ਵਿਚ ਸਾਡੇ ਫੜੇ ਜਾਣ ਤੱਕ ਉਹਨਾਂ ਦੇ ਘਰ ਪੁਲਿਸ ਛਾਪੇ ਪੈਂਦੇ ਰਹੇ। ਅਣਗਿਣਤ ਵਾਰ ਉਹ ਠਾਣੇ ਗਏ, ਤਸ਼ੱਦਦ ਝੱਲਿਆ ਅਤੇ ਘਰ ਆ ਕੇ ਦਸਦੇ ਵੀ ਨਹੀਂ ਸਨ ਸਗੋਂ ਇਹ ਕਹਿੰਦੇ ਕਿ ਪੁਲਿਸ ਬੁੜ੍ਹਿਆਂ ਨੂੰ ਕੁਝ ਨਹੀਂ ਕਹਿੰਦੀ। ਚੜ੍ਹਾਈ ਕਰਨ ਮਗਰੋਂ ਜਦੋਂ ਲੋਕਾਂ ਨੇ ਇਸ਼ਨਾਨ ਕਰਾਇਆ ਤਾਂ ਦੇਹ ਉਤੇ ਅਣਗਿਣਤ ਨਿਸ਼ਾਨਾਂ ਤੋਂ ਪਤਾ ਲੱਗਿਆ ਕਿ ਉਹ ਕਿੰਨੇ ਤਸੀਹਿਆਂ ਵਿਚੋਂ ਗੁਜਰੇ ਸਨ।

ਜਲੰਧਰ ਸ਼ਹਿਰ ਵਿਚ ਇਕ ਸਿੰਘ ਦੋਧੀ ਦਾ ਕੰਮ ਕਰਦਾ ਸੀ। ਉਹ ਵੀ ਇਸੇ ਤਰ੍ਹਾਂ ਹੀ ਸੀ। ਜਦੋਂ ਸਾਨੂੰ ਮਿਲਦਾ ਸੀ ਤਾਂ ਹਰ ਵਾਰ ਕੋਈ ਨਵੀਂ ਠਾਹਰ ਬਣਾ ਦਿੰਦਾ ਸੀ। ਉਹਨੇ ਵੀ ਸੇਵਾ ਦਾ ਮੁੱਲ ਤਾਰਿਆ। ਦੁਆਬੇ ਵਿਚ ਸਰੂਪ ਸਿੰਘ ਬਿਸਰਾਮਪੁਰ ਦਾ ਘਰ ਵੀ ਸਿੰਘਾਂ ਦੀ ਜਾਣੀ ਪਛਾਣੀ ਠਾਹਰ ਸੀ। ਉਸ ਵੇਲੇ ਸਵਰਨ ਘੋਟਣੇ ਦੇ ਤਸੀਹੇ ਝੱਲਣਾ ਕਿਸੇ ਠਾਹਰ ਵਾਲੇ ਅਤੇ ਜੰਗਜੂ ਸਿੰਘ ਦੇ ਸਿਦਕ ਦਾ ਪੈਮਾਨਾ ਸੀ। ਸਰੂਪ ਸਿੰਘ ਵੀ ਉਸ ਦੌਰ ਵਿਚੋਂ ਗੁਰੂ ਦੀ ਕਿਰਪਾ ਨਾਲ ਸਾਬਤ ਗੁਜਰਿਆ। ਉਹਨਾਂ ਨੂੰ ਆਪਣੀ ਭੈਣ ਅਤੇ ਭਣੋਈਏ ਦੀ ਦਰਦਨਾਕ ਮੌਤ ਦਾ ਦੁਖ ਅਤੇ ਗਮ ਵੀ ਝੱਲਣਾ ਪਿਆ ਪਰ ਉਹਨਾਂ ਨੇ ਪੰਥ ਸੇਵਾ ਤੋਂ ਮੂੰਹ ਨਹੀਂ ਮੋੜਿਆ। ਸਵਰਨ ਘੋਟਣੇ ਨੇ ਇਸ ਤਰ੍ਹਾਂ ਜਥੇਦਾਰ ਗੁਰਜੰਟ ਸਿੰਘ ਦੇ ਸਬੰਧ ਵਿਚ ਮਾਲਵੇ ਤੋਂ ਸਮਸ਼ੇਰ ਸਿੰਘ ਡਾਂਗੀਆਂ ਨੂੰ ਚੁੱਕ ਕੇ ਤਸ਼ੱਦਦ ਕੀਤਾ ਸੀ। ਉਸ ਵੇਲੇ ਗੁਰਜੰਟ ਸਿੰਘ ਨੂੰ ਉਹਦੇ ਉਤੇ ਐਨਾ ਯਕੀਨ ਸੀ ਕਿ ਉਹਦੇ ਫੜੇ ਜਾਣ ਤੇ ਗੁਰਜੰਟ ਸਿੰਘ ਨੇ ਆਪਣੀ ਕੋਈ ਠਾਹਰ ਨਹੀਂ ਬਦਲੀ ਸੀ ਅਤੇ ਨਾ ਹੀ ਆਪਣਾ ਕੋਈ ਸਮਾਨ ਚੁੱਕਿਆ। ਅਮਰੀਕ ਸਿੰਘ ਈਸੜੂ ਵੀ ਅਜਿਹਾ ਹੀ ਸਿੰਘ ਹੈ ਜਿਸ ਨੂੰ ਸਿੰਘਾਂ ਨੂੰ ਠਾਹਰ ਦੇਣ ਅਤੇ ਮਦਦ ਕਰਨ ਕਰਕੇ ਜੇਲ੍ਹ

ਵੀ ਜਾਣਾ ਪਿਆ ਅਤੇ ਅਨੇਕਾਂ ਵਾਰ ਠਾਣਿਆਂ ਵਿਚ ਰਾਤਾਂ ਗੁਜਾਰਣੀਆਂ ਪਈਆਂ। ਉਹਨੇ ਤਸ਼ੱਦਦ ਦੇ ਦੌਰਾਂ ਦਾ ਸਾਹਮਣਾ ਕੀਤਾ ਅਤੇ ਹੋਰ ਨੁਕਸਾਨ ਵੀ ਝੱਲੇ ਪਰ ਪੰਥ ਨਾਲ ਸਦਾ ਡੱਟ ਕੇ ਖੜ੍ਹੇ ਰਹੇ। ਜਰਨੈਲ ਸਿੰਘ ਹੁਸੈਨਪੁਰ ਦਾ ਨਾਂ ਉਹਨਾਂ ਸਿੰਘਾਂ ਵਿਚੋਂ ਹੈ ਜਿਹੜੇ ੧੯੮੪ ਤੋਂ ਪਹਿਲਾਂ ਪੰਥ ਦੀ ਸੇਵਾ ਵਿਚ ਹਾਜਰ ਹੋਏ। ਉਹਨਾਂ ਨੇ ਵੀ ਤਸ਼ੱਦਦ ਝੱਲਿਆ ਅਤੇ ਭਗੌੜਿਆਂ ਵਰਗਾ ਜੀਵਨ ਬਤੀਤ ਕੀਤਾ ਪਰ ਕਦੇ ਵੀ ਪੰਥ ਵੱਲ ਪਿੱਠ ਨਹੀਂ ਕੀਤੀ, ਸਦਾ ਚੜ੍ਹਦੀ ਕਲਾ ਵਿਚ ਰਹੇ ਤੇ ਸਿੰਘਾਂ ਦਾ ਖਿੜੇ ਮੱਥੇ ਸਾਥ ਦਿੱਤਾ।

ਤਰਨਤਾਰਨ ਨੇੜੇ ਪਿੰਡ ਠੱਠੇ ਤੋਂ ਜਰਨਲ ਨਰਿੰਦਰ ਸਿੰਘ ਦੇ ਭਤੀਜੇ ਮਦਨ ਸਿੰਘ ਦੀ ਯਾਦ ਆਉਂਦੀ ਹੈ। ਸ਼ੁਰੂ ਤੋਂ ਅਖੀਰ ਤੱਕ ਜਿਹੋ ਜਿਹੇ ਮਰਜੀ ਸਮੇਂ ਹੋਣ, ਜਦੋਂ ਅਸੀਂ ਉਹਨੂੰ ਬੁਲਾਉਂਦੇ ਉਹ ਆ ਜਾਂਦਾ ਸੀ ਤੇ ਸਦਾ ਸੇਵਾ ਲਈ ਤਤਪਰ ਰਹਿੰਦਾ ਸੀ। ਫਿਰ ਉਹਨੂੰ ਕੈਟਾਂ ਦੇ ਟੋਲੇ ਨੇ ਚੁੱਕ ਲਿਆ ਤੇ ਉਹ ਮੁੜ ਵਾਪਸ ਨਹੀਂ ਆਇਆ। ਹੁਸ਼ਿਆਰਪੁਰ ਜਿਲ੍ਹੇ ਦੇ ਪਿੰਡ ਸ਼ਾਮ ਚੁਰਾਸੀ ਤੋਂ ਡਾਕਟਰ ਆਸਾ ਸਿੰਘ ਦਾ ਦੂਰ ਤੱਕ ਫੈਲਿਆ ਹੋਇਆ ਗੁਰਸਿਖ ਪਰਿਵਾਰ ਸਦਾ ਹੀ ਸਿੰਘਾਂ ਨੂੰ ਉਡੀਕਦਾ ਰਹਿੰਦਾ ਸੀ। ਬਠਿੰਡੇ ਵਾਲੇ ਜਥੇਦਾਰ ਲੱਖਾ ਸਿੰਘ, ਧਰਮ ਸਿੰਘ ਜੁੰਬਰ ਫਿਰੋਜਪੁਰ, ਬਟਾਲੇ ਤੋਂ ਸਰਦਾਰ ਅਮਰਜੀਤ ਸਿੰਘ ਹੋਣਾਂ ਦਾ ਦੇਣਾ ਅਸੀਂ ਕਿਵੇਂ ਦੇ ਸਕਦੇ ਹਾਂ। ਦਿੱਲੀ ਵਾਲੇ ਸਰਦਾਰ ਕਰਤਾਰ ਸਿੰਘ ਨਾਰੰਗ ਅਤੇ ਮਹਿੰਦਰ ਸਿੰਘ ਉਬਰਾਏ ਦੇ ਪਰਿਵਾਰਾਂ ਦੀ ਸੇਵਾ ਨੂੰ ਕੌਣ ਭੁਲਾ ਸਕਦਾ ਹੈ। ਉਹ ਬਾਗ ਵਾਲੇ ਬਾਪੂ ਜੀ, ਲੁਧਿਆਣੇ ਤੋਂ ਸਿਆਹੀ ਵਾਲੇ ਬਾਪੂ ਜੀ ਅਤੇ ਸੰਜੀਦਾ ਸਰਪੰਚ ਜਿਹੀਆਂ ਪਾਕ ਰੂਹਾਂ ਦੀ ਘਾਲ ਕਮਾਈ ਦਾ ਕੌਣ ਮੁੱਲ ਪਾ ਸਕਦਾ ਹੈ।

ਅਜਿਹੇ ਅਨੇਕਾਂ ਹੀ ਸਿੰਘ ਸਨ ਜਿਨ੍ਹਾਂ ਨੇ ਇਸ ਤਰ੍ਹਾਂ ਅਡੋਲ ਰਹਿ ਕੇ ਤਸ਼ੱਦਦ ਝੱਲਿਆ ਅਤੇ ਸਾਨੂੰ ਬਚਾ ਕੇ ਰੱਖਿਆ। ਅਸਲ ਵਿਚ ਹਰ ਇਲਾਕੇ ਵਿਚ ਅਜਿਹੇ ਸਿਦਕੀ ਸਿੰਘ ਸਨ ਜਿਨ੍ਹਾਂ ਬਾਰੇ ਸਰਕਾਰ ਅਤੇ ਪੁਲਿਸ ਨੂੰ ਸਾਫ ਪਤਾ ਸੀ ਕਿ ਉਹ ਸਿੰਘਾਂ ਦੀ ਮਦਦ ਕਰਦੇ ਹਨ। ਅਜਿਹੇ ਸਿੰਘਾਂ ਨੇ ਜਿਹੜਾ ਸਿਦਕ ਨਿਭਾਇਆ ਅਤੇ ਜਿਹੜਾ ਫਰਜ ਅਦਾ ਕੀਤਾ ਉਹ ਮੈਦਾਨੇ ਜੰਗ ਵਿਚ ਜੂਝਣ ਵਾਲੇ ਸਿੰਘਾਂ ਨਾਲੋਂ ਕਿਸੇ ਤਰ੍ਹਾਂ ਵੀ ਘੱਟ ਨਹੀਂ ਹੈ। ਇਹਨਾਂ ਦੀ ਕਹਾਣੀ ਵੀ ਕਹਿਣੀ ਬਣਦੀ ਹੈ। ਬਹੁਤ ਸਾਰਿਆਂ ਨੇ ਬਹੁਤ ਕੁਝ ਗਵਾਇਆ ਪਰ ਪੰਥ ਨੂੰ ਪਿੱਠ ਨਹੀਂ ਵਿਖਾਈ ਭਾਵੇਂ ਸਮੇਂ ਦੀ ਸਰਕਾਰ ਨੇ ਸਾਰੀ ਵਾਹ ਲਾ ਲਈ। ਹਰ ਜਿਲ੍ਹੇ ਵਿਚੋਂ ਸਾਨੂੰ ਹਾਲੇ ਵੀ ਸੁਨੇਹੇ ਮਿਲਦੇ ਰਹਿੰਦੇ ਹਨ ਤੇ ਕਈ ਸਾਡੇ ਨਾਲ ਮੌਜੂਦਾ ਹਾਲਾਤ ਵਿਚ ਨਾਲ ਤੁਰੇ ਹੋਏ ਹਨ।

ਕਿਸੇ ਵੀ ਸੰਘਰਸ਼ ਲਈ ਠਾਹਰਾਂ ਤੋਂ ਬਿਨਾ ਹੋਰ ਕਈ ਜਰੂਰਤਾਂ ਹੁੰਦੀਆਂ ਹਨ ਜਿਹੜੀਆਂ ਅਮਲੀ ਰੂਪ ਵਿਚ ਵਿਚਰਣ ਤੇ ਹੀ ਪਤਾ ਲਗਦੀਆਂ ਹਨ। ਕਿਸੇ ਵੀ

ਖਾੜਕੂ ਨੇ ਸਿਰਫ ਆਪਣਾ ਟਿਕਾਣਾ ਅਤੇ ਪਹਿਰਾਵਾ ਹੀ ਨਹੀਂ ਬਦਲਣਾ ਹੁੰਦਾ ਸਗੋਂ ਉਹਨੇ ਲਗਾਤਾਰ ਆਪਣੀ ਪਛਾਣ ਵੀ ਬਦਲਣੀ ਹੁੰਦੀ ਹੈ। ਜਿਹੜੇ ਸੰਘਰਸ਼ਾਂ ਵਿਚ ਜਿਵੇਂ ਪੰਜਾਬ ਵਿੱਚ ਸਾਡੇ ਕੋਲ ਕੋਈ ਆਜਾਦ ਖਿੱਤਾ ਨਹੀਂ ਸੀ, ਉਥੇ ਲੋਕਾਂ ਵਿਚ ਵਿਚਰਣ ਲਈ ਪਛਾਣ ਬਦਲਣੀ ਬਹੁਤ ਜ਼ਰੂਰੀ ਹੁੰਦੀ ਹੈ। ਬਾਹਰਲੇ ਸਿੰਘਾਂ ਨੇ ਅਤੇ ਇਥੋਂ ਦੇ ਕਈ ਸਿੰਘਾਂ ਨੇ ਪਾਸਪੋਰਟਾਂ ਤੋਂ ਲੈ ਕੇ ਹਰ ਤਰ੍ਹਾਂ ਦੇ ਫਰਜੀ ਪਛਾਣੇ ਅਤੇ ਕਾਗਜ-ਪੱਤਰ ਸਾਨੂੰ ਮੁਹੱਈਆ ਕਰਵਾਏ ਸਨ। ਇਹ ਇਕ ਅਜਿਹਾ ਕੰਮ ਸੀ ਜੀਹਦੇ ਲਈ ਖਾਸ ਤਰ੍ਹਾਂ ਦੀ ਜਾਣਕਾਰੀ, ਹੁਨਰ ਅਤੇ ਸਾਜੋ-ਸਮਾਨ ਦੀ ਲੋੜ ਪੈਂਦੀ ਹੈ। ਇਹ ਕੰਮ ਵੀ ਠਾਹਰਾਂ ਦੇਣ ਜਿੰਨਾ ਹੀ ਖਤਰਨਾਕ ਹੁੰਦਾ ਹੈ।

ਜੇਲ੍ਹਾਂ ਵਿਚ ਜਾਂ ਸ਼ਹੀਦਾਂ ਦੇ ਪਰਿਵਾਰਾਂ ਜਾਂ ਹੋਰ ਲੋੜਵੰਦਾਂ ਦੀ ਮਦਦ ਕਰਨ ਲਈ ਨਿਤ ਵਰਤੋਂ ਦੀਆਂ ਜਰੂਰੀ ਵਸਤਾਂ ਮੁਹੱਈਆ ਕਰਵਾਉਣਾ ਵੀ ਇਕ ਅਹਿਮ ਕੰਮ ਸੀ। ਇਹਦੇ ਲਈ ਕੁਝ ਸੱਜਣ ਹੁੰਦੇ ਹਨ ਜਿਹੜੇ ਠਾਹਰਾਂ ਨਹੀਂ ਬਣਦੇ ਪਰ ਇਸ ਤਰ੍ਹਾਂ ਦੇ ਮਾਇਕ ਯੋਗਦਾਨ ਵਾਲੇ ਕੰਮ ਕਰਦੇ ਹਨ। ਲੋੜ ਵੇਲੇ ਕਿਸੇ ਵੀ ਤਰ੍ਹਾਂ ਦੀ ਮਦਦ ਦਾ ਆਪਣਾ ਹੀ ਮਾਅਨਾ ਹੁੰਦਾ ਹੈ। ਮੈਂ ਵੇਖਿਆ ਹੈ ਕਿ ਕਈ ਥਾਂਈਂ ਕਿਸੇ ਆਮ ਬੰਦੇ ਵਲੋਂ ਸਿੰਘਾਂ ਲਈ ਵੱਧ ਮਾਤਰਾ ਵਿਚ ਲਏ ਫਲ, ਮੇਵੇ ਜਾਂ ਅਖਬਾਰ ਆਦਿ ਵਸਤਾਂ ਵੀ ਕਿਸੇ ਠਾਹਰ ਵਾਲੇ ਜਾਂ ਜੁਝਾਰੂ ਸਿੰਘ ਦੇ ਨੁਕਸਾਨ ਦਾ ਕਾਰਣ ਬਣੇ ਹਨ। ਕਿਸੇ ਖਾਸ ਬੈਠਕ ਲਈ ਲੋੜੀਂਦਾ ਸਮਾਨ ਪਹਿਲਾਂ ਹੀ ਤਿਆਰ ਕਰਨਾ ਵੀ ਇਕ ਜਰੂਰੀ ਕੰਮ ਹੁੰਦਾ ਸੀ। ਕਈ ਡੇਰਿਆਂ ਅਤੇ ਸੰਪਰਦਾਵਾਂ ਨੇ ਇਹ ਪੱਖ ਤੋਂ ਸਾਡੀ ਕਾਫੀ ਮਦਦ ਕੀਤੀ ਸੀ। ਲੋੜ ਪੈਣ ਉਤੇ ਉਹਨਾਂ ਨੇ ਸਾਨੂੰ ਆਪਣੇ ਡੇਰਿਆਂ ਵਿਚ ਠਾਹਰਾਂ ਵੀ ਦਿੱਤੀਆਂ।

ਇਕ ਪੱਖ ਸੁਨੇਹੇ ਦੇਣ ਅਤੇ ਮੁੜ ਸੰਪਰਕ ਕਰਨ ਦਾ ਸੀ। ਅਜਿਹੇ ਕੰਮਾਂ ਲਈ ਬਹੁਤ ਹੀ ਭਰੋਸੇ ਵਾਲੇ ਬੰਦਿਆਂ ਦੀ ਲੋੜ ਹੁੰਦੀ ਹੈ। ਸਾਡੇ ਕੋਲ ਇਕ ਜੇਲ੍ਹ ਮੁਲਾਜਮ ਸੀ ਜੋ ਵਰਦੀ ਵਿਚ ਹੀ ਇਹ ਕੰਮ ਕਰਦਾ ਸੀ, ਜਿਸ ਉਤੇ ਹਿੰਦੂ ਹੋਣ ਕਰਕੇ ਕੋਈ ਸ਼ੱਕ ਨਹੀਂ ਕਰਦਾ ਸੀ ਤੇ ਉਹ ਬਹੁਤ ਹੀ ਉਤਸ਼ਾਹੀ ਅਤੇ ਸੇਵਾ ਭਾਵਨਾ ਵਾਲਾ ਬੰਦਾ ਸੀ। ਇਕ ਵਾਰ ਉਹਨੇ ਇਕ ਸਿੰਘ ਦੇ ਕਾਗਜ ਸੁਪਰੀਮ ਕੋਰਟ ਵਿਚ ਦੇਣੇ ਸਨ ਤਾਂ ਸਾਡੇ ਕੋਲ ਲੋੜੀਂਦੇ ਪੈਸੇ ਪੂਰੇ ਨਹੀਂ ਸਨ। ਉਹਨੇ ਆਪਣੇ ਤਰੀਕੇ ਨਾਲ ਹੀ ਇਹ ਕੰਮ ਨੂੰ ਸਿਰੇ ਚੜਾਇਆ ਸੀ। ਇਹ ਬੰਦਾ ਇਕ ਵਾਰ ਮਾਲਵੇ ਦੇ ਸਿੰਘਾਂ ਨੂੰ ਸੁਨੇਹਾ ਦੇਣ ਗਿਆ ਤਾਂ ਪੁਲਿਸ ਦੇ ਘੇਰੇ ਵਿਚ ਆ ਗਿਆ। ਇਹ ਬਿਲਕੁਲ ਨਹੀਂ ਘਬਰਾਇਆ ਸਗੋਂ ਕੋਈ ਬਹਾਨਾ ਬਣਾ ਕੇ ਆਪਣੀ ਸ਼ਨਾਖਤ ਵਿਖਾ ਕੇ ਉਥੋਂ ਵੀ ਨਿਕਲ ਆਇਆ।

ਸਾਡੇ ਬਚਣ ਵਿਚ ਅਤੇ ਦੁਸ਼ਮਣ ਦੇ ਮਾਰੇ ਜਾਣ ਵਿਚ ਆਮ ਲੋਕਾਂ ਵਲੋਂ ਦਿੱਤੀ

ਗਈ ਸੂਚਨਾ ਦਾ ਬਹੁਤ ਅਹਿਮ ਹਿੱਸਾ ਸੀ। ਬਹੁਤੀ ਵਾਰ ਸਾਨੂੰ ਪਤਾ ਵੀ ਨਹੀਂ ਹੁੰਦਾ ਸੀ ਕਿ ਇਹ ਸੂਚਨਾ ਦਾ ਸਰੋਤ ਕੌਣ ਹੈ ਪਰ ਸਾਨੂੰ ਪਤਾ ਲੱਗ ਜਾਂਦਾ ਸੀ ਕਿ ਇਹ ਜਾਣਕਾਰੀ ਸਹੀ ਹੈ। ਕਈ ਵਾਰ ਅਸੀਂ ਐਨ ਮੌਕੇ ਉਤੇ ਕਿਸੇ ਸੂਚਨਾ ਦੇ ਆਉਣ ਨਾਲ ਹੀ ਬਚੇ। ਜਿਵੇਂ ਅਸੀਂ ਚੰਡੀਗੜ੍ਹ ਜਾਣਾ ਸੀ ਤਾਂ ਸਾਡੀ ਗੱਡੀ ਦੇ ਰੰਗ ਅਤੇ ਨੰਬਰ ਬਾਰੇ ਮੁਖਬਰੀ ਹੋ ਗਈ ਸੀ ਪਰ ਉਸੇ ਤਰ੍ਹਾਂ ਮੋੜਵੇਂ ਰੂਪ ਵਿਚ ਸਾਡੇ ਤੱਕ ਖਬਰ ਆ ਗਈ ਕਿ ਸਾਡੇ ਲਈ ਨਾਕਾ ਲੱਗਿਆ ਹੋਇਆ ਹੈ। ਜਿੰਨੇ ਵੀ ਵੱਡੇ ਪੰਥ ਦੋਖੀ ਸਨ ਉਹਨਾਂ ਬਾਰੇ ਕਈ ਥਾਵਾਂ ਤੋਂ ਆਪ ਮੁਹਾਰੀ ਜਾਣਕਾਰੀ ਸਾਡੀਆਂ ਠਾਹਰਾਂ ਤੱਕ ਪਹੁੰਚ ਜਾਂਦੀ ਸੀ।

ਇਕ ਬਹੁਤ ਜਰੂਰੀ ਪੱਖ ਆਵਾਜਾਈ ਦੇ ਸਾਧਨਾਂ ਦਾ ਪਰਬੰਧ ਕਰਨਾ ਹੁੰਦਾ ਸੀ। ਇਹ ਕੰਮ ਲਈ ਵੱਡੇ ਟਰਾਂਸਪੋਟਰ ਅਤੇ ਡੇਰਿਆਂ ਵਾਲਿਆਂ ਨੇ ਸਾਡੀ ਬਹੁਤ ਮਦਦ ਕੀਤੀ। ਅਜਿਹੀਆਂ ਕਈ ਥਾਂਵਾਂ ਸਨ ਜਿਥੋਂ ਸਿਰਫ ਇਸੇ ਤਰ੍ਹਾਂ ਦੀ ਮਦਦ ਹੀ ਲਈ ਜਾਂਦੀ ਸੀ। ਸ਼ੁਰੂ ਵਿਚ ਅਸੀਂ ਆਪ ਹੀ ਦਿੱਲੀ ਤੋਂ ਕਾਰਾਂ ਅਤੇ ਹੋਰ ਸਾਧਨਾਂ ਦਾ ਪਰਬੰਧ ਕਰਦੇ ਰਹੇ ਪਰ ਬਾਅਦ ਵਿਚ ਸਖਤੀ ਹੋਣ ਨਾਲ ਅਸੀਂ ਇਹ ਕੰਮ ਆਪ ਕਰਨਾ ਛੱਡ ਦਿੱਤਾ ਅਤੇ ਇਹ ਸੇਵਾ ਹੋਰਾਂ ਥਾਵਾਂ ਤੋਂ ਲੈਣੀ ਪਈ। ਸ਼ਹਿਰਾਂ ਵਿਚ ਇਹ ਸੇਵਾ ਕਰਨ ਵਾਲੇ ਕਾਫੀ ਬੰਦੇ ਹੁੰਦੇ ਸਨ ਜਿਹੜੇ ਸੁਨੇਹਾ ਮਿਲਣ ਤੇ ਖੁਸ਼ ਹੁੰਦੇ ਸਨ। ਇਹ ਕੰਮ ਵਿਚ ਵੀ ਜੋਖਮ ਹੁੰਦਾ ਸੀ ਕਿਉਂਕਿ ਵੱਡੇ ਸਾਧਨ ਕਿਸੇ ਵੱਡੇ ਕੰਮ ਲਈ ਹੀ ਵਰਤੇ ਜਾਂਦੇ ਸਨ ਤੇ ਸਾਰੀ ਤਫਤੀਸ਼ ਇਹਨਾਂ ਸਾਧਨਾਂ ਰਾਹੀਂ ਹੀ ਹੁੰਦੀ ਸੀ। ਮੁੱਖ ਮੰਤਰੀ ਬੇਅੰਤੇ ਦੇ ਸੋਧੇ ਦੀ ਕਹਾਣੀ ਵੀ ਅਜਿਹੇ ਸਾਧਨ ਦੀ ਪਛਾਣ ਤੋਂ ਹੀ ਖੁੱਲੀ ਸੀ। ਹਰਜਿੰਦਰ ਸਿੰਘ ਜਿੰਦਾ ਵੀ ਬੜੌਦੇ ਵਿਚ ਖਰੀਦੇ ਸਕੂਟਰ ਦੇ ਕਾਗਜਾਂ ਕਰਕੇ ਹੀ ਪਹਿਲੀ ਵਾਰ ਦਿੱਲੀ ਵਿਚ ਫੜਿਆ ਗਿਆ ਸੀ।

ਕਿਸੇ ਵੀ ਸੰਘਰਸ਼ ਦੀ ਅਹਿਮ ਕੜੀ ਉਹਨਾਂ ਦੀ ਮੂਲ ਧਰਤੀ ਤੋਂ ਬਾਹਰ ਵਸੇ ਲੋਕ ਹੁੰਦੇ ਹਨ। ਹੁਣ ਦੇ ਸਮਿਆਂ ਵਿਚ ਇਹ ਪੱਖ ਬਹੁਤ ਅਹਿਮ ਹੋ ਗਿਆ ਹੈ। ਇਹ ਲੋਕ ਨਾ ਸਿਰਫ ਦੁਨੀਆ ਵਿਚ ਆਪਣੇ ਸੰਘਰਸ਼ ਦਾ ਪੱਖ ਪੂਰਦੇ ਹਨ ਸਗੋਂ ਇਹ ਕਿਸੇ ਸੰਘਰਸ਼ ਦੀ ਆਪਣੀ ਧਰਤੀ ਉਤੇ ਲੜਾਈ ਦਾ ਵੀ ਅਹਿਮ ਹਿੱਸਾ ਹੁੰਦੇ ਹਨ। ਸਾਡੇ ਸੰਘਰਸ਼ ਵਿਚ ਪਰਦੇਸੀ ਸਿੱਖਾਂ ਦੀ ਬਹੁਤ ਅਹਿਮ ਭੂਮਿਕਾ ਰਹੀ ਹੈ।

ਪਾਠ : ੪

ਸਰਹੱਦ ਦੇ ਸਫਰ

ਜਦੋਂ ਅਸੀਂ ਰੂਪੋਸ਼ ਹੋਏ ਤੇ ਇੱਕ ਜਥੇ ਦੇ ਰੂਪ ਵਿੱਚ ਸੇਵਾ ਕਰਨ ਲੱਗੇ। ਸਾਡੇ ਮਨਾਂ ਵਿੱਚ ਕਿਸੇ ਜਥੇਬੰਦੀ ਜਾਂ ਅਹੁਦੇਦਾਰੀ ਦਾ ਖਿਆਲ ਵੀ ਨਹੀਂ ਸੀ। ਜਦੋਂ ਅਸੀਂ ਪੰਥ ਦਰਦੀਆਂ ਅਤੇ ਜਥੇਬੰਦੀਆਂ ਦੇ ਸਿੰਘਾਂ ਨਾਲ ਵਿਚਰਨ ਲੱਗੇ, ਉਦੋਂ ਵੀ ਸਾਨੂੰ ਲੱਗਦਾ ਸੀ ਕਿ ਅਸੀਂ ਸਾਰਿਆਂ ਨਾਲ ਸਬੰਧ ਰੱਖ ਕੇ ਆਜਾਦ ਤੌਰ ਤੇ ਵਿਚਰ ਸਕਦੇ ਹਾਂ। ਅਸੀਂ ਪੰਥ ਦੇ ਫੈਸਲੇ ਤੇ ਅਗਵਾਈ ਬਾਰੇ ਤਾਂ ਕਦੀ ਸੋਚਿਆ ਹੀ ਨਹੀਂ ਸੀ। ਸਿੰਘਾਂ ਵਿੱਚ ਵਿਚਰ ਕੇ ਸਾਨੂੰ ਸਮਝ ਆਈ ਕਿ ਬਿਨਾ ਕਿਸੇ ਜਥੇਬੰਦੀ ਨਾਲ ਜੁੜੇ ਅਸੀਂ ਸੰਘਰਸ਼ ਵਿੱਚ ਕੋਈ ਸਿਫਤੀ ਤਬਦੀਲੀ ਨਹੀਂ ਲਿਆ ਸਕਦੇ ਤੇ ਜੋ ਗਲਤ ਰੁਝਾਨ ਅਤੇ ਗਲਤ ਫੈਸਲੇ ਧੜੇਬੰਦੀ ਅਤੇ ਆਪਾ-ਧਾਪੀ ਵਿੱਚ ਹੋ ਰਹੇ ਹਨ, ਓਹਨਾਂ ਨੂੰ ਰੋਕ ਨਹੀਂ ਸਕਦੇ। ਸਾਡਾ ਸਬੰਧ ਅਖੀਰ ਤੱਕ ਸਾਰੀਆਂ ਜਥੇਬੰਦੀਆਂ ਨਾਲ ਰਿਹਾ ਪਰ ਪੰਥਕ ਕਮੇਟੀ, ਖਾਲਸਤਾਨ ਕਮਾਂਡੋ ਫੋਰਸ, ਸਿੱਖ ਸਟੂਡੈਂਟਸ ਫੈਡਰੇਸ਼ਨ, ਤੇ ਫਿਰ ਖਾਲਸਤਾਨ ਲਿਬਰੇਸ਼ਨ ਫੋਰਸ ਨਾਲ ਸਬੰਧ ਵੱਧਦਾ ਗਿਆ। ਸਮਾਂ ਬੀਤਣ ਨਾਲ ਸਾਨੂੰ ਅਗਵਾਈ ਦੀ ਭੂਮਿਕਾ ਵਿੱਚ ਵੀ ਆਉਣਾ ਪਿਆ। ਇਸੇ ਤਰ੍ਹਾਂ ਪਾਕਿਸਤਾਨ ਜਾਣ ਜਾਂ ਹਥਿਆਰਾਂ ਦੀ ਆਮਦ ਅਤੇ ਵਰਤੋਂ ਉਤੇ ਕਾਬੂ ਕਰਨ ਦੀ ਲੋੜ ਦਾ ਸਾਨੂੰ ਕੋਈ ਚਿੱਤ ਚੇਤਾ ਵੀ ਨਹੀਂ ਸੀ। ਅਸੀਂ ਤਾਂ ਕੰਮ ਕਰਨ ਵਿੱਚ ਰੁੱਝੇ ਹੋਏ ਸਾਂ ਜਿਸ ਲਈ ਸਾਨੂੰ ਲੋੜੀਂਦੇ ਹਥਿਆਰ ਮਿਲੀ ਜਾਣ ਤਾਂ ਅਸੀਂ ਸੰਤੁਸ਼ਟ ਸੀ। ਸਮੇਂ ਨਾਲ ਸਾਨੂੰ ਸਮਝ ਆਈ ਕਿ ਜਥਿਆਂ ਅਤੇ ਜਥੇਬੰਦੀਆਂ ਦੀ ਆਪਸੀ ਖਿੱਚੋਤਾਣ, ਮੁਕਾਬਲੇ ਤੇ ਹੋਰ ਕਾਰਨਾਂ ਕਰਕੇ ਸਾਮਾਨ ਦੀ ਵੰਡ ਇਕਸਾਰ ਨਹੀਂ ਹੈ।

ਅਖੀਰ ਤੇ ਸਾਨੂੰ ਇਹ ਵੀ ਮਹਿਸੂਸ ਹੋਇਆ ਕਿ ਪਾਕਿਸਤਾਨ ਵਿੱਚ ਚੌਧਰੀਆਂ ਤੇ ਸਰਕਾਰ ਨਾਲ ਸਿੱਧਾ ਰਾਬਤਾ ਜਰੂਰੀ ਹੈ। ਵੱਡੀ ਗਿਣਤੀ ਵਿੱਚ ਖਾੜਕੂਆਂ ਦਾ ਰਾਬਤਾ ਇਥੇ ਠਾਹਰ ਅਤੇ ਵਧੀਆ ਸਾਮਾਨ ਤਕ ਹੀ ਸੀ ਪਰ ਸਾਡੇ ਲਈ ਜਰੂਰੀ ਸੀ ਕਿ ਉੱਥੇ ਦੀ ਜਿੰਮੇਵਾਰ ਧਿਰ ਨਾਲ ਸਾਡੇ ਸੰਘਰਸ਼ ਬਾਰੇ ਗੱਲ ਕੀਤੀ ਜਾਵੇ। ਆਪਣਾ ਪੱਖ ਰੱਖਿਆ ਜਾਵੇ, ਓਹਨਾਂ ਦਾ ਪੱਖ ਸਮਝਿਆ ਜਾਵੇ। ਆਪਸ ਵਿੱਚ ਵਿਸ਼ਵਾਸ ਤੇ

ਰਣਨੀਤਕ ਸਾਂਝ ਵਧੇ। ਸਾਡੇ ਜਾਣ ਤਕ ਇਸ ਪੱਖ ਤੋਂ ਬਹੁਤੀ ਗੱਲ ਨਹੀਂ ਸੀ ਹੋਈ ਤੇ ਚੌਧਰੀ ਵੀ ਇਸ ਗੱਲ ਤੋਂ ਟਲਦੇ ਸਨ ਤੇ ਉਹ ਵੀ ਸਿੰਘਾਂ ਨਾਲ ਸਾਮਾਨ ਤੋਂ ਅੱਗੇ ਕੋਈ ਗੱਲ ਨਹੀਂ ਸੀ ਕਰਦੇ। ਉੱਥੇ ਜਾ ਕੇ ਉਥੋਂ ਦੀਆਂ, ਜੰਮੂ ਕਸ਼ਮੀਰ ਦੀਆਂ ਤੇ ਅਫਗਾਨਿਸਤਾਨ ਦੀਆਂ ਹੋਰ ਧਿਰਾਂ ਨਾਲ ਮਿਲਣਾ ਵੀ ਜਰੂਰੀ ਸੀ, ਜਿਹੜੇ ਇੱਕ ਪਾਸੇ ਰੂਸ ਨਾਲ ਲੜ ਰਹੇ ਸਨ ਤੇ ਦੂਸਰੇ ਪਾਸੇ ਭਾਰਤ ਨਾਲ। ਉੱਥੇ ਜਾ ਕੇ ਦੁਨੀਆ ਭਰ ਦੇ ਸਿੱਖਾਂ ਨਾਲ ਸਿੱਧਾ ਰਾਬਤਾ ਹੋ ਸਕਦਾ ਸੀ ਤੇ ਉੱਥੇ ਕੋਈ ਵੀ ਸਿੱਖ ਤੁਹਾਨੂੰ ਮਿਲਣ ਆ ਸਕਦਾ ਸੀ।

੧੯੮੮ ਵਿੱਚ ਪੰਥਕ ਕਮੇਟੀ ਦੇ ਪੁਨਰਗਠਨ ਤੇ ਚਾਰ ਜਥੇਬੰਦੀਆਂ ਦੀ ਏਕਤਾ ਤੋਂ ਬਾਅਦ ਨੱਬੇ ਦੇ ਸ਼ੁਰੂ ਤਕ ਹਾਲਾਤ ਖਾੜਕੂ ਪੱਖੀ ਹੋ ਚੁੱਕਾ ਸੀ। ਇਸ ਨਵੀਂ ਲਾਮਬੰਦੀ ਨੇ ਖਾੜਕੂ ਸੰਘਰਸ਼ ਨੂੰ ਬਲੈਕ ਥੰਡਰ ਦੇ ਨਿਵਾਣ ਚੋਂ ਕੱਢ ਲਿਆਂਦਾ ਸੀ ਤੇ ਖਾੜਕੂ ਇੱਕ ਵਾਰ ਫੇਰ ਭਾਰਤੀ ਦਸਤਿਆਂ ਨੂੰ ਸਫਲ ਟੱਕਰ ਦੇ ਰਹੇ ਸੀ ਤੇ ਪੰਥ ਨਿਰਾਸ਼ਾ ਚੋਂ ਨਿਕਲ ਕੇ ਫੇਰ ਸੰਘਰਸ਼ ਪਿੱਛੇ ਆ ਖੜ੍ਹਿਆ ਸੀ। ਹੁਣ ਤਕਰੀਬਨ ਨਵੀਂ ਪੰਥਕ ਕਮੇਟੀ ਤੇ ਚਾਰ ਜਥੇਬੰਦੀਆਂ ਦਾ ਬੋਲਬਾਲਾ ਸੀ ਤੇ ਪਹਿਲਾਂ ਵਾਲੀ ਪੰਥਕ ਕਮੇਟੀ ਤੇ ਹੋਰ ਜਥੇਬੰਦੀਆਂ ਦਾ ਪ੍ਰਭਾਵ ਘਟ ਗਿਆ ਸੀ। ਅਸੀਂ ਸੰਘਰਸ਼ ਚ ਆਏ ਮਾੜੇ ਰੁਝਾਨਾਂ (ਪੈਸੇ ਇਕੱਠੇ ਕਰਨਾ, ਧਮਕੀਆਂ ਦੇਣਾ, ਸੰਘਰਸ਼ ਦੀ ਓਟ ਵਿਚ ਨਿੱਜੀ ਲਾਭ ਲੈਣੇ, ਨਾਜਾਇਜ ਕਤਲ ਆਦਿ) ਵਿਰੁਧ ਮੁਹਿੰਮ ਤੋਰੀ ਸੀ, ਜਿਸ ਤਹਿਤ ਕਈ ਸਖਤ ਫੈਸਲੇ ਲੈਣੇ ਪਏ। ਆਪਣੇ ਵਿੱਚੋਂ ਵੀ ਤੇ ਕਈ ਹੋਰ ਜਥੇਬੰਦੀਆਂ ਵਿੱਚੋਂ ਵੀ ਕਈ ਬੰਦਿਆਂ ਨੂੰ ਜਥੇਬੰਦੀਆਂ ਚੋਂ ਕੱਢਿਆ ਗਿਆ। ਕਈਆਂ ਤੋਂ ਹਥਿਆਰ ਵਾਪਸ ਲੈ ਲਏ ਤੇ ਕਈਆਂ ਨੂੰ ਸੋਧਿਆ ਵੀ ਗਿਆ। ਉਸ ਸਮੇਂ ਦੀ ਸਭ ਤੋਂ ਪ੍ਰਮੁੱਖ ਜਰੂਰਤ ਇਹੋ ਸੀ ਤੇ ਇਸ ਨੂੰ ਲੋਕਾਂ ਨੇ ਬਹੁਤ ਸਰਾਹਿਆ ਪਰ ਸੰਘਰਸ਼ ਚੋਂ ਕੁਝ ਹਿੱਸਿਆਂ ਨੇ ਇਸ ਵਿਰੁੱਧ ਬਹੁਤ ਇਤਰਾਜ ਕੀਤਾ ਤੇ ਇਸ ਨੂੰ ਭਰਾ ਮਾਰੂ ਜੰਗ ਦੱਸਿਆ। ਉਸ ਵਕਤ ਉੱਥੇ ਪੰਥਕ ਕਮੇਟੀ ਵੱਲੋਂ ਵਧਾਵਾ ਸਿੰਘ, ਲਾਲ ਸਿੰਘ ਅਤੇ ਹੋਰ ਸਿੰਘ ਬੈਠੇ ਸਨ। ਗੁਰਜੀਤ ਸਿੰਘ ਵੀ ਸੰਨ ੧੯੮੮ ਵਿਚ ਭੱਜ ਕੇ ਪਾਕਿਸਤਾਨ ਚਲਿਆ ਗਿਆ ਸੀ ਤੇ ਉੱਥੇ ਉਹਦੇ ਵੀ ਪੈਰ ਨਹੀਂ ਲੱਗਣ ਦਿੱਤੇ ਤੇ ਇਕ ਤਰ੍ਹਾਂ ਦੀ ਕੈਦ ਵਿੱਚ ਹੀ ਬੰਦ ਕਰ ਦਿੱਤਾ। ਇਨ੍ਹਾਂ ਸਾਰੀਆਂ ਗੱਲਾਂ ਕਰਕੇ ਇਹ ਜਰੂਰੀ ਹੋ ਗਿਆ ਕਿ ਕੋਈ ਸਾਡੇ ਵਿਚੋਂ ਆਗੂ ਉੱਥੇ ਜਾਵੇ ਤੇ ਆਪਣੀ ਸਥਿਤੀ ਸਮਝਾਵੇ।

ਇਨ੍ਹਾਂ ਕਾਰਨਾਂ ਕਰਕੇ ਹੀ ਸੰਨ ੧੯੮੯ ਵਿਚ ਗੁਰਜੰਟ ਸਿੰਘ ਬੁੱਧ ਸਿੰਘ ਵਾਲਾ, ਚਰਨਜੀਤ ਸਿੰਘ, ਹਰਜੀਤ ਸਿੰਘ ਉਰਫ ਪਰਗਟ ਸਿੰਘ, ਬਾਬਾ ਦਲਵਿੰਦਰ ਸਿੰਘ, ਪਰਮਜੀਤ ਸਿੰਘ ਪੰਜਵੜ ਤੇ ਮਹਿਲ ਸਿੰਘ ਬੱਬਰ ਵੱਖ-ਵੱਖ ਸਮਿਆਂ ਤੇ ਪਾਰ ਗਏ। ਉੱਥੇ ਕਈ ਮਹੀਨੇ ਰਹੇ। ਉੱਥੋਂ ਦੀ ਸਾਰੀ ਸਥਿਤੀ ਸਮਝੀ ਤੇ ਓਹਨਾਂ ਨੂੰ ਸਮਝਾਉਣ

ਦੀ ਕੋਸ਼ਿਸ਼ ਕੀਤੀ। ਸੰਨ ੧੯੯੦ ਵਿੱਚ ਫੇਰ ਚੌਧਰੀਆਂ ਨਾਲ ਟਕਰਾਅ ਵਧ ਗਿਆ ਤੇ ਫੇਰ ਪੰਥਕ ਕਮੇਟੀ ਨੇ ਫੈਸਲਾ ਕੀਤਾ ਕਿ ਸਾਰੇ ਪ੍ਰਮੁੱਖ ਆਗੂਆਂ ਨੂੰ ਇੱਕ ਵਾਰ ਉਥੇ ਜਾਣਾ ਚਾਹੀਦਾ ਹੈ। ਇਸ ਹਾਲਤ ਵਿਚ ਮੈਨੂੰ ਵੀ ਜਾਣਾ ਪਿਆ।

ਹਰਜੀਤ ਸਿੰਘ ਨੇ ਰਾਜਸਥਾਨ ਦੇ ਰਾਏ ਸਿੰਘ ਨਗਰ ਦੀ ਸਰਹੱਦ ਤੋਂ ਇਕ ਸੁਰੱਖਿਅਤ ਥਾਂ ਲੱਭੀ। ਜਿਹੜੀ ਬਹੁਤ ਵਧੀਆ ਸੀ ਤੇ ਹਾਲੇ ਉਸ ਇਲਾਕੇ ਵਿੱਚ ਸਿੰਘਾਂ ਦਾ ਆਉਣ ਜਾਣ ਨਹੀਂ ਹੋਇਆ ਸੀ। ਹਰਜੀਤ ਸਿੰਘ ਦਾ ਇੱਕ ਜਾਣਕਾਰ ਸਰਹੱਦ ਪਾਰ ਕਰਦਾ ਰਿਹਾ ਸੀ। ਉਸ ਨੇ ਹੀ ਇਹ ਜਗ੍ਹਾ ਲੱਭੀ ਸੀ। ਇੱਥੋਂ ਓਹਨਾਂ ਨੇ ਕਾਫੀ ਸਾਮਾਨ ਵੀ ਲੈ ਕੇ ਆਂਦਾ ਸੀ। ਹਰਜੀਤ ਸਿੰਘ ਦੇ ਜਾਣਕਾਰ ਨੂੰ ਭਲਵਾਨ ਕਹਿੰਦੇ ਸੀ। ਉਹ ਸਫਾਚੱਟ ਸੀ ਤੇ ਪਿੱਛੋਂ ਅੰਮ੍ਰਿਤਸਰ ਦਾ ਸੀ। ਉਹ ਚੋਰ ਸੌਦਾਗਰੀ ਦਾ ਧੰਦਾ ਛੱਡ ਚੁੱਕਾ ਸੀ ਪਰ ਸਾਡੇ ਕਰਕੇ ਉਸ ਨੇ ਦੁਬਾਰਾ ਏਧਰ ਕਦਮ ਰੱਖਿਆ ਸੀ। ਸਰਹੱਦ ਦੇ ਬਿਲਕੁਲ ਨਾਲ ਹੀ ਕੁਝ ਬਹਿਕਾਂ ਭਲਵਾਨ ਦੇ ਜਾਣਕਾਰਾਂ ਦੀਆਂ ਸਨ ਜੋ ਪਿੱਛੋਂ ਮਾਝੇ ਦੇ ਹੀ ਸਨ ਤੇ ਥੋੜ੍ਹੀ ਬਹੁਤ ਖੇਤੀ ਤੇ ਕੁਝ ਸਰਹੱਦ ਤੇ ਕੰਮ ਕਰਕੇ ਆਪਣਾ ਗੁਜਾਰਾ ਕਰਦੇ ਸੀ। ਖੇਤਾਂ ਵਿੱਚ ਹੀ ਓਹਨਾਂ ਦੇ ਕੱਚੇ ਘਰ ਸਨ ਤੇ ਸਰਹੱਦ ਉੱਥੋਂ ਤੁਰ ਕੇ ੨-੩ ਕਿਲੋਮੀਟਰ ਹੀ ਸੀ। ਸ਼ਾਮ ਨੂੰ ਇੱਥੇ ਗੰਗਾਨਗਰ ਤੋਂ ਆਉਣ ਵਾਲੀ ਬੱਸ ਆਉਂਦੀ ਸੀ ਤੇ ਭਲਵਾਨ ਹੁਰੀਂ ਇਸੇ ਤਰ੍ਹਾਂ ਇੱਥੇ ਆਉਂਦੇ ਸਨ। ਰਾਤ ਨੂੰ ਉਹ ਬਹਿਕ ਵਾਲੇ ਸਿੰਘ ਨਾਲ ਸਰਹੱਦ ਪਾਰ ਕਰ ਜਾਂਦੇ ਸੀ ਤੇ ਉਹ ਪਿੱਛੋਂ ਪੈੜਾਂ ਮਿਟਾ ਦਿੰਦੇ ਸੀ। ਇਸ ਤਰ੍ਹਾਂ ਉਧਰੋਂ ਆ ਕੇ ਸਵੇਰੇ ਕੁਝ ਕਿਲੋਮੀਟਰ ਦੂਰ ਤੋਂ ਬੱਸ ਜਾਂ ਜੀਪ ਚੜ੍ਹ ਕੇ ਰਾਏ ਸਿੰਘ ਨਗਰ ਪਹੁੰਚ ਜਾਂਦੇ ਤੇ ਫਿਰ ਗੰਗਾਨਗਰ। ਉਸਤੋਂ ਅੱਗੇ ਇਹ ਬੜਾ ਸੁਰੱਖਿਅਤ ਜਿਹਾ ਕੰਮ ਸੀ। ਹਰਜੀਤ ਸਿੰਘ ਤੇ ਭਲਵਾਨ ਇਸ ਰਸਤੇ ਨੂੰ ਦੋ ਤਿੰਨ ਵਾਰ ਵਰਤ ਚੁੱਕੇ ਸੀ। ਹਫਤਾ ਕੁ ਪਹਿਲਾਂ ਹੀ ਭਲਵਾਨ ਇਸ ਰਸਤੇ ਨੂੰ ਪਰਖ ਕੇ ਆਇਆ ਸੀ। ਰਸਤਾ ਸੁਰੱਖਿਅਤ ਹੋਣ ਕਾਰਨ ਅਸੀਂ ਇਕੱਠਿਆਂ ਹੀ ਪਾਰ ਜਾਣ ਦੀ ਸਲਾਹ ਬਣਾਈ, ਡਾ. ਸੋਹਣ ਸਿੰਘ, ਮੈਂ, ਭਲਵਾਨ ਤੇ ਹਰਜੀਤ ਸਿੰਘ।

ਅਸੀਂ ਇੱਕ ਜੂਨ ਨੂੰ ਤੜਕੇ ਅੰਮ੍ਰਿਤਸਰ ਤੋਂ ਬੱਸ ਬੈਠੇ ਤੇ ਗੰਗਾਨਗਰ ਪਹੁੰਚੇ। ਰਾਏ ਸਿੰਘ ਨਗਰ ਦੀ ਬੱਸ ਫੜੀ ਤੇ ਸ਼ਾਮ ਨੂੰ ਸਾਢੇ ਸੱਤ ਵਜੇ ਅਸੀਂ ਉਸ ਥਾਂ ਤੇ ਉਤਰ ਕੇ ਉਥੇ ਪੁੱਜੇ ਜਿੱਥੋਂ ਸਾਡਾ ਟਿਕਾਣਾ, ਇੱਕ ਕਿਲੋਮੀਟਰ ਦੀ ਵਿੱਥ ਤੇ ਸੀ। ਬਹੁਤ ਗਰਮੀ ਪੈ ਰਹੀ ਸੀ ਤੇ ਅਸੀਂ ਤੜਕੇ ਦੋ ਵਜੇ ਤੋਂ ਬੱਸ ਵਿੱਚ ਬੈਠੇ ਹੋਏ ਸੀ ਤੇ ਬੱਸ ਵਿਚ ਹੀ ਜਾਂ ਗੰਗਾਨਗਰ ਬੱਸ ਅੱਡੇ, ਕੁਝ ਫਲ, ਮਠਿਆਈ ਤੇ ਪੂਰੀ ਛੋਲੇ ਖਾਧੇ। ਡਾ. ਸਾਹਿਬ ਸਦਾ ਹੀ ਸਫਰ ਦੌਰਾਨ ਆਪਣੇ ਨਾਲ ਕੇਲੇ ਤੇ ਜਲੇਬੀਆਂ ਰੱਖਦੇ ਹੁੰਦੇ ਸੀ। ਓਹਨਾਂ ਦਾ ਕਹਿਣਾ ਸੀ ਕਿ ਇਹ ਊਰਜਾ ਦਾ ਬਹੁਤ ਵਧੀਆ ਸਾਧਨ ਹੈ। ਜਦੋਂ ਅਸੀਂ ਬੱਸ ਤੋਂ ਉਤਰੇ ਤਾਂ ਸਾਰੇ ਜਣੇ ਹੀ ਥੱਕੇ ਹੋਏ ਸੀ ਅਤੇ ਭੁੱਖੇ ਤ੍ਰਿਹਾਏ ਵੀ ਸੀ।

ਅੱਗੋਂ ਹੁਣ ਹਨੇਰਾ ਪੈ ਰਿਹਾ ਸੀ। ਭਲਵਾਨ ਤੇ ਹਰਜੀਤ ਸਿੰਘ ਦੋਵੇਂ ਸਰੀਰਕ ਪੱਖੋਂ ਤਕੜੇ ਸਨ। ਮੈਂ ਠੀਕ ਠਾਕ ਹੀ ਸਾਂ। ਡਾ. ਸਾਹਿਬ ਦੀ ਉਸ ਵਕਤ ਉਮਰ ਕੋਈ ਪਚਾਸੀ ਸਾਲ ਦੀ ਸੀ ਪਰ ਓਹਨਾਂ ਨੇ ਆਪਣੀ ਥਕਾਵਟ ਜਾਹਰ ਨਹੀਂ ਹੋਣ ਦਿੱਤੀ ਤੇ ਹੌਲੀ-ਹੌਲੀ ਲੱਕ ਸਿੱਧਾ ਕਰਕੇ ਸਾਡੇ ਸਹਾਰੇ ਤੁਰਦੇ ਰਹੇ। ਸਾਰਿਆਂ ਨੇ ਦੌੜਾਕੂ ਜੋੜੇ ਪਾਏ ਹੋਏ ਸਨ। ਕੁਝ ਮਿੰਟਾਂ ਵਿੱਚ ਅਸੀਂ ਉਸ ਬਹਿਕ ਤੇ ਪਹੁੰਚ ਗਏ, ਜੋ ਸੜਕ ਤੋਂ ਦੋ ਕੁ ਸੌ ਮੀਟਰ ਦੂਰ ਖੇਤਾਂ ਵਿੱਚ ਸੀ। ਇਹ ਇੱਕ ਛੋਟੀ ਜਿਹੀ ਛੰਨ ਤੇ ਨਾਲ ਲਗਦੀ ਕੱਚੀ ਰਸੋਈ ਤੇ ਗੁਸਲਖਾਨਾ ਸੀ। ਇੱਥੇ ਉਹ ਸਾਨੂੰ ਸਰਹੱਦ ਲੰਘਾਉਣ ਵਾਲਾ ਸਿੰਘ, ਉਹਦੀ ਘਰਵਾਲੀ, ਮਾਂ ਬਾਪ ਤੇ ਛੋਟੇ ਬੱਚੇ ਰਹਿੰਦੇ ਸਨ। ਦੋ ਤਿੰਨ ਮੰਜੇ ਬਹਿਕ ਦੇ ਨੇੜੇ ਡਹੇ ਹੋਏ ਸਨ। ਅਸੀਂ ਬੜੀ ਮੁਸ਼ਕਲ ਨਾਲ ਓਹਨਾਂ ਤੇ ਜਾ ਕੇ ਬੈਠੇ ਤੇ ਭਲਵਾਨ ਨੇ ਜਾ ਕੇ ਪਾਣੀ ਲਿਆਂਦਾ ਤੇ ਅਸੀਂ ਆਪਣੀ ਤ੍ਰੇਹ ਬੁਝਾਈ। ਡਾ. ਸਾਹਿਬ ਤੇ ਮੈਂ ਮੰਜਿਆਂ ਤੇ ਲੰਮੇ ਪੈ ਗਏ ਤੇ ਹਰਜੀਤ ਸਿੰਘ ਕਹਿਣ ਲੱਗਾ ਕਿ ਪਾਣੀ ਦੀ ਇੱਥੇ ਬੜੀ ਦਿੱਕਤ ਹੈ ਪਰ ਜੇ ਨਹਾਤਾ ਜਾਵੇ ਤਾਂ ਬਹੁਤ ਵਧੀਆ। ਫੇਰ ਪ੍ਰਸ਼ਾਦਾ ਛਕ ਕੇ ਕੁਝ ਘੰਟੇ ਆਰਾਮ ਕਰਾਂਗੇ ਤੇ ਡੇਢ ਕੁ ਵਜੇ ਇੱਥੋਂ ਤੁਰਾਂਗੇ ਤੇ ਤੜਕੇ ਉੱਥੇ ਪਹੁੰਚਾਂਗੇ। ਅਜੇ ਗੱਲਾਂ ਹੀ ਕਰ ਰਿਹਾ ਸੀ ਕਿ ਉਸ ਸਿੰਘ ਦੀ ਘਰਵਾਲੀ ਤੇਜੀ ਨਾਲ ਤੁਰਦੀ ਸਾਡੇ ਵੱਲ ਆਈ (ਪਹਿਲਾਂ ਉਹ ਕਿਤੇ ਹੋਰ ਗਈ ਹੋਈ ਸੀ ਤੇ ਘਰ ਵਿੱਚ ਬੱਚੇ ਤੇ ਮਾਤਾ ਹੀ ਸਨ) ਤੇ ਭਲਵਾਨ ਨੂੰ ਕਿਹਾ ਕਿ ਵੀਰ ਜੀ ਸਾਰਾ ਕੰਮ ਖ਼ਰਾਬ ਹੋ ਗਿਆ ਹੈ, ਕਿਸੇ ਨੇ ਪੁਲਿਸ ਨੂੰ ਮੂੰਹ ਮਾਰ ਦਿੱਤਾ ਕਿ ਸਾਡੇ ਘਰੋਂ ਸਿੰਘ ਪਾਰ ਆਉਂਦੇ ਜਾਂਦੇ ਹਨ। ਕੱਲ੍ਹ ਪੁਲਿਸ ਆਈ ਸੀ ਤੇ ਇਹ ਤਾਂ ਪਾਸੇ ਹੋ ਗਏ ਪਰ ਉਹ ਬਾਪੂ ਨੂੰ ਲੈ ਗਏ ਤੇ ਅੱਜ ਵੀ ਦੋ ਵਾਰ ਇੱਥੇ ਆ ਚੁੱਕੇ ਹਨ ਅਤੇ ਕਹਿ ਰਹੇ ਹਨ ਕਿ ਜਲਦੀ ਪੇਸ਼ ਹੋਵੇ ਪਰ ਇਹ ਹਾਲੀ ਬਾਹਰ ਹੀ ਹਨ ਕਿਉਂਕਿ ਤੁਸੀਂ ਅੱਜ ਆਉਣਾ ਸੀ। ਉਹ ਛੇਤੀ ਹੀ ਆ ਜਾਣਗੇ ਤੇ ਤੁਸੀਂ ਇੱਥੋਂ ਦੂਰ ਖੇਤਾਂ ਵਿੱਚ ਜਾ ਕੇ ਬੈਠ ਜਾਓ। ਉਹ ਤੁਹਾਨੂੰ ਉੱਥੇ ਆ ਕੇ ਹੀ ਮਿਲਦੇ ਹਨ ਤੇ ਮੈਂ ਤੁਹਾਨੂੰ ਉਥੇ ਰੋਟੀ ਲਿਆ ਦਿੰਦੀ ਹਾਂ। ਭਲਵਾਨ ਤੇ ਹਰਜੀਤ ਸਿੰਘ ਨੇ ਉਸ ਨਾਲ ਕੁਝ ਹੋਰ ਗੱਲਾਂ ਕੀਤੀਆਂ ਤਾਂ ਫਿਰ ਸਾਡੇ ਕੋਲ ਬੈਠ ਗਏ ਤੇ ਕਿਹਾ ਕਿ ਹੁਣ ਸਭ ਕੁਝ ਖਤਰੇ ਵਿੱਚ ਹੈ, ਅੱਗੇ ਨਹੀਂ ਜਾਣਾ ਚਾਹੀਦਾ। ਹੁਣ ਤਾਂ ਆਪਾਂ ਕਿਸੇ ਤਰ੍ਹਾਂ ਇੱਥੋਂ ਨਿਕਲੀਏ। ਆਪਾਂ ਹਨੇਰਾ ਪਏ ਆਏ ਹਾਂ ਤੇ ਸਾਨੂੰ ਕਿਸੇ ਨੇ ਦੇਖਿਆ ਵੀ ਨਹੀਂ। ਜੇ ਚਾਨਣ ਤੋਂ ਪਹਿਲਾਂ ਨਿਕਲ ਜਾਈਏ ਤਾਂ ਇਸ ਵਿੱਚ ਹੀ ਭਲਾ ਹੈ। ਜੇ ਇੱਥੇ ਆਪਾਂ ਨੂੰ ਕਿਸੇ ਨੇ ਦੇਖ ਲਿਆ ਤਾਂ ਆਪਾਂ ਇਨ੍ਹਾਂ ਲੋਕਾਂ ਵਿੱਚ ਬਿਲਕੁਲ ਨਹੀਂ ਰਲਦੇ। ਇਨ੍ਹਾਂ ਨੇ ਪੁੱਛਗਿੱਛ ਲਈ ਥਾਣੇ ਲੈ ਜਾਣਾ ਹੈ ਤੇ ਇਸ ਇਲਾਕੇ ਵਿੱਚ ਬਹੁਤ ਘੱਟ ਵਸੋਂ ਹੈ ਅਤੇ ਸਿੱਖ ਹੋਰ ਵੀ ਥੋੜ੍ਹੇ ਹਨ। ਇਸ ਸਿੰਘ ਤੋਂ ਸਿਵਾਏ ਆਪਾਂ ਨੂੰ ਹੋਰ ਕੋਈ ਵੀ ਨਹੀਂ ਜਾਣਦਾ। ਬੜੀ ਵੱਡੀ ਮੁਸੀਬਤ ਖੜ੍ਹੀ ਹੋ ਗਈ

ਸੀ। ਪਾਰ ਜਾਣਾ ਤਾਂ ਇੱਕ ਪਾਸੇ ਰਿਹਾ ਇੱਥੇ ਤਾਂ ਜੀਣ ਮਰਨ ਦਾ ਮਸਲਾ ਬਣ ਗਿਆ ਸੀ। ਉੱਪਰੋਂ ਅਸੀਂ ਬਹੁਤ ਥੱਕੇ ਹੋਏ ਸੀ। ਖਤਰੇ ਨੂੰ ਭਾਂਪਦਿਆਂ ਥਕਾਵਟ ਤਾਂ ਪਿੱਛੇ ਹਟ ਗਈ। ਅਸੀਂ ਆਪਣੇ ਆਪ ਨੂੰ ਮੰਜਿਆਂ ਤੋਂ ਸਿੱਧਾ ਕੀਤਾ ਤੇ ਖੇਤਾਂ ਵੱਲ ਨੂੰ ਤੁਰਨ ਲੱਗ ਪਏ। ਕੋਈ ਦੋ ਕੁ ਕਿੱਲੇ ਤੇ ਜਾ ਕੇ ਇੱਕ ਥਾਂ ਤੇ ਬੈਠ ਗਏ ਅਤੇ ਉਸ ਸਿੰਘ ਨੂੰ ਉਡੀਕਣ ਲੱਗ ਪਏ।

ਥੋੜ੍ਹੇ ਚਿਰ ਬਾਅਦ ਉਹ ਸਿੰਘ ਆ ਗਿਆ। ਉਸ ਨੇ ਪਾਣੀ ਤੇ ਬੰਦੂਕ ਚੁੱਕੀ ਹੋਈ ਸੀ। ਉਹ ਪਤਲੇ ਜਿਹੇ ਸਰੀਰ ਦਾ ਚਾਲੀ ਕੁ ਸਾਲਾਂ ਦਾ ਸਾਂਵਲੇ ਰੰਗ ਦਾ ਸੀ। ਉਹਨੇ ਚਾਦਰਾ ਕੁੜਤਾ ਪਾਇਆ ਤੇ ਦਾੜ੍ਹੀ ਖੁੱਲ੍ਹੀ ਨਾਲ ਸਾਫਾ ਬੰਨ੍ਹਿਆ ਹੋਇਆ ਸੀ। ਸਾਡੇ ਕੋਲ ਬੈਠ ਕੇ ਉਸ ਨੇ ਦੱਸਿਆ ਕਿ ਸਮਝ ਨਹੀਂ ਆਉਂਦੀ ਕਿ ਕੀ ਗੱਲ ਹੈ? ਮੇਰੇ ਪਿੱਛੇ ਬੁਰੀ ਤਰ੍ਹਾਂ ਪਏ ਹੋਏ ਹਨ। ਹੋ ਸਕਦਾ ਇਨ੍ਹਾਂ ਨੂੰ ਕੁਝ ਤੁਹਾਡੇ ਬਾਰੇ ਪਤਾ ਲੱਗਿਆ ਹੋਵੇ। ਕੱਲ੍ਹ ਬਾਪੂ ਨੂੰ ਲੈ ਗਏ ਹਨ ਨਾਲ ਬੀਐਸਐਫ ਵਾਲੇ ਵੀ ਸਨ। ਇਸ ਦਾ ਮਤਲਬ ਹੈ ਕਿ ਸਰਹੱਦ ਉਤੇ ਕੋਈ ਗੱਲ ਹੋਈ ਹੈ। ਮੈਨੂੰ ਤੁਹਾਡਾ ਬਹੁਤ ਫਿਕਰ ਸੀ। ਉਸ ਨੂੰ ਇਹ ਨਹੀਂ ਸੀ ਪਤਾ ਕਿ ਅਸੀਂ ਕੌਣ ਹਾਂ? ਡਾਕਟਰ ਸਾਹਿਬ ਵੱਲ ਇਸ਼ਾਰਾ ਕਰਕੇ ਉਸ ਨੇ ਕਿਹਾ ਇਨ੍ਹਾਂ ਨੇ ਉੱਥੇ ਕੀ ਕਰਨਾ? ਕਿਸੇ ਨੇ ਕੋਈ ਜਵਾਬ ਨਹੀਂ ਦਿੱਤਾ। ਉਸ ਦੀਆਂ ਗੱਲਾਂ ਬਾਤਾਂ ਤੇ ਹਾਵ ਭਾਵ ਤੋਂ ਲੱਗਿਆ ਕਿ ਇਹ ਕਿਰਤੀ ਸਿੱਖ ਪੂਰਾ ਭਰੋਸੇਯੋਗ ਹੈ ਤੇ ਆਪਣੀ ਜਾਨ ਤੇ ਖੇਡ ਕੇ ਵੀ ਸਾਨੂੰ ਬਚਾਏਗਾ। ਭਲਵਾਨ ਹੋਰੀਂ ਉਸ ਨੂੰ ਹਰ ਗੇੜੇ ਦਾ ਕੁਝ ਹਜਾਰ ਰੁਪਈਏ ਦਿੰਦੇ ਹੁੰਦੇ ਸੀ ਪਰ ਜਿਸ ਤਰ੍ਹਾਂ ਉਹ ਹੁਣ ਸਾਡੇ ਬਾਰੇ ਫਿਕਰਮੰਦ ਸੀ, ਓਹਦਾ ਸਬੰਧ ਅਣਖ, ਕਿਰਦਾਰ ਅਤੇ ਧਰਮ ਨਾਲ ਹੀ ਸੀ। ਉਸ ਦੀ ਘਰਵਾਲੀ ਜੋ ਉਹਦੇ ਵਾਂਗ ਹੀ ਪਤਲੀ ਤੇ ਫੁਰਤੀਲੀ ਸੀ, ਉਸ ਦਾ ਪੂਰਾ ਸਾਥ ਦੇ ਰਹੀ ਸੀ। ਇੰਝ ਲੱਗਦਾ ਸੀ ਕਿ ਇਹੋ ਜਿਹੇ ਖਤਰੇ ਚੋਂ ਉਹ ਪਹਿਲਾਂ ਵੀ ਲੰਘੇ ਹਨ। ਇੱਕ ਏਕੇ-੪੭, ਤਿੰਨ ਮੈਗਜੀਨ ਉਹਦੇ ਕੋਲ ਹਿਫਾਜਤ ਵਜੋਂ ਰੱਖੇ ਹੋਏ ਸੀ ਤਾਂ ਕਿ ਜਾਣ ਵਕਤ ਸਾਡੇ ਕੋਲ ਕੁਝ ਹੋਵੇ। ਉਸ ਨੇ ਵੀ ਇਹੋ ਸਲਾਹ ਦਿੱਤੀ ਸੀ ਕਿ ਤੁਸੀਂ ਇੱਥੋਂ ਚਾਰ ਕੁ ਕਿਲੋਮੀਟਰ ਦੂਰ ਤੇ ਸਵੇਰੇ ਚਾਰ ਵਜੇ ਜੀਪ ਰਾਹੀਂ ਰਾਏ ਸਿੰਘ ਨਗਰ ਚਲੇ ਜਾਣਾ ਚਾਰ ਵਜੇ ਉੱਥੇ ਸਵਾਰੀ ਢੋਣ ਵਾਲੀਆਂ ਜੀਪਾਂ ਚੱਲ ਪੈਂਦੀਆਂ ਸਨ ਤੇ ਬੱਸਾਂ ਤੋਂ ਇਲਾਵਾ ਆਵਾਜਾਈ ਦਾ ਇਹੋ ਇਕ ਸਾਧਨ ਸੀ।

ਜੇ ਪੁਲਿਸ ਨੂੰ ਇਹ ਸ਼ੱਕ ਪੈ ਜਾਵੇ ਕਿ ਇੱਥੇ ਕੋਈ ਸਿੰਘ ਆਏ ਹਨ ਤਾਂ ਇਹ ਪਿੰਡ ਵਿਚ ਲਾਊਡ ਸਪੀਕਰ ਰਾਹੀਂ ਮੁਨਿਆਦੀ ਕਰਵਾ ਦਿੰਦੇ ਹਨ ਤੇ ਇੱਥੇ ਜਿਆਦਾ ਹਿੰਦੂ ਵਸੋਂ ਵਾਲੇ ਹਨ। ਓਹਨਾਂ ਨੇ ਓਪਰੇ ਬੰਦਿਆਂ ਨੂੰ ਝੱਟ ਘੇਰ ਲੈਣਾ ਹੈ। ਉਹ ਸਿੰਘ ਨੇ ਸਾਨੂੰ ਦੱਸਿਆ ਕਿ ਜਥੇਦਾਰ ਅਵਤਾਰ ਸਿੰਘ ਬ੍ਰਹਮਾ ਇਸੇ ਕਰਕੇ ਸ਼ਹੀਦ ਹੋ ਗਿਆ ਕਿਉਂਕਿ ਇੱਥੇ ਕੋਈ ਸਹਾਰਾ ਨਹੀਂ ਸੀ ਤੇ ਕੋਈ ਲੁਕਣ ਦੀ ਥਾਂ ਵੀ

ਨਹੀਂ ਸੀ ਤੇ ਪੁਲਿਸ ਵਾਲਿਆਂ ਨੇ ਸਾਰੇ ਪਾਸੇ ਸਪੀਕਰਾਂ ਰਾਹੀਂ ਲੋਕਾਂ ਨੂੰ ਸਾਵਧਾਨ ਕਰ ਦਿੱਤਾ ਸੀ। ਉਹ ਆਖਰ ਕੱਲਾ, ਕਦੋਂ ਤਕ ਮੁਕਾਬਲਾ ਕਰਦਾ ਤੇ ਭੱਜ ਕੇ ਵੀ ਕਿੱਧਰ ਨੂੰ ਜਾਂਦਾ, ਸਭ ਪਾਸੇ ਉਜਾੜਾ ਹੀ ਸੀ। ਸਾਨੂੰ ਉਸ ਦੀਆਂ ਗੱਲਾਂ ਵਿੱਚ ਬਹੁਤ ਵਜਨ ਲੱਗਿਆ ਤੇ ਡਾਢਾ ਫਿਕਰ ਮਹਿਸੂਸ ਹੋਇਆ ਸੀ। ਇਹ ਗੱਲਾਂ ਕਰਕੇ ਛੇਤੀ ਦੇਣੀ ਉਹ ਚਲਿਆ ਗਿਆ।

ਕੁਝ ਸਮੇਂ ਬਾਅਦ ਦੋਵੇਂ ਜੀਅ ਪ੍ਰਸ਼ਾਦੇ ਤੇ ਇਕ ਚਾਦਰ ਲੈ ਕੇ ਆ ਗਏ। ਉਸ ਦੀ ਸਿੰਘਣੀ ਨੇ ਕਿਹਾ ਕਿ ਮੈਂ ਕਾਹਲੀ-ਕਾਹਲੀ ਸਬਜੀ ਤੇ ਰੋਟੀਆਂ ਬਣਾਈਆਂ ਹਨ ਤੇ ਆਹ ਡੇਲਿਆਂ ਤੇ ਮਿਰਚਾਂ ਦਾ ਆਚਾਰ ਹੈ, ਤੁਸੀਂ ਇਹ ਛਕ ਲਓ। ਓਹਨਾਂ ਨੇ ਚਾਦਰ ਵਿਛਾਈ ਅਤੇ ਉਸ ਉੱਤੇ ਬੈਠ ਕੇ ਅਸੀਂ ਹੱਥਾਂ ਚ ਪ੍ਰਸ਼ਾਦੇ ਫੜ ਕੇ ਛਕਣੇ ਸ਼ੁਰੂ ਕਰ ਦਿੱਤੇ। ਆਲੂਆਂ ਦੀ ਤਰੀ ਸੀ ਤੇ ਮਿਰਚ ਤੇਜ ਸੀ। ਸਾਰੇ ਜਣੇ ਪ੍ਰਸ਼ਾਦਾ ਛਕਣ ਲੱਗ ਪਏ ਤੇ ਮੈਨੂੰ ਰੋਟੀ ਕੁਝ ਹੋਰ ਤਰ੍ਹਾਂ ਦੀ ਲੱਗੀ ਤਾਂ ਹਰਜੀਤ ਸਿੰਘ ਨੇ ਮੈਨੂੰ ਕਿਹਾ ਕਿ ਇਹ ਬਾਜਰੇ ਦੀ ਰੋਟੀ ਹੈ। ਡਾਕਟਰ ਸਾਹਿਬ ਨੇ ਕਿਹਾ ਕਿ ਮੈਂ ਬਾਰ ਦੇ ਇਲਾਕੇ ਵਿੱਚ ਛੋਟੇ ਹੁੰਦੇ ਬਹੁਤ ਖਾਂਦਾ ਰਿਹਾ ਹਾਂ। ਉਹ ਦੋਵੇਂ ਜੀਅ ਸਾਡੇ ਨਾਲ ਬੜੇ ਤਹੱਮਲ ਨਾਲ ਗੱਲਾਂ ਕਰਦੇ ਰਹੇ ਤੇ ਫਿਰ ਉਹ ਬੀਬੀ ਚਲੀ ਗਈ ਤੇ ਚਾਹ ਬਣਾ ਕੇ ਲਿਆਈ। ਫਿਰ ਉਸ ਸਿੰਘ ਨੇ ਬੀਬੀ ਨੂੰ ਕਿਹਾ ਕਿ ਹੁਣ ਤੁਸੀਂ ਜਾਓ। ਮੈਂ ਇਨ੍ਹਾਂ ਨੂੰ ਤੜਕੇ ਬੱਸੇ ਬਹਾ ਕੇ ਆਵਾਂਗਾ ਅਤੇ ਕੱਲ੍ਹ ਸ਼ਾਮ ਨੂੰ ਪੇਸ਼ ਹੋਵਾਂਗਾ। ਉੱਥੇ ਕੋਈ ਬਿਜਲੀ ਨਹੀਂ ਸੀ, ਦੀਵਾ ਤੇ ਲਾਲਟੈਣ ਹੀ ਸੀ। ਉਸ ਨੇ ਕਿਹਾ ਕਿ ਤੁਸੀਂ ਇਨ੍ਹਾਂ ਨੂੰ ਸੰਭਾਲੋ, ਪਿੱਛੋਂ ਮੈਂ ਸੰਭਾਲ ਲਊਂ।

ਗਿਆਰਾਂ ਕੁ ਵਜੇ ਅਸੀਂ ਹਾਲੇ ਗੱਲਾਂ ਕਰ ਰਹੇ ਸੀ। ਡਾਕਟਰ ਸਾਹਿਬ ਅਤੇ ਹਰਜੀਤ ਸਿੰਘ ਰੇਤੇ ਤੇ ਲੇਟੇ ਹੋਏ ਸਨ ਪਰ ਜਾਗਦੇ ਸਨ ਤਾਂ ਉਸ ਵੇਲੇ ਬਹਿਕ ਤੇ ਤਿੰਨ ਗੱਡੀਆਂ ਆ ਕੇ ਰੁਕੀਆਂ। ਸਪੱਸ਼ਟ ਸੀ ਕਿ ਪੁਲਿਸ ਅਤੇ ਬੀਐਸਐਫ ਆਖਰੀ ਵਾਰ ਗੇੜਾ ਮਾਰਨ ਆਈ ਸੀ। ਅਸੀਂ ਸਾਰੇ ਸਤਰਕ ਹੋ ਕੇ ਬੈਠ ਗਏ। ਸਾਰੇ ਪਾਸੇ ਘੁੱਪ ਹਨੇਰਾ ਸੀ ਤੇ ਹੁਣ ਮੌਸਮ ਕੁਝ ਸੁਹਾਵਣਾ ਹੋ ਗਿਆ ਸੀ। ਥੋੜ੍ਹੀ-ਥੋੜ੍ਹੀ ਹਵਾ ਵਗਣ ਲੱਗ ਪਈ ਸੀ। ਬਹਿਕ ਦੇ ਆਲੇ ਦੁਆਲੇ ਪੂਰਾ ਚਾਨਣ ਸੀ ਤੇ ਕਈ ਨਿੱਕੀਆਂ ਅਤੇ ਵੱਡੀਆਂ ਲਿਸ਼ਕੋਰਾਂ ਆਲੇ ਦੁਆਲੇ ਵੱਜ ਰਹੀਆਂ ਸਨ। ਉਸ ਸਿੰਘ ਨੇ ਸਾਨੂੰ ਕਿਹਾ ਕਿ ਆਪਾਂ ਹੁਣ ਇੱਥੋਂ ਦੂਰ ਨਿਕਲ ਚੱਲੀਏ ਤੇ ਅਸੀਂ ਇੱਕ ਕਤਾਰ ਵਿੱਚ ਉਸ ਦੇ ਪਿੱਛੇ ਹੋ ਤੁਰੇ। ਅੱਧਾ ਕੁ ਕਿਲੋਮੀਟਰ ਅੱਗੇ ਜਾ ਕੇ ਅਸੀਂ ਰੁਕੇ ਤਾਂ ਦੇਖਿਆ ਕਿ ਹਾਲੇ ਪੁਲਿਸ ਉੱਥੇ ਹੀ ਸੀ ਤੇ ਜਿਧਰ ਅਸੀਂ ਬੈਠੇ ਸੀ ਓਸ ਪਾਸੇ ਬੱਤੀਆਂ ਵੱਜ ਰਹੀਆਂ ਸਨ। ਉਸ ਸਿੰਘ ਨੇ ਕਿਹਾ ਕਿ ਤੁਸੀਂ ਮੇਰੇ ਪਿੱਛੇ-ਪਿੱਛੇ ਆਓ। ਕਿਤੇ ਇਨ੍ਹਾਂ ਨੂੰ ਤੁਹਾਡੇ ਬਾਰੇ ਪਤਾ ਨਾ ਲੱਗ ਗਿਆ ਹੋਵੇ ਤੇ ਪੈੜਾਂ ਨਾ ਲੱਭ ਰਹੇ ਹੋਣ। ਹੁਣ ਉਹ ਸਾਨੂੰ

ਕੁਝ ਪੱਕੇ ਮੈਦਾਨਾਂ ਵੱਲ ਲੈ ਗਿਆ। ਜਿੱਥੇ ਕੁਝ ਝਾੜੀਆਂ ਵਗੈਰਾ ਸਨ। ਚਲਦੇ-ਚਲਦੇ ਡਾਕਟਰ ਸਾਹਿਬ ਦਾ ਪੈਰ ਇੱਕ ਮੁੱਢ ਵਿੱਚ ਵਜਾ ਤੇ ਉਹ ਥੱਲੇ ਡਿੱਗ ਪਏ। ਅਸੀਂ ਓਹਨਾਂ ਨੂੰ ਖੜ੍ਹਿਆ ਕੀਤਾ ਤੇ ਫਿਰ ਚੱਲਣ ਲੱਗ ਪਏ। ਤਾਰਿਆਂ ਵੱਲ ਦੇਖ ਕੇ (ਉੱਥੇ ਹਨੇਰਾ ਵੀ ਬਹੁਤ ਸੀ ਤੇ ਤਾਰੇ ਵੀ ਆਮ ਨਾਲੋਂ ਜਿਆਦਾ ਸਪੱਸ਼ਟ ਤੇ ਚਮਕਦੇ ਸੀ ਤੇ ਇਹ ਸਾਰਾ ਕੁਝ ਬਹੁਤ ਸੋਹਣਾ ਲੱਗ ਰਿਹਾ ਸੀ) ਓਹਨਾਂ ਨੇ ਬੜੇ ਸ਼ਾਇਰਾਨਾ ਅੰਦਾਜ ਵਿੱਚ ਕਿਹਾ ਕਿ "ਕੋਈ ਸੋਚ ਸਕਦਾ ਕਿ ਮੇਰੇ ਵਰਗਾ ਬੰਦਾ ਇੰਝ ਉਜਾੜਾਂ ਵਿੱਚ ਪੁਲਿਸ ਨਾਲ ਲੁਕਣ ਮੀਚੀ ਖੇਡ ਰਿਹਾ ਹੈ" ਉਹ ਸੁਰਿੰਦਰ ਕੌਰ ਦਾ ਬਹੁਤ ਸੋਹਣਾ ਗੀਤ ਹੈ ਤੇ ਮੇਰੀ ਵੀ ਹੁਣ ਉਹ ਹੀ ਗੱਲ ਹੈ "ਜਿਨ੍ਹਾਂ ਰਾਹਾਂ ਦੀ ਮੈਂ ਸਾਰ ਨਾ ਜਾਣਾ ਓਹਨਾਂ ਰਾਹਾਂ ਤੇ ਮੈਨੂੰ ਤੁਰਨਾ ਪਿਆ" ਓਹਨਾਂ ਦੀਆਂ ਗੱਲਾਂ ਸੁਣ ਕੇ ਸਾਰਿਆਂ ਦੇ ਮਨ ਕੁਝ ਹਲਕੇ ਹੋ ਗਏ। ਅਸੀਂ ਤੁਰਦੇ ਰਹੇ ਤੇ ਬਹਿਕ ਦਿਖਣੋਂ ਹਟ ਗਈ ਸੀ। ਅਸੀਂ ਤਿੰਨ ਕੁ ਘੰਟੇ ਤੁਰਨ ਬਾਅਦ ਇੱਕ ਥਾਂ ਤੇ ਆ ਕੇ ਬੈਠ ਗਏ। ਥੋੜ੍ਹੀ ਦੂਰ ਛੋਟਾ ਜਿਹਾ ਬੱਸ ਅੱਡਾ ਸੀ। ਦੋ ਕੁ ਘੰਟੇ ਬਾਅਦ ਜੀਪਾਂ ਵਾਲੀ ਸਵਾਰੀ ਸੇਵਾ ਸ਼ੁਰੂ ਹੋ ਗਈ। ਉਹ ਸਿੰਘ ਵਾਪਸ ਚਲਿਆ ਗਿਆ ਤੇ ਅਸੀਂ ਉਸ ਬੱਸ ਅੱਡੇ ਦੇ ਕੋਲ ਦੋ ਦੋ ਜਣੇ ਹੋ ਕੇ ਬੈਠ ਗਏ। ਦਸ ਕੁ ਮਿੰਟਾਂ ਵਿੱਚ ਇੱਕ ਸਵਾਰੀ ਵਾਲੀ ਜੀਪ ਆ ਗਈ। ਚਾਰ ਕੁ ਸਵਾਰੀਆਂ ਪਹਿਲਾਂ ਉਸ ਵਿਚ ਬੈਠੀਆਂ ਸੀ। ਅਸੀਂ ਵੀ ਚੜ੍ਹ ਗਏ ਤੇ ਇਸ ਤਰ੍ਹਾਂ ਰਾਏ ਸਿੰਘ ਨਗਰ ਪਹੁੰਚੇ। ਉਥੋਂ ਇੱਕ ਹੋਰ ਜੀਪ ਤੇ ਚੜ੍ਹਕੇ ਅਸੀਂ ਗੰਗਾਨਗਰ ਪਹੁੰਚ ਗਏ। ਇੱਥੋਂ ਹਰਜੀਤ ਸਿੰਘ ਤੇ ਭਲਵਾਨ ਅੰਮ੍ਰਿਤਸਰ ਨੂੰ ਚਲੇ ਗਏ। ਮੈਂ ਕੁਝ ਅਖਬਾਰਾਂ ਲਈਆਂ, ਕੇਲੇ ਲਏ, ਕੁਝ ਟੌਫੀਆਂ ਲਈਆਂ ਅਤੇ ਡਾਕਟਰ ਸਾਹਿਬ ਨਾਲ ਚੰਡੀਗੜ੍ਹ ਦੀ ਸਿੱਧੀ ਬੱਸ ਫੜ ਲਈ। ਪੇਸ਼ ਹੋਣ ਤੇ ਓਹ ਸਿੰਘ ਨਾਲ ਕੀ ਹੋਇਆ ਤੇ ਹੁਣ ਓਹ ਕਿਸ ਹਾਲਤ ਵਿੱਚ ਹਨ? ਉਸ ਤੋਂ ਬਾਅਦ ਮੈਨੂੰ ਉਸ ਪਰਿਵਾਰ ਬਾਰੇ ਕੋਈ ਖਬਰਸਾਰ ਨਹੀਂ ਮਿਲੀ। ਮੈਂ ਓਹਨਾਂ ਨੂੰ ਸਿਰਫ ਰਾਤ ਦੇ ਹਨ੍ਹੇਰੇ ਅਤੇ ਖਤਰੇ ਦੇ ਆਲਮ ਵਿੱਚ ਹੀ ਦੇਖਿਆ ਸੀ ਤੇ ਜਿਸ ਤਰ੍ਹਾਂ ਓਹਨਾਂ ਦੋਵਾਂ ਦੀ ਸਮਝ, ਠਰੰਮਾ, ਦਲੇਰੀ ਤੇ ਆਪਣੇ ਮਹਿਮਾਨਾਂ ਲਈ ਫਿਕਰ ਸੀ, ਉਹ ਬਿਆਨ ਕਰਨ ਤੋਂ ਬਾਹਰ ਦੀ ਗੱਲ ਹੈ। ਓਹਨਾਂ ਨਾਲ ਬਿਤਾਏ ਕੁਝ ਘੰਟੇ ਹੁਣ ਵੀ ਯਾਦ ਵਿੱਚ ਪੱਕੇ ਤੌਰ ਤੇ ਵਸੇ ਹੋਏ ਹਨ ਤੇ ਓਹਨਾਂ ਮਿਹਨਤੀ ਤੇ ਸਿਰੜੀ ਸਿੱਖਾਂ ਦਾ ਕਿਰਦਾਰ ਸਾਡੇ ਇੱਥੇ ਸੁਖਾਲੀ ਜਿੰਦਗੀ ਬਸਰ ਕਰ ਰਹੇ ਲੋਕਾਂ ਨਾਲੋਂ ਬਹੁਤ ਉੱਚਾ ਸੀ।

ਉਸ ਦਿਨ ਰਾਤ ਅੱਠ ਕੁ ਵਜੇ ਅਸੀਂ ਮੁਹਾਲੀ ਪਹੁੰਚੇ। ਰਿਕਸ਼ਾ ਲੈ ਕੇ ਚਰਨਜੀਤ ਸਿੰਘ ਤਲਵੰਡੀ ਦੀ ਠਾਹਰ ਤੇ ਪਹੁੰਚੇ। ਇਥੇ ਉਸ ਨੇ ਕਿਰਾਏ ਤੇ ਮਕਾਨ ਲਿਆ ਹੋਇਆ ਸੀ ਤੇ ਆਪਣੇ ਆਪ ਨੂੰ ਇੱਕ ਟਰਾਂਸਪੋਰਟਰ ਵਜੋਂ ਦਿਖਾਉਂਦਾ ਸੀ। ਪਿਛਲੀ ਰਾਤ ਵਾਂਗ ਹੀ ਅਸੀਂ ਬਹੁਤ ਥੱਕੇ ਹੋਏ ਤੇ ਸਰੀਰ ਦਰਦ ਕਰ ਰਹੇ ਸਨ ਤੇ

ਬਹੁਤ ਅਨੀਂਦਰਾ ਸੀ। ਅਸੀਂ ਦੇਖਿਆ ਕਿ ਘਰ ਨੂੰ ਜਿੰਦਾ ਲੱਗਿਆ ਹੋਇਆ ਹੈ। ਅਸੀਂ ਨੌਂ ਕੁ ਵਜੇ ਤੱਕ ਉਡੀਕਦੇ ਰਹੇ ਤੇ ਫਿਰ ਸੋਚਿਆ ਕਿ ਹੁਣ ਉਹਨੇ ਨਹੀਂ ਆਉਣਾ। ਫਿਰ ਅਸੀਂ ਘਰਾਂ ਵਿਚਕਾਰਲੀਆਂ ਸੜਕਾਂ ਉਤੇ ਦੀ ਤੁਰ ਕੇ ਅੱਧੇ ਕੁ ਘੰਟੇ ਬਾਅਦ ਡਾਕਟਰ ਸਾਹਿਬ ਦੇ ਆਪਣੇ ਘਰੇ ਪਹੁੰਚ ਗਏ। ਓਹਨਾਂ ਨੇ ਕਿਹਾ ਕਿ ਅੱਜ ਆਪਾਂ ਇੱਥੇ ਹੀ ਆਰਾਮ ਕਰ ਲੈਂਦੇ ਹਾਂ, ਹੋਰ ਕਿਤੇ ਜਾਣ ਦੀ ਤਾਕਤ ਨਹੀਂ ਹੈ। ਇਸ ਬਾਰੇ ਤਾਂ ਪੁਲਿਸ ਸੋਚ ਵੀ ਨਹੀਂ ਸਕਦੀ ਕਿ ਅਸੀਂ ਆਪਣੇ ਘਰ ਹੋ ਸਕਦੇ ਹਾਂ। ਅਸੀਂ ਓਹਨਾਂ ਦੇ ਘਰ ਗਏ ਤਾਂ ਪਰਿਵਾਰ ਵਾਲੇ ਬਹੁਤ ਹੈਰਾਨ ਹੋਏ ਅਤੇ ਖੁਸ਼ ਵੀ। ਸਵੇਰੇ ਸੁਵੱਖਤੇ ਹੀ ਮੈਂ ਉੱਥੋਂ ਨੰਗਲ ਦੀ ਬੱਸ ਫੜ ਲਈ। ਡਾਕਟਰ ਸਾਹਿਬ ਵੀ ਇਸ ਤੋਂ ਬਾਅਦ ਕਿਸੇ ਹੋਰ ਠਾਹਰ ਤੇ ਚਲੇ ਗਏ। ਜਦੋਂ ਬੱਸ ਰੋਪੜ ਦੇ ਬੱਸ ਅੱਡੇ ਤੇ ਆਈ ਤਾਂ ਮੈਂ ਅਜੀਤ ਅਖਬਾਰ ਖ਼ਰੀਦੀ, ਜਦੋਂ ਬੱਸ ਤੁਰ ਪਈ ਤਾਂ ਅਖਬਾਰ ਦਾ ਮੁੱਖ ਪੰਨਾ ਦੇਖਿਆ ਤਾਂ ਮੇਰੇ ਇੱਕ ਵਾਰ ਹੋਸ਼ ਉੱਡ ਗਏ। ਵੱਡੀ ਖਬਰ ਸੀ ਕਿ ਖਾੜਕੂ ਨੇਤਾ ਚਰਨਜੀਤ ਸਿੰਘ ਚੰਨੀ ਰਾਤ ਮੁਕਾਬਲੇ ਵਿੱਚ ਮਾਰਿਆ ਗਿਆ। ਹੌਲੀ-ਹੌਲੀ ਮੈਂ ਸਾਰੀ ਖਬਰ ਪੜ੍ਹੀ ਤੇ ਬੱਸ ਅੱਗੇ ਨੂੰ ਤੁਰ ਪਈ ਤੇ ਮੈਂ ਫਿਰ ਪਿੱਛੇ ਵੱਲ ਨੂੰ ਦੇਖਿਆ ਕਿ ਪਿਛਲੇ ੭੨ ਘੰਟਿਆਂ ਤੋਂ ਅਸੀਂ ਲਗਾਤਾਰ ਮੌਤ ਦੇ ਸਾਏ ਹੇਠ ਰਹੇ ਹਾਂ। ਲਗਾਤਾਰ ਇੱਕ ਖਤਰਾ ਜਿਹਾ ਮਹਿਸੂਸ ਹੁੰਦਾ ਸੀ। ਇਕ ਭਾਰਾਪਣ ਜਿਹਾ ਤੇ ਇੱਕ ਘੁਟਣ ਜਿਹੀ ਸੀ। ਅਸੀਂ ਸੋਚ ਰਹੇ ਸੀ ਕਿ ਅਸੀਂ ਖਤਰਿਆਂ ਚੋਂ ਲੰਘੀ ਜਾ ਰਹੇ ਹਾਂ, ਪਰ ਕੀ ਪਤਾ ਸੀ ਕਿ ਸਾਡਾ ਮਹਿਬੂਬ ਮਿਤਰ, ਉਸ ਵਕਤ ਅੰਤਾਂ ਦਾ ਤਸ਼ੱਦਦ ਸਹਿ ਰਿਹਾ ਸੀ। ਚਰਨਜੀਤ ਸਿੰਘ ਸ਼ਾਇਦ ਇਕ ਤਰੀਕ ਨੂੰ ਤੜਕੇ ਹੀ ਫੜਿਆ ਗਿਆ ਸੀ ਤੇ ਜਿੰਨਾ ਚਿਰ ਅਸੀਂ ਸਫਰ ਚ ਰਹੇ ਤੇ ਉਹ ਤਸ਼ੱਦਦ ਚ ਰਿਹਾ। ਜਦੋਂ ਸਾਡਾ ਸਫਰ ਮੁੱਕਿਆ ਉਦੋਂ ਉਸ ਤੇ ਤਸ਼ੱਦਦ ਦਾ ਦੌਰ ਮੁੱਕਿਆ ਅਤੇ ਸ਼ਹਾਦਤ ਪ੍ਰਾਪਤ ਕਰ ਕੇ ਆਪਣੀ ਮੰਜਿਲ ਤੇ ਪਹੁੰਚਿਆ।

ਇਸ ਤੋਂ ਦੋ ਕੁ ਮਹੀਨੇ ਬਾਅਦ ਡਾਕਟਰ ਸਾਹਬ, ਹਰਜੀਤ ਸਿੰਘ ਤੇ ਭਲਵਾਨ ਰਾਵੀ ਦਰਿਆ ਵਿਚਦੀ ਪਾਕਿਸਤਾਨ ਪਹੁੰਚੇ ਤੇ ਓਧਰੋਂ ਸੁਨੇਹੇ ਆ ਰਹੇ ਸਨ ਕਿ ਸਾਰੇ ਪ੍ਰਮੁੱਖ ਬੰਦੇ ਉੱਧਰ ਪਹੁੰਚੋ। ਮੈਨੂੰ ਬਾਹਰ ਭੇਜਣ ਦੀ ਜਿੰਮੇਵਾਰੀ ਪਰਮਜੀਤ ਸਿੰਘ ਪੰਜਵੜ ਨੇ ਲਈ ਤੇ ਓਹਨਾਂ ਨੇ ਮੈਨੂੰ ਅੰਮ੍ਰਿਤਸਰ ਦੇ ਹੀ ਦੋ ਬੰਦੇ ਮਿਲਾਏ, ਜੋ ਆਪਸ ਵਿੱਚ ਦੋਸਤ ਸਨ। ਓਹ ਕਾਂਗਰਸ ਪਾਰਟੀ ਨਾਲ ਜੁੜੇ ਹੋਏ ਸੀ ਤੇ ਤਕੜੇ ਰਸੂਖ ਵਾਲੇ ਸਨ। ਓਹਨਾਂ ਦੀ ਪੁਲਿਸ ਅਤੇ ਸਮਾਜ ਦੇ ਹੋਰਾਂ ਤਬਕਿਆਂ ਵਿੱਚ ਵੀ ਚੰਗੀ ਸ਼ਾਖ ਸੀ। ਕੋਈ ਸ਼ੱਕ ਵੀ ਨਹੀਂ ਸੀ ਕਰਦਾ ਕਿ ਇਨ੍ਹਾਂ ਕੋਲ ਸਿੰਘ ਆ ਸਕਦੇ ਹਨ। ਇਨ੍ਹਾਂ ਨੇ ਦੱਸ ਪਾਈ ਕਿ ਇਨ੍ਹਾਂ ਦਾ ਇੱਕ ਜਾਣਕਾਰ ਸਰਹੱਦੀ ਫੌਜ ਵਿੱਚ ਅਫਸਰ ਰਿਹਾ ਹੈ। ਉਹ ਗੰਗਾਨਗਰ ਰਹਿੰਦਾ ਹੈ ਤੇ ਉਹ ਆਪਾਂ ਨੂੰ ਬਹੁਤ ਹਿਫਾਜਤੀ ਤਰੀਕੇ ਨਾਲ ਪਾਰ

ਛੱਡ ਆਵੇਗਾ। ਮੈਨੂੰ ਸਰਹੱਦ ਬਾਰੇ ਕੋਈ ਜਾਣਕਾਰੀ ਨਹੀਂ ਸੀ। ਪਰਮਜੀਤ ਸਿੰਘ ਪੰਜਵੜ ਅਤੇ ਹਰਮਿੰਦਰ ਸਿੰਘ ਸੁਲਤਾਨਵਿੰਡ ਹੋਰਾਂ ਨੇ ਓਹਨਾਂ ਤੋਂ ਪੂਰੀ ਵਾਕਫੀਅਤ ਲਈ ਸੀ। ਓਹਨਾਂ ਦੋਵਾਂ ਸਿੰਘਾਂ ਨੂੰ ਪੂਰੀ ਤਸੱਲੀ ਸੀ ਕਿ ਸਾਡਾ ਬੰਦਾ ਸੁਰੱਖਿਅਤ ਹੈ। ਅਸੀਂ ਨਵੰਬਰ ੧੯੯੦ ਵਿੱਚ ਗੰਗਾਨਗਰ ਗਏ। ਓਹਨਾਂ ਦੋਵਾਂ ਸਿੰਘਾਂ ਨੇ ਆਪਣੇ ਨਾਲ ਟੱਬਰ ਲੈ ਲਏ ਤਾਂ ਕਿ ਸ਼ੱਕ ਨਾ ਪਵੇ ਅਸੀਂ ਅੰਮ੍ਰਿਤਸਰ ਤੋਂ ਚੱਲ ਕੇ ਸ਼ਾਮੀਂ ਚਾਰ ਕੁ ਵਜੇ ਗੰਗਾਨਗਰ ਪਹੁੰਚੇ। ਛੇ ਕੁ ਵਜੇ ਉਹ ਸਾਬਕਾ ਫੌਜੀ ਆਇਆ ਤੇ ਕਹਿੰਦਾ ਕਿ ਸਾਰੀ ਤਿਆਰੀ ਹੈ ਤੇ ਕੋਈ ਫਿਕਰ ਕਰਨ ਵਾਲੀ ਗੱਲ ਨਹੀਂ ਹੈ। ਉਹ ਇਕ ਪੱਕਾ ਪੁਲਿਸ ਵਾਲਾ ਸੀ। ਦਾੜ੍ਹੀ ਕੱਟੀ ਹੋਈ ਸੀ। ਤਕੜਾ ਸਰੀਰ ਤੇ ਪੰਜਾਹ ਕੁ ਸਾਲ ਦੀ ਉਮਰ ਸੀ। ਉਸ ਨੂੰ ਇਹ ਨਹੀਂ ਸੀ ਪਤਾ ਕਿ ਮੈਂ ਕੌਣ ਹਾਂ? ਬਸ ਇਹੋ ਹੀ ਪਤਾ ਸੀ ਕਿ ਮੈਨੂੰ ਪਾਰ ਪਾਕਿਸਤਾਨ ਦੀ ਚੌਂਕੀ ਤੇ ਪਹੁੰਚਾਉਣਾ ਹੈ। ਅਸੀਂ ਸ਼ਾਮ ਦਾ ਪ੍ਰਸ਼ਾਦਾ ਛਕਿਆ ਤੇ ਮੂੰਹ ਹਨ੍ਹੇਰੇ ਸਕੂਟਰ ਉੱਪਰ ਬੈਠ ਕੇ ਉੱਥੋਂ ਤੁਰ ਪਏ। ਸਾਡੇ ਕੋਲ ਕੋਈ ਹਥਿਆਰ ਨਹੀਂ ਸੀ। ਮੈਂ ਉਸ ਨੂੰ ਕੁਝ ਨਹੀਂ ਪੁੱਛਿਆ ਤੇ ਉਸ ਨੇ ਵੀ ਮੈਨੂੰ ਕੁਝ ਨਹੀਂ ਦੱਸਿਆ। ਪਾਰ ਜਾਣ ਤਕ ਉਸ ਨੇ ਮਸਾਂ ਤਿੰਨ ਕੁ ਵਾਰ ਛੋਟੀ ਜਿਹੀ ਗੱਲ ਕੀਤੀ, ਉਹ ਵੀ ਜਦੋਂ ਜਰੂਰਤ ਸੀ। ਸਾਰੇ ਅਰਸੇ ਦੌਰਾਨ ਉਹ ਬੜਾ ਗੰਭੀਰ ਰਿਹਾ ਪਰ ਸਰੀਰ ਤੇ ਮਨ ਪੱਖੋਂ ਉਹ ਬਹੁਤ ਸੁਚੇਤ ਸੀ। ਓਹ ਕਾਫੀ ਤੇਜ ਸਕੂਟਰ ਚਲਾਉਂਦਾ ਸੀ, ਮੈਨੂੰ ਯਕੀਨ ਸੀ ਕਿ ਸਭ ਕੁਝ ਠੀਕ ਹੋਵੇਗਾ।

ਸਾਨੂੰ ਪੂਰਾ ਹਨੇਰਾ ਪੈ ਗਿਆ ਤੇ ਅਸੀਂ ਸਕੂਟਰ ਤੇ ਸੀ। ਕਾਫੀ ਸਮਾਂ ਇਕ ਨਹਿਰ ਦੇ ਨਾਲ-ਨਾਲ ਸਫਰ ਕੀਤਾ। ਫੇਰ ਇੱਕ ਛੋਟੀ ਸੜਕ ਨੂੰ ਪੈ ਗਏ ਤੇ ਘੰਟਾ ਕੁ ਫਿਰ ਲਗਾਤਾਰ ਕਦੇ ਸੜਕ, ਕੱਚੇ ਪਹੇ ਤੇ ਕਦੀ ਛੋਟੀਆਂ ਨਹਿਰਾਂ ਥਾਈਂ ਹੁੰਦੇ ਹੋਏ ਸਰਹੱਦ ਕੋਲ ਪਹੁੰਚ ਗਏ। ਅੱਗੇ ਦੋ ਨਹਿਰਾਂ ਸਨ ਤੇ ਓਹਨਾਂ ਦੇ ਦੋਹੀਂ ਪਾਸੀਂ ਸੜਕਾਂ ਸਨ ਤੇ ਨਹਿਰ ਦੇ ਪਰਲੇ ਪਾਸੇ ਸਾਰੀ ਕੰਡਿਆਲੀ ਤਾਰ ਲੱਗੀ ਹੋਈ ਸੀ। ਵਿਚਕਾਰ ਇਕ ਪੁਲ ਸੀ ਤੇ ਪੁਲ ਦੇ ਪਰਲੇ ਪਾਸੇ ਇੱਕ ਪਿੰਡ ਸੀ, ਜਿਸ ਦਾ ਨਾਂ ਸੁੰਦਰਪੁਰਾ ਸੀ। ਇਹ ਛੋਟਾ ਜਿਹਾ ਪਿੰਡ ਸੀ, ਜੋ ਭਾਰਤ ਵਿੱਚ ਹੀ ਸੀ। ਇਸ ਤੋਂ ਅੱਗੇ ਪਾਕਿਸਤਾਨ ਦਾ ਇਲਾਕਾ ਸ਼ੁਰੂ ਹੋ ਜਾਂਦਾ ਸੀ ਤੇ ਉਹ ਤੋਂ ਪਹਿਲਾਂ ਤਿੰਨ ਮੀਲ ਦਾ ਬੰਜਰ ਤੇ ਉਜਾੜ ਇਲਾਕਾ ਸੀ। ਉਹ ਉਸ ਇਲਾਕੇ ਦਾ ਬਹੁਤ ਭੇਤੀ ਬੰਦਾ ਸੀ। ਕਈ ਥਾਈਂ ਉਹ ਰੁਕਦਾ, ਸਕੂਟਰ ਬੰਦ ਕਰਦਾ ਤੇ ਥੋੜ੍ਹਾ ਚਿਰ ਕੁਝ ਸੁਣਦਾ ਦੇਖਦਾ ਅਤੇ ਸੋਚਦਾ ਤੇ ਫਿਰ ਅੱਗੇ ਚੱਲ ਪੈਂਦਾ। ਸ਼ਾਇਦ ਉਸ ਨੂੰ ਸਾਰੇ ਇਲਾਕੇ ਵਿਚ ਨਾਕਿਆਂ ਦੀ ਥਾਂ ਅਤੇ ਗਸ਼ਤ ਦਾ ਸਮਾਂ ਪਤਾ ਸੀ।

ਹੁਣ ਉਸ ਨੇ ਸਕੂਟਰ ਵਿਚੋਂ ਸ਼ਰਾਬ ਦੀ ਬੋਤਲ ਕੱਢੀ ਤੇ ਹਰ ਦਸ ਕੁ ਮਿੰਟ ਬਾਅਦ ਉਹ ਬੋਤਲ ਵਿੱਚੋਂ ਸੁੱਕੀ ਸ਼ਰਾਬ ਦੇ ਤਿੰਨ ਚਾਰ ਵੱਡੇ ਘੁੱਟ ਲਾ ਲੈਂਦਾ ਸੀ ਤੇ

ਫਿਰ ਬੋਤਲ ਡੱਬ ਵਿੱਚ ਪਾ ਲੈਂਦਾ ਸੀ। ਪਸਤੌਲ ਦੀ ਥਾਂ ਸ਼ਾਇਦ ਉਸ ਨੇ ਇਹ ਬੋਤਲ ਹੀ ਰੱਖੀ ਹੋਈ ਸੀ। ਇਕ ਥਾਂ ਅਸੀਂ ਸੂਏ ਦੇ ਪਾਣੀ ਵਿਚਦੀ ਸਕੂਟਰ ਖਿੱਚ ਕੇ ਬਾਹਰ ਕੱਢਿਆ। ਹੁਣ ਮੈਂ ਬਿਲਕੁਲ ਉਸ ਦੇ ਸਹਾਰੇ ਸੀ ਪਰ ਮੈਨੂੰ ਉਸ ਦੀ ਧੱਕੜ ਚਲਾਈ ਤੇ ਘੜੀ ਮੁੜੀ ਸ਼ਰਾਬ ਪੀਣੀ ਠੀਕ ਨਹੀਂ ਲੱਗੀ। ਮੈਂ ਅੰਦਾਜਾ ਲਾਇਆ ਕਿ ਇਹ ਕੋਈ ਸੁਰੱਖਿਅਤ ਲਾਂਘਾ ਨਹੀਂ ਹੈ ਪਰ ਮੈਂ ਉਸ ਨੂੰ ਕੁਝ ਨਹੀਂ ਕਿਹਾ, ਬਿਲਕੁਲ ਸ਼ਾਂਤ ਤੇ ਇਕਾਗਰ ਹੋ ਕੇ ਉਸ ਦੇ ਪਿੱਛੇ-ਪਿੱਛੇ ਹੋ ਲਿਆ। ਉਸ ਨਹਿਰ ਦੇ ਪੁਲ ਤੇ ਕੋਈ ਨਾਕਾ ਨਹੀਂ ਸੀ ਪਰ ਹਰ ਪੰਜ ਮਿੰਟ ਬਾਅਦ ਉਸ ਸੜਕ ਤੇ ਬੀਐਸਐਫ ਦਾ ਕੋਈ ਟਰੱਕ ਲੰਘਦਾ ਸੀ।

ਅਸੀਂ ਬੱਤੀਆਂ ਬੁਝਾ ਕੇ ਤਿੰਨ ਚਾਰ ਮੀਲ ਦੇ ਕੱਚੇ ਰਸਤੇ ਰਾਹੀਂ ਕਿਸੇ ਇੱਕ ਖੇਤ ਵਿੱਚ ਪਹੁੰਚ ਗਏ, ਜੋ ਉਸ ਦੇ ਕਿਸੇ ਜਾਣਕਾਰ ਦਾ ਸੀ। ਉੱਥੇ ਆ ਕੇ ਉਸਨੇ ਫਸਲ ਵਿੱਚ ਸਕੂਟਰ ਖੜ੍ਹਾ ਕਰ ਦਿੱਤਾ ਤੇ ਉਹ ਪਹਿਲੀ ਵਾਰ ਬੋਲਿਆ ਕਿ ਆਪਾਂ ਹੁਣ ਨੇੜੇ ਪਹੁੰਚ ਗਏ ਹਾਂ। ਸਕੂਟਰ ਮੁੰਡੇ ਨੇ ਲੈ ਜਾਣਾ ਹੈ। ਤੁਸੀਂ ਮੇਰੇ ਪਿੱਛੇ -ਪਿੱਛੇ ਆਉਣਾ ਹੈ। ਜਿਵੇਂ ਮੈਂ ਕਰਾਂ, ਉਵੇਂ ਹੀ ਕਰਨਾ ਹੈ। ਉਹ ਸਾਹਮਣੇ ਪੁਲ ਹੈ। ਆਪਾਂ ਉਹ ਟੱਪਣਾ ਹੈ। ਉਸ ਤੋਂ ਅੱਗੇ ਕੋਈ ਰੋਕ ਨਹੀਂ। ਮੈਂ ਸਿਰ ਹਿਲਾ ਦਿੱਤਾ ਕਿਉਂਕਿ ਹੁਣ ਕੁਝ ਹੋਰ ਕਹਿਣ ਦੀ ਹਾਲਤ ਨਹੀਂ ਸੀ। ਪਿਛਲੇ ਦੋ ਘੰਟੇ ਲਗਾਤਾਰ ਹਨ੍ਹੇਰੇ ਵਿੱਚ ਸਕੂਟਰ ਰਾਹੀਂ ਪਤਾ ਨ੍ਹੀਂ ਕਿਹੜੇ ਰਾਹਾਂ-ਕੁਰਾਹਾਂ ਤੋਂ ਇੱਥੇ ਅੱਪੜੇ ਸੀ ਤੇ ਉਹ ਕੁਝ ਸਮੇਂ ਬਾਅਦ ਰੁਕਦਾ ਅਤੇ ਦੋ ਘੁੱਟ ਲਾਉਂਦਾ ਸੀ। ਮੈਨੂੰ ਇਨ੍ਹਾਂ ਦੋ ਘੰਟਿਆਂ ਵਿੱਚ ਇੰਝ ਹੀ ਲੱਗਦਾ ਰਿਹਾ ਕਿ ਕਿਤੇ ਵੀ ਅਸੀਂ ਡਿੱਗ ਸਕਦੇ ਹਾਂ ਜਾਂ ਬੀਐਸਐਫ ਨਾਲ ਟਾਕਰਾ ਹੋ ਸਕਦਾ ਹੈ। ਹੁਣ ਅਸੀਂ ਪੁਲ ਤੋਂ ਦੋ ਕੁ ਸੌ ਮੀਟਰ ਦੀ ਦੂਰੀ ਤੇ ਇੱਕ ਖੇਤ ਵਿੱਚ ਖੜ੍ਹੇ ਪੁਲ ਅਤੇ ਸੜਕਾਂ ਉੱਤੇ ਗੱਡੀਆਂ ਦੇਖ ਰਹੇ ਸੀ।

ਗਿਆਰਾਂ ਕੁ ਵੱਜ ਚੁੱਕੇ ਸੀ ਤੇ ਇਸ ਵਕਤ ਬੀਐਸਐਫ ਤੋਂ ਬਿਨਾ ਉੱਥੇ ਕੋਈ ਹੋਰ ਨਹੀਂ ਸੀ ਤੁਰ ਸਕਦਾ। ਆਮ ਲੋਕਾਂ ਨੂੰ ਅੱਠ ਵਜੇ ਤੋਂ ਬਾਅਦ ਤੁਰਨ ਦੀ ਪਾਬੰਦੀ ਸੀ ਉਸ ਨੂੰ ਸ਼ਾਇਦ ਪਤਾ ਸੀ ਕਿ ਬੀਐਸਐਫ ਦੀ ਗੱਡੀ ਕਿੰਨੇ ਵਕਤ ਬਾਅਦ ਤੁਰਦੀ ਹੈ। ਸਾਹਮਣੇ ਨਹਿਰ ਸੀ ਜਿਸ ਦੇ ਦੋਨੋਂ ਪਾਸੇ ਸੜਕ ਸੀ। ਪਾਰਲੇ ਕੰਢੇ ਤੇ ਕੰਡਿਆਲੀ ਤਾਰ ਤੇ ਬੱਤੀਆਂ ਲੱਗੀਆਂ ਸਨ, ਜਿਸ ਨਾਲ ਇਹ ਸਾਰਾ ਇਲਾਕਾ ਰੁਸ਼ਨਾਇਆ ਪਿਆ ਸੀ। ਪੁਲ ਉਤੇ ਵੀ ਪੂਰੀ ਰੌਸ਼ਨੀ ਸੀ ਤੇ ਹੋਰ ਸਭ ਪਾਸੇ ਹਨੇਰਾ ਹੀ ਹਨੇਰਾ ਸੀ। ਅਸਲ ਵਿੱਚ ਇਸ ਤੋਂ ਪਾਰ ਭਾਰਤ ਦੀ ਕੁਝ ਜਮੀਨ ਸੀ ਜਿਸ ਵਿੱਚ ਇੱਕ ਛੋਟਾ ਜਿਹਾ ਪਿੰਡ ਸੀ ਤੇ ਉਸ ਤੋਂ ਅੱਗੇ ਦੋਵਾਂ ਮੁਲਕਾਂ ਵਿਚਕਾਰਲੀ ਬੇਮਾਲਕੀ ਜਮੀਨ ਸੀ। ਬੀਐਸਐਫ ਦੀ ਚੌਂਕੀ ਤੇ ਨਾਕੇ ਨਹਿਰ ਤੇ ਹੀ ਸਨ। ਅਸੀਂ ਹੌਲੀ-ਹੌਲੀ ਤੁਰ ਕੇ ਪੁਲ ਦੇ ਕੋਲ ਪਹੁੰਚ ਗਏ। ਫੇਰ ਜਦੋਂ ਬੀਐਸਐਫ ਦਾ ਇੱਕ ਟਰੱਕ ਲੰਘਿਆ,

ਗਾਈਡ ਨੇ ਫੇਰ ਘੁੱਟ ਮਾਰਿਆ ਅਤੇ ਮੈਨੂੰ ਇਸ਼ਾਰਾ ਕਰਕੇ ਅੱਗੇ-ਅੱਗੇ ਤੁਰ ਪਿਆ। ਉਹ ਬਹੁਤ ਤੇਜੀ ਨਾਲ ਸਿੱਧਾ ਤੁਰ ਰਿਹਾ ਸੀ ਤੇ ਮੈਂ ਵੀ ਉਸ ਦੇ ਵਾਂਗ ਉਸ ਦੇ ਪਿੱਛੇ ਤੁਰਦਾ ਰਿਹਾ ਉਸ ਨੇ ਖਾਕੀ ਪੱਗ ਬੰਨ੍ਹੀ ਹੋਈ ਸੀ ਤੇ ਉਹ ਕੋਈ ਪੁਲਿਸ ਵਾਲਾ ਹੀ ਲੱਗ ਰਿਹਾ ਸੀ। ਪੁਲ ਤੇ ਜਦੋਂ ਅਸੀਂ ਚਾਨਣ ਵਿੱਚ ਆਏ ਤਾਂ ਇੱਕ ਕਾਂਬਾ ਜਿਹਾ ਛਿੜ ਗਿਆ ਪਰ ਅਸੀਂ ਉਵੇਂ ਹੀ ਤੁਰਦੇ ਰਹੇ। ਉਹ ਅੱਗੇ ਤੇ ਮੈਂ ਦੋ ਕੁ ਕਦਮ ਪਿੱਛੇ। ਕੁਝ ਪਲਾਂ ਵਿੱਚ ਹੀ ਅਸੀਂ ਪੁਲ ਅਤੇ ਚਾਨਣ ਨੂੰ ਲੰਘ ਕੇ ਫੇਰ ਹਨ੍ਹੇਰੇ ਵਿੱਚ ਦਾਖਲ ਹੋ ਗਏ। ਅੱਗੇ ਥੋੜ੍ਹੀ ਦੂਰੀ ਤੇ ਛੋਟਾ ਜਿਹਾ ਪਿੰਡ ਸੀ ਤੇ ਉਸ ਨੂੰ ਕੱਚੀ ਸੜਕ ਹੀ ਜਾਂਦੀ ਸੀ।

ਅਸੀਂ ਸੜਕ ਉਤਰ ਕੇ ਸੱਜੇ ਪਾਸੇ ਨੂੰ ਹੋਏ। ਮੈਨੂੰ ਲੱਗਿਆ ਕਿ ਹੁਣ ਸ਼ਾਇਦ ਅਸੀਂ ਖਤਰੇ ਚੋਂ ਲੰਘ ਗਏ। ਦੋ ਕੁ ਸੌ ਮੀਟਰ ਸੱਜੇ ਤੁਰ ਕੇ ਅਸੀਂ ਇੱਕ ਕੱਚੇ ਖਾਲ ਵਿੱਚ ਵੜ ਗਏ ਤੇ ਉਹਦੇ ਵਿਚ ਹੀ ਅੱਗੇ ਨੂੰ ਤੁਰਨ ਲੱਗ ਪਏ। ਇਹ ਇੱਕ ਵੱਡਾ ਖਾਲ ਸੀ, ਜਿਹੜਾ ਨਹਿਰ ਤੋਂ ਥੱਲੇ ਖੇਤਾਂ ਨੂੰ ਪਾਣੀ ਲੈ ਕੇ ਜਾਂਦਾ ਸੀ। ਇਹ ਕੋਈ ਲੱਕ ਕੁ ਡੂੰਘਾ ਤੇ ਡੇਢ ਕੁ ਮੀਟਰ ਚੌੜਾ ਸੀ। ਇਹਦੇ ਵਿੱਚ ਅਸੀਂ ਥੋੜ੍ਹਾ ਜਿਹਾ ਕੁੱਬੇ ਹੋ ਕੇ ਕੋਈ ਤਿੰਨ ਸੌ ਮੀਟਰ ਗਏ ਹੋਵਾਂਗੇ ਕਿ ਉਹ ਇਕਦਮ ਰੁਕਿਆ ਅਤੇ ਬਿਲਕੁਲ ਥੱਲੇ ਬੈਠ ਗਿਆ। ਮੈਂ ਵੀ ਉਸੇ ਤਰ੍ਹਾਂ ਉਹਦੇ ਨਾਲ ਲੱਗ ਕੇ ਬੈਠ ਗਿਆ। ਉਸ ਨੇ ਆਪਣੇ ਹੱਥ ਨਾਲ ਮੇਰੇ ਹੱਥ ਨੂੰ ਘੁੱਟਿਆ। ਛੇਤੀ ਕੁਝ ਆਵਾਜਾਂ ਆਉਣ ਲੱਗ ਪਈਆਂ। ਜਿਵੇਂ ਕੁਝ ਬੰਦੇ ਗੱਲਾਂ ਕਰਦੇ ਏਧਰ ਨੂੰ ਆ ਰਹੇ ਹੋਣ। ਇਹ ਲੋਕ ਹਿੰਦੀ ਬੋਲ ਰਹੇ ਸੀ। ਆਵਾਜਾਂ ਹੋਰ ਨੇੜੇ ਆਉਂਦੀਆਂ ਗਈਆਂ ਤੇ ਬਿਲਕੁਲ ਸਾਡੇ ਸਿਰ ਤੇ ਆ ਗਈਆਂ ਤੇ ਫੇਰ ਕੋਈ ਪੰਜ ਛੇ ਬੰਦੇ ਤੇਜੀ ਨਾਲ ਸਾਡੇ ਉੱਪਰ ਦੀ ਖਾਲ ਟੱਪ ਕੇ ਅੱਗੇ ਨੂੰ ਚਲੇ ਗਏ ਤੇ ਇਹ ਬੀਐਸਐਫ ਦੀ ਗਸ਼ਤੀ ਟੋਲੀ ਸੀ। ਜੋ ਇੱਧਰ ਪਿੰਡਾਂ ਵੱਲ ਸਰਹੱਦ ਤੇ ਗੇੜਾ ਮਾਰ ਕੇ ਆ ਰਹੀ ਸੀ। ਖਾਲ ਡੂੰਘਾ ਸੀ ਤੇ ਅਸੀਂ ਬਿਲਕੁਲ ਹੇਠਾਂ ਨਾਲ ਲੱਗੇ ਹੋਏ ਸੀ। ਸਾਡੇ ਕੱਪੜੇ ਵੀ ਐਸੇ ਸਨ, ਜੋ ਹਨ੍ਹੇਰੇ ਵਿਚ ਦਿਖਦੇ ਨਹੀਂ ਸੀ। (ਕੱਪੜੇ ਹਲਕੇ ਭੂਰੇ ਰੰਗ ਦੇ ਪਾਏ ਹੋਏ ਸੀ ਜਿਵੇਂ ਓਹਨਾਂ ਨੇ ਕਿਹਾ ਸੀ) ਉਹ ਆਪਣੀਆਂ ਗੱਲਾਂ ਵਿੱਚ ਮਸਤ ਤੁਰੇ ਜਾ ਰਹੇ ਸੀ। ਓਹਨਾਂ ਦੇ ਜਾਣ ਤੋਂ ਬਾਅਦ ਮੈਨੂੰ ਸਮਝ ਆਈ ਕਿ ਇੱਕ ਵਾਰ ਫੇਰ ਕਿਵੇਂ ਬਚਾਅ ਹੋ ਗਿਆ।

ਉਸਨੇ ਫਿਰ ਬੋਤਲ ਕੱਢੀ ਤੇ ਕੁਝ ਘੁੱਟ ਲਾਏ ਤੇ ਕਿਹਾ ਕਿ ਉਹ ਸੌ ਕੁ ਮੀਟਰ ਅੱਗੇ ਸਰਹੱਦ ਹੈ ਤੇ ਇਸ ਤੋਂ ਅੱਗੇ ਪਾਕਿਸਤਾਨ ਹੈ। ਅਸੀਂ ਹੌਲੀ-ਹੌਲੀ ਤੁਰ ਕੇ ਉਹ ਸਰਹੱਦ ਟੱਪੀ ਤੇ ਉਸ ਨੇ ਪਿੱਛੇ ਜਾ ਕੇ ਸਾਡੀਆਂ ਪੈੜਾਂ ਮਿਟਾ ਦਿੱਤੀਆਂ ਤੇ ਫੇਰ ਅਸੀਂ ਜੰਗਲ ਤੇ ਵੀਰਾਨ ਇਲਾਕੇ ਵਿਚ ਤੁਰਨ ਲੱਗ ਪਏ। ਪੰਦਰਾਂ ਕੁ ਮਿੰਟਾਂ ਬਾਅਦ ਦੂਰ ਇੱਕ ਰੋਸ਼ਨੀ ਦਿਖਾਈ ਦੇਣ ਲੱਗੀ ਤੇ ਉਸ ਨੇ ਕਿਹਾ ਕਿ ਆਪਾਂ ਉੱਥੇ ਜਾਣਾ ਹੈ।

ਅੱਧਾ ਕੁ ਘੰਟਾ ਤੁਰ ਕੇ ਅਸੀਂ ਉੱਥੇ ਪਹੁੰਚ ਗਏ। ਇਹ ਪਾਕਿਸਤਾਨੀ ਰਾਖਿਆਂ ਦੀ ਚੌਂਕੀ ਸੀ। ਓਹਨਾਂ ਨੂੰ ਪਹਿਲਾਂ ਹੀ ਪਤਾ ਸੀ ਕਿ ਇਸ ਬੰਦੇ ਨੇ ਉੱਥੇ ਆਉਣਾ ਹੈ। ਓਹਨਾਂ ਦੇ ਇੱਕ ਹੌਲਦਾਰ ਤੇ ਤਿੰਨ ਸਿਪਾਹੀਆਂ ਨੇ ਸਾਡਾ ਸੁਆਗਤ ਕੀਤਾ। ਸਤਿ ਸ੍ਰੀ ਅਕਾਲ ਤੇ ਵਾਲੇਕਮ ਸਲਾਮ ਹੋਈ ਤੇ ਫਿਰ ਇੱਕ ਕਮਰੇ ਵਿੱਚ ਜਿੱਥੇ ਭੁੰਜੇ ਬਿਸਤਰੇ ਲਾਏ ਹੋਏ ਸੀ, ਉੱਥੇ ਅਸੀਂ ਬੈਠ ਗਏ। ਇਹ ਉੱਥੇ ਸਾਰਿਆਂ ਨੂੰ ਜਾਣਦਾ ਸੀ। ਇਕ ਹੋਰ ਬੰਦਾ ਜੋ ਇੱਕ ਦਿਨ ਪਹਿਲਾਂ ਦਾ ਇੱਥੇ ਆਇਆ ਸੀ ਉਹ ਵੀ ਸਾਡੇ ਕੋਲ ਆ ਗਿਆ ਤੇ ਉਹ ਵੀ ਇਸ ਨੂੰ ਜਾਣਦਾ ਸੀ। ਇਹ ਕੋਈ ੪੦-੪੫ ਸਾਲ ਦਾ, ਪੌਣੇ ਕੁ ਛੇ ਫੁੱਟ, ਗੋਰੇ ਰੰਗ ਦਾ ਘੋਣ-ਮੋਨ ਬੰਦਾ ਸੀ ਅਤੇ ਵੈਲੀ ਕਿਸਮ ਦਾ ਲੱਗ ਰਿਹਾ ਸੀ। ਓਹਨਾਂ ਨੇ ਸਾਡੇ ਲਈ ਦੁੱਧ ਪੱਤੀ ਬਣਾਈ ਅਤੇ ਨਾਲ ਭੁੱਜੇ ਹੋਏ ਛੋਲੇ ਦਿੱਤੇ। ਇਹ ਲੋਕ ਕਾਫੀ ਦੇਰ ਤੱਕ ਗੱਲਾਂ ਕਰਦੇ ਰਹੇ ਤੇ ਮੈਂ ਥੋੜ੍ਹਾ ਦੂਰ ਹਟ ਕੇ ਸੌਂ ਗਿਆ। ਓਹਨਾਂ ਨੇ ਰਾਤ ਨੂੰ ਹੀ ਮੇਰਾ ਨਾਂ, ਪਤਾ, ਜਥੇਬੰਦੀ ਤੇ ਅੱਗੇ ਕਿਸ ਨੂੰ ਮਿਲਣਾ ਹੈ, ਪਤਾ ਕਰ ਲਿਆ ਤੇ ਅਗਲੇ ਦਿਨ ਦਸ ਕੁ ਵਜੇ ਲਾਹੌਰ ਤੋਂ ਚੌਧਰੀ ਗੱਡੀ ਲੈ ਕੇ ਆ ਗਏ ਤੇ ਮੈਨੂੰ ਅਤੇ ਉਸ ਦੂਸਰੇ ਸਿੰਘ ਨੂੰ ਲਾਹੌਰ ਡਾਕਟਰ ਸਾਹਬ ਤੇ ਵਧਾਵਾ ਸਿੰਘ ਹੋਰਾਂ ਕੋਲ ਛੱਡ ਆਏ।

ਕੁਦਰਤ ਦਾ ਅੰਦਾਜ ਵੀ ਨਿਆਰਾ ਤੇ ਸਮਝ ਤੋਂ ਪਰ੍ਹੇ ਹੈ। ਅਸੀਂ ਆਪਣੀ ਸਮਝ ਅਨੁਸਾਰ ਜੋ ਕਰਨ ਦੀ ਕੋਸ਼ਿਸ਼ ਕਰਦੇ ਹਾਂ ਅੱਗੋਂ ਕੁਦਰਤ ਨੂੰ ਕੁਝ ਹੋਰ ਹੀ ਮਨਜੂਰ ਹੁੰਦਾ ਹੈ। ਸਰਹੱਦ ਪਾਰ ਕਰਨ ਦੇ ਸਾਡੇ ਕੋਲ ਹੋਰ ਕਈ ਤਰੀਕੇ ਸੀ ਜਿਵੇਂ ਪੰਜਾਬ ਜਾਂ ਜੰਮੂ ਤੋਂ ਸਿੰਘਾਂ ਨਾਲ ਪੂਰੀ ਤਰ੍ਹਾਂ ਸ਼ਸਤਰਬੱਧ ਹੋ ਕੇ ਸਰਹੱਦ ਪਾਰ ਕਰਨਾ, ਪੈਸਾ ਭਰ ਕੇ ਸਰਹੱਦ ਪਾਰ ਕਰਨਾ, ਨੇਪਾਲ ਜਾਂ ਦੱਖਣੀ ਪੂਰਬੀ ਏਸ਼ੀਆ ਰਾਹੀਂ, ਜਹਾਜ ਰਾਹੀਂ ਗਲਤ ਪਾਸਪੋਰਟ ਤੇ ਸਰਹੱਦ ਪਾਰ ਕਰਨਾ। ਇਨ੍ਹਾਂ ਨੂੰ ਛੱਡ ਕੇ ਅਸੀਂ ਆਪਣੀ ਪੂਰੀ ਸਿਆਣਪ ਨਾਲ ਇਹ ਤਰੀਕਾ ਅਪਣਾਇਆ ਸੀ। ਇਸ ਵਿੱਚ ਨਿਰ੍ਹਾ ਜੋਖਮ ਹੀ ਜੋਖਮ ਸੀ। ਮੈਨੂੰ ਨਹੀਂ ਪਤਾ ਕਿ ਅਸੀਂ ਕਿਵੇਂ ਸਹੀ ਸਲਾਮਤ ਉਧਰ ਪਹੁੰਚ ਗਏ। ਪਰਮਜੀਤ ਸਿੰਘ ਨੇ ਆਪਣੇ ਦੋ ਨਜਦੀਕੀਆਂ ਦੀ ਗੱਲ ਤੇ ਯਕੀਨ ਕੀਤਾ। ਓਹਨਾਂ ਦੋਵਾਂ ਮਿੱਤਰਾਂ ਨੇ ਆਪਣੇ ਮਿੱਤਰ ਪਾਂਡੀ ਤੇ ਯਕੀਨ ਕੀਤਾ। ਉਹ ਨੂੰ ਮੇਰੇ ਬਾਰੇ ਕੁਝ ਨਹੀਂ ਸੀ ਪਤਾ। ਉਸ ਦਾ ਵੀ ਕੋਈ ਕਸੂਰ ਨਹੀਂ ਉਹ ਆਪ ਵੀ ਤਾਂ ਇਸੇ ਤਰ੍ਹਾਂ ਸਰਹੱਦ ਲੰਘਦਾ ਸੀ। ਇਹ ਉਹਦੇ ਲਈ ਆਮ ਗੱਲ ਸੀ। ਅਸਲ ਵਿੱਚ ਉਹ ਨਸ਼ਾ ਸੌਦਾਗਰ ਸੀ ਤੇ ਉਹਦੇ ਬੀਐਸਐਫ ਵਿਚ ਸਬੰਧ ਸਨ। ਲੋੜ ਪੈਣ ਤੇ ਉਹ ਬੰਦਿਆਂ ਨੂੰ ਪਾਰ ਕਰ ਦਿੰਦੇ ਸੀ। ਉਸ ਤੋਂ ਬਾਅਦ ਮੈਂ ਉਸਦੇ ਬਾਰੇ ਕਦੇ ਨਹੀਂ ਸੁਣਿਆ ਪਰ ਜਦੋਂ ਮੈਂ ਜੇਲ੍ਹ ਤੋਂ ਬਾਹਰ ਆਇਆ ਤਾਂ ਉਹ ਇੱਕ ਦਿਨ ਆ ਕੇ ਮਿਲਿਆ ਅਤੇ ਬੜੀ ਖੁਸ਼ੀ ਨਾਲ ਗੱਲਾਂ ਕੀਤੀਆਂ। ਚਾਹ ਪਾਣੀ ਪੀ ਕੇ ਚਲਿਆ ਗਿਆ। ਸ਼ਾਇਦ ਬਾਅਦ

ਵਿੱਚ ਉਸ ਨੂੰ ਮੇਰੇ ਬਾਰੇ ਪਤਾ ਲੱਗ ਗਿਆ ਸੀ।

ਜਿਹੜਾ ਸਿੰਘ ਮੈਨੂੰ ਉੱਥੇ ਚੌਂਕੀ ਤੇ ਮਿਲਿਆ ਸੀ ਤੇ ਮੇਰੇ ਨਾਲ ਲਾਹੌਰ ਗਿਆ ਸੀ। ਉਸ ਨੂੰ ਹਰਜੀਤ ਸਿੰਘ ਨੇ ਪਹਿਚਾਣ ਲਿਆ ਸੀ। ਸਾਡੇ ਕੋਲ ਚਾਹ ਪਾਣੀ ਪੀ ਕੇ ਉਹ ਸਿਆਲਕੋਟ ਵੱਸਣ ਸਿੰਘ ਕੋਲ ਚਲਾ ਗਿਆ ਸੀ ਕਿਉਂਕਿ ਉਹ ਉਸ ਨੂੰ ਮਿਲਣ ਹੀ ਆਇਆ ਸੀ। ਹਰਜੀਤ ਸਿੰਘ ਨੇ ਦੱਸਿਆ ਕਿ ਬਹੁਤ ਹੈਰਾਨੀ ਦੀ ਗੱਲ ਹੈ ਕਿ ਇਹ ਵੀ ਆਪਣੇ ਸੰਘਰਸ਼ ਵਿੱਚ ਕੰਮ ਕਰ ਰਿਹਾ ਹੈ। ਇਹ ਦੋ ਭਰਾ ਅਜਨਾਲੇ ਕੋਲ ਦੇ ਹਨ ਤੇ ਇਲਾਕੇ ਦੇ ਵੱਡੇ ਸਮੱਗਲਰ ਤੇ ਵੈਲੀ ਹਨ ਤੇ ਸਰਕਾਰੇ ਦਰਬਾਰੇ ਵੀ ਇਨ੍ਹਾਂ ਦਾ ਚੰਗਾ ਰਸੂਖ ਹੈ। ਉਸ ਨੂੰ ਵਿਸ਼ਵਾਸ ਨਹੀਂ ਸੀ ਆ ਰਿਹਾ ਕਿ ਇਹ ਵੱਸਣ ਸਿੰਘ ਨਾਲ ਕੰਮ ਕਰ ਰਿਹਾ ਹੈ। ਫਿਰ ਚਾਰ ਕੁ ਮਹੀਨੇ ਬਾਅਦ ਸਰਹੱਦ ਪਾਰ ਕਰਦੇ ਹੋਏ ਜਖਮੀ ਹੋਇਆ ਇੱਕ ਸਿੰਘ ਆਇਆ ਤੇ ਉਸ ਨੂੰ ਚੌਧਰੀਆਂ ਨੇ ਲਾਹੌਰ ਦੇ ਇੱਕ ਹਸਪਤਾਲ ਵਿੱਚ ਦਾਖਲ ਕਰਵਾ ਦਿੱਤਾ। ਸਰਹੱਦ ਤੇ ਕਿਤੇ ਵੀ ਕੋਈ ਵੀ ਸਿੰਘ ਜਖਮੀ ਹੁੰਦਾ ਤਾਂ ਉਹਨੂੰ ਲਾਹੌਰ ਵਿੱਚ ਕੁਝ ਚੁਣੇ ਹੋਏ ਹਸਪਤਾਲਾਂ ਵਿੱਚ ਦਾਖਲ ਕਰਵਾਇਆ ਜਾਂਦਾ ਸੀ। ਦਾਖਲ ਕਰਾਉਣ ਤੋਂ ਬਾਅਦ ਉਸ ਦੀ ਸਾਰੀ ਦੇਖਭਾਲ ਲਾਲ ਸਿੰਘ ਕਰਦਾ ਹੁੰਦਾ ਸੀ। ਲਾਲ ਸਿੰਘ ਨੂੰ ਸਾਰੀਆਂ ਜਥੇਬੰਦੀਆਂ ਨੇ ਲਾਹੌਰ ਵਿੱਚ ਆਜਾਦ ਰੂਪ ਵਿਚ ਰੱਖਿਆ ਹੋਇਆ ਸੀ ਤੇ ਇਹੋ ਜਿਹੇ ਕੰਮ ਉਸ ਦੀ ਹੀ ਜਿੰਮੇਵਾਰੀ ਹੁੰਦੀ ਸੀ। ਜਦੋਂ ਮੈਂ ਲਾਲ ਸਿੰਘ ਕੋਲ ਕੋਠੀ ਵਿੱਚ ਗਿਆ ਤਾਂ ਉਸ ਨੇ ਦੱਸਿਆ ਕਿ ਜਿਹੜਾ ਬੰਦਾ ਤੁਹਾਡੇ ਨਾਲ ਆਇਆ ਸੀ ਉਹ ਹਸਪਤਾਲ ਵਿੱਚ ਦਾਖਲ ਹੈ। ਉਸ ਹੀ ਚੌਂਕੀ ਤੇ ਉਸ ਦਾ ਮੁਕਾਬਲਾ ਹੋ ਗਿਆ ਸੀ ਤੇ ਓਹਨਾਂ ਵਿੱਚੋਂ ਇੱਕ ਸਿੰਘ ਮੌਕੇ ਤੇ ਹੀ ਮਾਰਿਆ ਗਿਆ ਅਤੇ ਇਸ ਦੇ ਪੱਟ ਤੇ ਗੋਲੀ ਲੱਗੀ ਹੈ ਪਰ ਇਹ ਕਿਸੇ ਤਰ੍ਹਾਂ ਆਪਣੇ ਆਪ ਨੂੰ ਖਿੱਚ ਧੂਹ ਕੇ ਇਧਰ ਵਾਲੇ ਪਾਸੇ ਲੈ ਆਇਆ। ਖੂਨ ਬਹੁਤ ਵਹਿ ਗਿਆ ਪਰ ਇਲਾਜ ਹੋ ਗਿਆ ਹੈ। ਪੱਟ ਵਿੱਚ ਸਰੀਆ ਪਾਇਆ ਹੈ ਪਰ ਖਤਰੇ ਦੀ ਕੋਈ ਗੱਲ ਨਹੀਂ। ਅਸੀਂ ਰਾਤ ਨੂੰ ਰੋਟੀ ਲੈ ਕੇ ਉਸ ਨੂੰ ਮਿਲਣ ਗਏ। ਮੈਨੂੰ ਦੇਖ ਕੇ ਉਹ ਬਹੁਤ ਖੁਸ਼ ਹੋਇਆ ਤੇ ਦੱਸਿਆ ਕਿ ਅਸੀਂ ਜਿਆਦਾ ਲਾਲਚ ਕਰ ਗਏ। ਉਸ ਥਾਂ ਤੋਂ ਬਹੁਤ ਗੇੜੇ ਲਾ ਲਏ। ਓਹਨਾਂ ਨੂੰ ਸ਼ੱਕ ਹੋ ਗਈ ਤੇ ਓਹਨਾਂ ਨੇ ਘਾਤ ਲਾ ਦਿੱਤੀ। ਸਾਡੇ ਵਿੱਚੋਂ ਇੱਕ ਬੰਦਾ ਜਾਇਆ ਹੋ ਗਿਆ। ਮੈਂ ਤੇ ਇਕ ਹੋਰ ਸਿੰਘ ਬੜੀ ਮੁਸ਼ਕਲ ਨਾਲ ਬਚ ਕੇ ਆਏ ਹਾਂ ਉਹ ਤਿੰਨ ਕੁ ਹਫਤੇ ਹਸਪਤਾਲ ਰਿਹਾ ਤੇ ਮੈਂ ਦੋ ਕੁ ਵਾਰ ਉਸ ਨੂੰ ਫੇਰ ਮਿਲਿਆ। ਫੇਰ ਉਹ ਸਿਆਲਕੋਟ ਚਲਿਆ ਗਿਆ। ਬਾਅਦ ਵਿੱਚ ਠੀਕ ਹੋ ਕੇ ਪੰਜਾਬ ਆ ਗਿਆ। ਉਸ ਤੋਂ ਬਾਅਦ ਉਹਦੇ ਬਾਰੇ ਕਦੀ ਕੁਝ ਨਹੀਂ ਸੁਣਿਆ।

ਪਾਠ : ੫

ਰਣ-ਕੱਛ ਦਾ ਸਫਰ

ਅਪਰੈਲ, ਸੰਨ ੧੯੯੨ ਤੱਕ ਭਾਰਤ-ਪਾਕਿ ਸਰਹੱਦ ਪਾਰ ਕਰਨਾ ਮੁਸ਼ਕਲ ਹੋ ਚੁੱਕਾ ਸੀ। ਇਹ ਜਾਣ ਵੇਲੇ (ਨਵੰਬਰ ੧੯੯੦) ਨਾਲੋਂ ਕਿਤੇ ਵੱਧ ਮੁਸ਼ਕਲ ਅਤੇ ਮਾਰੂ ਹੋ ਗਿਆ ਸੀ।

ਪੰਜਾਬ ਅਤੇ ਇਹਦੇ ਨਾਲ ਲਗਦੇ ਜੰਮੂ ਤੋਂ ਗੰਗਾਨਗਰ, ਰਾਏ ਸਿੰਘ ਨਗਰ ਤਕ ਕੰਡਿਆਲੀ ਤਾਰ ਤੇ ਵੱਡੀਆਂ ਬੱਤੀਆਂ ਲਗ ਚੁੱਕੀਆਂ ਸੀ। ਰਾਜਸਥਾਨ ਦੇ ਇਸ ਤੋਂ ਅਗਲੇ ਇਲਾਕੇ ਜਿਵੇਂ ਬੀਕਾਨੇਰ, ਜੈਸਲਮੇਰ ਅਤੇ ਬਾੜਮੇਰ ਤੱਕ ਦੀ ਸਰਹੱਦ ਵੀ ਪਹਿਲਾਂ ਨਾਲੋਂ ਸਖਤ ਹੋ ਗਈ ਸੀ। ਸਾਨੂੰ ਜਿੱਥੋਂ ਵੀ ਕੋਈ ਮੌਕਾ ਜਾਂ ਥਾਂ ਮਿਲਦਾ, ਉੱਥੋਂ ਹੀ ਰਸਤਾ ਚਲਾ ਲੈਂਦੇ ਸੀ ਪਰ ਕੋਈ ਵੀ ਰਸਤਾ ਜਿਆਦਾ ਸਮਾਂ ਨਹੀਂ ਸੀ ਚੱਲਦਾ। ਗੁਜਰਾਤ ਵਿਚ ਵੀ ਕੁਝ ਥਾਈਂ ਸਰਹੱਦ ਤੇ ਸਖਤੀ ਹੋ ਗਈ ਸੀ। ਹੁਣ ਤੱਕ ਇਹੋ ਬਚਿਆ ਸੀ ਕਿ ਰਣ ਅਤੇ ਕੱਛ ਦੇ ਇਲਾਕੇ ਅਤੇ ਸਮੁੰਦਰ ਦੇ ਨਾਲ ਲੱਗਦੇ ਇਲਾਕਿਆਂ ਵਿੱਚ ਬਹੁਤੀ ਚੌਕਸੀ ਨਹੀਂ ਸੀ। ਖਾਸ ਕਰਕੇ ਰਣ ਦੇ ਇਲਾਕੇ ਬਾਰੇ ਕੋਈ ਸੋਚਦਾ ਵੀ ਨਹੀਂ ਸੀ ਕਿ ਇੱਥੋਂ ਵੀ ਸਮਾਨ ਲੰਘਾਇਆ ਜਾ ਸਕਦਾ ਹੈ। ਇਸ ਕਰਕੇ ਇਹਦੀ ਕੋਈ ਰਖਵਾਲੀ ਨਹੀਂ ਸੀ ਕਰਦਾ। ਬਰਸਾਤ ਤੋਂ ਬਾਅਦ ਇਸ ਥਾਂ ਤੇ ਪਾਣੀ ਜਮ੍ਹਾਂ ਹੋ ਜਾਂਦਾ ਹੈ ਤੇ ਇਹ ਨੀਵਾਂ ਹੋਣ ਕਰਕੇ ਦਲਦਲੀ ਸਮੁੰਦਰ ਹੀ ਬਣ ਜਾਂਦਾ ਹੈ। ਕਿਸੇ ਸਮੇਂ ਇੱਥੇ ਸਮੁੰਦਰ ਹੀ ਹੁੰਦਾ ਸੀ। ਇਹ ਰਣ ਖੇਤਰ ਦਾ ਨੱਬੇ ਫੀਸਦੀ ਹਿੱਸਾ ਭਾਰਤ ਵਿੱਚ ਹੈ ਤੇ ਪਾਕਿਸਤਾਨ ਵਾਲੇ ਪਾਸੇ ਤੋਂ ਹਰਿਆਵਲ ਸ਼ੁਰੂ ਹੋ ਜਾਂਦੀ ਹੈ। ਸਰਹੱਦ ਦੇ ਨਾਲ-ਨਾਲ ਇਹ ਕਈ ਥਾਂ ਤੇ ਫੈਲਿਆ ਹੋਇਆ ਹੈ ਤੇ ਇਸ ਦੀ ਲੰਬਾਈ ਚੌੜਾਈ ਬਹੁਤ ਜਿਆਦਾ ਹੈ। ਇਥੇ ਧਰਤੀ ਚੋਂ ਲੂਣ ਸਿੰਮਦਾ ਹੈ। ਇਹ ਖੇਤਰ ਸਿਆਲ ਚ ਜਾ ਕੇ ਸੁੱਕਣਾ ਸ਼ੁਰੂ ਹੁੰਦਾ ਹੈ ਤੇ ਅਪਰੈਲ-ਮਈ ਵਿਚ ਸਭ ਤੋਂ ਜਿਆਦਾ ਸੁੱਕਾ ਹੁੰਦਾ ਹੈ। ਉਦੋਂ ਜਾਣਕਾਰ ਲੋਕੀਂ ਇਹਦੇ ਵਿਚ ਦੀ ਸੁੱਕਾ ਰਾਹ ਲੱਭ ਕੇ ਏਧਰ ਓਧਰ ਜਾ ਸਕਦੇ ਹਨ। ਅਣਜਾਣ ਬੰਦਿਆਂ ਲਈ ਇਹ ਮੌਤ ਦਾ ਖੂਹ ਹੀ ਹੈ, ਕਿਉਂਕਿ ਇੱਥੇ ਕੋਈ ਜੀਵਨ ਨਹੀਂ। ਮੀਲਾਂ ਮੀਲਾਂ ਤਕ ਲੂਣ ਦਾ ਰੇਗਿਸਤਾਨ ਅਤੇ ਦਲਦਲ

ਹੈ। ਕੋਈ ਥਾਂ ਸੁੱਕਾ ਹੁੰਦਾ ਹੈ ਤੇ ਕਿਤੇ ਸਦਾ ਹੀ ਪਾਣੀ ਖੜ੍ਹਾ ਰਹਿੰਦਾ ਹੈ।

ਰਣ ਵਿਚ ਦੁਨੀਆ ਦੀ ਸਭ ਤੋਂ ਮਾਰੂ ਦਲਦਲ ਹੈ। ਜੇ ਕੋਈ ਅਣਜਾਣ ਇਥੇ ਫਸ ਜਾਵੇ ਤਾਂ ਉਹ ਜਮੀਨ ਦਾ ਹੀ ਹਿੱਸਾ ਬਣ ਜਾਂਦਾ ਹੈ। ਸਾਰੇ ਇਲਾਕੇ ਵਿਚ ਘਾਹ ਦਾ ਤਿਣਕਾ ਵੀ ਨਹੀਂ ਹੈ। ਨਾ ਕੋਈ ਮੱਛਰ, ਨਾ ਕੋਈ ਜਾਨਵਰ। ਪੰਛੀ ਵੀ ਏਧਰ ਨਹੀਂ ਆਉਂਦੇ ਕਿਉਂਕਿ ਕੋਈ ਖਾਣ-ਪੀਣ ਦੀ ਚੀਜ ਨਹੀਂ ਹੈ, ਕੋਈ ਛਾਂ ਨਹੀਂ ਹੈ। ਪੰਛੀ ਵੀ ਇੱਥੇ ਆ ਕੇ ਭਟਕ-ਭਟਕ ਕੇ ਮਰ ਜਾਂਦੇ ਹਨ। ਸਾਰੀ ਧਰਤੀ ਇਕਦਮ ਪੱਧਰੀ ਹੈ। ਉਸ ਵਕਤ ਤੱਕ ਭਾਰਤ ਵਾਲਿਆਂ ਦੀ ਇਸ ਖੇਤਰ ਵਿੱਚ ਕੋਈ ਚੌਂਕੀ ਨਹੀਂ ਸੀ। ਓਹਨਾਂ ਦੀਆਂ ਚੌਂਕੀਆਂ, ਜਿੱਥੇ ਰਣ ਦਾ ਇਲਾਕਾ ਖਤਮ ਹੁੰਦਾ ਹੈ, ਉਥੋਂ ਵੀ ਕੁਝ ਕਿਲੋਮੀਟਰ ਦੂਰ ਸਨ ਤੇ ਆਪਸ ਵਿੱਚ ਵੀ ਦੂਰ-ਦੂਰ ਸਨ।

ਸਰਹੱਦ ਬਾਰੇ ਸਾਨੂੰ ਜਿਆਦਾ ਜਾਣਕਾਰੀ ਉਧਰੋਂ ਚੌਧਰੀਆਂ ਤੋਂ ਮਿਲਦੀ ਸੀ ਤੇ ਅੱਗੇ ਅਸੀਂ ਨਸ਼ੇ ਜਾਂ ਹਥਿਆਰਾਂ ਦੇ ਪਾਂਡੀਆਂ ਤੋਂ ਕੰਮ ਲੈਂਦੇ ਸੀ। ਚੌਧਰੀਆਂ ਦੀ ਸਹਿਮਤੀ ਹੋਣ ਕਰ ਕੇ ਇਹਨਾਂ ਲੋਕਾਂ ਵਲੋਂ ਧੋਖਾ ਕਰਨ ਦੇ ਬਹੁਤ ਘੱਟ ਮੌਕੇ ਸਨ। ਅਖੀਰਲੇ ਸਮੇਂ ਵਿਚ ਅਸੀਂ ਓਹਨਾਂ ਰਾਹਾਂ ਤੋਂ ਹੀ ਸਰਹੱਦ ਪਾਰ ਕਰਦੇ ਸੀ ਜਿਸ ਬਾਰੇ ਏਧਰਲੀਆਂ ਏਜੰਸੀਆਂ ਨੇ ਕਦੇ ਸੋਚਿਆ ਨਹੀਂ ਸੀ ਕਿ ਇੱਥੇ ਕੋਈ ਸਮਾਨ ਦਾ ਰਾਹ ਬਣ ਸਕਦਾ ਹੈ। ਇਸੇ ਤਰ੍ਹਾਂ ਹੀ ਓਧਰ ਵਾਲੇ ਸੋਚਦੇ ਸੀ। ਓਹਨਾਂ ਨੂੰ ਵੀ ਲੱਗਦਾ ਸੀ ਕਿ ਭਾਵੇਂ ਇੱਥੇ ਕੋਈ ਬੀਐਸਐਫ ਦੀਆਂ ਚੌਂਕੀਆਂ ਨਹੀਂ ਪਰ ਅੱਗੇ ਰਣ ਦੀ ਦਲਦਲ ਤੋਂ ਸਾਰੇ ਹੀ ਡਰਦੇ ਸੀ। ਸਰਹੱਦ ਤੋਂ ਲੈ ਕੇ ਕਈ ਥਾਈਂ ਵੀਹ ਕਿਲੋਮੀਟਰ ਚੌੜਾ ਤੇ ਕੋਈ ਪੰਜਾਹ ਕਿਲੋਮੀਟਰ ਤੱਕ ਦਲਦਲ ਸੀ। ਖਾੜਕੂਆਂ ਵਿੱਚ ਸਭ ਤੋਂ ਪਹਿਲਾਂ ਇੱਕ ਸਿੰਘ ਜੋ ਭਾਈ ਸਤਿਨਾਮ ਸਿੰਘ ਛੀਨੇ ਦੇ ਜਥੇ ਨਾਲ ਸਬੰਧਤ ਸੀ, ਉਹ ਝਾਰਖੰਡ ਤੋਂ ਇਕ ਮਾਓਵਾਦੀ ਨੂੰ ਨਾਲ ਲੈ ਕੇ ਪਾਕਿਸਤਾਨ ਗਿਆ ਸੀ। ਜਦੋਂ ਰਣ ਸਮੁੰਦਰ ਬਣਿਆ ਸੀ ਉਦੋਂ ਕਿਸ਼ਤੀ ਰਾਹੀਂ ਇਹ ਦੋਵੇਂ ਜਣੇ ਕਿਸੇ ਸਮੱਗਲਰ ਰਾਹੀਂ ਉਥੇ ਪਹੁੰਚੇ ਸੀ।

ਚੌਧਰੀਆਂ ਕੋਲ ਮਾਓਵਾਦੀਆਂ ਦਾ ਕੋਈ ਬੰਦਾ ਪਹਿਲੀ ਵਾਰ ਆਇਆ ਸੀ ਤੇ ਕੋਈ ਸਿੱਖ ਵੀ ਸਿੰਧ ਵਾਲੇ ਪਾਸਿਓਂ ਪਹਿਲੀ ਵਾਰ ਆਇਆ ਸੀ। ਇਸੇ ਕਰਕੇ ਇਨ੍ਹਾਂ ਨੂੰ ਪਹਿਲਾਂ ਕੁਝ ਚਿਰ ਜੇਲ੍ਹ ਅਤੇ ਸਰਹੱਦ ਦੀਆਂ ਏਜੰਸੀਆਂ ਕੋਲ ਕੱਟਣਾ ਪਿਆ। ਇਹ ਸਿੰਘ, ਜਿਸ ਨੂੰ ਸਾਰੇ ਪਿਆਰਾ ਬਾਬਾ ਵੀ ਕਹਿੰਦੇ ਸੀ ਪਰ ਜਿਆਦਾਤਰ ਬਾਬਾ ਕਰਕੇ ਹੀ ਜਾਣਿਆ ਜਾਂਦਾ ਸੀ। ਉਸ ਨੂੰ ਕੁਝ ਸਮੇਂ ਬਾਅਦ ਸਾਡੇ ਕੋਲ ਭੇਜ ਦਿੱਤਾ।

ਨੋਟ : ਚੌਧਰੀ ਹਰ ਲਹਿਰ ਦੇ ਲੋਕਾਂ ਨੂੰ ਅਲਹਿਦਾ-ਅਲਹਿਦਾ ਹੀ ਮਿਲਿਆ ਕਰਦੇ ਸਨ। ਭਾਰਤ ਵਿਰੋਧੀ ਕੋਈ ਵੀ ਹੋਵੇ, ਉਸ ਨੂੰ ਉੱਥੇ ਸੁਣਿਆ ਜਾਂਦਾ ਹੈ ਪਰ ਜਿਵੇਂ ਹਕੂਮਤ ਦਾ ਸੁਭਾਅ ਹੁੰਦਾ ਹੈ, ਉਹ ਸਾਰਿਆਂ ਤੇ ਕਾਬੂ ਰੱਖਣਾ ਚਾਹੁੰਦੀ ਹੈ ਅਤੇ ਇਸ ਕਰ ਕੇ ਓਹਨਾਂ ਦੀ ਮਰਜੀ ਤੋਂ ਬਿਨਾ ਸਾਡਾ ਆਪਸ ਵਿੱਚ ਮੇਲ ਜੋਲ ਉਹ ਪਸੰਦ ਨਹੀਂ ਕਰਦੇ ਸਨ।

ਸਾਨੂੰ ਵੀ ਗੁਜਰਾਤ ਦੇ ਸਮੁੰਦਰੀ ਇਲਾਕਿਆਂ ਤੇ ਕੱਛ ਦੇ ਇਲਾਕਿਆਂ ਬਾਰੇ ਉਸ ਤੋਂ ਹੀ ਜਿਆਦਾ ਜਾਣਕਾਰੀ ਮਿਲੀ (ਇਸ ਬਾਬੇ ਬਾਰੇ ਪਹਿਲੀ ਕਿਤਾਬ ਵਿਚ ਲਿਖ ਚੁੱਕੇ ਹਾਂ) ਉਸ ਮਾਓਵਾਦੀ ਬਾਰੇ ਤਾਂ ਅਸੀਂ ਮੁੜ ਕੇ ਕੋਈ ਖਬਰ ਨਹੀਂ ਸੁਣੀ।

ਜਦੋਂ ਗੁਰਜੀਤ ਸਿੰਘ ਇਥੋਂ ਇਕ ਸੀਆਰਪੀਐਫ ਵਾਲੇ ਸਿਪਾਹੀ ਨੂੰ ਨਾਲ ਲੈ ਕੇ ਭੱਜਿਆ ਸੀ ਤਾਂ ਉਹ ਪੰਜਾਬ ਵਿਚੋਂ ਪਾਕਿਸਤਾਨ ਨੂੰ ਇਸ ਰਸਤੇ ਥਾਈਂ ਜਾਣ ਵਾਲਾ ਪਹਿਲਾ ਖਾੜਕੂ ਸਿੰਘ ਸੀ। ਬਾਈ ਸੁਰਿੰਦਰ ਸਿੰਘ ਛਿੰਦਾ ਦੇ ਗੁਜਰਾਤ ਵਿਚ ਕੁਝ ਸੰਪਰਕ ਸਨ ਜਿਨ੍ਹਾਂ ਨੇ ਸਮਗਲਰਾਂ ਰਾਹੀਂ ਓਹਨਾਂ ਨੂੰ ਪਾਕਿਸਤਾਨ ਵੱਲ ਭੇਜਿਆ ਸੀ। ੧੯੯੨ ਤਕ ਚੌਧਰੀ ਸਾਨੂੰ ਸਿਖਲਾਈ ਵੀ ਦੁਆਉਣ ਲੱਗ ਪਏ ਸੀ ਤੇ ਸਾਮਾਨ ਵੀ ਜਿਆਦਾ ਦੇਣ ਲੱਗ ਪਏ ਸਨ। ੧੯੯੧ ਦੇ ਅਖੀਰ ਤੇ ੧੯੯੨ ਦੇ ਸ਼ੁਰੂ ਵਿੱਚ ਜਦੋਂ ਮੈਂ ਉਥੇ ਸੀ ਉਸ ਵਕਤ ਓਹਨਾਂ ਵੱਲੋਂ ਸਾਮਾਨ ਉਤੇ ਪਾਬੰਦੀ ਘਟਾ ਦਿੱਤੀ ਗਈ ਸੀ। ਇਹ ਸਾਡੀ ਸਮਰੱਥਾ ਸੀ ਕਿ ਅਸੀਂ ਕਿੰਨਾ ਅਸਲਾ ਚੁੱਕ ਕੇ ਲਿਆ ਸਕਦੇ ਹਾਂ। ਹੁਣ ਹਥਿਆਰਾਂ ਦੀ ਵੰਨਗੀ ਵੀ ਬਹੁਤ ਸੀ, ਮਿਕਦਾਰ ਵੀ ਬਹੁਤ ਸੀ। ਸੰਨ ੧੯੯੧ ਵਿੱਚ ਅਸੀਂ ਦੋ-ਦੋ ਜਾਂ ਚਾਰ-ਚਾਰ ਊਠ ਲੱਦ ਕੇ ਜੈਸਲਮੇਰ ਤੇ ਬਾੜਮਾਰ ਸਰਹੱਦ ਰਾਹੀਂ ਇਧਰ ਆਪਣੇ ਬੰਦਿਆਂ ਨੂੰ ਪਹੁੰਚਾਉਂਦੇ ਰਹੇ ਹਾਂ। ੧੯੯੨ ਵਿਚ ਜੋ ਹੁਣ ਸਾਡੇ ਨਾਲ ਇੱਕ ਨਵਾਂ ਕਰਨਲ ਰਾਬਤਾ ਕਰਦਾ ਸੀ ਉਸ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਏਨਾ ਸਾਮਾਨ ਕਦੀ ਨਹੀਂ ਦਿੱਤਾ ਗਿਆ। ਉਸ ਦਾ ਕਹਿਣਾ ਸੀ ਕਿ ਆਪਾਂ ਰਲ ਕੇ ਕੋਸ਼ਿਸ਼ ਕਰੀਏ ਤੇ ਇਕੋ ਵਾਰ ਵੱਡੀ ਗਿਣਤੀ ਵਿਚ ਸਾਮਾਨ ਉਧਰ ਕੱਢੀਏ। ਹੁਣ ਤਕ ਸਾਡੇ ਸਬੰਧ ਭਾਰਤ ਵਿਚ ਸਰਗਰਮ ਕੁਝ ਮੁਸਲਮਾਨਾਂ ਨਾਲ ਵੀ ਬਣ ਗਏ ਸੀ।

ਅਸੀਂ ਰਲ ਕੇ ਇਸ ਨੁਕਤੇ ਤੇ ਕੰਮ ਕਰਨ ਲਈ ਸੋਚਣ ਲੱਗ ਪਏ। ਇਸ ਸਬੰਧੀ ਸਾਡੇ ਸਿੰਘ ਜਿਵੇਂ ਲਾਲ ਸਿੰਘ, ਜਗਦੀਸ਼ ਸਿੰਘ ਤੇ ਬਾਬਾ ਪਿਆਰਾ ਸਿੰਘ ਗੁਜਰਾਤ ਤੇ ਸਰਹੱਦੀ ਇਲਾਕੇ ਦੇ ਸਮੱਗਲਰਾਂ ਨੂੰ ਮਿਲ ਕੇ ਇਲਾਕੇ ਦਾ ਜਾਇਜ਼ਾ ਵੀ ਲੈ ਕੇ ਆਏ। ਸਾਰੀ ਖੋਜ ਪੜਤਾਲ ਤੋਂ ਇਹ ਸਿੱਟਾ ਨਿਕਲਿਆ ਕਿ ਰਣ ਦੇ ਇਲਾਕੇ ਵਿੱਚ ਭਾਰਤ ਕੋਈ ਚੌਂਕੀ ਨਹੀਂ ਬਣਾਉਂਦਾ ਤੇ ਨਾ ਹੀ ਕੋਈ ਗਸ਼ਤ ਕਰਦਾ ਹੈ। ਇਹ ਬਹੁਤ ਹੀ ਲੰਮਾ ਚੌੜਾ ਇਲਾਕਾ ਹੈ। ਭਾਰਤ ਵਿੱਚ ਜਿੱਥੇ ਇਹ ਖਤਮ ਹੁੰਦਾ ਹੈ, ਉੱਥੇ ਬੀਐਸਐਫ ਦੀਆਂ ਛਾਉਣੀਆਂ ਤੇ ਚੌਂਕੀਆਂ ਕੋਈ ਪੰਜ-ਪੰਜ ਕਿਲੋਮੀਟਰ ਦੂਰੀ ਤੇ ਹਨ। ਨਾਲ-ਨਾਲ ਫੌਜੀ ਸੜਕ ਬਣੀ ਹੋਈ ਹੈ, ਜਿਸ ਤੇ ਕਿਤੇ-ਕਿਤੇ ਕੋਈ ਛੋਟਾ ਜਿਹਾ ਪਿੰਡ ਜਾਂ ਕਸਬਾ ਹੈ। ਜਿੱਥੇ ਰਣ ਖਤਮ ਹੁੰਦਾ ਹੈ, ਉੱਥੇ ਮੀਲ ਦੋ ਮੀਲ ਵਿਚ ਮਾਰੂ ਕਿੱਕਰ ਅਤੇ ਹੋਰ ਕੰਡਿਆਲੀਆਂ ਝਾੜੀਆਂ ਦਾ ਜੰਗਲ ਜਾਣ ਬੁਝਕੇ ਕਾਇਮ ਰੱਖਿਆ ਹੈ ਤਾਂ ਕਿ ਕੋਈ ਸੌਖਿਆਂ ਲੰਘ ਨਾ ਸਕੇ। ਸੰਨ ੧੯੪੭ ਤੋਂ ਪਹਿਲਾਂ ਵੀ ਲੋਕ

ਇਹ ਰੁੱਤ ਵਿੱਚ ਸੁੱਕੇ ਥਾਂ ਰਾਹੀਂ ਆਉਣ ਜਾਣ ਕਰਦੇ ਸੀ ਪਰ ਸਿਰਫ ਭੇਤੀ ਬੰਦੇ ਹੀ ਇਥੋਂ ਪਾਰ ਲੰਘ ਸਕਦੇ ਹਨ, ਕਿਉਂਕਿ ਇੱਥੇ ਕੋਈ ਵੀ ਕਿਸੇ ਤਰ੍ਹਾਂ ਦੀ ਨਿਸ਼ਾਨੀ ਨਹੀਂ ਸੀ ਸਿਵਾਏ ਸੂਰਜ ਤੇ ਤਾਰਿਆਂ ਤੋਂ। ਲੂਣ ਕਰਕੇ ਇੱਥੇ ਕੁਝ ਵੀ ਨਹੀਂ ਉੱਗਦਾ। ਇੱਥੇ ਦਿਨ ਵੇਲੇ ਬਹੁਤ ਜਿਆਦਾ ਗਰਮੀ ਹੋ ਜਾਂਦੀ ਹੈ ਤੇ ਤੇਜ ਲੂ ਵਗਣ ਲੱਗ ਪੈਂਦੀ ਹੈ। ਦਿਨ ਸਮੇਂ ਗਰਮੀ ਤੋਂ ਬਚਣਾ ਬਹੁਤ ਮੁਸ਼ਕਲ ਹੈ। ਚਾਨਣੀਆਂ ਰਾਤਾਂ ਇੱਥੇ ਜਿਆਦਾ ਸਹਾਈ ਹੁੰਦੀਆਂ ਹਨ।

੧੯੯੨ ਤਕ ਲਾਲ ਸਿੰਘ ਭਾਰਤ ਵਿੱਚ ਬੰਬੇ ਤੇ ਅਹਿਮਦਾਬਾਦ ਵਿਚ ਟਿਕਾਣੇ ਬਣਾ ਚੁੱਕਾ ਸੀ ਅਤੇ ਇਨ੍ਹਾਂ ਨੇ ਉਥੇ ਵੀ ਚੰਗੇ ਸਬੰਧ ਬਣਾ ਲਏ ਸਨ। ਸਾਮਾਨ ਨੂੰ ਸਾਂਭਣ ਅਤੇ ਚੁੱਕਣ ਲਈ ਖਾਲਸਤਾਨ ਲਿਬਰੇਸ਼ਨ ਫੋਰਸ ਨੇ ਗੁਜਰਾਤ ਵਿੱਚ ਆਪਣਾ ਚੰਗਾ ਪਰਬੰਧ ਬਣਾ ਲਿਆ ਸੀ। ਇਸ ਵਕਤ ਦਵਿੰਦਰਪਾਲ ਸਿੰਘ ਭੁੱਲਰ, ਦਿਆ ਸਿੰਘ ਲਾਹੌਰੀਆ, ਲਾਲ ਸਿੰਘ, ਮਨਜਿੰਦਰ ਸਿੰਘ ਈਸੀ ਇੱਥੇ ਰਹਿਣ ਲੱਗ ਪਏ ਸਨ। ਜੀਪਾਂ ਤੇ ਟਰੱਕ ਤਿਆਰ ਕਰ ਲਏ ਸਨ। ਕਰਨਲ ਨੇ ਸਾਨੂੰ ਦੱਸਿਆ ਕਿ ਨਗਰਪਾਰਕਰ ਇਲਾਕੇ ਦੇ ਅਫਸਰਾਂ ਨੇ ਦੱਸਿਆ ਕਿ ਅਪਰੈਲ ਮਈ ਵਿਚ ਜਾਣਕਾਰ ਬੰਦੇ ਇੱਥੋਂ ਆਰਾਮ ਨਾਲ ਲੰਘ ਸਕਦੇ ਹਨ ਤੇ ਊਠਾਂ ਉੱਤੇ ਸਾਮਾਨ ਵੀ ਲਿਜਾ ਸਕਦੇ ਹਨ। ਉਥੋਂ ਦੇ ਨਸ਼ੇ ਸੌਦਾਗਰਾਂ ਤੇ ਪਾਂਡੀਆਂ ਨੂੰ ਲਾਲਚ ਅਤੇ ਡਰ ਨਾਲ ਸਹਿਮਤ ਕਰ ਲਿਆ ਸੀ। ਪਾਕਿਸਤਾਨ ਵਾਲੇ ਪਾਸੇ ਤੇ ਭਾਰਤ ਵਾਲੇ ਪਾਸੇ ਇਨ੍ਹਾਂ ਲੋਕਾਂ ਦੀਆਂ ਸਾਂਝੀਆਂ ਰਿਸ਼ਤੇਦਾਰੀਆਂ ਤੇ ਇਕੋ ਜਿਹਾ ਸੱਭਿਆਚਾਰ ਸੀ। ਨਗਰਪਾਰਕਰ ਰਣ ਦੇ ਵਿਚ ਨੂੰ ਵਧਿਆ ਹੋਇਆ ਇਕ ਇਲਾਕਾ ਹੈ ਜਿਸ ਦੇ ਸਾਰੇ ਪਾਸੇ ਕੱਛ ਦਾ ਰਣ ਖੇਤਰ ਹੈ। ਓਹਨਾਂ (ਪਾਂਡੀਆਂ) ਦੇ ਅੰਦਾਜੇ ਮੁਤਾਬਕ ਜੇ ਇਸ ਥਾਂ ਤੋਂ ਸੂਰਜ ਢਲੇ ਤੇ ਤੁਰਿਆ ਜਾਵੇ ਤਾਂ ਊਠ ਲੈ ਕੇ ਅਗਲੇ ਦਿਨ ਤੜਕੇ ਚਾਰ ਵਜੇ ਤਕ ਸਰਹੱਦੀ ਸੜਕ ਦੇ ਨੇੜੇ-ਤੇੜੇ ਪਹੁੰਚਿਆ ਜਾ ਸਕਦਾ ਹੈ। ਇਹ ਥਾਂ ਨਗਰਪਾਰਕਰ ਤੋਂ ਬਿਲਕੁਲ ਸਾਹਮਣੇ ਜਿਥੇ ਰਣ ਕੋਈ ੨੫ ਕਿਲੋਮੀਟਰ ਦੂਰ ਸੀ। ਇਸ ਥਾਂ ਤੋਂ ਖਾਲਸਤਾਨ ਲਿਬਰੇਸ਼ਨ ਫੋਰਸ ਦੇ ਸਿੰਘਾਂ ਨੇ ਜਿਪਸੀ ਤੇ ਛੋਟੀ ਸੜਕ ਰਾਹੀਂ ਸਾਮਾਨ ਚੁੱਕ ਲੈਣਾ ਸੀ ਤੇ ਅੱਗੇ ਕੁਝ ਦੂਰ ਸੜਕ ਤੇ ਖੜ੍ਹੀ ਗੱਡੀ ਵਿਚ ਲੱਦ ਦੇਣਾ ਸੀ ਜਿਸਨੇ ਉਹਨੂੰ ਅੱਗੇ ਲੈ ਜਾਣਾ ਸੀ।

ਪਾਂਡੀਆਂ ਦੇ ਉਸ ਇਲਾਕੇ ਵਿੱਚ ਆਪਣੇ ਸੰਪਰਕ ਸਨ, ਜਿੱਥੇ ਓਹਨਾਂ ਨੇ ਕੁਝ ਦਿਨ ਰਹਿ ਕੇ ਵਾਪਸ ਆ ਜਾਣਾ ਸੀ। ਜੇ ਕੋਈ ਸਿੰਘ ਨਾਲ ਆਉਣਾ ਚਾਹੁੰਦਾ ਤਾਂ ਉਸ ਨੂੰ ਵੀ ਉਹ ਨਾਲ ਲਿਆ ਸਕਦੇ ਸੀ, ਬਾਅਦ ਵਿਚ ਖਾਲਸਤਾਨ ਲਿਬਰੇਸ਼ਨ ਫੋਰਸ ਦੇ ਕਈ ਸਿੰਘ ਓਹਨਾਂ ਨਾਲ ਆਏ ਵੀ ਸੀ। ਸਿੰਧ ਵਿੱਚ ਹਿੰਦੂਆਂ ਦੀ ਚੰਗੀ ਗਿਣਤੀ ਹੈ ਤੇ ਸਰਹੱਦ ਦੇ ਨਾਲ-ਨਾਲ ਜਿਆਦਾ ਹੈ। ਪਾਕਿਸਤਾਨ ਵਾਲੇ ਪਾਸੇ

ਸਰਹੱਦ ਤੋਂ ਹੀ ਪਿੰਡ ਤੇ ਕਸਬੇ ਸ਼ੁਰੂ ਹੋ ਜਾਂਦੇ ਹਨ ਤੇ ਏਧਰ ਕੱਛ ਦੇ ਰਣ ਦਾ ਬਹੁਤ ਘੱਟ ਹਿੱਸਾ ਹੈ। ਕਿਸੇ ਸਮੇਂ ਨਗਰਪਾਰਕਰ ਇਸ ਇਲਾਕੇ ਦਾ ਪ੍ਰਸਿੱਧ ਕਸਬਾ ਸੀ। ਇਸ ਇਲਾਕੇ ਦੀ ਬਹੁ ਗਿਣਤੀ ਆਬਾਦੀ ਹਿੰਦੂ ਰਾਜਪੂਤ ਹੈ। ਇਨ੍ਹਾਂ ਚੋਂ ਵੀ ਜਿਆਦਾ ਚੌਹਾਨ ਰਾਜਪੂਤ ਹਨ। ਓਹਨਾਂ ਦੀਆਂ ਭਾਰਤ ਵਾਲੇ ਪਾਸੇ ਰਿਸ਼ਤੇਦਾਰੀਆਂ ਹਨ ਤੇ ਪਹਿਲਾਂ ਆਪਸ ਵਿੱਚ ਵਿਆਹ ਵੀ ਹੁੰਦੇ ਸਨ। ਸ਼ਾਇਦ ੧੯੪੭ ਦੀ ਵੰਡ ਸਮੇਂ ਇਨ੍ਹਾਂ ਇਲਾਕਿਆਂ ਦਾ ਆਬਾਦੀ ਤਬਾਦਲਾ ਨਹੀਂ ਹੋਇਆ ਸੀ, ਦੋਵੇਂ ਪਾਸੇ ਆਬਾਦੀ ਉੱਥੇ ਦੀ ਉੱਥੇ ਹੀ ਰਹੀ ਸੀ। ਜਗਦੀਸ਼ ਸਿੰਘ ਤੇ ਲਾਲ ਸਿੰਘ ਇੱਥੇ ਦੇਖਣ ਆਏ ਤਾਂ ਇਨ੍ਹਾਂ ਨੂੰ ਪਤਾ ਲੱਗਿਆ ਕਿ ਇੱਥੇ ਇਸ ਗੱਲ ਦੀ ਸੰਭਾਵਨਾ ਹੈ ਕਿ ਤੁਸੀਂ ਜੇ ਮਈ ਮਹੀਨੇ ਵਿੱਚ ਰਣ ਵਿਚਦੀ ਸਹੀ ਪੱਕਾ ਰਾਹ ਲੱਭ ਲਵੋ ਤਾਂ ਟੋਇਟਾ ਜੀਪ ਵੀ ਰਣ ਤੋਂ ਪਾਰ ਲੰਘਾਈ ਜਾ ਸਕਦੀ ਹੈ। ਅੱਗੇ ਉਹ ਸਿੱਧੀ ਹੀ ਦੂਸਰੀ ਜੀਪ ਵਿਚ ਸਮਾਨ ਲੱਦ ਸਕਦੀ ਹੈ। ਜੀਪ ਲਈ ਤਾਂ ਇਹ ਦੋ ਕੁ ਘੰਟੇ ਦਾ ਹੀ ਸਫਰ ਸੀ।

ਇਹ ਗੱਲ ਅਸੀਂ ਉੱਥੇ ਜਾ ਕੇ ਦੇਖੀ ਵੀ ਤੇ ਸਾਨੂੰ ਉੱਥੇ ਦੇ ਫੌਜੀਆਂ ਨੇ ਵੀ ਦੱਸਿਆ ਸੀ। ਸਰਹੱਦ ਦੇ ਨਾਲ-ਨਾਲ ਜਿਹੜਾ ਰਣ ਦਾ ਸੁੱਕਾ ਇਲਾਕਾ ਹੈ ਜਾਂ ਸਰਹੱਦ ਦੇ ਨਾਲ-ਨਾਲ ਦੂਸਰਾ ਇਲਾਕਾ ਵੀ ਹੈ, ਉਹ ਬਿਲਕੁਲ ਪੱਧਰਾ ਤੇ ਇਕਸਾਰ ਹੈ। ਉੱਥੇ ਜੀਪ ਤੇ ਮੋਟਰਸਾਈਕਲ ਭਜਾਉਣ ਦਾ ਅਜੀਬ ਹੀ ਨਜਾਰਾ ਹੈ। ਇੱਥੇ ਤੁਸੀਂ ਗੱਡੀ ਨੂੰ ਪੂਰੀ ਤੇਜ ਕਰਕੇ ਛੱਡ ਦਿਓ, ਨਾ ਕੋਈ ਟੱਕਰ, ਨਾ ਹੀ ਉਹ ਪਲਟ ਸਕਦੀ ਹੈ। ਉਹ ਪੂਰੀ ਰਫਤਾਰ ਤੇ ਭੱਜਦੀ ਹੈ ਕਿਉਂਕਿ ਚਾਰ ਚੁਫੇਰੇ ਕੁਝ ਵੀ ਨਹੀਂ। ਇਕ ਜਹਾਜੀ ਸੜਕ ਵਾਂਗ ਪੱਧਰੀ ਜਮੀਨ ਹੈ। ਬਸ ਧੂੜ ਹੀ ਉੱਡਦੀ ਹੈ ਤੇ ਜਿੰਨਾ ਚਿਰ ਮਰਜੀ ਤੁਸੀਂ ਪੂਰੀ ਰਫਤਾਰ ਤੇ ਭਜਾ ਲਵੋ। ਸਾਡੇ ਕੋਲ ਚੌੜੇ ਟਾਇਰਾਂ ਵਾਲੀ ਟੋਇਟਾ ਲੈਂਡ ਕਰੂਜਰ ਸੀ, ਜੋ ਬਹੁਤ ਤਕੜੀ ਜੀਪ ਸੀ। ਅਸੀਂ ਵੀ ਉੱਥੇ ਇਸ ਨੂੰ ਭਜਾ ਕੇ ਦੇਖਿਆ। ਇਹੋ ਜਿਹੀ ਸਵਾਰੀ ਕਲਾਬਾਜੀ ਦਾ ਨਜਾਰਾ ਹੋਰ ਕਿਤੇ ਵੀ ਨਹੀਂ। ਉੱਥੇ ਬਹੁਤ ਦੂਰੋਂ-ਦੂਰੋਂ ਪਾਕਿਸਤਾਨ ਦੇ ਅਮੀਰ ਲੋਕ ਗੱਡੀਆਂ ਭਜਾਉਣ ਲਈ ਆਉਂਦੇ ਹਨ। ਸਿੰਧ ਦੇ ਇਲਾਕੇ ਵਿਚ ਅਮੀਰ ਲੋਕਾਂ ਦਾ ਇੱਕ ਹੋਰ ਵੀ ਸ਼ੌਕ ਸੀ। ਇੱਥੇ ਖਾਸ ਕਰਕੇ ਅਰਬ ਦੇਸ਼ਾਂ ਤੋਂ ਸ਼ੇਖ ਲੋਕ ਆਉਂਦੇ ਸਨ ਜੋ ਇੱਥੇ ਆ ਕੇ ਤਿੱਤਰ ਵਰਗੇ ਪੰਛੀਆਂ ਦਾ ਆਪਣੇ ਬਾਜਾਂ ਨਾਲ ਸ਼ਿਕਾਰ ਕਰਦੇ ਹਨ। ਇਹ ਪਾਲਤੂ ਬਾਜ ਇਨ੍ਹਾਂ ਪੰਛੀਆਂ, ਜੋ ਰੇਗਿਸਤਾਨ ਵਿੱਚ ਰਹਿੰਦੇ ਹਨ, ਦਾ ਸ਼ਿਕਾਰ ਕਰਕੇ ਸ਼ੇਖਾਂ ਕੋਲ ਲੈ ਆਉਂਦੇ ਸਨ।

ਸੰਨ ੧੯੯੨ ਦੇ ਸ਼ੁਰੂ ਵਿੱਚ ਸਾਡੀ ਇਸ ਇਲਾਕੇ ਵਿਚੋਂ ਸਾਮਾਨ ਪਾਰ ਕਰਨ ਦੀ ਤਿਆਰੀ ਸ਼ੁਰੂ ਹੋ ਗਈ ਸੀ। ਭਾਰਤ ਵਾਲੇ ਪਾਸੇ ਸਾਰਾ ਢਾਂਚਾ ਖੜ੍ਹਾ ਹੋ ਚੁੱਕਾ ਸੀ ਤੇ

ਪਾਕਿਸਤਾਨ ਵਾਲੇ ਪਾਸੇ ਵੀ ਨਗਰਪਾਰਕਰ ਦੇ ਇਲਾਕੇ ਨੂੰ ਅੱਡਾ ਬਣਾ ਕੇ ਤਿਆਰੀ ਹੋ ਚੁੱਕੀ ਸੀ। ਪਾਕਿਸਤਾਨ ਦੇ ਇਸ ਖੇਤਰ ਵਿਚ ਸਰਹੱਦੀ ਰਾਖਿਆਂ ਦੀ ਥਾਂ ਤੇ ਫੌਜ ਦਾ ਹੀ ਕਾਬੂ ਸੀ। ਭਾਰਤ ਵਾਲੇ ਪਾਸੇ ਮੇਰਾ ਜਾਣਾ ਜਰੂਰੀ ਹੋ ਗਿਆ ਸੀ। ਜੇ ਇਹ ਰਸਤਾ ਚੱਲ ਪੈਂਦਾ ਤਾਂ ਮੈਂ ਵੀ ਇੱਥੋਂ ਦੀ ਹੀ ਜਾਣਾ ਸੀ। ਵਿਉਂਤ ਇਹ ਬਣੀ ਕਿ ਪਹਿਲਾਂ ਪਾਂਡੀ ਦੇ ਨਾਲ ਬਾਬਾ ਪਿਆਰਾ ਸਿੰਘ ਜਾਵੇਗਾ। ਬਾਬਾ ਰਸਤਾ ਪੱਕਾ ਕਰਨ ਜਾਵੇਗਾ ਤੇ ਓਧਰੋਂ ਖਾਲਸਤਾਨ ਲਿਬਰੇਸ਼ਨ ਫੋਰਸ ਦੇ ਸਿੰਘ ਵਾਪਸ ਆਉਣਗੇ ਤੇ ਫਿਰ ਸਮਾਨ ਵੀ ਜਾਣਾ ਸ਼ੁਰੂ ਹੋ ਜਾਵੇਗਾ ਤੇ ਮੈਂ ਵੀ ਚਲਿਆ ਜਾਵਾਂਗਾ। ਰਸਤੇ ਨੂੰ ਦੇਖਦੇ ਹੋਏ ਊਠਾਂ ਦੀ ਗਿਣਤੀ ਅਤੇ ਜੀਪ ਰਾਹੀਂ ਜਾਣ ਬਾਰੇ ਸੋਚਿਆ ਜਾਵੇਗਾ।

ਅਗਲੇ ਪਾਸੇ ਲਾਲ ਸਿੰਘ ਅਤੇ ਲਿਬਰੇਸ਼ਨ ਵਾਲੇ ਸਿੰਘ ਤਿਆਰ ਸਨ ਤੇ ਓਹਨਾਂ ਨਾਲ ਮਿਲਣ ਦਾ ਥਾਂ ਤੈਅ ਹੋ ਗਿਆ। ਅੰਦਾਜਾ ਸੀ ਕਿ ਸ਼ਾਮੀਂ ਛੇ ਵਜੇ ਤੁਰ ਕੇ ਅਗਲੇ ਦਿਨ ਤੜਕੇ ਸਾਢੇ ਕੁ ਚਾਰ ਵਜੇ ਤਕ ਉਸ ਥਾਂ ਤੇ ਪਹੁੰਚ ਜਾਣਾ ਸੀ। ਪਹਿਲੀ ਵਾਰ ਬਾਬੇ ਨਾਲ ਦੋ ਊਠ ਤੇ ਦੋ ਪਾਂਡੀ ਹੀ ਜਾਣੇ ਸਨ। ਲਾਹੌਰ ਤੋਂ ਚੌਧਰੀ ਤੇ ਸਾਡੇ ਸਿੰਘ ਇਕ ਦਿਨ ਪਹਿਲਾਂ ਹੀ ਟੋਇਟਾ ਜੀਪ ਅਤੇ ਇਕ ਛੋਟੇ ਫੌਜੀ ਟਰੱਕ ਵਿਚ ਤੁਰੇ। ਇਹ ਟਰੱਕ ਸਾਰਾ ਸਾਮਾਨ ਨਾਲ ਭਰਿਆ ਹੋਇਆ ਸੀ। ਇਹ ਉੱਥੇ ਚੌਂਕੀ ਤੇ ਜਮ੍ਹਾ ਕਰ ਦੇਣਾ ਸੀ ਤੇ ਜਿੰਨਾ ਅਸੀਂ ਚੁੱਕ ਸਕਦੇ ਸੀ, ਨਾਲ ਲੈ ਲੈਣਾ ਸੀ। ਪਹਿਲੀ ਵਾਰ ਐਨਾ ਸਾਮਾਨ ਸਾਡੇ ਕੋਲ ਆਇਆ ਸੀ। ਇਸ ਸਾਮਾਨ ਵਿੱਚ ਅਸਾਲਟ ਏਕੇ-੪੭, ਐਮਐਮਜੀ, ਦੂਰਬੀਨੀ ਬੰਦੂਕਾਂ, ਹੈਂਡ ਗਰਨੇਡ, ਰਾਕਟ ਲਾਂਚਰ, ਪਸਤੌਲ, ਟੀਐਨਟੀ, ਆਰਡੀਐਕਸ, ਪਲੀਤੇ, ਟਾਈਮਰਜ, ਰਿਮੋਟ ਕੰਟਰੋਲ, ਮਾਈਨਸ ਅਤੇ ਹੋਰ ਗੋਲੀ ਸਿੱਕਾ ਸੀ। ਇਹ ਬਿਲਕੁਲ ਨਵਾਂ ਅਸਲਾ ਸੀ।

ਮੈਂ ਤੇ ਫੌਜੀ ਕਰਨਲ ਅਗਲੇ ਦਿਨ ਹੈਦਰਾਬਾਦ (ਪਾਕਿਸਤਾਨ) ਤਕ ਜਹਾਜ ਤੇ ਗਏ ਉਸ ਤੋਂ ਅੱਗੇ ਜੀਪ ਰਾਹੀਂ ਸ਼ਾਮ ਨੂੰ ਉੱਥੇ ਪਹੁੰਚ ਗਏ। ਜਹਾਜ ਦੇ ਸਫਰ ਦੌਰਾਨ ਕਾਫੀ ਲੰਮਾ ਸਮਾਂ ਸਿੰਧ ਦਰਿਆ ਆਉਂਦਾ ਰਿਹਾ, ਜੋ ਉੱਪਰੋਂ ਬਹੁਤ ਖੂਬਸੂਰਤ ਲੱਗਦਾ ਸੀ। ਅਸੀਂ ਉਥੇ ਫੌਜ ਦੀ ਇੱਕ ਵੱਡੀ ਚੌਂਕੀ ਵਿਚ ਠਹਿਰੇ। ਸਾਡੇ ਨਾਲ ਸਿਰਫ ਲਾਹੌਰ ਤੋਂ ਗਏ ਹੋਏ ਕਰਨਲ, ਪੰਜ ਸਿਪਾਹੀ ਤੇ ਉਥੋਂ ਦਾ ਇੰਚਾਰਜ ਮੇਜਰ ਸੀ। ਸਾਡਾ ਸਿਰਫ ਇਨ੍ਹਾਂ ਬੰਦਿਆਂ ਤੱਕ ਹੀ ਸਿੱਧਾ ਰਾਬਤਾ ਸੀ, ਹੋਰ ਉਥੇ ਕਿਸੇ ਨੂੰ ਕੁਝ ਪਤਾ ਨਹੀਂ ਸੀ ਕਿ ਕੌਣ ਆਇਆ, ਕੌਣ ਗਿਆ। ਅਸੀਂ ਇੱਥੇ ਦੋ ਦਿਨ ਤੇ ਦੋ ਰਾਤਾਂ ਰਹੇ। ਮੇਰੀ ਜਾਣ ਦੀ ਕੋਈ ਵਿਉਂਤ ਨਹੀਂ ਸੀ। ਮੈਂ ਰਸਤਾ ਸਾਫ ਹੋਣ ਤੇ ਹੀ ਜਾਣਾ ਸੀ। ਫੇਰ ਅਸੀਂ ਓਹਨਾਂ ਪਾਂਡੀਆਂ ਨੂੰ ਮਿਲੇ, ਜਿਨ੍ਹਾਂ ਨੇ ਸਾਨੂੰ ਲੈ ਕੇ ਜਾਣਾ ਸੀ। ਇੱਕ ਸੱਠ ਕੁ ਸਾਲਾਂ ਦਾ ਬਜੁਰਗ ਸੀ ਤੇ ਦੂਜਾ ਪੈਂਤੀ ਕੁ ਸਾਲ ਦਾ ਉਹਦਾ ਨੌਜਵਾਨ ਭਤੀਜਾ ਸੀ। ਬਜੁਰਗ ਦਾ ਕੱਦ ਸਵਾ ਛੇ ਫੁੱਟ ਸੀ ਤੇ ਨੌਜਵਾਨ ਦਾ ਛੇ ਕੁ ਫੁੱਟ ਸੀ।

ਦੋਵੇਂ ਹੀ ਛਾਂਟਵੇਂ ਪਰ ਨਰੋਏ ਤੇ ਚੁਸਤ ਸਰੀਰਾਂ ਦੇ ਮਾਲਕ ਸੀ। ਦੋਵਾਂ ਨੇ ਥੋੜ੍ਹੀ-ਥੋੜ੍ਹੀ ਦਾੜ੍ਹੀ ਰੱਖੀ ਹੋਈ ਸੀ ਤੇ ਸਲਵਾਰ ਕਮੀਜ ਪਾਈ ਹੋਈ ਸੀ ਅਤੇ ਸਿਰ ਤੇ ਰਾਜਪੂਤਾਂ ਵਾਲੀ ਪਗੜੀ ਬੰਨ੍ਹੀ ਸੀ। ਸਾਡੇ ਲਈ ਫੌਜ ਵਾਲਿਆਂ ਨੇ ਸਭ ਤੋਂ ਸਿਆਣੇ, ਦਲੇਰ ਤੇ ਮਸ਼ਹੂਰ ਬੰਦਿਆਂ ਨੂੰ ਤਿਆਰ ਕੀਤਾ ਸੀ। ਇਹ ਬਜੁਰਗ ਦਾ ਭਰਾ ਉੱਥੇ ਆਪਣੇ ਲੋਕਾਂ ਦਾ ਪ੍ਰਧਾਨ ਸੀ ਤੇ ਇਸ ਬਜੁਰਗ ਦੀ ਉਧਰ ਸਾਰੇ ਬਹੁਤ ਇੱਜਤ ਸੀ। ਪਹਿਲਿਆਂ ਸਮਿਆਂ ਵਿਚ ਇਹ ਬੰਦਾ ਉਸ ਇਲਾਕੇ ਦਾ ਮਸ਼ਹੂਰ ਡਾਕੂ ਸੀ, ਜਿਸ ਨੂੰ ਦੋਵੇਂ ਪਾਸੇ ਦੀਆਂ ਸਰਕਾਰਾਂ ਜਾਣਦੀਆਂ ਸਨ ਪਰ ਉਹਦਾ ਰਾਜਪੂਤਾਂ ਵਿੱਚ ਬਹੁਤ ਸਤਿਕਾਰ ਸੀ। ਉਸ ਨੇ ਇਹ ਕੰਮ ਬਹੁਤ ਚਿਰ ਤੋਂ ਛੱਡਿਆ ਹੋਇਆ ਸੀ ਪਰ ਉਸ ਦਾ ਭਤੀਜਾ ਜੋ ਉਹਦੇ ਵਾਂਗ ਹੀ ਦਲੇਰ ਤੇ ਸਮਝਦਾਰ ਸੀ ਸਰਹੱਦ ਆਰ-ਪਾਰ ਦਾ ਕੰਮ ਕਰਦਾ ਸੀ। ਇਹ ਦੋਵੇਂ ਇਸ ਇਲਾਕੇ ਦੇ ਸਭ ਤੋਂ ਜਿਆਦਾ ਭੇਤੀ ਸੀ ਤੇ ਇਨ੍ਹਾਂ ਨੇ ਹੀ ਸਾਰੇ ਰਾਹ ਤੇ ਮਿਲਣ ਦੇ ਥਾਂਵਾਂ ਦੀ ਤਿਆਰੀ ਕਰਵਾਈ ਸੀ। ਇਹ ਬੜਾ ਜੋਖਮ ਭਰਿਆ ਕੰਮ ਸੀ ਤੇ ਏਧਰ ਫੜੇ ਜਾਣ ਦਾ ਵੀ ਖਤਰਾ ਸੀ ਅਤੇ ਰਣ ਵਿੱਚ ਗੁੰਮ ਹੋ ਕੇ ਮਰ ਜਾਣ ਦਾ ਵੀ ਖਤਰਾ ਸੀ ਤੇ ਪਰ ਓਹਨਾਂ ਨੂੰ ਇਹ ਕੰਮ ਕਰਨਾ ਹੀ ਪੈਣਾ ਸੀ ਕਿਉਂਕਿ ਫੌਜ ਨੇ ਕਿਹਾ ਸੀ। ਉਸ ਥਾਂ ਤੇ ਫੌਜ ਦਾ ਹੁਕਮ ਕੋਈ ਮੋੜ ਨਹੀਂ ਸਕਦਾ ਸੀ ਤੇ ਹਿੰਦੂਆਂ ਵਿਚ ਤਾਂ ਬਿਲਕੁਲ ਵੀ ਸੰਭਾਵਨਾ ਨਹੀਂ ਸੀ।

ਨਗਰਪਾਰਕਰ ਦਾ ਇਤਿਹਾਸ ਬਹੁਤ ਪੁਰਾਣਾ ਹੈ ਅਤੇ ਕਿਸੇ ਸਮੇਂ ਇਹ ਰਾਜਪੂਤਾਂ ਦਾ ਤਕੜਾ ਗੜ੍ਹ ਹੁੰਦਾ ਸੀ ਤੇ ਇੱਥੋਂ ਦੇ ਲੋਕ ਬਹੁਤ ਖੁਸ਼ਹਾਲ ਸਨ ਪਰ ਹੁਣ ਇਹ ਇੱਕ ਪਛੜਿਆ ਇਲਾਕਾ ਸੀ। ਇਥੇ ਪਾਣੀ ਦੀ ਕਮੀ, ਗਰੀਬੀ ਤੇ ਅਨਪੜ੍ਹਤਾ ਸੀ। ਦੂਜਾ ਇਹ ਹੁਣ ਬਿਲਕੁਲ ਸਰਹੱਦ ਦਾ ਇਲਾਕਾ ਸੀ। ਤੀਜਾ ਇਥੋਂ ਦੀ ਸਾਰੀ ਆਬਾਦੀ ਹਿੰਦੂ ਸੀ। ਦੋ ਦਿਨਾਂ ਦੀ ਗੱਲਬਾਤ ਤੇ ਪਿੰਡਾਂ ਵਿੱਚ ਥੋੜ੍ਹਾ ਤੁਰਨ ਫਿਰਨ ਤੋਂ ਪਤਾ ਲੱਗਾ, ਜਿਵੇਂ ਇਹ ਕੋਈ ਪੁਰਾਣੀ ਸੱਭਿਅਤਾ ਦਾ ਨਗਰ ਹੋਵੇ। ਇਨ੍ਹਾਂ ਦਾ ਤੇ ਇਧਰ ਵਾਲੇ ਪਾਸੇ ਰਾਜਸਥਾਨ ਤੇ ਗੁਜਰਾਤ ਦਾ ਸੱਭਿਆਚਾਰ ਇੱਕੋ ਜਿਹਾ ਸੀ। ਉਹੋ ਬੋਲੀ, ਉਹੀ ਖਾਣ ਪੀਣ ਪਰ ਪਾਕਿਸਤਾਨ ਵਾਲੇ ਪਾਸੇ ਹੁਣ ਮਰਦ ਸਲਵਾਰ ਕਮੀਜ ਪਾਉਂਦੇ ਸਨ। ਮੈਂ ਦੇਖਿਆ ਕਿ ਸਾਰੇ ਲੋਕ ਪਤਲੇ, ਲੰਮੇ ਤੇ ਇਕਹਿਰੇ ਸਰੀਰ ਦੇ ਸਨ। ਜਨਾਨੀਆਂ ਲੰਮੇ ਘੱਗਰੇ ਵਰਗਾ ਕੁਝ ਪਾਉਂਦੀਆਂ ਸਨ, ਜਿਵੇਂ ਰਾਜਸਥਾਨ ਵਿੱਚ ਰਾਜਪੂਤ ਪਾਉਂਦੇ ਹਨ। ਉੱਥੇ ਸ਼ਾਇਦ ਦਿਨ ਵਿੱਚ ਇੱਕ ਬੱਸ ਹੀ ਆਉਂਦੀ ਸੀ ਤੇ ਨੇੜਲਾ ਸ਼ਹਿਰ ਕੋਈ ਸੌ ਕਿਲੋਮੀਟਰ ਤੋਂ ਵੀ ਦੂਰ ਸੀ। ਪਾਣੀ ਬਹੁਤ ਡੂੰਘੇ ਖੂਹਾਂ ਤੋਂ ਭਰਿਆ ਜਾਂਦਾ ਸੀ।

ਮੈਂ ਮਹਿਸੂਸ ਕੀਤਾ ਕਿ ਉਹ ਲੋਕ ਬੜਾ ਦਬ ਕੇ ਰਹਿ ਰਹੇ ਸਨ ਜਿਵੇਂ ਕੋਈ ਗੁਲਾਮੀ ਵਾਲਾ ਜੀਵਨ ਹੋਵੇ। ਕਿਸੇ ਨੇ ਸਾਡੇ ਕੋਲ ਇਹ ਗੱਲ ਤਾਂ ਨਹੀਂ ਕੀਤੀ ਪਰ

ਓਹਨਾਂ ਨਾਲ ਕੁਝ ਸਮਾਂ ਉੱਠਣ ਬੈਠਣ ਤੇ ਤੁਰਨ ਫਿਰਨ ਤੋਂ ਇਨ੍ਹਾਂ ਗੱਲਾਂ ਦਾ ਅੰਦਾਜਾ ਲੱਗਦਾ ਸੀ। ਇੱਕ ਰਾਜਪੂਤ ਨੌਜਵਾਨ ਘੋੜੇ ਤੇ ਚੜ੍ਹਿਆ ਆਉਂਦਾ ਸੀ। ਜਦੋਂ ਸਾਡੀ ਜੀਪ ਓਧਰ ਗਈ ਤਾਂ ਉਹ ਇਕਦਮ ਥੱਲੇ ਉੱਤਰ ਗਿਆ ਤੇ ਬਹੁਤ ਡਰ ਗਿਆ। ਇੱਥੇ ਫੌਜ ਦੀ ਛਾਉਣੀ ਸੀ ਤੇ ਸ਼ਾਇਦ ਫੌਜ ਸਾਹਮਣੇ ਇਹ ਲੋਕ ਘੋੜੇ ਤੇ ਨਹੀਂ ਸੀ ਚੜ੍ਹਦੇ। ਖੂਹ ਵਿਚੋਂ ਕੁਝ ਜਨਾਨੀਆਂ ਪਾਣੀ ਕੱਢ ਰਹੀਆਂ ਸਨ। ਜਿਸ ਤਰ੍ਹਾਂ ਸਾਡੇ ਨਾਲ ਬੈਠੇ ਫੌਜੀ ਹੌਲਦਾਰ ਨੇ ਓਹਨਾਂ ਵੱਲ ਦੇਖਿਆ ਅਤੇ ਮੁਸਕਰਾਇਆ ਤੇ ਜਿਸ ਤਰ੍ਹਾਂ ਓਹਨਾਂ ਔਰਤਾਂ ਨੇ ਆਪਣੀ ਨਜਰ ਬਚਾਈ ਉਸ ਤੋਂ ਅੰਦਾਜਾ ਲੱਗਦਾ ਸੀ ਕਿ ਉਹ ਕਿਸ ਮਾਹੌਲ ਵਿੱਚ ਰਹਿ ਰਹੇ ਹਨ।

੧੯੭੧ ਦੀ ਜੰਗ ਵਿੱਚ ਇਸ ਪਿੰਡ ਤੇ ਭਾਰਤੀ ਫੌਜ ਦੀ ਸਿੱਖ ਰੈਜੀਮੈਂਟ ਨੇ ਕਬਜਾ ਕਰ ਲਿਆ ਸੀ ਤੇ ਫੇਰ ਇਹ ਕਬਜਾ ਕਈ ਦਿਨ ਰਿਹਾ। ਇਹ ਗੱਲ ਉੱਥੋਂ ਦੇ ਦੋ ਬਜੁਰਗਾਂ ਨੇ ਬਾਬੇ ਪਿਆਰੇ ਨੂੰ ਦੱਸੀ ਕਿ ਅਸੀਂ ਸਿੱਖਾਂ ਨੂੰ ਪਹਿਲੀ ਵਾਰ ਉਦੋਂ ਦੇਖਿਆ ਸੀ। ਉਸ ਤੋਂ ਬਾਅਦ ਤੁਸੀਂ ਹੀ ਇੱਥੇ ਆਏ ਹੋ। ਅਸੀਂ ਸਿੱਖਾਂ ਬਾਰੇ ਚੰਗਾ ਸੁਣਿਆ ਹੈ ਪਰ ਅਸੀਂ ਇੱਥੋਂ ਕਿਤੇ ਜਾ ਨਹੀਂ ਸਕਦੇ।

ਪਾਕਿਸਤਾਨ ਵਿੱਚ ਹਿੰਦੂ ਬਣਕੇ ਰਹਿਣਾ ਬਹੁਤ ਮੁਸ਼ਕਲ ਹੈ। ਹੋਰਨਾਂ ਥਾਵਾਂ ਤੋਂ ਉੱਥੇ ਵਿਤਕਰਾ ਜਿਆਦਾ ਹੈ ਤੇ ਤੁਹਾਡੇ ਤੇ ਧਰਮ ਬਦਲਾਓ ਦਾ ਸਦਾ ਦਬਾਅ ਰਹਿੰਦਾ ਹੈ। ਮੈਂ ਸੋਚਿਆ ਕਿ ਇਹ ਲੰਮੇ, ਨਰੋਏ ਰਾਜਪੂਤ ਲੋਕ ਬੜੇ ਸਿਰੜੀ ਹੀ ਹਨ, ਜੋ ਇੰਨੇ ਮੁਸ਼ਕਲ ਹਾਲਾਤਾਂ ਵਿਚ ਆਪਣੇ ਵਿਰਾਸਤ ਤੇ ਵਿਸ਼ਵਾਸ ਨੂੰ ਸੰਭਾਲੀ ਬੈਠੇ ਹਨ ਪਰ ਇਹ ਸਾਰੇ ਪਾਸਿਓਂ ਹੀ ਕੱਟੇ ਹੋਏ ਹਨ। ਸਿਰਫ ਫੌਜ ਨਾਲ ਹੀ ਇਨ੍ਹਾਂ ਦਾ ਵਾਸਤਾ ਹੈ। ਜੋ ਕੁਝ ਉਗਾਉਂਦੇ ਹਨ ਤੇ ਉਹੀ ਖਾਂਦੇ ਹਨ ਤੇ ਆਪਸ ਵਿੱਚ ਰਿਸ਼ਤੇ ਕਰਦੇ ਹਨ। ਪਹਿਲਿਆਂ ਸਮਿਆਂ ਵਿੱਚ ਇਹ ਆਮ ਹੀ ਸਰਹੱਦ ਪਾਰ ਚਲੇ ਜਾਇਆ ਕਰਦੇ ਸੀ ਤੇ ਇਨ੍ਹਾਂ ਦੀਆਂ ਓਧਰ ਰਿਸ਼ਤੇਦਾਰੀਆਂ ਸਨ। ਹੁਣ ਉਹ ਗੱਲਾਂ ਲੰਘ ਗਈਆਂ। ਉਹ ਮਸ਼ਹੂਰ ਬਜੁਰਗ ਡਾਕੂ ਦਾ ਇੱਕ ਭਰਾ ਹਾਲੇ ਵੀ ਭਾਰਤ ਵਾਲੇ ਪਾਸੇ ਰਹਿੰਦਾ ਸੀ। ਭਾਰਤ ਵਿੱਚ ਉਹਦਾ ਨਾਂ ਕਈ ਕਤਲ ਅਤੇ ਡਾਕਿਆਂ ਵਿਚ ਬੋਲਦਾ ਸੀ। ਜਾਣ ਤੋਂ ਪਹਿਲਾਂ ਸ਼ਾਮੀਂ ਉਹ ਬਜੁਰਗ ਤੇ ਉਸ ਨਾਲ ਚਾਰ ਪੰਜ ਹੋਰ ਬੰਦੇ ਸਨ। ਓਹਨਾਂ ਚੋਂ ਇਕ ਨੇ ਮੈਨੂੰ ਕਿਹਾ ਕਿ ਤੁਸੀਂ ਆਪਣੇ ਚੌਹਾਨ ਸਾਹਿਬ ਨੂੰ ਇੱਥੇ ਸਾਡੇ ਕੋਲ ਲੈ ਆਇਓ। ਜੇ ਉਹ ਤੁਹਾਡਾ ਆਗੂ ਹੈ ਤਾਂ ਅਸੀਂ ਵੀ ਉਸ ਨੂੰ ਆਪਣਾ ਆਗੂ ਮੰਨਾਂਗੇ ਤੇ ਸਿੱਖ ਬਣ ਜਾਵਾਂਗੇ। ਮੁਸਲਮਾਨ ਬਣਨ ਨਾਲੋਂ ਅਸੀਂ ਸਿੱਖ ਬਣਨਾ ਚਾਹਾਂਗੇ। ਮੈਨੂੰ ਓਹਨਾਂ ਦੀ ਗੱਲ ਦੀ ਪੂਰੀ ਸਮਝ ਨਹੀਂ ਲੱਗੀ। ਜਦ ਨੂੰ ਬਾਬੇ ਪਿਆਰੇ ਨੇ ਦੱਸਿਆ ਕਿ ਮੈਂ ਇਨ੍ਹਾਂ ਨੂੰ ਕਿਹਾ ਸੀ ਕਿ ਸਿੱਖਾਂ ਵਿੱਚ ਵੀ ਰਾਜਪੂਤ ਹੁੰਦੇ ਹਨ ਤੇ ਚੌਹਾਨ ਵੀ ਹਨ। ਖਾਲਸਤਾਨ ਦਾ ਇਸ ਵਕਤ ਆਗੂ ਜਗਜੀਤ ਸਿੰਘ ਚੌਹਾਨ ਹੈ, ਜੋ

ਇੰਗਲੈਂਡ ਵਿੱਚ ਹੈ। ਇਸ ਗੱਲ ਤੋਂ ਉਹ ਬਹੁਤ ਹੈਰਾਨ ਹੋਏ ਤੇ ਇਸ ਤੋਂ ਬਾਅਦ ਓਹਨਾਂ ਨੇ ਆਪਣੇ ਦਿਲ ਸਾਡੇ ਲਈ ਖੋਲ੍ਹ ਦਿੱਤੇ। ਇਨ੍ਹਾਂ ਲੋਕਾਂ ਲਈ ਜਾਤ ਤੇ ਬਰਾਦਰੀ ਦਾ ਦਰਜਾ ਧਰਮ ਤੋਂ ਉਪਰ ਸੀ ਤੇ ਇਨ੍ਹਾਂ ਨੂੰ ਹੁਣ ਵੀ ਇੰਨੀ ਮੁਸ਼ਕਿਲ ਹਾਲਤ ਵਿੱਚ ਆਪਣੇ ਰਾਜਪੂਤ ਹੋਣ ਤੇ ਬਹੁਤ ਮਾਣ ਸੀ। ਮੈਂ ਓਹਨਾਂ ਦੀ ਇਸ ਗੱਲ ਦਾ ਕੀ ਜਵਾਬ ਦੇਣਾ ਸੀ? ਬਾਬੇ ਨੇ ਹੀ ਕਿਹਾ ਕਿ ਅਸੀਂ ਜਗਜੀਤ ਸਿੰਘ ਹੋਰਾਂ ਨੂੰ ਸੁਨੇਹਾ ਲਾਉਂਦੇ ਹਾਂ ਤੇ ਕੋਸ਼ਿਸ਼ ਕਰਾਂਗੇ। ਇਨ੍ਹਾਂ ਸਿੱਧੇ ਸਾਦੇ ਦਿਲਾਂ ਵਾਲੇ ਸਿਰੜੀ ਲੋਕਾਂ ਨੂੰ ਦੇਸ਼ਾਂ ਦੀ ਸਿਆਸਤ ਬਾਰੇ ਕੋਈ ਸਮਝ ਨਹੀਂ ਸੀ। ਇਨ੍ਹਾਂ ਦੀ ਤਾਂ ਇਕ ਸਿੱਧੀ ਜਿਹੀ ਚਾਹਨਾ ਸੀ ਕਿ ਮਾਣ ਨਾਲ ਜੀਅ ਤੇ ਮਰ ਸਕਣ।

ਸਾਡੇ ਨਾਲ ਗਿਆ ਫੌਜੀ ਕਰਨਲ ਪੰਜਾਬੀ ਸੀ ਤੇ ਉੱਥੇ ਚੌਂਕੀ ਦਾ ਮੇਜਰ ਯੂਸਫਯਾਈ ਪਠਾਨ ਸੀ। ਦੋ ਦਿਨ ਮੈਂ ਇਨ੍ਹਾਂ ਦੋਵਾਂ ਦੇ ਸੰਗ ਰਿਹਾ। ਕਾਫੀ ਗੱਲਾਂ ਬਾਤਾਂ ਹੋਈਆਂ। ਮੇਜਰ ਨੇ ਸਾਡੀ ਬਹੁਤ ਆਓ ਭਗਤ ਕੀਤੀ। ਖਾਣ ਪੀਣ ਦਾ ਅਤੇ ਰਿਹਾਇਸ਼ ਦਾ ਵਧੀਆ ਬੰਦੋਬਸਤ ਕੀਤਾ। ਓਹਨਾਂ ਦਿਨਾਂ ਵਿੱਚ ਵੀਡੀਓ ਵੇਖਣਾ ਇੱਕ ਸ਼ਾਹੀ ਮਨੋਰੰਜਨ ਸੀ। ਸਾਡੇ ਲਈ ਵਿਸ਼ੇਸ਼ ਹਿੰਦੀ, ਇੰਗਲਿਸ਼ ਫਿਲਮਾਂ ਮੰਗਵਾਈਆਂ ਸਨ ਪਰ ਸਾਡੀ ਕੋਈ ਚਾਹਨਾ ਨਹੀਂ ਸੀ। ਮੇਰੇ ਨਾਲ ਗਿਆ ਬਾਬਾ ਫੱਕਰ ਸੁਭਾਅ ਦਾ ਸੇਵਾ ਕਰਨ ਵਾਲਾ ਸਿੰਘ ਸੀ। ਦੇਰ ਰਾਤ ਤਕ ਪਹਿਲੇ ਕੰਮਾਂ ਬਾਰੇ ਅਤੇ ਸਫਰ ਬਾਰੇ ਗੱਲਾਂ ਹੁੰਦੀਆਂ ਰਹੀਆਂ।

ਅਗਲੇ ਦਿਨ ਅਸੀਂ ਰਾਜਪੂਤ ਬਜ਼ੁਰਗ ਤੇ ਭਤੀਜੇ ਨਾਲ ਵਿਸਥਾਰ ਨਾਲ ਗੱਲ ਕੀਤੀ। ਓਹਨਾਂ ਦੇ ਇਲਾਕੇ ਚੋਂ ਸਭ ਤੋਂ ਵਧੀਆ ਦੋ ਊਠ ਲਿਆਂਦੇ। ਪਾਂਡੀ ਦਾ ਕਹਿਣਾ ਸੀ ਕਿ ਕੱਲ੍ਹ ਨੂੰ ਸੂਰਜ ਛਿਪਣ ਸਾਰ ਚੱਲਕੇ ਅਗਲੇ ਦਿਨ ਤੜਕੇ ਉਹ ਮਿਲਣ ਵਾਲੇ ਥਾਂ ਤੇ ਪਹੁੰਚ ਜਾਣਗੇ। ਭਾਵੇਂ ਕਿ ਬਜ਼ੁਰਗ ਹੁਣ ਕਈ ਸਾਲਾਂ ਤੋਂ ਉੱਧਰ ਨਹੀਂ ਸੀ ਗਿਆ ਪਰ ਓਹਨਾਂ ਨੂੰ ਰਣ ਵਿਚਲੇ ਕੱਚੇ ਰਸਤੇ ਦਾ ਪਤਾ ਸੀ ਤੇ ਚਾਨਣੀ ਰਾਤ ਵੀ ਮਦਦਗਾਰ ਸੀ। ਅਸੀਂ ਰਾਤ ਨੂੰ ਆ ਕੇ ਕੀਰਤਨ ਸੋਹਿਲਾ ਕਰਕੇ ਸੌਣ ਲੱਗੇ ਤਾਂ ਬਾਬੇ ਨੇ ਕਿਹਾ ਕਿ ਮੈਨੂੰ ਕੁਝ ਠੀਕ ਨਹੀਂ ਲੱਗ ਰਿਹਾ। ਇਨ੍ਹਾਂ ਵਿੱਚੋਂ ਭਤੀਜੇ ਤੇ ਉਹਨੂੰ ਯਕੀਨ ਨਹੀਂ ਬੱਝ ਰਿਹਾ ਸੀ। ਬਾਬੇ ਨੇ ਕਿਹਾ ਕਿ ਮੇਰੇ ਨਾਲ ਇੱਕ ਬੰਦਾ ਹੋਰ ਚਾਹੀਦਾ ਹੈ। ਮੈਂ ਓਹਨੂੰ ਸਮਝਾਇਆ ਕਿ ਇਹ ਬੰਦੇ ਸਭ ਤੋਂ ਬਿਹਤਰ ਬੰਦੇ ਹਨ ਤੇ ਇਨ੍ਹਾਂ ਦੇ ਪਰਿਵਾਰ ਤੇ ਭਾਈਚਾਰਾ ਇੱਥੇ ਹੈ। ਇਹ ਸਾਡੇ ਨਾਲ ਦਗਾ ਨਹੀਂ ਕਰ ਸਕਦੇ। ਜੇ ਤੂੰ ਪਹਿਲਾਂ ਗੱਲ ਕੀਤੀ ਹੁੰਦੀ ਤਾਂ ਆਪਾਂ ਇੱਕ ਹੋਰ ਸਿੰਘ ਲਿਆ ਸਕਦੇ ਸੀ। ਅਗਲੇ ਦਿਨ ਸਵੇਰੇ ਵੇਖਿਆ ਤਾਂ ਬਾਬੇ ਦਾ ਸਰੀਰ ਕੁਝ ਢਿੱਲਾ ਹੋ ਗਿਆ ਤੇ ਉਹਦਾ ਮਨ ਹੋਰ ਵੀ ਦੁਬਿਧਾ ਵਿੱਚ ਪੈ ਗਿਆ। ਉਹਨੇ ਫੇਰ ਕਿਹਾ ਕਿ ਮੇਰਾ ਇਕੱਲਾ ਜਾਣਾ ਠੀਕ ਨਹੀਂ ਹੈ।

ਸ਼ਾਮ ਨੂੰ ਛੇ ਕੁ ਵਜੇ ਤੁਰਨ ਦਾ ਵਿਚਾਰ ਸੀ ਤੇ ਦੁਪਹਿਰ ਤਕ ਬਾਬਾ ਦੁਚਿੱਤੀ ਵਿਚ ਹੀ ਸੀ। ਉਹ ਬੜੇ ਦਬਾਅ ਵਿੱਚ ਆ ਗਿਆ ਸੀ ਤੇ ਕਹਿਣ ਲੱਗਿਆ ਕਿ ਆਪਾਂ ਕਿਸੇ ਹੋਰ ਸਿੰਘ ਨੂੰ ਨਾਲ ਲਈਏ ਮੇਰਾ ਇਕੱਲਿਆਂ ਮਨ ਨਹੀਂ ਮੰਨਦਾ। ਮੇਰੇ ਲਈ ਇਹ ਬਹੁਤ ਵੱਡੀ ਔਕੜ ਖੜ੍ਹੀ ਹੋ ਗਈ। ਇਕ ਸਾਲ ਦੀ ਮਿਹਨਤ ਬਾਅਦ ਕੰਮ ਅੰਜਾਮ ਵੱਲ ਨੂੰ ਵਧਿਆ ਸੀ। ਸਾਮਾਨ ਦਾ ਏਡਾ ਜਖੀਰਾ ਪਹਿਲਾਂ ਸਾਡੇ ਕੋਲ ਕਦੇ ਨਹੀਂ ਸੀ ਆਇਆ। ਦੂਜੇ ਪਾਸੇ ਪੰਜਾਬ ਵਿਚ ਵੀ ਸਿੰਘਾਂ ਦੀ ਛੇ ਮਹੀਨੇ ਦੀ ਮਿਹਨਤ ਤੇ ਲਾਗਤ ਹੋਈ ਹੋਈ ਸੀ। ਸਾਨੂੰ ਓਧਰ ਇਸ ਵਕਤ ਸਾਮਾਨ ਦੀ ਬਹੁਤ ਜਰੂਰਤ ਸੀ। ਮੇਰੇ ਸਾਹਮਣੇ ਸਵਾਲ ਸੀ ਚੌਧਰੀ, ਕਰਨਲ ਅਤੇ ਮੇਜਰ ਇਹ ਗੱਲ ਬਾਰੇ ਕੀ ਸੋਚਣਗੇ ਕਿ ਐਨ ਆਖਰੀ ਮੌਕੇ ਤੇ ਇਨ੍ਹਾਂ ਦਾ ਬੰਦਾ ਹੀ ਡਰ ਗਿਆ। ਪਠਾਣਾਂ, ਬਲੋਚਾਂ ਤੇ ਆਮ ਪਾਕਿਸਤਾਨੀਆਂ ਵਿੱਚ ਸਿੱਖਾਂ ਦੀ ਬਹਾਦਰੀ ਦਾ ਸਤਿਕਾਰ ਸੀ। ਇੱਥੇ ਸਾਡੀ ਬਹਾਦਰੀ ਅਤੇ ਨਿਡਰਤਾ ਤੇ ਸਵਾਲ ਉੱਠਣਾ ਸੀ ਜਦੋਂ ਮੈਨੂੰ ਪੱਕਾ ਹੋ ਗਿਆ ਕਿ ਇਹਨੇ ਇਕੱਲੇ ਨੇ ਨਹੀਂ ਜਾਣਾ ਤੇ ਇਹ ਵੀ ਨਿਸ਼ਚਿਤ ਸੀ ਕਿ ਏਡੀ ਛੇਤੀ ਕਿਸੇ ਹੋਰ ਨੂੰ ਨਹੀਂ ਬੁਲਾਇਆ ਜਾ ਸਕਦਾ ਤਾਂ ਮੈਂ ਬਿਨਾ ਕਿਸੇ ਨਾਲ ਸਲਾਹ ਕੀਤਿਆਂ ਫੈਸਲਾ ਲੈ ਲਿਆ ਕਿ ਮੈਂ ਉਸਦੇ ਨਾਲ ਜਾਵਾਂਗਾ।

ਮੇਰੇ ਜਾਣ ਦੀ ਗੱਲ ਸੁਣ ਕੇ ਉਹਦਾ ਢਾਰਸ ਵੀ ਬੱਝਿਆ ਪਰ ਉਹ ਫਿਕਰਮੰਦ ਵੀ ਹੋਇਆ। ਮੈਂ ਉਸ ਨੂੰ ਕਿਹਾ ਕਿ ਮੈਂ ਉਂਝ ਵੀ ਤਾਂ ਕੁਝ ਦਿਨਾਂ ਤੱਕ ਜਾਣਾ ਹੀ ਸੀ, ਹੁਣ ਹੀ ਚਲਦਾ ਹਾਂ। ਚੌਧਰੀਆਂ ਨਾਲ ਇਸ ਬਾਰੇ ਕੋਈ ਗੱਲ ਨਹੀਂ ਸੀ ਹੋਈ ਪਰ ਉਹ ਵੀ ਸਮਝ ਚੁੱਕੇ ਸੀ ਕਿ ਬੰਦਾ ਕੁਝ ਡਾਵਾਂ-ਡੋਲ ਹੈ। ਮੈਂ ਓਹਨਾਂ ਨੂੰ ਆਪਣੇ ਜਾਣ ਬਾਰੇ ਦੱਸਿਆ। ਉਹ ਪਹਿਲਾਂ ਤਾਂ ਹੈਰਾਨ ਹੋਏ। ਫੇਰ ਜਦੋਂ ਮੈਂ ਕਿਹਾ ਕਿ ਮੈਂ ਮਨ ਬਣਾ ਲਿਆ ਹੈ ਤਾਂ ਓਹਨਾਂ ਕਿਹਾ ਕਿ ਸਾਨੂੰ ਪਹਿਲਾਂ ਉਪਰ ਗੱਲ ਕਰਨੀ ਪਏਗੀ। ਉਹਨਾਂ ਨੇ ਆਪਣੇ ਉਪਰਲਿਆਂ ਨਾਲ ਗੱਲ ਕੀਤੀ। ਕਰਨਲ ਨੇ ਮੁੜ ਮੈਨੂੰ ਕਿਹਾ ਕਿ ਸਾਡੀ ਸਲਾਹ ਇਹੋ ਹੈ ਕਿ ਤੁਹਾਨੂੰ ਨਹੀਂ ਜਾਣਾ ਚਾਹੀਦਾ। ਤਰੀਕ ਅੱਗੇ ਕੀਤੀ ਜਾ ਸਕਦੀ ਹੈ ਲੇਕਿਨ ਜੇ ਤੁਸੀਂ ਇਹ ਫੈਸਲਾ ਕਰ ਲਿਆ ਹੈ ਤਾਂ ਅਸੀਂ ਤੁਹਾਨੂੰ ਰੋਕ ਨਹੀਂ ਸਕਦੇ। ਮੈਂ ਕਿਹਾ ਕਿ ਫੈਸਲਾ ਹੋ ਚੁੱਕਿਆ ਹੈ ਆਪਾਂ ਤਿਆਰੀ ਕਰੀਏ। ਕਰਨਲ ਨੇ ਮੇਰੇ ਜਾਣ ਦੀ ਵੀ ਤਿਆਰੀ ਸ਼ੁਰੂ ਕਰਵਾ ਦਿੱਤੀ। ਉਹ ਪਠਾਣ ਮੇਜਰ ਨੇ ਮੌਕਾ ਵੇਖ ਕੇ ਮੈਨੂੰ ਪਾਸੇ ਲਿਜਾ ਕੇ ਕਿਹਾ ਕਿ ਮੇਰਾ ਤੁਹਾਨੂੰ ਇਹ ਭਰਾਵਾਂ ਵਾਲਾ ਮਸ਼ਵਰਾ ਹੈ ਕਿ ਤੁਹਾਨੂੰ ਇਕ ਆਗੂ ਹੋਣ ਦੇ ਨਾਤੇ ਬਿਨਾ ਪਰਖੇ ਹੋਏ ਰਸਤੇ ਤੇ ਨਹੀਂ ਜਾਣਾ ਚਾਹੀਦਾ। ਮੈਂ ਕਿਹਾ ਕਿ ਰੱਬ ਨੂੰ ਇਹੀ ਭਾਉਂਦਾ ਹੈ। ਫਿਰ ਉਸ ਨੇ ਕਿਹਾ "ਰੱਬ ਰਾਖਾ ਰੱਬ ਰਾਖਾ।"

ਉਹ ਦੋਵੇਂ ਪਾਂਡੀ ਤਿਆਰ ਸਨ। ਹੁਣ ਓਹਨਾਂ ਨੇ ਓਧਰ ਵਾਲੇ ਕੱਪੜੇ ਪਾ ਲਏ ਸਨ (ਲੂੰਗੀ ਤੇ ਕੁੜਤਾ ਤੇ ਊਠ ਦੀਆਂ ਖੱਲਾਂ ਓਹਨਾਂ ਦੀਆਂ ਜੁੱਤੀਆਂ ਸਨ) ਦੋ ਊਠ

ਤਿਆਰ ਸਨ। ਇਕ ਊਠ ਬਹੁਤ ਵੱਡੇ ਆਕਾਰ ਦਾ ਸੀ, ਬਹੁਤ ਤਾਕਤਵਰ ਜਾਨਵਰ ਸੀ। ਇੱਕ ਛੋਟੀ ਉਮਰ ਦਾ ਤੇ ਤੇਜ ਤਰਾਰ ਸੀ। ਇਹ ਦੂਸਰਾ ਊਠ ਇੱਕ ਸਿੱਖਿਅਤ ਜਾਨਵਰ ਸੀ ਜਿਹੜਾ ਫੌਜ ਅਤੇ ਪਾਂਡੀਆਂ ਵੱਲੋਂ ਸਿਖਾਇਆ ਹੋਇਆ ਸੀ ਕਿ ਗੁਪਤ ਮੁਹਿੰਮ ਤੇ ਕਿਵੇਂ ਜਾਣਾ ਹੈ? ਸਾਡੇ ਕੋਲ ਆਪਣਾ ਕੋਈ ਸਮਾਨ ਨਹੀਂ ਸੀ। ਸਿਰਫ ਮੇਰੇ ਤੇ ਬਾਬੇ ਕੋਲ ਇਕ-ਇਕ ਅਸਾਲਟ ਦੇ ਨਾਲ ਤਿੰਨ-ਤਿੰਨ ਮੈਗਜੀਨ ਤੇ ਇੱਕ ਬੱਤੀ ਬੋਰ ਦਾ ਛੋਟਾ ਜਿਹਾ ਪਸਤੌਲ ਸੀ। ਪਾਣੀ ਉੱਥੇ ਸਭ ਤੋਂ ਵੱਡੀ ਸਮੱਸਿਆ ਹੈ। ਸਾਰਿਆਂ ਕੋਲ ਆਪੋ ਆਪਣੀ ਮਸ਼ਕ ਸੀ ਤੇ ਇਕ ਵੱਡੇ ਊਠ ਤੇ ਵੱਡੀ ਮਸ਼ਕ ਭਰ ਕੇ ਟੰਗੀ ਹੋਈ ਸੀ। ਇਹਦੇ ਵਿੱਚ ਕੋਈ ਤੀਹ ਪੈਂਤੀ ਲੀਟਰ ਪਾਣੀ ਪੈ ਜਾਂਦਾ ਹੈ। ਇਹ ਚਮੜੇ ਦੀ ਬਣੀ ਹੋਈ ਹੁੰਦੀ ਹੈ ਤੇ ਪਾਣੀ ਨੂੰ ਠੰਡਾ ਵੀ ਰੱਖਦੀ ਹੈ। ਰੇਗਿਸਤਾਨ ਵਿੱਚ ਊਠ ਦੇ ਸਰੀਰ ਨਾਲ ਬੰਨ੍ਹ ਦਿੰਦੇ ਹਨ। ਇਸ ਤਰੀਕੇ ਨਾਲ ਸਾਡੇ ਕੋਲ ਵਾਧੂ ਪਾਣੀ ਸੀ। ਸਫਰ ਵਿਚ ਦੂਸਰੀ ਜਰੂਰੀ ਚੀਜ ਕੋਈ ਤਾਕਤਵਰ ਖੁਰਾਕ ਹੁੰਦੀ ਹੈ ਜੋ ਥੋਹੜੀ ਖਾਣ ਨਾਲ ਹੀ ਸਰ ਜਾਵੇ। ਇਸ ਲਈ ਸਾਨੂੰ ਓਹਨਾਂ ਨੇ ਉਥੋਂ ਟੌਫੀਆਂ ਤੇ ਮਿਲਕ ਕੇਕ ਦੇ ਦੋ ਵੱਡੇ ਡੱਬੇ ਮੰਗਵਾ ਦਿੱਤੇ ਸੀ। ਟੌਫੀ ਖਾਣ ਤੇ ਤੁਹਾਨੂੰ ਤ੍ਰੇਹ ਵੀ ਘੱਟ ਲੱਗਦੀ ਹੈ ਤੇ ਊਰਜਾ ਵੀ ਮਿਲ ਜਾਂਦੀ ਹੈ। ਸਾਡੇ ਕੋਲ ਇਕ ਚੋਰ ਬੱਤੀ ਤੇ ਇਕ ਫੌਜੀ ਚਾਕੂ ਵੀ ਸੀ। ਅਸੀਂ ਦੋਵਾਂ ਜਣਿਆਂ ਨੇ ਕੁੜਤੇ ਪਜਾਮੇ ਅਤੇ ਪੈਰਾਂ ਵਿੱਚ ਮੁਸਾਫਰੀ ਜੋੜੇ ਪਾਏ ਹੋਏ ਸਨ। ਸਾਡੇ ਸਾਰਿਆਂ ਕੋਲ ਕੁਝ-ਕੁਝ ਹਜਾਰ ਭਾਰਤੀ ਰੁਪਏ ਵੀ ਸੀ। ਸਰਹੱਦ ਦੇ ਆਖਰੀ ਨਿਸ਼ਾਨ ਤਕ ਕਰਨਲ ਤੇ ਮੇਜਰ ਸਾਡੇ ਨਾਲ ਆਏ। ਉੱਥੇ ਇੱਕ ਛਤਰੀਨੁਮਾ ਸੀਮਿੰਟ ਦਾ ਢਾਂਚਾ ਬਣਿਆ ਹੋਇਆ ਸੀ। ਜਿੱਥੇ ਬੈਠ ਕੇ ਅਸੀਂ ਚਾਹ ਪੀਤੀ ਤੇ ਪਾਕਿਸਤਾਨ ਦੀ ਧਰਤੀ ਤੇ ਇਹ ਕੁਝ ਆਖਰੀ ਪਲ ਸਨ। ਫੇਰ ਅਸੀਂ ਇਕ ਦੂਜੇ ਤੋਂ ਰੱਬ ਰਾਖਾ ਤੇ ਅੱਲ੍ਹਾ ਖੈਰ ਕਹਿ ਕੇ ਅਲਵਿਦਾ ਲਈ। ਦੋਵੇਂ ਅਫਸਰ ਬਹੁਤ ਨਿੱਘ ਨਾਲ ਮਿਲੇ ਤੇ ਪਠਾਣ ਨੇ ਘੁੱਟ ਕੇ ਜੱਫੀ ਚ ਲੈ ਕੇ ਕਿਹਾ "ਤੁਹਾਡਾ ਰੱਬ ਰਾਖਾ, ਮੈਂ ਦੁਆ ਕਰਾਂਗਾ" ਕਰਨਲ ਨੇ ਉਸ ਬਜੁਰਗ ਨੂੰ ਕਿਹਾ ਤੁਸੀਂ ਇਹ ਕੰਮ ਸਿਰੇ ਲਾਓ। ਇੱਥੇ ਤੁਹਾਡੇ ਸਾਰੇ ਕੰਮ ਹੋ ਜਾਣਗੇ।

ਅਸੀਂ ਆਮ ਜਿਹੀ ਰਫਤਾਰ ਨਾਲ ਤੁਰ ਪਏ। ਇਸ ਇਲਾਕੇ ਵਿੱਚ ਤੁਰਨ ਦਾ ਇਹੀ ਸਮਾਂ ਹੈ, ਸ਼ਾਮ ਛੇ ਵਜੇ ਤੋਂ ਲੱਗ ਕੇ ਸਵੇਰੇ ਅੱਠ ਵਜੇ ਤਕ। ਉਸ ਤੋਂ ਬਾਅਦ ਇੱਥੇ ਕੋਈ ਨਹੀਂ ਤੁਰਦਾ। ਜੇ ਕਿਤੇ ਕੋਈ ਫਸ ਜਾਵੇ ਤਾਂ ਇੱਕ ਥਾਂ ਤੇ ਹੀ ਕੋਈ ਕੱਪੜਾ ਜਾਂ ਊਠ ਦੀ ਓਟ ਲੈ ਕੇ ਲੰਮੇ ਪੈ ਜਾਵੇ। ਇੱਥੇ ਗਰਮੀ ਬਹੁਤ ਜਿਆਦਾ ਹੋ ਜਾਂਦੀ ਹੈ ਤੇ ਹਵਾਵਾਂ ਬਹੁਤ ਤੇਜ ਵਗਦੀਆਂ ਹਨ। ਆਲੇ- ਦੁਆਲੇ ਲੂਣ ਦੀ ਚਮਕ ਤੁਹਾਡੀਆਂ ਅੱਖਾਂ ਨੂੰ ਅੰਨ੍ਹਾ ਕਰਨ ਵਾਂਗ ਕਰ ਦਿੰਦੀ ਹੈ ਤੇ ਤੁਹਾਨੂੰ ਬਹੁਤ ਛੇਤੀ ਲੂ ਲੱਗ ਜਾਂਦੀ ਹੈ। ਹਵਾ ਸਰੀਰ ਦਾ ਪਾਣੀ ਚੂਸ ਲੈਂਦੀ ਹੈ।

ਘੰਟੇ ਕੁ ਬਾਅਦ ਧਰਤੀ ਬਦਲ ਗਈ ਤੇ ਹੁਣ ਅਸੀਂ ਅਸਲ ਰਣ ਦੇ ਇਲਾਕੇ

ਵਿੱਚ ਦਾਖਲ ਹੋ ਗਏ। ਪਿੱਛੇ ਪਾਕਿਸਤਾਨ ਵਾਲੇ ਪਾਸੇ ਤਾਂ ਦਰੱਖਤ ਤੇ ਪਿੰਡ ਦਿਸਦੇ ਸਨ ਪਰ ਅੱਗੇ ਭਾਰਤ ਵਾਲੇ ਪਾਸੇ ਕਿਸੇ ਵੀ ਦਿਸ਼ਾ ਵਿੱਚ ਕੁਝ ਨਹੀਂ ਸੀ ਦਿਸਦਾ। ਦੂਰ-ਦੂਰ ਤਕ ਪੱਧਰੀ ਧਰਤੀ ਸੀ ਜਿਵੇਂ ਕੋਈ ਸੁੱਕੇ ਛੱਪੜ ਦਾ ਤਲ ਹੋਵੇ ਅਤੇ ਮੀਲਾਂ ਬੱਧੀ ਇਸੇ ਤਰ੍ਹਾਂ ਹੀ ਹੋਵੇ। ਅਸੀਂ ਤੁਰੀ ਗਏ। ਜੁਆਨ ਪਾਂਡੀ ਆਪਣੇ ਊਠ ਨੂੰ ਫੜ ਕੇ ਸਭ ਤੋਂ ਅੱਗੇ ਸੀ। ਉਸ ਦੇ ਪਿੱਛੇ ਮੈਂ, ਮੇਰੇ ਪਿੱਛੇ ਉਹ ਬਜ਼ੁਰਗ ਤੇ ਸਭ ਤੋਂ ਪਿੱਛੇ ਬਾਬਾ ਪਿਆਰਾ। ਹੁਣ ਬਾਬਾ ਠੀਕ ਠਾਕ ਹੋ ਗਿਆ ਸੀ ਤੇ ਹਨੇਰਾ ਹੋਣ ਤੋਂ



ਪਹਿਲਾਂ ਅਸੀਂ ਰੁਕ ਕੇ ਪਾਣੀ ਪੀਤਾ ਤੇ ਬਾਬੇ ਨੇ ਓਹਨਾਂ ਦੋਵਾਂ ਨੂੰ ਵੀ ਅਫੀਮ ਪੇਸ਼ ਕੀਤੀ ਤੇ ਓਹਨਾਂ ਨੇ ਵੀ ਥੋੜ੍ਹੀ-ਥੋੜ੍ਹੀ ਲੈ ਲਈ। ਇਕ-ਇਕ ਟੁਕੜਾ ਬਰਫੀ ਦਾ ਖਾਧਾ ਤੇ ਫਿਰ ਤੁਰ ਪਏ।

ਜਿਵੇਂ-ਜਿਵੇਂ ਅਸੀਂ ਅੱਗੇ ਜਾ ਰਹੇ ਸੀ, ਪਾਕਿਸਤਾਨ ਵਾਲੇ ਪਾਸੇ ਦੀਆਂ ਬੱਤੀਆਂ ਦਿਖਣੀਆਂ ਬੰਦ ਹੋ ਗਈਆਂ। ਅਸਮਾਨ ਬਹੁਤ ਸਾਫ ਸੀ। ਅੱਧਾ ਚੰਨ ਸੀ ਤੇ ਤਾਰੇ ਇਧਰਲੇ ਪੰਜਾਬ ਨਾਲੋਂ ਜਿਆਦਾ ਸਾਫ ਦਿਖ ਰਹੇ ਸੀ। ਦੂਰ ਝਾਕਿਆਂ ਇੰਝ ਲੱਗਦਾ ਸੀ ਜਿਵੇਂ ਬਿਲਕੁਲ ਜਮੀਨ ਤਕ ਤਾਰੇ ਲੱਗ ਰਹੇ ਹਨ। ਇਹ ਨਜਾਰਾ ਬੜਾ ਸੋਹਣਾ ਤੇ ਅਜੀਬ ਲੱਗ ਰਿਹਾ ਸੀ। ਅੱਗੇ ਕਈ ਥਾਵਾਂ ਤੇ ਪਾਣੀ ਦੇ ਬਣੇ ਛੱਪੜ ਦੀ ਲਿਸ਼ਕੋਰ ਵੱਜ ਰਹੀ ਸੀ।

ਇਹ ਬੰਦੇ ਬੜੇ ਜਾਣਕਾਰ ਸਨ। ਸੁੱਕੇ-ਸੁੱਕੇ ਡਾਂਡੇ-ਮੀਂਡੇ ਹੋ ਕੇ ਅੱਗੇ ਜਾ ਰਹੇ ਸੀ। ਅਗਲੇ ਬੰਦੇ ਕੋਲ ਇੱਕ ਲੰਮੀ ਜਿਹੀ ਸੋਟੀ ਸੀ, ਜਿਸ ਨਾਲ ਉਹ ਜਰੂਰਤ ਪੈਣ ਤੇ ਧਰਤੀ ਨੂੰ ਟੋਹ ਵੀ ਲੈਂਦਾ ਸੀ। ਕਈ ਥਾਂ ਅਸੀਂ ਰੁਕ ਜਾਂਦੇ ਸੀ, ਅੱਗੇ ਖੋਭਾ ਆ ਜਾਂਦਾ ਸੀ। ਫੇਰ ਉਹ ਪਾਂਡੀ ਸਾਰੇ ਪਾਸੇ ਟੋਹ ਕੇ ਆਉਂਦਾ ਸੀ ਤੇ ਅਸੀਂ ਇਕ-ਇਕ ਕਰਕੇ ਉਸਦੇ ਪਿੱਛੇ ਨਿਕਲਦੇ ਸੀ। ਜਿੱਥੇ ਥੋੜ੍ਹਾ ਖੋਭਾ ਹੁੰਦਾ ਸੀ, ਉੱਥੇ ਅਸੀਂ ਲਗਾਤਾਰ ਪੱਬਾਂ ਨਾਲ ਤੇਜ-ਤੇਜ ਤੁਰਨਾ ਹੁੰਦਾ ਸੀ। ਪਰ ਊਠਾਂ ਦੀ ਹੈਰਾਨੀ ਸੀ ਕਿ ਉਹ ਗਿੱਠ-ਗਿੱਠ ਧਸ ਕੇ ਵੀ ਅੱਗੇ ਨਿਕਲ ਜਾਂਦੇ ਸੀ। ਇਸ ਤਰ੍ਹਾਂ ਅਸੀਂ ਤੁਰਦੇ ਗਏ। ਕਿਤੇ ਰੁਕ ਕੇ ਕੁਝ ਸਾਹ ਲੈ ਲੈਣਾ, ਘੁੱਟ ਪਾਣੀ ਪੀ ਲੈਣਾ ਅਤੇ ਫਿਰ ਤੁਰ ਪੈਣਾ।

ਰਾਤ ਦੇ ਬਾਰਾਂ ਕੁ ਵਜੇ ਅਸੀਂ ਇਕ ਅਜਿਹੀ ਥਾਂ ਤੇ ਪਹੁੰਚ ਗਏ ਜਿੱਥੇ ਦਲਦਲ ਬਹੁਤ ਜਿਆਦਾ ਸੀ। ਸਾਨੂੰ ਉੱਥੇ ਬੈਠਣਾ ਪਿਆ ਤਾਂ ਕਿ ਜੁਆਨ ਪਾਂਡੀ ਸਹੀ ਰਸਤਾ ਕੱਢੇ। ਸਾਰੇ ਪਾਸੇ ਹਨੇਰਾ ਅਤੇ ਦਲਦਲ ਦੇਖ ਕੇ ਮੈਨੂੰ ਫੌਜੀ ਅਫਸਰਾਂ ਦੇ ਇਸ ਰਣ ਨੂੰ 'ਮੌਤ ਦਾ ਖੂਹ' ਕਹਿਣ ਦੇ ਅਰਥ ਸਪਸ਼ਟ ਹੋ ਗਏ। ਇੱਥੇ ਕੋਈ ਇਕੱਲਾ ਬੰਦਾ ਬਿਲਕੁਲ ਨਹੀਂ ਜਾਂਦਾ ਕਿਉਂਕਿ ਇੱਥੇ ਤੁਸੀਂ ਗੁੰਮ ਜਾਂਦੇ ਹੋ ਤੇ ਆਖਰ ਦਲਦਲ ਵਿੱਚ ਫਸ ਕੇ ਧਸ ਜਾਂਦੇ ਹੋ ਜਾਂ ਦਿਨੇ ਧੁੱਪ ਨਾਲ ਤਿਹਾਏ ਮਰ ਜਾਂਦੇ ਹੋ।

ਇਸ ਵਕਤ ਸਾਨੂੰ ਕਿਸੇ ਪਾਸੇ ਕਿਸੇ ਵਸੋਂ ਦੀ ਕੋਈ ਬੱਤੀ ਨਹੀਂ ਸੀ ਦਿਖ ਰਹੀ। ਚੰਨ ਥੱਲੇ ਜਾਣ ਕਰਕੇ ਰਾਤ ਕੁਝ ਹਨ੍ਹੇਰੀ ਹੋ ਗਈ ਸੀ ਤੇ ਤਾਰੇ ਹੋਰ ਜਿਆਦਾ ਚਮਕਣ ਲੱਗ ਪਏ। ਪੂਰਬ ਦੇ ਦੂਰ ਦਿਸਹੱਦੇ ਤੋਂ ਤੜਕੇ ਦੇ ਤਾਰੇ ਨਿਕਲ ਰਹੇ ਸੀ। ਇੱਥੇ ਦਿਨ ਵੇਲੇ ਸੂਰਜ ਤੋਂ ਦਿਸ਼ਾ ਦਾ ਪਤਾ ਚਲਦਾ ਹੈ ਅਤੇ ਰਾਤ ਸਮੇਂ ਤਾਰਿਆਂ ਦੇ ਸਪਤਰਿਸ਼ੀ ਤੇ ਧਰੂ ਤਾਰੇ ਤੋਂ। ਅਸੀਂ ਦੱਖਣ ਪੂਰਬ ਦਿਸ਼ਾ ਵੱਲ ਜਾ ਰਹੇ ਸੀ। ਪਾਂਡੀ ਅਤੇ ਸੌਦਾਗਰ ਲੋਕ ਪੁਰਾਣੇ ਸਮਿਆਂ ਤੋਂ ਇਨ੍ਹਾਂ ਤਾਰਿਆਂ ਦੇ ਹਿਸਾਬ ਨਾਲ ਹੀ ਆਪਣੇ ਰਾਹ ਲੱਭਦੇ ਰਹੇ ਹਨ। ਓਹਨਾਂ ਦਾ ਬਹੁਤ ਤਜਰਬਾ ਹੁੰਦਾ ਹੈ, ਉਹ ਤਾਰਿਆਂ

ਨੂੰ ਦੇਖ ਕੇ ਬਿਲਕੁਲ ਸਹੀ ਸਮਾਂ ਦੱਸ ਦਿੰਦੇ ਹਨ। ਉਸ ਬਜੁਰਗ ਨੂੰ ਮੌਸਮ ਦੀ ਵੀ ਬਹੁਤ ਸਮਝ ਸੀ। ਇਸ ਵਕਤ ਬਹੁਤ ਸੁਹਾਵਣੀ ਮੱਧਮ ਜਿਹੀ ਹਵਾ ਚੱਲ ਰਹੀ ਸੀ। ਉਸ ਨੇ ਕਿਹਾ ਕਿ ਕੱਲ੍ਹ ਨੂੰ ਬਹੁਤ ਤੇਜ ਹਵਾ ਚਲੇਗੀ। ਹੁਣ ਤਕ ਉਹ ਬਜੁਰਗ ਤੇ ਬਾਬਾ ਪਿਆਰਾ ਗੱਲਾਂ ਕਰਨ ਲੱਗ ਪਏ ਸੀ ਤੇ ਆਪਸ ਵਿੱਚ ਬਹੁਤ ਖੁੱਲ੍ਹ ਗਏ ਸੀ।

ਉਸ ਬਜੁਰਗ ਨੇ ਦੱਸਿਆ ਕਿ ਕਿਸੇ ਵੇਲੇ ਮੈਂ ਇਸ ਧਰਤੀ ਦੇ ਹਰ ਰਾਹ ਨੂੰ ਜਾਣਦਾ ਸੀ। ਮੇਰੇ ਕੋਲ ਸਭ ਤੋਂ ਤੇਜ ਊਠ ਅਤੇ ਪਠਾਣੀ ਬੰਦੂਕ ਹੁੰਦੀ ਸੀ ਤੇ ਮੈਂ (ਉਸ ਨੇ ਕਿਸੇ ਫਾਸਲੇ ਬਾਰੇ ਆਪਣੀ ਭਾਸ਼ਾ ਵਿੱਚ ਗੱਲ ਕਹੀ) ਏਨੀ ਦੂਰ ਤੋਂ ਦੌੜ ਰਹੇ ਊਠ ਤੇ ਬੈਠੇ ਬੰਦੇ ਨੂੰ ਮਾਰ ਦਿੰਦਾ ਸੀ। ਕੋਈ ਮੇਰਾ ਪਿੱਛਾ ਨਹੀਂ ਸੀ ਕਰਦਾ। ਮੈਂ ਸ਼ੁਰੂ ਤੋਂ ਹੀ ਬਾਗੀ ਸੀ ਤੇ ਛੋਟੇ ਹੁੰਦਿਆਂ ਹੀ ਊਠ ਤੇ ਇਕੱਲੇ ਹੀ ਇਨ੍ਹਾਂ ਇਲਾਕਿਆਂ ਵਿੱਚ ਆ ਜਾਂਦਾ ਸੀ। ਜਵਾਨੀ ਵੇਲੇ ਮੇਰੇ ਨਾਲ ਹੋਰ ਬਹੁਤ ਮੇਰੇ ਵਰਗੇ ਜੁੜ ਗਏ। ਮੈਂ ਲੰਮਾ ਸਮਾਂ ਸਰਹੱਦ ਦੇ ਦੋਵੇਂ ਪਾਸੇ ਬਹੁਤ ਡਾਕੇ ਮਾਰੇ। ਰਣ ਹੀ ਮੇਰੀ ਸਭ ਤੋਂ ਸੁਰੱਖਿਅਤ ਛੁਪਣਗਾਹ ਸੀ। ਇੱਥੇ ਮੈਨੂੰ ਕੋਈ ਹਰਾ ਨਹੀਂ ਸੀ ਸਕਦਾ। ਮੈਂ ਅਮੀਰਾਂ ਨੂੰ ਤੇ ਸਰਕਾਰੀ ਪੈਸੇ ਨੂੰ ਲੁੱਟਦਾ ਸੀ ਤੇ ਆਮ ਲੋਕ ਮੇਰੇ ਤੋਂ ਡਰਦੇ ਸੀ ਤੇ ਸਤਿਕਾਰ ਵੀ ਕਰਦੇ ਸੀ। ਮੇਰੀ ਬਰਾਦਰੀ ਮੇਰੇ ਤੇ ਮਾਣ ਕਰਦੀ ਸੀ। ਬੀਐਸਐਫ ਤੇ ਫੌਜ ਨਾਲ ਮੇਰੇ ਕਈ ਵਾਰ ਮੁਕਾਬਲੇ ਹੋਏ। ਉਹ ਬਹੁਤ ਜਨੂੰਨ ਦੇ ਦਿਨ ਸਨ। ਆਖਰ ਪਾਕਿਸਤਾਨ ਵਾਲਿਆਂ ਨੇ ਮੈਨੂੰ ਫੜ ਲਿਆ। ਲੰਬੀ ਜੇਲ੍ਹ ਕੱਟੀ ਤੇ ਫਿਰ ਮੈਂ ਪਾਕਿਸਤਾਨ ਵਾਲੇ ਪਾਸੇ ਕੋਈ ਗੈਰਕਾਨੂੰਨੀ ਕੰਮ ਨਹੀਂ ਕੀਤਾ। ਫੌਜ ਨਾਲ ਰਲ ਕੇ ਮੈਂ ਭਾਰਤ ਵਾਲੇ ਪਾਸੇ ਕੁਝ ਸਮਾਂ ਸੋਨ-ਸੌਦਾਗਰ ਬਣਿਆ ਤੇ ਡਾਕੇ ਮਾਰੇ ਪਰ ਹੁਣ ਕਾਫੀ ਸਮੇਂ ਤੋਂ ਇਹ ਕੰਮ ਤੋਂ ਤੋਬਾ ਕਰ ਲਈ ਸੀ। ਮੇਰਾ ਇਹ ਭਤੀਜਾ ਬੜਾ ਦਲੇਰ ਹੈ ਤੇ ਇਹ ਸਮਾਨ ਦੀ ਢੋਆ ਢੁਆਈ ਕਰਦਾ ਹੈ ਪਰ ਹਾਲੇ ਅਣਜਾਣ ਹੈ। ਤੁਹਾਡੇ ਕੰਮ ਲਈ ਮੈਨੂੰ ਫੌਜ ਨੇ ਬੁੱਢੇ ਵਾਰੇ ਫਿਰ ਇੱਧਰ ਭੇਜ ਦਿੱਤਾ ਪਰ ਮੈਂ ਤੁਹਾਨੂੰ ਤੁਹਾਡੀ ਥਾਂ ਤੇ ਪਹੁੰਚਾ ਆਵਾਂਗਾ। ਫਿਰ ਤੁਸੀਂ ਮੇਰੇ ਭਤੀਜੇ ਨਾਲ ਕੰਮ ਕਰਦੇ ਰਹਿਣਾ ਕਿਉਂਕਿ ਇਹ ਇਲਾਕਾ ਸਿਰਫ ਜੁਆਨਾਂ ਲਈ ਹੈ।

ਉਹ ਪੁਰਾਣੇ ਵੇਲੇ ਨੂੰ ਯਾਦ ਕਰਕੇ ਦੱਸਣ ਲੱਗਿਆ ਕਿ ਜਿੱਥੇ ਹੁਣ ਆਪਾਂ ਬੈਠੇ ਹਾਂ, ਇੱਕ ਵਾਰ ਇੱਥੇ ਮੇਰੇ ਦੋ ਸਾਥੀ ਊਠਾਂ ਸਮੇਤ ਹੀ ਦਲਦਲ ਵਿੱਚ ਗੁਆਚ ਗਏ ਸੀ। ਕਈ ਥਾਂ ਦਲਦਲ ਇਹੋ ਜਿਹੀ ਹੈ ਕਿ ਹਰ ਚੀਜ ਨੂੰ ਥੱਲੇ ਖਿੱਚ ਲੈਂਦੀ ਹੈ ਤੁਹਾਡੇ ਦੇਖਦਿਆਂ-ਦੇਖਦਿਆਂ ਊਠ ਵਰਗਾ ਜਾਨਵਰ ਵੀ ਥੱਲੇ ਚਲਿਆ ਜਾਂਦਾ ਹੈ। ਉਦੋਂ ਸਾਡੇ ਕੋਲ ਇਸ ਇਲਾਕੇ ਵਿੱਚ ਦਿਨ ਕੱਟਣ ਲਈ ਸਾਰੇ ਤਰ੍ਹਾਂ ਦਾ ਸਾਜੋ ਸਾਮਾਨ ਹੁੰਦਾ ਸੀ, ਦਲਦਲ ਅਤੇ ਧੁੱਪ ਤੋਂ ਬਚਣ ਲਈ (ਹੁਣ ਵੀ ਵੱਡੇ ਊਠ ਦੀ ਪਿੱਠ ਤੇ ਇੱਕ ਮੋਟਾ ਰੱਸਾ ਲਮਕਦਾ ਸੀ)। ਫੇਰ ਮੈਨੂੰ ਚੌਂਕੀ ਦੇ ਮੇਜਰ ਦੀਆਂ ਗੱਲਾਂ ਯਾਦ ਆ

ਗਈਆਂ ਕਿ ਉਸ ਤੋਂ ਪਹਿਲਾਂ ਇੱਕ ਵਾਰ ਇਸ ਚੌਂਕੀ ਤੇ ਭਾਰਤ ਵਾਲੇ ਪਾਸਿਓਂ ਬੰਗਲਾਦੇਸ਼ੀ ਪਰਿਵਾਰਾਂ ਦਾ ਇੱਕ ਟੋਲਾ ਆਇਆ ਸੀ। ਜਿਹੜਾ ਪੈਸੇ ਦੇ ਕੇ ਉਧਰੋਂ ਕਿਸੇ ਪਾਂਡੀ ਨੂੰ ਨਾਲ ਲੈ ਕੇ ਆਇਆ ਸੀ। ਇੱਥੇ ਸਿਰਫ ਦਸ ਬਾਰਾਂ ਬੰਦੇ ਤੇ ਉਹ ਪਾਂਡੀ ਹੀ ਪਹੁੰਚਿਆ ਸੀ ਤੇ ਉਹ ਵੀ ਬਿਲਕੁਲ ਮਰਨ ਦੇ ਕਿਨਾਰੇ ਸਨ। ਰਾਹ ਭਟਕਣ ਕਰਕੇ ਉਹਨਾਂ ਦੇ ਵੀਹ ਕੁ ਬੰਦੇ ਰਾਹ ਵਿੱਚ ਹੀ ਦਲਦਲ, ਧੁੱਪ ਅਤੇ ਪਿਆਸ ਦੀ ਭੇਟ ਚੜ੍ਹ ਗਏ।

ਅਸੀਂ ਉਸ ਜਗ੍ਹਾ ਤੇ ਘੰਟਾ ਕੁ ਬੈਠੇ ਰਹੇ ਕਿਉਂਕਿ ਉਹ ਨੌਜਵਾਨ ਪਾਂਡੀ ਕੁਝ ਭੁਲੇਖੇ ਜਿਹੇ ਵਿੱਚ ਪੈ ਗਿਆ ਸੀ ਤੇ ਕੁਝ ਘਬਰਾਇਆ ਹੋਇਆ ਵੀ ਸੀ। ਫੇਰ ਅਸੀਂ ਬਹੁਤ ਹੌਲੀ-ਹੌਲੀ ਉਸ ਭਾਰੀ ਦਲਦਲ ਵਿਚੋਂ ਕਦੀ ਏਧਰ ਕਦੇ ਓਧਰ ਕਦੀ ਅੱਗੇ ਕਦੀ ਪਿੱਛੇ, ਇਸ ਤਰ੍ਹਾਂ ਚੱਲ ਕੇ ਪੌਣੇ ਕੁ ਘੰਟੇ ਬਾਅਦ ਫਿਰ ਕੁਝ ਸੁੱਕੀ ਜਮੀਨ ਤੇ ਅੱਪੜੇ। ਇਹ ਊਠ ਬੜੇ ਹੀ ਸਮਝਦਾਰ ਤੇ ਆਗਿਆਕਾਰ ਸੀ, ਜਿਵੇਂ ਉਹ ਕਹਿੰਦੇ ਉਹ ਉੱਥੇ ਹੀ ਪੈਰ ਰੱਖਦੇ ਸੀ ਤੇ ਜਿੱਥੇ ਉਹ ਰੋਕਦੇ ਉਹ ਉੱਥੇ ਹੀ ਰੁਕ ਜਾਂਦੇ ਸੀ। ਅਸੀਂ ਕੋਈ ਘੰਟਾ ਭਰ ਕੁਝ ਬਿਹਤਰ ਰਸਤੇ ਤੇ ਤੇਜ ਤੁਰਦੇ ਰਹੇ। ਦੋ ਕੁ ਵਜੇ ਦੇ ਕਰੀਬ ਅਸੀਂ ਇੱਕ ਥਾਂ ਰੁਕ ਗਏ। ਓਦੋਂ ਤੱਕ ਪਿਆਸ ਵੀ ਲੱਗੀ ਤੇ ਕੁਝ ਖਾਣ ਨੂੰ ਜੀਅ ਵੀ ਕਰਦਾ ਸੀ।

ਇੱਥੇ ਆ ਕੇ ਉਸ ਬਜੁਰਗ ਨੇ ਆਪਣੇ ਭਤੀਜੇ ਨੂੰ ਰੋਕ ਲਿਆ ਅਤੇ ਦੋਵੇਂ ਆਪਣੀ ਭਾਸ਼ਾ (ਗੁਜਰਾਤੀ ਜਾਂ ਰਾਜਸਥਾਨੀ) ਵਿੱਚ ਗੱਲਾਂ ਕਰਨ ਲੱਗ ਪਏ। ਕੁਝ ਪਲਾਂ ਵਿਚ ਹੀ ਉਹ ਬਜੁਰਗ ਗੁੱਸੇ ਵਿੱਚ ਆ ਗਿਆ ਤੇ ਉਸਨੇ ਆਪਣੇ ਭਤੀਜੇ ਨੂੰ ਝਿੜਕਾਂ ਮਾਰੀਆਂ। ਅਸੀਂ ਉਹਨਾਂ ਨੂੰ ਪੁੱਛਿਆ ਕਿ ਕੀ ਗੱਲ ਹੋਈ? ਓਹ ਬਜੁਰਗ ਨੇ ਕਿਹਾ ਕਿ ਹੁਣ ਤਕ ਸਾਨੂੰ ਭਾਰਤ ਵਾਲੇ ਪਾਸੇ ਸੜਕ ਤੇ ਵਸੇ ਪਿੰਡਾਂ ਅਤੇ ਬੀਐਸਐਫ ਦੀਆਂ ਚੌਂਕੀਆਂ ਦੀਆਂ ਬੱਤੀਆਂ ਦਿਖਣੀਆਂ ਚਾਹੀਦੀਆਂ ਸਨ ਪਰ ਹਾਲੇ ਤਕ ਕੁਝ ਨਹੀਂ ਦਿਖ ਰਿਹਾ। ਉਹਨੇ ਕਿਹਾ ਕਿ ਜਾਂ ਤਾਂ ਅਸੀਂ ਇੱਕੋ ਥਾਂ ਘੁੰਮੀ ਜਾ ਰਹੇ ਹਾਂ ਜਾਂ ਗਲਤ ਦਿਸ਼ਾ ਫੜ ਲਈ ਹੈ। ਇਹ ਗੱਲ ਸੁਣ ਕੇ ਬਾਬਾ ਪਿਆਰਾ ਗਰਮ ਹੋ ਗਿਆ ਤੇ ਕੁਝ ਕਾਹਲਾ ਵੀ ਪੈ ਗਿਆ। ਮੈਂ ਉਹਨੂੰ ਬਾਂਹ ਤੋਂ ਫੜ ਕੇ ਬੈਠ ਜਾਣ ਲਈ ਕਿਹਾ। ਹੁਣ ਅਸੀਂ ਚਾਰੇ ਜਣੇ ਬੈਠ ਗਏ। ਮੈਂ ਓਹਨਾਂ ਨੂੰ ਕਿਹਾ ਕਿ 'ਤੁਸੀਂ ਝਗੜਨਾ ਬੰਦ ਕਰੋ ਤੇ ਠੰਢੇ ਦਿਮਾਗ ਨਾਲ ਸੋਚੋ ਕਿ ਹੁਣ ਕੀ ਕਰਨਾ ਹੈ ਤੇ ਕਿੱਧਰ ਨੂੰ ਜਾਣਾ ਹੈ', ਭਤੀਜਾ ਹੁਣ ਕੁਝ ਠੰਢਾ ਹੋ ਗਿਆ ਸੀ ਤੇ ਉਸ ਨੇ ਜਿਵੇਂ ਦਿਲੋਂ ਆਪਣੀ ਗਲਤੀ ਮੰਨ ਲਈ ਸੀ। ਹੁਣ ਸਭ ਕੁਝ ਆਪਣੇ ਚਾਚੇ ਤੇ ਛੱਡ ਦਿੱਤਾ ਸੀ।

ਕੁਝ ਮਿੰਟ ਅਸੀਂ ਉਸੇ ਤਰ੍ਹਾਂ ਹੀ ਬੈਠੇ ਰਹੇ। ਫਿਰ ਉਹ ਬਜੁਰਗ ਉੱਠਿਆ, ਥੋੜ੍ਹਾ ਅੱਗੇ ਜਾ ਕੇ ਅਸਮਾਨ ਵੱਲ ਦੇਖਿਆ ਤੇ ਪੱਬਾਂ ਭਾਰ ਬੈਠ ਕੇ ਕੁਝ ਸੋਚਣ ਲੱਗ

ਪਿਆ। ਫਿਰ ਉਸਨੇ ਆਪਣੇ ਭਤੀਜੇ ਨੂੰ ਬੁਲਾਇਆ ਤੇ ਉਸ ਨੂੰ ਕੁਝ ਸਮਝਾਇਆ। ਫਿਰ ਉਹ ਸਾਡੇ ਕੋਲ ਆਏ ਤੇ ਬੈਠ ਗਏ। ਦਿਨ ਚੜ੍ਹਨ ਨੂੰ ਹਾਲੇ ਢਾਈ ਕੁ ਘੰਟੇ ਸੀ। ਉਹ ਬਜ਼ੁਰਗ ਰਲਵੀਂ ਮਿਲਵੀਂ ਜਿਹੀ ਉਰਦੂ ਬੋਲ ਲੈਂਦਾ ਸੀ। ਉਸ ਨੇ ਬੜੇ ਗੰਭੀਰ ਹੋ ਕੇ ਦੱਸਿਆ ਕਿ ਆਪਾਂ ਰਸਤੇ ਤੋਂ ਭਟਕ ਗਏ ਹਾਂ। ਇਹ ਮੇਰੇ ਭਤੀਜੇ ਨੂੰ ਭੁਲੇਖਾ ਲੱਗ ਗਿਆ। ਹਾਲੇ ਤਕ ਸਾਨੂੰ ਪੂਰਬ ਤੋਂ ਦੱਖਣ ਵੱਲ ਕੋਈ ਰੌਸ਼ਨੀ ਨਹੀਂ ਦਿਖ ਰਹੀ। ਇਸ ਦਾ ਮਤਲਬ ਹੈ ਕਿ ਅਸੀਂ ਹਾਲੇ ਬਹੁਤ ਪਿੱਛੇ ਹਾਂ ਅਤੇ ਤੜਕੇ ਤਕ ਆਪਣੀ ਮੰਜਿਲ ਤਕ ਨਹੀਂ ਪਹੁੰਚ ਸਕਣਾ। ਦਿਨ ਚੜ੍ਹੇ ਰਣ ਖੇਤਰ ਵਿੱਚ ਤੁਰਨਾ ਉਕਾ ਹੀ ਠੀਕ ਨਹੀਂ। ਜੇ ਵਸੋਂ ਨੇੜੇ ਹੋਈ ਤਾਂ ਅਸੀਂ ਦਿਖ ਜਾਵਾਂਗੇ।

ਹੁਣ ਬਾਬੇ ਪਿਆਰੇ ਦੇ ਗਰਮ ਹੋਣ ਦੀ ਵਾਰੀ ਸੀ। ਉਹਨੂੰ ਪਹਿਲਾਂ ਹੀ ਜੁਆਨ ਪਾਂਡੀ ਉਤੇ ਯਕੀਨ ਨਹੀਂ ਸੀ। ਉਹਨੇ ਗੁੱਸੇ ਵਿੱਚ ਕਿਹਾ ਕਿ ਫੇਰ ਹੁਣ ਕੀ ਕਰੀਏ? ਉਸ ਬਜ਼ੁਰਗ ਨੇ ਕਿਹਾ ਕਿ ਹੁਣ ਆਪਾਂ ਦਿਨ ਚੜ੍ਹਦੇ ਤਕ ਤੁਰਦੇ ਜਾਣਾ ਹੈ ਤੇ ਜਦੋਂ ਉਧਰ ਵਾਲੇ ਪਾਸੇ ਵਸੋਂ ਦੀ ਰੌਸ਼ਨੀ ਦਿਖੀ ਉੱਥੇ ਹੀ ਰੁਕ ਜਾਵਾਂਗੇ ਤੇ ਅਗਲਾ ਦਿਨ ਢਲਣ ਤੱਕ ਸਾਰਾ ਸਮਾਂ ਉੱਥੇ ਹੀ ਸਾਨੂੰ ਊਠਾਂ ਦੇ ਨਾਲ ਲੱਗ ਕੇ ਕੱਟਣਾ ਪਵੇਗਾ। ਫਿਰ ਸ਼ਾਮ ਨੂੰ ਚੱਲ ਪਵਾਂਗੇ ਤੇ ਫਿਰ ਆਪਾਂ ਸੜਕ ਤੱਕ ਪਹੁੰਚ ਜਾਵਾਂਗੇ। ਮੈਂ ਆਖਿਆ ਕਿ ਹੋ ਸਕਦਾ ਹੈ ਕਿ ਸਾਡੇ ਬੰਦੇ ਅਗਲੇ ਦਿਨ ਉੱਥੇ ਸਾਡੀ ਉਡੀਕ ਨਾ ਕਰਨ। ਫਿਰ ਉਸ ਨੇ ਬੜੇ ਠਰੰਮੇ ਨਾਲ ਕਿਹਾ ਕਿ 'ਤੁਸੀਂ ਮੇਰੀ ਜਿੰਮੇਵਾਰੀ ਹੋ ਤੇ ਮੈਂ ਤੁਹਾਨੂੰ ਸਹੀ ਸਲਾਮਤ ਪਹੁੰਚਾ ਦੇਵਾਂਗਾ। ਮੇਰੇ ਇੱਥੇ ਬਹੁਤ ਰਿਸ਼ਤੇਦਾਰ ਤੇ ਸੱਜਣ ਮਿੱਤਰ ਹਨ ਜੋ ਮੇਰੇ ਲਈ ਕੁਝ ਵੀ ਕਰ ਸਕਦੇ ਹਨ। ਆਪਾਂ ਓਹਨਾਂ ਕੋਲ ਚਲੇ ਜਾਵਾਂਗੇ।' ਕੁਝ ਸਮਾਂ ਅਸੀਂ ਇਸ ਗੱਲ ਦੇ ਮਤਲਬ ਨੂੰ ਆਪਣੀ ਸਮਝ ਵਿਚ ਉਤਾਰਨ ਲਈ ਲਿਆ। ਅਸੀਂ ਦੋਵੇਂ ਜਣੇ ਅਤੇ ਉਹ ਸਮਾਨ ਵੀ ਖਤਰੇ ਵਿਚ ਸੀ, ਜਿਸ ਲਈ ਐਡਾ ਖਤਰਾ ਮੁੱਲ ਲਿਆ ਸੀ।

ਹੁਣ ਸਾਡੇ ਲਈ ਪਰਖ ਤੇ ਜੰਗ ਦੀ ਘੜੀ ਆ ਗਈ ਸੀ ਤੇ ਅਸੀਂ ਆਪਣੀ ਪਹਿਲਾਂ ਵਾਲੀ ਬੇਫਿਕਰੀ ਅਤੇ ਬੇਪਰਵਾਹੀ ਨੂੰ ਤਿਆਗ ਦਿੱਤਾ। ਅਸੀਂ ਸਾਰੇ ਗੰਭੀਰ ਹੋ ਗਏ। ਕਾਫਲੇ ਦੀ ਅਗਵਾਈ ਉਸ ਬਜ਼ੁਰਗ ਨੇ ਸੰਭਾਲ ਲਈ ਸੀ ਤੇ ਹੁਣ ਉਹ ਅੱਗੇ-ਅੱਗੇ ਤੁਰਨ ਲੱਗਿਆ। ਉਹਦੇ ਬਦਲੇ ਹੋਏ ਤੌਰ ਤਰੀਕੇ ਨੂੰ ਵੇਖ ਕੇ ਮੈਨੂੰ ਲੱਗਿਆ ਕਿ ਉਹ ਹੁਣ ਆਪਣੇ ਜਵਾਨੀ ਵਾਲੇ ਰੌਅ ਵਿੱਚ ਆ ਗਿਆ। ਉਹ ਬੜਾ ਦਲੇਰ, ਦ੍ਰਿੜ੍ਹ-ਚਿਤ ਅਤੇ ਇਕਾਗਰ ਬੰਦਾ ਸੀ। ਉਸ ਦਾ ਭਤੀਜਾ ਹੁਣ ਬਿਲਕੁਲ ਉਸ ਦੀ ਛਾਂ ਹੇਠ ਆ ਗਿਆ ਸੀ। ਅਸੀਂ ਇਸ ਤਰ੍ਹਾਂ ਕੋਈ ਸਾਢੇ ਚਾਰ ਕੁ ਵਜੇ ਤਕ ਤੁਰਦੇ ਰਹੇ।

ਹੁਣ ਬਹੁਤ ਦੂਰ ਪੂਰਬ ਤੇ ਦੱਖਣ ਵੱਲ ਦੇ ਦਿਸਹੱਦਿਆਂ ਤੇ ਰੌਸ਼ਨੀਆਂ ਦੀਆਂ

ਛੋਟੀਆਂ-ਛੋਟੀਆਂ ਝਲਕਾਂ ਦਿਖਣ ਲੱਗ ਪਈਆਂ। ਕੁਝ ਦੂਰ ਹੋਰ ਚੱਲ ਕੇ ਹੁਣ ਪੰਜ ਛੇ ਥਾਵਾਂ ਤੇ ਇਸ ਤਰ੍ਹਾਂ ਵਿਖਾਈ ਦਿੰਦਾ ਸੀ ਜਿਵੇਂ ਕੋਈ ਦੂਰ ਕਿਤੇ ਅੱਗ ਲੱਗੀ ਹੋਵੇ। ਉਸ ਬਜੁਰਗ ਨੇ ਸਾਨੂੰ ਇਥੇ ਰੋਕ ਲਿਆ ਸੀ। ਅਸੀਂ ਬੈਠ ਗਏ। ਦਿਨ ਚੜ੍ਹਨ ਵਿੱਚ ਘੰਟਾ ਕੁ ਰਹਿੰਦਾ ਸੀ। ਪਿਛਲੇ ਦੋ ਕੁ ਘੰਟੇ ਅਸੀਂ ਕਾਫੀ ਤੇਜ ਤੁਰੇ ਸੀ ਤੇ ਹੁਣ ਥੱਕ ਵੀ ਗਏ ਸੀ। ਰਾਹ ਵਿਚ ਕਈ ਥਾਂ ਬਹੁਤ ਦਲਦਲ ਸੀ ਤੇ ਗਿੱਟਿਆਂ ਤੱਕ ਅੰਦਰ ਚਲੇ ਜਾਂਦੇ ਸੀ। ਊਠਾਂ ਦਾ ਪੂਰਾ-ਪੂਰਾ ਪੈਰ ਥੱਲੇ ਚਲਿਆ ਜਾਂਦਾ ਸੀ। ਸਾਡੇ ਕੋਲ ਪਾਣੀ ਤੇ ਮਿਲਕ ਕੇਕ ਹੀ ਸੀ। ਉਸ ਬਜੁਰਗ ਨੇ ਕਿਹਾ ਕਿ ਆਪਾਂ ਨੂੰ ਇੱਥੇ ਹੀ ਊਠਾਂ ਦੀ ਛਾਂ ਵਿਚ ਲੇਟਣਾ ਪਵੇਗਾ। ਦਿਨ ਦੀ ਤਿੱਖੀ ਧੁੱਪ ਅਤੇ ਲੂਅ ਦਾ ਸਾਹਮਣਾ ਕਰਨ ਲਈ ਸਾਡੇ ਕੋਲ ਕੋਈ ਭਾਰੀ ਕੱਪੜੇ ਨਹੀਂ ਸੀ ਕਿਉਂਕਿ ਇਹ ਮੁਸ਼ਕਲ ਦੀ ਕਲਪਨਾ ਸਾਡੀ ਵਿਉਂਤ ਦਾ ਹਿੱਸਾ ਹੀ ਨਹੀਂ ਸੀ। ਅਸੀਂ ਸਿਰਫ ਰਾਤ ਦੀਆਂ ਲੋੜਾਂ ਅਤੇ ਖਤਰਿਆਂ ਦੀ ਤਿਆਰੀ ਨਾਲ ਹੀ ਤੁਰੇ ਸੀ।

ਉਹ ਬਜੁਰਗ ਦੇ ਭਤੀਜੇ ਨੇ ਊਠਾਂ ਨੂੰ ਥੱਲੇ ਬਿਠਾ ਦਿੱਤਾ ਤੇ ਥੱਲੇ ਬਿਠਾਉਂਦਿਆਂ ਉਸ ਨੇ ਦੇਖਿਆ ਕਿ ਵੱਡੇ ਊਠ ਉਤੇ ਜਿਹੜੀ ਪਾਣੀ ਦੀ ਮਸ਼ਕ ਸੀ, ਜੋ ਚੜ੍ਹਨ ਵਾਲੇ ਦਿਨ ਵਿਚ ਸਾਡੇ ਜੀਵਨ ਦਾ ਆਧਾਰ ਸੀ, ਉਹ ਹੁਣ ਨਹੀਂ ਸੀ। ਅਸਲ ਵਿਚ ਮਸ਼ਕ ਵੱਡੇ ਊਠ ਤੇ ਸਾਰੀ ਰਾਤ ਚੋਂਦੀ ਰਹੀ ਤੇ ਹੁਣ ਤੱਕ ਪੂਰੀ ਖਤਮ ਹੋ ਚੁੱਕੀ ਸੀ। ਇਹ ਗੱਲ ਸੁਣ ਕੇ ਸਾਰੇ ਹੀ ਸੁੰਨ ਹੋ ਗਏ। ਬਾਬੇ ਪਿਆਰੇ ਨੇ ਪਿਛੇ ਹੱਟ ਕੇ ਏਕੇ-੪੭ ਨੂੰ ਸੂਤ ਲਿਆ ਤੇ ਭਤੀਜੇ ਵੱਲ ਇਸ਼ਾਰਾ ਕਰਕੇ ਕਿਹਾ ਕਿ ਇਹ ਬੰਦਾ ਬੇਈਮਾਨ ਹੈ ਤੇ ਸਾਨੂੰ ਮਾਰਨਾ ਚਾਹੁੰਦਾ ਹੈ ਪਰ ਮਰਨ ਤੋਂ ਪਹਿਲਾਂ ਮੈਂ ਇਹਦੇ ਗੋਲੀ ਮਾਰ ਦੇਣੀ ਹੈ। ਉਹ ਜੁਆਨ ਜੋ ਪਹਿਲਾਂ ਰਾਹ ਭੁਲਣ ਕਰਕੇ ਅਤੇ ਹੁਣ ਪਾਣੀ ਮੁਕਣ ਦੇ ਸਦਮੇ ਕਰਕੇ ਪਹਿਲਾਂ ਹੀ ਅਪਰਾਧੀ ਮਹਿਸੂਸ ਕਰਦਾ ਸੀ, ਉਹਨੇ ਬਾਬੇ ਦੀ ਗੱਲ ਦਾ ਕੋਈ ਜੁਆਬ ਨਹੀਂ ਦਿੱਤਾ। ਉਹ ਨਿਮੋਝੂਣਾ ਜਿਹਾ ਹੋ ਕੇ ਖੜ੍ਹਾ ਰਿਹਾ।

ਮੈਂ ਛੇਤੀ ਦੇਣੀ ਜਾ ਕੇ ਬਾਬੇ ਨੂੰ ਬਾਂਹ ਤੋਂ ਫੜਿਆ ਤੇ ਉਸ ਨੂੰ ਦੂਰ ਲੈ ਗਿਆ ਤੇ ਸਮਝਾਇਆ ਕਿ ਤੂੰ ਆਪਣੇ ਆਪ ਨੂੰ ਸੰਭਾਲ। ਇਸ ਮੁਸੀਬਤ ਵਿੱਚ ਆਪਾਂ ਸਾਰੇ ਇਕੱਠੇ ਹੀ ਮਰਾਂਗੇ। ਉਹ ਭਲਾ ਆਪਾਂ ਨੂੰ ਕਿਉਂ ਮਾਰਨਗੇ? ਜੇ ਆਪਾਂ ਨੂੰ ਕੁਝ ਹੁੰਦਾ ਹੈ ਤਾਂ ਪਿੱਛੇ ਓਹਨਾਂ ਦੇ ਪਰਿਵਾਰ ਮਾਰੇ ਜਾਣਗੇ ਤੇ ਇਹ ਬੰਦੇ ਵੀ ਬਚ ਨਹੀਂ ਸਕਣੇ। ਬਾਬਾ ਮੇਰੀ ਗੱਲ ਸੁਣ ਕੇ ਠੰਢਾ ਨਾ ਹੋਇਆ। ਓਨੇ ਹੀ ਗੁੱਸੇ ਵਿਚ ਕਹਿਣ ਲੱਗਾ ਕਿ ਪਹਿਲਾਂ ਇਹ ਗਲਤ ਦਿਸ਼ਾ ਵੱਲ ਲੈ ਗਿਆ ਤੇ ਹੁਣ ਮਸ਼ਕ ਚੋਅ ਗਈ। ਇਹਨੂੰ ਦੋਵਾਂ ਗੱਲਾਂ ਦਾ ਹੀ ਪਤਾ ਨਹੀਂ ਲੱਗਿਆ? ਮੈਂ ਕਿਹਾ ਕਿ ਇਹ ਠੀਕ ਹੈ ਕਿ ਆਪਾਂ ਭਟਕ ਗਏ ਹਾਂ, ਪਰ ਇਹਦੇ ਵਿੱਚ ਓਹਨਾਂ ਨੂੰ ਕੀ ਫਾਇਦਾ? ਪਾਣੀ ਤੇ ਸਾਰਿਆਂ ਲਈ ਇੱਕੋ ਜਿਹਾ ਜਰੂਰੀ ਹੈ। ਤੂੰ ਠੰਢਾ ਰਹਿ। ਕੁਝ ਹੋਰ ਗੱਲਾਂ ਕਹਿਣ ਉਤੇ ਉਹ ਮੰਨ

ਗਿਆ ਪਰ ਉਸ ਨੇ ਕਿਹਾ ਕਿ ਮੈਂ ਹੁਣ ਤੁਹਾਡੇ ਤੋਂ ਥੋੜ੍ਹਾ ਫਾਸਲੇ ਤੇ ਪਿੱਛੇ ਰਹਾਂਗਾ। ਇਹਨਾਂ ਦੋਵਾਂ ਤੇ ਮੇਰੀ ਨਿਗ੍ਹਾ ਰਹੇਗੀ।

ਫੇਰ ਅਸੀਂ ਸਾਰੇ ਦੁਬਾਰਾ ਇਕੱਠੇ ਹੋ ਗਏ ਤੇ ਮੈਂ ਓਹਨਾਂ ਦੋਵਾਂ ਨੂੰ ਕਿਹਾ ਕਿ ਮੁਸੀਬਤਾਂ ਵਿੱਚ ਕਈ ਵਾਰ ਬੰਦੇ ਨੂੰ ਗੁੱਸਾ ਆ ਜਾਂਦਾ ਹੈ, ਤੁਸੀਂ ਬੁਰਾ ਨਾ ਮਨਾਇਓ। ਉਹ ਬਜ਼ੁਰਗ ਪਾਂਡੀ ਬੋਲਿਆ ਕਿ ਸਾਡੇ ਤੋਂ ਗਲਤੀ ਜਰੂਰ ਹੋਈ ਹੈ ਪਰ ਇਹ ਸਾਡੇ ਵੱਸ ਵਿੱਚ ਨਹੀਂ ਸੀ। ਮੈਂ ਤਾਂ ਪੰਦਰਾਂ ਸਾਲਾਂ ਬਾਅਦ ਏਧਰ ਨੂੰ ਆਇਆ ਹਾਂ ਤੇ ਇਨ੍ਹਾਂ ਜਵਾਨਾਂ ਚ ਜੋਸ਼ ਜਿਆਦਾ ਹੈ, ਹੋਸ਼ ਘੱਟ। ਉਸ ਨੇ ਕਿਹਾ ਕਿ ਹੁਣ ਆਪਾਂ ਹਨੇਰਾ ਪਏ ਤੋਂ ਹੀ ਇੱਥੋਂ ਤੁਰਾਂਗੇ। ਇੱਥੇ ਹੀ ਡੇਰਾ ਪਾ ਲਈਏ। ਹਾਲੇ ਤਿੰਨ ਕੁ ਘੰਟੇ ਮੌਸਮ ਠੰਢਾ ਰਹਿਣਾ ਹੈ। ਆਰਾਮ ਕਰ ਲਈਏ। ਕੋਸ਼ਿਸ਼ ਕਰੋ ਕਿ ਕੁਝ ਚਿਰ ਸੌਂ ਲਈਏ। ਉਸ ਤੋਂ ਬਾਅਦ ਬਹੁਤ ਗਰਮੀ ਹੋ ਜਾਣੀ ਹੈ ਤੇ ਆਪਣੇ ਕੋਲ ਪਾਣੀ ਬਹੁਤ ਥੋੜ੍ਹਾ ਹੈ। ਇਸ ਕਰਕੇ ਸਿਰਫ ਮੂੰਹ ਹੀ ਗਿੱਲਾ ਕਰੋ। ਪਿਸ਼ਾਬ ਬਿਲਕੁਲ ਨਾ ਕਰੋ, ਉਹਨੂੰ ਵੀ ਰੋਕ ਕੇ ਰੱਖੋ। ਮਿਠਿਆਈ ਵੀ ਹੁਣ ਹਿਸਾਬ ਨਾਲ ਹੀ ਖਾਓ। ਇਹਦੇ ਨਾਲ ਵੀ ਤ੍ਰੇਹ ਲੱਗਦੀ ਹੈ। ਲੁਕਣ ਤੋਂ ਵੀ ਵੱਡੀ ਮੁਸ਼ਕਲ ਹੁਣ ਪਾਣੀ ਦੀ ਹੈ, ਉਸ ਨੂੰ ਸੰਜਮ ਨਾਲ ਵਰਤੋਂ। ਹਾਲੇ ੨੪ ਘੰਟੇ ਇਸ ਪਾਣੀ ਨਾਲ ਕੱਟਣੇ ਹਨ। ਸਾਡੇ ਕੋਲ ਲੀਟਰ-ਲੀਟਰ ਦੀਆਂ ਬੋਤਲਾਂ ਸਨ, ਜੋ ਤਕਰੀਬਨ ਮੁੱਕ ਗਈਆਂ ਸੀ। ਸਾਡਾ ਬਚਾਓ ਛੋਟੇ ਊਠ ਤੇ ਇਕ ਵਾਧੂ ਟੰਗੀ ਚਾਰ ਕੁ ਲੀਟਰ ਦੀ ਮਸ਼ਕ ਨੇ ਕੀਤਾ ਜਿਸ ਨਾਲ ਅਸੀਂ ਆਪਣੀਆਂ ਬੋਤਲਾਂ ਭਰ ਲਈਆਂ। ਜੇ ਇਹ ਛੋਟੀ ਮਸ਼ਕ ਨਾ ਹੁੰਦੀ ਤਾਂ ਅਸੀਂ ਨਾ ਅੱਗੇ ਜਾ ਸਕਦੇ ਸੀ ਤੇ ਨਾ ਪਿੱਛੇ, ਰਣ ਵਿੱਚ ਤਿਹਾਏ ਹੀ ਮਰ ਜਾਣਾ ਸੀ। ਇਹ ਪਾਣੀ ਸਾਡੇ ਲਈ ਕਿੰਨਾ ਕੀਮਤੀ ਸੀ ਕੋਈ ਅਜਿਹੀ ਮੁਸ਼ਕਲ ਵਿਚੋਂ ਲੰਘਿਆ ਬੰਦਾ ਹੀ ਸਮਝ ਸਕਦਾ ਹੈ। ਪਹਿਲਾਂ ਲੋਕ ਸ਼ਾਇਦ ਤਾਂ ਹੀ ਪਾਣੀ ਦੀ ਕਦਰ ਕਰਦੇ ਸਨ ਕਿਉਂਕਿ ਉਹ ਸਾਰੇ ਹੀ ਇਸ ਤਰ੍ਹਾਂ ਦੀ ਔਖ ਚ ਲੰਘਦੇ ਸਨ।

ਫਿਰ ਸਾਰੇ ਜਣੇ ਗੱਲਾਂ ਕਰਨ ਲੱਗ ਪਏ ਕਿ ਮਸ਼ਕ ਕਿਵੇਂ ਚੋਅ ਗਈ ਤੇ ਪਤਾ ਕਿਉਂ ਨਹੀਂ ਲੱਗਿਆ। ਸਾਡਾ ਇਹ ਗੱਲ ਉਤੇ ਧਿਆਨ ਹੀ ਕਿਉਂ ਨਹੀਂ ਗਿਆ। ਉਸ ਜੁਆਨ ਨੇ ਸਾਰੀ ਮਸ਼ਕ ਨੂੰ ਟੋਹ ਕੇ ਵੇਖਿਆ ਪਰ ਉਹਨੂੰ ਇਸ ਬਾਰੇ ਕੋਈ ਸਮਝ ਨਹੀਂ ਲੱਗੀ। ਓਹਨਾਂ ਨੇ ਕਿਹਾ ਕਿ ਹੋ ਸਕਦਾ ਹੈ ਸਾਡੇ ਕਿਸੇ ਦੁਸ਼ਮਣ ਦਾ ਕੰਮ ਹੋਵੇ। ਸਾਨੂੰ ਵੀ ਇਸ ਬਾਰੇ ਕੋਈ ਸਮਝ ਨਹੀਂ ਲੱਗੀ ਕਿ ਨਵੀਂ ਅਤੇ ਮਜਬੂਤ ਮਸ਼ਕ ਵਿੱਚੋਂ ਬਿਲਕੁਲ ਥੱਲੇ ਤੋਂ ਪਾਣੀ ਕਿਵੇਂ ਚੋਇਆ ਸੀ। ਹਾਲਾਤ ਹੀ ਐਸੇ ਸਨ ਕਿ ਸਾਡਾ ਮਨ ਵੀ ਕਿਸੇ ਸਾਜਿਸ਼ ਵੱਲ ਦੇਖ ਰਿਹਾ ਸੀ ਪਰ ਸਾਨੂੰ ਕੋਈ ਸਮਝ ਨਹੀਂ ਲੱਗੀ ਕਿ ਇਸ ਵਿੱਚ ਕਿਸੇ ਦਾ ਕੀ ਮੰਤਵ ਹੈ? ਫਿਰ ਅਸੀਂ ਇਸ ਬਾਰੇ ਸੋਚਣਾ ਛੱਡ ਦਿੱਤਾ ਤੇ ਵਾਹਿਗੁਰੂ ਤੇ ਡੋਰੀ ਛੱਡ ਦਿੱਤੀ।

ਤਿੰਨ ਕੁ ਘੰਟੇ ਅਸੀਂ ਸਾਰੇ ਜਣੇ ਹੀ ਧਰਤੀ ਉੱਪਰ ਪਏ ਰਹੇ। ਉਠ ਵੀ ਬੈਠੇ ਰਹੇ। ਮੈਂ ਪਹਿਲਾਂ ਹੀ ਨਿਤਨੇਮ ਸ਼ੁਰੂ ਕੀਤਾ ਹੋਇਆ ਸੀ, ਸੰਪੂਰਨ ਕਰ ਕੇ ਮੈਂ ਵੀ ਕੁਝ ਸਮਾਂ ਸੌਂ ਗਿਆ। ਅਸੀਂ ਉਦੋਂ ਹੀ ਉੱਠੇ ਜਦੋਂ ਸੂਰਜ ਦੀ ਗਰਮੀ ਲੱਗਣ ਲੱਗ ਪਈ। ਉੱਥੇ ਸਵੇਰੇ ਨੌਂ ਕੁ ਵਜੇ ਤੋਂ ਬਾਅਦ ਹੀ ਆਲਾ ਦੁਆਲਾ ਪੂਰਾ ਗਰਮ ਹੋਣ ਲੱਗ ਜਾਂਦਾ ਹੈ ਤੇ ਤੁਰਨਾ ਮੁਸ਼ਕਲ ਹੋ ਜਾਂਦਾ ਹੈ। ਚਾਰੇ ਪਾਸੇ ਨਜਰ ਦੌੜਦੀ ਹੀ ਜਾਂਦੀ ਸੀ ਅਤੇ ਸਭ ਪਾਸੇ ਇੱਕੋ ਜਿਹਾ ਹੀ ਸੀ। ਦੌੜਦੀ ਨਜਰ ਆਪਣੀ ਹੱਦ ਤਕ ਜਾ ਕੇ ਰੁਕ ਜਾਂਦੀ ਸੀ ਪਰ ਦਿਸਹੱਦੇ ਤੇ ਕੁਝ ਵੀ ਦਿਖਦਾ ਨਹੀਂ ਸੀ। ਰਾਤ ਨੂੰ ਭਾਰਤ ਵਾਲੇ ਪਾਸੇ ਵਸੋਂ ਦੀ ਜੋ ਚਾਨਣੀ ਦਿਖ ਰਹੀ ਸੀ, ਉਹਦਾ ਵੀ ਹੁਣ ਨਾਮ ਨਿਸ਼ਾਨ ਨਹੀਂ ਸੀ। ਸਾਰੀ ਧਰਤੀ ਇੰਨੀ ਜਿਆਦਾ ਪੱਧਰੀ ਸੀ ਕਿ ਕੋਈ ਸੁਹਾਗਿਆ ਹੋਇਆ ਖੇਤ ਹੀ ਪੱਧਰਾ ਹੋ ਸਕਦਾ। ਸੁੱਕ ਕੇ ਮਿੱਟੀ ਦੀਆਂ ਪਾਪੜੀਆਂ ਬਣੀਆਂ ਹੋਈਆਂ ਸਨ। ਕਿਤੇ ਬਿਲਕੁਲ ਸੁੱਕੀਆਂ ਹੋਈਆਂ ਸੀ ਤੇ ਕਿਤੇ ਹਾਲੇ ਗਿੱਲੀਆਂ, ਕਿਤੇ ਥਾਂ ਵਿਚ ਦਲਦਲ ਸੀ ਤੇ ਕਈ ਥਾਂ ਚਿੱਕੜ ਤੇ ਧਰਤੀ ਵਿੱਚੋਂ ਬੁਲਬੁਲੇ ਨਿਕਲ ਰਹੇ ਸਨ। ਕਈ ਥਾਂ ਬਹੁਤ ਸੜਿਆਂਦ ਆਉਂਦੀ ਸੀ। ਸੁੱਕੀ ਥਾਂ ਭੂਰੀ, ਗਿੱਲੀ ਥਾਂ ਕੁਝ ਸੰਘਣੇ ਰੰਗ ਦੀ ਤੇ ਦਲਦਲ ਗੂੜ੍ਹੀ ਹਰੀ ਤੇ ਕਾਲੀ ਜਿਹੀ ਸੀ। ਕਈ ਥਾਈਂ ਦਲਦਲ ਦੇ ਵਿਚੋਂ ਪਾਣੀ ਜਿਹਾ ਸਿੰਮਦਾ ਸੀ, ਜਿਸ ਦੇ ਕਈ ਰੰਗ ਸਨ। ਇਹ ਰੰਗ ਪਤਾ ਨਹੀਂ ਕਿਸ ਤਰ੍ਹਾਂ ਬਣਦੇ ਹੋਣਗੇ ਪਰ ਬੜੇ ਗੂੜ੍ਹੇ ਰੰਗ ਸਨ, ਸੰਤਰੀ, ਹਰਾ, ਲਾਲ, ਪੀਲਾ, ਕਾਲਾ। ਕਈਆਂ ਥਾਵਾਂ ਤੇ ਦਲਦਲੀ ਗਾਰ ਦੇ ਇਹ ਰੰਗ ਆਪਸ ਵਿਚ ਮਿਲ ਰਹੇ ਸੀ। ਸਾਨੂੰ ਪਾਂਡੀਆਂ ਨੇ ਸਮਝਾਇਆ ਕਿ ਇਹੋ ਜਿਹੀਆਂ ਰੰਗਦਾਰ ਥਾਵਾਂ ਦੇ ਥੱਲੇ ਕੁਝ ਵੀ ਠੋਸ ਨਹੀਂ ਹੈ। ਜੇ ਕੋਈ ਚੀਜ ਡਿੱਗ ਪਵੇ, ਉਹ ਸਿੱਧੀ ਪਤਾਲ ਵਿੱਚ ਹੀ ਚਲੀ ਜਾਂਦੀ ਹੈ।

ਮੈਂ ਰਾਤ ਨੂੰ ਵੀ ਧਿਆਨ ਕੀਤਾ ਸੀ ਕਿ ਹਵਾ ਦੀ ਆਵਾਜ ਤੋਂ ਬਿਨਾ ਉੱਥੇ ਕੋਈ ਆਵਾਜ ਨਹੀਂ ਸੀ, ਬਿਲਕੁਲ ਸੁੰਨ ਸੀ। ਪੰਜਾਬ ਵਿਚ ਕਿਤੇ ਵੀ ਰਾਤ ਨੂੰ ਜੇ ਤੁਸੀਂ ਧਿਆਨ ਨਾਲ ਸੁਣੋ ਤਾਂ ਕਈ ਤਰ੍ਹਾਂ ਦੇ ਜੀਵ ਜੰਤੂਆਂ ਦੀ ਆਵਾਜ ਲਗਾਤਾਰ ਆਉਂਦੀ ਰਹਿੰਦੀ ਹੈ (ਟਿੱਡੀਆਂ, ਬੀਂਡੇ ਤੇ ਹੋਰ ਕੀੜੇ ਮਕੌੜੇ) ਇਹ ਆਵਾਜ ਹਰ ਥਾਂ ਮੌਜੂਦ ਹੈ ਪਰ ਇੱਥੇ ਇਹ ਕੁਝ ਨਹੀਂ ਸੀ। ਅਸਮਾਨ ਵਿੱਚ ਵੀ ਕੋਈ ਪਰਿੰਦਾ ਨਹੀਂ ਦੇਖਿਆ, ਇੱਲ੍ਹਾਂ ਤੇ ਗਿਰਝਾਂ ਵੀ ਨਹੀਂ ਸਨ ਜੋ ਕਿ ਬਹੁਤ ਦੂਰ-ਦੂਰ ਤੱਕ ਚਲੀਆਂ ਜਾਂਦੀਆਂ ਹਨ। ਜੇ ਕੋਈ ਪੰਛੀ ਫਸ ਜਾਵੇ, ਉਹ ਵੀ ਥੱਕ ਹਾਰ ਕੇ ਇੱਥੋਂ ਦਾ ਪਾਣੀ ਪੀਣ ਲਈ ਮਜਬੂਰ ਹੋ ਜਾਂਦਾ ਹੈ। ਜਿਸ ਨੂੰ ਪੀ ਕੇ ਉਹ ਮਰ ਜਾਂਦਾ ਹੈ। ਪਾਣੀ ਵਿੱਚ ਬਹੁਤ ਜਿਆਦਾ ਲੂਣ ਹੈ। ਜੇ ਨੰਗੇ ਪੈਰੀਂ ਤੁਸੀਂ ਗਾਰੇ ਵਿੱਚ ਤੁਰੋ ਤਾਂ ਤੁਹਾਡੇ ਪੈਰ ਗਲ ਜਾਂਦੇ ਹਨ। ਮੈਨੂੰ ਬਜੁਰਗ ਪਾਂਡੀ ਨੇ ਦਿਖਾਇਆ ਕਿ ਆਪਾਂ ਜਿਆਦਾ ਦਲਦਲ ਵਿਚੋਂ ਆਏ ਹਾਂ ਤੇ ਊਠਾਂ ਦੇ ਪੈਰਾਂ ਨੂੰ ਲੂਣ ਨੇ ਖਾ ਜਾਣਾ ਹੈ ਕਿਉਂਕਿ ਪਾਣੀ ਦੀ ਘਾਟ

ਕਾਰਣ ਇਹ ਧੋਤੇ ਨਹੀਂ ਜਾਣੇ। ਇਸ ਗੱਲ ਦਾ ਜਵਾਨ ਪਾਂਡੀ ਨੂੰ ਵੀ ਬਹੁਤ ਫਿਕਰ ਸੀ। ਉਹਨੇ ਸਾਨੂੰ ਦਿਖਾਇਆ ਕਿ ਊਠਾਂ ਦੇ ਪੈਰਾਂ ਦੇ ਸਖਤ ਤਲਿਆਂ ਵਿੱਚ ਵੀ ਤਰੇੜਾਂ ਆ ਗਈਆਂ ਸਨ ਤੇ ਥੋੜ੍ਹਾ-ਥੋੜ੍ਹਾ ਖ਼ੂਨ ਰਿਸਣ ਲੱਗ ਪਿਆ। ਉਸ ਨੇ ਆਪਣੇ ਸਾਫੇ ਨਾਲ ਓਹਨਾਂ ਦੇ ਪੈਰ ਸਾਫ ਕੀਤੇ। ਉਸ ਦੀਆਂ ਅੱਖਾਂ ਨਮ ਸਨ। ਉਸ ਨੇ ਕਿਹਾ ਕਿ ਹੋਰ ੨੪ ਘੰਟੇ ਅਸੀਂ ਇਨ੍ਹਾਂ ਦੇ ਪੈਰਾਂ ਨੂੰ ਧੋ ਨਹੀਂ ਸਕਦੇ ਅਤੇ ਹਾਲੇ ਸਾਨੂੰ ਸਫਰ ਵੀ ਕਰਨਾ ਪੈਣਾ ਹੈ, ਉਦੋਂ ਤੱਕ ਇਹ ਜਖਮ ਕਾਫੀ ਵਧ ਜਾਣੇ ਹਨ। ਉਸ ਬੰਦੇ ਨੂੰ ਊਠਾਂ ਦਾ ਵੀ ਸਾਡੇ ਜਿੰਨਾ ਹੀ ਖਿਆਲ ਸੀ ਪਰ ਊਠ ਗਰਮੀ, ਪਿਆਸ ਤੇ ਦਰਦ ਤੋਂ ਬੇਪਰਵਾਹ ਹੋ ਕੇ ਬਹੁਤ ਹੀ ਸਹਿਜ ਵਿੱਚ ਉਗਾਲੀ ਕਰੀ ਜਾਂਦੇ ਸੀ। ਸਾਨੂੰ ਕਰਨਲ ਨੇ ਦੱਸਿਆ ਸੀ ਕਿ ਇਨ੍ਹਾਂ ਦਿਨਾਂ ਵਿੱਚ ਕਦੀ-ਕਦੀ ਭਾਰਤੀ ਫੌਜ ਦੇ ਹੈਲੀਕਾਪਟਰ ਗੇੜਾ ਕੱਢਦੇ ਹੁੰਦੇ ਸੀ ਪਰ ਹੁਣ ਓਹਨਾਂ ਨੂੰ ਬਹੁਤ ਘੱਟ ਦੇਖਿਆ ਹੈ। ਉਂਝ ਅਸੀਂ ਉਥੇ ਕਈ ਮੁਸਾਫਰੀ ਜਹਾਜ ਲੰਘਦੇ ਦੇਖੇ ਜੋ ਬਹੁਤ ਉੱਚੇ ਸਨ। ਯਕੀਨਨ ਹੀ ਐਨੀ ਉਚਾਈ ਤੋਂ ਅਸੀਂ ਨਹੀਂ ਸੀ ਦਿਖ ਸਕਦੇ। ਸ਼ਾਇਦ ਸਾਡੇ ਉੱਪਰ ਦੀ ਇਹ ਕਰਾਚੀ ਬੰਬੇ ਦਾ ਹਵਾਈ ਰਾਹ ਹੋਵੇ।

ਜਦੋਂ ਰਣ ਪਾਣੀ ਨਾਲ ਭਰ ਜਾਂਦਾ ਹੈ, ਉਦੋਂ ਇੱਥੇ ਬੀਐਸਐਫ ਵਾਲੇ ਕਿਸ਼ਤੀਆਂ ਨਾਲ ਗਸ਼ਤ ਕਰਦੇ ਹੁੰਦੇ ਹਨ। ਸਾਨੂੰ ਓਹਨਾਂ ਨੇ ਦੱਸਿਆ ਕਿ ਇਹ ਡੂੰਘੇ ਇਲਾਕੇ ਹਨ ਤੇ ਸਮੁੰਦਰ ਦੇ ਪੱਧਰ ਦੇ ਹਨ। ਬਰਸਾਤਾਂ ਵਿੱਚ ਇਹ ਸਮੁੰਦਰ ਹੀ ਬਣ ਜਾਂਦਾ ਹੈ। ਇੱਕ ਹੋਰ ਅਜੀਬ ਨਜਾਰਾ ਏਹ ਸੀ ਇਹ ਕਈ ਥਾਂ ਤੇ ਧਰਤੀ ਉੱਪਰ ਬਹੁਤ ਵੱਡੇ-ਵੱਡੇ ਪੱਥਰ ਪਏ ਸੀ। ਘਰਾਂ ਜਿੱਡੇ-ਜਿੱਡੇ ਪੱਥਰ ਉਹ ਪਤਾ ਨਹੀਂ ਇੱਥੇ ਕਿਵੇਂ ਆਏ ਹੋਣਗੇ ਪਰ ਉਹ ਸਾਡੇ ਤੋਂ ਬਹੁਤ ਦੂਰ ਸਨ।

ਜਿਉਂ-ਜਿਉਂ ਸੂਰਜ ਉੱਪਰ ਨੂੰ ਹੁੰਦਾ ਗਿਆ, ਗਰਮੀ ਦਾ ਅਸਰ ਵੱਧਦਾ ਗਿਆ। ਹਵਾਵਾਂ ਤੇਜ ਹੁੰਦੀਆਂ ਗਈਆਂ ਅਤੇ ਫਿਰ ਗਰਮ ਹੋ ਗਈਆਂ। ਉਪਰੋਂ ਸੂਰਜ ਅੱਗ ਦਾ ਗੋਲਾ ਜਾਪ ਰਿਹਾ ਸੀ ਤੇ ਹੇਠਾਂ ਤੇਜ ਗਰਮ ਹਵਾਵਾਂ ਸਰੀਰ ਚੋਂ ਪਾਣੀ ਚੂਸ ਰਹੀਆਂ ਸਨ। ਦੂਰ ਤੱਕ ਕਿਤੇ ਕੋਈ ਛਾਂ ਨਹੀਂ ਸੀ। ਸਾਡੇ ਕੋਲ ਕੋਈ ਵਾਧੂ ਕੱਪੜਾ ਵੀ ਨਹੀਂ ਸੀ। ਬਜੁਰਗ ਪਾਂਡੀ ਕੋਲ ਇੱਕ ਫਟੀ ਜਿਹੀ ਚਾਦਰ ਸੀ ਜਿਹੜੀ ਉਹਨੇ ਮੈਨੂੰ ਦੇ ਦਿੱਤੀ ਤੇ ਕਿਹਾ ਕਿ ਇਹਨੂੰ ਉੱਪਰ ਲੈ ਲਵੋ ਤੇ ਮੂੰਹ ਵਿੱਚ ਕਰ ਲਵੋ। ਉਸ ਬੰਦੇ ਨੂੰ ਜਿਵੇਂ ਇਹ ਮੌਸਮ ਕੁਝ ਨਹੀਂ ਸੀ ਕਹਿ ਰਿਹਾ ਜਾਂ ਉਹ ਦਿਖਾ ਨਹੀਂ ਸੀ ਰਿਹਾ। ਉਸ ਨੇ ਬਹੁਤ ਥੋੜ੍ਹਾ ਪਾਣੀ ਪੀਤਾ ਤੇ ਥੋੜ੍ਹਾ ਹੀ ਖਾਧਾ। ਦਿਨ ਵੇਲੇ ਬਹੁਤ ਥੋੜ੍ਹਾ ਲੰਮਾ ਪਿਆ। ਅਸੀਂ ਤਿੰਨੋਂ ਜਣੇ ਵਾਰੋ ਵਾਰੀ ਧੁੱਪ ਤੇ ਹਵਾ ਤੋਂ ਬਚਣ ਲਈ ਊਠਾਂ ਦੇ ਨਾਲ ਲੱਗ ਕੇ ਪੈਣ ਦੀ ਕੋਸ਼ਿਸ਼ ਕਰਦੇ ਰਹੇ, ਕਦੇ ਬੈਠ ਜਾਂਦੇ, ਕਦੀ ਗੱਲਾਂ ਕਰਨ

ਲੱਗ ਜਾਂਦੇ। ਕਦੇ-ਕਦੇ ਥੋੜ੍ਹੀ ਮਠਿਆਈ ਖਾ ਲੈਂਦੇ ਤੇ ਸ਼ਾਮ ਤੱਕ ਘੁੱਟ-ਘੁੱਟ ਕਰ ਕੇ ਪਾਣੀ ਪੀਣ ਨਾਲ ਸਾਡੇ ਕੋਲ ਹੁਣ ਅੱਧੀ-ਅੱਧੀ ਬੋਤਲ ਹੀ ਰਹਿ ਗਈ ਸੀ।

ਮੈਂ ਉਸ ਦਿਨ ਦੇਖਿਆ ਕਿ ਊਠਾਂ ਨੂੰ ਕਿਉਂ ਰੇਗਿਸਤਾਨ ਦਾ ਜਹਾਜ ਕਹਿੰਦੇ ਹਨ। ਉਹ ਜਖਮੀ ਸਨ ਪਰ ਬਿਲਕੁਲ ਬੇਪਰਵਾਹੀ ਤੇ ਸਹਿਜ ਦੇ ਆਲਮ ਵਿਚ ਸਨ। ਓਹਨਾਂ ਦੇ ਆਸਰੇ ਨਾਲ ਹੀ ਅਸੀਂ ਬਚੇ ਰਹੇ। ਇੱਕ ਵਾਰ ਬਾਬਾ ਜੀ ਨੇ ਚੌਪਈ ਸਾਹਿਬ ਦਾ ਪਾਠ ਬੋਲ ਕੇ ਕੀਤਾ। ਉਹ ਦੋਵੇਂ ਪਾਂਡੀ ਆਪਸ ਵਿੱਚ ਵੀ ਬਹੁਤ ਘੱਟ ਹੀ ਬੋਲੇ। ਉਸ ਬਜੁਰਗ ਨੇ ਦੱਸਿਆ ਕਿ ਇਹੋ ਜਿਹੇ ਦਿਨਾਂ ਵਿੱਚ ਉਹ ਇਕੱਲਾ ਰੇਗਿਸਤਾਨ ਵਿਚ ਬੀਐਸਐਫ ਵਾਲਿਆਂ ਕੋਲ ਘਿਰ ਗਿਆ ਸੀ ਤੇ ਊਠ ਜਖਮੀ ਹੋ ਗਿਆ ਸੀ, ਪਾਣੀ ਮੁੱਕ ਗਿਆ ਸੀ ਪਰ ਉਹ ਹਾਰਿਆ ਨਹੀਂ, ਅੱਗੇ ਵੱਧਦਾ ਗਿਆ ਤੇ ਆਖਰ ਬਚ ਗਿਆ। ਉਸ ਦੇ ਕਹਿਣ ਦਾ ਮਤਲਬ ਸੀ ਕਿ ਹੁਣ ਵੀ ਸਾਡੀ ਹਾਲਤ ਇਹੋ ਜਿਹੀ ਹੈ, ਜਿੱਥੇ ਤੁਸੀਂ ਖਲੋ ਗਏ ਜਾਂ ਫਿਕਰਾਂ ਵਿੱਚ ਡੁੱਬ ਗਏ, ਉੱਥੇ ਹੀ ਮੌਤ ਹੈ। ਜਦੋਂ ਤਕ ਜਾਨ ਹੈ, ਤੁਰਦੇ ਰਹੋ ਤੇ ਲੜਦੇ ਰਹੋ। ਫਿਰ ਰੱਬ ਵੀ ਸਾਥ ਦਿੰਦਾ ਹੈ।

ਦੁਪਹਿਰ ਬਾਰਾਂ ਵਜੇ ਤੋਂ ਤਿੰਨ ਵਜੇ ਤੱਕ ਸਾਡੀ ਹਾਲਤ ਬਹੁਤ ਨਾਜੁਕ ਸੀ। ਮੈਨੂੰ ਇੰਝ ਲੱਗਦਾ ਸੀ ਕਿ ਬਹੁਤ ਬੁਖਾਰ ਹੋਇਆ ਹੈ। ਸਿਰ ਤੇ ਸਰੀਰ ਵੀ ਦੁਖਦਾ ਸੀ। ਗਲਾ ਵਾਰ-ਵਾਰ ਸੁੱਕ ਰਿਹਾ ਸੀ। ਅੱਖਾਂ ਖੁਸ਼ਕ ਤੇ ਲਾਲ ਹੋ ਗਈਆਂ ਸਨ। ਜਦੋਂ ਨੱਕ ਤੋਂ ਸਾਹ ਲੈਂਦੇ ਸੀ ਤੇ ਪਤਾ ਲੱਗਦਾ ਸੀ ਕਿ ਸਾਰਾ ਨੱਕ ਸੁੱਕਿਆ ਪਿਆ ਅਤੇ ਦਰਦ ਕਰਦਾ ਸੀ। ਪਿਸ਼ਾਬ ਮੈਂ ਰਾਤ ਨੂੰ ਦੋ ਕੁ ਵਜੇ ਕੀਤਾ ਸੀ ਤੇ ਹੁਣ ਪਿਸ਼ਾਬ ਵੀ ਸੁੱਕ ਗਿਆ ਸੀ। ਦੁਪਹਿਰੇ ਇੱਕ ਵਾਰ ਪਿਸ਼ਾਬ ਕਰਨ ਦੀ ਕੋਸ਼ਿਸ਼ ਕੀਤੀ ਤਾਂ ਬਹੁਤ ਥੋੜ੍ਹਾ ਤੇ ਗੂੜ੍ਹੇ ਪੀਲੇ ਰੰਗ ਦਾ ਪਿਸ਼ਾਬ ਲੱਗ ਕੇ ਆਇਆ। ਬਾਬੇ ਪਿਆਰੇ ਦੀ ਅਸਾਲਟ ਹੁਣ ਦੂਰ ਪਈ ਸੀ। ਉਹ ਖਿਆਲ ਰੱਖਣਾ ਹੀ ਭੁੱਲ ਗਿਆ ਸੀ। ਤਿੰਨ ਕੁ ਵਜੇ ਦੇ ਨੇੜੇ ਮੇਰਾ ਦਿਲ ਬਹੁਤ ਘਬਰਾਉਣ ਲੱਗ ਪਿਆ ਅਤੇ ਕੱਚਾ ਜਿਹਾ ਹੋਣ ਲੱਗ ਪਿਆ। ਜੁਆਨ ਪਾਂਡੀ ਤੇ ਬਾਬਾ ਵੱਡੇ ਊਠ ਦੇ ਛਾਂ ਵਾਲੇ ਪਾਸੇ ਬੈਠੇ ਸਨ। ਬਾਬਾ ਲੰਮਾ ਪਿਆ ਸੀ। ਦੋਵੇਂ ਬੜੇ ਪ੍ਰੇਸ਼ਾਨ ਸਨ। ਮੈਂ ਛੋਟੇ ਊਠ ਦੇ ਨਾਲ ਲੱਗ ਕੇ ਪੈ ਗਿਆ ਤੇ ਚਾਦਰ ਉੱਪਰ ਲੈ ਲਈ। ਮੇਰੇ ਸਾਹਮਣੇ ਉਹ ਮਸ਼ਹੂਰ ਡਾਕੂ ਆਪਣੀ ਪੱਗ ਨਾਲ ਆਪਣਾ ਸਿਰ ਮੋਢੇ ਤੇ ਮੂੰਹ ਢਕ ਰਿਹਾ ਸੀ। ਪਰ ਉਹ ਬੜੇ ਠਰ੍ਹੰਮੇ ਅਤੇ ਸੰਜਮ ਵਿਚ ਬੈਠਾ ਸੀ। ਲੱਗਦਾ ਸੀ ਕਿ ਉਹ ਆਪਣੇ ਪੁਰਾਣੇ ਸਮੇਂ ਦੀ ਯਾਦ ਵਿਚਦੀ ਗੁਜਰ ਰਿਹਾ ਹੈ।

ਮੈਨੂੰ ਕੁਝ ਸਮਾਂ ਚੱਕਰ ਜਿਹੇ ਆਏ ਤੇ ਅੱਖਾਂ ਅੱਗੇ ਹਨੇਰਾ ਛਾ ਗਿਆ, ਫੇਰ ਕੁਝ ਠੀਕ ਹੋ ਗਿਆ ਤੇ ਮੈਂ ਕੁਝ ਮਿੰਟ ਸੌਂ ਵੀ ਗਿਆ ਸੀ। ਸੁੱਤਿਆਂ ਮੈਨੂੰ ਇੱਕ ਸੁਫਨਾ

ਜਿਹਾ ਆਇਆ ਜਿਸ ਵਿੱਚ ਮੈਂ ਬੜੀ ਤੇਜੀ ਤੇ ਮਜਬੂਤੀ ਨਾਲ ਆਪਣੇ ਸਾਥੀਆਂ ਨਾਲ ਇੱਕ ਪਹਾੜੀ ਰਸਤੇ ਤੇ ਚੜ੍ਹ ਰਿਹਾ ਹਾਂ। ਆਖਰ ਸ਼ਾਮ ਦੇ ਛੇ ਵਜੇ ਦਾ ਸਮਾਂ ਹੋਇਆ। ਹੁਣ ਸੂਰਜ ਸਿੰਧ ਵਾਲੇ ਪਾਸੇ ਛਿਪਣ ਨੂੰ ਜਾ ਰਿਹਾ ਸੀ। ਤਨ ਮਨ ਨੂੰ ਕੁਝ ਰਾਹਤ ਜਿਹੀ ਆਈ ਸੀ। ਹਵਾਵਾਂ ਨੇ ਵੀ ਆਪਣੀ ਗਰਮੀ ਤੇ ਰਫਤਾਰ ਘਟਾ ਲਈ ਸੀ। ਅਸੀਂ ਉੱਠ ਕੇ ਆਪਣਾ ਸਾਮਾਨ ਇਕੱਠਾ ਕੀਤਾ। ਉਹ ਦਿਨ ਮੈਨੂੰ ਹਾਲੇ ਤੱਕ ਯਾਦ ਹੈ ਕਿਉਂਕਿ ਉਦੋਂ ਤਾਂ ਲੱਗਦਾ ਸੀ ਕਿ ਇਹ ਸਫਰ ਨੇ ਮੁੱਕਣਾ ਹੀ ਨਹੀਂ ਹੈ।



ਸਵਾ ਛੇ ਕੁ ਵਜੇ ਅਸੀਂ ਤੁਰ ਪਏ। ਬਜ਼ੁਰਗ ਪਾਂਡੀ ਸਭ ਤੋਂ ਅੱਗੇ ਤੇ ਬਾਬਾ ਪਿਆਰਾ ਅਸਾਲਟ ਨਾਲ ਸਭ ਤੋਂ ਪਿੱਛੇ ਤੁਰ ਰਿਹਾ ਸੀ। ਮੈਂ ਦੇਖਿਆ ਕਿ ਹੁਣ ਊਠ ਜਿੱਥੇ ਵੀ ਪੈਰ ਰੱਖਦੇ ਸਨ, ਪਿੱਛੇ ਚਿੱਕੜ ਵਿੱਚ ਓਹਨਾਂ ਦਾ ਖ਼ੂਨ ਰਲਿਆ ਹੁੰਦਾ ਸੀ। ਮੈਂ ਸੋਚਿਆ ਕਿ ਇਹ ਹਾਲਤ ਵਿਚ ਇਹ ਪਸ਼ੂ ਬਹੁਤੀ ਦੂਰ ਨਹੀਂ ਜਾ ਸਕਣਗੇ। ਬਜ਼ੁਰਗ ਪਾਂਡੀ ਨੇ ਮੈਨੂੰ ਦੱਸਿਆ ਕਿ ਇਹ ਸਭ ਤੋਂ ਸਖਤ ਜਾਨਵਰ ਹੈ ਤੇ ਦਿਲ ਨਹੀਂ ਛੱਡਦਾ ਪਰ ਮੈਨੂੰ ਦਲਦਲ ਵਿੱਚ ਲਾਲ ਰੰਗ ਬਹੁਤ ਪਰੇਸ਼ਾਨ ਕਰ ਰਿਹਾ ਸੀ। ਓਹਨਾਂ ਦਾ ਦਰਦ ਤੇ ਵੱਡਾ ਜੇਰਾ ਦੇਖ ਕੇ ਮੈਨੂੰ ਆਪਣੀਆਂ ਲੱਤਾਂ ਦੀ ਥਕਾਨ, ਸਿਰ ਤੇ ਅੱਖਾਂ ਦਾ ਦਰਦ ਤੇ ਮਨ ਦਾ ਘਬਰਾਉਣਾ ਸਭ ਭੁੱਲ ਗਿਆ। ਉਸ ਤੋਂ ਬਾਅਦ ਮੈਂ ਲਗਾਤਾਰ ਰਹਿਰਾਸ ਸਾਹਿਬ ਦਾ ਪਾਠ ਕਰਦਾ ਰਿਹਾ। ਢਾਈ ਕੁ ਘੰਟੇ ਬਾਅਦ ਹਨੇਰੇ ਵਿੱਚ ਅਸੀਂ ਰੁਕੇ ਅਤੇ ਉੱਥੇ ਬੈਠ ਕੇ ਕੁਝ ਆਰਾਮ ਕੀਤਾ। ਊਠ ਵੀ ਬੈਠ ਗਏ।

ਹੁਣ ਉਸ ਬਜ਼ੁਰਗ ਨੇ ਸਾਨੂੰ ਹੋਰ ਮਾੜੀ ਖਬਰ ਸੁਣਾਈ ਪਰ ਸੁਣਾਈ ਇਸ ਤਰ੍ਹਾਂ ਕਿ ਪਹਿਲਾਂ ਸਾਨੂੰ ਉਸ ਲਈ ਤਿਆਰ ਕੀਤਾ ਤੇ ਅੱਗੇ ਦਾ ਹੱਲ ਵੀ ਦੱਸ ਦਿੱਤਾ। ਉਸ ਨੇ ਦੱਸਿਆ ਕਿ ਜਿਹੜੇ ਦਿਸ਼ਾ ਬਿੰਦੂ ਉਤੇ ਅਸੀਂ ਆਪਣੇ ਸਿੰਘਾਂ ਨੂੰ ਮਿਲਣਾ ਸੀ, ਅਸੀਂ ਹੁਣ ਉੱਥੇ ਨਹੀਂ ਜਾ ਸਕਦੇ ਕਿਉਂਕਿ ਕੱਲ੍ਹ ਜੋ ਅਸੀਂ ਗਲਤ ਦਿਸ਼ਾ ਲਈ ਸੀ, ਉਹਦੇ ਨਾਲ ਅਸੀਂ ਉਸ ਥਾਂ ਤੋਂ ਕਈ ਕਿਲੋਮੀਟਰ ਦੂਰ ਦੱਖਣ ਵੱਲ ਨੂੰ ਆ ਗਏ ਹਾਂ। ਉਹ ਥਾਂ ਕੋਈ ਸੜਕ ਤੇ ਕੁੰਡਲੀਆਂ ਦੇ ਨੇੜੇ ਸੀ ਤੇ ਜਿਹੜਾ ਇਲਾਕਾ ਸਾਨੂੰ ਸਾਹਮਣੇ ਦਿਖ ਰਿਹਾ ਸੀ, ਉਹ ਉਸ ਥਾਂ ਤੋਂ ਵੀਹ ਕਿਲੋਮੀਟਰ ਦੱਖਣ ਵੱਲ ਹੈ। ਹੁਣ ਸਾਨੂੰ ਇੱਥੋਂ ਦੀ ਹੀ ਜਾਣਾ ਪੈਣਾ ਹੈ ਕਿਉਂਕਿ ਸਾਡੇ ਕੋਲ ਇਹੀ ਰਾਤ ਹੈ ਤੇ ਅਸੀਂ ਆਪਣੀ ਮੰਜਿਲ ਨੂੰ ਨੇੜੇ ਲੱਗ ਜਾਈਏ, ਨਹੀਂ ਤਾਂ ਸਾਰੇ ਹੀ ਮਾਰੇ ਜਾਵਾਂਗੇ।

ਉਸ ਬਜ਼ੁਰਗ ਨੇ ਤਾਰਿਆਂ ਅਤੇ ਪੂਰਬ ਦੱਖਣ ਵੱਲ ਦੀਆਂ ਰੌਸ਼ਨੀਆਂ ਵੱਲ ਇਸ਼ਾਰੇ ਕਰਦਿਆਂ ਸਮਝਾਇਆ ਕਿ ਜੋ ਵੱਡੀ ਰੌਸ਼ਨੀ ਦਿਸ ਰਹੀ ਹੈ ਇਹ ਬੀਐਸਐਫ ਦੀ ਵੱਡੀ ਛਾਉਣੀ ਹੈ (ਸ਼ਾਇਦ ਜਲੈਣਾ) ਅਸੀਂ ਉਸ ਦੇ ਨੇੜੇ ਢੁੱਕਾਂਗੇ। ਜੇ ਅਸੀਂ ਰਾਤੋ-ਰਾਤ ਪਹੁੰਚ ਜਾਈਏ ਤਾਂ ਅਸੀਂ ਕੰਡਿਆਲੀ ਵਾੜ ਪਾਰ ਕਰਕੇ ਬਿਨਾ ਕਿਸੇ ਨੂੰ ਟੱਕਰਿਆ ਉੱਥੋਂ ਜੰਗਲ ਵਿੱਚ ਜਾ ਸਕਦੇ ਹਾਂ, ਜਿੱਥੇ ਊਠਾਂ ਨੂੰ ਲੁਕਾਇਆ ਜਾ ਸਕਦਾ ਹੈ। ਮੈਂ ਤੁਹਾਨੂੰ ਅੱਗੇ ਪਿੰਡ ਵਿਚੋਂ ਬੱਸ ਚੜ੍ਹਾ ਆਵਾਂਗਾ ਤੇ ਫੇਰ ਅਸੀਂ ਰਾਤ ਨੂੰ ਊਠਾਂ ਨੂੰ ਸੰਭਾਲ ਲਵਾਂਗੇ। ਉਹ ਕਹਿਣ ਲੱਗਾ ਕਿ ਮੇਰੇ ਏਥੇ ਨੇੜੇ ਪਿੰਡ ਵਿਚ ਬਹੁਤ ਵਧੀਆ ਸੱਜਣ ਹਨ, ਜੋ ਸਾਡੀ ਮਦਦ ਕਰਨਗੇ। ਹੁਣ ਸਾਨੂੰ ਮਿੱਥੇ ਹੋਏ ਟਿਕਾਣੇ ਤੇ ਪਹੁੰਚਣ ਦਾ ਫਿਕਰ ਨਹੀਂ ਸੀ। ਸਾਡੇ ਲਈ ਤਾਂ ਦਿਨ ਚੜ੍ਹਨ ਤੋਂ ਪਹਿਲਾਂ ਕਿਸੇ ਵੀ ਤਰ੍ਹਾਂ ਉਸ ਸੜਕ ਤੱਕ ਪਹੁੰਚਣਾ ਜਰੂਰੀ ਸੀ ਜਿਥੋਂ ਬੱਸਾਂ ਬੜੌਦੇ ਵਲ ਨੂੰ ਚੱਲਦੀਆਂ ਹਨ।

ਇਹ ਸਾਰਾ ਰਾਹ ਪਹਿਲਾਂ ਵਰਗਾ ਹੀ ਸੀ। ਰਾਹ ਵਿੱਚ ਅਸੀਂ ਦੇਖਿਆ ਕਿ ਕਈ ਥਾਂ ਪੰਛੀਆਂ ਤੇ ਜਾਨਵਰਾਂ ਦੇ ਪਿੰਜਰ ਪਏ ਸਨ, ਕਿਤੇ ਕੱਲਾ-ਕੱਲਾ ਤੇ ਕਈ ਥਾਂ ਇਕੱਠੇ ਵੀ ਸਨ। ਸ਼ਾਇਦ ਇਹ ਪਾਣੀ ਨੇ ਇਕੱਠੇ ਕਰ ਦਿੱਤੇ ਹੋਣ। ਇੱਕ ਥਾਂ ਊਠ ਦਾ ਪਿੰਜਰ ਪਿਆ ਸੀ। ਅਸੀਂ ਕਿਤੇ ਮਨੁੱਖੀ ਪਿੰਜਰ ਨਹੀਂ ਦੇਖੇ ਪਰ ਸਾਨੂੰ ਪਾਂਡੀਆਂ ਨੇ ਦੱਸਿਆ ਕਿ ਉਹਨਾਂ ਨੇ ਪਹਿਲਾਂ ਕਈ ਵਾਰ ਦੇਖੇ ਸਨ। ਅੱਗੇ ਆ ਕੇ ਕਈ ਥਾਂ ਅਸੀਂ ਕੁਝ ਬੰਦਿਆਂ ਤੇ ਊਠਾਂ ਦੀਆਂ ਪੈੜਾਂ ਦੇਖੀਆਂ। ਪਾਂਡੀਆਂ ਦਾ ਕਹਿਣਾ ਸੀ ਕਿ ਇਹ ਸਮੱਗਲਰਾਂ ਜਾਂ ਬੀਐਸਐਫ ਵਾਲਿਆਂ ਦੀ ਪੈੜ ਹੋ ਸਕਦੀ ਹੈ। ਪਾਂਡੀ ਦੱਸਣ ਲੱਗਾ ਕਿ ਸਾਡੇ ਪਿੱਛੇ ਸਾਡੀ ਪੈੜ ਵੀ ਮੀਲਾਂ ਤਕ ਦੇਖੀ ਜਾ ਸਕਦੀ ਹੈ, ਖਾਸ ਕਰਕੇ ਜਿੱਥੇ ਪੈਰ ਖੁੱਭਦਾ ਸੀ।

ਹੁਣ ਮੌਸਮ ਇੱਥੇ ਠੀਕ ਹੋ ਗਿਆ ਸੀ ਤੇ ਥੋੜ੍ਹੀ-ਥੋੜ੍ਹੀ ਹਵਾ ਚੱਲਣ ਲੱਗ ਪਈ ਸੀ। ਰਾਤ ੯ ਵਜੇ ਤੋਂ ਸਵੇਰੇ ੨ ਵਜੇ ਤਕ ਅਸੀਂ ਲਗਾਤਾਰ ਤੁਰਦੇ ਰਹੇ। ਮੰਜਿਲ ਮੁੱਕਣ ਵਿੱਚ ਹੀ ਨਹੀਂ ਸੀ ਆਉਂਦੀ ਤੇ ਸਰੀਰ ਬਹੁਤ ਥੱਕ ਗਿਆ ਸੀ ਤੇ ਪਾਣੀ ਦੀ ਇੰਨੀ ਜੋਰਦਾਰ ਪਿਆਸ ਲੱਗੀ ਸੀ ਕਿ ਜੇ ਅਸੀਂ ਕਿੱਧਰੇ ਆਰਾਮ ਕਰਨ ਬੈਠ ਜਾਂਦੇ ਤਾਂ ਸ਼ਾਇਦ ਉੱਠ ਹੀ ਨਾ ਸਕਦੇ। ਬਜੁਰਗ ਨੇ ਜੋ ਕਹਾਣੀ ਕੁਝ ਸਮਾਂ ਪਹਿਲਾਂ ਸੁਣਾਈ ਸੀ, ਓਹਦਾ ਮਤਲਬ ਮੈਨੂੰ ਹੁਣ ਸਮਝ ਆਇਆ ਸੀ। ਊਠਾਂ ਦੇ ਪੈਰ ਆਪਣੇ ਪਿੱਛੇ ਲਗਾਤਾਰ ਖੂਨੀ ਪੈੜ ਛੱਡ ਰਹੇ ਸੀ ਪਰ ਓਹਨਾਂ ਦੀ ਚਾਲ ਜਾਂ ਅੰਦਾਜ ਤੋਂ ਬਿਲਕੁਲ ਨਹੀਂ ਸੀ ਲੱਗਦਾ ਕਿ ਓਹਨਾਂ ਨੂੰ ਕੁਝ ਹੋਇਆ ਹੈ। ਤੁਰਦੇ-ਤੁਰਦੇ ਹੀ ਅਸੀਂ ਕਈ ਥਾਂ ਆਪਣਾ ਮੂੰਹ ਗਿੱਲਾ ਕਰ ਲੈਂਦੇ ਸੀ। ਮੂੰਹ ਵਿੱਚ ਪਾਣੀ ਦਾ ਘੁੱਟ ਭਰਦੇ ਤੇ ਕਿੰਨਾ ਚਿਰ ਮੂੰਹ ਵਿਚ ਹੀ ਰੱਖਦੇ ਪਰ ਏਹ ਘੁੱਟਾਂ ਅੰਦਰ ਡੂੰਘੀ ਪਿਆਸ ਤੇ ਕੋਈ ਅਸਰ ਨਾ ਪਾਉਂਦੀਆਂ। ਕੁਝ ਸਮਾਂ ਅਸੀਂ ਦੋਵੇਂ ਜਣੇ ਊਠਾਂ ਤੇ ਚੜ੍ਹ ਗਏ ਪਰ ਊਠਾਂ ਦੀ ਤੋਰ ਨੂੰ ਕੋਈ ਫਰਕ ਨਹੀਂ ਪਿਆ। ਬਾਬਾ ਪਿਆਰਾ ਤਾਂ ਕਈ ਘੰਟੇ ਸਵਾਰੀ ਕਰਦਾ ਰਿਹਾ ਪਰ ਮੈਨੂੰ ਕੁਝ ਸਮੇਂ ਬਾਅਦ ਹੀ ਲੱਗਿਆ ਕਿ ਮੇਰੇ ਪੱਟ ਜਿਵੇਂ ਹੇਠੋਂ ਛਿੱਲੇ ਗਏ ਹਨ। ਪਹਿਲੀ ਵਾਰ ਊਠ ਦੀ ਸਵਾਰੀ ਦਾ ਇਹੀ ਨਤੀਜਾ ਸੀ ਕਿ ਲਗਾਤਾਰ ਘਿਸਰ-ਘਿਸਰ ਕੇ ਪੱਟਾਂ ਦਾ ਮਾਸ ਛਿੱਲਿਆ ਗਿਆ ਸੀ। ਜੋ ਹੁਣ ਤੁਰਨ ਲੱਗਿਆਂ ਵੀ ਦਰਦ ਕਰਦਾ ਸੀ। ਇੱਕ ਥਾਂ ਬਹੁਤ ਭਾਰੀ ਦਲਦਲ ਆ ਗਈ ਤੇ ਸਾਨੂੰ ਕਈ ਕਿਲੋਮੀਟਰ ਪੱਛਮ ਵੱਲ ਨੂੰ ਜਾ ਕੇ ਫਿਰ ਦੱਖਣ ਵੱਲ ਨੂੰ ਜਾਣਾ ਪਿਆ।

ਦੋ ਕੁ ਵੱਜਦੇ ਤੱਕ ਸਾਡੇ ਕੋਲ ਪਾਣੀ ਦੇ ਕੁਝ-ਕੁਝ ਘੁੱਟ ਹੀ ਬਚੇ ਸਨ ਤੇ ਹਾਲੇ ਵੀ ਉਹ ਛਾਉਣੀ ਦੀਆਂ ਬੱਤੀਆਂ ਦੂਰ ਹੀ ਸਨ। ਇੱਥੇ ਆ ਕੇ ਸਾਡੀ ਬਿਲਕੁਲ ਬੱਸ ਹੋ ਗਈ ਤੇ ਜਵਾਨ ਪਾਂਡੀ ਨੇ ਊਠ ਰੋਕ ਦਿੱਤਾ ਤੇ ਊਠ ਦੀ ਲਗਾਮ ਹੱਥ ਵਿੱਚ ਲੈ ਕੇ ਸਿਰ ਫੜ ਕੇ ਥੱਲੇ ਬੈਠ ਗਿਆ। ਅਸਲ ਵਿੱਚ ਸਰੀਰ ਬਹੁਤ ਥੱਕ ਗਿਆ ਸੀ ਤੇ ਤੇਹ

ਅਤੇ ਖੁਸ਼ਕੀ ਬਹੁਤ ਹੋ ਗਈ ਸੀ। ਅੱਖਾਂ ਜੰਮ ਜਿਹੀਆਂ ਗਈਆਂ, ਸਿਰ ਦੁਖਦਾ ਸੀ, ਸਰੀਰ ਆਕੜ ਰਿਹਾ ਸੀ ਤੇ ਕਦੀ-ਕਦੀ ਘੁਮੇਰ ਜਿਹੀ ਵੀ ਆਉਂਦੀ ਸੀ। ਅਸੀਂ ਇੱਕ -ਇੱਕ ਘੁੱਟ ਫੇਰ ਭਰਿਆ। ਕੁਝ ਮਿਲਕ ਕੇਕ ਖਾਧਾ ਪਰ ਹੁਣ ਉਹ ਅੰਦਰ ਨਹੀਂ ਸੀ ਲੰਘ ਰਿਹਾ ਤੇ ਸਾਡੇ ਸਰੀਰ ਸਿਰਫ ਪਾਣੀ ਮੰਗ ਰਹੇ ਸਨ। ਪਿਸ਼ਾਬ ਤਾਂ ਸੁਕ ਹੀ ਗਿਆ ਸੀ।

ਬਜੁਰਗ ਨੇ ਮੈਨੂੰ ਕਿਹਾ ਕਿ ਹੁਣ ਅਸੀਂ ਸਿੱਧਾ ਬੱਤੀਆਂ ਵਲ ਨੂੰ ਤੁਰੀਏ ਤੇ ਇੱਕ ਪਲ ਵੀ ਨਾ ਰੁਕੀਏ। ਅਸੀਂ ਫੇਰ ਤੁਰ ਪਏ ਤੇ ਸਾਡੇ ਪਿੱਛੇ ਬਾਬੇ ਹੋਰੀਂ ਵੀ ਉੱਠ ਕੇ ਤੁਰ ਪਏ। ਮੈਂ ਬਾਬੇ ਨੂੰ ਕਿਹਾ ਕਿ ਪਾਠ ਕਰੀ ਜਾਓ। ਉਹ ਕਹਿੰਦਾ ਕਿ ਪਾਠ ਹੋ ਨਹੀਂ ਰਿਹਾ। ਮੁੜ-ਮੁੜਕੇ ਗਲ ਵਿੱਚ ਹੀ ਰਹਿ ਜਾਂਦਾ ਹੈ। ਮੈਂ ਆਪਣਾ ਨਿੱਤਨੇਮ ਤਕਰੀਬਨ ਕਰ ਲਿਆ ਸੀ ਤੇ ਹੁਣ ਮੈਂ ਜਪੁਜੀ ਸਾਹਿਬ ਦਾ ਪਾਠ ਸ਼ੁਰੂ ਕਰ ਲਿਆ, ਜੋ ਕਿ ਤਕਰੀਬਨ ਦੋ ਘੰਟਿਆਂ ਵਿੱਚ ਸੰਪੂਰਨ ਹੋਇਆ ਹੋਵੇਗਾ। ਅਸੀਂ ਜਿੰਨਾਂ ਵੀ ਤੇਜ ਤੁਰ ਸਕਦੇ ਸੀ, ਤੁਰਨ ਲੱਗ ਪਏ। ਹੁਣ ਧਰਤੀ ਸੁੱਕੀ ਸੀ ਤੇ ਪੈਰ ਖੁੱਭਣੋਂ ਹਟ ਗਏ। ਸੁੱਕੀ ਹੋਈ ਚੀਕਣੀ ਮਿੱਟੀ ਵਾਲੀ ਧਰਤੀ ਸੀ। ਤੁਰਨਾ ਕੁਝ ਸੌਖਾ ਹੋ ਗਿਆ ਸੀ। ਅਸੀਂ ਦੋ ਘੰਟੇ ਪਤਾ ਨਹੀਂ ਕਿਵੇਂ ਤੁਰਦੇ ਰਹੇ ਤੇ ਬੱਤੀਆਂ ਨੂੰ ਸਾਹਮਣੇ ਰੱਖ ਕੇ ਤੁਰੀ ਗਏ। ਹੁਣ ਸਾਡਾ ਪਾਣੀ ਮੁੱਕ ਗਿਆ ਸੀ।

ਸਾਡੇ ਸਾਹਮਣੇ ਵੱਡੀ ਰੌਸ਼ਨੀ ਤੇ ਉਸ ਦੇ ਸੱਜੇ ਪਾਸੇ ਜਿਵੇਂ ਕੋਈ ਦਰੱਖਤਾਂ ਦੀ ਵਾੜ ਜਿਹੀ ਦਿਖਣ ਲੱਗ ਪਈ। ਜਮੀਨ ਆਮ ਵਰਗੀ ਹੋ ਚੁੱਕੀ ਸੀ। ਉਸ ਬਜੁਰਗ ਤੇ ਉਹਦੇ ਭਤੀਜੇ ਨੇ ਸਾਨੂੰ ਕੁਝ-ਕੁਝ ਘੁੱਟਾਂ ਪਾਣੀ ਦੀਆਂ ਹੋਰ ਦਿੱਤੀਆਂ। ਇਨ੍ਹਾਂ ਪਾਣੀ ਦੀਆਂ ਕੁਝ ਘੁੱਟਾਂ ਨੇ ਸਾਨੂੰ ਹੋਰ ਜੀਵਨ ਦੇ ਦਿੱਤਾ। ਸਾਰੇ ਜਣੇ ਬਿਲਕੁਲ ਚੁੱਪ ਉਸ ਬਜੁਰਗ ਪਿੱਛੇ ਚੱਲ ਰਹੇ ਸਨ। ਮੇਰੇ ਸਰੀਰ ਦੀ ਹਾਲਤ ਇਵੇਂ ਸੀ ਕਿ ਜਿਵੇਂ ਇਹ ਇੱਕ ਮਸ਼ੀਨ ਵਾਂਗ ਤੁਰਿਆ ਜਾ ਰਿਹਾ ਹੈ ਪਰ ਇਸ ਵਿੱਚ ਕੋਈ ਸੱਤਾ ਨਹੀਂ। ਬਹੁਤ ਮੁਸ਼ਕਲ ਨਾਲ ਪਾਠ ਪੂਰਾ ਹੋਇਆ ਤੇ ਦਿਮਾਗ ਕਿਸੇ ਚੀਜ ਤੇ ਕੇਂਦਰਤ ਨਹੀਂ ਸੀ ਹੋ ਰਿਹਾ। ਸਭ ਕੁਝ ਜਿਵੇਂ ਖਿੱਲਰ ਰਿਹਾ ਸੀ। ਇਕ ਸੁੰਨ ਜਿਹੀ ਅੰਦਰ ਛਾ ਗਈ ਸੀ ਤੇ ਇਸ ਸੁੰਨ ਵਿੱਚ ਇਹੋ ਇੱਕ ਚੇਤਨਾ ਜਿਊਂਦੀ ਸੀ ਕਿ ਜਦੋਂ ਤਕ ਸਰੀਰ ਡਿੱਗਦਾ ਨਹੀਂ, ਅੱਖਾਂ ਅਤੇ ਦਿਲ ਬੰਦ ਨਹੀਂ ਹੁੰਦੇ, ਉਦੋਂ ਤੱਕ ਹਰ ਹਾਲਤ ਵਿੱਚ ਅੱਗੇ ਨੂੰ ਤੁਰਨਾ ਹੈ। ਇਸ ਚੇਤਨਾ ਦੇ ਨਾਲ ਆਪਣੇ ਸ਼ਹੀਦ ਹੋਏ ਸਾਥੀਆਂ ਦੀ ਯਾਦ, ਆਪਣੇ ਜਿਊਂਦੇ ਸਾਥੀਆਂ ਦੇ ਚਿਹਰੇ, ਇਕ ਬਹੁਤ ਡੂੰਘਾ ਤੇ ਗੁੱਝਾ ਵਿਸ਼ਵਾਸ ਕਿ ਜੋ ਕੁਝ ਹੋ ਰਿਹਾ ਹੈ, ਉਸ ਦੇ ਭਾਣੇ ਵਿੱਚ ਹੈ ਤੇ ਨਾਲ ਹੀ ਰੱਬ ਅੱਗੇ ਅਰਦਾਸ ਦਾ ਹੀ ਕੋਈ ਅਸਰ ਸੀ ਕਿ ਉਸ ਮੌਤ ਦੇ ਸਫਰ ਵਿੱਚ ਜੀਵਨ ਨੇ ਸਾਡੀ ਬਾਂਹ ਨਹੀਂ ਛੱਡੀ।

ਅਸੀਂ ਓਹਨਾਂ ਦਰੱਖਤਾਂ ਦੇ ਕੋਲ ਆ ਗਏ ਜਿਹੜੇ ਕਾਫੀ ਪਹਿਲਾਂ ਦੂਰੋਂ ਦਿਸਣ

ਲੱਗੇ ਸਨ। ਇਹ ਕੋਈ ਕਿੱਕਰ ਵਰਗੇ ਕੰਡਿਆਲੇ ਦਰੱਖਤਾਂ ਦਾ ਜੰਗਲ ਜਾਂ ਕਹਿ ਲਓ ਇਕ ਵਾੜ ਸੀ, ਜਿਹੜੀ ਰਣ ਦੇ ਲੂਣੇ ਰੇਗਿਸਤਾਨ ਦੀ ਹੱਦ ਸੀ। ਦਰੱਖਤਾਂ ਦੇ ਥੱਲੇ ਝਾੜੀਆਂ ਬਹੁਤ ਸੰਘਣੀਆਂ ਤੇ ਕੰਡਿਆਲੀਆਂ ਸਨ। ਉਸ ਬਜੁਰਗ ਨੇ ਊਠ ਅੱਗੇ ਕੀਤੇ ਤੇ ਅਸੀਂ ਓਹਨਾਂ ਦੇ ਪਿੱਛੇ-ਪਿੱਛੇ ਹੋ ਗਏ। ਇਸ ਤਰ੍ਹਾਂ ਕੋਈ ਅੱਧਾ ਕਿਲੋਮੀਟਰ ਅਸੀਂ ਕੰਡਿਆਲੇ ਜੰਗਲ ਵਿਚਦੀ ਲੰਘੇ ਤੇ ਸਾਡੇ ਸਰੀਰ ਝਰੀਟੇ ਗਏ। ਊਠਾਂ ਨੇ ਸਾਨੂੰ ਕੰਡਿਆਂ ਦੀ ਸਿੱਧੀ ਮਾਰ ਤੋਂ ਬਚਾਇਆ ਤੇ ਫਿਰ ਦਿਖਾ ਦਿੱਤਾ ਕਿ ਓਹਨਾਂ ਜਾਨਵਰਾਂ ਚ ਕਿੰਨਾ ਦਮ ਹੈ।

ਹੁਣ ਚਾਰ ਵੱਜ ਗਏ ਸਨ। ਉਹ ਬਜੁਰਗ ਦੇ ਕਹਿਣ ਅਨੁਸਾਰ ਅਸੀਂ ਆਪਣੇ ਕੱਪੜੇ, ਬੂਟ ਤੇ ਸਾਫਿਆ ਨੂੰ ਸੰਵਾਰਿਆ ਅਤੇ ਝਾੜਿਆ। ਜੋ ਦੋ ਘੁੱਟ ਪਾਣੀ ਬਚਿਆ ਸੀ, ਉਹ ਪੀਤਾ। ਇੱਕ-ਇੱਕ ਟੁਕੜਾ ਮਿਲਕ ਕੇਕ ਦਾ ਖਾਧਾ। ਬਜੁਰਗ ਨੇ ਕਿਹਾ ਕਿ ਇਹ ਰੌਸ਼ਨੀ ਵਾਲੀ ਥਾਂ ਬੀਐਸਐਫ ਦਾ ਵੱਡਾ ਦਫਤਰ ਹੈ। ਇਸ ਜੰਗਲ ਤੋਂ ਪਰਲੇ ਪਾਸੇ ਪਿੰਡ ਵਿਚ ਮੇਰੇ ਦੋਸਤ ਰਹਿੰਦੇ ਹਨ। ਮੈਂ ਤੁਹਾਨੂੰ ਪਿੰਡ ਵਿੱਚ ਲੈ ਜਾਂਦਾ ਹਾਂ। ਉੱਥੇ ਆਪਾਂ ਇਹ ਕਹਾਂਗੇ ਕਿ ਤੁਹਾਡੀ ਗੱਡੀ ਲੂਣ ਭਰਨ ਆਈ ਸੀ। ਉੱਥੇ ਤੁਹਾਡੀ ਗੱਡੀ ਦਾ ਧੁਰਾ ਟੁੱਟ ਗਿਆ ਅਤੇ ਤੁਸੀਂ ਸ਼ਹਿਰ ਧੁਰਾ ਲੈਣ ਜਾਣਾ ਹੈ। ਇਸ ਪਿੰਡ ਚੋਂ ਤੜਕੇ ਤੜਕੇ ਲੂਣ ਢੋਣ ਵਾਲੀਆਂ ਗੱਡੀਆਂ ਤੁਰਦੀਆਂ ਹਨ। ਇਹ ਤੁਹਾਨੂੰ ਇੱਕ ਵੱਡੀ ਸੜਕ ਤੇ ਵਸੇ ਇਕ ਕਸਬੇ ਤੱਕ ਛੱਡ ਦੇਣਗੀਆਂ। ਉਥੋਂ ਤੁਸੀਂ ਅੱਗੇ ਜਾਣ ਲਈ ਬੱਸ ਲੈ ਲੈਣੀ ਤੇ ਅਸੀਂ ਇਸੇ ਪਿੰਡ ਵਿੱਚ ਹੀ ਰਹਾਂਗੇ। ਰਾਤ ਨੂੰ ਊਠਾਂ ਨੂੰ ਇੱਥੋਂ ਲੈ ਜਾਵਾਂਗੇ। ਉਹਨੇ ਆਪਣੀ ਥਾਂ ਦਾ ਪਤਾ ਸਾਨੂੰ ਲਿਖਾ ਦਿੱਤਾ, ਜੋ ਬਾਬੇ ਨੇ ਆਪਣੀ ਡਾਇਰੀ ਵਿੱਚ ਲਿਖ ਲਿਆ। ਬਜੁਰਗ ਨੇ ਕਿਹਾ ਕਿ ਅਸੀਂ ਇੱਕ ਹਫਤੇ ਤੱਕ ਤੁਹਾਨੂੰ ਇਥੇ ਉਡੀਕਾਂਗੇ।

ਜਿੱਥੇ ਅਸੀਂ ਆਏ ਹਾਂ, ਇਸ ਇਲਾਕੇ ਚੋਂ ਲੂਣ ਚੁੱਕਿਆ ਜਾਂਦਾ ਹੈ ਤੇ ਇੱਥੇ ਜਿਆਦਾ ਲੋਕਾਂ ਦਾ ਕੰਮ ਲੂਣ ਬਣਾਉਣ ਅਤੇ ਢੋਣ ਦਾ ਹੀ ਹੈ। ਇੱਥੇ ਸਿੱਖਾਂ ਦੀਆਂ ਕਾਫੀ ਗੱਡੀਆਂ ਆਉਂਦੀਆਂ ਹਨ। ਭੁਜ ਦੇ ਇਲਾਕੇ ਵਿੱਚ ਸਿੱਖਾਂ ਦੇ ਚੰਗੇ ਕੰਮਕਾਜ ਹਨ। ਇੱਥੇ ਸਿੱਖਾਂ ਦਾ ਚੰਗਾ ਸਤਿਕਾਰ ਤੇ ਅਸਰ ਰਸੂਖ ਹੈ। ਇਹ ਪੇਂਡੂ ਲੋਕ ਬਹੁਤ ਸਿੱਧੇ ਤੇ ਸਾਊ ਹਨ। ਇੱਥੇ ਕਿਸੇ ਤਰ੍ਹਾਂ ਦਾ ਅਪਰਾਧ ਨਹੀਂ ਹੈ। ਸਾਡੇ ਟਰੱਕਾਂ ਵਾਲੀ ਵਰਦੀ ਪਾਈ ਹੋਈ ਸੀ ਤੇ ਬਜੁਰਗ ਵੀ ਇਹੀ ਭਾਸ਼ਾ ਬੋਲਦਾ ਸੀ ਅਤੇ ਬਾਬਾ ਪਿਆਰਾ ਵੀ ਇਸ ਭਾਸ਼ਾ ਨੂੰ ਸਮਝ ਤੇ ਕਿਸੇ ਹੱਦ ਤਕ ਬੋਲ ਸਕਦਾ ਸੀ ਕਿਉਂਕਿ ਉਸ ਨੇ ਇੱਥੇ ਅੱਠ ਦੱਸ ਸਾਲ ਲੂਣ ਵਾਲੀ ਗੱਡੀ ਚਲਾਈ ਸੀ। ਉਹ ਸਾਰੇ ਇਲਾਕੇ ਅਤੇ ਸੜਕਾਂ ਦਾ ਜਾਣਕਾਰ ਸੀ। ਰਣ ਦਾ ਸਫਰ ਖਤਮ ਹੋਣ ਤੋਂ ਬਾਅਦ ਹੁਣ ਉਹ ਵੀ ਹੌਸਲੇ ਵਿੱਚ ਆ ਗਿਆ ਸੀ। ਉਸ ਨੇ ਕਿਹਾ ਕਿ ਇੱਥੇ ਮੈਂ ਬਹੁਤ ਰਿਹਾ ਹਾਂ ਹੁਣ ਮੈਂ ਸਭ ਸੰਭਾਲ ਲਵਾਂਗਾ।

ਅਸੀਂ ਕਿੱਕਰਾਂ ਦੇ ਜੰਗਲ ਚੋਂ ਨਿਕਲ ਕੇ ਹੌਲੀ-ਹੌਲੀ ਸੜਕ ਤੇ ਪਹੁੰਚੇ ਤੇ ਉਸ ਰਾਹੀਂ ਪਿੰਡ ਪਹੁੰਚ ਗਏ। ਇਹ ਕੋਈ ਦੋ ਕਿਲੋਮੀਟਰ ਦਾ ਪੈਂਡਾ ਸੀ। ਪਿੰਡ ਵੜਦਿਆਂ ਸਾਨੂੰ ਪਹੁ ਫੁਟਾਲਾ ਹੋ ਗਿਆ। ਛੋਟਾ ਜਿਹਾ ਪਿੰਡ ਸੀ। ਉਸ ਵਿੱਚ ਛੋਟੇ-ਛੋਟੇ ਪਰ ਬਹੁਤ ਵਧੀਆ ਤੇ ਸਫਾਈ ਨਾਲ ਘਰ ਬਣੇ ਹੋਏ ਸੀ। ਜਿਨ੍ਹਾਂ ਉੱਪਰ ਲਾਲ ਪੱਥਰ ਦੀਆਂ ਲੰਮੀਆਂ ਇੱਟਾਂ ਦੀ ਛੱਤ ਪਾਈ ਹੋਈ ਸੀ ਅਤੇ ਸਾਰੀਆਂ ਛੱਤਾਂ ਢਲਾਣ ਵਾਲੀਆਂ ਸਨ। ਪਿੰਡ ਵਿੱਚ ਬੜੀ ਸਫਾਈ ਸੀ। ਪਿੰਡ ਦੇ ਵਿਚਕਾਰ ਇਕ ਬਹੁਤ ਖੁੱਲ੍ਹਾ ਪੱਕਾ ਮੈਦਾਨ ਸੀ ਜਿਸ ਦੇ ਸਾਰੇ ਪਾਸੇ ਘਰ ਬਣੇ ਹੋਏ ਸੀ। ਮੈਦਾਨ ਵਿੱਚ ਸੱਤ ਅੱਠ ਲੂਣ ਢੋਣ ਵਾਲੀਆਂ ਗੱਡੀਆਂ ਖੜ੍ਹੀਆਂ ਸਨ। ਇਹ ਛੋਟੇ ਟਰੱਕ ਸਨ, ਜਿਨ੍ਹਾਂ ਦੀਆਂ ਅੱਧੀਆਂ ਵਾੜਾਂ ਸਨ।

ਪਿੰਡ ਵੜਦਿਆਂ ਹੀ ਸਾਨੂੰ ਇੱਕ ਬਜ਼ੁਰਗ ਟੱਕਰਿਆ। ਸਾਡੇ ਬਜ਼ੁਰਗ ਪਾਂਡੀ ਨੇ ਉਸ ਨਾਲ ਉਹਨਾਂ ਦੀ ਬੋਲੀ ਵਿੱਚ ਗੱਲਾਂ ਕੀਤੀਆਂ। ਉਹ ਸਾਨੂੰ ਇਕ ਵੱਡੇ ਘਰ ਦੇ ਵਿਹੜੇ ਵਿਚ ਲੈ ਗਿਆ। ਜਿੱਥੇ ਖੁੱਲ੍ਹੇ ਬਰਾਂਡੇ ਵਿੱਚ ਕੁਝ ਲੱਕੜ ਦੇ ਫਾਸਣੇ ਪਏ ਸੀ, ਅਸੀਂ ਓਹਨਾਂ ਤੇ ਬੈਠ ਗਏ। ਬਜ਼ੁਰਗ ਨੇ ਘਰ ਵਿੱਚ ਕੋਈ ਗੱਲਬਾਤ ਕੀਤੀ ਤੇ ਫੇਰ ਉਹ ਪਾਣੀ ਦੀ ਸੁਰਾਹੀ ਲੈ ਆਇਆ ਤੇ ਸਾਨੂੰ ਲੋਹੇ ਦੇ ਬਾਟੇ ਫੜਾ ਦਿੱਤੇ। ਸਾਡਾ ਪਾਂਡੀ ਲਗਾਤਾਰ ਉਸ ਬਜ਼ੁਰਗ ਨਾਲ ਗੱਲ ਕਰ ਰਿਹਾ ਸੀ। ਜਿਹੜੀ ਸਾਨੂੰ ਸਮਝ ਨਹੀਂ ਸੀ ਲੱਗ ਰਹੀ। ਉਹ ਦੱਸ ਰਿਹਾ ਸੀ ਕਿ ਇਹ ਪੰਜਾਬੀ ਹਨ ਤੇ ਲੂਣ ਦਾ ਕੰਮ ਕਰਦੇ ਹਨ ਅਤੇ ਇਨ੍ਹਾਂ ਦੀ ਗੱਡੀ ਦਾ 'ਕਰਾਊਨ ਐਕਸਲ' ਟੁੱਟ ਗਿਆ ਹੈ। ਇਨ੍ਹਾਂ ਨੇ ਮੁੱਖ ਸੜਕ ਤੱਕ ਜਾਣਾ ਹੈ। ਉਸ ਬਜ਼ੁਰਗ ਨੇ ਓਹਨਾਂ ਨੂੰ ਪੁੱਛਿਆ ਕਿ ਕਿੱਥੇ ਕੁ ਗੱਡੀ ਖੜ੍ਹੀ ਹੈ ਤਾਂ ਉਸ ਨੇ ਬੜੇ ਵਿਸ਼ਵਾਸ ਨਾਲ ਕਿਸੇ ਥਾਂ ਦਾ ਨਾਂ ਲਿਆ। ਫਿਰ ਸਾਡੇ ਵਾਲੇ ਬਾਬੇ ਨੇ ਵੀ ਉਸ ਬੋਲੀ ਵਿੱਚ ਹਾਮੀ ਭਰੀ। ਉਹਨੇ ਸਾਡੇ ਬਾਟੇ ਭਰੇ ਤੇ ਅਸੀਂ ਪਾਣੀ ਪੀਣ ਲੱਗ ਪਏ। ਉਹ ਬਜ਼ੁਰਗ ਨੇ ਬਹੁਤ ਥੋੜ੍ਹਾ ਪਾਣੀ ਪੀਤਾ ਤੇ ਓਹਨਾਂ ਨਾਲ ਗੱਲਾਂ ਕਰਦਾ ਰਿਹਾ। ਉਸ ਨੇ ਫਿਰ ਸਾਨੂੰ ਪਾਣੀ ਪਾ ਦਿੱਤਾ ਤੇ ਹੁਣ ਅਸੀਂ ਹੌਲੀ-ਹੌਲੀ ਪਾਣੀ ਪੀਤਾ। ਉਹ ਬਜ਼ੁਰਗ ਦੇ ਤਰੀਕੇ ਨੂੰ ਵੇਖ ਕੇ ਇਹ ਗੱਲ ਅਸੀਂ ਵੀ ਸਮਝ ਗਏ ਕਿ ਇਸ ਤੋਂ ਜਿਆਦਾ ਪਾਣੀ ਨਹੀਂ ਪੀਣਾ। ਉਸ ਬੰਦੇ ਨੇ ਕਿਹਾ ਕਿ ਇਹ ਸਰਪੰਚ ਦਾ ਘਰ ਹੈ। ਉਹ ਅੱਜ ਇੱਥੇ ਨਹੀਂ, ਇਸ ਕਰਕੇ ਤੁਹਾਨੂੰ ਨਹੀਂ ਮਿਲ ਸਕਣਾ। ਅਸੀਂ ਤੁਹਾਨੂੰ ਚਾਹ ਪਿਆਉਂਦੇ ਹਾਂ।

ਉਸ ਬਜ਼ੁਰਗ ਨੇ ਆਸ ਬੰਨ੍ਹਾਉਂਦਿਆਂ ਹੱਥ ਕਰਕੇ ਕਿਹਾ ਕਿ ਆਹ ਸਾਡੀਆਂ ਗੱਡੀਆਂ ਹਨ, ਹੋਰ ਕੁਝ ਚਿਰ ਨੂੰ ਮੁੱਖ ਸੜਕ ਵੱਲ ਜਾਣੀਆਂ ਹਨ। ਤੁਸੀਂ ਕਿਸੇ ਵਿੱਚ ਵੀ ਬੈਠ ਕੇ ਚਲੇ ਜਾਵੋ। ਉਹਦੇ ਗੱਲ ਕਰਦਿਆਂ-ਕਰਦਿਆਂ ਹੀ ਇੱਕ ਗੱਡੀ ਚਾਲੂ ਹੋ ਗਈ। ਹਾਲੇ ਪੂਰਾ ਚਾਨਣ ਨਹੀਂ ਸੀ ਹੋਇਆ ਤੇ ਗਲੀਆਂ ਦੀਆਂ ਬੱਤੀਆਂ

ਹਾਲੇ ਜਗ ਰਹੀਆਂ ਸਨ। ਅਸੀਂ ਉਸ ਨੂੰ ਕਿਹਾ ਕਿ ਅਸੀਂ ਛੇਤੀ ਜਾਣਾ ਹੈ, ਤੁਸੀਂ ਚਾਹ ਰਹਿਣ ਦਿਓ। ਉਹ ਬਜੁਰਗ ਨੇ ਗੱਡੀ ਵਾਲੇ ਨੂੰ ਸਾਨੂੰ ਨਾਲ ਲਿਜਾਣ ਨੂੰ ਕਹਿ ਦਿੱਤਾ ਤੇ ਬਜੁਰਗ ਪਾਂਡੀ ਨੇ ਕਿਹਾ ਕਿ ਤੁਹਾਨੂੰ ਮੁੱਖ ਸੜਕ ਤੋਂ ਬੱਸ ਮਿਲ ਜਾਣੀ ਹੈ ਤੇ ਮੈਂ ਹਫਤਾ ਤੁਹਾਨੂੰ ਉਸੇ ਦਿੱਤੇ ਹੋਏ ਪਤੇ ਤੇ ਉਡੀਕਾਂਗਾ। ਊਠ ਤੇ ਸਾਮਾਨ ਨੂੰ ਮੈਂ ਸੰਭਾਲ ਲਵਾਂਗਾ। ਨਾਲ ਦੇ ਪਿੰਡ ਵਿਚ ਉਸ ਦੀ ਬਰਾਦਰੀ ਦੇ ਰਿਸ਼ਤੇਦਾਰ ਸਨ। ਉਸ ਨੇ ਹੋਰ ਵੀ ਦੱਸਿਆ ਕਿ ਇਹ ਗੱਡੀ ਛਾਉਣੀ ਕੋਲ ਦੀ ਲੰਘੇਗੀ ਤੇ ਅੱਗੋਂ ਤੁਹਾਨੂੰ ਨਾਕਾ ਵੀ ਮਿਲ ਸਕਦਾ ਹੈ ਤੇ ਤੁਸੀਂ ਇਹੀ ਕਹਾਣੀ ਰੱਖਣੀ ਹੈ।

ਅਸੀਂ ਗੱਡੀ ਵਿੱਚ ਚੜ੍ਹ ਕੇ ਪਿੱਛੇ ਇਸ ਤਰ੍ਹਾਂ ਲੰਮੇ ਪੈ ਗਏ, ਜਿਵੇਂ ਥੱਕੇ ਹੋਈਏ ਤੇ ਇਸ ਤਰ੍ਹਾਂ ਅਸੀਂ ਕਿਸੇ ਨੂੰ ਦਿਖਦੇ ਵੀ ਨਹੀਂ ਸੀ। ਡਰਾਈਵਰ ਨੇ ਗੱਡੀ ਤੋਰੀ ਤੇ ਖਲਾਸੀ ਨੇ ਪਿੱਛੇ ਬੇਲਚੇ ਸੁੱਟੇ ਤੇ ਉਹ ਵੀ ਉਪਰ ਚੜ੍ਹ ਗਿਆ। ਗੱਡੀ ਕਾਫੀ ਤੇਜ ਚੱਲ ਰਹੀ ਸੀ। ਅਸੀਂ ਬੀਐਸਐਫ ਦੀ ਕਾਫੀ ਵੱਡੀ ਛਾਉਣੀ ਕੋਲੋਂ ਗੁਜਰੇ। ਦੋ ਕੁ ਕਿਲੋਮੀਟਰ ਅੱਗੇ ਗਏ ਤਾਂ ਗੱਡੀ ਰੁਕ ਗਈ। ਅਸੀਂ ਉਸੇ ਤਰ੍ਹਾਂ ਲੰਮੇ ਪਏ ਰਹੇ। ਇਹ ਬੀਐਸਐਫ ਦਾ ਪੱਕਾ ਨਾਕਾ ਸੀ ਤੇ ਇੱਥੋਂ ਸੰਤਰੀ ਨੇ ਡਰਾਈਵਰ ਨਾਲ ਕੋਈ ਗੱਲ ਕੀਤੀ ਤੇ ਫੇਰ ਵੰਝ ਚੁੱਕ ਦਿੱਤਾ ਤੇ ਗੱਡੀ ਅੱਗੇ ਨਿਕਲ ਗਈ। ਸਾਨੂੰ ਬੀਐਸਐਫ ਵਾਲਿਆਂ ਨੇ ਦੇਖਿਆ ਹੀ ਨਹੀਂ। ਜੇ ਅਸੀਂ ਬੈਠੇ ਹੁੰਦੇ ਤਾਂ ਹੋ ਸਕਦਾ ਹੈ ਕਿ ਉਹ ਸਰਦਾਰ ਬੰਦਿਆਂ ਨੂੰ ਦੇਖ ਕੇ ਕੁਝ ਪੁੱਛਦਾ। ਅਸੀਂ ਜਦੋਂ ਗੱਡੀ ਚੜ੍ਹੇ, ਉਦੋਂ ਹੀ ਮੇਰੇ ਮਨ ਨੂੰ ਇੰਝ ਲੱਗਿਆ ਕਿ ਲੰਮੇ ਪੈਣਾ ਚਾਹੀਦਾ ਹੈ। ਭਾਵੇਂ ਥੱਲੇ ਸਾਰਾ ਫਰਸ਼ ਲੂਣ ਨਾਲ ਸਲ੍ਹਾਬਿਆ ਪਿਆ ਸੀ। ਹੋਰ ਦਸ ਪੰਦਰਾਂ ਮਿੰਟਾਂ ਤੱਕ ਗੱਡੀ ਤੇਜ ਚਾਲ ਤੇ ਚਲਦੀ ਰਹੀ ਤੇ ਫੇਰ ਇਕ ਥੋੜ੍ਹੀ ਜਿਹੀ ਵੱਡੀ ਸੜਕ ਆਈ ਤੇ ਰੁਕ ਗਈ। ਇਹ ਇੱਕ ਤਿਕੋਨੀ ਸੀ ਜਿਥੇ ਕੁਝ ਢਾਬੇ ਤੇ ਦੁਕਾਨਾਂ ਸਨ। ਸਾਨੂੰ ਖਲਾਸੀ ਨੇ ਕਿਹਾ ਕਿ ਇੱਥੋਂ ਬੱਸ ਮਿਲ ਜਾਵੇਗੀ।

ਹੁਣ ਪੂਰਾ ਦਿਨ ਚੜ੍ਹ ਗਿਆ ਸੀ। ਆਸੇ ਪਾਸੇ ਵੇਖਿਆ ਇੱਕ ਛੋਟੀ ਜਿਹੀ ਚਾਹ ਦੀ ਦੁਕਾਨ ਖੁੱਲ੍ਹੀ ਹੋਈ ਸੀ ਜਿਸ ਵਿਚ ਛੋਟਾ ਜਿਹਾ ਮੁੰਡਾ ਸੀ। ਅਸੀਂ ਉੱਥੇ ਫਿਰ ਪਾਣੀ ਪੀਤਾ ਤੇ ਉਸ ਮੁੰਡੇ ਨੂੰ ਚਾਹ ਬਣਾਉਣ ਲਈ ਕਿਹਾ। ਉਸ ਤੋਂ ਪਤਾ ਲੱਗਿਆ ਕਿ ਅਗਲੇ ਵੀਹ ਕੁ ਮਿੰਟ ਤੱਕ ਪਹਿਲੀ ਬੱਸ ਆ ਜਾਣੀ ਹੈ। ਜਦੋਂ ਅਸੀਂ ਸਰਪੰਚ ਦੇ ਘਰ ਪਹੁੰਚ ਕੇ ਪਾਣੀ ਪੀਤਾ ਸੀ ਤਾਂ ਸਾਨੂੰ ਇੰਨਾ ਜਿਆਦਾ ਚੰਗਾ ਲੱਗਿਆ ਕਿ ਉਹ ਬਿਆਨਣ ਤੋਂ ਹੀ ਬਾਹਰ ਹੈ। ਏਨਾ ਸੁਆਦ ਪਾਣੀ ਮੈਂ ਕਦੇ ਨਹੀਂ ਪੀਤਾ, ਉਹ 'ਅੰਮ੍ਰਿਤ' ਵਾਂਗ ਹੀ ਸੀ। ਗੁਰਬਾਣੀ ਵਿਚ ਕਈ ਥਾਂ ਜਲ ਤੇ ਸ਼ਾਖ ਦਾ ਜਿਕਰ ਆਉਂਦਾ ਹੈ। ਮਾਰੂਥਲ ਤੇ ਤ੍ਰੇਹ ਦਾ ਜਿਕਰ ਆਉਂਦਾ ਹੈ। ਸਰੀਰ ਦੀ ਪਿਆਸ ਤੇ ਰੂਹ ਦੀ ਪਿਆਸ ਦਾ ਜਿਕਰ ਆਉਂਦਾ ਹੈ। ਉਸ ਦਿਨ ਪਾਣੀ ਪੀਂਦਿਆਂ ਮੈਨੂੰ ਇਨ੍ਹਾਂ

ਦ੍ਰਿਸ਼ਟਾਂਤਾਂ ਦੀ ਸਮਝ, ਪੜ੍ਹੇ ਹੋਏ ਅਰਥਾਂ ਨਾਲੋਂ ਜਿਆਦਾ ਸਾਫ ਰੂਪ ਵਿਚ ਮਹਿਸੂਸ ਹੋਈ।

ਇਹ ਸਫਰ ਬਾਰੇ ਗੱਲ ਕਰਦਿਆਂ ਜਰੂਰੀ ਹੈ ਕਿ ਇਹ ਜਿਕਰ ਵੀ ਕੀਤਾ ਜਾਵੇ ਕਿ ਮਾਰੂਥਲਾਂ ਵਿਚ ਮਿਰਗਤ੍ਰਿਸ਼ਨਾ ਕੀ ਹੈ? ਜਦੋਂ ਸੂਰਜ ਉੱਪਰ ਹੁੰਦਾ ਹੈ ਤੇ ਉਸ ਦੀ ਦਿਸ਼ਾ ਵੱਲ ਨੂੰ ਜਦੋਂ ਤੁਸੀਂ ਦੇਖਦੇ ਹੋ ਤਾਂ ਅੱਗੇ ਮੈਦਾਨ ਵਿੱਚ ਤੁਹਾਨੂੰ ਇੰਝ ਲੱਗਦਾ ਹੈ ਜਿਵੇਂ ਪਾਣੀ ਫੈਲਿਆ ਹੋਇਆ ਹੈ। ਇਸ ਦੀ ਬੜੀ ਚਮਕ ਹੁੰਦੀ ਹੈ। ਰਣ ਵਿੱਚ ਇਹ ਬਹੁਤ ਸਪੱਸ਼ਟ ਰੂਪ ਵਿੱਚ ਦਿਸਦਾ ਸੀ। ਜਦੋਂ ਕੁਝ ਘੰਟੇ ਪਹਿਲਾਂ ਸਰੀਰ ਵਿੱਚ ਪਾਣੀ ਤੇ ਊਰਜਾ ਖਤਮ ਹੋਣ ਕਾਰਨ ਸਤਿਆ ਤਕਰੀਬਨ ਮੁੱਕ ਹੀ ਗਈ ਸੀ। ਉਦੋਂ ਮਨ ਤੇ ਰੂਹ ਦੇ ਹਠ ਨਾਲ ਹੀ ਸਰੀਰ ਚੱਲ ਰਿਹਾ ਸੀ ਜੋ ਕਿਸੇ ਵਕਤ ਵੀ ਡਿੱਗ ਸਕਦਾ ਸੀ। ਜਿਵੇਂ ਜਿਵੇਂ ਬੰਦੇ ਦੀ ਸਤਿਆ ਘਟਦੀ ਹੈ ਉਹਨੂੰ ਥਲ ਦੀ ਚਮਕ ਹੋਰ ਵਧੇਰੇ ਪਾਣੀ ਨਜਰ ਆਉਂਦੀ ਹੈ।

ਉਸ ਵਕਤ ਮੈਨੂੰ ਜਿੰਦਗੀ ਅਤੇ ਮੌਤ ਦੇ ਵਿਚਕਾਰ ਕਿੰਨਾ ਬਰੀਕ ਅੰਤਰ ਹੈ, ਉਹਦੀ ਵੱਖਰੇ ਰੂਪ ਵਿਚ ਸਮਝ ਆਈ। ਪਹਿਲੋਂ ਜਿੰਦਗੀ ਵਿੱਚ ਆਏ ਖਤਰਿਆਂ ਦੌਰਾਨ ਜੀਵਨ ਚਾਲ ਗੋਲੀ ਵਾਂਗ ਤੇਜ ਹੋਣ ਕਾਰਣ ਇਸ ਤਰ੍ਹਾਂ ਟਿਕਵੇਂ ਰੂਪ ਵਿਚ ਮਹਿਸੂਸ ਨਹੀਂ ਸੀ ਹੋਇਆ। ਇੱਕ ਵਕਤ ਜੀਵਨ ਇੱਕ ਛੋਟੀ ਜਿਹੀ ਜੋਤ ਤੱਕ ਸਿਮਟ ਜਾਂਦਾ ਹੈ ਜਿਸ ਦਾ ਤੁਹਾਨੂੰ ਅਨੁਭਵ ਇਸ ਤਰ੍ਹਾਂ ਹੁੰਦਾ ਹੈ ਕਿ ਉਹ ਜੋਤ ਲਗਾਤਾਰ ਛੋਟੀ ਹੁੰਦੀ ਜਾਂਦੀ ਹੈ ਤੇ ਮਨ ਦੇ ਹੋਰ ਸਾਰੇ ਹਿੱਸੇ ਅਲੋਪ ਹੋ ਜਾਂਦੇ ਹਨ। ਫੇਰ ਉਹ ਬਿਲਕੁਲ ਬੁਝਦੀ ਹੈ ਤੇ ਵਧਦਾ ਹੋਇਆ ਹਨ੍ਹੇਰਾ ਪੂਰਨ ਹੋ ਜਾਂਦਾ ਹੈ ਤੇ ਫਿਰ ਇਕਦਮ ਸਭ ਕੁਝ ਚਾਨਣ ਹੀ ਚਾਨਣ ਹੋ ਜਾਂਦਾ ਹੈ। ਮੈਂ ਇਸ ਦੀ ਵਿਆਖਿਆ ਤਾਂ ਨਹੀਂ ਕਰ ਸਕਦਾ ਪਰ ਅਨੁਭਵ ਜਰੂਰ ਕੀਤਾ ਹੈ। ਫਰਕ ਸਿਰਫ ਇੰਨਾ ਹੀ ਸੀ ਕਿ ਉਹ ਜੋਤ ਪੂਰੀ ਤਰ੍ਹਾਂ ਨਹੀਂ ਬੁਝਦੀ। ਇੱਕ ਸੁੰਨ ਦੇ ਆਲਮ ਵਿੱਚ ਉਹ ਫੇਰ ਕਿਸੇ ਕਿਰਪਾ ਨਾਲ ਜਗ ਉੱਠਦੀ ਹੈ। ਜਿੰਦਗੀ ਅਤੇ ਮੌਤ ਵੀ ਕੁਝ ਇਸੇ ਤਰ੍ਹਾਂ ਹੈ। ਦੇਖਣ ਨੂੰ ਭਿੰਨ ਭਿੰਨ ਪਰ ਕਿਸੇ ਥਾਂ ਇਕ ਸੁੰਨ ਭਰੀ ਅਭੇਦਤਾ ਹੀ ਹੈ। ਇਸ ਅਨੁਭਵ ਤੋਂ ਬਾਅਦ, ਮੈਨੂੰ ਜੋ ਥੋੜ੍ਹਾ ਬਹੁਤ ਜਾਨਣ ਬਾਰੇ ਦੁਚਿਤੀ ਸੀ, ਉਹ ਜਾਂਦੀ ਰਹੀ। ਸਰੀਰ ਦੀ ਤ੍ਰੇਹ ਜਦੋਂ ਮੌਤ ਤਕ ਚਲੀ ਜਾਂਦੀ ਹੈ ਤੇ ਫੇਰ ਉਸ ਨੂੰ ਜਲ ਦੀ ਸੰਤੁਸ਼ਟੀ ਮਿਲਦੀ ਹੈ, ਉਹ ਸੰਤੁਸ਼ਟੀ ਜਾਂ ਸੁਖ ਜਾਂ ਆਨੰਦ-ਕੀ ਰੂਹ ਦੀ ਪਰਮਾਤਮਾ ਤੋਂ ਵਿਛੋੜੇ ਦੀ ਵੀ ਇਹੋ ਜਿਹੀ ਤ੍ਰੇਹ ਹੀ ਨਹੀਂ? ਪਰਮਾਤਮਾ ਦੇ ਨਾਮ ਅੰਮ੍ਰਿਤ ਦਾ ਰਸ ਮਿਲਣ ਨਾਲ ਜੋ ਸੁੱਖ ਆਨੰਦ ਮਿਲਦਾ ਹੈ, ਕੀ ਇਹ ਸੰਤੁਸ਼ਟੀ-ਆਨੰਦ ਕੁਝ-ਕੁਝ ਉਸ ਰੂਹਾਨੀ ਆਨੰਦ ਬਾਰੇ ਦੱਸ ਨਹੀਂ ਸਕਦਾ?

ਚਾਹ ਪੀ ਕੇ ਅਸੀਂ ਬੱਸ ਫੜ ਲਈ। ਜਿਸ ਨੇ ਦੋ ਕੁ ਘੰਟਿਆਂ ਬਾਅਦ ਸਾਨੂੰ ਇੱਕ

ਛੋਟੇ ਸ਼ਹਿਰ ਪਹੁੰਚਾ ਦਿੱਤਾ। ਉੱਥੇ ਅਸੀਂ ਕੁਝ ਖਾਧਾ ਪੀਤਾ ਤੇ ਅੱਗੋਂ ਬੱਸ ਫੜ ਕੇ ਦੁਪਹਿਰ ਜਿਹੇ ਅਹਿਮਦਾਬਾਦ ਪਹੁੰਚੇ। ਅਹਿਮਦਾਬਾਦ ਸਾਡੇ ਕੋਲ ਇੱਕ ਜਾਣਕਾਰ ਦਾ ਪਤਾ ਸੀ ਤੇ ਟੈਲੀਫੋਨ ਨੰਬਰ ਸੀ, ਜਿਸ ਨੇ ਸਾਨੂੰ ਸ਼ਾਮ ਤਕ ਲਾਲ ਸਿੰਘ ਤੇ ਦਵਿੰਦਰਪਾਲ ਸਿੰਘ ਭੁੱਲਰ ਕੋਲ ਪਹੁੰਚਾ ਦਿੱਤਾ। ਅਸੀਂ ਓਹਨਾਂ ਨੂੰ ਆਪਣੀ ਵਿਥਿਆ ਸੁਣਾਈ। ਉਹ ਬੜੇ ਹੈਰਾਨ ਹੋਏ ਕਿਉਂਕਿ ਉਹ ਉਸ ਦਿਨ ਉਸ ਮਿਲਣ ਵਾਲੇ ਥਾਂ ਤੇ ਜਿਪਸੀ ਲੈ ਕੇ ਉਡੀਕਦੇ ਰਹੇ ਸੀ। ਫੇਰ ਅਸੀਂ ਓਹਨਾਂ ਨੂੰ ਬਜੁਰਗ ਵਾਲਾ ਪਤਾ ਦੇ ਦਿੱਤਾ।

ਦੋ ਕੁ ਦਿਨਾਂ ਬਾਅਦ ਮੈਂ ਰੇਲ ਚੜ੍ਹਕੇ ਪੰਜਾਬ ਆ ਗਿਆ। ਇਸ ਤੋਂ ਬਾਅਦ ਬਾਬਾ ਪਿਆਰਾ ਉੱਥੇ ਹੀ ਰਿਹਾ ਤੇ ਉਹ ਓਹਨਾਂ ਪਾਂਡੀਆਂ ਨੂੰ ਮਿਲ ਲਏ ਤੇ ਕੁਝ ਦਿਨਾਂ ਬਾਅਦ ਇੱਕ ਊਠ ਲੈ ਕੇ ਇੱਕ ਸਿੰਘ ਪਾਰ ਚਲਿਆ ਗਿਆ। ਹੁਣ ਓਹਨਾਂ ਨੂੰ ਜਿਹੜਾ ਅਸਲ ਰਸਤਾ ਸੀ, ਉਹ ਮਿਲ ਗਿਆ। ਉਹ ਸਹੀ ਉਸੇ ਤਰ੍ਹਾਂ ਸੀ ਕਿ ਤੁਸੀਂ ਸ਼ਾਮ ਛੇ ਵਜੇ ਚਲ ਕੇ ਤੜਕੇ ਚਾਰ ਵਜੇ ਆਰਾਮ ਨਾਲ ਉਸ ਸੜਕ ਤੇ ਸਿੰਘਾਂ ਤੱਕ ਪਹੁੰਚ ਜਾਂਦੇ ਤੇ ਉੱਥੋਂ ਜਿਪਸੀ ਤੇ ਸਮਾਨ ਢੋਂਹਦੇ ਸਨ। ਅੱਗੇ ਗੱਡੀ ਵਿੱਚ ਬਦਲ ਕੇ ਅਹਿਮਦਾਬਾਦ ਪਹੁੰਚਾ ਦਿੰਦੇ। ਇਸ ਤਰ੍ਹਾਂ ਕਾਫੀ ਸਮਾਨ ਇੱਧਰਲੇ ਪਾਸੇ ਆਇਆ। ਬਹੁਤੀ ਵਾਰ ਦੋ ਊਠ ਆਉਂਦੇ ਰਹੇ ਤੇ ਕੁਝ ਵਾਰ ਤਿੰਨ ਵੀ ਆਏ।

ਕੁਝ ਚਿਰ ਬਾਅਦ ਕੁਝ ਸਮਾਨ ਉਥੋਂ ਫੜਿਆ ਗਿਆ। ਇਸ ਤੋਂ ਬਾਅਦ ਸਰਕਾਰ ਨੂੰ ਇਸ ਰਸਤੇ ਬਾਰੇ ਪਤਾ ਲੱਗਿਆ ਤੇ ਗੁਜਰਾਤ ਵਿਚਲੇ ਲੋਕ ਵੀ ਫੜੇ ਗਏ। ਇਨ੍ਹਾਂ ਵਿੱਚ ਉਸ ਬਜੁਰਗ ਦੇ ਰਿਸ਼ਤੇਦਾਰ ਵੀ ਸਨ। ਮੁਸਲਮਾਨਾਂ ਨਾਲ ਸਬੰਧਤ ਕੁਝ ਨੌਜਵਾਨ ਵੀ ਫੜੇ ਗਏ ਜਿਸ ਕਰਕੇ ਸਾਰੇ ਦੇਸ਼ ਵਿੱਚ ਬਹੁਤ ਰੌਲਾ ਪੈ ਗਿਆ। ਮੇਰੇ ਨਾਲ ਜਿਹੜੇ ਊਠ ਆਏ ਸੀ, ਉਹ ਵੀ ਮਹੀਨੇ ਕੁ ਬਾਅਦ ਠੀਕ ਹੋ ਕੇ ਵਾਪਸ ਚਲੇ ਗਏ। ਸਾਡਾ ਇਹ ਰਣ ਵਾਲਾ ਤਜਰਬਾ ਸਫਲ ਰਿਹਾ ਭਾਵੇਂ ਕਿ ਉਥੋਂ ਊਠ ਹੀ ਸਮਾਨ ਲਿਆ ਸਕਦੇ ਸੀ। ਉਸ ਸਾਲ ਜੀਪ ਲੰਘਾਉਣ ਵਾਲਾ ਪੈਂਡਾ ਨਹੀਂ ਸੀ ਬਣਿਆ। ਬਾਬੇ ਪਿਆਰੇ ਨੇ ਕੁਝ ਸਮਾਂ ਉੱਥੇ ਗੇੜੇ ਲਾਏ ਤੇ ਫੇਰ ਉਹ ਕਿਤੇ ਹੋਰ ਚਲਿਆ ਗਿਆ। ਉਸ ਤੋਂ ਬਾਅਦ ਉਸ ਦਾ ਕੁਝ ਪਤਾ ਨਹੀਂ ਲੱਗਿਆ।

ਪਾਠ : ੬

ਰਣ ਸਫਰ ਦੇ ਸਾਥੀ

ਰਣ ਦੇ ਇਲਾਕੇ ਤੋਂ ਸਰਹੱਦ ਪਾਰ ਕਰਨ ਦੀ ਘਟਨਾ ਅਪਰੈਲ ੧੯੯੨ ਦੀ ਹੈ। ਇਹ ਕਰਨਲ ੧੯੯੧ ਦੇ ਸ਼ੁਰੂ ਵਿੱਚ ਇੱਥੇ ਆਇਆ ਸੀ ਤੇ ਸਾਡੇ ਆਲੇ ਪਾਸੇ ਦੇ ਕੰਮਾਂ ਲਈ ਜਿੰਮੇਵਾਰ ਸੀ। ਪਠਾਣ ਮੇਜਰ ਨਾਲ ਤਾਂ ਤਿੰਨ ਕੁ ਦਿਨ ਹੀ ਇਕੱਠੇ ਰਹੇ ਸੀ। ਕਰਨਲ ਪੰਜਾਬੀ ਸੀ ਤੇ ਮੇਜਰ ਯੂਸਫਯਾਈ ਪਠਾਣ ਸੀ। ਕਰਨਲ ਦੀ ਉਮਰ ਪੰਜਾਹ ਕੁ ਸਾਲ, ਕੱਦ ਪੰਜ ਫੁੱਟ ਸੱਤ ਇੰਚ, ਤਕੜਾ ਸਰੀਰ, ਸਾਂਵਲਾ ਰੰਗ ਅਤੇ ਸਫਾਚੱਟ ਸੀ, ਜਦਕਿ ਮੇਜਰ ਪੈਂਤੀ ਕੁ ਸਾਲ, ਛੇ ਫੁੱਟ ਕੱਦ, ਗੋਰਾ ਰੰਗ ਤੇ ਬਹੁਤ ਮਜਬੂਤ ਤੇ ਫੁਰਤੀਲੇ ਸਰੀਰ ਦਾ ਸੀ। ਉਹ ਉਰਦੂ, ਪਸ਼ਤੋ ਤੇ ਅੰਗਰੇਜੀ ਬੋਲਦਾ ਸੀ।

ਕਰਨਲ ਬੜੇ ਨਰਮ ਅਤੇ ਖੁਸ਼ਮਿਜਾਜ ਸੁਭਾਅ ਦਾ ਸੀ। ਉਸ ਦਾ ਸਾਰਿਆਂ ਨਾਲ ਮੇਲ ਮਿਲਾਪ ਬਹੁਤ ਵਧੀਆ ਸੀ ਅਤੇ ਆਪਣੇ ਸਾਰੇ ਜਥੇ ਤੋਂ ਉਸ ਨੂੰ ਕੰਮ ਲੈਣਾ ਆਉਂਦਾ ਸੀ। ਉਹ ਛੋਟੀਆਂ ਮੋਟੀਆਂ ਗੱਲਾਂ ਬਾਰੇ ਬਿਲਕੁਲ ਪ੍ਰਵਾਹ ਨਹੀਂ ਸੀ ਕਰਦਾ ਤੇ ਵੱਡੇ ਖਾਕੇ ਹੀ ਉਲੀਕਦਾ ਸੀ। ਰਣ ਵਾਲਾ ਰਸਤਾ ਉਸਦੀ ਮਿਹਨਤ ਦਾ ਹੀ ਨਤੀਜਾ ਸੀ। ਉਹ ਇੱਕ ਤਜਰਬੇਕਾਰ ਅਫਸਰ ਵਾਂਗ ਪਹਿਲਾਂ ਪੂਰੀ ਖੋਜ ਕਰਦਾ ਸੀ, ਯੋਜਨਾਬੰਦੀ ਕਰਦਾ ਸੀ, ਫੇਰ ਕੰਮ ਵਿੱਚ ਆਪ ਅੱਗੇ ਲੱਗ ਕੇ ਤੁਰਦਾ ਸੀ। ਉਹਦੇ ਆਉਣ ਤੋਂ ਬਾਅਦ ਸਾਡੇ ਚੌਧਰੀਆਂ ਨਾਲ ਸੰਬੰਧ ਬਿਹਤਰ ਹੋਏ। ਉਹਦੇ ਨਾਲ ਗੱਲਬਾਤ ਵੀ ਬਹੁਤ ਸਿੱਧੀ ਤੇ ਸਾਫ ਹੋਈ। ਸਾਡੇ ਬੰਦਿਆਂ ਦੀ ਸਿਖਲਾਈ ਦਾ ਕੰਮ ਵੀ ਸ਼ੁਰੂ ਹੋਇਆ, ਹਥਿਆਰਾਂ ਦੀ ਗਿਣਤੀ ਤੇ ਕਿਸਮ ਵੀ ਸੁਧਰੀ। ਜਥੇਬੰਦੀਆਂ ਦਾ ਆਪਸ ਵਿੱਚ ਮੇਲ ਵੀ ਵਧਿਆ ਅਤੇ ਅਫਗਾਨ ਤੇ ਕਸ਼ਮੀਰੀ ਮੁਜਾਹਦੀਨਾਂ ਨਾਲ ਵੀ ਸਬੰਧ ਵਧੇ। ਸਾਡੇ ਉੱਥੇ ਤੁਰਨ-ਫਿਰਨ ਅਤੇ ਆਮ ਲੋਕਾਂ ਨੂੰ ਮਿਲਣ ਤੇ ਵੀ ਕੋਈ ਰੋਕ ਨਹੀਂ ਰਹੀ। ਇਸ ਸਾਰੇ ਬਦਲਾਓ ਵਿੱਚ ਉਸ ਬੰਦੇ ਦੀ ਸ਼ਖਸੀਅਤ ਦਾ ਅਹਿਮ ਹਿੱਸਾ ਸੀ। ਹੁਣ ਸਮਾਂ ਹੀ ਇਸ ਤਰ੍ਹਾਂ ਦਾ ਆ ਗਿਆ ਸੀ ਕਿ ਇਹ ਗੱਲਾਂ ਮੁਮਕਨ ਸਨ। ਇਤਿਹਾਸ ਵਿੱਚ ਸ਼ਖਸੀਅਤ ਅਤੇ ਉਸ ਸਮੇਂ ਦੀ ਸਥਿਤੀ ਦੋਵਾਂ ਦਾ ਹੀ ਯੋਗਦਾਨ ਹੁੰਦਾ ਹੈ।

ਮੇਰੇ ਖਿਆਲ ਵਿਚ ਸਮੇਂ ਦੇ ਹਾਲਾਤ ਦਾ ਯੋਗਦਾਨ ਜਿਆਦਾ ਹੁੰਦਾ ਹੈ। ਜੇ ਕੋਈ ਸ਼ਖਸੀਅਤ ਉੱਭਰਦੀ ਹੈ, ਉਹ ਤਾਂ ਹੀ ਉੱਭਰਦੀ ਹੈ ਕਿਉਂਕਿ ਹਾਲਾਤ ਚ ਉਸ ਦੀਆਂ ਸੰਭਾਵਨਾਵਾਂ ਹੁੰਦੀਆਂ ਹਨ। ਕਈ ਥਾਂ 'ਤੇ ਸ਼ਖਸੀਅਤ ਦਾ ਯੋਗਦਾਨ ਜਿਆਦਾ ਵੀ ਹੋ ਸਕਦਾ ਹੈ ਪਰ ਇਹ ਨਹੀਂ ਹੁੰਦਾ ਕਿ ਇੱਕ ਬੰਦੇ ਕਰਕੇ ਹੀ ਸਾਰਾ ਕੁਝ ਬਦਲਦਾ ਹੈ। ਕਿਸੇ ਸਮੇਂ ਪਾਕਿਸਤਾਨ ਵਾਲੇ ਸਾਨੂੰ ਇੱਕ ਆਮ ਪਸਤੌਲ ਵੀ ਦੇਣ ਨੂੰ ਰਾਜੀ ਨਹੀਂ ਸੀ ਤੇ ਅੱਜ ਸਾਡੇ ਸਾਹਮਣੇ ਇਕ ਛੋਟਾ ਟਰੱਕ ਵਧੀਆ ਬੰਦੂਕਾਂ ਨਾਲ ਭਰਿਆ ਖੜ੍ਹਾ ਸੀ। ਮੇਰੇ ਇਸ ਅਫਸਰ ਨਾਲ ਦੋਸਤਾਂ ਵਾਲੇ ਸੰਬੰਧ ਸੀ ਤੇ ਕਈ ਵਾਰ ਅਸੀਂ ਹੋਰ ਵੀ ਗੱਲਾਂ ਕਰ ਲੈਂਦੇ ਸੀ।

੧੯੬੫ ਦੀ ਜੰਗ ਸਮੇਂ ਉਹ ਨਵਾਂ-ਨਵਾਂ ਭਰਤੀ ਹੋਇਆ ਸੀ ਤੇ ਉਸ ਨੇ ਭਾਰਤ ਦੇ ਇਹ ਖੇਤਰ ਵਿੱਚ ਬਹੁਤ ਸਬੰਧ ਬਣਾਏ ਸਨ। ਉਹ ਆਪ ਵੀ ਏਧਰ ਹੀ ਰਿਹਾ ਸੀ। ਉਹ ਦੱਸਦਾ ਸੀ ਕਿ ਜੰਗ ਸ਼ੁਰੂ ਹੋਣ ਤੋਂ ਬਾਅਦ ਉਹਨਾਂ ਦੀ ਯੋਜਨਾ ਸਹੀ ਚਲਦੀ ਰਹੀ ਤੇ ਇੱਥੇ ਕਾਫੀ ਅੱਗੇ ਵਧ ਗਏ ਸੀ। ਇਹ ਤਾਂ ਪੰਜਾਬ ਵਿੱਚ ਭਾਰਤ ਵੱਲੋਂ ਚੁੱਕੇ ਜਵਾਬੀ ਕਦਮਾਂ ਕਰਕੇ ਰੁਕਣਾ ਪਿਆ। ਇੱਥੇ ਮੈਨੂੰ ਜਨਰਲ ਨਰਿੰਦਰ ਸਿੰਘ ਜੋ ੧੯੬੫ ਸਮੇਂ ਦਿੱਲੀ ਵਿੱਚ ਫੌਜੀ ਅਫਸਰ ਸੀ, ਦੀ ਗੱਲ ਯਾਦ ਆ ਗਈ ਕਿ ਕਿਵੇਂ ਉਹ ਪੀਐਮ (ਸ਼ਾਸਤਰੀ) ਕੋਲ ਲਾਹੌਰ ਤੇ ਹਮਲਾ ਕਰਨ ਦੀ ਯੋਜਨਾ ਲੈ ਕੇ ਗਏ ਤੇ ਓਹਨਾਂ ਇਕਦਮ ਦਸਤਖਤ ਕਰ ਦਿੱਤੇ। ਉਸ ਕਰਨਲ ਨੂੰ ਬੜਾ ਮਲਾਲ ਸੀ ਕਿ ਆਗੂ ਜਮਾਤ ਦੀ ਗਲਤੀ ਕਰਕੇ ਫੌਜ ਦੀ ਮਿਹਨਤ ਅਤੇ ਕਾਮਯਾਬੀ ਉਤੇ ਸਵਾਲੀਆ ਨਿਸ਼ਾਨ ਲੱਗ ਗਿਆ ਸੀ।

ਉਹ ਪੱਕਾ ਫੌਜੀ ਅਫਸਰ ਸੀ ਤੇ ਉਸ ਦੇ ਸੋਚਣ ਤੇ ਕੰਮ ਕਰਨ ਦਾ ਢੰਗ ਬਿਲਕੁਲ ਕਿਸੇ ਸਰਕਾਰੀ ਰਖਵਾਲੀ ਮਹਿਕਮੇ ਵਾਂਗ ਹੀ ਸੀ। ਉਂਜ ਉਹ ਨਿੱਘੇ ਸੁਭਾਅ ਵਾਲਾ ਸੀ ਪਰ ਜਦੋਂ ਆਪਣੇ ਅਫਸਰੀ ਰੰਗ ਵਿੱਚ ਆਉਂਦਾ ਸੀ ਤਾਂ ਬੜਾ ਵੱਖਰਾ ਤੇ ਨੇਮਬੱਧ ਹੋ ਜਾਂਦਾ ਸੀ। ਪਠਾਨ ਮੇਜਰ ਇਸ ਤੋਂ ਬਿਲਕੁਲ ਉਲਟ ਸੁਭਾਅ ਦਾ ਸੀ। ਅੰਦਰੋਂ ਬਾਹਰੋਂ ਇੱਕੋ ਜਿਹਾ ਸੀ ਤੇ ਬਹੁਤ ਜਜਬਾਤੀ ਸੀ। ਉਸ ਨੂੰ ਆਪਣੀ ਵਿਰਾਸਤ ਤੇ ਬਹੁਤ ਮਾਣ ਸੀ ਤੇ ਉਹ ਉਸ ਲਈ ਸਭ ਤੋਂ ਵਧਕੇ ਸੀ। ਉਹ ਛੇ ਕੁ ਮਹੀਨੇ ਪਹਿਲਾਂ ਹੀ ਇਸ ਅਹੁਦੇ ਤੇ ਬਦਲੀ ਹੋਇਆ ਸੀ ਤੇ ਇਸ ਤੋਂ ਪਹਿਲਾਂ ਸਿਆਚਨ ਤੇ ਤਾਇਨਾਤ ਰਿਹਾ ਸੀ। ਉਹ ਉੱਥੋਂ ਦੀਆਂ ਬਹੁਤ ਗੱਲਾਂ ਸੁਣਾਉਂਦਾ ਸੀ। ਉਥੋਂ ਦੇ ਜੋਖਮ ਅਤੇ ਖੂਬਸੂਰਤੀ ਉਸ ਨੂੰ ਦੋਵੇਂ ਹੀ ਬਹੁਤ ਪਸੰਦ ਸਨ। ਇਹ ਮਾਰੂ ਇਲਾਕਾ ਉਸਨੂੰ ਬਿਲਕੁਲ ਬਾਰਾ ਨਹੀਂ ਖਾ ਰਿਹਾ ਸੀ।

ਉਸ ਨੇ ਦੱਸਿਆ ਕਿ ਅਸੀਂ ਪਠਾਣ ਲੋਕ ਸਿੱਖਾਂ ਨੂੰ ਪਾਕਿਸਤਾਨੀ ਪੰਜਾਬੀਆਂ ਤੋਂ ਜਿਆਦਾ ਬਿਹਤਰ ਸਮਝਦੇ ਹਾਂ ਤੇ ਪਸੰਦ ਵੀ ਜਿਆਦਾ ਕਰਦੇ ਹਾਂ। ਆਪਣੇ

ਦੋਵਾਂ ਦੇ ਇਤਿਹਾਸ ਵਿੱਚ ਬਹੁਤ ਕੁੜੱਤਣ ਭਰੀ ਹੈ ਪਰ ਸਾਡੇ ਲੋਕ ਫੇਰ ਵੀ ਸਿੱਖਾਂ ਦਾ ਓਹਨਾਂ ਦੇ ਕਿਰਦਾਰ ਕਰਕੇ ਸਤਿਕਾਰ ਕਰਦੇ ਹਨ। ਉਸਨੇ ਕਿਹਾ ਕਿ ਤੁਸੀਂ ਉੱਥੇ ਸਾਡੇ ਇਲਾਕੇ ਵਿੱਚ ਜਾਓ, ਉੱਥੇ ਤੁਹਾਡੀ ਪੰਜਾਬ ਨਾਲੋਂ ਜਿਆਦਾ ਮਦਦ ਹੋਵੇਗੀ। ਮੈਂ ਉਸ ਨੂੰ ਦੱਸਿਆ ਕਿ ਅਸੀਂ ਉੱਥੇ ਜਾਂਦੇ ਹਾਂ ਅਤੇ ਤੁਹਾਡੀ ਪ੍ਰਾਹੁਣਾਚਾਰੀ ਤੇ ਮੁਜਾਹਦੀਨਾਂ ਪ੍ਰਤੀ ਸਤਿਕਾਰ ਤੋਂ ਅਸੀਂ ਜਾਣੂ ਹਾਂ। ਉਸ ਨੂੰ ਇਹ ਚੰਗਾ ਲੱਗਿਆ। ਉਸ ਨੇ ਸਵਾਲ ਕੀਤਾ ਕਿ ਤੁਸੀਂ ਹਿੰਦੂਆਂ ਨਾਲ ਕਿਸ ਤਰ੍ਹਾਂ ਰਹਿ ਲੈਂਦੇ ਹੋ, ਤੁਹਾਡਾ ਤਾਂ ਕੁਝ ਆਪਸ ਵਿੱਚ ਮਿਲਦਾ ਹੀ ਨਹੀਂ।

ਉਸ ਵਕਤ ਪਠਾਣ ਲੋਕ ਅਫਗਾਨਿਸਤਾਨ ਵਿਚ ਰੂਸ ਖਿਲਾਫ ਲੜ ਰਹੇ ਸੀ। ਉਸ ਨੇ ਕਿਹਾ ਕਿ ਅਸੀਂ ਕਦੀ ਹਥਿਆਰ ਨਹੀਂ ਸੁੱਟਦੇ ਤੇ ਗੁਲਾਮੀ ਨਹੀਂ ਮੰਨਦੇ ਭਾਵੇਂ ਕਿੰਨੀਆਂ ਵੀ ਮੁਸੀਬਤਾਂ ਆ ਜਾਣ ਤੇ ਕਿੰਨਾ ਹੀ ਸਮਾਂ ਲੰਘ ਜਾਵੇ। ਇਹ ਸਾਡੀ ਨਸਲ ਤੇ ਖੂਨ ਵਿਚ ਹੀ ਹੈ। ਤੇ ਮੈਂ ਪੜ੍ਹਿਆ ਹੈ ਕਿ ਇਹ ਤੁਹਾਡੇ ਖੂਨ ਵਿਚ ਵੀ ਹੈ। ਇਸੇ ਕਰਕੇ ਆਪਣਾ ਬਹੁਤ ਕੁਝ ਮਿਲਦਾ ਵੀ ਹੈ। ਫੇਰ ਉਸ ਨੇ ਹਾਸੇ ਵਿੱਚ ਇੱਕ ਸਵਾਲ ਕੀਤਾ, ਕਿ ਮੈਂ ਸੁਣਿਆ ਹੈ ਭਾਰਤ ਵਿੱਚ ਸਭ ਤੋਂ ਜਿਆਦਾ ਟਰੱਕ ਡਰਾਈਵਰ, ਢਾਬੇ ਵਾਲੇ, ਪਹਿਰੇਦਾਰ ਤੇ ਫੌਜੀ ਸਿੱਖ ਹਨ। ਮੈਂ ਕਿਹਾ ਕਿ ਇਹ ਠੀਕ ਹੀ ਹੈ। ਉਸ ਨੇ ਪੁੱਛਿਆ ਕਿ ਪਾਕਿਸਤਾਨ ਵਿੱਚ ਇਹ ਨੌਕਰੀਆਂ ਤੇ ਸਭ ਤੋਂ ਜਿਆਦਾ ਕੌਣ ਹੋਣਗੇ? ਮੈਂ ਸੁਭਾਵਿਕ ਹੀ ਕਹਿ ਦਿੱਤਾ ਕਿ ਤੁਸੀਂ ਹੋਵੋਂਗੇ। ਉਹ ਬੜੀ ਜੋਰ ਦੀ ਹੱਸਿਆ ਤੇ ਕਿਹਾ ਕਿ ਬਿਲਕੁਲ ਠੀਕ, ਹੋਰ ਕਿਸ ਨੇ ਹੋਣਾ ਹੈ। ਫੇਰ ਉਸ ਨੇ ਗੰਭੀਰਤਾ ਚ ਸਵਾਲ ਕੀਤਾ ਕਿ ਇਹ ਇਸ ਤਰ੍ਹਾਂ ਕਿਉਂ ਹੈ? ਫਿਰ ਉਸ ਨੇ ਕਿਹਾ ਕਿ ਇਹ ਖੋਜ ਦਾ ਮਸਲਾ ਹੈ ਪਰ ਮੇਰਾ ਖਿਆਲ ਆਪਣੇ ਵਿੱਚ ਕਈ ਕੁਝ ਮਿਲਦਾ ਇਸੇ ਕਰਕੇ ਹੈ। ਜਦੋਂ ਮੈਂ ਏਧਰ ਆਉਣ ਲੱਗਿਆ ਤਾਂ ਉਸ ਨੇ ਬੜੇ ਜੋਸ਼ ਨਾਲ ਜੱਫੀ ਪਾਈ ਤੇ ਕਿਹਾ ਕਿ ਤੁਸੀਂ ਸਦਾ ਰੱਬ ਦੀ ਹਿਫਾਜਤ ਵਿੱਚ ਰਹੋ। ਮੈਂ ਹੁਣ ਸੋਚਦਾ ਹਾਂ ਕਿ ਉਸ ਬੰਦੇ ਨਾਲ ਦੋ ਦਿਨਾਂ ਵਿੱਚ ਏਨੀ ਸਾਂਝ ਪੈ ਗਈ, ਜਿੰਨੀ ਕਿ ਉਸ ਕਰਨਲ ਨਾਲ ਇੱਕ ਸਾਲ ਵਿੱਚ ਵੀ ਨਹੀਂ ਸੀ ਪਈ ਹਾਲਾਂਕਿ ਸਾਡੇ ਬੜੇ ਚੰਗੇ ਸਬੰਧ ਸਨ। ਗੱਲ ਇਹੋ ਸੀ ਕਿ ਉਹ ਦਿਲ ਨਾਲ ਸੋਚਦਾ ਸੀ ਤੇ ਇਹ ਕੋਈ ਦਿਲਾਂ ਦੀ ਸਾਂਝ ਸੀ, ਜੋ ਦਿਮਾਗ ਦੇ ਹਿਸਾਬ ਕਿਤਾਬ ਤੋਂ ਡੂੰਘੀ ਵਹਿੰਦੀ ਸੀ।

ਮੈਨੂੰ ਫੌਜ ਦੇ ਮੇਜਰ ਨੇ ਕਿਹਾ ਸੀ ਕਿ ਅਸੀਂ ਤੁਹਾਡੇ ਨਾਲ ਸਾਡੇ ਸਭ ਤੋਂ ਵਧੀਆ ਬੰਦੇ ਭੇਜ ਰਹੇ ਹਾਂ। ਇਹ ਬਜੁਰਗ ਇਕ ਜਮਾਂਦਰੂ ਜਰਨੈਲ ਹੈ। ਜਿਵੇਂ ਸਾਰੇ ਸਫਰ ਦੌਰਾਨ ਮੈਂ ਉਸ ਬਜੁਰਗ ਨੂੰ ਦੇਖਿਆ, ਉਹ ਵਾਕਿਆ ਹੀ ਕਮਾਲ ਦੀ ਸ਼ਖਸੀਅਤ ਸੀ। ਉਹਨੇ ਕਿਤੇ ਵੀ ਆਪਣਾ ਸੰਜਮ ਤੇ ਧੀਰਜ ਨਹੀਂ ਖੋਇਆ। ਕੋਈ ਢਹਿੰਦੀ ਕਲਾ ਵਾਲੀ ਗੱਲ ਨਹੀਂ ਕੀਤੀ। ਹਰ ਮੁਸ਼ਕਲ ਨੂੰ ਬਿਲਕੁਲ ਅੱਗਿਓਂ ਹੋ ਕੇ ਸ਼ਾਂਤ ਮਨ

ਨਾਲ ਨਜਿੱਠਿਆ। ਸਾਡੇ ਵਿੱਚੋਂ ਸਭ ਤੋਂ ਜਿਆਦਾ ਉਮਰ ਦੇ ਹੋਣ ਦੇ ਬਾਵਜੂਦ ਸਭ ਤੋਂ ਘੱਟ ਥੱਕਿਆ। ਜੋ ਸਾਹਮਣੇ ਟੀਚਾ ਧਾਰਿਆ ਸੀ, ਉਸ ਨੂੰ ਸਰ ਕੀਤਾ। ਉਸ ਦਾ ਭਤੀਜਾ, ਜੋ ਪੈਂਤੀ ਕੁ ਸਾਲ ਦਾ ਸੀ। ਉਹਦੇ ਵਾਂਗ ਹੀ ਪਤਲਾ, ਲੰਮਾ ਤੇ ਤਾਕਤਵਰ ਸਰੀਰ ਦਾ ਸੀ। ਉਸ ਦਾ ਰੰਗ ਲਾਲ ਸੀ ਤੇ ਸੋਹਣਾ ਸਰੀਰ ਸੀ। ਉਹ ਆਪਣੇ ਚਾਚੇ ਵਾਂਗ ਹੀ ਦਲੇਰ, ਫੁਰਤੀਲਾ ਤੇ ਸਿਰੜੀ ਸੀ ਪਰ ਹਾਲੇ ਉਹਦੇ ਕੋਲ ਠਰੰਮਾ, ਸੂਝ ਅਤੇ ਤਜਰਬਾ ਨਹੀਂ ਸੀ ਆਇਆ। ਜਦੋਂ ਅਸੀਂ ਰਸਤਾ ਭਟਕੇ ਤਾਂ ਉਸ ਦੇ ਚਾਚੇ ਨੇ ਕਮਾਨ ਆਪਣੇ ਹੱਥ ਲੈ ਲਈ। ਪਹਿਲਾਂ ਉਸ ਨੇ ਆਪਣੇ ਭਤੀਜੇ ਤੇ ਹੀ ਸਭ ਕੁਝ ਛੱਡਿਆ ਸੀ ਤੇ ਆਪ ਸਾਡੇ ਵਾਂਗ ਹੀ ਪਿੱਛੇ-ਪਿੱਛੇ ਤੁਰ ਰਿਹਾ ਸੀ। ਉਸ ਨੇ ਇੱਕ ਵਾਰ ਉਸ ਜਵਾਨ ਨੂੰ ਸਖਤੀ ਨਾਲ ਝਿੜਕਿਆ। ਉਸ ਗੁੱਸੇ ਵਿੱਚ ਵੀ ਪਿਆਰ ਤੇ ਅਪਣੱਤ ਸੀ ਤੇ ਉਹ ਜੁਆਨ ਵੀ ਉਸ ਤੋਂ ਬਾਅਦ ਬਿਲਕੁਲ ਆਪਣੇ ਚਾਚੇ ਦੀ ਆਗਿਆ ਵਿੱਚ ਨਿਮ ਗਿਆ ਤੇ ਉਸ ਤੋਂ ਬਾਅਦ ਉਹਦੀ ਛਾਂ ਹੀ ਬਣ ਗਿਆ। ਇਹ ਬੜੀ ਉੱਚੇ ਦਰਜੇ ਦੀ ਸਮਝ ਤੇ ਵਿਹਾਰ ਸੀ। ਉਸ ਬਜੁਰਗ ਨੇ ਕਿਹਾ ਕਿ ਇਹ ਜਵਾਨ ਜੋਸ਼ ਵਿੱਚ ਆਪਣੀ ਜੁਬਾਨ ਨੂੰ ਖੁੱਲ੍ਹਾ ਛੱਡ ਦਿੰਦੇ ਹਨ ਤੇ ਫਿਰ ਪਛਤਾਉਂਦੇ ਹਨ।

ਉਹ ਪੁਰਾਣੇ ਰਾਜਪੂਤ ਯੋਧਿਆਂ ਵਾਂਗ ਕੱਦ ਦਾ ਕੋਈ ਸਵਾ ਛੇ ਫੁੱਟ ਹੋਵੇਗਾ। ਉਮਰ ਸੱਠ ਸਾਲ ਦੇ ਨੇੜੇ ਪਤਲਾ-ਲੰਮਾ ਤੇ ਫੁਰਤੀਲਾ ਸਰੀਰ, ਲੰਮੀਆਂ ਬਾਹਵਾਂ-ਪਤਲੇ ਹੱਥ ਤੇ ਪੈਰ, ਚੌੜੇ ਮੋਢੇ, ਲੰਮੀ ਠੋਡੀ, ਲੰਮਾ ਨੱਕ, ਛੋਟੀ-ਛੋਟੀ ਕੁਤਰੀ ਹੋਈ ਚਿੱਟੀ ਦਾੜ੍ਹੀ ਤੇ ਮੁੱਛਾਂ ਸਿਰ ਉੱਪਰ ਰਾਜਪੂਤਾਂ ਵਾਲੀ ਵਟੇਦਾਰ ਦਸਤਾਰ। ਜਦੋਂ ਫੌਜ ਨੇ ਉਸ ਤੇ ਇਹ ਜਿੰਮੇਵਾਰੀ ਪਾਈ ਤਾਂ ਉਹ ਸਮਝ ਗਿਆ ਕਿ ਇਹ ਕਰਨੀ ਹੀ ਪੈਣੀ ਹੈ ਤੇ ਉਸ ਤੋਂ ਬਾਅਦ ਉਸਨੇ ਆਪਣੇ ਪਰਿਵਾਰ ਵਿਚੋਂ ਸਭ ਤੋਂ ਭਰੋਸੇਮੰਦ ਬੰਦਾ ਆਪਣਾ ਭਤੀਜਾ ਨਾਲ ਲਿਆ। ਉਹਨੇ ਸਾਰੇ ਰਸਤੇ ਦੀ ਕਰਨਲ ਨਾਲ ਆਪ ਕਾਗਜ ਤੇ ਨਿਸ਼ਾਨਦੇਹੀ ਕੀਤੀ। ਉਸਦੀ ਯੋਜਨਾ ਬਿਲਕੁਲ ਠੀਕ ਸੀ ਵੱਡੀ ਦਲਦਲ ਵਿਚ ਘਿਰਨ ਕਰਕੇ, ਸਮਾਂ ਜਿਆਦਾ ਲੱਗਣ ਕਰਕੇ ਤੇ ਭਤੀਜੇ ਦੀ ਕਾਹਲ ਕਰਕੇ ਦਿਸ਼ਾ ਵਿਚ ਗਲਤੀ ਖਾ ਗਏ, ਨਹੀਂ ਤਾਂ ਅਸੀਂ ਤੜਕੇ ਤਿੰਨ ਕੁ ਵਜੇ ਮਿਲਣ ਵਾਲੀ ਥਾਂ ਤੇ ਪਹੁੰਚ ਜਾਣਾ ਸੀ। ਜਦੋਂ ਉਸਨੇ ਅਗਵਾਈ ਆਪਣੇ ਹੱਥ ਵਿੱਚ ਲਈ ਤੇ ਅੱਗੇ ਲੰਮੀਆਂ ਪੁਲਾਂਘਾਂ ਨਾਲ ਤੁਰਨ ਲੱਗਿਆ ਤਾਂ ਉਸ ਤੋਂ ਬਾਅਦ ਉਸ ਨੇ ਕਿਤੇ ਕੋਈ ਢਿੱਲ ਨਹੀਂ ਆਉਣ ਦਿੱਤੀ ਤੇ ਸਾਰੀ ਹਾਲਤ ਸਾਨੂੰ ਸਮਝਾ ਕੇ ਉਸ ਚੋਂ ਨਿਕਲਣ ਦਾ ਰਾਹ ਦੱਸਿਆ ਤੇ ਆਪ ਅੱਗੇ ਲੱਗਿਆ।

ਜਦੋਂ ਮਸ਼ਕ ਚੋਅ ਗਈ ਤਾਂ ਬਾਬਾ ਪਿਆਰਾ ਗੁੱਸੇ ਹੋ ਕੇ ਭਤੀਜੇ ਨੂੰ ਮਾਰਨ ਲੱਗਾ ਸੀ ਪਰ ਉਹ ਬਜੁਰਗ ਨੇ ਮੇਰੇ ਕੋਲ ਬੜੇ ਆਰਾਮ ਨਾਲ ਤੇ ਸਹਿਜ ਨਾਲ ਇਸ ਬਾਰੇ ਗੱਲ ਕੀਤੀ। ਇੱਕ ਵਾਰ ਉਸ ਨੂੰ ਜਰੂਰ ਲੱਗਿਆ ਕਿ ਇਹ ਕੰਮ ਕਿਵੇਂ ਹੋਇਆ?

ਇੱਕ ਜਰਨੈਲ ਵਾਂਗ ਉਹਦੀ ਨਿਗ੍ਹਾ ਕਿਸੇ ਗੱਦਾਰ ਵੱਲ ਚਲੀ ਗਈ ਪਰ ਫੇਰ ਇਕਦਮ ਉਹ ਆਪਣੇ ਸਾਹਮਣੇ ਚੁਣੌਤੀ ਨੂੰ ਕਬੂਲਦਾ ਹੈ ਅਤੇ ਸਾਰਾ ਧਿਆਨ ਓਧਰ ਲਾ ਦਿੰਦਾ ਹੈ ਕਿ ਹੁਣ ਅੱਗੇ ਕੀ ਕਰਨਾ ਹੈ।

ਉਸ ਪਿੰਡ ਵਿੱਚ ਜਾ ਕੇ ਵੀ ਉਹਨੇ ਬਹੁਤਾ ਪਾਣੀ ਨਹੀਂ ਪੀਤਾ। ਉਹ ਬਿਨਾ ਵਜ੍ਹਾ ਤੋਂ ਬਿਲਕੁਲ ਨਹੀਂ ਸੀ ਬੋਲਦਾ। ਸਾਰੇ ਰਾਹ ਵਿੱਚ ਉਸ ਨੇ ਓਨੇ ਹੀ ਸ਼ਬਦ ਬੋਲੇ ਜਿੰਨਿਆਂ ਦੀ ਜਰੂਰਤ ਸੀ ਤੇ ਘੱਟ ਸ਼ਬਦਾਂ ਵਿੱਚ ਸਾਰੀ ਗੱਲ ਸਮਝਾ ਦਿੰਦਾ ਸੀ। ਗੁਜਰਾਤ ਦੇ ਪਿੰਡ ਵਿਚ ਜਾ ਕੇ ਉਹ ਉਸ ਬੰਦੇ ਨਾਲ ਲਗਾਤਾਰ ਗੱਲਾਂ ਕਰੀ ਗਿਆ, ਅਸਲ ਵਿੱਚ ਉਹ ਉਸ ਬੰਦੇ ਨੂੰ ਨਿਸ਼ਚਿੰਤ ਕਰ ਰਿਹਾ ਸੀ। ਜਿਹੜੇ ਸਵਾਲ ਉਹ ਬੰਦੇ ਦੇ ਮਨ ਵਿੱਚ ਉੱਠ ਸਕਦੇ ਸੀ, ਉਸ ਬਾਰੇ ਉਹ ਪਹਿਲਾਂ ਹੀ ਗੱਲ ਕਰ ਰਿਹਾ ਸੀ।

ਉਹ ਸਥਿਤੀ ਨੂੰ ਦੇਖਦਾ, ਸਮਝਦਾ ਸੀ ਤੇ ਫਿਰ ਬਿਲਕੁਲ ਉਹਦੇ ਮੁਤਾਬਿਕ ਕੋਈ ਰਸਤਾ ਲੱਭ ਲੈਂਦਾ ਸੀ। ਮੈਨੂੰ ਲੱਗਦਾ ਸੀ ਕਿ ਉਹ ਕਿਸੇ ਵੀ ਹਾਲਤ ਲਈ ਪਹਿਲੋਂ ਤਿਆਰ ਸੀ। ਉਹਦੇ ਵਿਚ ਹਰ ਹਾਲਾਤ ਨੂੰ ਸਵੀਕਾਰ ਕਰਨ ਦਾ ਕੁਦਰਤੀ ਹੁਨਰ ਸੀ। ਜਦੋਂ ਉਸ ਨੇ ਸਾਨੂੰ ਕਿਹਾ ਕਿ ਇਨ੍ਹਾਂ ਪਿੰਡਾਂ ਵਿਚ ਮੇਰੀ ਬਰਾਦਰੀ ਹੈ ਤੇ ਉਹ ਸਾਨੂੰ ਸੰਭਾਲ ਲੈਣਗੇ। ਉਹ ਪੰਦਰਾਂ ਸਾਲਾਂ ਬਾਅਦ ਇਧਰ ਨੂੰ ਆ ਰਿਹਾ ਸੀ, ਉਹ ਵੀ ਹਥਿਆਰ ਲੈ ਕੇ ਤੇ ਅਜਿਹੇ ਬੰਦਿਆਂ ਸਮੇਤ ਜੋ ਇੱਥੇ ਸਰਕਾਰ ਨੂੰ ਬਹੁਤ ਲੋੜੀਂਦੇ ਸੀ। ਉਸ ਨੂੰ ਆਪਣੇ ਸਾਥੀਆਂ ਤੇ ਪੂਰਾ ਯਕੀਨ ਸੀ ਤੇ ਸਾਨੂੰ ਓਹਨਾਂ ਦਾ ਪਤਾ ਵੀ ਦੇ ਦਿੱਤਾ ਤੇ ਇਕ ਹਫਤੇ ਦਾ ਸਮਾਂ ਵੀ ਦਿੱਤਾ। ਹੋਇਆ ਵੀ ਇੰਝ ਹੀ ਉਸ ਦੇ ਬੰਦਿਆਂ ਨੇ ਉਸ ਨੂੰ ਵੀ ਸੰਭਾਲਿਆ ਤੇ ਉਹਦੇ ਕਰਕੇ ਸਾਡੇ ਲਈ ਵੀ ਕੰਮ ਕੀਤਾ। ਬਾਅਦ ਵਿਚ ਕੁੱਟਾਂ ਵੀ ਖਾਧੀਆਂ ਤੇ ਜੇਲ੍ਹਾਂ ਵੀ ਕੱਟੀਆਂ। ਉਸ ਨੂੰ ਆਪਣੇ ਜਾਨਵਰਾਂ ਦਾ ਸਾਡੇ ਵਾਂਗ ਹੀ ਖਿਆਲ ਸੀ। ਉਸ ਨੂੰ ਯਕੀਨ ਸੀ ਕਿ ਮੈਂ ਇਨ੍ਹਾਂ ਦੇ ਪੈਰ ਠੀਕ ਕਰ ਲਵਾਂਗਾ ਤੇ ਓਹਨਾਂ ਨੂੰ ਠੀਕ ਕਰਕੇ ਵਾਪਸ ਵੀ ਲੈ ਗਿਆ।

ਜਦੋਂ ਅਸੀਂ ਰਾਹ ਵਿੱਚ ਬੈਠਦੇ ਤਾਂ ਉਹ ਊਠ ਨਾਲ ਪਿੱਠ ਲਾ ਕੇ ਬੈਠ ਜਾਂਦਾ ਤੇ ਉਹਦੀ ਗਰਦਨ ਤੇ ਹੱਥ ਫੇਰਦਾ ਰਹਿੰਦਾ। ਉਸ ਦਿਨ ਉਸ ਨੇ ਊਠ ਨਾਲ ਢੋਅ ਲਾ ਕੇ ਹੀ ਆਰਾਮ ਕੀਤਾ ਸੀ ਤੇ ਊਠ ਦੀ ਛਾਂ ਸਾਡੇ ਲਈ ਛੱਡ ਦਿੱਤੀ ਸੀ। ਜਦੋਂ ਪਾਣੀ ਮੁੱਕਣ ਤੇ ਰਸਤਾ ਭਟਕਣ ਬਾਰੇ ਪਤਾ ਲੱਗਿਆ ਤਾਂ ਬਾਬੇ ਨੇ ਬੰਦੂਕ ਤਾਣ ਕੇ ਉਹਨਾਂ ਨੂੰ ਬੁਰਾ ਮਾੜਾ ਵੀ ਕਿਹਾ ਤੇ ਓਹਨਾਂ ਤੇ ਸ਼ੱਕ ਵੀ ਕੀਤਾ। ਭਤੀਜੇ ਨੂੰ ਇਹ ਗੱਲ ਬਹੁਤ ਚੁਭੀ ਤੇ ਉਹ ਗੁੱਸੇ ਨੂੰ ਪੀ ਰਿਹਾ ਸੀ ਪਰ ਬਜੁਰਗ ਤੇ ਉਸ ਦਾ ਕੋਈ ਅਸਰ ਨਹੀਂ ਹੋਇਆ। ਉਸ ਨੇ ਇਹੋ ਪ੍ਰਭਾਵ ਦਿੱਤਾ ਕਿ ਜਿਵੇਂ ਬੱਚੇ ਝਗੜ ਰਹੇ ਹੋਣ। ਇਹ ਅਣਖ ਵਾਲੇ ਜੰਗਜੂ ਲੋਕ ਸਨ ਪਰ ਓਹਨਾਂ ਨੇ ਆਪਣੀ ਜਿੰਮੇਵਾਰੀ ਨੂੰ ਸਮਝਦੇ ਹੋਏ ਕੋਈ ਵਿਰੋਧ ਨਹੀਂ ਕੀਤਾ। ਫੇਰ ਮੈਂ ਵਿੱਚ ਪੈ ਕੇ ਗੱਲ ਨੂੰ ਠੰਢਿਆਂ ਕੀਤਾ ਤੇ ਆਪਣੇ ਵੱਲੋਂ

ਗਲਤੀ ਮੰਨੀ। ਉਹ ਬਜੁਰਗ ਨੂੰ ਬਹੁਤ ਚੰਗਾ ਲੱਗਿਆ ਤੇ ਉਸ ਨੇ ਸਾਰੀ ਗੱਲ ਪਿਛਾਂਹ ਸੁੱਟ ਦਿੱਤੀ ਤੇ ਕਿਹਾ ਕਿ ਇਹ ਗੱਲ ਤਾਂ ਠੀਕ ਹੈ ਕਿ ਸਾਡੀ ਵੀ ਗਲਤੀ ਹੈ, ਚਲੋ ਹੁਣ ਅੱਗੇ ਦਾ ਰਾਹ ਲੱਭੀਏ। ਫਿਰ ਜਦੋਂ ਉਸਨੇ ਆਪਣੇ ਰੇਗਿਸਤਾਨ ਵਿੱਚ ਮੁਕਾਬਲੇ ਬਾਰੇ ਗੱਲ ਸੁਣਾਈ ਤਾਂ ਉਸ ਰਾਹੀਂ ਸਾਡੇ ਅੱਗੇ ਦਾ ਰਾਹ ਹੀ ਸਪੱਸ਼ਟ ਕੀਤਾ ਸੀ ਕਿ ਜੇਕਰ ਆਪਾਂ ਹੌਸਲਾ ਰੱਖ ਕੇ ਠੰਢੇ ਦਿਮਾਗ ਨਾਲ ਆਖਰੀ ਦਮ ਤਕ ਲੜਾਂਗੇ, ਤਾਂ ਕਿਸਮਤ ਆਪਣਾ ਸਾਥ ਦੇਵੇਗੀ। ਜੇ ਫਿਕਰਾਂ ਵਿੱਚ ਪਏ ਜਾਂ ਰੁਕ ਗਏ ਤਾਂ ਇਹ ਲੂਣੀ ਦਲਦਲ ਆਪਾਂ ਨੂੰ ਖਾ ਜਾਵੇਗੀ। ਉਸ ਤੋਂ ਬਾਅਦ ਮੈਨੂੰ ਓਹਨਾਂ ਚਾਚੇ ਭਤੀਜੇ ਬਾਰੇ ਕੋਈ ਖਬਰ ਨਹੀਂ ਮਿਲੀ। ਓਹਨਾਂ ਨਾਲ ਕੀ ਬੀਤੀ ਤੇ ਉਹ ਕਿਸ ਹਾਲ ਵਿਚ ਹਨ? ਇਹ ਵਾਹਿਗੁਰੂ ਨੂੰ ਹੀ ਪਤਾ ਹੈ।

ਪਾਠ : ੭

ਦੋਸਤੀ ਬਾਰੇ

ਦੋਸਤੀ ਜਿੰਦਗੀ ਦਾ ਇਕ ਖੂਬਸੂਰਤ ਰਿਸ਼ਤਾ ਹੈ। ਦੋਸਤੀ ਕਿਤੇ ਵੀ ਕਿਸੇ ਨਾਲ ਵੀ ਹੋ ਸਕਦੀ ਹੈ। ਸੱਚੀ ਦੋਸਤੀ ਰੂਹ ਦੀ ਪੱਧਰ ਉਤੇ ਹੁੰਦੀ ਹੈ ਅਤੇ ਇਹ ਆਪੇ ਹੀ ਹੋ ਜਾਂਦੀ ਹੈ। ਜੰਗ ਅਤੇ ਸੰਘਰਸ਼ ਦੌਰਾਨ ਦੋਸਤੀ ਦੇ ਰੰਗ ਹੋਰ ਵੀ ਗੂਹੜੇ ਅਤੇ ਡੂੰਘੇ ਹੋ ਜਾਂਦੇ ਹਨ। ਜਦੋਂ ਮੈਂ ਸੰਘਰਸ਼ ਵਿਚ ਤੁਰਿਆ ਤਾਂ ਆਪਣੇ ਦੋ ਦੋਸਤਾਂ ਨਾਲ ਹੀ ਤੁਰਿਆ ਸੀ। ਇਹ ਦੋਸਤੀ ਸੰਘਰਸ਼ ਵਿਚ ਤਿੰਨ ਤੋਂ ਅੱਠਾਂ ਦੀ ਹੋ ਗਈ ਫਿਰ ਅੱਠ ਤੋਂ ਅਗਾਂਹ ਹੀ ਫੈਲਦੀ ਗਈ। ਜੰਗ ਜਾਂ ਸੰਘਰਸ਼ ਵਿਚ ਸਾਂਝ ਬਹੁਤ ਫੈਲਦੀ ਅਤੇ ਡੂੰਘੀ ਹੋ ਜਾਂਦੀ ਹੈ। ਤੁਹਾਡੇ ਨਾਲ ਤੁਰਨ ਵਾਲੇ ਇਕ ਟੱਬਰ ਵਾਂਗ ਹੋ ਜਾਂਦੇ ਹਨ। ਇਕੱਠੇ ਜੂਝਣ ਵਾਲਿਆਂ ਵਿਚ ਸਾਂਝਾਂ ਬਹੁਤ ਹੋ ਜਾਂਦੀਆਂ ਹਨ ਜੋ ਤੁਹਾਨੂੰ ਸਾਰਿਆਂ ਨੂੰ ਇਕ ਧਰਾਤਲ ਉਤੇ ਲੈ ਆਉਂਦੀਆਂ ਹਨ। ਤੁਹਾਡੇ ਵਿਚਕਾਰ ਸਾਂਝੀਵਾਲਤਾ ਅਤੇ ਭਰੱਪੇ ਭਾਵ ਦਾ ਦਰਿਆ ਫੁੱਟ ਪੈਂਦਾ ਹੈ। ਇਥੇ ਸੱਚੀ ਦੋਸਤੀ ਲਈ ਜਮੀਨ ਬਹੁਤ ਜਰਖੇਜ ਹੁੰਦੀ ਹੈ।

ਦੋਸਤੀਆਂ ਨੇ ਸਾਡੇ ਸੰਘਰਸ਼ ਨੂੰ ਵੀ ਹਰਿਆ ਭਰਿਆ ਕੀਤਾ ਅਤੇ ਖੂਬਸੂਰਤ ਬਣਾਇਆ। ਰਣਜੀਤ ਸਿੰਘ ਕੁੱਕੀ, ਸੁਖਮਿੰਦਰ ਸਿੰਘ ਸੁੱਖੀ ਅਤੇ ਮੈਂ ਕਾਲਜ ਪੜ੍ਹਦੇ ਵਕਤ ਹੀ ਦੋਸਤ ਸੀ। ਜਦੋਂ ਜੂਨ ੧੯੮੪ ਵਾਪਰਿਆ ਤਾਂ ਸਾਨੂੰ ਇੰਝ ਲੱਗਿਆ ਜਿਵੇਂ ਭਰੇ ਬਜਾਰ ਵਿਚ ਦੁਸ਼ਮਣ ਨੇ ਸਾਡੀ ਪੱਗ ਪੈਰਾਂ ਹੇਠ ਰੋਲ ਕੇ ਸਾਨੂੰ ਲਲਕਾਰਿਆ ਹੋਵੇ। ਗੈਰਤ ਬਿਨਾ ਜੀਵਨ ਦਾ ਕੋਈ ਅਰਥ ਨਹੀਂ ਹੁੰਦਾ ਤੇ ਗੈਰਤ ਦਾ ਇਹੋ ਤਕਾਜਾ ਸੀ ਕਿ ਦੁਸ਼ਮਣ ਨੂੰ ਮੈਦਾਨੇ ਜੰਗ ਵਿਚ ਟੱਕਰੀਏ ਤੇ ਇਸ ਤਰ੍ਹਾਂ ਅਸੀਂ ਜੰਗ ਦੇ ਰਾਹ ਤੁਰ ਪਏ। ਜੰਗ ਵਿਚ ਦੋਸਤੀ ਹੋਰ ਨਿਖਰੀ ਤੇ ਗੂਹੜੀ ਹੋ ਗਈ ਤੇ ਫਿਰ ਭਰੱਪੇ ਭਾਵ ਤੋਂ ਵੀ ਉਤਾਂਹ ਉਠ ਗਈ। ਫਿਰ ਇਕ ਵਕਤ ਅਜਿਹਾ ਵੀ ਆਇਆ ਕਿ ਪੰਥ ਦੇ ਸਭ ਯੋਧੇ ਇਕ ਧਰਾਤਲ ਤੇ ਹੀ ਜਿਉਣ ਲੱਗ ਪਏ। ਦੋਸਤ ਅਤੇ ਸਾਥੀ ਆਪਸ ਵਿਚ ਹੀ ਘੁਲ ਗਏ ਤੇ ਦਿਲੋ ਦਿਮਾਗ ਉਤੇ ਇਹੋ ਰਿਸ਼ਤਾ ਛਾ ਗਿਆ। ਸਾਡੇ

ਰੂਪੋਸ਼ ਹੋਣ ਤੋਂ ਬਾਅਦ ਸਾਡੇ ਹੋਰ ਦੋਸਤਾਂ ਅਤੇ ਸਾਥੀਆਂ ਨੇ ਵੀ ਇਹੋ ਰਾਹ ਚੁਣ ਲਿਆ। ਜਿਵੇਂ ਜਸਵਿੰਦਰ ਸਿੰਘ ਜੱਸੀ, ਡਾ. ਗੁਰਪ੍ਰੀਤ ਸਿੰਘ, ਹਰਿੰਦਰ ਸਿੰਘ ਬੰਟੀ, ਆਦਰਸ਼ਪ੍ਰੀਤ ਸਿੰਘ, ਪ੍ਰੀਤਮ ਸਿੰਘ ਸੇਖੋਂ ਤੇ ਹੋਰ ਅਨੇਕਾਂ ਨੌਜਵਾਨ ਸਨ। ਇਸੇ ਤਰ੍ਹਾਂ ਹੋਰ ਬਹੁਤ ਸਾਰੇ ਕਾਲਜਾਂ ਅਤੇ ਯੂਨੀਵਰਸਿਟੀਆਂ, ਪਿੰਡਾਂ, ਸ਼ਹਿਰਾਂ ਤੇ ਕਸਬਿਆਂ ਵਿਚੋਂ ਕਿਸੇ ਇਕ ਦੋਸਤ ਦੇ ਜੰਗ ਵਿਚ ਕੁੱਦਣ ਨਾਲ ਹੋਰ ਦੋਸਤ ਮਰਜੀਵੜੇ ਵੀ ਨਾਲ ਆ ਰਲੇ। ਇਸ ਤਰ੍ਹਾਂ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਲੁਧਿਆਣੇ ਵਿਚ ਅਵਤਾਰ ਸਿੰਘ ਦੇ ਸ਼ਹੀਦ ਹੋਣ ਨਾਲ ਦੋਸਤਾਂ ਦਾ ਇਕ ਪੂਰਾ ਟੋਲਾ ਹੀ ਸੰਘਰਸ਼ ਵਿਚ ਆ ਰਲਿਆ ਜਿਵੇਂ ਨਵਨੀਤ ਸਿੰਘ ਕਾਦੀਆਂ, ਦਵਿੰਦਰਪਾਲ ਸਿੰਘ ਭੁੱਲਰ, ਮਨਮੋਹਨ ਸਿੰਘ। ਇਸੇ ਤਰ੍ਹਾਂ ਗੁਰਜੀਤ ਸਿੰਘ ਕਾਕਾ, ਗੁਰਮੀਤ ਸਿੰਘ ਮੀਤਾ, ਕੇ ਪੀ ਸਿੰਘ, ਸੁਰਿੰਦਰ ਸਿੰਘ ਮਿੰਟਾ, ਨਿਰਮਲ ਸਿੰਘ ਤੇ ਹੋਰ ਕਈ ਸਿੰਘ ਵਾਰੀ ਵਾਰੀ ਦੋਸਤੀ ਨਿਭਾਉਂਦੇ ਹੋਏ ਆਈ ਗਏ। ਪੰਜਾਬ ਵਿਚ ਬਹੁਤੇ ਥਾਈਂ ਇਸੇ ਤਰ੍ਹਾਂ ਹੀ ਸੰਘਰਸ਼ ਅੱਗੇ ਤੁਰਦਾ ਰਿਹਾ। ਦੋਸਤੀ ਯੋਧਿਆਂ ਦੀ ਇਕ ਨਾ ਮੁੱਕਣ ਵਾਲੀ ਪਨੀਰੀ ਤਿਆਰ ਕਰਦੀ ਰਹੀ। ਬਹੁਤੇ ਥਾਈਂ ਇਸ ਤਰ੍ਹਾਂ ਹੁੰਦਾ ਸੀ ਕਿ ਜਦੋਂ ਕੋਈ ਇਕ ਸਿੰਘ ਸ਼ਹੀਦ ਹੁੰਦਾ ਸੀ ਤਾਂ ਉਹਦਾ ਕੋਈ ਦੋਸਤ ਉਹਦੀ ਥਾਂ ਆ ਲੈਂਦਾ ਸੀ।

ਜਦੋਂ ਅਸੀਂ ਪੰਜਾਬ ਛੱਡ ਕੇ ਦਿੱਲੀ ਗਏ ਤਾਂ ਉਥੇ ਚਾਚਾ ਮਥਰਾ ਸਿੰਘ, ਸੁਖਵਿੰਦਰ ਸਿੰਘ ਛਿੰਦੂ, ਹਰਜਿੰਦਰ ਸਿੰਘ ਜਿੰਦਾ, ਸੁਖਦੇਵ ਸਿੰਘ ਸੁੱਖਾ ਅਤੇ ਬਲਜਿੰਦਰ ਸਿੰਘ ਰਾਜੂ ਨਾਲ ਮਿਲਾਪ ਹੋਇਆ। ਸਾਡੀ ਤਿੰਨ ਜਣਿਆਂ ਦੀ ਦੋਸਤੀ ਦਾ ਘੇਰਾ ਅੱਠ ਜਣਿਆਂ ਤੱਕ ਹੋ ਗਿਆ ਸੀ। ਜਦੋਂ ਮੁੜ ਪੰਜਾਬ ਆਏ ਤਾਂ ਇਥੇ ਅਨੇਕਾਂ ਸੂਰਬੀਰ ਯੋਧਿਆਂ ਨਾਲ ਦੋਸਤੀ ਅਤੇ ਭਰੱਪੇ ਭਾਵ ਵਾਲਾ ਸਾਥ ਮਾਣਿਆ। ਇਹ ਸੰਘਰਸ਼ ਦੇ ਰਿਸ਼ਤੇ ਵਿਚ ਸਾਂਝਾਂ ਐਨੀਆਂ ਡੂੰਘੀਆਂ ਹੋ ਗਈਆਂ ਕਿ ਸਭ ਕੁਝ ਸਾਂਝੀਵਾਲਤਾ ਹੀ ਹੋ ਗਿਆ। ਸੁਲੱਖਣ ਸਿੰਘ, ਅਨੋਖ ਸਿੰਘ, ਹੀਰਾ ਸਿੰਘ, ਅਵਤਾਰ ਸਿੰਘ, ਮਾਸਟਰ ਸੁਖਵਿੰਦਰ ਸਿੰਘ, ਮਨਵੀਰ ਸਿੰਘ ਚਹੇੜੂ, ਬਲਬੀਰ ਸਿੰਘ, ਲਾਭ ਸਿੰਘ, ਗੁਰਦੇਵ ਸਿੰਘ, ਗੁਰਜੀਤ ਸਿੰਘ, ਗੁਰਜੰਟ ਸਿੰਘ ਬੁੱਧਸਿੰਘਵਾਲਾ, ਰਛਪਾਲ ਸਿੰਘ ਛੰਦੜਾਂ, ਚਰਨਜੀਤ ਸਿੰਘ ਤਲਵੰਡੀ, ਸਵਰਨ ਸਿੰਘ ਜਵੰਦਾ, ਅਵਤਾਰ ਸਿੰਘ ਪਹਿਲਵਾਨ ਅਤੇ ਹੋਰ ਅਨੇਕਾਂ ਅਨਮੋਲ ਹੀਰਿਆਂ ਨਾਲ ਮਿਲਾਪ ਹੋਇਆ ਤੇ ਉਹ ਵੀ ਉਸੇ ਸਾਂਝੀਵਾਲਤਾ ਦੀ ਲੜੀ ਵਿਚ ਪਰੋਏ ਗਏ।

ਅਲਹਿਦਾ-ਅਲਹਿਦਾ ਜਥੇਬੰਦੀਆਂ ਵਿਚ ਵਿਚਰਦੇ ਹੋਏ ਵੀ ਸਾਡੇ ਸਬੰਧ ਦੋਸਤਾਂ ਅਤੇ ਭਰਾਵਾਂ ਨਾਲੋਂ ਵਧ ਕੇ ਸਨ। ਗੁਰਜੰਟ ਸਿੰਘ ਬੁੱਧਸਿੰਘਵਾਲਾ, ਕੰਵਰਜੀਤ ਸਿੰਘ ਸੁਲਤਾਨਵਿੰਡ, ਸੁਖਵਿੰਦਰ ਸਿੰਘ ਸੰਘਾ ਤੇ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਜਥੇ ਵਿਚ ਕੋਈ ਫਰਕ ਨਹੀਂ ਸੀ। ਕਹਿਣ ਨੂੰ ਚਾਰ ਜਥੇਬੰਦੀਆਂ ਸਨ ਪਰ ਅਸਲ ਵਿਚ ਇਕ ਵਾਂਗ ਹੀ ਵਿਚਰਦੇ ਸੀ।

ਜਦੋਂ ਮੈਂ ਪਾਰ ਗਿਆ ਹੋਇਆ ਸੀ ਤਾਂ ਇਕ ਚੜ੍ਹਦੀ ਉਮਰ ਦਾ ਗੱਭਰੂ ਬਹੁਤ ਜਖਮੀ ਹਾਲਤ ਵਿਚ ਸਾਡੇ ਕੋਲ ਆਇਆ। ਸਰਹੱਦ ਪਾਰ ਕਰਨ ਵੇਲੇ ਉਹਦੇ ਗੋਲਾ ਵੱਜਿਆ ਤਾਂ ਉਹਦਾ ਗੋਡਾ ਉਡ ਗਿਆ ਪਰ ਉਹ ਏਨਾ ਜਖਮੀ ਹੋਣ ਦੇ ਬਾਵਜੂਦ ਭਾਰਤੀ ਸਰਹੱਦੀ ਫੌਜ ਨਾਲ ਸਾਰੀ ਰਾਤ ਮੁਕਾਬਲਾ ਕਰਦਾ ਰਿਹਾ। ਆਪਣੇ ਇਕ ਸਾਥੀ ਨੂੰ ਬਚਾ ਕੇ ਹੌਲੀ ਹੌਲੀ ਪਾਰ ਆ ਗਿਆ। ਇਥੇ ਆ ਕੇ ਉਹਨੂੰ ਠੀਕ ਹੋਣ ਵਿਚ ਇਕ ਸਾਲ ਲੱਗਿਆ। ਬਹੁਤ ਕੋਸ਼ਿਸ਼ਾਂ ਦੇ ਬਾਵਜੂਦ ਉਹ ਮਸਾਂ ਤੁਰਨ ਜੋਗਾ ਹੀ ਹੋ ਸਕਿਆ। ਉਹਦਾ ਨਾਂ ਜੱਗਾ ਸੀ ਤੇ ਉਹ ਭਿਖੀਵਿੰਡ ਕੋਲ ਦਾ ਸੀ। ਕੁਦਰਤ ਨੇ ਉਹਨੂੰ ਬਹੁਤ ਰੂਪ ਅਤੇ ਗੁਣ ਦਿੱਤੇ ਸਨ। ਜਦੋਂ ਉਹ ਠੀਕ ਹੋ ਕੇ ਸਾਡੇ ਕੋਲ ਆਇਆ ਤਾਂ ਉਹਦੇ ਵੱਲ ਵੇਖ ਕੇ ਮੈਂ ਪੁਛਿਆ ਕਿ ਤੂੰ ਸਰਹੱਦ ਪਾਰ ਕਰਕੇ ਕਿਉਂ ਆਇਆ ਏਂ? ਪਹਿਲਾਂ ਤਾਂ ਉਹ ਕੁਝ ਨਹੀਂ ਬੋਲਿਆ ਫਿਰ ਬਹੁਤ ਗੰਭੀਰ ਹੋ ਕੇ ਕਹਿਣ ਲੱਗਾ। ਯਾਰੀ ਤਾਂ ਨਿਭਾਉਣੀ ਹੀ ਸੀ। ਜਦੋਂ ਯਾਰ ਡਿੱਗ ਪਿਆ ਤਾਂ ਉਹਦੀ ਰਫਲ ਕੌਣ ਫੜਦਾ? ਲੜਾਈ ਮੁੱਕੀ ਨੀ ਤਾਂ ਸਿਲਸਿਲਾ ਅੱਗੇ ਤੁਰਨਾ ਹੀ ਚਾਹੀਦਾ ਏ। ਮੈਂ ਏਦਾਂ ਪਿੱਠ ਨਹੀਂ ਵਿਖਾ ਸਕਦਾ।

ਜੱਗੇ ਦੇ ਦੋਸਤ ਦਾ ਨਾਂ ਸੁਰਿੰਦਰਜੀਤ ਸਿੰਘ ਮਿੰਟੂ ਸੀ ਉਹ ਵੀ ਭਿਖੀਵਿੰਡ ਕੋਲ ਦਾ ਹੀ ਸੀ। ਹਾਲੇ ਉਹ ਦੋਵੇਂ ਸਕੂਲ ਪੜ੍ਹਦੇ ਸਨ ਜਦੋਂ ਮਿੰਟੂ ਖਾਲਸਤਾਨ ਅਤੇ ਖਾੜਕੂਆਂ ਦੀਆਂ ਗੱਲਾਂ ਕਰਦਾ ਰਹਿੰਦਾ ਸੀ। ਉਹ ਇਕ ਦਿਨ ਖਾਲਸਤਾਨ ਕਮਾਂਡੋ ਫੋਰਸ ਪੰਜਵੜ ਦੇ ਸਿੰਘਾਂ ਨਾਲ ਚਲਾ ਗਿਆ। ਥੋਹੜੇ ਚਿਰ ਵਿਚ ਹੀ ਉਹਨੇ ਜੰਗ ਬਹੁਤ ਮਘਾ ਦਿੱਤੀ ਅਤੇ ਛੇਤੀ ਹੀ ਸ਼ਹੀਦੀ ਪਾ ਗਿਆ। ਜਦੋਂ ਉਹ ਜੰਗ ਵਿਚ ਚਲਾ ਗਿਆ ਉਦੋਂ ਵੀ ਜੱਗੇ ਕੋਲ ਆਇਆ ਕਰਦਾ ਸੀ। ਮੈਂ ਉਹਨੂੰ ਪੁੱਛਿਆ ਕਿ ਤੁਹਾਡਾ ਕੋਈ ਕੌਲ ਕਰਾਰ ਹੋਇਆ ਸੀ ਕਿ ਉਹਦੇ ਬਾਅਦ ਤੂੰ ਹਥਿਆਰ ਚੁੱਕੇਂਗਾ। ਜੱਗੇ ਨੇ ਬੜੇ ਅਰਾਮ ਨਾਲ ਕਿਹਾ ਕਿ ਨਹੀਂ, ਕਦੇ ਸਾਡੇ ਵਿਚ ਐਸੀ ਗੱਲ ਨਹੀਂ ਹੋਈ। ਨਾ ਕਦੇ ਉਹਨੇ ਮੈਨੂੰ ਇਹਦੇ ਬਾਰੇ ਕੁਝ ਕਿਹਾ ਅਤੇ ਨਾ ਹੀ ਕਦੇ ਮੈਂ ਏਦਾਂ ਸੋਚਿਆ। ਜੇ ਉਹ ਕਹਿ ਦਿੰਦਾ ਤਾਂ ਮੈਂ ਚਲੇ ਵੀ ਜਾਣਾ ਸੀ ਪਰ ਉਹਦੇ ਜਾਣ ਤੋਂ ਬਾਅਦ ਘਰੇ ਰਹਿਣਾ ਬੋਝ ਜਿਹਾ ਬਣ ਗਿਆ ਸੀ। ਮੇਰੀ ਹਾਲਤ ਬਿਮਾਰਾਂ ਵਰਗੀ ਹੋ ਗਈ ਤੇ ਜਿਉਣ ਨੂੰ ਜੀਅ ਨਹੀਂ ਕਰਦਾ ਸੀ। ਮੈਂ ਬਹੁਤ ਸੋਚਿਆ, ਗੁਰੂ ਘਰ ਗਿਆ ਅਤੇ ਘਰ ਦਿਆਂ ਬਾਰੇ ਵੀ ਸੋਚਿਆ ਪਰ ਮੇਰਾ ਦਿਲ ਕਿਤੇ ਵੀ ਨਹੀਂ ਠਹਿਰਦਾ ਸੀ। ਦਿਲ ਵਿਚ ਇਕ ਧੂੰਆ ਜਿਹਾ ਸੀ ਇਕ ਦਿਨ ਜਦੋਂ ਮੈਂ ਉਹਦੇ ਨਾਲ ਦੇ ਸਿੰਘਾਂ ਨੂੰ ਵੇਖਿਆ ਤਾਂ ਮੈਨੂੰ ਲੱਗਿਆ ਕਿ ਮੇਰਾ ਵੀ ਏਹੀ ਰਾਹ ਹੈ। ਮੈਂ ਸਿੰਘਾਂ ਨਾਲ ਇਧਰ ਨੂੰ ਆ ਗਿਆ। ਆਉਣ ਵੇਲੇ ਮੁਕਾਬਲਾ ਹੋ ਗਿਆ। ਮੈਂ ਤਾਂ ਕਦੇ ਗੋਲੀ ਵੀ ਨਹੀਂ ਚਲਾਈ ਸੀ। ਉਸ ਦਿਨ ਮੈਨੂੰ ਲੱਗਿਆ ਕਿ ਮੇਰੇ ਨਾਲ ਮਿੰਟੂ ਵੀ ਗੋਲੀ ਚਲਾ ਰਿਹਾ ਹੈ। ਮੇਰੀ ਲੱਤ ਤਾਂ ਖਰਾਬ ਹੋ ਗਈ ਪਰ ਮੇਰੇ ਮਨ ਨੂੰ ਸਕੂਨ ਹੈ ਕਿ ਮੈਂ ਸਹੀ ਕਦਮ ਚੁੱਕਿਆ ਹੈ।

ਬਹੁਤੀ ਥਾਂ ਜੱਗੇ ਵਰਗੇ ਹਾਲਾਤ ਹੀ ਹੁੰਦੇ ਸਨ ਜਦੋਂ ਕੋਈ ਸਿੰਘ ਸ਼ਹੀਦ ਹੋ ਜਾਂਦਾ ਸੀ ਤਾਂ ਉਹਦਾ ਕੋਈ ਸਨੇਹੀ ਸਾਥੀ ਜਾਂ ਦੋਸਤ ਉਹਦੀ ਥਾਂ ਆ ਕੇ ਹਥਿਆਰ ਫੜ ਲੈਂਦਾ ਸੀ।

ਸੰਘਰਸ਼ ਵਿਚ ਅਜਿਹੇ ਬਹੁਤ ਨੌਜਵਾਨ ਆਏ ਜਿਹੜੇ ਆਪਣੇ ਸਮੇਂ ਵਿਚ ਆਪਣੇ ਆਲੇ ਦੁਆਲੇ ਵਿਚ ਸਭ ਤੋਂ ਬਿਹਤਰ ਬੰਦੇ ਸਨ। ਉਹਨਾਂ ਦੇ ਉੱਚੇ ਕਿਰਦਾਰ ਤੇ ਗੈਰਤ ਉਹਨਾਂ ਨੂੰ ਸਹਿਜੇ ਹੀ ਜੰਗ ਵਿਚ ਲੈ ਗਏ। ਉਹ ਚੁੱਪ ਨਹੀਂ ਸੀ ਰਹਿ ਸਕਦੇ ਤੇ ਨਾ ਹੀ ਦੂਰ ਖੜ੍ਹ ਕੇ ਵੇਖ ਸਕਦੇ ਸਨ। ਜਦੋਂ ਪੰਥ ਦੀ ਸੱਦ ਪਈ ਤੇ ਅਰਦਾਸ ਨੇ ਸਮਿਆਂ ਨੂੰ ਜਰਖੇਜ ਕਰ ਦਿੱਤਾ ਤਾਂ ਉਹ ਨਦੀਆਂ ਨਾਲਿਆਂ ਵਾਂਗ ਅੱਡ-ਅੱਡ ਥਾਵਾਂ ਤੋਂ ਜੰਗ ਦੇ ਸ਼ੂਕਦੇ ਦਰਿਆ ਵਿਚ ਆ ਰਲੇ। ਇਹ ਧਾਰ ਸੰਘਰਸ਼ ਦੀ ਜਿੰਦ ਜਾਨ ਤੇ ਰੂਹ ਸੀ। ਜਦੋਂ ਕੋਈ ਇਹੋ ਜਿਹਾ ਨੌਜਵਾਨ ਸ਼ਹਾਦਤ ਪਾਉਂਦਾ ਸੀ ਤਾਂ ਉਹਦੇ ਆਲੇ ਦੁਆਲੇ ਵਿਚ ਅਤੇ ਉਹਦੇ ਸੰਪਰਕ ਵਿਚ ਰਹੇ ਸੰਗੀਆਂ ਸਾਥੀਆਂ ਉਤੇ ਡੂੰਘਾ ਅਸਰ ਪੈਂਦਾ ਸੀ। ਜਦੋਂ ਕੋਈ ਇਹੋ ਜਿਹਾ ਸਿੰਘ ਸ਼ਹੀਦ ਹੁੰਦਾ ਸੀ ਤਾਂ ਉਹਦੇ ਜਾਣ ਬਾਅਦ ਇਕ ਪਵਿੱਤਰ ਖਲਾਅ ਇਹੋ ਜਿਹੀ ਬਣਤਰ ਅਤੇ ਕਿਸਮ ਦਾ ਹੁੰਦਾ ਸੀ ਜੋ ਹੋਰ ਕਈਆਂ ਨੂੰ ਆਪਣੇ ਵੱਲ ਖਿਚਦਾ ਸੀ। ਉਹਦੇ ਜਾਣ ਤੋਂ ਬਾਅਦ ਜਦੋਂ ਉਹ ਇਹ ਰਾਹ ਤੁਰਦੇ ਸਨ ਤਾਂ ਪਤਾ ਲਗਦਾ ਸੀ ਕਿ ਉਹਨਾਂ ਦੀ ਸਾਂਝ ਕਿੱਡੀ ਪੀਡੀ ਹੈ ਤੇ ਉਹ ਕਿਵੇਂ ਤਾਣੇ ਪੇਟੇ ਵਾਂਗ ਆਪਸ ਵਿਚ ਜੁੜੇ ਹੋਏ ਸਨ।

ਚਰਨਜੀਤ ਸਿੰਘ ਚੰਨਾ ਅਤੇ ਬਲਵਿੰਦਰ ਸਿੰਘ ਜਟਾਣਾ ਇਕੱਠੇ ਹੀ ਸੰਘਰਸ਼ ਵਿਚ ਆਏ। ਸ਼ੁਰੂ ਤੋਂ ਹੀ ਦੋਸਤ ਸਨ ਅਤੇ ਹਰ ਵੇਲੇ ਇਕੱਠੇ ਹੀ ਰਹਿੰਦੇ ਸਨ ਤੇ ਫਿਰ ਚੰਨਾ ਅਮਰੀਕਾ ਚਲਾ ਗਿਆ ਤੇ ਕਈ ਸਾਲ ਨਿਊਯਾਰਕ ਰਿਹਾ। ਜਦੋਂ ਮੈਂ ਪਾਰ ਗਿਆ ਤਾਂ ਉਹ ਵੀ ਅਮਰੀਕਾ ਤੋਂ ਉਥੇ ਆ ਗਿਆ। ਉਹਨੇ ਕਿਹਾ ਕਿ ਮੈਂ ਦੋਸਤਾਂ ਨੂੰ ਜੰਗ ਵਿਚ ਛੱਡ ਕੇ ਬਾਹਰ ਤਾਂ ਚਲਾ ਗਿਆ ਪਰ ਮੇਰੀ ਰੂਹ ਇਥੇ ਹੀ ਸੀ। ਘਰ ਵਸਾਉਣ ਲਈ ਬਹੁਤ ਲੋਕਾਂ ਨੇ ਕਿਹਾ ਪਰ ਮਨ ਮੰਨਿਆ ਨਹੀਂ ਅਤੇ ਨਾ ਹੀ ਡਾਲਰਾਂ ਦੀ ਚਕਾਚੌਂਧ ਨੇ ਅਸਰ ਪਾਇਆ। ਇਥੇ ਆ ਕੇ ਕੁਝ ਚੈਨ ਆਇਆ ਹੈ ਕਿ ਆਪਣਿਆਂ ਵਿਚ ਆ ਗਿਆ ਹਾਂ। ਉਹਨੂੰ ਅਫਸੋਸ ਜਿਹਾ ਸੀ ਕਿ ਕਿੰਨੇ ਸਾਲ ਬਿਗਾਨਿਆਂ ਵਿਚ ਗਾਲ ਦਿੱਤੇ। ਫਿਰ ਉਹ ਬਲਵਿੰਦਰ ਸਿੰਘ ਜਟਾਣੇ ਨਾਲ ਜੰਗ ਵਿਚ ਆ ਡਟਿਆ ਪਰ ਹੋਣੀ ਦਾ ਗਜਬ ਵੇਖੋ ਕਿ ਉਹਦੇ ਇਥੇ ਆਉਣ ਤੋਂ ਥੋੜ੍ਹੇ ਦਿਨਾਂ ਬਾਅਦ ਹੀ ਦੋਵੇਂ ਦੋਸਤ ਮੁਕਾਬਲੇ ਵਿਚ ਸ਼ਹੀਦ ਹੋ ਗਏ। ਸੰਘਰਸ਼ ਲਈ ਘਰੋਂ ਇਕੱਠੇ ਹੀ ਤੁਰੇ ਤੇ ਇਕੱਠੇ ਹੀ ਗੁਰੂ ਚਰਨਾਂ ਵਿਚ ਜਾ ਬਿਰਾਜੇ।

ਦਿਲਾਵਰ ਸਿੰਘ ਅਤੇ ਬਲਵੰਤ ਸਿੰਘ ਦੀ ਦੋਸਤੀ ਵੀ ਸਿਰੇ ਚੜ੍ਹੀ। ਜਦੋਂ ਮੁਖ ਮੰਤਰੀ ਨੂੰ ਮਾਰਨ ਲਈ ਆਪਣੇ ਆਪ ਨਾਲ ਬੰਬ ਬੰਨ੍ਹਣਾ ਸੀ ਤਾਂ ਦੋਵਾਂ ਨੇ ਸਿੱਕਾ

ਉਛਾਲ ਕੇ ਫੈਸਲਾ ਕੀਤਾ ਸੀ। ਵਾਰੀ ਭਾਵੇਂ ਦਿਲਾਵਰ ਸਿੰਘ ਨੂੰ ਮਿਲੀ ਪਰ ਦੋਸਤੀ ਖੂਬ ਨਿਭੀ। ਹਰਜਿੰਦਰ ਸਿੰਘ ਜਿੰਦਾ ਅਤੇ ਸੁਖਦੇਵ ਸਿੰਘ ਸੁੱਖਾ ਇਸੇ ਰਾਹ ਉਤੇ ਪੱਕੇ ਦੋਸਤ ਬਣੇ ਅਤੇ ਦੇਸ਼ ਦੇ ਕਈ ਹਿੱਸਿਆਂ ਵਿਚ ਰਹਿ ਕੇ ਪੰਥ ਦੇ ਦੁਸ਼ਮਣਾਂ ਵਿਰੁਧ ਕਾਰਵਾਈਆਂ ਕੀਤੀਆਂ। ਅੰਤ ਵਿਚ ਜਰਨਲ ਵੈਦਿਆ ਨੂੰ ਸੋਧ ਕੇ ਇਕੱਠੇ ਹੀ ਫਾਂਸੀ ਚੜ੍ਹੇ। ਜਿਵੇਂ ਉਹ ਬਾਹਰ ਇਕੱਠੇ ਰਹਿੰਦੇ ਸਨ ਉਵੇਂ ਜੇਲ੍ਹ ਅੰਦਰ ਵੀ ਇਕੱਠੇ ਰਹੇ ਇਕ ਜਿਸਮ ਇਕ ਜਾਨ ਵਾਂਗ। ਦੋਵਾਂ ਨੇ ਜੇਲ੍ਹ ਵਿਚ ਬਹੁਤ ਉਚੇ ਕਿਰਦਾਰ ਵਾਲਾ ਜੀਵਨ ਬਿਤਾਇਆ ਅਤੇ ਇਤਿਹਾਸ ਉਤੇ ਆਪਣੀ ਛਾਪ ਛੱਡੀ। ਉਹਨਾਂ ਹੱਸਦੇ ਖੇਡਦਿਆਂ ਫਾਂਸੀ ਨੂੰ ਉਡੀਕਿਆ ਅਤੇ ਜਦੋਂ ਫਾਂਸੀ ਦਾ ਸਮਾਂ ਨੇੜੇ ਆਇਆ ਤਾਂ ਹੋਰ ਵੀ ਤੰਦਰੁਸਤ ਹੋਏ ਅਤੇ ਖੇੜੇ ਵਿਚ ਗਏ। ਅਖੀਰ ਰੱਸੇ ਨੂੰ ਚੁੰਮ ਕੇ ਖਾਲਸਤਾਨ ਅਤੇ ਪੰਥ ਦੇ ਜੈਕਾਰੇ ਛੱਡੇ।

ਹਰਜਿੰਦਰ ਸਿੰਘ ਜਿੰਦਾ, ਚਾਚਾ ਮਥਰਾ ਸਿੰਘ ਅਤੇ ਬਖਸੀਸ ਸਿੰਘ ਮਾਲੋਵਾਲ ਦੀ ਦੋਸਤੀ ਦੀ ਬਹੁਤ ਚਰਚਾ ਸੀ। ਉਹ ਖਾਲਸਾ ਕਾਲਜ ਅੰਮ੍ਰਿਤਸਰ ਪੜ੍ਹਣ ਵੇਲੇ ਤੋਂ ਅਣਖ ਦੀਆਂ ਲੜਾਈਆਂ, ਸਰਹੱਦ ਉਤੇ ਆਰ-ਪਾਰ ਜਾਣਾ ਅਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਕੋਲ ਦਰਬਾਰ ਸਾਹਿਬ ਜਾਣ ਤੱਕ ਤੇ ਫਿਰ ਜੂਨ ੧੯੮੪ ਮਗਰੋਂ ਸਾਰੇ ਦੇਸ਼ ਵਿਚ ਖਾੜਕੂ ਕਾਰਵਾਈਆਂ ਇਹ ਸਭ ਦੋਸਤੀ ਦੇ ਸਦਕਾ ਸੀ ਜਿਸ ਕਰਕੇ ਬਖਸੀਸ ਸਿੰਘ ਨੇ ਸੰਤਾਂ ਕੋਲ ਰਹਿ ਕੇ ਦਰਬਾਰ ਸਾਹਿਬ ਦੀ ਜੰਗ ਵਿਚ ਸ਼ਹਾਦਤ ਦਿੱਤੀ। ਚਾਚਾ ਮਥਰਾ ਸਿੰਘ ਨੇ ਤਸ਼ੱਦਦ ਸਹਿ ਕੇ ਸ਼ਹਾਦਤ ਦਿੱਤੀ ਅਤੇ ਹਰਜਿੰਦਰ ਸਿੰਘ ਨੇ ਖਿੜੇ ਮੱਥੇ ਫਾਂਸੀ ਝੂਟ ਕੇ ਸ਼ਹਾਦਤ ਦਿੱਤੀ। ਤਿੰਨਾਂ ਦੋਸਤਾਂ ਨੇ ਜਿਸ ਦਿਨ ਸੰਘਰਸ਼ ਵਿਚ ਪੈਰ ਪਾਇਆ ਕਦੇ ਵੀ ਪਵਿੱਤਰ ਧਰਮ ਯੁੱਧ ਨੂੰ ਇਕ ਪਲ ਲਈ ਵੀ ਵਿਸਾਰਿਆ ਨਹੀਂ। ਇਹ ਰਾਹ ਤੇ ਕਦੀ ਕੋਈ ਢਿੱਲ ਮੱਠ ਨਹੀਂ ਵਿਖਾਈ। ਖਾਲਸਾ ਪੰਥ ਦੇ ਇਨਸਾਫ ਅਤੇ ਸਰਬੱਤ ਦੇ ਭਲੇ ਦੇ ਸਿਧਾਂਤ ਨੂੰ ਕਦੇ ਆਂਚ ਨਹੀਂ ਆਉਣ ਦਿੱਤੀ। ਦੁਸ਼ਮਣ ਨਾਲ ਮੁਕਾਬਲੇ ਅਤੇ ਉਹਦੀ ਕੈਦ ਵਿਚ ਵੀ ਕਦੇ ਈਨ ਨਹੀਂ ਮੰਨੀ।

ਭਾਈ ਅਨੋਖ ਸਿੰਘ ਬੱਬਰ ਅਤੇ ਸੁਲੱਖਣ ਸਿੰਘ ਬੱਬਰ ਦੀ ਮਿੱਤਰਤਾ ਵੀ ਬਹੁਤ ਡੂੰਘੀ ਸੀ ਦੋਵੇਂ ਇਕ ਦੂਜੇ ਦੇ ਪਰਛਾਂਵੇਂ ਵਾਂਗ ਸਨ। ਇਹ ਗੱਲ ਉਹਨਾਂ ਇਕ ਵਾਰ ਮੇਰੇ ਸਾਹਮਣੇ ਵੀ ਕੀਤੀ ਕਿ ਸਾਡੇ ਪੰਥ ਨੂੰ ਸਮਰਪਣ ਨੇ ਇਹ ਦੋਸਤੀ ਦੀ ਖੂਬਸੂਰਤ ਦਾਤ ਬਖਸ਼ੀ ਹੈ। ਜਦੋਂ ਭਾਈ ਅਨੋਖ ਸਿੰਘ ਗਿਰਫਤਾਰ ਹੋ ਗਏ ਤਾਂ ਸੁਲੱਖਣ ਸਿੰਘ ਦਾ ਸਾਰਾ ਧਿਆਨ ਉਸ ਨੂੰ ਬਾਹਰ ਲਿਆਉਣ ਵਿਚ ਲੱਗ ਗਿਆ। ਅਨੋਖ ਸਿੰਘ ਬਹੁਤ ਕਮਾਈ ਵਾਲੀ ਪਹੁੰਚੀ ਹੋਈ ਰੂਹ ਸੀ। ਉਹਨੂੰ ਜੇਲ੍ਹ ਵਿਚ ਨਾਮ ਸਿਮਰਨ ਲਈ ਸਮਾਂ ਮਿਲ ਗਿਆ ਉਹਦਾ ਉਥੇ ਹੀ ਮਨ ਲੱਗ ਗਿਆ। ਜਦੋਂ ਉਹਨੇ ਸੁਲੱਖਣ ਸਿੰਘ ਨੂੰ

ਸੁਨੇਹਾ ਭੇਜਿਆ ਕਿ ਮੈਂ ਇਥੇ ਹੀ ਠੀਕ ਹਾਂ ਤਾਂ ਸੁਲੱਖਣ ਸਿੰਘ ਪਹਿਲਾਂ ਬਹੁਤ ਉਦਾਸ ਹੋ ਗਿਆ ਅਤੇ ਫਿਰ ਉਹਨੂੰ ਗੁੱਸਾ ਵੀ ਲੱਗਿਆ। ਉਹਨੇ ਮੋੜ ਕੇ ਸੁਨੇਹਾ ਭੇਜਿਆ ਕਿ ਤੈਨੂੰ ਹਰ ਹਾਲਤ ਆਉਣਾ ਪਵੇਗਾ। ਗੁਰੂ ਦੀ ਕਿਰਪਾ ਨਾਲ ਦੋਵੇਂ ਸਿੰਘ ਇਕ ਵਾਰ ਫੇਰ ਇਕੱਠੇ ਹੋ ਗਏ ਪਰ ਥੋਹੜੇ ਸਮੇਂ ਬਾਅਦ ਦੋਵੇਂ ਹੀ ਅੱਡ ਅੱਡ ਥਾਂਵਾਂ ਤੋਂ ਗਿਰਫਤਾਰ ਹੋ ਗਏ। ਦੋਵਾਂ ਨੇ ਹੀ ਲੰਮੇ ਸਮੇਂ ਤੱਕ ਇੰਤਹਾ ਦਾ ਤਸ਼ੱਦਦ ਝੱਲਿਆ ਪਰ ਆਪਣੇ ਧਰਮ ਤੋਂ ਕਦੇ ਨਾ ਡੋਲੇ। ਉਹਨਾਂ ਖਿੜੇ ਮੱਥੇ ਤਸ਼ੱਦਦ ਝੱਲ ਕੇ ਸ਼ਹਾਦਤਾਂ ਦਿੱਤੀਆਂ। ਉਹ ਦੋਸਤੀ ਅਤੇ ਸਿਦਕ ਦੋਵਾਂ ਦੇ ਪੱਕੇ ਨਿਭੇ।

ਸੁਰਿੰਦਰਪਾਲ ਸਿੰਘ ਠਰੂਆ ੧੯੯੧ ਵਿਚ ਅਮਰੀਕਾ ਚਲਾ ਗਿਆ ਪਰ ਉਹਦਾ ਉਥੇ ਮਨ ਨਾ ਲੱਗਿਆ ਤੇ ੧੯੯੨ ਦੇ ਔਖੇ ਸਮੇਂ ਵਿਚ ਆਪਣੇ ਮਿੱਤਰਾਂ ਦਾ ਸਾਥ ਦੇਣ ਲਈ ਮੁੜ ਕੇ ਮੈਦਾਨੇ ਜੰਗ ਵਿਚ ਆ ਗਿਆ। ਉਹ ਗਿਰਫਤਾਰ ਹੋਇਆ ਅਤੇ ਦੋ ਢਾਈ ਸਾਲ ਤਸ਼ੱਦਦ ਝੱਲਿਆ ਤੇ ਆਪਣੇ ਸਿਦਕ ਨੂੰ ਬਰਕਰਾਰ ਰੱਖਿਆ।

ਸਤਪਾਲ ਸਿੰਘ ਢਿੱਲੋਂ, ਸ਼ੇਰ ਸਿੰਘ ਸ਼ੇਰ, ਗੁਰਨੇਕ ਸਿੰਘ ਨੇਕਾ, ਗੁਰਦੀਪ ਸਿੰਘ ਦੀਪਾ, ਸੁਖਬੀਰ ਸਿੰਘ ਸੋਢੀ ਅਤੇ ਦੁਆਬੇ ਦੇ ਅਨੇਕਾਂ ਹੋਰ ਸਿੰਘਾਂ ਦੀ ਦੋਸਤੀ ਨੂੰ ਮੈਂ ਨੇੜਿਓਂ ਤੱਕਿਆ ਹੈ। ਇਕ ਦੂਜੇ ਤੋਂ ਜਾਨ ਵਾਰਨ ਦੀ ਚਾਹਨਾ ਲੈ ਕੇ ਵੱਡੇ ਤੋਂ ਵੱਡੇ ਖਤਰਿਆਂ ਵਿਚ ਵੀ ਹਸਦੇ ਖੇਡਦੇ ਚਿਹਰੇ ਕਿੰਨੇ ਮਹਾਨ ਲਗਦੇ ਸਨ। ਇਹ ਦੋਸਤਾਂ ਵਾਂਗ ਇਕ ਦੂਜੇ ਨਾਲ ਮਜਾਕ ਵੀ ਕਰਦੇ ਅਤੇ ਲੜਦੇ ਵੀ ਸਨ ਪਰ ਜਦੋਂ ਪਰਖ ਦਾ ਮੌਕਾ ਆਉਂਦਾ ਤਾਂ ਇਕ ਦੂਜੇ ਤੋਂ ਅੱਗੇ ਵਧ ਕੇ ਹਿੱਸਾ ਪਾਉਂਦੇ ਸਨ ਤੇ 'ਰਣ ਮਹਿ ਜੂਝ ਮਰੇ' ਦੀ ਭਾਵਨਾ ਨਾਲ ਕੁਰਬਾਨ ਹੁੰਦੇ ਸਨ।

ਅਵਤਾਰ ਸਿੰਘ ਪਹਿਲਵਾਨ ਅਤੇ ਹੀਰਾ ਸਿੰਘ ਬੱਬਰ ਦੀ ਦੋਸਤੀ ਵੀ ਇਕ ਮਿਸਾਲ ਸੀ। ਉਹ ਵੱਧ ਤੋਂ ਵੱਧ ਇਕੱਠੇ ਰਹਿੰਦੇ ਸਨ, ਸਦਾ ਦੁਸ਼ਮਣ ਉਤੇ ਚੜ੍ਹਾਈ ਦੀਆਂ ਵਿਉਂਤਾਂ ਬਣਾਉਂਦੇ ਤੇ ਸਿਰੇ ਚਾੜ੍ਹਦੇ ਅਤੇ ਹਾਸੇ ਬਿਖੇਰਦੇ ਰਹਿੰਦੇ ਸਨ। ਉਹ ਵੀ ਹਸਦੇ ਹਸਾਉਂਦੇ ਮੌਤ ਦੀਆਂ ਸਭ ਭਿਆਨਕ ਵਾਦੀਆਂ ਨੂੰ ਪਾਰ ਕਰਕੇ ਸੁਰਖ਼ਰੂ ਹੋ ਗਏ ਤੇ ਅਜੀਮ ਸ਼ਹਾਦਤਾਂ ਦਿੱਤੀਆਂ। ਅੰਮ੍ਰਿਤਸਰ ਜੇਲ੍ਹ ਜੋ ਹੁਣ ਖਤਮ ਕਰ ਦਿੱਤੀ ਗਈ ਹੈ। ਉਹਦੇ ੮ ਨੰਬਰ ਵਾਰਡ ਵਿਚ ਜਿਥੇ ਮੈਨੂੰ ਰੱਖਿਆ ਗਿਆ ਸੀ ਉਥੇ ਬੋਹੜ ਅਤੇ ਪਿੱਪਲ ਦਾ ਇਕ ਜੁੜਵਾਂ ਦਰੱਖਤ ਸੀ। ਉਹ ਇਸ ਤਰ੍ਹਾਂ ਆਪਸ ਵਿਚ ਜਕੜੇ ਹੋਏ ਸੀ ਕਿ ਉਹਨਾਂ ਨੂੰ ਅੱਡ ਕਰਕੇ ਦੇਖਿਆ ਨਹੀਂ ਜਾ ਸਕਦਾ ਸੀ। ਮੈਨੂੰ ਉਥੇ ਦੇ ਬਜੁਰਗ ਵਾਰਡਨ ਨੇ ਦੱਸਿਆ ਕਿ ਬਹੁਤ ਸਾਲ ਪਹਿਲਾਂ ਸੰਘਰਸ਼ ਦੌਰਾਨ ਇਹ ਅਹਾਤੇ ਵਿਚ ਦੋ ਸਿੰਘ ਕੈਦ ਸਨ ਉਹਨਾਂ ਦੇ ਨਾਂ ਪਿਪਲ ਸਿੰਘ ਅਤੇ ਬੋਹੜ ਸਿੰਘ ਸਨ। ਉਹ ਦੋਵੇਂ ਪੱਕੇ ਦੋਸਤ ਸਨ ਤੇ ਇਹ ਬੂਟਿਆਂ ਨੂੰ ਜੋੜ ਕੇ ਉਹਨਾਂ ਨੇ ਹੀ ਲਾਇਆ ਅਤੇ ਪਾਲਿਆ ਸੀ। ਸਮੇਂ ਨਾਲ ਇਹ ਤਾਂ ਬਹੁਤ ਵਧ ਫੂਲ ਗਏ ਅਤੇ ਉਹ ਦੋਵੇਂ ਸਿੰਘ ਜੇਲ੍ਹ ਵਿਚੋਂ ਬਾਹਰ ਨਿਕਲ ਕੇ ਸ਼ਹੀਦ ਹੋ ਗਏ।

ਮਨਵੀਰ ਸਿੰਘ ਚਹੇੜੂ, ਬਲਬੀਰ ਸਿੰਘ ਰਾਏਪੁਰ ਅਤੇ ਅਜੀਤਪਾਲ ਸਿੰਘ ਦੀ ਦੋਸਤੀ ਦਾ ਰੰਗ ਵੀ ਅਲੌਕਿਕ ਹੀ ਸੀ। ਜਦੋਂ ਸਮਾਂ ਆਇਆ ਤਾਂ ਇਹਨਾਂ ਆਪਣੇ ਕੌਲ ਨਿਭਾਏ ਅਤੇ ਸਾਡਾ ਸਿਰ ਉਚਾ ਕੀਤਾ। ਸੁਖਵਿੰਦਰ ਸਿੰਘ ਸੰਘਾ ਅਤੇ ਬਿਕਰਮਜੀਤ ਸਿੰਘ ਇਕ ਜੀਅ ਜਾਨ ਸਨ। ਜਦੋਂ ਸ਼ਹਾਦਤ ਦਾ ਵੇਲਾ ਆਇਆ ਤਾਂ ਦੋਵਾਂ ਨੇ ਇਕ ਦੂਜੇ ਤੋਂ ਅੱਗੇ ਹੋ ਕੇ ਸ਼ਹਾਦਤਾਂ ਦਿੱਤੀਆਂ ਅਤੇ ਦੂਜਿਆਂ ਨੂੰ ਬਚਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ।

ਗੁਰਜੰਟ ਸਿੰਘ ਦੀ ਦੋਸਤੀ ਦਾ ਸਫਰ ਅਤੇ ਘੇਰਾ ਬਹੁਤ ਵੱਡਾ ਸੀ। ਵਰਿਆਮ ਸਿੰਘ ਖੱਪਿਆਂਵਾਲੀ, ਲਖਵਿੰਦਰ ਸਿੰਘ ਲੱਖੇ ਅਤੇ ਦਰਸ਼ਨ ਸਿੰਘ ਤਖਾਣਬੱਧ ਤੋਂ ਹੁੰਦੇ ਹੋਏ ਅਜਮੇਰ ਸਿੰਘ ਲੋਧੀਵਾਲ, ਮਨੋਹਰ ਸਿੰਘ ਧੀਰਾ, ਕੁਲਵੰਤ ਸਿੰਘ, ਚਰਨਜੀਤ ਸਿੰਘ, ਬਾਬਾ ਸੁਰਿੰਦਰ ਸਿੰਘ, ਡਾ. ਹਰੀ ਸਿੰਘ, ਅਮਰਪਾਲ ਸਿੰਘ, ਅਵਤਾਰ ਸਿੰਘ, ਸ਼ੇਰ ਸਿੰਘ, ਅਮਰ ਸਿੰਘ ਅਤੇ ਸੁਰਿੰਦਰਪਾਲ ਸਿੰਘ ਠਰੂਆ ਅਤੇ ਹੋਰ ਬਹੁਤ ਸਾਰੇ ਸਿੰਘਾਂ ਤੱਕ ਫੈਲਿਆ ਹੋਇਆ ਸੀ। ਇਹ ਸਾਰੇ ਇਕ ਤੋਂ ਇਕ ਚੜ੍ਹ ਕੇ ਸਨ। ਇਹ ਸਾਰੇ ਐਸੇ ਬੁਲੰਦ ਕਿਰਦਾਰ ਸਿੰਘ ਸਨ ਕਿ ਤੁਸੀਂ ਇਹ ਨਹੀਂ ਕਹਿ ਸਕਦੇ ਕਿ ਆਹ ਉਨੀ ਹੈ ਤੇ ਆਹ ਇੱਕੀ ਹੈ। ਇਹ ਸਭ ਆਪਣੀਆਂ ਮਿਸਾਲਾਂ ਆਪ ਹੀ ਸਨ। ਇਹੋ ਜਿਹੇ ਸਿੰਘਾਂ ਵਿਚ ਜੋ ਦੋਸਤੀ ਦੀ ਕੜੀ ਹੋਏਗੀ ਉਹ ਕਿਹੋ ਜਿਹੀ ਹੋਏਗੀ, ਉਹਦੇ ਬਾਰੇ ਲਿਖਿਆ ਨਹੀਂ ਜਾ ਸਕਦਾ ਬੱਸ ਕਿਆਸ ਹੀ ਕੀਤਾ ਜਾ ਸਕਦਾ ਹੈ। ਪਰਖ ਦੀ ਘੜੀ ਇਹਨਾਂ ਸਭ ਉਤੇ ਆਈ ਤੇ ਹਰ ਕਿਸੇ ਨੇ ਆਪਣੇ ਤਰੀਕੇ ਨਾਲ ਪੰਥ ਦੀ ਸ਼ਾਨ ਦੀ ਨਵੀਂ ਇਬਾਰਤ ਲਿਖੀ।

ਕੰਵਰਜੀਤ ਸਿੰਘ ਸੁਲਤਾਨਵਿੰਡ, ਬਾਬਾ ਬਲਵਿੰਦਰ ਸਿੰਘ ਅਤੇ ਨਿਰਮਲ ਸਿੰਘ ਮੀਆਂਵਿੰਡ ਤਿੰਨੇ ਇਕ ਜਾਨ ਵਾਂਗ ਵਿਚਰਦੇ ਸਨ। ਇਹ ਸਦਾ ਹੀ ਪੰਥ ਦੀ ਸੇਵਾ ਵਿਚ ਜੁਟੇ ਰਹਿੰਦੇ ਸਨ। ਇਹਨਾਂ ਦੀਆਂ ਕਮਾਈਆਂ ਬਹੁਤ ਵੱਡੀਆਂ ਸਨ। ਜਦੋਂ ਦੋਸਤੀ ਰੂਹ ਦੀਆਂ ਗਹਿਰਾਈਆਂ ਤੱਕ ਚਲੀ ਜਾਂਦੀ ਹੈ ਤਾਂ ਸਾਰੇ ਦੋਸਤਾਂ ਵਿਚ ਇਕ ਸਰੀਰ ਹੀ ਬਣ ਜਾਂਦਾ ਹੈ। ਜਦੋਂ ਇਹਨਾਂ ਤਿੰਨਾਂ ਵਿਚੋਂ ਕੋਈ ਇਕ ਹਾਜਰ ਹੁੰਦਾ ਸੀ ਤਾਂ ਇੰਝ ਲਗਦਾ ਸੀ ਕਿ ਦੋਵੇਂ ਦੂਜੇ ਵੀ ਨਾਲ ਹਾਜਰ ਹੀ ਹਨ। ਬਾਬਾ ਬਲਵਿੰਦਰ ਸਿੰਘ ਪਹਿਲਾਂ ਸ਼ਹਾਦਤ ਪਰਾਪਤ ਕਰ ਗਿਆ ਅਤੇ ਇਹ ਦੋਵੇਂ ਇਕੱਠੇ ਹੀ ਜਲੰਧਰ ਵਿਚ ਸੀਆਰਪੀਐਫ ਵਾਲਿਆਂ ਨੇ ਫੜ ਲਏ। ਓਹਨਾਂ ਨੂੰ ਗੱਡੀ ਵਿਚ ਬੈਠਾ ਕੇ ਆਪਣੇ ਟਿਕਾਣੇ ਵੱਲ ਤੁਰ ਪਏ। ਉਸ ਵਕਤ ਕੰਵਰਜੀਤ ਸਿੰਘ ਦੇ ਜਖਮੀ ਹੋਣ ਕਾਰਣ ਕੁਝ ਸਮਾਂ ਪਹਿਲਾਂ ਲੱਤ ਵਿਚ ਸਰੀਆ ਪਿਆ ਹੋਇਆ ਸੀ ਜਿਸ ਕਰਕੇ ਉਹ ਸਿਰਫ ਹੌਲੀ ਹੌਲੀ ਹੀ ਤੁਰ ਸਕਦਾ ਸੀ। ਉਹਨਾਂ ਨੂੰ ਸ਼ਾਇਦ ਸ਼ੱਕ ਵਿਚ ਹੀ ਫੜਿਆ ਸੀ ਪਰ ਅੱਗੇ ਜਾ ਕੇ ਤਾਂ ਗੱਲ ਖੁੱਲ੍ਹ ਹੀ ਜਾਣੀ ਸੀ ਕਿਉਂਕਿ ਸਰਕਾਰ ਦੇ ਖਾਤੇ ਵਿਚ

ਉਹਨਾਂ ਦੇ ਨਾਂ ਬਹੁਤ ਵੱਡੇ ਸਨ। ਜਦੋਂ ਚੌਂਕ ਵਿਚ ਗੱਡੀ ਹੌਲੀ ਹੋਈ ਤਾਂ ਕੰਵਰਜੀਤ ਸਿੰਘ ਨੇ ਨਿਰਮਲ ਸਿੰਘ ਨੂੰ ਇਸ਼ਾਰਾ ਕੀਤਾ ਕਿ ਤੂੰ ਛਾਲ ਮਾਰ ਜਾ ਤੇ ਉਹ ਆਪ ਸੀਆਰਪੀਐਫ ਵਾਲੇ ਦੀ ਬੰਦੂਕ ਖੋਹਣ ਲੱਗ ਪਿਆ। ਨਿਰਮਲ ਸਿੰਘ ਨੇ ਇਸ਼ਾਰਾ ਸਮਝ ਕੇ ਛਾਲ ਮਾਰ ਦਿੱਤੀ ਪਰ ਜਿਆਦਾ ਜੋਰ ਨਾਲ ਮਾਰਣ ਕਰਕੇ ਉਹਦਾ ਸਿਰ ਬਾਹਰ ਨਿਕਲਣ ਵੇਲੇ ਉਪਰ ਛੱਤ ਨਾਲ ਵੱਜ ਗਿਆ ਜਿਸ ਕਰਕੇ ਉਹ ਬਾਹਰ ਸੜਕ ਉਤੇ ਡਿੱਗ ਪਿਆ। ਸੀਆਰਪੀਐਫ ਵਾਲੇ ਮੌਕੇ ਤੇ ਸੁਚੇਤ ਸਨ ਉਹਨਾਂ ਨੇ ਦੋਵਾਂ ਨੂੰ ਹੀ ਗੋਲੀਆਂ ਮਾਰ ਦਿੱਤੀਆਂ ਜਿਸ ਕਰਕੇ ਦੋਵੇਂ ਇਕੱਠੇ ਹੀ ਸ਼ਹੀਦ ਹੋ ਗਏ। ਦੋਸਤੀ ਵਿਚ ਇਕ ਦੂਜੇ ਦੀ ਜਾਨ ਬਚਾਉਣ ਦੀ ਭਾਵਨਾ ਸਦਾ ਭਾਰੂ ਹੁੰਦੀ ਹੈ। ਇਸ ਲਈ ਉਹ ਦੂਜੇ ਦੀ ਜਾਨ ਬਚਾਉਣ ਲਈ ਅੱਗੇ ਹੋ ਕੇ ਮੁਕਾਬਲਾ ਕਰਦੇ ਹਨ ਅਤੇ ਆਪਣੀ ਜਾਨ ਜੋਖਮ ਵਿਚ ਪਾਉਂਦੇ ਹਨ। ਇਥੇ ਇਹਨਾਂ ਵੀ ਇਹੋ ਕੀਤਾ।

ਸੰਘਰਸ਼ ਵਿਚ ਇਕ ਦੂਜੇ ਲਈ ਕੁਰਬਾਨੀ ਦੀ ਗਾਥਾ ਬਹੁਤ ਵਾਰ ਦੁਹਰਾਈ ਗਈ ਹੈ। ਕਿੰਨੇ ਥਾਂਈਂ ਮੁਕਾਬਲਿਆਂ ਵਿਚ ਕਿਸੇ ਇਕ ਨੇ ਦੂਜਿਆਂ ਨੂੰ ਧੱਕੇ ਨਾਲ ਬਾਹਰ ਕੱਢ ਕੇ ਆਪ ਸ਼ਹਾਦਤ ਦਾ ਜਾਮ ਪੀਤਾ। ਖਾਲਸਾ ਜਦੋਂ ਜੰਗ ਵਿਚ ਹੁੰਦਾ ਹੈ ਤਾਂ ਉਹਦੀ ਖਾਸੀਅਤ ਇਹੋ ਹੈ ਕਿ ਉਹ ਸਰਬੱਤ ਦੇ ਭਲੇ ਦਾ ਭਾਰ ਆਪਣੇ ਮੋਢਿਆਂ ਉਤੇ ਲੈ ਲਵੇ। ਇਹ ਗੁੜਤੀ ਸਾਨੂੰ ਪਰੰਪਰਾ ਵਿਚੋਂ ਹੀ ਮਿਲਦੀ ਹੈ ਜਿਹੜੀ ਦੋਸਤੀ ਦੇ ਰੰਗ ਨਾਲ ਹੋਰ ਨਿਖਰਦੀ ਹੈ। ਬਾਬਾ ਸੁਰਿੰਦਰ ਸਿੰਘ ਅਤੇ ਗੁਰਨਾਮ ਸਿੰਘ ਵੀ ਕੁਝ ਇਹੋ ਜਿਹੇ ਦੋਸਤ ਸਨ ਜਿਸ ਕਰਕੇ ਗੁਰਨਾਮ ਸਿੰਘ ਦਾ ਨਾਂ ਵੀ ਨਿੱਕਾ ਬਾਬਾ ਪੈ ਗਿਆ ਸੀ। ਉਹਨਾਂ ਵੀ ਇਸੇ ਤਰ੍ਹਾਂ ਦੀ ਦੋਸਤੀ ਨਿਭਾਈ ਸੀ। ਇਕ (ਬਾਬਾ ਗੁਰਨਾਮ ਸਿੰਘ) ਗਹਿਗੱਚ ਮੁਕਾਬਲੇ ਵਿਚ ਸ਼ਹੀਦ ਹੋਇਆ ਅਤੇ ਦੂਜੇ (ਬਾਬਾ ਸੁਰਿੰਦਰ ਸਿੰਘ) ਨੇ ਬੰਗਿਆਂ ਦੇ ਤਸੀਹੇਖਾਨੇ ਵਿਚ ਕੇਪੀਐਸ ਗਿੱਲ ਦੇ ਸਾਹਮਣੇ ਜਪੁਜੀ ਦੀ ਲਿਵ ਵਿਚ ਸ਼ਹੀਦੀ ਪਰਾਪਤ ਕੀਤੀ। ਜਦੋਂ ਦੁਸ਼ਟ ਕੁਲ ਤਸ਼ੱਦਦ ਦੇ ਬਾਵਜੂਦ ਵੀ ਉਹਦਾ ਪਾਠ ਨਾ ਰੋਕ ਸਕੇ ਤਾਂ ਗਿੱਲ ਨੇ ਉਹਦੀ ਜੀਭ ਵੀ ਕਟਵਾ ਦਿੱਤੀ। ਉਸ ਪੁਲਿਸ ਮੁਖੀ ਨੂੰ ਇਹ ਗੱਲ ਦੀ ਸਾਰ ਨਹੀਂ ਸੀ ਕਿ ਪਾਠ ਉਹ ਸਿੰਘ ਦੇ ਸੁਆਸਾਂ ਨਾਲ ਚਲਦਾ ਸੀ ਤੇ ਉਹ ਉਹਦੇ ਸੁਆਸ ਰੋਕੇ ਬਿਨਾ, ਰੁਕ ਨਹੀਂ ਸਕਦਾ ਸੀ।

ਜੇਲ੍ਹਾਂ ਦੀਆਂ ਲੰਮੀਆਂ ਕੈਦਾਂ ਵਿਚ ਦੋਸਤੀਆਂ ਅਤੇ ਦੁਸ਼ਮਣੀਆਂ ਦਾ ਵੀ ਇਕ ਆਪਣਾ ਦਸਤੂਰ ਹੈ। ਸਾਡੇ ਸੰਘਰਸ਼ ਵਿਚ ਜੇਲ੍ਹਾਂ ਵਿਚ ਵੀ ਦੋਸਤ ਬਣੇ ਅਤੇ ਬਾਹਰ ਆ ਕੇ ਇਕੱਠੇ ਸੰਘਰਸ਼ ਵਿਚ ਜੂਝਦੇ-ਜੂਝਦੇ ਸ਼ਹੀਦ ਹੋ ਗਏ। ਇਹੋ ਜਿਹੇ ਦੋਸਤਾਂ ਦੀ ਕੜੀ ਵੀ ਨਾ ਮੁੱਕਣ ਵਾਲੀ ਹੈ। ਰਛਪਾਲ ਸਿੰਘ ਛੰਦੜਾਂ ਅਤੇ ਜਗਦੀਸ਼ ਸਿੰਘ ਜਹੂਰਾ ਦੀ ਦੋਸਤੀ ਵੀ ਅਜਿਹੀ ਹੀ ਹੈ। ਦੋਵਾਂ ਨੂੰ ਕਿਸੇ ਮੁਖਬਰ ਨੇ ਇਕੱਠਿਆਂ ਘੇਰਾ ਪਵਾ ਦਿੱਤਾ। ਜਗਦੀਸ਼ ਸਿੰਘ ਮੌਕੇ ਉਤੇ ਹੀ ਸਾਈਨਾਇਡ ਖਾ ਗਿਆ ਅਤੇ

ਰਛਪਾਲ ਸਿੰਘ ਛੰਦੜਾਂ ਨੂੰ ਫੜ ਕੇ ਤਸੀਹੇਖਾਨੇ ਲੈ ਗਏ। ਕਹਿੰਦੇ ਹਨ ਕਿ ਇਥੇ ਵੀ ਪੁਲਿਸ ਮੁਖੀ ਗਿੱਲ ਆਪ ਆਇਆ ਸੀ ਤੇ ਇਹ ਸਿੰਘ ਨੇ ਵੀ ਬਾਬਾ ਸੁਰਿੰਦਰ ਸਿੰਘ ਵਾਲਾ ਕਿਰਦਾਰ ਵਿਖਾਇਆ ਅਤੇ ਗਿੱਲ ਨੇ ਵੀ ਉਵੇਂ ਤਸੀਹੇ ਦਿਵਾਏ ਅਤੇ ਜੀਭ ਕੱਟਣ ਵਾਲਾ ਜੁਲਮ ਫਿਰ ਦੁਹਰਾਇਆ ਗਿਆ। ਇਹ ਸਿੰਘ ਅੱਗੇ ਵੀ ਬਿਪਰਵਾਦੀ ਹਕੂਮਤ ਦੀ ਤਾਕਤ ਬੇਬਸ ਹੋ ਗਈ। ਇਸ ਤਰ੍ਹਾਂ ਅਨੇਕਾਂ ਸਿੰਘਾਂ ਨੇ ਹਕੂਮਤ ਨੂੰ ਨੈਤਕ ਤੌਰ 'ਤੇ ਵਾਰ ਵਾਰ ਹਰਾਇਆ ਹੈ।

ਰਜਿੰਦਰ ਸਿੰਘ, ਮਨਜੀਤ ਸਿੰਘ ਸਮੁੰਦਰੋਂ ਪਾਰ ਵਾਲੇ ਦੋ ਮਿੱਤਰਾਂ ਨੇ ਇੰਗਲੈਂਡ ਵਿਚ ਇਕ ਦੁਸ਼ਟ ਨੂੰ ਸੋਧਾ ਲਾਇਆ ਤੇ ਬਹੁਤ ਲੰਮੀ ਕੈਦ ਕੱਟੀ। ਉਹਨਾਂ ਨੇ ੩੦-੩੦ ਸਾਲ ਕਾਲ ਕੋਠੜੀਆਂ ਵਿਚ ਗੁਜਾਰੇ। ਉਥੇ ਦੀਆਂ ਜੇਲ੍ਹਾਂ ਇਥੋਂ ਨਾਲੋਂ ਜਿਆਦਾ ਔਖੀਆਂ ਹੁੰਦੀਆਂ ਹਨ ਕਿਉਂਕਿ ਸਾਰਾ ਕੁਝ ਬਿਗਾਨਾ ਹੁੰਦਾ ਹੈ। ਮੇਰੀ ਉਹਨਾਂ ਸਿੰਘਾਂ ਨਾਲ ਕਈ ਵਾਰ ਗੱਲ ਹੁੰਦੀ ਰਹੀ। ਉਨ੍ਹਾਂ ਨੇ ਸਦਾ ਚੜ੍ਹਦੀ ਕਲਾ ਦਾ ਸੁਨੇਹਾ ਦਿੱਤਾ। ਉਥੋਂ ਦੀ ਸਰਕਾਰ ਨੇ ਕਈ ਵਾਰ ਕਿਹਾ ਕਿ ਉਹ ਆਪਣੇ ਕੀਤੇ ਦਾ ਪਛਤਾਵਾ ਕਰਨ ਤਾਂ ਸਜਾ ਘੱਟ ਸਕਦੀ ਹੈ ਪਰ ਉਨ੍ਹਾਂ ਸਿੰਘਾਂ ਨੇ ਆਪਣੇ ਕੌਲ ਪੱਕੇ ਰੱਖੇ।

ਰਿਬੈਰੋ 'ਤੇ ਹਮਲਾ ਕਰਨ ਵਾਲੇ ਬਾਬਾ ਅਜੀਤ ਸਿੰਘ, ਬਾਬਾ ਧੰਨਾ ਸਿੰਘ ਅਤੇ ਬਾਬਾ ਦਲਵਿੰਦਰ ਸਿੰਘ ਜਲੰਧਰ ਪੁਲਿਸ ਲਾਈਨ ਵਿਚ ਹੀ ਗੁਰ ਭਾਈ ਅਤੇ ਦੋਸਤ ਬਣੇ। ਫਿਰ ਇਹ ਦੋਸਤੀ ਕਰਕੇ ਹੀ ਰਿਬੈਰੋ 'ਤੇ ਹਮਲਾ ਹੋਇਆ ਅਤੇ ਜੰਗ ਵਿਚ ਕੁੱਦ ਪਏ। ਬਾਅਦ ਵਿਚ ਇਹ ਤਿੰਨੇ ਉਸੇ ਸੁਰਤ ਅਤੇ ਚਾਅ ਨਾਲ ਖਾੜਕੂ ਸਫਾਂ ਵਿਚ ਵੀ ਵਿਚਰਦੇ ਰਹੇ ਤੇ ਸੇਵਾ ਸਿਮਰਨ ਦਾ ਪਰਵਾਹ ਵੀ ਚਲਾਉਂਦੇ ਰਹੇ। ਆਖਰ ਤਿੰਨਾਂ ਨੇ ਵੱਖ ਵੱਖ ਹਾਲਤਾਂ ਵਿਚ ਸ਼ਹਾਦਤ ਪਰਾਪਤ ਕੀਤੀ।

ਦੋਸਤੀ ਦੇ ਰਿਸ਼ਤੇ ਨੇ ਸਮੁੱਚੇ ਸੰਘਰਸ਼ ਦੀ ਬਣਤਰ ਵਿਚ ਅਹਿਮ ਹਿੱਸਾ ਪਾਇਆ ਹੈ। ਸਭ ਤੋਂ ਵੱਧ ਇਹ ਰਿਸ਼ਤੇ ਨੇ ਸਾਨੂੰ ਪਨਾਹ ਦਿੱਤੀ ਅਤੇ ਠਾਹਰਾਂ ਦਾ ਅਮੁੱਕ ਖਜਾਨਾ ਵੀ ਬਖਸ਼ਿਆ। ਜਦ ਮੈਂ ਪਿਛੇ ਵੱਲ ਝਾਤੀ ਮਾਰਦਾ ਹਾਂ ਤਾਂ ਵੱਡੀ ਗਿਣਤੀ ਵਿਚ ਠਾਹਰਾਂ ਪੁਰਾਣੀਆਂ ਜਾਂ ਸੱਜਰੀਆਂ ਦੋਸਤੀਆਂ ਨਾਲ ਹੀ ਬਣੀਆਂ ਸਨ। ਪਹਿਲਾਂ ਦੋਸਤਾਂ ਨੇ ਠਾਹਰਾਂ ਦਿੱਤੀਆਂ ਫਿਰ ਉਹਨਾਂ ਦੇ ਦੋਸਤਾਂ ਨੇ ਠਾਹਰਾਂ ਬਣਾਈਆਂ ਤੇ ਫਿਰ ਹੋਰ ਅਗਾਂਹ ਵੀ ਦੋਸਤਾਂ ਨੇ ਠਾਹਰਾਂ ਬਣਾਈਆਂ। ਏਦਾਂ ਹੀ ਪੰਥ ਸੇਵਾ ਦਾ ਘੇਰਾ ਦੋਸਤੀਆਂ ਰਾਹੀਂ ਖੂਬਸੂਰਤ ਰੂਪ ਵਿਚ ਆਪ ਮੁਹਾਰੇ ਫੈਲਿਆ।

ਪੈਸੇ ਦੇ ਪੱਖ ਤੋਂ ਵੀ ਦੋਸਤਾਂ ਵਲੋਂ ਸਦਾ ਮਦਾਦ ਮਿਲਦੀ ਰਹੀ ਹੈ। ਔਖ ਅਤੇ ਤੰਗੀ ਵੇਲੇ ਵੀ ਸਾਨੂੰ ਦੋਸਤਾਂ ਤੋਂ ਮਦਦ ਮਿਲਦੀ ਰਹੀ। ਰੂਪੋਸ਼ ਸਿੰਘਾਂ ਦੇ ਦੋਸਤਾਂ ਨੇ ਬਹੁਤ ਕੀਮਤ ਅਦਾ ਕੀਤੀ, ਹਰ ਤਰ੍ਹਾਂ ਨਾਲ ਕੀਤੀ। ਮਾਲੀ ਨੁਕਸਾਨ ਤਾਂ ਤਕਰੀਬਨ ਸਾਰੇ ਥਾਈਂ ਹੋਇਆ, ਜਿਥੇ ਵੀ ਕੋਈ ਸਬੰਧ ਜਾਂ ਠਾਹਰ ਉਜਾਗਰ ਹੋ ਗਈ। ਕਈਆਂ

ਦੇ ਸਰੀਰ ਸਦਾ ਲਈ ਨਕਾਰਾ ਹੋ ਗਏ ਜਾਂ ਲੰਮਾ ਸਮਾਂ ਮੰਜਿਆਂ ਉਤੇ ਰਹੇ। ਕਈਆਂ ਦੀ ਜੇਲ੍ਹਾਂ ਅਤੇ ਅਦਾਲਤਾਂ ਨਾਲ ਵੀ ਲੰਮੀ ਦੋਸਤੀ ਪੈ ਗਈ। ਕਈਆਂ ਦੀਆਂ ਜਾਨਾਂ ਵੀ ਗਈਆਂ ਜਿਵੇਂ ਸਵਾਂ ਨਦੀ ਕੰਢੇ ਮਾਝੇ ਦੇ ਇਕ ਨੌਜਵਾਨ ਨੂੰ ਸਿਰਫ ਇਸ ਲਈ ਸ਼ਹੀਦ ਕਰ ਦਿੱਤਾ ਗਿਆ ਕਿ ਉਹਦਾ ਦੋਸਤ ਖਾੜਕੂ ਸੀ। ਉਹਨੇ ਕਿੰਨੇ ਮਾਣ ਅਤੇ ਦਲੇਰੀ ਨਾਲ ਦੋਸਤੀ ਨਿਭਾਈ। ਕਈਆਂ ਦੋਸਤਾਂ ਕੋਲੋਂ ਹਕੂਮਤੀ ਦਰਿੰਦਿਆਂ ਨੇ ਜਾਨ ਤੋਂ ਭਾਰੀ ਕੀਮਤ ਵੀ ਵਸੂਲੀ।

ਅਜਿਹੇ ਵਾਕਿਆਤ ਵੀ ਹੋਏ ਜਿਥੇ ਦੋਸਤੀ ਫਿੱਕੀ ਪਈ ਜਾਂ ਵਫਾ ਨਿਭਾਅ ਨਾ ਹੋਈ ਪਰ ਇਹ ਸੱਚ ਹੈ ਕਿ ਸੰਘਰਸ਼ ਵਿਚ ਸਿੰਘਾਂ ਨੂੰ ਜਿੰਨਾ ਨਿੱਘ ਅਤੇ ਸੁਰੱਖਿਆ ਦੋਸਤੀ ਦੀਆਂ ਮਜਬੂਤ ਤੰਦਾਂ ਨੇ ਦਿੱਤੀ ਹੈ ਉਹਦੇ ਮੁਕਾਬਲੇ ਇਹ ਘਟਨਾਵਾਂ ਨਿਗੂਣੀਆਂ ਹਨ। ਸੱਚੀ ਦੋਸਤੀ ਨੇ ਮਨੁੱਖੀ ਇਤਿਹਾਸ ਵਿਚ ਹੀ ਉਤਸ਼ਾਹ ਬਖਸਿਆ ਹੈ। ਮੈਨੂੰ ਸਰਹੱਦ ਪਾਰ ਕਰਨ ਵਾਲੇ ਸਿੰਘਾਂ ਦੇ ਜਥੇ ਯਾਦ ਆਉਂਦੇ ਹਨ ਜਿਹੜੇ ਹਸਦੇ ਖੇਡਦੇ ਤੇ ਮੌਤ ਨਾਲ ਅਠਖੇਲੀਆਂ ਕਰਦੇ ਸਰਹੱਦ ਪਾਰ ਕਰ ਜਾਂਦੇ ਸਨ। ਇਕੋ ਪਿੰਡ ਦੇ ਦੋ ਦੋਸਤ ਜੋ ਅੱਡ-ਅੱਡ ਜਥੇਬੰਦੀਆਂ ਦੇ ਇਲਾਕਾ ਜਥੇਦਾਰ ਸਨ। ਇਹਨਾਂ ਦਾ ਪਿੰਡ ਕਾਲੀਆਂ ਸਕੱਤਰਾਂ ਸੀ। ਇਕ ਦਾ ਨਾਂ ਅਨਾਰ ਸਿੰਘ ਪਾੜ੍ਹਾ ਤੇ ਦੂਜੇ ਦਾ ਨਾਂ ਪਿੱਪਲ ਸਿੰਘ ਸੀ। ਇਹਨਾਂ ਦੇ ਆਪਣੇ ਤਕੜੇ ਜਥੇ ਸਨ। ਸੰਨ ੧੯੯੧-੯੨ ਵਿਚ ਜਦੋਂ ਹਕੂਮਤ ਵਲੋਂ ਐਨੀ ਸਖਤੀ ਸੀ ਕਿ ਪਰਿੰਦਾ ਵੀ ਬਚ ਕੇ ਨਹੀਂ ਲੰਘ ਸਕਦਾ ਸੀ ਇਹ ਦੋਵੇਂ ਸਿੰਘ ਓਦੋਂ ਵੀ ਸਰਹੱਦ ਆਰ-ਪਾਰ ਬੇਖੌਫ ਹੋ ਕੇ ਜਾਂਦੇ ਰਹੇ। ਪਾਕਿ ਵਾਲੇ ਪਹਿਰੇਦਾਰਾਂ ਨੇ ਕਈ ਵਾਰ ਸ਼ਿਕਾਇਤ ਕੀਤੀ ਕਿ ਇਹ ਬੰਦੇ ਜਾਣ ਆਉਣ ਵੇਲੇ ਸਰਹੱਦੀ ਫੌਜ ਨਾਲ ਮੁਕਾਬਲਾ ਕਰਕੇ ਲੰਘਦੇ ਹਨ, ਫੌਜ ਦਾ ਨੁਕਸਾਨ ਹੋਣ ਨਾਲ ਭਾਰਤ ਵਾਲੇ ਪਾਸੇ ਸਖਤੀ ਹੋਰ ਵਧ ਜਾਂਦੀ ਹੈ ਅਤੇ ਰਸਤਾ ਬੰਦ ਹੋ ਜਾਂਦਾ ਹੈ। ਜਦੋਂ ਇਹਨਾਂ ਨੂੰ ਅਸੀਂ ਪੁਛਿਆ ਤਾਂ ਕੋਈ ਜੁਆਬ ਨਹੀਂ ਦਿੱਤਾ ਪਰ ਨੀਵੀਂ ਪਾ ਕੇ ਬੇਮਾਲੂਮ ਜਿਹਾ ਹਸਦੇ ਰਹੇ। ਦੋਵਾਂ ਨੂੰ ਖਤਰਿਆਂ ਨਾਲ ਖੇਡਣ ਅਤੇ ਦੁਸ਼ਮਣ ਨੂੰ ਵੰਗਾਰ ਕੇ ਮਾਰਨ ਦਾ ਚਾਓ ਰਹਿੰਦਾ ਸੀ। ਉਹਨਾਂ ਦੀ ਜੂਝ ਮਰਨ ਦੀ ਆਭਾ ਉਹਨਾਂ ਨੂੰ ਕਿਸੇ ਸੰਜਮ ਵਿਚ ਨਹੀਂ ਆਉਣ ਦਿੰਦੀ ਸੀ। ਉਹ ਜੰਗ ਤੋਂ ਬਗੈਰ ਰਹਿ ਨਹੀਂ ਸੀ ਸਕਦੇ। ਉਹ ਦੋਵੇਂ ਇਸੇ ਤਰ੍ਹਾਂ ਜੀਅ ਕੇ ਇਸੇ ਤਰ੍ਹਾਂ ਜੂਝਦੇ ਹੀ ਚਲੇ ਗਏ।

ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਗੁਰਜੀਤ ਸਿੰਘ, ਗੁਰਮੀਤ ਸਿੰਘ ਅਤੇ ਨਿਰਮਲ ਸਿੰਘ ਨਿੰਮੇ ਦੀ ਦੋਸਤੀ ਵੀ ਮੈਂ ਦੇਖੀ ਹੈ। ਆਖਰ ਤੱਕ ਉਹ ਕਿਵੇਂ ਨਿਭੇ ਇਹ ਵੀ ਦੇਖਿਆ ਹੈ। ਬਲਜਿੰਦਰ ਸਿੰਘ ਪੰਜਵੜ, ਓਅੰਕਾਰ ਸਿੰਘ ਤੇ ਸੁਖਦੇਵ ਸਿੰਘ ਦੀ ਵੀ ਡੂੰਘੀ ਦੋਸਤੀ ਸੀ। ਉਹਨਾਂ ਨੇ ਵੀ ਸਾਂਝ ਨੂੰ ਸਿਰ ਦੇ ਕੇ ਆਖਰ ਤੱਕ ਨਿਭਾਇਆ ਹੈ। ਡੂਲਾ ਸਿੰਘ, ਜਗਰੂਪ ਸਿੰਘ, ਡਿੰਪਲ ਸਿੰਘ, ਨਿਰਮਲ ਸਿੰਘ ਨੌਹਰਾ, ਰਾਜਵੀਰ ਸਿੰਘ

ਜੱਸੀ, ਸੁਖਪਾਲ ਸਿੰਘ, ਏਹਨਾਂ ਸਿੰਘਾਂ ਦੇ ਜਥੇ ਦਾ ਆਪਸ ਵਿਚ ਜੋ ਪਿਆਰ ਸੀ ਉਹ ਵੀ ਲਾਮਿਸਾਲ ਹੈ। ਸਾਰਿਆਂ ਨੇ ਆਪਣਾ ਹਿੱਸਾ ਬਾਖੂਬ ਨਿਭਾਇਆ ਅਤੇ ਜਦੋਂ ਪਰਖ ਦਾ ਸਮਾਂ ਆਇਆ ਸਾਰੇ ਹੀ ਪੂਰੇ ਉਤਰੇ।

ਗੁਰਜੰਟ ਸਿੰਘ ਰਾਜਸਥਾਨੀ ਅਤੇ ਰਾਜਵਿੰਦਰ ਸਿੰਘ ਰਾਜੀ ਦੀ ਦੋਸਤੀ ਦੁਸ਼ਮਣੀ ਵਾਲੇ ਕਤਲਾਂ ਅਤੇ ਵੈਲੀਪੁਣੇ ਤੋਂ ਸ਼ੁਰੂ ਹੋਈ ਤੇ ਖਾਲਸਤਾਨ ਦੇ ਸੰਘਰਸ਼ ਵਿਚ ਲਾਮਿਸਾਲ ਕੁਰਬਾਨੀ ਕਰਨ ਤੱਕ ਪਹੁੰਚ ਗਈ। ਇਹ ਦੋਵੇਂ ਰਾਜਸਥਾਨ ਦੀ ਜੇਲ੍ਹ ਵਿਚ ਕਿਸੇ ਐਮਐਲਏ ਦੇ ਕਤਲ ਦੇ ਦੋਸ਼ ਵਿਚ ਬੰਦ ਸਨ। ਇਹਨਾਂ ਦੋਵਾਂ ਨੂੰ ਉਹਨਾਂ ਦੇ ਦੋ ਦੋਸਤਾਂ (ਜਗਜੀਤ ਸਿੰਘ ਗਿੱਲ ਅਤੇ ਕੁਲਵਿੰਦਰ ਸਿੰਘ ਪੋਲੇ) ਨੇ ਬਾਪੂ ਮਲਕੀਅਤ ਸਿੰਘ ਦੀ ਮਦਦ ਨਾਲ ਰੇਲਗੱਡੀ ਵਿਚੋਂ ਪੁਲਿਸ ਕੋਲੋਂ ਛੁਡਾ ਲਿਆ। ਉਥੋਂ ਇਹ ਸਾਡੇ ਨਾਲ ਆ ਰਲੇ ਤੇ ਚਾਰਾਂ ਨੇ ਜੰਗ ਨੂੰ ਖੂਬ ਮਘਾਇਆ ਤੇ ਅਖੀਰ ਉਹਦੇ ਲਈ ਹੀ ਜਾਨ ਵਾਰ ਗਏ। ਚਾਰਾਂ ਨੇ ਦੋਸਤੀ ਅਤੇ ਗੈਰਤ ਦੀ ਬੁਲੰਦੀ ਨੂੰ ਖੂਬ ਨਿਭਾਇਆ।

ਪੰਥ ਦੀ ਸੱਦ, ਸੰਗਤ ਦੀ ਅਰਦਾਸ, ਗੁਰੂ ਦਾ ਪਿਆਰ, ਪੰਥ ਦਾ ਪਿਆਰ ਤੇ ਵਿਰਾਸਤ ਦੀ ਪਰੇਰਨਾ, ਇਹ ਸਭ ਕੁਝ ਉਸ ਵੇਲੇ ਜੰਗ ਦੇ ਨੁਕਤੇ ਉਤੇ ਆ ਕੇ ਇਕੱਠਾ ਹੁੰਦਾ ਸੀ। ਖਾਲਸੇ ਦਾ ਧਰਮ ਯੁੱਧ ਅਤੇ ਫਤਹਿ ਤੱਕ ਜੂਝਣ ਦਾ ਸਿਦਕ, ਜਿਥੇ ਹਾਰ ਲਈ ਕੋਈ ਥਾਂ ਨਹੀਂ ਸੀ। ਮੌਤ ਅਤੇ ਜੰਗ ਦੀ ਲਗਾਤਾਰਤਾ ਦੇ ਦੁਆਲੇ ਉਸੇ ਵੇਲੇ ਦੋਸਤੀ ਨੇ ਆਪਣੇ ਸਾਰੇ ਹੀ ਰੰਗ ਬੰਨ੍ਹ ਦਿੱਤੇ।

ਜੰਗ ਦੇ ਦੌਰਾਨ ਮੈਂ ਦੇਖਿਆ ਹੈ ਕਿ ਦੋਸਤੀ ਅਤੇ ਸਾਂਝੀਵਾਲਤਾ ਦਾ ਸਾਰੇ ਯੋਧਿਆਂ ਉਤੇ ਇਕ ਅਦਿਖ ਜਿਹਾ ਅਸਰ ਰਹਿੰਦਾ ਸੀ। ਸਭ ਨੂੰ ਦੂਜਿਆਂ ਦੀ ਫਿਕਰ ਰਹਿੰਦੀ ਸੀ। ਮੈਦਾਨੇ ਜੰਗ ਅਤੇ ਕੈਦ ਵਿਚ ਡੂੰਘੀ ਸਾਂਝ ਵਾਲਾ ਪੱਖ ਹੋਰ ਅਹਿਮ ਹੋ ਜਾਂਦਾ ਸੀ। ਜਦੋਂ ਅਤਿ ਭੀੜ ਦੇ ਸਮੇਂ ਵਿਚ ਸਰੀਰ ਅਤੇ ਅਕਲ ਸਾਥ ਛਡਦੇ ਵਿਖਾਈ ਦਿੰਦੇ ਸਨ ਤਾਂ ਗੁਰੂ ਦੀ ਰਜਾ, ਦੋਸਤੀ ਅਤੇ ਸਾਂਝੀਵਾਲਤਾ ਦੇ ਖਿਆਲ ਰਾਹੀਂ ਹੀ ਯਾਦਾਂ ਦੀਆਂ ਡੂੰਘਾਣਾਂ ਵਿਚੋਂ ਪਰਗਟ ਹੁੰਦੀ ਸੀ ਤੇ ਉਹਨਾਂ ਪਿਆਰੇ ਦੋਸਤਾਂ ਸਾਥੀਆਂ ਦੇ ਚਿਹਰੇ ਸਾਹਮਣੇ ਆ ਖੜ੍ਹਦੇ ਸਨ। ਜਦੋਂ ਹਰ ਪਾਸੇ ਮੌਤ, ਪੀੜ ਅਤੇ ਜਲਾਲਤ ਹਮਲਾ ਕਰ ਰਹੀ ਹੁੰਦੀ ਸੀ ਤਾਂ ਉਹਨਾਂ ਸੁੱਚੇ ਸੱਜਣਾਂ ਦੇ ਚਿਹਰੇ ਚੇਤੇ ਵਿਚ ਆਣ ਕੇ ਸਭ ਦੁਖ ਪੀੜ ਨੂੰ ਪਿਛਾਂਹ ਧੱਕ ਦਿੰਦੇ ਸਨ। ਸ਼ਹੀਦ ਹੋਏ ਸੱਜਣਾਂ ਨਾਲ ਬਿਤਾਏ ਖੂਬਸੂਰਤ ਪਲ ਅਤੇ ਉਹਨਾਂ ਨਾਲ ਕੀਤੇ ਹੋਏ ਕੌਲ ਯਾਦ ਆ ਜਾਂਦੇ ਸਨ। ਇਸ ਤਰ੍ਹਾਂ ਗੁਰੂ ਫਿਰ ਉਹਨਾਂ ਦੀ ਯਾਦ ਰਾਹੀਂ ਆਪਣੇ ਚਰਨਾਂ ਵਿਚ ਰੱਖ ਲੈਂਦਾ ਸੀ।

ਇਕ ਸਿੰਘ ਜੋ ਬਹੁਤ ਭਾਰੀ ਤਸ਼ੱਦਦ ਵਿਚੋਂ ਲੰਘਿਆ ਸੀ ਉਹਨੇ ਮੈਨੂੰ ਦੱਸਿਆ ਕਿ ਜਦੋਂ ਤਨ ਮਨ ਟੁਟ ਜਾਂਦਾ ਸੀ ਤਾਂ ਉਹਦੇ ਸ਼ਹੀਦ ਮਿੱਤਰ ਉਹਦੀ ਯਾਦ ਵਿਚ ਆ

ਜਾਂਦੇ ਸਨ ਤੇ ਉਹਦਾ ਟੁੱਟਿਆ ਭੱਜਿਆ ਸਰੀਰ ਫਿਰ ਅਣਖ ਨਾਲ ਦਗਣ ਲੱਗ ਪੈਂਦਾ ਸੀ। ਇਹ ਭਾਵ ਹਰਜਿੰਦਰ ਸਿੰਘ ਜਿੰਦੇ ਨੇ ਵੀ ਸਾਂਝੇ ਕੀਤੇ ਸਨ ਜਦੋਂ ਉਹ ਪਹਿਲੀ ਵਾਰ ਦਿੱਲੀ ਵਿਚ ਫੜਿਆ ਗਿਆ ਤਾਂ ਉਹਨੇ ਦੇਸ਼ ਦੀਆਂ ਸਭ ਏਜੰਸੀਆਂ ਨੂੰ ਮੂਰਖ ਬਣਾਇਆ ਤੇ ਕਿਸੇ ਦੇ ਪੱਲੇ ਕੁਝ ਵੀ ਨਹੀਂ ਪਾਇਆ ਸੀ। ਉਹ ਕਹਿੰਦਾ ਜਦੋਂ ਤਨ ਜਾਂ ਮਨ ਕਈ ਵਾਰ ਤਕਲੀਫ ਵਿਚ ਹੁੰਦਾ ਸੀ ਤਾਂ ਮੈਂ ਆਪਣਾ ਧਿਆਨ ਤੁਹਾਡੇ ਸਾਰਿਆਂ ਵੱਲ ਕਰਦਾ ਸੀ ਕਿ ਮੈਂ ਆਪਣੇ ਦੋਸਤਾਂ ਦਾ ਸਿਰ ਨੀਵਾਂ ਨਹੀਂ ਹੋਣ ਦੇਣਾ ਮੈਨੂੰ ਜੋ ਮਰਜੀ ਹੋ ਜਾਵੇ। ਮੈਨੂੰ ਇਹ ਡਰ ਲਗਦਾ ਸੀ ਕਿ ਮੈਥੋਂ ਕੁਝ ਅਜਿਹਾ ਕੀਤਾ ਕਿਹਾ ਨਾ ਜਾਵੇ ਜਿਸ ਨਾਲ ਮੇਰੇ ਦੋਸਤ ਨਰਾਜ ਜਾਂ ਸ਼ਰਮਿੰਦਾ ਹੋ ਜਾਣ। ਮੇਰੇ ਲਈ ਦੋਸਤਾਂ ਦੀ ਨਰਾਜਗੀ ਪੁਲਿਸ ਦੀ ਕੁੱਟ ਨਾਲੋਂ ਬੁਰੀ ਹੈ। ਇਸ ਤਰ੍ਹਾਂ ਦੋਸਤੀ ਦਾ ਰਿਸ਼ਤਾ ਸਿਰਫ ਸੰਘਰਸ਼ ਵਿਚ ਆਉਣ ਦੇ ਸਾਧਨ ਜਾਂ ਸਬੱਬ ਹੋਣ ਤੋਂ ਅਗਾਂਹ ਤਸ਼ੱਦਦ ਸਹਿਣ ਅਤੇ ਸ਼ਹਾਦਤ ਦੇ ਰੁਤਬੇ ਤੱਕ ਪਹੁੰਚਣ ਵਿਚ ਸ਼ਾਮਲ ਰਿਹਾ।

ਕੋਈ ਗਿਣਤੀ ਨਹੀਂ ਹੈ ਕਿ ਕੀਹਨੇ ਕੀਹਨੇ ਦੋਸਤੀ ਵਿਚ ਕਿੰਨੀਆਂ ਕੁੱਟਾਂ ਖਾਧੀਆਂ, ਜਲੀਲ ਹੋਏ, ਬੇਘਰ ਹੋਏ, ਕੈਦ ਹੋਏ, ਬੇਵਤਨ ਹੋਏ ਤੇ ਜਾਨ ਵੀ ਲੇਖੇ ਲਾਉਣੀ ਪਈ। ਜਦੋਂ ਮੈਂ ਆਪਣੇ ਤਜਰਬੇ ਅਤੇ ਅਨੁਭਵ ਨਾਲ ਆਲੇ ਦੁਆਲੇ ਨਜਰ ਮਾਰਦਾ ਹਾਂ ਤਾਂ ਵੇਖਦਾ ਹਾਂ ਕਿ ਦੋਸਤੀ ਦੇ ਪਵਿੱਤਰ ਰਿਸ਼ਤੇ ਰਾਹੀਂ ਲੋਕਾਂ ਨੇ ਸਾਡਾ ਕਿਸ ਤਰ੍ਹਾਂ ਸਾਥ ਦਿੱਤਾ। ਸਾਡੇ ਲਈ ਅਰਦਾਸਾਂ ਕੀਤੀਆਂ, ਦੁਆਵਾਂ ਦਿੱਤੀਆਂ ਅਤੇ ਸਾਡੇ ਲਈ ਕੀ-ਕੀ ਕੀਤਾ ਅਤੇ ਕੀ-ਕੀ ਕੁਝ ਝੱਲਿਆ। ਇਹ ਗੱਲ ਨੂੰ ਵੀ ਲਿਖਣਾ ਜਰੂਰੀ ਸੀ ਕਿ ਦੋਸਤੀ ਦੇ ਰਿਸ਼ਤੇ ਨੇ ਸੰਘਰਸ਼ ਦੀ ਸੁੱਚੀ ਧਾਰ ਤੱਕ ਆਪਣੀ ਹਾਜਰੀ ਲਵਾਈ ਤੇ ਮੈਂ ਆਪਣੇ ਸਾਹਮਣੇ ਅਤੇ ਆਲੇ ਦੁਆਲੇ ਵਿਚ ਇਹਦੀਆਂ ਸਿਖਰਾਂ ਨੂੰ ਵੇਖਿਆ ਹੈ। ਹੁਣ ਦੇ ਇਤਿਹਾਸ ਦੇ ਅਣਮੋਲ ਹੀਰਿਆਂ ਦੋਸਤਾਂ ਦੇ ਬੇਖੌਫ ਹਸਦੇ ਖੇਡਦੇ ਚਿਹਰਿਆਂ ਨੂੰ ਆਪਣੇ ਚੇਤੇ ਵਿਚ ਵਾਰ ਵਾਰ ਵੇਖਦਾ ਰਹਿੰਦਾ ਹਾਂ ਤਾਂ ਖਿਆਲ ਆਉਂਦਾ ਹੈ ਕਿ ਪੰਥ ਅਤੇ ਪੰਜਾਬ ਨੂੰ ਇਸ ਗੱਲ ਦਾ ਭਰਪੂਰ ਮਾਣ ਹੋਣਾ ਚਾਹੀਦਾ ਹੈ ਕਿ ਜੰਗ ਦੇ ਸਮੇਂ ਵਿਚ ਇਸ ਧਰਤੀ ਉਤੇ ਅਣਖ ਸਿਦਕ ਅਤੇ ਨਿਰਮਾਣਤਾ ਵਾਲੀ ਦੋਸਤੀ ਖੂਬ ਨਿਖਰੀ ਅਤੇ ਵਧੀ ਫੁੱਲੀ। ਇਹ ਰਿਸ਼ਤੇ ਨੇ ਆਪਣੀ ਖੁਸ਼ਬੂ ਸੰਘਰਸ਼ ਦੇ ਸਮਿਆਂ ਵਿਚ ਸ਼ਹਾਦਤ ਦੇ ਕੇ ਅਤੇ ਤਸ਼ੱਦਦ ਸਹਿ ਕੇ ਖਿਲਾਰੀ ਹੈ।

ਪਾਠ : ੮

ਪੁਲਿਸ ਦੇ ਕਿਰਦਾਰ

ਪੰਜਾਬ ਪੁਲਿਸ ਬਾਰੇ ਜਦੋਂ ਕੋਈ ਸੋਚਦਾ ਹੈ ਤਾਂ ਪਹਿਲਾਂ ਸਭ ਬੁਰਾ ਹੀ ਨਜ਼ਰ ਆਉਂਦਾ ਹੈ। ਭ੍ਰਿਸ਼ਟ, ਜਾਲਮ, ਵਹਿਸ਼ੀ ਤੇ ਸਿੱਖ ਨੌਜਵਾਨਾਂ ਦਾ ਘਾਣ ਕਰਨ ਵਾਲੀ ਤਾਕਤ ਇਸ ਮਹਿਕਮੇ ਵਿਚ ਇਸ ਕਰਕੇ ਹੈ ਕਿ ਕੇਂਦਰੀ ਹਕੂਮਤ ਅਤੇ ਅਫਸਰਸ਼ਾਹੀ ਚਾਹੁੰਦੀ ਹੀ ਇਹੋ ਜਿਹੀ ਪੁਲਿਸ ਸੀ ਜੋ ਪੰਜਾਬ ਤੇ ਸਿੱਖੀ ਦੇ ਵਿਰੋਧ ਵਿਚ ਖੜ੍ਹੇ। ਸਭ ਤੋਂ ਮੂਹਰੇ ਹੋ ਕੇ ਖਾੜਕੂ ਸੰਘਰਸ਼ ਸਮੇਂ ਸਿੱਖਾਂ ਤੇ ਜਬਰ ਤੇ ਘਾਣ ਕਰੇ। ਜੋ ਦੁਸ਼ਮਣ ਤੇ ਵਹਿਸ਼ੀ ਸਰਕਾਰ ਦੇ ਇਸ਼ਾਰੇ ਤੇ ਸਿੱਖ ਸੰਘਰਸ਼ ਵਿਰੁੱਧ ਕਿਸੇ ਵੀ ਹੱਦ ਤੱਕ ਚਲੀ ਜਾਵੇ। ਸਿੱਖਾਂ ਦਾ ਚਿਹਰਾ ਮੋਹਰਾ ਅੱਗੇ ਲਾ ਕੇ ਹੀ ਓਹਨਾਂ 'ਤੇ ਤਸ਼ੱਦਦ ਤੇ ਕਤਲੋਗਾਰਤ ਕਰਨੀ ਸੀ। ਉਹ ਇਸ ਵਿੱਚ ਕਾਮਯਾਬ ਹੋ ਗਏ।

ਪੰਜਾਬ ਪੁਲਿਸ ਨੂੰ ਇਹੋ ਜਿਹੀ ਬਣਾਉਣ ਵਿੱਚ ਸਰਕਾਰੀ ਤੰਤਰ, ਸਿਆਸੀ ਦਲਾਂ, ਮੀਡੀਆ ਅਤੇ ਭਾਰਤੀ ਹਕੂਮਤ ਦੇ ਹਰ ਹਿੱਸੇ ਨੇ ਰਲ ਕੇ ਕੰਮ ਕੀਤਾ। ਅਸਲ ਵਿੱਚ ਹਕੀਕਤ ਇਹ ਨਹੀਂ ਸੀ ਅਤੇ ਨਾ ਹੀ ਹੈ। ਆਪਣਾ ਪੂਰਾ ਤਾਣ ਲਾਉਣ ਦੇ ਬਾਵਜੂਦ ਵੀ ਸਰਕਾਰ ਪੁਲਿਸ ਦੇ ਇੱਕ ਹਿੱਸੇ ਨੂੰ ਹੀ ਆਪਣੇ ਸਾਂਚੇ ਵਿਚ ਢਾਲ ਸਕੀ ਪਰ ਉਹ ਉਸ ਮਨਪਸੰਦ ਹਿੱਸੇ ਨੂੰ ਬਾਕੀ ਸਾਰੀ ਪੁਲਿਸ ਦਾ ਚਿਹਰਾ ਬਣਾਉਣ ਵਿਚ ਕਾਮਯਾਬ ਹੋ ਗਈ।

ਪੁਲਿਸ ਮੁਖੀ ਤੋਂ ਲੱਗ ਕੇ ਸਿਪਾਹੀਆਂ ਤਕ ਇਸ ਹਕੂਮਤਪਸੰਦ ਹਿੱਸੇ ਦੀ ਗਿਣਤੀ ਕੁਝ ਸੈਂਕੜਿਆਂ ਤੋਂ ਜਿਆਦਾ ਨਹੀਂ ਸੀ ਜਦਕਿ ਸਮੁੱਚੇ ਸੁਰੱਖਿਆ ਦਸਤਿਆਂ (ਪੁਲਿਸ, ਹੋਮ ਗਾਰਡ, ਬੀਐਸਐਫ, ਕਮਾਂਡੋ ਫੋਰਸ, ਸੀਆਰਪੀਐਫ ਆਦਿ) ਦੀ ਗਿਣਤੀ ਤਾਂ ਲੱਖ ਤੋਂ ਵੀ ਉਪਰ ਸੀ। ਕੁਝ ਚੁਣੇ ਹੋਏ ਅਪਰਾਧੀ, ਭ੍ਰਿਸ਼ਟ, ਲਾਲਚੀ ਤੇ ਸੱਤਾ ਦੀ ਭੁੱਖ ਵਾਲੇ ਬੰਦਿਆਂ ਨੂੰ ਸਰਕਾਰ ਨੇ ਤਿਆਰ ਕੀਤਾ ਜਿਵੇਂ ਕਿ ਖੂੰਖਾਰ ਕੁੱਤਿਆਂ ਨੂੰ ਸ਼ਿਕਾਰ ਲਈ ਤਿਆਰ ਕੀਤਾ ਜਾਂਦਾ ਹੈ। ਫਿਰ ਓਹਨਾਂ ਦੇ ਹੱਥ ਵਿੱਚ ਅੰਨ੍ਹੀ ਤਾਕਤ ਦੇ ਦਿੱਤੀ ਤੇ ਫੇਰ ਉਹ ਇਨਸਾਨੀਅਤ ਤਾਂ ਕੀ, ਰੱਬ ਨੂੰ ਵੀ ਭੁੱਲ ਗਏ।

ਕਿਸੇ ਵੀ ਮੌਕੇ (ਚੁਰਾਸੀ ਤੋਂ ਲੱਗ ਕੇ ਹੁਣ ਤਕ) ਇਹੋ ਜਿਹੇ ਤਬਕੇ ਦੀ ਗਿਣਤੀ ਕੁਝ ਫੀਸਦੀ ਤੋਂ ਜਿਆਦਾ ਨਹੀਂ ਸੀ। ਬਹੁਤੇ ਸਿੱਖ ਜੋ ਪੁਲਿਸ ਵਿੱਚ ਸਨ, ਜਿਆਦਾਤਰ ਨਿਰਪੱਖ ਜਾਂ ਆਪਣੀ ਨੌਕਰੀ ਤੱਕ ਹੀ ਸੀਮਤ ਸਨ। ਸਰਕਾਰ, ਅਫਸਰਾਂ ਅਤੇ ਆਪਣੀ ਰੋਜੀ ਰੋਟੀ ਦੇ ਦਬਾਅ ਕਾਰਨ ਹੀ ਉਹ ਸੰਘਰਸ਼ ਵਿਰੁੱਧ ਸ਼ਾਮਿਲ ਹੁੰਦੇ ਰਹੇ ਪਰ ਉਹ ਵਿੱਚੋਂ ਕਦੀ ਵੀ ਸੰਘਰਸ਼ ਦੇ ਵਿਰੁੱਧ ਨਹੀਂ ਸਨ। ਕਾਫੀ ਹਿੱਸਾ ਇਹੋ ਜਿਹਾ ਸੀ, ਜਿਹੜਾ ਸੰਘਰਸ਼ ਦਾ ਹਮਦਰਦ ਸੀ, ਪਰ ਨੌਕਰੀ ਕਾਰਨ ਸੰਘਰਸ਼ ਦੇ ਵਿਰੁੱਧ ਵੀ ਭੁਗਤਦਾ ਰਿਹਾ। ੧੯੯੨ ਤਕ ਕੇਪੀਐਸ ਗਿੱਲ ਤੇ ਓ ਪੀ ਸ਼ਰਮਾ ਦੀ ਅਗਵਾਈ ਹੇਠ ਪੁਲਿਸ ਨੂੰ ਪੂਰੇ ਤਰੀਕੇ ਨਾਲ ਖਾੜਕੂਆਂ ਵਿਰੁੱਧ ਲਾਮਬੰਦ ਕਰ ਦਿੱਤਾ ਗਿਆ ਸੀ। ਉਸ ਵਕਤ ਜਦੋਂ ਪੁਲਿਸ ਦੀ ਚੜ੍ਹਤਲ ਸੀ ਤੇ ਖਾੜਕੂ ਸੰਘਰਸ਼ ਕਮਜੋਰ ਪੈ ਰਿਹਾ ਸੀ, ਉਸ ਵਕਤ ਵੀ ਵੱਡੀ ਗਿਣਤੀ ਵਿਚ ਪੁਲਿਸ ਸਾਡੇ ਵਿਰੋਧ ਵਿੱਚ ਨਹੀਂ ਸੀ। ਜੇ ਬਹੁਤੇ ਸਿੱਖ ਸਿਪਾਹੀ ਸੱਚੀ-ਮੁੱਚੀ ਕਦੇ ਸਾਡੇ ਖਿਲਾਫ ਹੁੰਦੇ ਤਾਂ ਸਾਡਾ ਸੰਘਰਸ਼ ਨਾ ਤਾਂ ਇੰਨੀਆਂ ਬੁਲੰਦੀਆਂ ਛੂੰਹਦਾ ਅਤੇ ਨਾ ਹੀ ਇਹਦੀ ਉਮਰ ਐਡੀ ਲੰਬੀ ਹੁੰਦੀ। ਅਸੀਂ ਅੱਗੇ ਤਾਂ ਹੀ ਵਧ ਸਕੇ ਕਿਉਂਕਿ ਪੁਲਿਸ ਤੇ ਹੋਰ ਫੋਰਸਾਂ ਵਿੱਚ ਸੰਘਰਸ਼ ਲਈ ਹਮਦਰਦੀ ਸੀ ਜਾਂ ਕਹਿ ਲਓ ਕਿ ਓਹਨਾਂ ਦਾ ਸਾਡੇ ਨਾਲ ਉਹ ਵੈਰ ਨਹੀਂ ਸੀ ਜੋ ਹਕੂਮਤ ਕਰਨ ਵਾਲੀ ਧਿਰ ਦੇ ਮਨ ਵਿਚ ਸੀ।

ਸੰਘਰਸ਼ ਦੇ ਕਈ ਵੱਡੇ ਕੰਮ ਪੁਲਿਸ ਵਾਲਿਆਂ ਨੇ ਕੀਤੇ ਜਾਂ ਓਹਨਾਂ ਰਾਹੀਂ ਹੀ ਹੋਏ। ਇਨ੍ਹਾਂ ਕੰਮਾਂ ਲਈ ਤੇ ਉਹਨਾਂ ਚੋਣਵੇਂ ਪੁਲਿਸ ਵਾਲਿਆਂ ਨੂੰ ਤਾਂ ਅਸੀਂ ਜਾਣਦੇ ਤੇ ਸਤਿਕਾਰਦੇ ਹਾਂ ਪਰ ਓਹਨਾਂ ਬਹੁਤੇ ਪੁਲਿਸ ਵਾਲਿਆਂ ਬਾਰੇ ਸਾਡੇ ਕੋਲ ਕੋਈ ਜਾਣਕਾਰੀ ਨਹੀਂ, ਜਿਨ੍ਹਾਂ ਨੇ ਸਾਨੂੰ ਬਹੁਤ ਵਾਰ ਬਚਾਇਆ। ਸਾਨੂੰ ਜਾਣਕਾਰੀ ਦਿੱਤੀ, ਸਾਨੂੰ ਹਥਿਆਰ ਦਿੱਤੇ, ਸਾਨੂੰ ਠਾਹਰਾਂ ਦਿੱਤੀਆਂ ਤੇ ਸਾਡੇ ਲਈ ਹਰ ਤਰ੍ਹਾਂ ਦੇ ਜੋਖਮ ਉਠਾਏ। ਓਹਨਾਂ ਨੂੰ ਅੱਜ ਕੋਈ ਯਾਦ ਨਹੀਂ ਕਰ ਰਿਹਾ ਕਿਉਂਕਿ ਸਰਕਾਰ ਲਈ ਇਹ ਤੱਥ ਨੂੰ ਦਬਾਉਣਾ ਬਹੁਤ ਜਰੂਰੀ ਸੀ ਕਿ ਉਹਦੀਆਂ ਫੋਰਸਾਂ ਵਿੱਚੋਂ ਇੰਨਾ ਵੱਡਾ ਹਿੱਸਾ ਸੰਘਰਸ਼ ਦੀ ਮਦਦ ਕਰ ਰਿਹਾ ਹੈ। ਕੁਝ ਬੰਦਿਆਂ ਦੀ ਜਾਣਕਾਰੀ ਲੋਕਾਂ ਤੱਕ ਆਈ ਹੈ ਪਰ ਹਾਲੀ ਵੀ ਬਹੁਤੇ ਕਿੱਸੇ ਅਣਗੌਲੇ ਹੀ ਪਏ ਹਨ ਤੇ ਸਮੇਂ ਦੀ ਉਡੀਕ ਕਰ ਰਹੇ ਹਨ ਕਿ ਕਦੋਂ ਪੰਥ ਉਨ੍ਹਾਂ ਦੀ ਸੇਵਾ ਤੇ ਪੀੜਾ ਨੂੰ ਸਮਝੇਗਾ।

ਇੰਦਰਾ ਗਾਂਧੀ ਨੂੰ ਸੋਧਣ ਵਾਲੇ ਸਿੰਘਾਂ ਨੂੰ ਤਾਂ ਅਸੀਂ ਸਾਰੇ ਜਾਣਦੇ ਹਾਂ ਤੇ ਓਹਨਾਂ ਦੇ ਦਿਨ ਵੀ ਮਨਾਉਂਦੇ ਹਾਂ। ਮੁੱਖ ਮੰਤਰੀ ਬੇਅੰਤ ਨੂੰ ਸੋਧਣ ਵਾਲਿਆਂ ਨੂੰ ਵੀ ਅਸੀਂ ਜਾਣਦੇ ਹਾਂ ਤੇ ਸਤਿਕਾਰਦੇ ਹਾਂ। ਰਿਬੈਰੋ ਤੇ ਹਮਲਾ ਕਰਨ ਵਾਲੇ ਯੋਧਿਆਂ ਨੂੰ ਵੀ ਅਸੀਂ ਜਾਣਦੇ ਹਾਂ, ਭਾਵੇਂ ਕਿ ਓਹਨਾਂ ਨੂੰ ਉਹ ਮਾਣ ਨਹੀਂ ਦੇ ਰਹੇ, ਜਿਨ੍ਹਾਂ ਦੇ ਉਹ ਹੱਕਦਾਰ ਸੀ। ਪੁਲਿਸ ਵਿਚੋਂ ਸੰਘਰਸ਼ ਵਿਚ ਆਉਣ ਵਾਲੇ ਬਾਬਾ ਧੰਨਾ ਸਿੰਘ, ਬਾਬਾ

ਅਜੀਤ ਸਿੰਘ, ਬਾਬਾ ਦਲਵਿੰਦਰ ਸਿੰਘ ਸਿਰਫ ਯੋਧੇ ਹੀ ਨਹੀਂ ਸਨ ਸਗੋਂ ਉਹ ਨਾਮ-ਸਿਮਰਨ ਵਾਲੀਆਂ ਰੂਹਾਂ ਸਨ। ਉਸ ਵਕਤ ਓਹਨਾਂ ਨਾਲ ਸਬੰਧਿਤ ਕਈ ਹੋਰ ਪੁਲਿਸ ਮੁਲਾਜਮਾਂ ਨੇ ਤਸ਼ੱਦਦ ਝੱਲਿਆ ਤੇ ਕਈਆਂ ਨੇ ਜੇਲ੍ਹਾਂ ਵੀ ਕੱਟੀਆਂ। ਕੁਝ ਬੰਦੇ ਬਾਅਦ ਵਿੱਚ ਸੰਘਰਸ਼ ਦੌਰਾਨ ਸ਼ਹੀਦ ਹੋ ਗਏ। ਇਨ੍ਹਾਂ ਨੂੰ ਅਸੀਂ ਸਹੀ ਤਰੀਕੇ ਨਾਲ ਯਾਦ ਨਹੀਂ ਰੱਖਿਆ। ਗੋਬਿੰਦ ਰਾਮ, ਹਰਚਰਨ ਸੂਰੀ ਤੇ ਹੋਰ ਇਹੋ ਜਿਹੇ ਜਾਲਮ ਅਫਸਰਾਂ ਨੂੰ ਸੋਧਣ ਵਿੱਚ ਸਹਾਈ ਹੋਣ ਵਾਲੇ ਪੁਲਿਸ ਮੁਲਾਜਮਾਂ ਬਾਰੇ ਪੰਥ ਬੇਖਬਰ ਹੈ। ਇਨ੍ਹਾਂ ਕਾਰਨਾਮਿਆਂ ਨਾਲ ਸਬੰਧਿਤ ਕਈ ਪੁਲਿਸ ਮੁਲਾਜਮਾਂ ਨੂੰ ਹਕੂਮਤ ਨੇ ਚੁੱਪ ਚੁਪੀਤੇ ਹੀ ਪਾਰ ਲੰਘਾ ਦਿੱਤਾ।

੧੯੮੪ ਤੋਂ ਪਹਿਲਾਂ ਜਦੋਂ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਮੌਜੂਦ ਸਨ ਉਦੋਂ ਵੱਡੇ ਅਫਸਰਾਂ ਤੋਂ ਲੈ ਕੇ ਛੋਟੇ ਮੁਲਾਜਮਾਂ ਤੱਕ, ਵੱਡੀ ਗਿਣਤੀ ਵਿੱਚ ਪੁਲਿਸ, ਫੌਜ ਦੇ ਮੁਲਾਜਮ ਆ ਕੇ ਸੰਤਾਂ ਨਾਲ ਸੰਪਰਕ ਬਣਾਉਂਦੇ ਸੀ। ੧੯੮੪ ਵੇਲੇ ਵੀ ਜਿਹੜੇ ਅਸਲੇ ਨਾਲ ਸਿੰਘਾਂ ਨੇ ਫੌਜ ਦਾ ਮੁਕਾਬਲਾ ਕੀਤਾ, ਉਹਦੇ ਵਿਚੋਂ ਕਾਫੀ ਵੱਡਾ ਹਿੱਸਾ ਸਿੱਖ ਪੁਲਿਸ ਤੇ ਫੌਜ ਵਾਲਿਆਂ ਨੇ ਭੇਂਟ ਕੀਤਾ ਸੀ। ਇਹ ਗੱਲ ਸਾਨੂੰ ਜਨਰਲ ਲਾਭ ਸਿੰਘ ਨੇ ਵੀ ਦੱਸੀ ਸੀ ਕਿ ਕਿਸ ਤਰ੍ਹਾਂ ਸਿੱਖ ਫੌਜੀ ਅਫਸਰ ਅਤੇ ਪੁਲਿਸ ਅਫਸਰ ਸਾਡੇ ਤਕ ਅਸਲਾ ਪਹੁੰਚਾਉਂਦੇ ਰਹੇ।

ਜੂਨ ਚੁਰਾਸੀ ਤੋਂ ਪਹਿਲਾਂ ਤੋਂ ਸੁਖਵਿੰਦਰ ਸਿੰਘ ਛਿੰਦੂ ਦੇ ਸ਼ਹੀਦ ਹੋਣ ਤਕ ੯ ਐਮਐਮ, ੩੦ ਬੋਰ, ੩੮ ਬੋਰ ਦੀਆਂ ਗੋਲੀਆਂ ਸਾਨੂੰ ਅੰਮ੍ਰਿਤਸਰ ਪੁਲਿਸ ਅਤੇ ਚੰਡੀਗੜ੍ਹ ਦੀ ਪੁਲਿਸ ਲਾਈਨ 'ਚੋਂ ਵੀ ਮਿਲਦੀਆਂ ਰਹੀਆਂ ਸਨ। ਇਹ ਛਿੰਦੂ ਦੇ ਪਹਿਲਾਂ ਦੇ ਸਬੰਧਾਂ ਦੇ ਲੋਕ ਸਨ, ਜਿਨ੍ਹਾਂ ਨੂੰ ਉਹ ਹੀ ਜਾਣਦਾ ਸੀ। ਇਸੇ ਤਰ੍ਹਾਂ ਹੋਰ ਵੀ ਕਈ ਥਾਈਂ ਗੋਲੀ ਸਿੱਕਾ ਤੇ ਇੱਥੋਂ ਤਕ ਕਿ ਸਾਡੇ ਸਸ਼ਤਰਾਂ ਨੂੰ ਠੀਕ ਵੀ ਪੁਲਿਸ ਵਾਲੇ ਹੀ ਕਰਦੇ ਰਹੇ। ਕਈ ਥਾਂ 'ਤੇ ਚੌਂਕੀਆਂ ਜਾਂ ਗਾਰਦਾਂ ਤੋਂ ਅਸਲਾ ਲੁੱਟਿਆ ਗਿਆ ਸੀ ਪਰ ਕਈ ਥਾਈਂ ਇਹ ਕੰਮ ਪੁਲਿਸ ਵਾਲੇ ਆਪ ਹੀ ਕਰਾਉਂਦੇ ਸੀ। ਇਸੇ ਤਰ੍ਹਾਂ ਅਨੇਕਾਂ ਪੁਲਿਸ ਹੋਮ ਗਾਰਡ, ਐਸਪੀਓ ਤੇ ਫੌਜ ਵਾਲੇ ਆਪਣੇ ਅਸਲੇ ਸਮੇਤ ਸਾਡੇ ਨਾਲ ਆ ਰਲੇ ਤੇ ਸੰਘਰਸ਼ ਵਿੱਚ ਸ਼ਹਾਦਤਾਂ ਦਿੱਤੀਆਂ। ਇਨ੍ਹਾਂ ਦੀ ਗਿਣਤੀ ਬਾਰੇ ਤਾਂ ਪਤਾ ਲਾਇਆ ਜਾ ਸਕਦਾ ਹੈ ਕਿਉਂਕਿ ਓਹਨਾਂ ਦਿਨਾਂ ਵਿੱਚ ਆਮ ਖਬਰਾਂ ਆ ਜਾਂਦੀਆਂ ਸਨ ਤੇ ਪੁਲਿਸ ਕੋਲ ਇਹ ਲੇਖਾ ਮੌਜੂਦ ਵੀ ਹੋਵੇਗਾ।

ਕਈ ਮੁਖਬਰਾਂ, ਕੈਟਾਂ ਤੇ ਸੰਘਰਸ਼ ਵਿਰੁੱਧ ਚੱਲਣ ਵਾਲੇ ਅਫਸਰਾਂ ਨੂੰ ਪੁਲਿਸ ਵਾਲਿਆਂ ਨੇ ਮਾਰਿਆ ਜਾਂ ਓਹਨਾਂ ਦੀ ਸੂਹ ਦੇ ਕੇ ਸਿੰਘਾਂ ਦੀ ਮਦਦ ਕੀਤੀ। ਇਹਨਾਂ ਬਾਰੇ ਵੀ ਜਾਣਕਾਰੀ ਉਸ ਸਮੇਂ ਦੀਆਂ ਅਖਬਾਰਾਂ ਤੋਂ ਇਕੱਠੀ ਕੀਤੀ ਜਾ ਸਕਦੀ ਹੈ।

ਕਈ ਪੁਲਿਸ ਵਾਲੇ ਖਾੜਕੂ ਜਥਿਆਂ ਵਿਚ ਸਿਖਲਾਈ ਵੀ ਦਿੰਦੇ ਰਹੇ ਤੇ ਓਹਨਾਂ

ਨੂੰ ਹਥਿਆਰਾਂ ਬਾਰੇ, ਬੰਕਰਾਂ ਬਾਰੇ ਤੇ ਪੁਲਿਸ ਤੋਂ ਬਚਣ ਦੇ ਤਰੀਕਿਆਂ ਬਾਰੇ ਸਿਖਲਾਈ ਦਿੰਦੇ ਰਹੇ। ਓਹਨਾਂ ਦਾ ਸਬੰਧ ਕਿਸੇ ਇੱਕ ਖਾੜਕੂ ਤਕ ਹੁੰਦਾ ਸੀ, ਜਿਸ ਕਾਰਨ ਓਹਨਾਂ ਬਾਰੇ ਪਤਾ ਨਹੀਂ ਸੀ ਲੱਗਦਾ।

ਸੰਤਾਂ ਦੇ ਵੇਲੇ ਤੋਂ ਲੈ ਕੇ ਅੱਜ ਤਕ ਅਨੇਕਾਂ ਹੀ ਅਫਸਰ ਤੇ ਜਵਾਨ ਹੋਣਗੇ, ਜਿਨ੍ਹਾਂ ਨੂੰ ਇਸ ਕਰਕੇ ਮਹਿਕਮੇ ਨੇ ਨਜਰਅੰਦਾਜ ਕੀਤਾ ਕਿਉਂਕਿ ਉਹ ਸਰਕਾਰ ਦੀ ਨੀਤੀ ਅਨੁਸਾਰ ਚੱਲਣ ਨੂੰ ਤਿਆਰ ਨਹੀਂ ਸੀ ਜਾਂ ਉਹ ਆਪਣੀ ਜਮੀਰ ਮਾਰ ਕੇ ਜਾਂ ਧਰਮ ਨੂੰ ਭੁਲਾ ਕੇ ਸਿੱਖ ਸੰਘਰਸ਼ ਵਿਰੁੱਧ ਉਸ ਤਰ੍ਹਾਂ ਸਰਗਰਮ ਨਹੀਂ ਹੋਏ, ਜਿਵੇਂ ਸਰਕਾਰ ਚਾਹੁੰਦੀ ਸੀ। ਚੁਰਾਸੀ ਤੋਂ ਪਹਿਲਾਂ ਵੀ ਕਈ ਵੱਡੇ ਅਫਸਰਾਂ ਬਾਰੇ ਤਾਂ ਆਪਾਂ ਜਾਣਦੇ ਹੀ ਹਾਂ, ਜਿਨ੍ਹਾਂ ਨੂੰ ਮਹਿਕਮੇ ਵਿੱਚ ਖੂੰਜੇ ਲਾ ਦਿੱਤਾ ਗਿਆ ਤੇ ਉਹ ਇਸੇ ਤਰ੍ਹਾਂ ਸੇਵਾ ਮੁਕਤ ਹੋ ਗਏ। ਛੋਟੇ ਅਫਸਰਾਂ ਤੇ ਮੁਲਾਜਮਾਂ ਦੀ ਗਿਣਤੀ ਤਾਂ ਬਹੁਤ ਜਿਆਦਾ ਹੋਵੇਗੀ, ਜਿਨ੍ਹਾਂ ਨੂੰ ਓਹਨਾਂ ਦੀ ਯੋਗਤਾ ਅਨੁਸਾਰ ਥਾਂ ਨਾ ਦੇ ਕੇ ਪਿਛਾੜ ਦਿੱਤਾ ਗਿਆ। ਇਹ ਨੀਤੀ ਹੁਣ ਤੱਕ ਉਸੇ ਤਰ੍ਹਾਂ ਚਾਲੂ ਹੈ ਕਿ ਜਿਹੜਾ ਮੁਲਾਜਮ ਜਾਂ ਅਫਸਰ ਸਿੱਖ ਭਾਵਨਾ ਵਿੱਚ ਰਹੇ ਤੇ ਹਕੂਮਤ ਦੀ ਅੰਨੇਵਾਹ ਗੱਲ ਨਾ ਮੰਨੇ ਤਾਂ ਉਹਦੀ ਤਰੱਕੀ ਦੇ ਰਾਹ ਰੁਕ ਜਾਂਦੇ ਹਨ। ਜਿਨ੍ਹਾਂ ਮੁਲਾਜਮਾਂ ਨੂੰ ਉਹਨਾਂ ਦੇ ਸਿੱਖ ਹੋਣ ਕਰਕੇ ਜਾਂ ਸੰਘਰਸ਼ ਵਿਰੁੱਧ ਪੈਂਤੜਾ ਨਾ ਲੈਣ ਕਰਕੇ ਵਿਹਲੇ ਕੀਤਾ, ਰੁਤਬਾ ਘੱਟ ਕੀਤਾ ਗਿਆ, ਨਿਗੂਣੇ ਥਾਂਵਾਂ ਉਤੇ ਲਾਇਆ ਗਿਆ ਜਾਂ ਨੌਕਰੀਓਂ ਕੱਢ ਹੀ ਦਿੱਤਾ ਗਿਆ, ਇਹਨਾਂ ਸਾਰੇ ਬੰਦਿਆਂ ਦੀ ਗਿਣਤੀ ਵੀ ਕਾਫੀ ਬਣਦੀ ਹੈ। ਇਨ੍ਹਾਂ ਪੁਲਿਸ ਵਾਲਿਆਂ ਨੇ ਭਾਵੇਂ ਕਿ ਉਹ ਸਾਡੇ ਹਮਾਇਤੀ ਹੋਣ ਜਾਂ ਨਾ ਹੋਣ ਪਰ ਹਕੂਮਤ ਦੇ ਜਬਰ ਦਾ ਵਿਰੋਧ ਕੀਤਾ ਤੇ ਆਪਣੇ ਜਮੀਰ ਦੀ ਆਵਾਜ ਨੂੰ ਪਾਲਿਆ। ਸਾਨੂੰ ਓਹਨਾਂ ਤੇ ਮਾਣ ਕਰਨਾ ਚਾਹੀਦਾ ਕਿ ਓਹਨਾਂ ਨੇ ਉਦੋਂ ਦੀਨ ਈਮਾਨ ਨੂੰ ਦੁਨੀਆ ਤੋਂ ਪਹਿਲ ਦਿੱਤੀ, ਜਦੋਂ ਜੁਲਮ ਦੀ ਹਨ੍ਹੇਰੀ ਝੁੱਲ ਰਹੀ ਸੀ।

ਇੱਕ ਬਜੁਰਗ ਸਬ ਇੰਸਪੈਕਟਰ ਮੈਨੂੰ ਅੰਮ੍ਰਿਤਸਰ ਤੋਂ ਪੇਸ਼ੀ ਤੇ ਲੈ ਕੇ ਜਾਇਆ ਕਰਦਾ ਸੀ। ਉਸ ਨੇ ਦੱਸਿਆ ਕਿ ਉਹ ਤੋਂ ਜੂਨੀਅਰ ਬੰਦਾ ਐਸਐਸਪੀ ਲੱਗਿਆ ਹੋਇਆ ਹੈ। ਉਹਦੇ ਦੱਸਣ ਮੁਤਾਬਿਕ ਕਾਰਣ ਇਹ ਸੀ ਸੰਘਰਸ਼ ਵੇਲੇ ਜਦੋਂ ਆਈਪੀਐਸ ਅਫਸਰ ਨੇ ਉਹਨੂੰ ਦੋ ਨੌਜਵਾਨਾਂ ਦਾ ਮੁਕਾਬਲਾ ਬਣਾਉਣ ਨੂੰ ਕਿਹਾ ਤਾਂ ਉਹਨੇ ਇਹ ਕਹਿ ਕੇ ਇਨਕਾਰ ਕਰ ਦਿੱਤਾ ਕਿ ਇਹ ਕਾਨੂੰਨ ਦੇ ਵਿਰੁੱਧ ਹੈ। ਜਿੱਥੇ ਅਸਲ ਮੁਕਾਬਲਾ ਹੈ ਉੱਥੇ ਮੈਨੂੰ ਭੇਜ ਦਿਓ। ਉਹਦੇ ਤੋਂ ਛੋਟੇ ਮੁਲਾਜਮ (ਜੋ ਹੁਣ ਐਸਐਸਪੀ ਹੈ) ਨੇ ਉਹ ਅਫਸਰ ਦੇ ਆਖੇ ਝੂਠਾ ਮੁਕਾਬਲਾ ਬਣਾ ਦਿੱਤਾ ਤੇ ਉਹ ਇਸੇ ਤਰ੍ਹਾਂ ਤਰੱਕੀ ਦੀ ਪੌੜੀ ਚੜ੍ਹਦਾ ਗਿਆ। ਉਹਦਾ ਕਹਿਣਾ ਸੀ ਇਕ ਉਹ ਨਾਂਹ ਕਰਨ ਕਰਕੇ ਮੈਂ ਹਾਲੇ ਤਕ ਵੀ ਸਬ ਇੰਸਪੈਕਟਰ ਹੀ ਹਾਂ ਤੇ ਸਦਾ ਲਾਈਨ ਚ ਹੀ ਰਿਹਾ।

ਸਜਾ ਵਜੋਂ ਇਹਨਾਂ ਨੇ ਮੈਨੂੰ ਕਈ ਮੁਕਦਮਿਆਂ ਵਿੱਚ ਵੀ ਉਲਝਾਈ ਰੱਖਿਆ ਹੈ।

ਇਹੋ ਜਿਹੇ ਪੁਲਿਸ ਵਾਲੇ ਵੀ ਕਾਫੀ ਸਨ, ਜਿਨ੍ਹਾਂ ਦਾ ਇਹ ਪੈਂਤੜਾ ਸੀ ਕਿ ਅਸੀਂ ਕਾਨੂੰਨ ਅਨੁਸਾਰ ਸੰਘਰਸ਼ ਵਿਰੁੱਧ ਲੜਾਂਗੇ ਤੇ ਆਪਣੀ ਜਮੀਰ ਨੂੰ ਨਹੀਂ ਵੇਚਾਂਗੇ। ਇਸ ਹਿੱਸੇ ਨੂੰ ਵੀ ਆਪਣੀ ਤਰੱਕੀ ਪੱਖੋਂ ਕਾਫੀ ਨੁਕਸਾਨ ਉਠਾਉਣਾ ਪਿਆ। ਇਹਨਾਂ ਨੂੰ ਏਨਾ ਕੁ ਮਾਣ ਦੇਣਾ ਬਣਦਾ ਹੈ ਕਿ ਓਹਨਾਂ ਸਮਿਆਂ ਵਿੱਚ ਵੀ ਉਹਨਾਂ ਨੇ ਆਪਣੀ ਜਮੀਰ ਦੀ ਆਵਾਜ ਸੁਣੀ।

ਜਦੋਂ ਮੈਂ ਮਾਨਸਾ ਪੁਲਿਸ ਕੋਲ ਸੀ ਤਾਂ ਇਕ ਅਫਸਰ ਨੇ ਮੇਰੀ ਪੁੱਛਗਿੱਛ ਕੀਤੀ। ਉਹਦਾ ਪੁੱਛਗਿੱਛ ਦਾ ਤਰੀਕਾ ਬੜਾ ਸੁਲਝਿਆ ਹੋਇਆ ਸੀ। ਉਸਨੇ ਮੈਨੂੰ ਬਣਦੀ ਇੱਜਤ ਦਿੱਤੀ ਤੇ ਜੋ ਪੁੱਛਣਾ ਸੀ ਉਹ ਪੁੱਛਿਆ ਵੀ। ਮੈਨੂੰ ਬਾਅਦ ਵਿੱਚ ਪਤਾ ਲੱਗਿਆ ਕਿ ਉਸ ਨੇ ਆਪਣੇ ਅਸੂਲਾਂ ਨਾਲ ਕਦੇ ਸਮਝੌਤਾ ਨਹੀਂ ਕੀਤਾ। ਬਠਿੰਡੇ ਇਲਾਕੇ ਦੇ ਨਾਮੀ ਖਾੜਕੂ ਬਲਵਿੰਦਰ ਸਿੰਘ ਬੁਲਟ ਦੇ ਭਰਾ ਅਤੇ ਪਿਓ ਨੂੰ ਜਦੋਂ ਐਸਪੀ ਕਾਹਲੋਂ ਗੋਲੀ ਮਾਰਨ ਲੱਗਿਆ ਤਾਂ ਉਸ ਨੇ ਅੱਗੋਂ ਰਫਲ ਫੜ ਲਈ ਤੇ ਕਿਹਾ ਕਿ ਇਨ੍ਹਾਂ ਦਾ ਕੀ ਕਸੂਰ? ਇਸ ਤਰ੍ਹਾਂ ਓਹਨਾਂ ਤੇ ਆਈ ਮੌਤ ਇੱਕ ਵਾਰ ਟਲ ਗਈ। ਪੁਲਿਸ ਵਾਲਿਆਂ ਵਿੱਚ ਸਿਰਫ ਗੁਰਬਚਨੇ ਬੁੱਚੜ ਵਰਗੇ ਜਾਲਮ ਹੀ ਨਹੀਂ ਸਨ ਸਗੋਂ ਇਹੋ ਜਿਹੇ ਬੰਦੇ ਵੀ ਸਨ ਜਿਨ੍ਹਾਂ ਨੇ ਮਨੁੱਖਤਾ ਦੀ ਲਾਜ ਰੱਖੀ।

ਕਈ ਸਿੰਘਾਂ ਦੀਆਂ ਠਾਹਰਾਂ ਪੁਲਿਸ ਵਾਲਿਆਂ ਦੇ ਪਰਿਵਾਰਾਂ ਕੋਲ ਸੀ ਤੇ ਕਈ ਵਾਰ ਸਾਡੇ ਸਿੰਘ ਪੁਲਿਸ ਲਾਈਨ ਵਿੱਚ ਵੀ ਰਹਿ ਲੈਂਦੇ ਸੀ। ਚਰਨਜੀਤ ਸਿੰਘ, ਗੁਰਜੀਤ ਸਿੰਘ, ਅਵਤਾਰ ਸਿੰਘ, ਚਾਚਾ ਮਥਰਾ ਸਿੰਘ ਤੇ ਹੋਰ ਅਨੇਕਾਂ ਸਿੰਘ ਸਨ, ਜਿਨ੍ਹਾਂ ਬਾਰੇ ਮੈਂ ਭੁੱਲ ਗਿਆ ਹਾਂ। ਇਨ੍ਹਾਂ ਦੀਆਂ ਠਾਹਰਾਂ ਪੁਲਿਸ ਪਰਿਵਾਰਾਂ ਕੋਲ ਸਨ ਤੇ ਉਹ ਸਿਰਫ ਓਹਨਾਂ ਨੂੰ ਹੀ ਪਤਾ ਸੀ। ਗੁਰਜੀਤ ਸਿੰਘ ਇੱਕ ਵਾਰ ਮੈਨੂੰ ਲੁਧਿਆਣੇ ਮਿਲਿਆ ਤੇ ਓਹਨਾਂ ਦਿਨਾਂ ਵਿੱਚ ਆਮ ਤਲਾਸ਼ੀਆਂ ਬਹੁਤ ਚਲਦੀਆਂ ਸਨ। ਸਾਰੇ-ਸਾਰੇ ਇਲਾਕੇ ਘੇਰ ਲਏ ਜਾਂਦੇ ਸੀ। ਠਾਹਰਾਂ ਸੁਰੱਖਿਅਤ ਨਹੀਂ ਸੀ ਰਹੀਆਂ। ਉਸ ਨੇ ਮੈਨੂੰ ਸੱਦਾ ਦਿੱਤਾ ਕਿ ਪੁਲਿਸ ਲਾਈਨ ਵਿੱਚ ਆਪਣਾ ਬਹੁਤ ਚੜ੍ਹਦੀ ਕਲਾ ਵਾਲਾ ਸਿੰਘ ਹੈ। ਸਾਡੀਆਂ ਤਾਂ ਸ਼ਕਲਾਂ ਪੁਲਿਸ ਵਾਲੇ ਜਾਣਦੇ ਹਨ, ਤੁਹਾਨੂੰ ਕੋਈ ਨਹੀਂ ਜਾਣਦਾ, ਤੁਸੀਂ ਔਖੇ ਸਮੇਂ ਉੱਥੇ ਰਹਿ ਸਕਦੇ ਹੋ। ਮੈਂ ਕਿਹਾ ਕਿ ਨਹੀਂ, ਮੇਰੀ ਸੁਰੱਖਿਅਤ ਠਾਹਰ ਹੈ। ਜਿਹੜੇ ਬੰਦੇ ਪੁਲਿਸ ਜਾਂ ਫੌਜ ਵਿੱਚ ਸਨ ਤੇ ਪਿੱਛੋਂ ਪਿੰਡਾਂ ਤੋਂ ਸਨ ਓਹਨਾਂ ਦੇ ਘਰ ਬਾਰ ਤੇ ਰਿਸ਼ਤੇਦਾਰਾਂ ਕੋਲ ਖਾੜਕੂਆਂ ਦਾ ਆਉਣਾ ਜਾਣਾ ਤੇ ਠਾਹਰਾਂ ਆਮ ਗੱਲ ਸੀ। ਉਸ ਵਕਤ ਪਿੰਡਾਂ ਵਿੱਚ ਖਾੜਕੂਆਂ ਦਾ ਕੋਈ ਵਿਰੋਧ ਨਹੀਂ ਸੀ ਕਰਦਾ। ਜਿਆਦਾਤਰ ਪੁਲਿਸ ਵਾਲੇ ਤੇ ਫੌਜੀ ਪਿੰਡਾਂ ਤੋਂ ਹੀ ਸਨ, ਓਹਨਾਂ ਨੇ ਵੀ ਕਦੇ ਵਿਰੋਧ ਨਹੀਂ ਕੀਤਾ। ਓਹਨਾਂ ਦੇ ਘਰ ਹੁੰਦਿਆਂ ਵੀ ਸਿੰਘ ਆ ਜਾਂਦੇ ਸੀ।

ਸਾਡੇ ਕਿਸੇ ਨੇ ਇਹ ਗੱਲ ਸਰਕਾਰ ਨਾਲ ਸਾਂਝੀ ਨਹੀਂ ਕੀਤੀ। ਉਹਨਾਂ ਨੇ ਐਸੇ ਵੱਡੇ ਜਿਹੜੇ ਪੁਲਿਸ ਦੇ ਕਿਸੇ ਨੇ ਵੀ ਸਰਕਾਰ ਨੂੰ ਸੂਹ ਨਹੀਂ ਦਿੱਤੀ ਤੇ ਨਾ ਹੀ ਵਿਰੋਧ ਕੀਤਾ। ਇਹ ਉਹਨਾਂ ਸੱਜਣਾਂ ਦੀ ਆਮ ਗੱਲ ਸੀ।

ਪੁਲਿਸ ਫੋਰਸ ਦਾ ਢਾਂਚਾ ਇਹੋ ਜਿਹਾ ਹੋਇਆ ਸੀ, ਜਿਹੜਾ ਸਰਕਾਰ ਦੇ ਪੱਖ ਵਿਚ ਸੀ ਕੁਰਬਾਨੀ ਕਰ ਦਿੰਦਾ ਸੀ ਅਤੇ ਲੋਕ ਨਾਲ ਗੱਦਾਰੀ ਕਰ ਦਿੰਦਾ ਸੀ ਅਤੇ ਉਹਨਾਂ ਵਿਚੋਂ ਸਹੀਦਾਂ ਨੂੰ ਸਜ਼ਾ ਵੀ ਮਿਲੀ ਤੇ ਉਹਨਾਂ ਦੀਆਂ ਮੌਤਾਂ ਨੂੰ ਆਧਾਰ ਬਣਾ ਕੇ ਸਰਕਾਰ ਨੇ ਸਾਰੀ ਪੁਲਿਸ ਨੂੰ ਸਾਡੇ ਖ਼ਿਲਾਫ਼ ਕਰਨ, ਸਾਡੀ ਗ਼ਲਤ ਪੇਸ਼ ਕਰਾਇਆ। ਅਸੀਂ ਹਾਲਾਤ ਮੈਦਾਨ ਦੇ ਅੰਦਰ ਵਿਚ ਪੁਲਿਸ ਅਫ਼ਸਰਾਂ ਦੇ ਹਮਲੇ ਹੋਏ, ਕਿ ਇਹ ਹਾਲਾਤਾਂ ਦੇ ਇੱਕ ਦਿਨ ਬਣੇ, ਜਿਨਾਂ ਬਾਅਦ ਪੈਂਦਾ ਸੀ ਉਹ ਵੀ ਕੁਝ ਨਾਂ ਸਾਡੀ ਪੁਲਿਸ ਦੇ ਸੀਨੀਅਰ ਅਫ਼ਸਰਾਂ ਦਾ ਇਹ ਰੋਲ ਹੋਇਆ ਹਾਲਾਤਾਂ ਖ਼ਿਲਾਫ਼ ਸਰਕਾਰ ਨੇ ਕਿਹਾ ਕਰ ਉਸ ਫ਼ੌਜੀ ਦੀ ਸਮਝ ਬਾਰੇ ਕਿ ਇਹ ਆਜ਼ਾਦੀ ਵਿਚ ਸਭ ਦਾ ਹੀ ਨੁਕਸਾਨ, ਹੈ ਤੇ ਇਸ ਨਾਲ ਇਕ ਉਸ ਦੀ ਆਪਣੀ ਪੀੜ੍ਹੀਆਂ ਬਾਕੀ ਵੀ ਤੇ ਹੀ ਆ ਜਾਣ।

ਇਹ ਗੱਲ, ਅਪ੍ਰੈਲ ਦੀ ਗੱਲ ਹੈ ਉਦੋਂ ਦਿੱਲੀ ਵਾਲੇ, ਕੰਮ ਨੇ ਬਣਦੇ ਸਨ, ਤੇ ਪੁਲਿਸ ਨੂੰ ਸਾਡੀ ਬੜੀ ਭਾਲ ਸੀ। ਉਹਨਾਂ ਦਿਨਾਂ ਵਿਚ ਜਿਨ੍ਹਾਂ ਦਾ ਇਨਾਮ ਰੱਖਿਆ ਹੋਇਆ ਸੀ। ਪੰਜਾਬ ਵਿਚ ਕੰਮ ਕਰਨ, ਸਾਡੀ ਪਾਰਟੀ ਆਪਣੀ ਸ਼ਿਨਾਖ਼ਤ ਵੀ ਨਾ ਹੋਣ ਦੇ ਸਕਦੇ ਸੀ। ਜਿਸ ਕਰਕੇ ਪੰਜਾਬ ਪੁਲਿਸ ਕੋਲ ਇਹ ਗੱਲ ਆ ਗਈ ਕਿ ਅਸੀਂ ਦਿੱਲੀ ਤੋਂ ਨਵੀਂ ਆਪਣੀ ਸੈਨਾ ਦੀ ਭਰਤੀ ਕਰ ਰਹੇ ਹਾਂ, ਤੇ ਆ ਰਹੇ ਹਾਂ ਤੇ ਪੰਜਾਬ ਵਿਚ ਕੋਈ ਵੱਡਾ ਕੰਮ ਕਰਨਾ ਹੈ। ਸਾਡੀ ਗੱਡੀ ਦਾ ਨੰਬਰ ਵੀ ਉਹਨਾਂ ਕੋਲ ਪਹੁੰਚ ਗਿਆ। ਜਿਸ ਦਿਨ, ਅਸੀਂ ਉਸ ਗੱਡੀ 'ਤੇ ਚੰਡੀਗੜ੍ਹ ਜਾਣਾ ਸੀ, ਉਸ ਤੋਂ ਇਕ ਦਿਨ ਪਹਿਲਾਂ ਬਾਬਾ ਮਹਲਾ ਸਿੰਘ ਦਾ ਅੰਮ੍ਰਿਤਸਰ ਵਿਚ ਕੋਈ ਪ੍ਰੋਗਰਾਮ ਸੀ ਜਿਸ ਬਾਰੇ ਪੁਲਿਸ ਨੂੰ ਪਤਾ ਸੀ। ਉਸ ਟਾਈਮ ਉਤੇ ਇਕ ਅਖ਼ਬਾਰ ਵਾਲੇ ਨੇ ਆ ਕੇ ਕਿਹਾ ਜਿਹਨਾਂ ਬੰਦਿਆਂ ਨੇ ਐਸ ਐਸ ਪੀ ਤੇ ਨੰਬਰ ਵਾਲੀ ਗੱਡੀ ਵਿਚ ਕੋਈ ਹਮਲਾ ਕਰਨਾ ਹੈ ਤੇ ਪੁਲਿਸ ਨੂੰ ਪਤਾ ਲੱਗ ਗਿਆ ਹੈ। ਪੰਜਾਬ ਪੁਲਿਸ ਵਾਲੇ ਤੇ ਖੁਫ਼ੀਆ ਏਜੰਸੀਆਂ ਵਾਲੇ ਜਿਹਨਾਂ ਨੂੰ ਚੰਡੀਗੜ੍ਹ ਵਿਚ ਉਡੀਕ ਰਹੇ ਹਨ। ਉਸ ਪ੍ਰੋਗਰਾਮ ਨੇ ਬਾਬੇ ਨੂੰ ਅੰਮ੍ਰਿਤਸਰ ਵਿਚ ਗ੍ਰਿਫ਼ਤਾਰ ਕਰ ਦਿੱਤੀ ਤੇ ਬਾਬਾ ਅਗਲੇ ਦਿਨ ਸਾਡੇ ਕੋਲ ਲੁਧਿਆਣੇ ਆ ਗਿਆ। ਅਸੀਂ ਅਗਲੇ ਦੁਪਹਿਰ ਤੋਂ ਬਾਅਦ ਉਸ ਗੱਡੀ ਵਿਚ ਹੀ ਚੰਡੀਗੜ੍ਹ ਨੂੰ ਤੁਰਨਾ ਸੀ। ਉਸ ਦਿਨ ਚੰਡੀਗੜ੍ਹ ਜਾਣ ਵਾਲੀਆਂ ਸਾਰੀਆਂ ਆਪਣੀ ਕਿਸਮ ਦੀਆਂ ਗੱਡੀਆਂ ਨੂੰ ਰੋਕਿਆ ਗਿਆ ਤੇ ਉਹਨਾਂ ਬੰਦਿਆਂ ਨੂੰ ਫੜ ਲਿਆ ਗਿਆ। ਉਸ ਦਿਨ ਸੁਖਦੇਵ ਸਿੰਘ ਸੁੱਖਾ, ਹਰਜਿੰਦਰ ਸਿੰਘ ਜਿੰਦਾ, ਬਾਬਾ ਮਹਲਾ ਸਿੰਘ ਤੇ ਮੈਂ ਅਸੀਂ ਚਾਰਾਂ ਨੇ ਚੰਡੀਗੜ੍ਹ ਜਾਣਾ ਸੀ ਕਿਉਂਕਿ ਨੇ ਸਾਨੂੰ ਜਨਰਲ ਵੈਦਿਆ ਬਾਰੇ ਜਾਣਕਾਰੀ ਦੇਣੀ ਸੀ। ਕਿਸੇ ਬੰਦੇ ਨੇ ਜਿਸ ਨੂੰ ਅਸੀਂ ਜਾਣਦੇ

ਵੀ ਨਹੀਂ ਸੀ ਪਰ ਉਹ ਸਰਕਾਰ ਦੇ ਹੱਥ ਚੜ੍ਹ ਜਾਣੇ ਉਹ ਹੋਣਾ। ਉਹਨਾਂ ਅਫ਼ਸਰਾਂ ਵਿਚੋਂ ਹੀ ਜਾਣਕਾਰੀ ਨਾਲ ਲੈਣ ਮੁਖ਼ਬਰਾਂ ਰਾਹੀਂ ਨਾਲ ਆਪਣ ਬੰਦਿਆਂ ਤੇ ਅਸੀਂ ਉਹ ਕਾਰ ਵਿਚ ਬੈਠਣ ਤੇ ਰਹ ਗਏ।

ਇੱਕ ਵਾਰ ਮੈਂ ਜਦੋਂ ਧਰਮਯੁੱਧ, ਖਿਡਾਰੀਆਂ, ਦੂਜੇ ਵਾਲੇ ਸਿੰਘਾਂ ਨੂੰ ਮਜਾਰਾਨ੍ਹੇ ਦੇ ਇਲਾਕੇ ਵਿੱਚ ਮਿਲਣ ਗਿਆ ਤਾਂ ਅਵਤਾਰ ਸਿੰਘ ਬ੍ਰਹਮਾ ਨੇ ਦੱਸਿਆ ਕਿ ਇੱਕ ਵਾਰੀ ਪੈਂਤੀਆਂ ਅਤੇ ਮਾਝੀਆਂ ਨਾਲ ਸਾਡਾ ਅੰਡਰਸਟੈਂਡਿੰਗ ਮਨੋਰਥ ਹੈ ਕਿ ਇਕ ਦੂਜੇ ਦਾ ਨੁਕਸਾਨ ਨਹੀਂ ਕਰਨਾ ਸਗੋਂ ਮਦਦ ਕਰਨਾ ਹੈ। ਇਹਨਾਂ ਸਮਝੌਤਿਆਂ ਵਿਚ ਇਹ ਵੀ ਸ਼ਾਮਲ ਸੀ ਕਿ ਮੁਖ਼ਬਰ ਕਤਲ ਨਹੀਂ ਕਰਨਾ ਅਤੇ ਦਾਨਵਾਂ ਵਾਲਿਆਂ ਨੂੰ ਤੰਗ ਪਰੇਸ਼ਾਨ ਨਹੀਂ ਕਰਨਾ। ਇਸੇ ਤਰ੍ਹਾਂ ਵਿਚ ਸਿੰਘ ਵੀ ਉਹਨਾਂ ਉੱਤੇ ਹਮਲਾ ਨਹੀਂ ਕਰਦੇ ਅਤੇ ਉਹਨਾਂ ਦੇ ਇਲਾਕੇ ਵਿਚ ਵਾਰਦਾਤ ਨਹੀਂ ਕਰਦੇ।

ਇਕ ਵਾਰ ਜਦੋਂ ਮਜਾਰਾਂ ਇਲਾਕੇ ਵਿਚ ਇਕ ਜਾਸੂਸ ਮਾਰਨਾ ਸੀ ਤਾਂ ਉਥੇ ਦੀ ਪੈਂਤੀ ਵਾਲਿਆਂ ਨੂੰ ਪੁੱਛਿਆ ਗਿਆ ਸੀ ਕਿ ਇਹਨੂੰ ਮਾਰਨਾ ਹੈ। ਉਹਨਾਂ ਨੇ ਵੀ ਕਿਹਾ ਕਿ ਠੀਕ ਹੈ ਪਰ ਇਲਾਕੇ ਨੂੰ ਨਾ ਮਾਰਿਓ। ਇਸੇ ਤਰ੍ਹਾਂ ਮੈਂ ਪੱਟੀ ਦੇ ਇਲਾਕੇ ਵਿਚ ਜਦ ਸਿੰਘਾਂ ਦੀਆਂ ਕੁਝ ਬੈਠਕਾਂ ਵਿਚ ਗਿਆ ਤਾਂ ਉਥੇ ਵੀ ਇਹੋ ਕਿਹਾ ਪਰਤੱਖ ਵੇਖਿਆ ਸੀ। ਉਥੇ ਸੀਆਰਪੀਐਫ ਦੇ ਵੱਡੇ ਅਫ਼ਸਰ ਨੇ ਕਿਸੇ ਖ਼ਾਸ ਬੰਦੇ ਰਾਹੀਂ ਜਨਰਲ ਲਾਭ ਸਿੰਘ ਨੂੰ ਸੁਨੇਹਾ ਭੇਜਿਆ ਸੀ ਕਿ ਅਸੀਂ ਸਿਰਫ਼ ਨੌਕਰੀ ਕਰਕੇ ਹੁਕਮ ਵਜਾਉਣਾ ਹੈ ਤੁਸੀਂ ਆਪਣੇ ਤਰੀਕੇ ਨਾਲ ਜੋ ਮਰਜ਼ੀ ਕਰੋ ਪਰ ਸਾਡੀ ਪਹਿਰੇਦਾਰੀ ਵਾਲੇ ਥਾਂਈਂ ਵਾਰਦਾਤ ਨਾ ਕਰਿਓ। ਅਸੀਂ ਤੁਹਾਡਾ ਨੁਕਸਾਨ ਨਹੀਂ ਕਰਦੇ ਤੁਸੀਂ ਸਾਡਾ ਨੁਕਸਾਨ ਨਾ ਕਰਿਓ।

੧੯੯੨ ਦੇ ਅਖੀਰ ਵਿੱਚ ਜਦੋਂ ਹਾਲੇ ਚਾਰ ਜਥੇਬੰਦੀਆ ਨੇ ਪੰਥਕ ਕਮੇਟੀ ਨੂੰ ਮੁੜ ਸੁਰਜੀਤ ਕੀਤਾ ਸੀ। ਉਦੋਂ ਮੈਂ ਚਾਰ ਪੰਜ ਦਿਨ ਅੰਮ੍ਰਿਤਸਰ ਦੇ ਪੇਂਡੂ ਇਲਾਕੇ ਵਿੱਚ ਕੰਵਰਜੀਤ ਸਿੰਘ ਸੁਲਤਾਨਵਿੰਡ ਹੋਰਾਂ ਨਾਲ ਰਿਹਾ। ਮੈਨੂੰ ਪਿੰਡਾਂ ਦੇ ਨਾਂ ਤਾਂ ਨਹੀਂ ਪਤਾ ਪਰ ਅਸੀਂ ਖਡੂਰ ਸਾਹਿਬ, ਰਈਆ, ਜੰਡਿਆਲਾ ਗੁਰੂ ਦੇ ਇਲਾਕੇ ਦੇ ਪਿੰਡਾਂ ਵਿੱਚ ਰਹੇ। ਮੈਂ ਜਿਆਦਾਤਰ ਸ਼ਹਿਰਾਂ ਵਿੱਚ ਹੀ ਰਿਹਾ ਸੀ ਤੇ ਮੈਨੂੰ ਭਾਊ ਹੁਰਾਂ ਨੇ ਕਈ ਵਾਰ ਕਿਹਾ ਸੀ ਕਿ ਪਿੰਡਾਂ ਵਿਚ ਆ ਕੇ ਅਸਲ ਹਾਲਾਤ ਦੇਖੋ। ਓਹਨਾਂ ਦਿਨਾਂ ਚ ਹੀ ਓਹਨਾਂ ਨੇ ਆਪਣੀ ਜਥੇਬੰਦੀ ਦੇ ਕਈ ਸਿੰਘਾਂ ਨਾਲ ਛੋਟੀਆਂ-ਛੋਟੀਆਂ ਬੈਠਕਾਂ ਰੱਖੀਆਂ ਸਨ। ਜਿਨ੍ਹਾਂ ਵਿੱਚੋਂ ਕੁਝ ਕੁ ਵਿਚ ਮੈਂ ਸ਼ਾਮਲ ਹੋਇਆ। ਚਾਰ ਪੰਜ ਦਿਨਾਂ ਵਿਚ ਓਹਨਾਂ ਨੂੰ ਸੁਰਿੰਦਰ ਸਿੰਘ ਛਿੰਦਾ ਸਹਿਬਾਜਪੁਰ, ਸੁਰਿੰਦਰਜੀਤ ਸਿੰਘ ਮੱਲੇਵਾਲ ਤੇ ਗੁਰਦੀਪ ਸਿੰਘ ਦੀਪਾ (ਹੇਰਾਂ) ਹੋਰੀਂ ਮਿਲੇ। ਇਕ ਪਿੰਡ ਵਿਚ ਉਹਨਾਂ ਨੂੰ

ਕੰਮੋਕੇ ਜਥੇ ਦੇ ਸਿੰਘ ਮਿਲੇ। ਇਕ ਥਾਂ ਸੁਖਜਿੰਦਰ ਸਿੰਘ ਬਰਾੜ ਦੇ ਜਥੇ ਦੇ ਸਿੰਘਾਂ ਨੂੰ ਮਿਲੇ ਅਤੇ ਫਿਰ ਆਪਣੀ ਜਥੇਬੰਦੀ ਦੇ ਹਰਮਿੰਦਰ ਸਿੰਘ, ਨਿਰਮਲ ਸਿੰਘ ਮੀਆਂਵਿੰਡ ਤੇ ਹੋਰ ਕਈ ਸਿੰਘ ਜਿਨ੍ਹਾਂ ਦੇ ਹੁਣ ਮੈਂ ਨਾਂ ਭੁੱਲ ਗਿਆ, ਓਹਨਾਂ ਨੂੰ ਮਿਲੇ। ਮੈਂ ਤਿੰਨ ਪਿੰਡਾਂ ਵਿਚ ਰਾਤਾਂ ਕੱਟੀਆਂ ਤੇ ਦੋ ਹੋਰ ਪਿੰਡਾਂ ਤੇ ਰਈਆ ਕਸਬੇ ਵਿੱਚ ਸਿੰਘਾਂ ਨੂੰ ਮਿਲਣ ਗਿਆ। ਪਿੰਡਾਂ ਵਿਚ ਮਾਹੌਲ ਸਿੰਘਾਂ ਦੇ ਹੱਕ ਦਾ ਸੀ ਤੇ ਸਿੰਘਾਂ ਦਾ ਬੜਾ ਸਤਿਕਾਰ ਤੇ ਅਦਬ ਸੀ।

ਇੱਕ ਪਿੰਡ ਅਸੀਂ ਜਿਹੜੇ ਘਰ ਵਿਚ ਠਹਿਰੇ ਹੋਏ ਸੀ, ਓਹਨਾਂ ਦਾ ਮੁੰਡਾ ਵੀ ਪੁਲਿਸ ਵਿਚ ਸੀ ਤੇ ਉਹ ਆਇਆ ਵੀ ਹੋਇਆ ਸੀ। ਅਗਲੇ ਦਿਨ ਉਹਦਾ ਦੋਸਤ ਵੀ ਆ ਗਿਆ। ਓਹਨਾਂ ਨੂੰ ਮੇਰੀ ਪਹਿਚਾਣ ਦਾ ਪਤਾ ਨਹੀਂ ਸੀ। ਕੰਵਰਜੀਤ ਸਿੰਘ ਨੂੰ ਸਾਰੇ ਪਿੰਡ ਦੇ ਮੋਹਤਬਰ ਬੰਦੇ ਰਾਤ ਨੂੰ ਮਿਲਣ ਆਏ ਤੇ ਆਪਣੀਆਂ ਮਨ ਦੀਆਂ ਗੱਲਾਂ ਤੇ ਹੋਰ ਮਸਲਿਆਂ ਬਾਰੇ ਗੱਲ ਕੀਤੀ। ਉਹ ਪਿੰਡ ਕਾਫੀ ਵੱਡਾ ਸੀ ਤੇ ਉਸ ਪਿੰਡ ਵਿੱਚੋਂ ਹੋਰ ਵੀ ਕਈ ਬੰਦੇ ਪੁਲਿਸ ਹੋਮਗਾਰਡ ਤੇ ਫੌਜ ਵਿੱਚ ਸਨ। ਓਹਨਾਂ ਸਾਰਿਆਂ ਨੂੰ ਸਿੰਘਾਂ ਬਾਰੇ ਪਤਾ ਸੀ ਤੇ ਸਾਰਿਆਂ ਦੀ ਇੱਕੋ ਹੀ ਸਹਿਮਤੀ ਸੀ। ਗੱਲ ਚੱਲ ਪਈ ਕਿ ਕਹਿੰਦੇ ਹਨ ਕਿ ਪੁਲਿਸ ਵਾਲਿਆਂ ਤੇ ਵਿਸ਼ਵਾਸ ਨਹੀਂ ਕੀਤਾ ਜਾ ਸਕਦਾ ਤਾਂ ਭਾਊ ਨਿਰਮਲ ਸਿੰਘ ਹੋਰਾਂ ਨੇ ਆਖਿਆ ਕਿ ਅਸੀਂ ਤਾਂ ਇੱਥੇ ਇੱਕ ਪਰਿਵਾਰ ਵਾਂਗ ਹੀ ਰਹਿੰਦੇ ਹਾਂ। ਇਹ ਪਰਿਵਾਰ ਹੀ ਸਾਡੇ ਅੱਖਾਂ ਤੇ ਕੰਨ ਹਨ। ਇਹ ਸਾਰੇ ਆਪਣੀ ਨੌਕਰੀ ਕਰਦੇ ਹਨ ਪਰ ਪੰਥ ਪ੍ਰਤੀ ਵੀ ਵਫਾਦਾਰ ਹਨ। ਜੇ ਸਾਡੀ ਮਦਦ ਨਹੀਂ ਕਰਦੇ ਤਾਂ ਸਾਡਾ ਵਿਰੋਧ ਵੀ ਨਹੀਂ ਕਰਦੇ। ਉਹ ਪੁਲਿਸ ਵਾਲਾ ਨੌਜਵਾਨ ਬੋਲਿਆ ਕਿ ਸਾਡੇ ਚਾਰ ਪਿੰਡਾਂ ਵਿੱਚ ਜਿੰਨੇ ਵੀ ਮੁਲਾਜਮ ਹਨ, ਓਹਨਾਂ ਵਿੱਚੋਂ ਸਿਰਫ ਇੱਕ ਤੇ ਸਾਨੂੰ ਸ਼ੱਕ ਹੈ ਤੇ ਇਹ ਉਸ ਨੂੰ ਵੀ ਪਤਾ ਹੈ। ਇਸ ਕਰਕੇ ਉਹ ਵੀ ਕੋਈ ਖਰਾਬੀ ਨਹੀਂ ਕਰ ਸਕਦਾ। ਸਾਡੇ ਬੰਦੇ ਤਾਂ ਐਸਪੀਓ ਜਾਂ ਹੋਮਗਾਰਡ ਭਰਤੀ ਹੋਣ ਲਈ ਵੀ ਪਹਿਲਾਂ ਸਿੰਘਾਂ ਤੋਂ ਮਨਜ਼ੂਰੀ ਲੈ ਕੇ ਹੀ ਭਰਤੀ ਹੋਏ ਸੀ। ਇਹ ਗੱਲ ਰਿਬੈਰੋ ਨੇ ਵੀ ਮੰਨੀ ਸੀ ਕਿ ਇਸ ਕਰਕੇ ਉਹਦੀ ਇਹ ਵਿਉਂਤ ਸਫਲ ਨਹੀਂ ਹੋਈ ਸੀ।

ਇਕ ਹੋਰ ਪਿੰਡ ਵਿੱਚ ਰਾਤ ਕੱਟੀ ਤਾਂ ਉਥੇ ਓਹਨਾਂ ਦੇ ਸ਼ਰੀਕੇ ਵਿੱਚ ਵਿਆਹ ਸੀ। ਭਾਊ ਹੁਰੀਂ ਰਾਤ ਨੂੰ ਕੁੜੀ ਨੂੰ ਸ਼ਗਨ ਦੇਣ ਗਏ ਤਾਂ ਉਥੇ ਕਈ ਮੁਲਾਜਮਾਂ ਦੇ ਪਰਿਵਾਰ ਸੀ। ਉਹ ਬੜੀ ਖੁਸ਼ੀ ਨਾਲ ਓਹਨਾਂ ਨੂੰ ਮਿਲੇ ਤੇ ਸਾਡਾ ਕਮਰਾ ਲੱਡੂ ਜਲੇਬੀਆਂ ਨਾਲ ਭਰ ਦਿੱਤਾ। ਨਾਲ ਦੇ ਪਿੰਡ ਵਿਚ ਸੀਆਰਪੀਐਫ ਜਾਂ ਬੀਐਸਐਫ ਦੇ ਡੀਆਈਜੀ ਦਾ ਘਰ ਸੀ। ਉਹਦਾ ਭਰਾ ਤੇ ਮਾਂ ਬਾਪ ਪਿੱਛੇ ਖੇਤੀ ਕਰਦੇ ਸੀ ਤੇ ਸਿੰਘਾਂ ਦਾ ਉਹਨਾਂ ਦੇ ਘਰ ਆਉਣ ਜਾਣ ਸੀ। ਅਗਲੇ ਦਿਨ ਅਸੀਂ ਰਈਏ, ਖਾਲਸਤਾਨ ਕਮਾਂਡੋ ਫੋਰਸ ਦੇ ਸਿੰਘਾਂ ਨੂੰ ਮਿਲਣ ਗਏ ਤੇ ਸਾਰਾ ਦਿਨ ਉੱਥੇ ਹੀ ਲੱਗ

ਗਿਆ। ਉਥੇ ਸਿੰਘਾਂ ਨੇ ਦੱਸਿਆ ਕਿ ਫੌਜ ਵਾਲੇ ਤਾਂ ਆਮ ਹੀ ਛੁੱਟੀ ਦਾ ਜਿਆਦਾ ਹਿੱਸਾ ਸਾਡੇ ਨਾਲ ਹੀ ਬਿਤਾਉਂਦੇ ਹਨ। ਫਿਰ ਨਿਰਮਲ ਸਿੰਘ ਹੋਰਾਂ ਨੇ ਇਕ ਛੁੱਟੀ ਆਏ ਫੌਜੀ ਬਾਰੇ ਦੱਸਿਆ ਕਿ ਉਹ ਵਾਪਸ ਨਹੀਂ ਸੀ ਜਾ ਰਿਹਾ ਤਾਂ ਅਸੀਂ ਉਸ ਨੂੰ ਫੜ ਕੇ ਸਮਾਨ ਬੰਨ੍ਹ ਕੇ ਗੱਡੀ ਬਿਠਾ ਕੇ ਆਏ ਹਾਂ। ਉਹ ਸਿੰਘਾਂ ਨਾਲ ਹੀ ਰਹਿਣਾ ਚਾਹੁੰਦਾ ਸੀ। ਰਈਏ ਸਾਡੇ ਜਾਣਕਾਰ ਦਾ ਇੱਕ ਦੋਸਤ ਆ ਗਿਆ। ਜਿਹੜਾ ਕਹਿੰਦਾ ਸੀ ਕਿ ਮੈਂ ਸਿੰਘਾਂ ਦੇ ਦਰਸ਼ਨ ਕਰਨੇ ਹਨ ਉਹ ਫੌਜ ਵਿੱਚ ਕਰਨਲ ਸੀ। ਮਧਰੇ ਕੱਦ ਦਾ ਤੇ ਫੌਜੀਆਂ ਵਾਂਗ ਦਾੜ੍ਹੀ ਚਾੜ੍ਹੀ ਹੋਈ ਸੀ ਤੇ ਬੜਾ ਤੋਲ ਕੇ ਗੱਲਾਂ ਕਰਦਾ ਸੀ। ਉਹਦੀ ਇੱਛਾ ਸਿਰਫ ਸਿੰਘਾਂ ਦੇ ਦਰਸ਼ਨ ਕਰਨ ਦੀ ਸੀ। ਉਹ ਗੱਲਾਂ ਸੁਣਾਉਣ ਲੱਗ ਗਿਆ ਕਿ ਉਹ ਸ੍ਰੀਲੰਕਾ ਤੋਂ ਡਿਊਟੀ ਤੋਂ ਆਇਆ ਹੈ ਤੇ ਉੱਥੇ ਫੌਜ ਦਾ ਬਹੁਤ ਨੁਕਸਾਨ ਹੋਇਆ। ਸਿਆਸਤਦਾਨਾਂ ਦੀਆਂ ਗਲਤੀਆਂ ਨੂੰ ਠੀਕ ਕਰਨ ਲਈ ਫੌਜ ਨੂੰ ਭੇਜ ਦਿੱਤਾ ਗਿਆ। ਤਾਮਿਲਾਂ ਨੂੰ ਪਹਿਲਾਂ ਆਪ ਹੀ ਸਿਖਲਾਈ ਦਿੱਤੀ ਤੇ ਫਿਰ ਆਪ ਹੀ ਚੜ੍ਹਾਈ ਕਰ ਦਿੱਤੀ।

ਉਸ ਕਰਨਲ ਨੇ ਦੱਸਿਆ ਕਿ ਮੈਂ ਆਪਣੇ ਜਵਾਨਾਂ ਦਾ ਕੋਈ ਨੁਕਸਾਨ ਨਹੀਂ ਹੋਣ ਦਿੱਤਾ। ਅਸੀਂ ਲਿੱਟੇ ਵਾਲਿਆਂ ਨਾਲ ਸਮਝਦਾਰੀ ਬਣਾ ਲਈ ਕਿ ਕਿਸੇ ਨੇ ਕਿਸੇ ਦਾ ਨੁਕਸਾਨ ਨਹੀਂ ਕਰਨਾ ਕਿਉਂਕਿ ਉਹ ਵੀ ਇਹੋ ਹੀ ਚਾਹੁੰਦੇ ਸਨ। ਫਿਰ ਉਸ ਨੇ ਸਿਆਸਤਦਾਨਾਂ ਬਾਰੇ ਮਾੜਾ ਬੋਲਿਆ ਤੇ ਸਾਨੂੰ ਸਲਾਹ ਦਿੱਤੀ ਕਿ ਆਪਣਾ ਮਸਲਾ ਰਾਜਨੀਤੀ ਨਾਲ ਹੱਲ ਕਰੋ ਤੇ ਫੌਜ ਤੇ ਹਮਲਾ ਨਾ ਕਰਿਓ। ਉਸ ਵਕਤ ਪੁਲਿਸ, ਅਰਧ ਸੈਨਿਕ ਬਲ ਜਾਂ ਫੌਜ ਵਿੱਚ ਜਿੰਨੇ ਵੀ ਸਿੱਖ ਸਨ ਓਹਨਾਂ ਵਿੱਚੋਂ ਬਹੁਤ ਵੱਡਾ ਹਿੱਸਾ ਸਾਡੇ ਹੱਕ ਦਾ ਸੀ ਜਾਂ ਬੇਲਾਗ ਸੀ। ਹਕੂਮਤ ਨੇ ਹੌਲੀ-ਹੌਲੀ ਤੇ ਬਹੁਤ ਤਰੱਦਦ ਕਰ ਕੇ ਸਿੰਘਾਂ ਤੇ ਮੁਲਾਜਮਾਂ ਵਿੱਚ ਪਾੜਾ ਵਧਾਇਆ। ੧੯੯੨-੧੯੯੩ ਵਿੱਚ ਇਹ ਪਾੜਾ ਸਭ ਤੋਂ ਜਿਆਦਾ ਸੀ ਪਰ ਉਸ ਵਕਤ ਵੀ ਸਮੁੱਚੇ ਤੌਰ ਤੇ ਮੁਲਾਜਮ ਸਾਡੇ ਵਿਰੋਧ ਵਿੱਚ ਨਹੀਂ ਸਨ।

ਇਹ ਸੱਚ ਹੈ ਕਿ ਸਿੰਘਾਂ ਤੇ ਸਭ ਤੋਂ ਜਿਆਦਾ ਤਸ਼ੱਦਦ ਪੁਲਿਸ ਵਾਲਿਆਂ ਨੇ ਹੀ ਕੀਤਾ ਪਰ ਇਹ ਤਸ਼ੱਦਦ ਕਰਨ ਵਾਲੇ ਹਰ ਜਿਲ੍ਹੇ ਵਿਚ ਕੁਝ ਕੁ ਹੀ ਅਫਸਰ ਤੇ ਓਹਨਾਂ ਵੱਲੋਂ ਬਣਾਈਆਂ ਖਾਸ ਟੋਲੀਆਂ ਸਨ। ਸਾਰੇ ਸੀਆਈਏ ਸਟਾਫ ਤੇ ਪੁੱਛ ਗਿੱਛ ਕੇਂਦਰਾਂ ਵਿਚ ਇਨ੍ਹਾਂ ਦੀ ਗਿਣਤੀ ਜਿਆਦਾ ਸੀ। ਇਸ ਦੇ ਬਾਵਜੂਦ ਵੀ ਹਰ ਕੋਈ, ਜਿਸਦਾ ਇਨ੍ਹਾਂ ਤਸੀਹੇਖਾਨਿਆਂ ਨਾਲ ਵਾਹ ਪਿਆ ਹੈ, ਉਹ ਜਾਣਦਾ ਹੈ ਕਿ ਜੇ ਉਥੇ ਤਸ਼ੱਦਦ ਕਰਨ ਵਾਲਿਆਂ ਦੀ ਚੜ੍ਹਤ ਸੀ ਤਾਂ ਹਰ ਥਾਂ ਮੱਲ੍ਹਮ ਲਾਉਣ ਵਾਲੇ, ਚਾਹ ਪਾਣੀ ਪੁੱਛਣ ਵਾਲੇ, ਦਿਲਾਸਾ ਦੇਣ ਵਾਲੇ, ਪਿੱਛੇ ਸੁਨੇਹਾ ਭੇਜਣ ਵਾਲੇ ਅਤੇ ਬਚਾਉਣ ਵਾਲੇ ਵੀ ਕਈ ਮੁਲਾਜਮ ਹੀ ਸਨ। ਤਸ਼ੱਦਦ ਕੇਂਦਰਾਂ ਤੇ ਫੜੇ ਹੋਏ

ਖਾੜਕੂਆਂ ਨੂੰ ਕੈਦ ਵਿੱਚ ਰੱਖਣ ਲਈ ਪੁਲਿਸ ਅਫਸਰਾਂ ਨੇ ਆਪਣੇ ਪੱਕੇ ਬੰਦੇ ਹੀ ਲਾਏ ਹੋਏ ਸਨ। ਇਨ੍ਹਾਂ ਸਾਰੇ ਕੇਂਦਰਾਂ ਵਿਚੋਂ ਐਨੇ ਲੋਕ ਬਚ ਗਏ ਜਾਂ ਨਿਕਲ ਗਏ, ਇਸ ਦਾ ਮਤਲਬ ਹੈ ਕਿ ਉਹਨਾਂ ਕੋਲ ਐਨੇ ਵੀ ਇਹੋ ਜਿਹੇ ਬੰਦੇ ਨਹੀਂ ਸੀ, ਜਿਹੜੇ ਬਿਲਕੁਲ ਓਹਨਾਂ ਦੇ ਵਫਾਦਾਰ ਹੁੰਦੇ। ਪੁਲਿਸ ਦੇ ਜਾਲਮ ਦਸਤਿਆਂ ਤੋਂ ਖਾੜਕੂਆਂ ਦੇ ਪਰਿਵਾਰਾਂ ਤੇ ਠਾਹਰਾਂ ਵਾਲਿਆਂ ਨੂੰ ਬਚਾਉਣ ਵਾਲੇ ਵੀ ਆਮ ਪੁਲਿਸ ਵਾਲੇ ਹੀ ਸਨ ਜਿਨ੍ਹਾਂ ਨੇ ਉਸ ਮੂੰਹ ਜੋਰ ਸਮੇਂ ਅੱਗੇ ਆਪਣੀ ਅਸਹਿਮਤੀ ਪ੍ਰਗਟ ਕੀਤੀ ਤੇ ਇਕ ਰਾਇ ਨਾ ਬਣਨ ਦਿੱਤੀ।

ਪੁਲਿਸ ਸਫਾਂ ਵਿਚ ਸਾਡੇ ਹਮਦਰਦ ਲੋਕ ਸਾਨੂੰ ਬਹੁਤ ਜਾਣਕਾਰੀਆਂ ਦਿੰਦੇ ਰਹਿੰਦੇ ਸਨ। ਇੱਕ ਵਾਰ ਅੰਮ੍ਰਿਤਸਰ ਸ਼ਹਿਰ ਵਿੱਚ ਬੈਠੇ ਸੀ ਕਿ ਕਾਫੀ ਰਾਤ ਹੋ ਗਈ। ਮੈਂ ਪੁੱਛਿਆ ਕਿ ਇੰਨੀ ਦੇਰੀ ਕਿਉਂ ਕਰੀ ਜਾਂਦੇ ਹਾਂ ਤਾਂ ਹਰਮਿੰਦਰ ਸਿੰਘ ਸੁਲਤਾਨਵਿੰਡ ਨੇ ਕਿਹਾ ਕਿ ਹਾਲੇ ਆਪਣੇ ਕੋਲ ਜਾਣਕਾਰੀ ਆਉਣੀ ਹੈ ਕਿ ਅੱਜ ਰਾਤ ਕਿੱਥੇ ਘੇਰਾਬੰਦੀ ਹੋਣੀ ਹੈ। ਇਸ ਤਰ੍ਹਾਂ ਦੀਆਂ ਅਗਾਊਂ ਸੂਚਨਾਵਾਂ ਸਾਰੇ ਖਾੜਕੂ ਜਥਿਆਂ ਨੂੰ ਮਿਲਦੀਆਂ ਰਹਿੰਦੀਆਂ ਸਨ। ਬਹੁਤ ਥਾਂਈਂ ਅਸਲ ਮੁਕਾਬਲਿਆਂ ਵਿਚ ਪੁਲਿਸ ਵਾਲਿਆਂ ਨੇ ਸਿੰਘਾਂ ਨੂੰ ਨਿਕਲਣ ਦਿੱਤਾ। ਅਨਾਰ ਸਿੰਘ ਪਾੜਾ ਨੇ ਸਾਨੂੰ ਦੱਸਿਆ ਕਿ ਉਹ ਇੱਕ ਵਾਰ ਦਿਨੇ ਮੁਕਾਬਲੇ ਵਿੱਚ ਘਿਰ ਗਏ ਤੇ ਜਦੋਂ ਕੋਈ ਪੇਸ਼ ਨਹੀਂ ਸੀ ਜਾ ਰਹੀ ਤਾਂ ਇਕ ਪਾਸਿਓਂ ਇਕ ਸਿੱਖ ਪੁਲਿਸ ਵਾਲੇ ਨੇ ਚਿੱਟੇ ਰੁਮਾਲ ਨਾਲ ਇਸ਼ਾਰਾ ਕੀਤਾ ਤੇ ਸਾਰੇ ਉੱਧਰ ਨੂੰ ਚਲੇ ਗਏ ਅਤੇ ਸੁਰੱਖਿਅਤ ਮੁਕਾਬਲੇ ਵਿੱਚੋਂ ਨਿਕਲ ਗਏ।

ਕਈ ਵਾਰ ਇਹੋ ਜਿਹੇ ਵਾਕਿਆਤ ਵੀ ਸਿੰਘਾਂ ਨੇ ਸੁਣਾਏ ਕਿ ਜਦੋਂ ਪੁਲਿਸ ਵਾਲਿਆਂ ਨੇ ਅਸਲ ਮੁਕਾਬਲੇ ਦੀ ਆੜ ਵਿੱਚ ਸੀਆਰਪੀਐਫ ਜਾਂ ਬੀਐਸਐਫ 'ਤੇ ਗੋਲੀ ਚਲਾ ਦਿੱਤੀ। ਜਿੱਥੇ ਪੱਕੇ ਨਾਕੇ ਤੇ ਚੌਂਕੀਆਂ ਬੈਠੀਆਂ ਹੋਈਆਂ ਸਨ। ਉੱਥੇ ਦੇ ਆਮ ਪੁਲਿਸ ਵਾਲੇ ਤੇ ਇੱਥੋਂ ਤਕ ਕਿ ਸੀਆਰਪੀਐਫ ਤੇ ਬੀਐਸਐਫ ਵਾਲੇ ਵੀ ਸਿੰਘਾਂ ਦੇ ਜਥਿਆਂ ਨਾਲ ਸਮਝੌਤਾ ਕਰ ਲੈਂਦੇ ਸਨ ਕਿ ਤੁਸੀਂ ਸਾਡਾ ਕੋਈ ਨੁਕਸਾਨ ਨਹੀਂ ਕਰਨਾ ਤੇ ਅਸੀਂ ਤੁਹਾਡਾ ਕੋਈ ਨੁਕਸਾਨ ਨਹੀਂ ਕਰਨਾ। ਇਹੋ ਜਿਹੇ ਅਣਲਿਖੇ ਤੇ ਵਕਤੀ ਰਾਜੀਨਾਮੇ ਹੇਠਲੇ ਪੱਧਰ ਤੇ ਸਿੰਘਾਂ ਅਤੇ ਪੁਲਿਸ-ਫੌਜ ਵਿਚ ਆਮ ਗੱਲ ਸੀ। ਇਹ ਦੁਨੀਆ ਵਿਚ ਹੋਰ ਥਾਂਵਾਂ ਉਤੇ ਵੀ ਵਾਪਰਦਾ ਹੈ। ਮੌਤ ਦੇ ਮੋਢੇ ਚੜ੍ਹ ਕੇ ਵਿਚਰਣ ਵਾਲੇ ਲੋਕ ਇਹ ਵਰਤਾਰੇ ਨੂੰ ਛੇਤੀ ਸਮਝ ਲੈਂਦੇ ਹਨ।

ਜੇਲ੍ਹ ਮਹਿਕਮੇ ਦਾ ਹਾਲ ਵੀ ਪੁਲਿਸ ਵਾਲਾ ਹੀ ਹੁੰਦਾ ਹੈ ਪਰ ਕੁਝ ਗੱਲਾਂ ਵਿਚ ਵੱਖਰਾ ਹੁੰਦਾ ਹੈ। ਇਹਨਾਂ ਨਾਲ ਵੀ ਸਾਡਾ ਸ਼ੁਰੂ ਤੋਂ ਵਾਹ ਰਿਹਾ ਹੈ। ਪੁਲਿਸ ਵਾਂਗ ਇਥੇ ਵੀ ਵੱਡੀ ਗਿਣਤੀ ਮੁਲਾਜਮ ਨਿਰਪੱਖ ਜਾਂ ਬੇਲਾਗ ਕਿਸਮ ਦੇ ਹੀ ਸੀ। ਇਕ ਹਿੱਸਾ

ਸਾਡੇ ਨਾਲ ਹਮਦਰਦੀ ਵੀ ਰਖਦਾ ਸੀ ਤੇ ਇਕ ਬਹੁਤ ਛੋਟਾ ਹਿੱਸਾ ਹੀ ਵਿਰੋਧ ਵਿਚ ਖੜ੍ਹਾ ਹੁੰਦਾ ਸੀ। ਜੇ ਇੰਝ ਨਾ ਹੁੰਦਾ ਤਾਂ ਸਾਡੇ ਲਈ ਜੇਲ੍ਹਾਂ ਕੱਟਣੀਆਂ ਹੋਰ ਵੀ ਮੁਸ਼ਕਲ ਹੋ ਜਾਣੀਆਂ ਸਨ। ਜਿਆਦਾ ਸਮਾਂ ਅੰਦਰ ਰਹਿਣ ਨਾਲ ਜੇਲ੍ਹ ਵਾਲਿਆਂ ਨਾਲ ਚੰਗੇ ਸਬੰਧ ਬਣ ਜਾਂਦੇ ਹਨ। ਜੇਲ੍ਹਾਂ ਦੇ ਅਫਸਰਾਂ ਤੇ ਮੁਲਾਜਮਾਂ ਨੇ ਸਿੰਘਾਂ ਦੀ ਬਹੁਤ ਮਦਦ ਕੀਤੀ ਹੈ ਅਤੇ ਹਮਦਰਦੀ ਵਿਖਾਈ ਹੈ ਜੋ ਭੁਲਾਈ ਨਹੀਂ ਜਾ ਸਕਦੀ।

ਕਈ ਜੇਲ੍ਹ ਸੁਪਰਡੈਂਟ ਤੇ ਹੋਰ ਅਧਿਕਾਰੀ ਆਪਣੀ ਨੌਕਰੀ ਅਤੇ ਜਾਨ ਨੂੰ ਦਾਅ ਉਤੇ ਲਾ ਕੇ ਸਿੰਘਾਂ ਨੂੰ ਰਿਹਾਈ ਵਕਤ ਪੁਲਿਸ ਦੇ ਕੈਟ ਟੋਲਿਆਂ ਤੋਂ ਬਚਾਉਂਦੇ ਰਹੇ। ਇਕ ਸੁਪਰਡੈਂਟ ਦੀ ਘਰ ਵਾਲੀ ਨੇ ਆਪਣੀ ਗੱਡੀ ਵਿਚ ਇਕ ਪ੍ਰਮੁਖ ਖਾੜਕੂ ਸਿੰਘ ਨੂੰ ਜੇਲ੍ਹ ਵਿਚੋਂ ਬਾਹਰ ਕੱਢਿਆ ਸੀ। ਅਦਾਲਤਾਂ ਵਿਚ ਅਰਜੀਆਂ ਦਾਖਲ ਕਰਨ ਲਈ ਕਈ ਵਾਰ ਜੇਲ੍ਹ ਮੁਲਾਜਮ ਆਪ ਪੈਸੇ ਇਕੱਠਾ ਕਰਕੇ ਤੇ ਕਾਗਜ ਵਕੀਲਾਂ ਤੱਕ ਦੇ ਕੇ ਆਉਂਦੇ ਸਨ। ਨਾਭੇ ਜੇਲ੍ਹ ਦੇ ਇਕ ਮੁਲਾਜਮ ਨੇ ਕਈ ਸਿੰਘਾਂ ਨੂੰ ਬਚਾਉਣ ਲਈ ਉਹਨਾਂ ਦੀਆਂ ਅਰਜੀਆਂ ਹਾਈਕੋਰਟ ਅਤੇ ਸੁਪਰੀਮ ਕੋਰਟ ਵਿਚ ਖੁਦ ਆਪਣੇ ਖਰਚੇ ਵਿਚੋਂ ਲਾ ਦਿੱਤੀਆਂ ਸਨ ਭਾਵੇਂ ਕਿ ਸਿੰਘਾਂ ਨੇ ਕਈ ਵਾਰ ਬਾਅਦ ਵਿਚ ਉਹਨੂੰ ਪੈਸੇ ਦੇ ਵੀ ਦਿੱਤੇ ਸਨ।

ਜੇਲ੍ਹ ਡਾਕਟਰਾਂ ਨੇ ਵੀ ਸਿੰਘਾਂ ਦੀ ਬਹੁਤ ਮਦਦ ਕੀਤੀ। ਉਹਨਾਂ ਦਿਨਾਂ ਵਿਚ ਜਦੋਂ ਬੰਦਾ ਰਿਹਾਅ ਹੁੰਦਾ ਸੀ ਤੇ ਜੇਲ੍ਹ ਵਾਲਿਆਂ ਨੂੰ ਸਬੰਧਤ ਜਿਲ੍ਹੇ ਦੇ ਪੁਲਿਸ ਮੁਖੀ ਨੂੰ ਪਹਿਲਾਂ ਦੱਸਣਾ ਹੁੰਦਾ ਸੀ। ਰਿਹਾਅ ਹੋਣ ਉਤੇ ਸਭ ਤੋਂ ਪਹਿਲਾਂ ਬੰਦੇ ਨੂੰ ਉਹਦੇ ਠਾਣੇ ਵਾਲੇ ਹੀ ਲੈ ਜਾਂਦੇ ਸਨ। ਇਸ ਤਰ੍ਹਾਂ ਬਹੁਤੇ ਸਿੰਘਾਂ ਨੂੰ ਵਾਪਸ ਮੁਕਦਮਾ ਪਾ ਕੇ ਜੇਲ੍ਹ ਭੇਜ ਦਿੱਤਾ ਜਾਂਦਾ ਸੀ ਤੇ ਕਈਆਂ ਨੂੰ ਖਤਮ ਹੀ ਕਰ ਦਿੱਤਾ ਜਾਂਦਾ ਸੀ। ਕੁਝ ਸਿੰਘਾਂ ਨੂੰ ਪੁਲਿਸ ਵਾਲੇ ਤਫਤੀਸ਼ ਲਈ ਲੈ ਜਾਂਦੇ ਸਨ ਤਾਂ ਉਹਨਾਂ ਦੇ ਘਰਦਿਆਂ ਤੋਂ ਪੈਸੇ ਬਟੋਰਦੇ ਸਨ। ਇਹ ਸਾਰੇ ਜੁਲਮ ਤੰਤਰ ਤੋਂ ਬਚਣ ਵਿਚ ਜੇਲ੍ਹ ਦੇ ਮੁਲਾਜਮਾਂ ਅਤੇ ਡਾਕਟਰਾਂ ਨੇ ਸਦਾ ਹੀ ਸਿੰਘਾਂ ਦੀ ਮਦਦ ਕੀਤੀ।

ਜਿਹੜੇ ਪੁਲਿਸ ਵਾਲੇ ਅਫਸਰ ਅਤੇ ਮੁਲਾਜਮਾਂ ਨੇ ਉਸ ਵੇਲੇ ਲੁੱਟ ਮਚਾਈ, ਕਤਲੋਗਾਰਦ ਕੀਤੀ ਅਤੇ ਸੰਘਰਸ਼ ਦਾ ਵਿਰੋਧ ਕੀਤਾ ਉਹਨਾਂ ਵਿਚੋਂ ਕਈਆਂ ਨੂੰ ਮੈਂ ਜਾਣਦਾ ਹਾਂ ਤੇ ਦੇਖਿਆ ਹੈ ਕਿ ਸਮੇਂ ਨਾਲ ਉਹਨਾਂ ਉਤੇ ਕੀ ਕੀ ਵਾਪਰਿਆ। ਉਸ ਸਮੇਂ ਹਕੂਮਤ ਦੀ ਸ਼ਹਿ ਅਤੇ ਹੱਲਾਸ਼ੇਰੀ ਨਾਲ ਉਹ ਸੱਤਵੇਂ ਅਸਮਾਨ ਤੇ ਚੜ੍ਹੇ ਹੋਏ ਸਨ, ਰੱਬ ਨੂੰ ਭੁੱਲ ਗਏ ਸਨ, ਉਹਨਾਂ ਨੇ ਬਹੁਤ ਤਸ਼ੱਦਦ ਅਤੇ ਧੱਕਾ ਕੀਤਾ, ਪੈਸਾ ਅਤੇ ਜਾਇਦਾਦਾਂ ਬਣਾਈਆਂ। ਉਸ ਵਕਤ ਉਹਨਾਂ ਦਾ ਨਾਂ ਚਲਦਾ ਸੀ। ਸਮਾਂ ਬਦਲਣ ਨਾਲ ਹੌਲੀ-ਹੌਲੀ ਉਹਨਾਂ ਵਿਚੋਂ ਜਿਆਦਾ ਹਿੱਸੇ ਦੇ ਹਾਲ ਬੁਰੇ ਹੋ ਗਏ ਤੇ ਉਹਨਾਂ ਦੇ ਜੀਵਨ ਤਹਿਸ਼ ਨਹਿਸ਼ ਹੋ ਗਏ। ਉਹਨਾਂ ਬਾਰੇ ਆਮ ਲੋਕ ਹੀ ਕਹਿੰਦੇ

ਸੁਣੀਂਦੇ ਹਨ ਕਿ ਕੀਤੇ ਹੋਏ ਪਾਪਾਂ ਦੀ ਸਜਾ ਭੁਗਤ ਰਿਹਾ ਹੈ। ਕਿਤੇ ਕੋਈ ਕਹਿੰਦਾ ਹੈ ਕਿ ਉਹਨੂੰ ਸ਼ਹੀਦ ਹੋਏ ਸਿੰਘ ਨੱਪ ਰਹੇ ਹਨ। ਇਹਨਾਂ ਵਿਚ ਤਕਰੀਬਨ ਸਾਰੇ ਹੀ ਉਦੋਂ ਵੀ ਨਸ਼ਾ ਕਰਦੇ ਸਨ ਤੇ ਬਾਅਦ ਵਿਚ ਤਾਂ ਨਸ਼ਾ ਹੀ ਉਹਨਾਂ ਦਾ ਆਸਰਾ ਹੋ ਗਿਆ ਸੀ। ਜਿਆਦਾ ਹਿੱਸੇ ਦਾ ਪਰਿਵਾਰਕ ਜੀਵਨ ਬਿਖਰ ਗਿਆ ਤੇ ਕਈ ਥਾਂ ਪਰਿਵਾਰਾਂ ਨੇ ਇਹਨਾਂ ਨਾਲੋਂ ਨਾਤਾ ਹੀ ਤੋੜ ਲਿਆ। ਵੱਡਾ ਹਿੱਸਾ ਕਈ ਤਰ੍ਹਾਂ ਦੇ ਅਸਾਧ ਰੋਗਾਂ ਦਾ ਸ਼ਿਕਾਰ ਹੋ ਗਿਆ ਤੇ ਬਾਕੀਆਂ ਦੀ ਹਾਲਤ ਵੀ ਲੋਕਾਂ ਦੇ ਸਾਹਮਣੇ ਹੈ ਕਿ ਉਹ ਹੁਣ ਕਿਵੇਂ ਜਿੰਦਗੀ ਦਾ ਬੋਝ ਢੋਅ ਰਹੇ ਹਨ।

ਬੇਅੰਤ ਸਿੰਘ ਤੇ ਸਤਵੰਤ ਸਿੰਘ ਵੀ ਸਾਰੀਆਂ ਪਰਖਾਂ ਵਿੱਚੋਂ ਪਾਸ ਹੋਏ ਸਨ। ਓਹਨਾਂ ਤੇ ਬਖਸ਼ਿਸ਼ ਹੋਈ ਤੇ ਓਹਨਾਂ ਦਾ ਮਨ ਬਦਲ ਗਿਆ ਤੇ ਗੁਰੂ ਨੇ ਸੇਵਾ ਲੈ ਲਈ। ਇਹ ਪੰਥ ਦੀ ਇੱਕ ਬਹੁਤ ਵੱਡੀ ਸਿਫਤ ਹੈ ਜਿਸਨੂੰ ਸਮਝਣਾ ਦੁਸ਼ਮਣ ਦੇ ਵੱਸ ਦੀ ਗੱਲ ਨਹੀਂ ਹੈ। ਜੰਗ ਦੇ ਸਮੇਂ ਤੋਂ ਲੱਗ ਕੇ ਜੇਲ੍ਹ ਤੱਕ, ਤੇ ਜੇਲ੍ਹ ਤੋਂ ਬਾਹਰ ਆ ਕੇ ਅੱਜ ਤਕ ਮੈਨੂੰ ਇਹੋ ਜਿਹੇ ਕਈ ਮੁਲਾਜਮ ਮਿਲੇ ਹਨ ਜਾਂ ਓਹਨਾਂ ਬਾਰੇ ਸੁਣਿਆ ਹੈ, ਜਿਨ੍ਹਾਂ ਨੇ ਇਹ ਕਿਹਾ ਕਿ ਜੇ ਏਡੀ ਵੱਡੀ ਸੇਵਾ ਮਿਲੇ ਤਾਂ ਅਸੀਂ ਵੀ ਕਰ ਸਕਦੇ ਹਾਂ। ਮੈਂ ਓਹਨਾਂ ਨੂੰ ਜਾਣਦਾ ਤੱਕ ਨਹੀਂ ਸੀ। ਹੁਣ ਜਦੋਂ ਕਿ ਅਸੀਂ ਹਥਿਆਰਬੰਦ ਸੰਘਰਸ਼ ਵਿੱਚ ਨਹੀਂ ਹਾਂ ਹਾਲੇ ਵੀ ਪੁਲਿਸ ਤੇ ਫੌਜ ਵਾਲਿਆਂ ਵੱਲੋਂ ਅਜਿਹੇ ਵੱਡੇ ਦੋਖੀਆਂ ਬਾਰੇ ਸੂਹਾਂ ਮਿਲਦੀਆਂ ਰਹੀਆਂ ਹਨ। ਕੇਪੀਐਸ ਗਿੱਲ ਤੇ ਰਣਜੀਤ ਦਿਆਲ ਆਪਣੀ ਕੁਦਰਤੀ ਮੌਤ ਮਰ ਗਏ ਪਰ ਆਮ ਸਿੱਖ ਇਸ ਤਰ੍ਹਾਂ ਨਹੀਂ ਸੀ ਚਾਹੁੰਦੇ। ਜਦੋਂ ਕੋਈ ਓਹਨਾਂ ਦੇ ਨੇੜੇ ਵਿਚਰਦਾ ਸੀ ਤਾਂ ਉਹਨੂੰ ਲੱਗਦਾ ਸੀ ਕਿ ਇਹਨੂੰ ਕੋਈ ਮਾਰ ਕਿਉਂ ਨਹੀਂ ਰਿਹਾ? ਇਹੋ ਗੱਲ ਸੀ ਕਿ ਪੁਲਿਸ ਤੇ ਫੌਜ ਵਿੱਚੋਂ ਲਗਾਤਾਰ ਇਹੋ ਜਿਹੀਆਂ ਜਾਣਕਾਰੀਆਂ ਆਉਂਦੀਆਂ ਰਹੀਆਂ ਭਾਵੇਂ ਕਿ ਉਹ ਸਮਾਂ ਵੀ ਨਹੀਂ ਸੀ ਰਿਹਾ।

ਹਕੂਮਤ ਨੇ ਸ਼ੁਰੂ ਤੋਂ ਹੀ ਇਹ ਕੋਸ਼ਿਸ਼ ਰੱਖੀ ਕਿ ਖਾੜਕੂ ਪੁਲਿਸ ਵਾਲਿਆਂ ਦੇ ਪਰਿਵਾਰਾਂ ਦਾ ਨੁਕਸਾਨ ਕਰਨ। ਇਸ ਤਰੀਕੇ ਨਾਲ ਉਹ ਸਮੁੱਚੀ ਫੋਰਸ ਨੂੰ ਸੌਖਿਆਂ ਸਿੰਘਾਂ ਵਿਰੁੱਧ ਲਾਮਬੰਦ ਕਰ ਸਕਦੇ ਸੀ। ੧੯੮੮-੮੯ ਵਿੱਚ ਆਈਬੀ ਨੇ ਆਈਜੀ ਐਸਐਸ ਵਿਰਕ ਰਾਹੀਂ ਪੰਜਾਬ ਵਿਚ ਕੈਟ ਸਿਸਟਮ ਤੇ ਕੁਝ ਹੋਰ ਜਥੇਬੰਦੀਆਂ ਖੜ੍ਹੀਆਂ ਕੀਤੀਆਂ ਜਿਵੇਂ ਕਿ ਇੰਡੀਅਨ ਲਾਇਨਜ, ਰੰਘਰੇਟਾ ਫੋਰਸ ਆਦਿ। ਇਨ੍ਹਾਂ ਜਥੇਬੰਦੀਆਂ ਵਿੱਚ ਪੁਲਿਸ, ਅਰਧ ਸੈਨਿਕ ਬਲ ਤੇ ਕੈਟਾਂ, ਅਪਰਾਧੀਆਂ ਨੂੰ ਲਿਆ ਜਾਂਦਾ ਸੀ ਤੇ ਖਾੜਕੂਆਂ ਦੇ ਪਰਿਵਾਰਾਂ ਦਾ ਨੁਕਸਾਨ ਕਰਦੇ ਸੀ। ਇੰਡੀਅਨ ਲਾਇਨਜ ਜਥੇਬੰਦੀ ਦੇ ਇਕ ਆਗੂ ਨੇ ਮੈਨੂੰ ਤਿਹਾੜ ਜੇਲ੍ਹ ਵਿਚ ਦੱਸਿਆ ਕਿ ਕਿਵੇਂ ਓਹਨਾਂ ਨੂੰ ਪੈਸੇ, ਹਥਿਆਰ ਤੇ ਹੋਰ ਸਹੂਲਤਾਂ ਦਿੱਤੀਆਂ ਜਾਂਦੀਆਂ ਸੀ ਤੇ ਕਿਵੇਂ

ਬੰਦਿਆਂ ਨੂੰ ਮਾਰਨ ਦੇ ਹੁਕਮ ਮਿਲਦੇ ਸੀ। ਇਨ੍ਹਾਂ ਨੇ ਉਸ ਵਕਤ ਮਨਵੀਰ ਸਿੰਘ ਚਹੇੜੂ, ਸੁਖਵਿੰਦਰ ਸਿੰਘ ਛਿੰਦੂ ਅਤੇ ਕੁਝ ਹੋਰ ਸਿੰਘਾਂ ਦੇ ਘਰ ਵਾਲਿਆਂ ਨੂੰ ਮਾਰ ਦਿੱਤਾ। ਇਹ ਚਾਹੁੰਦੇ ਸਨ ਕਿ ਇਸ ਤਰ੍ਹਾਂ ਖਾੜਕੂਆਂ ਦੇ ਪਰਿਵਾਰਾਂ ਨੂੰ ਮਾਰਨ ਨਾਲ ਓਹ ਪੁਲਿਸ ਵਾਲਿਆਂ ਦੇ ਪਰਿਵਾਰਾਂ ਨੂੰ ਮਾਰਨ ਵੱਲ ਮੁੜ ਪੈਣਗੇ। ਅਸੀਂ ਬੜੇ ਸੁਚੇਤ ਹੋ ਕੇ ਇਸ ਗੱਲ ਨੂੰ ਲੰਮੇ ਸਮੇਂ ਤੱਕ ਰੋਕੀ ਰੱਖਿਆ ਪਰ ੧੯੯੧-੯੨ ਵਿੱਚ ਸੰਘਰਸ਼ ਦੇ ਕੁਝ ਹਿੱਸਿਆਂ ਨੇ ਆਪਣੇ ਆਪ ਹੀ ਫੈਸਲਾ ਲੈ ਕੇ ਪੁਲਿਸ ਪਰਿਵਾਰਾਂ ਨੂੰ ਨਿਸ਼ਾਨਾ ਬਣਾ ਲਿਆ। ਇਹ ਹਕੂਮਤ ਦਾ ਬੁਣਿਆ ਹੋਇਆ ਜਾਲ ਸੀ ਜਿਸ ਕਰਕੇ ਉਸ ਨੂੰ ਪੁਲਿਸ ਦੇ ਵੱਡੇ ਹਿੱਸੇ ਨੂੰ ਸਾਡੇ ਖਿਲਾਫ ਲਾਮਬੰਦ ਕਰਨ ਵਿੱਚ ਮਦਦ ਮਿਲੀ।

ਪੁਲਿਸ ਨਾਲ ਮੇਰਾ ਜਿੰਨਾ ਕੁ ਨਿੱਜੀ ਵਾਹ ਪਿਆ ਹੈ, ਉਸ ਤਜਰਬੇ ਵਿੱਚ ਵੀ ਮੈਂ ਦੇਖਿਆ ਕਿ ਇਕ ਹਿੱਸੇ ਨੂੰ ਛੱਡ ਕੇ ਵੱਡਾ ਹਿੱਸਾ ਸਾਡੇ ਲਈ ਹਮਦਰਦੀ ਰੱਖਦਾ ਸੀ। ਜਦੋਂ ਮੈਂ ੧੯੯੬ ਵਿੱਚ ਫੜਿਆ ਗਿਆ ਤਾਂ ਮੈਂ ਲੰਮਾ ਸਮਾਂ ਪੁਲਿਸ ਤਫਤੀਸ਼ ਵਿੱਚ ਰਿਹਾ। ਮੈਨੂੰ ਸੈਂਕੜੇ ਹੀ ਮੁਲਾਜਮ ਤੇ ਅਫਸਰ ਮਿਲੇ। ਦੋ-ਤਿੰਨ ਅਫਸਰ ਤੇ ਕੁਝ ਕੁ ਮੁਲਾਜਮਾਂ ਨੂੰ ਛੱਡ ਕੇ ਬਾਕੀ ਸਾਰਿਆਂ ਦਾ ਰਵੱਈਆ ਸਤਿਕਾਰ ਤੇ ਹਮਦਰਦੀ ਵਾਲਾ ਹੀ ਰਿਹਾ। ਇੱਥੋਂ ਤਕ ਕਿ ਕੋਈ ਆਪਣੇ ਆਪ ਮੇਰੀ ਕੁਟ-ਮਾਰ ਵੀ ਨਹੀਂ ਸੀ ਕਰਨਾ ਚਾਹੁੰਦਾ। ਇੱਕ ਤੁਅੱਸਬੀ ਅਫਸਰ (ਆਈਜੀ ਅੱਤਰੀ) ਦੇ ਕਹਿਣ 'ਤੇ ਕੁਝ ਅਫਸਰਾਂ ਨੇ ਮੇਰੇ 'ਤੇ ਤਸ਼ੱਦਦ ਕੀਤਾ, ਜਿਵੇਂ ਉਹਨੇ ਕਿਹਾ। ਜਦੋਂ ਮੈਂ ੨੦੦੯ ਵਿਚ ਦੁਬਾਰਾ ਫੜਿਆ ਗਿਆ, ਉਸ ਵਕਤ ਵੀ ਇਵੇਂ ਹੀ ਹੋਇਆ। ਦੋ ਕੁ ਤੁਅੱਸਬੀ ਅਫਸਰਾਂ ਤੋਂ ਬਿਨਾ ਹੋਰ ਬਹੁਤੇ ਮੁਲਾਜਮਾਂ ਦਾ ਰਵੱਈਆ ਠੀਕ ਹੀ ਰਿਹਾ। ਜਿਹੜੇ ਪੰਜ ਛੇ ਅਫਸਰਾਂ ਨੇ ਮੇਰੀ ਤਫਤੀਸ਼ ਕਰਨੀ ਸੀ, ਓਹਨਾਂ ਨੇ ਆਪਸ ਵਿਚ ਹੀ ਸਲਾਹ ਮਸ਼ਵਰਾ ਕਰਕੇ ਮੇਰੀ ਤਫਤੀਸ਼ ਨੂੰ ਸੌਖਿਆਂ ਬਣਾ ਦਿੱਤਾ ਜਦਕਿ ਓਹਨਾਂ ਦੀ ਆਪਸ ਵਿੱਚ ਕੋਈ ਬਹੁਤੀ ਬਣਦੀ ਵੀ ਨਹੀਂ ਸੀ। ਜਦੋਂ ੨੦੧੨ ਵਿੱਚ ਮੈਂ ਤੀਜੀ ਵਾਰ ਫੜਿਆ ਗਿਆ ਤਾਂ ਉਸ ਵਕਤ ਵੀ ਗੁਰੂ ਨੇ ਕੋਈ ਐਸੀ ਹੀ ਕਲਾ ਵਰਤਾਈ ਕਿ ਉੱਪਰੋਂ ਪੁਲਿਸ ਮੁਖੀ ਸੁਮੇਧ ਸੈਣੀ ਅਤੇ ਸਿਆਸੀ ਆਗੂਆਂ ਦੇ ਕਹਿਣ ਦੇ ਬਾਵਜੂਦ ਵੀ ਮੁਲਾਜਮਾਂ ਨੇ ਮੇਰਾ ਕਾਫੀ ਬਚਾਅ ਕਰ ਦਿੱਤਾ। ਇਸ ਤੋਂ ਬਿਨਾ ਮੇਰਾ ਜਿੱਥੇ ਵੀ ਪੁਲਿਸ ਅਫਸਰਾਂ ਤੇ ਮੁਲਾਜਮਾਂ ਨਾਲ ਵਾਹ ਪਿਆ, ਵੱਡੀ ਗਿਣਤੀ ਦਾ ਰਵੱਈਆ ਸਦਾ ਹਮਦਰਦੀ ਵਾਲਾ ਜਾਂ ਸਤਿਕਾਰ ਵਾਲਾ ਰਿਹਾ ਹੈ।

ਭਾਰਤੀ ਹਕੂਮਤ ਨੇ ਪੰਜਾਬ ਮਾਡਲ ਦਾ ਕਾਫੀ ਪ੍ਰਚਾਰ ਕੀਤਾ। ਜਿਸ ਰਾਹੀਂ (ਓਹਨਾਂ ਦੇ ਕਹਿਣ ਅਨੁਸਾਰ) ਓਹਨਾਂ ਨੇ ਪੰਜਾਬ 'ਚੋਂ ਲਹਿਰ ਨੂੰ ਖਤਮ ਕਰ ਦਿੱਤਾ। ਭਾਰਤੀ ਮੀਡੀਆ, ਵਿਦਵਾਨਾਂ ਅਤੇ ਨੀਤੀ ਘਾੜਿਆਂ ਨੇ ਇਸ ਮਾਡਲ ਨੂੰ ਬਹੁਤ ਪਰਚਾਰਿਆ ਤੇ ਇਸਦੇ ਹੱਕ ਵਿਚ ਕਾਫੀ ਲਿਖਤਾਂ ਤੇ ਕਿਤਾਬਾਂ ਲਿਖੀਆਂ ਜਿਸ ਦੇ

ਅਸਰ ਕਾਰਨ ਇਸ ਬਾਰੇ ਬਾਹਰਲੀਆਂ ਯੂਨੀਵਰਸਿਟੀਆਂ ਵਿੱਚ ਵੀ ਇਸ ਦੀ ਚਰਚਾ ਹੋਈ। 'ਪੰਜਾਬ ਮਾਡਲ ਦੇ ਮੁੱਖ ਅੰਗ ਤਸ਼ੱਦਦ, ਝੂਠੇ ਮੁਕਾਬਲੇ, ਕੈਟ ਸਿਸਟਮ ਤੇ ਪੁਲਿਸ ਨੂੰ ਲਾਲਚ, ਡਰ ਅਤੇ ਫਸਾ ਕੇ ਸਿੰਘਾਂ ਵਿਰੁੱਧ ਮੁਹਿੰਮ ਚਲਾਉਣ ਦਾ ਹੈ। ਇਸ ਵਿੱਚ ਦਰਸਾਇਆ ਗਿਆ ਹੈ ਕਿ ਸਾਰੇ ਲੋਕ ਅਤੇ ਪੁਲਿਸ ਫੋਰਸ ਸਿੰਘਾਂ ਦੇ ਖਿਲਾਫ ਸੀ ਅਤੇ ਫੇਰ ਇਸ ਤੋਂ ਇਹ ਤੱਤ ਕੱਢ ਲਿਆ ਕਿ ਜੇ ਪੰਜਾਬ ਦੀ ਪੁਲਿਸ, ਜੋ ੮੦% ਸਿੱਖ ਤੇ ਪੇਂਡੂ ਹਿੱਸੇ ਵਿੱਚੋਂ ਹੈ ਉਹ ਖਾੜਕੂਆਂ ਦੇ ਖਿਲਾਫ ਹੈ ਤਾਂ ਉਸ ਦਾ ਮਤਲਬ ਹੈ ਕਿ ਖਾੜਕੂਆਂ ਨੂੰ ਆਮ ਲੋਕਾਂ ਦੀ ਹਿਮਾਇਤ ਨਹੀਂ ਸੀ। ਇਹ ਥੋੜ੍ਹਾ ਜਿਹਾ ਹਿੱਸਾ ਹੀ ਸੀ ਜੋ ਕਈ ਕਾਰਨਾਂ ਕਰਕੇ ਅਤਿਵਾਦ ਦੇ ਰਾਹ ਪਿਆ ਅਤੇ ਸਿੱਖਾਂ ਦੇ ਵੱਡੇ ਹਿੱਸੇ ਨੇ ਆਪ ਹੀ ਉਸ ਨੂੰ ਖਤਮ ਕਰ ਦਿੱਤਾ।' ਇੱਥੇ ਅਤੇ ਬਾਹਰ ਹਕੂਮਤ ਪੱਖੀ ਮੀਡੀਆ ਅਤੇ ਅਕਾਦਮਿਕ ਜਗਤ ਵਿੱਚ ਇਨ੍ਹਾਂ ਨੇ ਬਹੁਤ ਜ਼ੋਰ ਲਾ ਕੇ ਇਹ ਗੱਲ ਕਿਸੇ ਹੱਦ ਤਕ ਸਥਾਪਤ ਵੀ ਕਰ ਦਿੱਤੀ ਪਰ ਇਹ ਸੱਚਾਈ ਤੋਂ ਬਹੁਤ ਦੂਰ ਹੈ।

ਪੁਲਿਸ, ਅਰਧ ਸੈਨਿਕ ਬਲ, ਅਤੇ ਫੌਜ ਵਿੱਚ ਭਰਤੀ ਸਿੱਖਾਂ ਦੇ ਵੱਡੇ ਹਿੱਸੇ ਨੇ ਇਸ ਸੰਘਰਸ਼ ਦੀ ਵਿਰੋਧਤਾ ਨਹੀਂ ਕੀਤੀ। ਇੱਕ ਹਿੱਸਾ ਸਰਗਰਮ ਹਮਦਰਦੀ ਵਾਲਾ ਸੀ, ਇੱਕ ਹਿੱਸਾ ਦੂਰ ਦੀ ਹਮਦਰਦੀ ਵਾਲਾ ਸੀ ਤੇ ਇੱਕ ਹਿੱਸਾ ਨਿਰਪੱਖ ਸੀ। ਵਿਰੋਧ ਵਾਲਾ ਹਿੱਸਾ ਬਹੁਤ ਛੋਟਾ ਸੀ। ਉਹਦੇ ਵਿਚੋਂ ਵੀ ਅੱਗੇ ਲੱਗ ਕੇ ਸਾਡੇ ਖਿਲਾਫ ਤੁਰਨ ਵਾਲੇ ਤਾਂ ਕੁਝ ਸੈਂਕੜੇ ਬੰਦੇ ਹੀ ਹੋਣਗੇ। ਸਰਕਾਰ ਨੇ ਆਪਣੀ ਨੀਤੀ ਤਹਿਤ ਇਨ੍ਹਾਂ ਨੂੰ ਪੈਸਾ, ਤਰੱਕੀਆਂ ਤੇ ਇਨਾਮਾਂ ਰਾਹੀਂ ਇਧਰ ਨੂੰ ਤੋਰਿਆ। ਕੁਝ ਹਿੱਸੇ ਨੂੰ ਨੌਕਰੀ ਦੇ ਡਰਾਵੇ ਨਾਲ ਇੱਧਰ ਨੂੰ ਤੋਰਿਆ ਤੇ ਵੱਡੇ ਹਿੱਸੇ ਨੂੰ ਇਹੋ ਜਿਹੀ ਸਥਿਤੀ ਵਿੱਚ ਫਸਾ ਦਿੱਤਾ ਕਿ ਓਹਨਾਂ ਕੋਲ ਸਾਡੇ ਵਿਰੁੱਧ ਤੁਰਨ ਤੋਂ ਬਿਨਾ ਕੋਈ ਰਾਹ ਨਹੀਂ ਸੀ। ਖੁਫੀਆ ਮਹਿਕਮਿਆਂ ਨੇ ਅਣਤੋਲੇ ਪੈਸਿਆਂ ਦੇ ਮੂੰਹ ਇਸ ਮਾਹੌਲ ਨੂੰ ਬਣਾਉਣ ਲਈ ਖੋਲ੍ਹ ਦਿੱਤੇ। ਸ਼ਿਕਾਰੀ ਟੋਲੇ ਬਣਾ ਕੇ ਸਾਡੇ ਖਿਲਾਫ ਚੱਲਣ ਵਾਲਿਆਂ ਨੂੰ ਇੰਨੀ ਖੁੱਲ੍ਹ ਦੇ ਦਿੱਤੀ ਗਈ ਕਿ ਉਹ ਜਿਸਨੂੰ ਮਰਜੀ ਮਾਰ ਦੇਣ, ਜਿਹਨੂੰ ਮਰਜੀ ਲੁੱਟ ਲੈਣ, ਬੇਪੱਤ ਕਰ ਦੇਣ, ਕਬਜਾ ਕਰ ਲੈਣ ਜਾਂ ਅਗਵਾ ਕਰਨ, ਓਹਨਾਂ ਨੂੰ ਪੁੱਛਣ ਵਾਲਾ ਕੋਈ ਨਹੀਂ ਸੀ। ਸਾਰਾ ਜੋਰ ਲਗਾ ਕੇ ਹਕੂਮਤ ਨੇ ਉਹ ਟਕਰਾਅ ਦੀ ਸਥਿਤੀ ਪੈਦਾ ਕੀਤੀ, ਜਿੱਥੇ ਪੰਜਾਬ ਦੀ ਪੁਰਾਣੀ ਕਬੀਲਾਈ ਦੁਸ਼ਮਣੀ ਤੇ ਬਦਲਾਖੋਰੀ ਦੀ ਭਾਵਨਾ ਵੀ ਤੇਜ ਹੋਈ। ਇਸ ਖੂਨੀ ਟਕਰਾਅ ਵਿੱਚ ਹਕੂਮਤ ਦੀ ਮਨਪਸੰਦ ਧਿਰ ਨੂੰ ਉਤਸ਼ਾਹਿਤ ਕੀਤਾ ਗਿਆ ਕਿ ਉਹ ਵੱਧ ਤੋਂ ਵੱਧ ਵਹਿਸ਼ੀ ਤੇ ਜਾਲਮ ਤਰੀਕੇ ਅਪਨਾਉਣ ਤੇ ਲੋਕਾਂ ਵਿੱਚ ਇਹੋ ਜਿਹਾ ਡਰ ਪੈਦਾ ਕਰਨ ਕਿ ਆਉਣ ਵਾਲੇ ਸਮੇਂ ਵਿੱਚ ਏਧਰ ਵੱਲ ਨੂੰ ਸੋਚ ਵੀ ਨਾ ਸਕਣ।

ਪਿਛਲੇ ਸਮਿਆਂ ਵਿਚ ਪੁਲਿਸ ਦੇ ਥੋੜ੍ਹੇ ਜਿਹੇ ਅਫਸਰਾਂ ਤੇ ਮੁਲਾਜਮਾਂ ਨੇ

ਆਪਣੀ ਜਮੀਰ ਦੀ ਆਵਾਜ ਸੁਣਦਿਆਂ ਉਸ ਜੁਲਮੀ ਦੌਰ ਦਾ ਕੁਝ ਸੱਚ ਬਿਆਨ ਕੀਤਾ ਹੈ ਜਿਵੇਂ ਕਿ ਸਤਨਾਮ ਸਿੰਘ ਹੌਲਦਾਰ ਤੇ ਕੁਝ ਹੋਰ। ਇਹ ਵਰਤਾਰਾ ਸਵਾਗਤਯੋਗ ਹੈ ਤੇ ਪੰਥ ਨੂੰ ਇਨ੍ਹਾਂ ਬੰਦਿਆਂ ਦੀ ਮਦਦ ਕਰਨੀ ਚਾਹੀਦੀ ਹੈ। ਉਮੀਦ ਕਰਨੀ ਚਾਹੀਦੀ ਹੈ ਕਿ ਅਫਸਰਾਂ ਦਾ ਬਹੁਤ ਵੱਡਾ ਹਿੱਸਾ, ਜੋ ਚੁੱਪ ਕਰਕੇ ਬੈਠਾ ਹੈ, ਜਦ ਓਹਨਾਂ ਦੀ ਜਮੀਰ ਤੇ ਕੋਈ ਬੋਝ ਪਵੇਗਾ ਤੇ ਉਹ ਵੀ ਕੁਝ ਕਹਿਣਗੇ। ਪੁਲਿਸ ਅਫਸਰਾਂ ਦਾ ਇੱਕ ਹੋਰ ਹਿੱਸਾ, ਜਿਨ੍ਹਾਂ ਨੂੰ ਸਜਾਵਾਂ ਹੋਈਆਂ ਹਨ, ਓਹਨਾਂ ਵਿੱਚੋਂ ਵੀ ਕੁਝ ਨੇ ਕੁਝ ਗੱਲਾਂ ਸਾਹਮਣੇ ਲਿਆਂਦੀਆਂ ਹਨ। ਓਹਨਾਂ ਦਾ ਵੀ ਕਹਿਣਾ ਇਹੋ ਹੀ ਹੈ ਕਿ ਵੱਡੇ ਅਫਸਰਾਂ ਨੇ ਹੀ ਸਾਡੇ ਤੋਂ ਬੰਦੇ ਮਰਵਾਏ ਹਨ, ਉਸ ਵਿੱਚ ਸਾਡਾ ਕੀ ਦੋਸ਼ ਹੈ। ਉਹ ਹਾਲੇ ਵੀ ਦੋ ਪਾਸੇ ਪੈਰ ਰੱਖਦੇ ਹਨ।

ਪੁਲਿਸ ਗਾਰਦ ਜੋ ਮੈਨੂੰ ਪੇਸ਼ੀ ਤੇ ਲੈ ਕੇ ਜਾਂਦੀ ਸੀ, ਓਹਨਾਂ ਵਿਚੋਂ ਇਕ ਨੇ ਇਹ ਸਵਾਲ ਕੀਤਾ ਕਿ ਤੁਸੀਂ ਓਹਨਾਂ ਬੰਦਿਆਂ ਦੀ ਮਦਦ ਨਹੀਂ ਕੀਤੀ ਜਿਨ੍ਹਾਂ ਨੇ ਤੁਹਾਡੇ ਖਾਤਰ ਵੱਡਿਆਂ ਨੂੰ ਨਾਂਹ ਕੀਤੀ ਤੇ ਆਪਣਾ ਸਭ ਕੁਝ ਗੁਆ ਲਿਆ। ਓਹਨਾਂ ਦੀ ਸਾਰ ਤਾਂ ਕੀ ਲੈਣੀ ਸੀ, ਸ਼ਾਇਦ ਤੁਸੀਂ ਓਹਨਾਂ ਬਾਰੇ ਜਾਣਦੇ ਵੀ ਨਹੀਂ। ਫਿਰ ਓਹਨਾਂ ਨੇ ਇਕ ਪੁਲਿਸ ਅਫਸਰ ਬਾਰੇ ਦੱਸਿਆ, ਜੋ ਆਪਣੇ ਸਮੇਂ ਵਿੱਚ ਸਭ ਤੋਂ ਵਧੀਆ ਅਫਸਰਾਂ ਵਿਚੋਂ ਸੀ ਪਰ ਉਸਨੇ ਸਰਕਾਰ ਦੀ ਝੂਠੇ ਮੁਕਾਬਲੇ ਵਾਲੀ ਨੀਤੀ ਦਾ ਵਿਰੋਧ ਕੀਤਾ ਤਾਂ ਉਸ ਨੂੰ ਕਈ ਇਲਜਾਮ ਲਾ ਕੇ ਪਹਿਲਾਂ ਨੌਕਰੀਓਂ ਲਾਹਿਆ, ਫਿਰ ਕੱਢ ਦਿੱਤਾ ਤੇ ਫਿਰ ਉਸ ਉਪਰ ਕਈ ਕੇਸ ਪਾ ਦਿੱਤੇ। ਹੁਣ ਉਹ ਗਰੀਬੀ ਦੀ ਹਾਲਤ ਵਿੱਚ ਹੈ ਅਤੇ ਉਸਦੇ ਬੱਚੇ ਵੀ ਪੜ੍ਹ ਨਹੀਂ ਸਕੇ। ਹੁਣ ਉਹ ਸਖਤ ਮਿਹਨਤ ਕਰਕੇ ਆਪਣਾ ਗੁਜਾਰਾ ਕਰ ਰਿਹਾ ਹੈ। ਉਸ ਨੇ ਝੂਠੇ ਮੁਕਾਬਲਿਆਂ ਵਿਰੁੱਧ ਮਹਿਕਮੇ ਵਿਚੋਂ ਆਵਾਜ ਉਠਾਈ ਸੀ ਪਰ ਕਿਸੇ ਨੇ ਉਹਦੀ ਸਾਰ ਨਹੀਂ ਲਈ।

ਜਿਹੜੇ ਵੀ ਬੰਦੇ ਨੇ ਜਾਹਰਾ ਤੌਰ ਤੇ ਸਿੱਖਾਂ ਨਾਲ ਦੁਸ਼ਮਣੀ ਕਮਾਈ ਹੋਵੇ ਤੇ ਉਹ ਵੱਡੇ ਸਿੱਖ ਦੁਸ਼ਮਣ ਵਜੋਂ ਜਾਣਿਆ ਜਾਂਦਾ ਹੋਵੇ ਤੇ ਜਿਸ ਦੀ ਹੋਂਦ ਸਿੱਖਾਂ ਨੂੰ ਚੁਣੌਤੀ ਦੇ ਰਹੀ ਹੋਵੇ, ਉਸ ਨੂੰ ਸਿੱਖ ਇਤਿਹਾਸ ਦੀ ਪਰੰਪਰਾ ਅਨੁਸਾਰ ਸੋਧਣਾ ਪਵਿੱਤਰ ਕਾਰਜ ਬਣ ਜਾਂਦਾ ਹੈ। ਕੋਈ ਵੀ ਸਿੱਖ ਕਿਸੇ ਵੀ ਵੇਲੇ ਮੌਕਾ ਮਿਲਣ ਤੇ ਇਹ ਸੇਵਾ ਸੰਭਾਲ ਸਕਦਾ ਹੈ। ਪਤਾ ਨਹੀਂ ਗੁਰੂ ਕਿਸ ਨੂੰ ਇਹ ਸੇਵਾ ਸਿੱਧਿਆਂ ਬਖਸ਼ ਦੇਵੇ ਜਾਂ ਇਤਿਹਾਸ ਰਾਹੀਂ ਕਿਸੇ ਨੂੰ ਕਿਸ ਵਕਤ ਇਸ ਕਾਰਜ ਲਈ ਪ੍ਰੇਰਿਤ ਕਰ ਦੇਵੇ, ਇਹ ਕਿਹਾ ਨਹੀਂ ਜਾ ਸਕਦਾ। ਇਹ ਸਿੱਖਾਂ ਦੀ ਪਰੰਪਰਾ ਹੈ। ੧੯੮੫ ਤੋਂ ਲੈ ਕੇ ਹੁਣ ਤਕ ਖਾੜਕੂ ਸੰਘਰਸ਼ ਦੌਰਾਨ ਅਤੇ ਫਿਰ ਜੇਲ੍ਹ ਬੰਦੀ ਦੌਰਾਨ ਤੇ ਹੁਣ ਬਾਹਰ ਵਿਚਰਨ ਵੇਲੇ ਵੀ ਬਹੁਤ ਸਿੱਖ ਆਣ ਮਿਲਦੇ ਹਨ ਜਾਂ ਕਿਸੇ ਤਰੀਕੇ ਨਾਲ ਸੁਨੇਹਾ ਲਾ ਦਿੰਦੇ ਹਨ ਕਿ ਫਲਾਣੇ ਸਿੱਖ ਦੁਸ਼ਮਣ ਦੀ ਕੀ ਕੋਈ ਕਮਜੋਰੀ ਹੈ ਜਾਂ ਉਸ ਤੱਕ ਕਿਵੇਂ ਪਹੁੰਚਿਆ ਜਾ

ਸਕਦਾ ਹੈ? ਬੇਅੰਤ, ਕੇਪੀਐਸ ਗਿੱਲ, ਭਜਨ ਲਾਲ, ਰਾਜੀਵ ਗਾਂਧੀ, ਜਨਰਲ ਵੈਦਿਆ, ਐਚਕੇਐਲ ਭਗਤ, ਰਣਜੀਤ ਦਿਆਲ, ਜਿਹੜੇ ਇੱਥੋਂ ਜਾ ਚੁੱਕੇ ਹਨ, ਓਹਨਾਂ ਬਾਰੇ ਵੀ, ਇਸ ਤਰੀਕੇ ਨਾਲ ਸੂਚਨਾਵਾਂ ਆਉਂਦੀਆਂ ਰਹੀਆਂ। ਸੂਚਨਾਵਾਂ ਦੇਣ ਵਾਲੇ ਆਮ ਮੁਲਾਜਮ ਹੁੰਦੇ ਸਨ, ਜਿਨ੍ਹਾਂ ਦਾ ਕਿਸੇ ਜਥੇਬੰਦੀ ਜਾਂ ਵਿਚਾਰਧਾਰਾ ਨਾਲ ਕੋਈ ਸਬੰਧ ਨਹੀਂ ਹੁੰਦਾ। ਓਹਨਾਂ ਨੂੰ ਸਿੱਖ ਦੁਸ਼ਮਣ ਇੱਕ ਚੁਣੌਤੀ ਲੱਗਦਾ ਹੈ ਤੇ ਓਹਨਾਂ ਦਾ ਕੁਦਰਤੀ ਤੌਰ ਤੇ ਉਸ ਵਿਰੁੱਧ ਭੁਗਤਣ ਦਾ ਮਨ ਕਰਦਾ ਹੈ। ਇਹ ਆਪ ਮੁਹਾਰਾ ਵਰਤਾਰਾ ਹੈ। ਉਹ ਬਿਨਾ ਸੋਚੇ ਸਮਝੇ ਇੰਝ ਮਹਿਸੂਸ ਕਰਦੇ ਹਨ ਤੇ ਜੋ ਕੁਝ ਕਰ ਸਕਦੇ ਹਨ, ਉਹ ਕਰਦੇ ਹਨ। ਬੇਅੰਤ ਸਿੰਘ ਹੁਰਾਂ ਵਾਂਗ ਕੋਈ ਤਾਂ ਸਿੱਖ ਦੁਸ਼ਮਣ ਨੂੰ ਸੋਧ ਦਿੰਦਾ ਹੈ ਤੇ ਕੋਈ ਹੋਰ ਕਰਮਜੀਤ ਸਿੰਘ ਸੁਨਾਮ ਵਾਂਗ ਆਪੇ ਸੋਧਣ ਦੀ ਕੋਸ਼ਿਸ਼ ਕਰਦਾ ਹੈ ਜਾਂ ਫਿਰ ਉਸ ਥਾਂ ਜਾਣਕਾਰੀ ਪਹੁੰਚਾਉਂਦਾ ਹੈ, ਜਿੱਥੋਂ ਇਹੋ ਜਿਹੀ ਆਸ ਹੋਵੇ ਜਿਵੇਂ ਮੇਰਠ ਵਿਚ ਕੁਲਦੀਪ ਬਰਾੜ ਬਾਰੇ ਜਾਣਕਾਰੀ ਉਥੋਂ ਦੇ ਫੌਜੀਆਂ ਨੇ ਹੀ ਦਿੱਤੀ ਸੀ। ਸੰਘਰਸ਼ ਦੌਰਾਨ ਅਸੀਂ ਇਨ੍ਹਾਂ ਜਾਣਕਾਰੀਆਂ ਦੀ ਪਰਖ ਕਰਦੇ ਸੀ ਤੇ ਅਮਲ ਵੀ ਕਰਦੇ ਸੀ। ਇਨ੍ਹਾਂ ਕਾਰਜਾਂ ਲਈ ਅਸੀਂ ਬਹੁਤ ਮਿਹਨਤ ਕੀਤੀ ਪਰ ਕਾਰਜ ਸਿਰੇ ਨਹੀਂ ਚੜ੍ਹੇ।

ਜੇਲ੍ਹੋਂ ਬਾਹਰ ਆਉਣ ਤੱਕ ਸਥਿਤੀ ਬਦਲ ਗਈ ਸੀ ਤੇ ਹੁਣ ਕੋਈ ਹਥਿਆਰਬੰਦ ਜੰਗ ਨਹੀਂ ਚੱਲ ਰਹੀ। ਇਸ ਕਰਕੇ ਅਸੀਂ ਕਦੇ ਇਹ ਜਾਣਕਾਰੀ ਬਾਰੇ ਨਹੀਂ ਸੋਚਿਆ ਪਰ ਇਹੋ ਜਿਹੇ ਸਿੱਖ ਦੁਸ਼ਮਣਾਂ ਬਾਰੇ ਸਿੱਖਾਂ ਵਿਚ ਆਮ ਰਾਇ ਹੈ ਕਿ ਇਨ੍ਹਾਂ ਪੰਥ ਦੋਖੀਆਂ ਦੀ ਕੁਦਰਤੀ ਮੌਤ ਨਹੀਂ ਹੋਣੀ ਚਾਹੀਦੀ ਤੇ ਇਨ੍ਹਾਂ ਨੂੰ ਪੰਥ ਵੱਲੋਂ ਸਜਾ ਮਿਲਣੀ ਚਾਹੀਦੀ ਹੈ। ਇਹ ਦੇ ਵਿਚ ਪੁਲਿਸ ਮਹਿਕਮੇ ਵਲੋਂ ਮਿਲਦੀ ਜਾਣਕਾਰੀ ਅਹਿਮ ਰਹੀ ਹੈ। ਹਕੂਮਤ ਨੇ ਸੰਘਰਸ਼ ਦਾ ਭੇਤ ਲੈਣ ਲਈ ਡਰ, ਲਾਲਚ, ਤਸੀਹੇ ਅਤੇ ਕਈ ਕੁਝ ਹੋਰ ਕੀਤਾ ਪਰ ਸਾਡੇ ਕੋਲ ਬਹੁਤੀਆਂ ਖਬਰਾਂ ਪੰਥਕ ਭਾਵਨਾ ਕਰਕੇ ਆਪ ਮੁਹਾਰੇ ਹੀ ਪਹੁੰਚਦੀਆਂ ਹੁੰਦੀਆਂ ਸਨ।

ਪੁਲਿਸ ਵਾਲਿਆਂ ਤੇ ਪਰਿਵਾਰਾਂ ਨੂੰ ਨਿਸ਼ਾਨਾ ਬਣਾਉਣਾ

੧੯੪੭ ਵਕਤ ਅਸੀਂ ਆਜਾਦ ਨਹੀਂ ਸੀ ਹੋਏ। ਅੰਗਰੇਜੀ ਬਸਤੀਵਾਦ ਨੇ ਆਪਣੇ ਸਹਿਯੋਗੀ ਬਿਪਰਵਾਦ ਨੂੰ ਸੱਤਾ ਤਬਾਦਲਾ ਹੀ ਕੀਤਾ ਸੀ। ਰਾਜ ਦਾ ਸੰਕਲਪ, ਮਨੌਤਾਂ, ਧਾਰਨਾਵਾਂ ਤੇ ਸੰਸਥਾਵਾਂ ਵੀ ਉਹੀ ਹੀ ਰਹੀਆਂ। ਕਚਹਿਰੀਆਂ, ਜੇਲ੍ਹਾਂ, ਪੁਲਿਸ ਅਤੇ ਫੌਜ ਉਹੀ ਰਹੀ, ਕੁਝ ਵੀ ਨਹੀਂ ਬਦਲਿਆ। ਅੰਗਰੇਜ ਨੇ ਫੌਜ ਅਤੇ ਪੁਲਿਸ ਦਾ ਢਾਂਚਾ ਸਾਡੇ ਤੇ ਰਾਜ ਕਰਨ ਲਈ ਉਸਾਰਿਆ ਸੀ। ਬਿਪਰਵਾਦ ਨੇ ਵੀ ਉਸੇ ਹੀ ਢਾਂਚੇ ਤੇ ਸੰਸਥਾਵਾਂ ਰਾਹੀਂ ਸਾਡੇ ਤੇ ਰਾਜ ਕਰਨਾ ਸ਼ੁਰੂ ਕਰ ਦਿੱਤਾ। ਭਾਰਤੀ ਪੁਲਿਸ ਲੋਕਾਂ ਦੀ ਜਾਂ ਲੋਕਾਂ ਲਈ ਨਹੀਂ ਹੈ ਸਗੋਂ ਲੋਕਾਂ ਤੇ ਕਾਬੂ ਪਾਉਣ ਅਤੇ ਦੰਡ ਦੇਣ ਲਈ ਹੈ। ਦਿੱਲੀ ਵਾਲਿਆਂ ਨੇ ਪੰਜਾਬ ਦਾ ਖਾਸ ਖਿਆਲ ਰੱਖਿਆ ਹੈ ਕਿ ਇੱਥੋਂ ਦੀ ਪੁਲਿਸ ਨੂੰ ਦੇਸ਼ ਭਰ ਵਿੱਚੋਂ ਸਭ ਤੋਂ ਵੱਧ ਤਾਕਤਵਰ ਤੇ ਜਾਲਮ ਬਣਾਇਆ ਜਾਵੇ। ਸੰਘਰਸ਼ ਤੋਂ ਪਹਿਲਾਂ ਵੀ ਪੰਜਾਬ ਪੁਲਿਸ ਨੂੰ ਦੇਸ਼ ਭਰ ਵਿੱਚ ਸਭ ਤੋਂ ਬਿਹਤਰ ਤੇ ਘੈਂਟ ਪੁਲਿਸ ਫੋਰਸ ਮੰਨਿਆ ਜਾਂਦਾ ਸੀ। ਇਹਨਾਂ ਤੇ ਸਭ ਤੋਂ ਵੱਧ ਪੈਸਾ ਖਰਚਿਆ ਅਤੇ ਸਿਖਲਾਈ ਹੋਈ ਤਾਂ ਕਿ ਇਹ ਆਪਣੇ ਲੋਕਾਂ ਨੂੰ ਚੰਗੀ ਤਰ੍ਹਾਂ ਦਬਾ ਕੇ ਰੱਖ ਸਕਣ।

੧੯੮੪ ਵੇਲੇ ਅਤੇ ਇਸ ਤੋਂ ਬਾਅਦ ਪੁਲਿਸ ਤਾਂ ਉਹੋ ਹੀ ਸੀ ਪਰ ਆਮ ਸਿੱਖਾਂ ਵਾਂਗ ਇਨ੍ਹਾਂ ਤੇ ਵੀ ਬਹੁਤ ਅਸਰ ਹੋਇਆ। ਜਦੋਂ ਹਕੂਮਤ ਨੇ ਦੇਖਿਆ ਕਿ ਉਹਨਾਂ ਦੀ ਮੰਨੀ ਪਰਮੰਨੀ ਪੁਲਿਸ ਖਾੜਕੂਆਂ ਵਿਰੁੱਧ ਦਿਲੋਂ ਨਹੀਂ ਲੜ ਰਹੀ ਤਾਂ ਇਨ੍ਹਾਂ ਨੇ ਤਰੱਕੀਆਂ, ਇਨਾਮਾਂ ਤੇ ਪੁਲਿਸ ਵਾਲਿਆਂ ਨੂੰ ਵਡਿਆਉਣ ਦਾ ਕੰਮ ਸ਼ੁਰੂ ਕਰ ਦਿੱਤਾ। ਦੂਜੇ ਪਾਸੇ ਏਜੰਸੀਆਂ ਅਤੇ ਕੈਟ ਸਿਸਟਮ ਰਾਹੀਂ ਇਕ ਹੋਰ ਰਾਹ ਖੋਲ੍ਹ ਦਿੱਤਾ। ਹਕੂਮਤ ਦੇ ਇਸ਼ਾਰਿਆਂ ਤੇ ਚੱਲਣ ਵਾਲੇ ਅਫਸਰਾਂ ਤੇ ਮੁਲਾਜਮਾਂ ਨੂੰ ਪੂਰੀ ਖੁੱਲ੍ਹ ਦਿੱਤੀ ਗਈ, ਜਿੰਨੀ ਅੱਜ ਤਕ ਕਿਸੇ ਵੀ ਮਹਿਕਮੇ ਨੂੰ ਨਹੀਂ ਸੀ ਦਿੱਤੀ ਗਈ। ਸਾਰੇ ਦੇਸ਼ ਨੇ ਇਸ ਜਾਲਮ ਵਰਤਾਰੇ ਦੇ ਸੋਹਲੇ ਗਾਏ। ਇਸ ਤਰੀਕੇ ਨਾਲ ਹਕੂਮਤ ਨੇ

ਪੰਜਾਬ ਦੀ ਪੁਲਿਸ ਨੂੰ ਬੁਚੜ ਅਤੇ ਮੁਜਰਮ ਮਹਿਕਮਾ ਬਣਾ ਦਿੱਤਾ ਤੇ ਇਸ ਨਿਰਦਇਤਾ ਕਾਰਣ ਹੀ ਪੰਜਾਬ ਪੁਲਿਸ ਨੂੰ ਇੰਡੀਆ ਦੀ ਸ਼ਾਨ ਦੱਸਿਆ।

ਪੰਜਾਬ ਪੁਲਿਸ ਨੇ ਸਿੰਘਾਂ ਦੇ ਪਰਿਵਾਰਾਂ ਅਤੇ ਹਮਦਰਦਾਂ ਤੇ ਬੇਹੱਦ ਤਸ਼ੱਦਦ ਕੀਤਾ ਤੇ ਅਣਗਿਣਤਾਂ ਨੂੰ ਮਾਰ ਮੁਕਾਇਆ। ਸਿੰਘਾਂ ਨੇ ਨੀਤੀ ਵਜੋਂ ਜਾਂ ਮੋੜਵੇਂ ਪੈਂਤੜੇ ਦੇ ਵਜੋਂ ਕਦੀ ਵੀ ਪੁਲਿਸ ਪਰਿਵਾਰਾਂ ਉਤੇ ਹਮਲੇ ਨਹੀਂ ਕੀਤੇ। ਜਿਹੜੇ ਕੁਝ ਹਮਲੇ ਹੋਏ, ਉਹ ਕੁਝ ਕੁ ਸਿੰਘਾਂ ਦੇ ਰੋਹ ਕਾਰਨ ਜਾਂ ਕਿਸੇ ਇਕ ਜਥੇ ਦਾ ਤਤਕਾਲੀ ਫੈਸਲਾ ਸੀ। ਪੰਥਕ ਕਮੇਟੀ ਜਾਂ ਜਥੇਬੰਦੀਆਂ ਨੇ ਕੇਂਦਰੀ ਪੱਧਰ ਉਤੇ ਕਦੀ ਵੀ ਅਜਿਹਾ ਫੈਸਲਾ ਨਹੀਂ ਸੀ ਲਿਆ। ੧੯੮੪ ਤੋਂ ਪਹਿਲਾਂ ਡੀਐਸਪੀ ਗੁਰਬਚਨ ਸਿੰਘ ਨੇ ਅੱਗੇ ਹੋ ਕੇ ਸਿੰਘਾਂ ਤੇ ਤਸ਼ੱਦਦ ਕੀਤਾ ਸੀ। ਉਸ ਨੇ ਸਭ ਤੋਂ ਪਹਿਲਾਂ ਇਸ ਸੰਘਰਸ਼ ਵਿੱਚ ਕੁਲਵੰਤ ਸਿੰਘ ਨਾਗੋਕੇ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ ਸੀ। ਉਸ ਦੇ ਪਰਿਵਾਰ ਦੇ ਕਈ ਲੋਕ ਮਾਰੇ ਗਏ। ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੇ ਸਿਰਫ ਉਸ ਦਾ ਨਾਂ ਹੀ ਲਿਆ ਸੀ ਪਰ ਇਹ ਪਹਿਲਾ ਵਾਕਿਆਤ ਸੀ ਤੇ ਬਹੁਤ ਚਰਚਿਤ ਹੋ ਗਿਆ। ਇਸ ਕਰਕੇ ਕੁਝ ਸਿੰਘਾਂ ਨੇ ਆਪਣੇ ਪੱਧਰ ਤੇ ਹੀ ਉਸ ਪੁਲਿਸ ਅਫਸਰ ਦੇ ਪਰਿਵਾਰ ਤੇ ਹਮਲਾ ਕਰ ਦਿੱਤਾ। ਇਸ ਤੋਂ ਬਾਅਦ ਵੀ ਪੁਲਿਸ ਦੇ ਕਈ ਅਫਸਰਾਂ ਦੇ ਮੁੰਡਿਆਂ ਨੂੰ ਨਿਸ਼ਾਨਾ ਬਣਾਇਆ ਗਿਆ, ਉਹ ਵਾਕਿਆਤ ਵੀ ਕਿਸੇ ਇਕ ਜਥੇ ਦੇ ਫੈਸਲੇ ਤੱਕ ਹੀ ਸੀਮਤ ਸੀ।

ਕੁਝ ਅਜਿਹੇ ਵਾਕਿਆਂ ਦਾ ਜਿਕਰ ਜਰੂਰੀ ਹੈ ਜਿਵੇਂ ਪਟਿਆਲੇ ਵਿਚ ਡੀਜੀਪੀ ਮਾਂਗਟ ਦੇ ਮੁੰਡੇ ਨੂੰ ਨਿਸ਼ਾਨਾ ਬਣਾਇਆ ਗਿਆ। ਇਸੇ ਤਰ੍ਹਾਂ ਅੰਮ੍ਰਿਤਸਰ ਵਿਚ ਐਸਪੀ ਕਾਹਲੋਂ ਦੇ ਮੁੰਡੇ ਨੂੰ ਮਾਰਿਆ ਗਿਆ ਤੇ ਇੱਕ ਹੋਰ ਇੰਸਪੈਕਟਰ ਦੇ ਮੁੰਡੇ ਨੂੰ ਮਾਰਿਆ ਗਿਆ। ਜਲੰਧਰ ਵਿੱਚ ਐਸਐਸਪੀ ਗੋਬਿੰਦ ਰਾਮ ਦੇ ਮੁੰਡੇ ਨੂੰ ਮਾਰਿਆ ਗਿਆ। ਇਹ ਸਾਰੇ ਅਫਸਰ ਸੰਘਰਸ਼ ਵਿਰੁੱਧ ਅੱਗੇ ਹੋ ਕੇ ਕੰਮ ਕਰਦੇ ਸਨ ਤੇ ਇਨ੍ਹਾਂ ਨੇ ਬਹੁਤ ਸਿੰਘਾਂ ਤੇ ਤਸ਼ੱਦਦ ਢਾਹਿਆ ਤੇ ਓਹਨਾਂ ਨੂੰ ਸ਼ਹੀਦ ਕੀਤਾ ਸੀ, ਪਰ ਉਨ੍ਹਾਂ ਦੇ ਕੀਤੇ ਦੀ ਸਜਾ ਉਹਨਾਂ ਦੇ ਮੁੰਡਿਆਂ ਨੂੰ ਮਿਲੀ। ਸਜਾ ਦੇਣ ਵਾਲਿਆਂ ਦਾ ਖਿਆਲ ਸੀ ਕਿ ਜਦੋਂ ਇਨ੍ਹਾਂ ਦਾ ਆਪਣਾ ਪੁੱਤ ਮਰਿਆ ਤਾਂ ਇਨ੍ਹਾਂ ਨੂੰ ਮਾਪਿਆਂ ਦੇ ਦਰਦ ਬਾਰੇ ਪਤਾ ਲੱਗੇਗਾ। ਫੇਰ ਇਹ ਹੋਰਨਾਂ ਲਈ ਵੀ ਸੁਨੇਹਾ ਅਤੇ ਚੇਤਾਵਨੀ ਹੋਵੇਗਾ। ਇਹ ਗੱਲ ਸਹੀ ਸੀ ਕਿ ਉਹਨਾਂ ਨੂੰ ਦਰਦ ਵੀ ਹੋਇਆ ਤੇ ਸੰਦੇਸ਼ ਵੀ ਗਿਆ ਪਰ ਇਸ ਤਰੀਕੇ ਦਾ ਅਮਲ ਕਰਨ ਨਾਲ ਸਾਡੇ ਸੰਘਰਸ਼ ਨੂੰ ਧੱਕਾ ਲੱਗਿਆ।

ਖਾਲਸੇ ਦੇ ਅਮਲ ਵਿੱਚ ਕਿਸੇ ਬੇਕਸੂਰ ਨੂੰ ਸਜਾ ਨਹੀਂ ਦਿੱਤੀ ਜਾਂਦੀ। ਪਿਉ ਦੇ ਗੁਨਾਹ ਦੀ ਸਜਾ ਪੁੱਤ ਨੂੰ ਨਹੀਂ ਦਿੱਤੀ ਜਾ ਸਕਦੀ। ਅਸੀਂ ਜੁਲਮ ਤੇ ਬੇਇਨਸਾਫੀ ਵਿਰੁੱਧ ਹਥਿਆਰ ਚੁੱਕੇ ਸੀ। ਜੰਗ ਵਿੱਚ ਦੁਨਿਆਵੀ ਜਾਂ ਵਕਤੀ ਫਾਇਦਿਆਂ ਲਈ

ਅਸੂਲਾਂ ਨੂੰ ਨਹੀਂ ਛੱਡਿਆ ਜਾ ਸਕਦਾ। ਇਹ ਸਜਾ ਦੇਣ ਵਾਲੇ ਕੁਝ ਸਿੰਘਾਂ ਨੂੰ ਮੈਂ ਜਾਣਦਾ ਸੀ। ਉਹ ਚੜ੍ਹਦੀ ਕਲਾ ਅਤੇ ਸੱਚੇ ਕਿਰਦਾਰ ਵਾਲੇ ਸਿੰਘ ਸਨ ਪਰ ਉਸ ਵਕਤ ਜੰਗ ਦੀ ਸ਼ਿੱਦਤ ਵਿੱਚ ਆਪਣੇ ਦੁਸ਼ਮਣ ਤੇ ਵਾਰ ਕਰਨ ਦਾ ਅੰਦਾਜ ਗਲਤ ਹੋ ਗਿਆ। ਇਹੋ ਜਿਹੇ ਕੰਮਾਂ ਵਿਚ ਸੰਗਤ ਵੀ ਨਾਲ ਨਹੀਂ ਖੜ੍ਹਦੀ ਅਤੇ ਨਾ ਹੀ ਗੁਰੂ ਦੀ ਬਖਸ਼ਿਸ਼ ਹੁੰਦੀ ਹੈ। ਸੋ ਉਹੀ ਹੋਇਆ। ਸਾਡੇ ਸੰਘਰਸ਼ ਨੂੰ ਵੀ ਆਂਚ ਆਈ ਤੇ ਉਹ ਅਫਸਰ ਪਹਿਲਾਂ ਨਾਲੋਂ ਵੀ ਵੱਧ ਵਹਿਸ਼ੀ ਤੇ ਪਾਗਲ ਹੋ ਗਏ। ਇਹਨਾਂ ਵਾਕਿਆਂ ਤੋਂ ਬਾਅਦ ਓਹਨਾਂ ਨੇ ਅੱਤ ਹੀ ਕਰ ਦਿੱਤੀ। ਹਕੂਮਤ ਤੇ ਪੁਲਿਸ ਨੂੰ ਵੀ ਸਾਡੇ ਖਿਲਾਫ ਪਰਚਾਰਨ ਨੂੰ ਗੱਲ ਮਿਲ ਗਈ। ਉਸ ਵਕਤ ਕਾਹਲ ਜਾਂ ਰੋਹ ਵਿਚ ਚੁੱਕਿਆ ਗਿਆ ਗੈਰ ਅਸੂਲੀ ਕਦਮ ਸਾਡੇ ਲਈ ਬਹੁਤ ਮਹਿੰਗਾ ਸਾਬਤ ਹੋਇਆ।

ਜਦੋਂ ਤੋਂ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੇ ਜਾਲਮ ਅਫਸਰਾਂ ਨੂੰ ਵੰਗਾਰਿਆ ਤੇ ਇਨਸਾਫ ਦੇ ਖਾਲਸਾਈ ਪੈਮਾਨੇ ਅਨੁਸਾਰ ਇਨ੍ਹਾਂ ਨੂੰ ਸਜਾਵਾਂ ਦਿੱਤੀਆਂ ਜਾਣ ਲੱਗੀਆਂ ਤੇ ਇਸ ਤੋਂ ਬਾਅਦ ਖਾੜਕੂ ਸੰਘਰਸ਼ ਦੌਰਾਨ ਵੀ ਪੈਮਾਨਾ ਬਹੁਤ ਸਪਸ਼ਟ ਸੀ ਕਿ ਤਸ਼ੱਦਦ ਅਤੇ ਸਿੰਘਾਂ ਨੂੰ ਸ਼ਹੀਦ ਕਰਨ ਵਾਲਿਆਂ ਨੂੰ ਹੀ ਸਜਾ ਦਿੱਤੀ ਜਾਵੇਗੀ। ਸਦਾ ਹੀ ਇਹ ਕੋਸ਼ਿਸ਼ ਰਹੀ ਕਿ ਅਸੂਲ ਨੂੰ ਬਣਾਈ ਰੱਖਿਆ ਜਾਵੇ ਪਰ ੧੯੮੪ ਤੋਂ ਪਹਿਲਾਂ ਤੇ ਇਸ ਤੋਂ ਬਾਅਦ ਵੀ ਦੋਸ਼ੀਆਂ ਦੇ ਨਾਲ ਕਈ ਥਾਈਂ ਬੇਦੋਸ਼ੇ ਪੁਲਿਸ ਵਾਲੇ ਵੀ ਮਾਰੇ ਗਏ। ਸੰਘਰਸ਼ ਦੇ ਅਖੀਰ ਵਿੱਚ ਤਾਂ ਕਈ ਥਾਂ ਬਿਲਕੁਲ ਹੀ ਬੇਕਸੂਰ ਪਰਿਵਾਰਕ ਜੀਅ ਗੋਲੀ ਦਾ ਨਿਸ਼ਾਨਾ ਬਣ ਗਏ। ਇਹ ਤਾਂ ਹੀ ਵਾਪਰਿਆ ਕਿ ਇਹੋ ਜਿਹੇ ਲੋਕ ਵੀ ਸੰਘਰਸ਼ ਵਿੱਚ ਸ਼ਾਮਿਲ ਹੋਏ, ਜਿਹੜੇ ਕਿਸੇ ਵੀ ਮਰਯਾਦਾ ਵਿੱਚ ਨਹੀਂ ਸਨ ਅਤੇ ਆਪਣੀ ਸਮਝ ਅਨੁਸਾਰ ਹੀ ਚਲਦੇ ਰਹੇ। ਹਕੂਮਤ ਨੇ ਵੀ ਜੁਲਮ ਦੀ ਅੱਤ ਕਰਕੇ ਅਤੇ ਕਈ ਤਰ੍ਹਾਂ ਦੀਆਂ ਗੁਪਤ ਨੀਤੀਆਂ ਰਾਹੀਂ ਇਹੋ ਜਿਹਾ ਮਾਹੌਲ ਬਣਾਇਆ ਕਿ ਦੋਵੇਂ ਪਾਸੇ ਬੇਕਸੂਰ ਲੋਕ ਮਾਰੇ ਜਾਣ।

ਕਈ ਲੋਕ ਸਹੀ ਮੁਕਾਬਲਿਆਂ ਵਿੱਚ ਵੀ ਅਣਜਾਣੇ ਹੀ ਮਾਰੇ ਗਏ ਜਿਵੇਂ ਡੀਆਈਜੀ ਅਜੀਤ ਸਿੰਘ ਮੰਡ ਦੇ ਮੁਕਾਬਲੇ ਵਿੱਚ ਮਾਰਿਆ ਗਿਆ ਅਤੇ ਐਸਪੀ ਗਿੱਲ ਪਟਿਆਲੇ ਵਿੱਚ ਮਾਰਿਆ ਗਿਆ। ਇਹ ਉਹ ਅਫਸਰ ਸਨ ਜਿਹੜੇ ਸਾਡੇ ਸੰਘਰਸ਼ ਦੇ ਨਿਸ਼ਾਨੇ ਤੇ ਨਹੀਂ ਸਨ। ਜਦੋਂ ਪੁਲਿਸ ਅਤੇ ਹੋਰ ਸੁਰੱਖਿਆ ਬਲਾਂ ਤੇ ਘਾਤਾਂ ਲਾਉਣੀਆਂ ਸ਼ੁਰੂ ਹੋਈਆਂ ਤਾਂ ਉਸ ਵਿਚ ਹਰ ਤਰ੍ਹਾਂ ਦੇ ਬੰਦੇ ਹੀ ਨਿਸ਼ਾਨੇ ਬਣ ਜਾਂਦੇ ਹਨ। ਕਈ ਵਾਰ ਇਹੋ ਜਿਹੀਆਂ ਹਾਲਤਾਂ ਵਿਚ ਆਮ ਨਾਗਰਿਕ ਵੀ ਗੋਲੀਬਾਰੀ ਵਿਚ ਆ ਜਾਂਦੇ ਹਨ।

ਕਈ ਥਾਂ ਤੇ ਪੁਲਿਸ ਵਾਲਿਆਂ ਨੂੰ ਸਿਰਫ ਓਹਨਾਂ ਦੀ ਵਰਦੀ ਕਰਕੇ ਜਾਂ ਹਥਿਆਰਾਂ ਲਈ ਹੀ ਮਾਰ ਦਿੱਤਾ ਗਿਆ ਜੋ ਕਦੀ ਵੀ ਸਾਡਾ ਅਸੂਲ ਨਹੀਂ ਸੀ। ਇਹੋ

ਜਿਹੇ ਅਮਲ ਕਰਨ ਵਾਲਾ ਹਿੱਸਾ ਸੰਘਰਸ਼ ਦੀ ਮਰਯਾਦਾ ਤੋਂ ਬਾਹਰ ਸੀ। ਮੈਨੂੰ ਜਲੰਧਰ ਦੀ ਇਕ ਠਾਹਰ ਦੀ ਗੱਲ ਯਾਦ ਆਉਂਦੀ ਹੈ। ਕਈ ਵਾਰ ਸ਼ਾਮ ਨੂੰ ਅਸੀਂ ਠਾਹਰ ਦੀ ਉਪਰਲੀ ਮੰਜਿਲ ਤੇ ਬੈਠ ਕੇ ਚਾਹ ਪੀਆ ਕਰਦੇ ਸੀ। ਉੱਥੋਂ ਦਾ ਇੱਕ ਹਿੰਦੂ ਪੁਲਿਸ ਇੰਸਪੈਕਟਰ ਰਿਕਸ਼ੇ ਤੇ ਹਰ ਰੋਜ ਆਪਣੇ ਘਰ ਨੂੰ ਲੰਘਿਆ ਕਰਦਾ ਸੀ। ਉਸ ਨੇ ਘਰ ਨੂੰ ਜਾਂਦਿਆਂ ਵਕਤ ਦਾਰੂ ਪੀਤੀ ਹੁੰਦੀ ਸੀ ਤੇ ਉਸ ਦੇ ਲੱਕ ਨਾਲ ਪਸਤੌਲ ਪਾਇਆ ਹੁੰਦਾ ਸੀ। ਚਾਚਾ ਮਥਰਾ ਸਿੰਘ ਨੇ ਬਾਬਾ ਬਲਵਿੰਦਰ ਸਿੰਘ ਨੂੰ ਕਿਹਾ ਕਿ ਇਹ ਵਿਚਾਰੇ ਨੇ ਕਿਸੇ ਦਿਨ ਹਥਿਆਰ ਕਰਕੇ ਹੀ ਮਾਰਿਆ ਜਾਣਾ ਹੈ। ਇਸ ਨੂੰ ਕਿਸੇ ਤਰ੍ਹਾਂ ਜਾ ਕੇ ਕੋਈ ਸਮਝਾਵੇ ਕਿ ਇਨ੍ਹਾਂ ਸਮਿਆਂ ਵਿਚ ਰਾਤ ਨੂੰ ਨਸ਼ੇ ਵਿੱਚ ਪੱਕੇ ਸਮੇਂ ਤੇ ਹਥਿਆਰ ਪਾ ਕੇ ਏਦਾਂ ਨਹੀਂ ਲੰਘਣਾ ਚਾਹੀਦਾ। ਠਾਹਰ ਵਾਲਿਆਂ ਨੇ ਦੱਸਿਆ ਕਿ ਇਹ ਬੜਾ ਭਲਾ ਬੰਦਾ ਹੈ ਪਰ ਇਸ ਨੂੰ ਸ਼ਰਾਬ ਪੀਣ ਦੀ ਆਦਤ ਹੈ। ਅੱਗੇ ਕਿਸੇ ਮੁਹੱਲੇ ਵਿਚ ਰਹਿੰਦਾ ਹੈ ਤੇ ਇਹ ਲੁਧਿਆਣੇ ਰੇਲਵੇ ਸਟੇਸ਼ਨ ਤੇ ਲੱਗਿਆ ਹੈ। ਕੋਈ ਸੱਤ ਅੱਠ ਮਹੀਨਿਆਂ ਬਾਅਦ ਮੈਂ ਅਤੇ ਚਾਚਾ ਮਥਰਾ ਸਿੰਘ ਚੰਡੀਗੜ੍ਹ ਸੀ ਤੇ ਉਸ ਨੇ ਮੈਨੂੰ ਜਗਬਾਣੀ ਅਖਬਾਰ ਵਿਚੋਂ ਖਬਰ ਕੱਢ ਕੇ ਦਿਖਾਈ ਕਿ 'ਕੱਲ੍ਹ ਰਾਤ ਅਤਿਵਾਦੀਆਂ ਨੇ ਇਕ ਪੁਲਿਸ ਇੰਸਪੈਕਟਰ ਨੂੰ ਮਾਰ ਦਿੱਤਾ ਹੈ ਤੇ ਉਸ ਦਾ ਹਥਿਆਰ ਵੀ ਲੈ ਗਏ।' ਇਹੋ ਜਿਹੇ ਕੰਮ ਵੀ ਹੋਏ।

ਪੁਲਿਸ ਵਾਲਿਆਂ ਨੂੰ ਮਾਰਨਾ ਸਾਡਾ ਕੋਈ ਮਨੋਰਥ ਨਹੀਂ ਸੀ। ਸਿਰਫ ਦੋਸ਼ੀ ਪੁਲਿਸ ਵਾਲੇ, ਜੋ ਹਕੂਮਤ ਦੇ ਢਹੇ ਚੜ੍ਹ ਕੇ ਪੰਜਾਬ ਤੇ ਪੰਥ ਨਾਲ ਗੱਦਾਰੀ ਕਰ ਰਹੇ ਸਨ, ਉਹ ਸਾਡਾ ਨਿਸ਼ਾਨਾ ਸਨ। ਪਿੰਡਾਂ ਸ਼ਹਿਰਾਂ ਵਿਚ ਪੁਲਿਸ ਵਾਲੇ ਸਾਡੀਆਂ ਠਾਹਰਾਂ ਵੀ ਸਨ ਤੇ ਸਾਡੇ ਮਦਦਗਾਰ ਵੀ ਸਨ। ਜੋ ਇਹ ਗੱਲ ਸਥਾਪਤ ਕੀਤੀ ਗਈ ਕਿ ਖਾੜਕੂ ਪੁਲਿਸ ਵਾਲਿਆਂ ਦੇ ਦੁਸ਼ਮਣ ਸਨ ਤੇ ਓਹਨਾਂ ਨੂੰ ਦੇਖਦਿਆਂ ਹੀ ਮਾਰ ਦਿੰਦੇ ਸਨ, ਇਹ ਬਿਲਕੁਲ ਗਲਤ ਹੈ।

ਪੁਲਿਸ ਅੰਦਰਲੀ ਮਾਰ

ਸੰਘਰਸ਼ਾਂ ਦਾ ਇਕ ਅਜਿਹਾ ਪੱਖ ਵੀ ਹੈ ਜੋ ਕਿਤੇ ਵੀ ਸਾਹਮਣੇ ਨਹੀਂ ਆਉਂਦਾ ਹੁੰਦਾ ਪਰ ਸੰਘਰਸ਼ਾਂ ਦੌਰਾਨ ਅਜਿਹਾ ਵਾਪਰਦਾ ਹੈ। ਕਿਸੇ ਵੀ ਥਾਂ ਦੇ ਰਾਖੀ ਮਹਿਕਮੇ ਵਿਚ ਜਿਹੜੇ ਬੰਦੇ ਇਮਾਨ ਵਾਲੇ ਅਤੇ ਕਾਨੂੰਨ ਦੇ ਪਾਬੰਦ ਹੁੰਦੇ ਹਨ ਉਹਨਾਂ ਨੂੰ ਆਪਣੇ ਮਹਿਕਮੇ ਵਲੋਂ ਵੀ ਖਪਾ ਦਿੱਤਾ ਜਾਂਦਾ ਹੈ, ਸਬੂਤ ਵਜੋਂ ਵੀ ਅਤੇ ਖਤਰੇ ਵਜੋਂ ਵੀ। ਇਸ ਤਰ੍ਹਾਂ ਪੰਜਾਬ ਵਿਚ ਵੀ ਵਾਪਰਿਆ ਹੈ ਪਰ ਅਜਿਹੇ ਕੰਮਾਂ ਦੇ ਸਬੂਤ ਨਹੀਂ ਮਿਲਦੇ ਹੁੰਦੇ।

ਓਹਨਾਂ ਸਮਿਆਂ ਵਿਚ ਖਾੜਕੂ ਵਿਰੋਧੀ ਬਦਨਾਮ ਅਫਸਰਾਂ ਨੂੰ ਖੁੱਲ੍ਹੀਆਂ ਤਾਕਤਾਂ ਮਿਲੀਆਂ ਸਨ ਤੇ ਏਹ ਲੋਕ ਮੀਡੀਆ ਅਤੇ ਦੇਸ਼ ਦੇ ਚਹੇਤੇ ਸਨ। ਖਾੜਕੂਆਂ ਵਿਰੁੱਧ ਜੰਗ ਦੇ ਪਰਦੇ ਹੇਠ ਇਹ ਲੋਕ ਹੋਰ ਵੀ ਬਹੁਤ ਜੁਰਮ ਕਰਦੇ ਸੀ, ਜਿਵੇਂ ਲੁੱਟ ਖੋਹ, ਡਾਕੇ, ਕਬਜੇ, ਫਿਰੌਤੀਆਂ ਅਤੇ ਇਜਤਾਂ ਦਾ ਖਿਲਵਾੜ। ਬਹੁਤਿਆਂ ਨੇ ਤਾਂ ਸੰਘਰਸ਼ ਦੇ ਖਿਲਾਫ ਲੜਣ ਦੇ ਨਾਂ ਹੇਠ ਪੈਸਾ ਇਕੱਠਾ ਕਰਨ ਦੇ ਦੌਰ ਚਲਾਏ ਹੋਏ ਸੀ। ਅਜਿਹੇ ਲੋਕਾਂ ਨੇ ਕਈ ਮੁਲਾਜਮ ਇਸ ਕਰਕੇ ਹੀ ਮਾਰ ਦਿੱਤੇ ਕਿ ਇਨ੍ਹਾਂ ਨੂੰ ਸ਼ੱਕ ਪੈ ਗਿਆ ਕਿ ਇਹ ਖਾੜਕੂਆਂ ਨਾਲ ਰਲੇ ਹੋਏ ਹਨ।

ਇੰਸਪੈਕਟਰ ਸੰਤ ਕੁਮਾਰ ਬਾਰੇ ਉਹਦੇ ਨਾਲ ਰਹਿਣ ਵਾਲੇ ਇਕ ਮੁਲਾਜਮ ਨੇ ਦੱਸਿਆ ਸੀ ਕਿ ਜਿਸ ਰਾਤ ਉਸ ਨੇ ਦੋ ਸਿੰਘਾਂ ਦਾ ਮੁਕਾਬਲਾ ਬਣਾਇਆ, ਓਹਨਾਂ ਦੇ ਨਾਲ ਉਸ ਮੁਲਾਜਮ ਨੂੰ ਵੀ ਮਾਰ ਦਿੱਤਾ, ਜਿਸ ਤੇ ਇਹ ਸ਼ੱਕ ਸੀ ਕਿ ਇਹ ਖਾੜਕੂਆਂ ਨਾਲ ਰਲ ਕੇ ਮੈਨੂੰ ਮਰਵਾ ਸਕਦਾ ਹੈ। ਇਹੋ ਜਿਹੇ ਹੋਰ ਵੀ ਪੁਲਿਸ ਮੁਲਾਜਮ ਹੋਣਗੇ ਜਿਹੜੇ ਸਾਡੇ ਨਾਲ ਰਲੇ ਹੋਣ ਦੇ ਸ਼ੱਕ ਵਿੱਚ ਮਾਰੇ ਗਏ ਜਾਂ ਨੌਕਰੀਓਂ ਕੱਢ ਦਿੱਤੇ ਗਏ। ਜਿਨ੍ਹਾਂ ਬੰਦਿਆਂ ਨੂੰ ਸਿੱਖਾਂ ਦੇ ਵੱਡੇ ਦੁਸ਼ਮਣ ਮੰਨਿਆ ਗਿਆ, ਜਿਵੇਂ ਮੁੱਖ ਮੰਤਰੀ ਬੇਅੰਤ, ਕੇਪੀਐਸ ਗਿੱਲ, ਇੰਦਰਾ ਗਾਂਧੀ, ਜਨਰਲ ਵੈਦਿਆ, ਕੁਲਦੀਪ ਬਰਾੜ ਤੇ ਹੋਰ। ਓਹਨਾਂ ਨੂੰ ਸਦਾ ਹੀ ਇਹ ਖਤਰਾ ਰਿਹਾ ਹੈ ਕਿ ਓਹਨਾਂ ਨੂੰ ਕੋਈ

ਓਹਨਾਂ ਦਾ ਪਹਿਰੇਦਾਰ ਸਿੱਖ ਮੁਲਾਜਮ ਹੀ ਮਾਰ ਸਕਦਾ ਹੈ। ਇਸ ਕਰਕੇ ਇਨ੍ਹਾਂ ਨੇ ਸਦਾ ਹੀ ਸਿੱਖਾਂ ਨੂੰ ਆਪਣੇ ਅੰਦਰੂਨੀ ਸੁਰੱਖਿਆ ਘੇਰੇ ਤੋਂ ਬਾਹਰ ਰੱਖਿਆ ਜਾਂ ਜਿਹੜੇ ਸਿੱਖਾਂ ਨੂੰ ਲਾਇਆ ਤਾਂ ਉਹ ਬਹੁਤ ਹੀ ਪਰਖਾਂ ਵਿੱਚੋਂ ਨਿਕਲੇ ਸਨ। ਇਹੋ ਜਿਹੇ ਵੱਡੇ ਦੋਖੀਆਂ ਨੂੰ ਕੋਈ ਵੀ ਸਿੱਖ ਮਾਰ ਸਕਦਾ ਸੀ। ਓਹਨਾਂ ਦਾ ਇਹ ਤੌਖਲਾ ਠੀਕ ਵੀ ਸੀ ਕਿਉਂਕਿ ਸਿੱਖਾਂ ਵਿਚ ਇਹੋ ਜਿਹੇ ਪੰਥ ਦੁਸ਼ਮਣ ਨੂੰ ਮਾਰਨਾ ਵੱਡੀ ਸੇਵਾ ਮੰਨੀ ਜਾਂਦੀ ਹੈ ਤੇ ਗੁਰੂ ਦੀ ਬਖਸ਼ਿਸ਼ ਮੰਨੀ ਜਾਂਦੀ ਹੈ। ਇਸ ਕਰਕੇ ਕਿਸੇ ਵੀ ਸਮੇਂ ਕਿਸੇ ਵੀ ਸਿੱਖ ਦਾ ਮਨ ਬਦਲ ਸਕਦਾ ਹੈ ਜਾਂ ਉਸ ਤੇ ਪੰਥ ਦੀ ਬਖਸ਼ਿਸ਼ ਹੋ ਸਕਦੀ ਹੈ ਤੇ ਉਹ ਸੇਵਾ ਲੈ ਸਕਦਾ ਹੈ।

ਖਾਲਸਤਾਨ ਲਿਬਰੇਸ਼ਨ ਫੋਰਸ ਦੇ ਅਵਤਾਰ ਸਿੰਘ ਤੂਰਵਣਜਾਰਾ, ਜੋ ਬਹੁਤ ਚੜ੍ਹਦੀ ਕਲਾ ਵਾਲਾ ਸਿੰਘ ਸੀ, ਉਹ ਲੁਧਿਆਣੇ ਸ਼ਹਿਰ ਵਿੱਚ ਇੱਕ ਅਸਲੀ ਮੁਕਾਬਲੇ ਵਿੱਚ ਸ਼ਹਾਦਤ ਪਾ ਗਿਆ। ਜਦ ਪੁਲਿਸ ਵਾਲੇ ਉਹਦੀ ਲਾਸ਼ ਸੀਆਈਏ ਲੈ ਕੇ ਗਏ ਤਾਂ ਉੱਥੇ ਕਿਸੇ ਮੁਲਾਜਮ ਨੇ ਉਸ ਨੂੰ ਪਹਿਚਾਣ ਲਿਆ ਕਿ ਇਹ ਤਾਂ ਫਲਾਣੇ ਮੁਲਾਜਮ ਨਾਲ ਇਥੇ ਆਇਆ ਸੀ। ਉਸ ਵਕਤ ਸੈਣੀ ਉੱਥੇ ਤੈਨਾਤ ਸੀ। ਉਸਨੇ ਉਸ ਮੁਲਾਜਮ ਉਤੇ ਉਸੇ ਵਕਤ ਉੱਥੇ ਤਸ਼ੱਦਦ ਕਰਨਾ ਸ਼ੁਰੂ ਕਰ ਦਿੱਤਾ ਤੇ ਬਾਅਦ ਵਿਚ ਗੋਲੀ ਮਾਰ ਕੇ ਮਾਰ ਦਿੱਤਾ। ਇਹ ਪੁਲਿਸ ਮੁਲਾਜਮ ਅਵਤਾਰ ਸਿੰਘ ਦਾ ਰਿਸ਼ਤੇਦਾਰ ਸੀ।

ਕਈ ਵਾਰ ਬਦਨਾਮ ਪੁਲਿਸ ਅਫਸਰਾਂ ਨੇ ਆਪਣੇ ਮੁਲਾਜਮਾਂ ਨੂੰ ਇਸ ਕਰਕੇ ਹੀ ਮਾਰ ਦਿੱਤਾ ਕਿ ਉਹਨਾਂ ਨੂੰ ਕੁਝ ਭੇਤ ਪਤਾ ਲੱਗ ਗਏ ਜੋ ਨਹੀਂ ਲਗਣੇ ਚਾਹੀਦੇ ਸਨ। ਅਜਿਹੇ ਮੁਲਾਜਮਾਂ ਦੇ ਕਤਲ ਵੀ ਸਿੰਘਾਂ ਨਾਲ ਮੁਕਾਬਲਾ ਹੀ ਵਿਖਾਏ ਗਏ। ਅਜਿਹੇ ਕਤਲਾਂ ਬਾਰੇ ਪੁਲਿਸ ਵਾਲਿਆਂ ਨੂੰ ਪਤਾ ਹੈ ਪਰ ਸ਼ਾਇਦ ਹੀ ਇਹ ਗੱਲ ਕਦੇ ਕੋਈ ਬਾਹਰ ਕੱਢੇਗਾ। ਮੈਨੂੰ ਪੁਲਿਸ ਵਾਲਿਆਂ ਨੇ ਹੀ ਕਈ ਵਾਰ ਅਜਿਹੇ ਵਾਕਿਆਤ ਦੱਸੇ ਹਨ ਕਿ ਉਸ ਵੇਲੇ ਕਿਵੇਂ ਸਾਡੇ ਨਾਲ ਦੇ ਬੰਦੇ ਅਫਸਰਾਂ ਨੇ ਖਪਾ ਦਿੱਤੇ। ਜਗਰਾਉਂ ਵਿਚ ਇਕ ਐਸਐਸਪੀ ਨੇ ਆਪਣੇ ਦੋ ਪਹਿਰੇਦਾਰ ਮਾਰ ਦਿੱਤੇ ਸਨ। ਡੇਹਲੋਂ ਦੇ ਬਦਨਾਮ ਥਾਣੇਦਾਰ ਉਤੇ ਵੀ ਆਪਣੇ ਹੀ ਸਾਥੀ ਮੁਲਾਜਮ ਨੂੰ ਮਾਰ ਦੇਣ ਦਾ ਇਲਜਾਮ ਸੀ। ਜਦੋਂ ਕਿਸੇ ਛੋਟੇ ਮੁਲਾਜਮ ਨੂੰ ਵੱਡੇ ਅਫਸਰਾਂ ਦਾ ਭੇਤ ਪਤਾ ਲੱਗ ਜਾਂਦਾ ਸੀ ਜਾਂ ਤਾਂ ਉਹ ਉਹਨਾਂ ਵਰਗਾ ਹੋ ਜਾਂਦਾ ਸੀ ਜਾਂ ਫਿਰ ਉਹਨੂੰ ਭੱਜਣਾ ਜਾਂ ਮਰਨਾ ਪੈਂਦਾ ਸੀ।

ਭਾਗ ਦੂਜਾ

ਸਿਦਕਾਂ ਵਾਲੇ ਨਕਸ਼



ਪਾਠ : ੯

ਸ਼ਹੀਦ ਜਨਰਲ ਸੁਬੇਗ ਸਿੰਘ ਦੇ ਅਣਜਾਣੇ ਦਰਸ਼ਨ

ਕਈ ਵਾਰ ਤੁਸੀਂ ਇਹੋ ਜਿਹੇ ਲੋਕਾਂ ਨੂੰ ਮਿਲਦੇ ਹੋ ਜਾਂ ਉਹਨਾਂ ਨਾਲ ਮੁਲਾਕਾਤ ਦਾ ਅਸਰ ਇਹੋ ਜਿਹਾ ਹੁੰਦਾ ਹੈ ਕਿ ਤੁਹਾਡੇ ਦਿਲ ਅਤੇ ਦਿਮਾਗ ਤੇ ਗੂੜ੍ਹੀ ਛਾਪ ਪੈ ਜਾਂਦੀ ਹੈ। ਉਹ ਬਹੁਤ ਦੂਰ ਤੱਕ ਤੁਹਾਡੀਆਂ ਯਾਦਾਂ ਵਿਚ ਵਸਦੀ ਹੈ ਤੇ ਕਈ ਤਰ੍ਹਾਂ ਨਾਲ ਤੁਹਾਡੀ ਜਿੰਦਗੀ ਤੇ ਲਗਾਤਾਰ ਅਸਰ ਪਾਉਂਦੀ ਹੈ। ਕਿਸੇ ਵਕਤ ਇਹ ਆਮ ਘਟਨਾ ਵਾਂਗ ਹੁੰਦੀ ਹੈ ਪਰ ਉਸ ਵਿਚਲੇ ਬੀਜ ਇਸ ਤਰ੍ਹਾਂ ਦੇ ਹੁੰਦੇ ਹਨ ਕਿ ਓਹਨਾਂ ਨੇ ਅੱਗੇ ਜਾ ਕੇ ਵਧਣਾ ਫੁੱਲਣਾ ਹੁੰਦਾ ਹੈ।

ਸੰਨ ੧੯੮੩ ਵਿੱਚ ਮੈਂ ਖੇਤੀਬਾੜੀ ਯੂਨੀਵਰਸਿਟੀ ਵਿਚ ਪੜ੍ਹਦਾ ਸੀ ਤੇ ਮੈਂ ਅੰਮ੍ਰਿਤ ਦੀ ਰਹਿਤ ਵਿੱਚ ਰਹਿ ਰਿਹਾ ਸੀ ਪਰ ਹਾਲੇ ਅੰਮ੍ਰਿਤ ਨਹੀਂ ਸੀ ਛਕਿਆ। ਇਹ ਬਦਲਾਓ ਸੰਤ ਜਰਨੈਲ ਸਿੰਘ ਦੇ ਬਚਨਾਂ ਤੇ ਅਮਲਾਂ ਰਾਹੀਂ ਆਇਆ ਸੀ।

ਸੰਨ ੧੯੮੩ ਦੇ ਅਖੀਰ ਵਿੱਚ ਚੰਡੀਗੜ੍ਹ ਮੇਰੇ ਭੂਆ ਜੀ ਦੇ ਘਰ ਅਖੰਡ ਪਾਠ ਦਾ ਭੋਗ ਪੈਣਾ ਸੀ। ਮੇਰੇ ਫੁੱਫੜ ਜੀ ਹਵਾਈ ਫੌਜ ਦੇ ਅਫਸਰ ਸਨ ਜੋ ਸੇਵਾਮੁਕਤ ਹੋ ਕੇ ੧੧ ਸੈਕਟਰ ਵਿੱਚ ਰਹਿੰਦੇ ਸਨ। ਉਹ ਬਿਲਕੁਲ ਸਫਾਚੱਟ ਅਤੇ ਪੱਛਮੀ ਖਿਆਲਾਂ ਦੇ ਸਨ। ਮੈਨੂੰ ਛੁੱਟੀਆਂ ਸੀ ਤੇ ਮੈਂ ਅਖੰਡ ਪਾਠ ਲਈ ਇੱਕ ਦਿਨ ਪਹਿਲਾਂ ਚਲਾ ਗਿਆ ਤਾਂ ਕਿ ਸੇਵਾ ਕੀਤੀ ਜਾ ਸਕੇ। ਅਗਲੇ ਦਿਨ ਭੋਗ ਉਤੇ ਚੰਡੀਗੜ੍ਹ ਦੇ ਕਾਫੀ ਫੌਜੀ ਅਫਸਰ ਵੀ ਉਥੇ ਇਕੱਠੇ ਹੋਏ। ਪ੍ਰਸ਼ਾਦਾ ਛਕਣ ਤੋਂ ਬਾਅਦ ਚਾਰ-ਪੰਜ ਅਫਸਰ ਚਾਹ ਪੀਣ ਦੇ ਬਹਾਨੇ ਨਾਲ ਇਕ ਕਮਰੇ ਵਿੱਚ ਬੈਠ ਗਏ ਅਤੇ ਆਪਸ ਵਿੱਚ ਬੜੀ ਗਰਮਜੋਸ਼ੀ ਅਤੇ ਗੰਭੀਰਤਾ ਨਾਲ ਗੱਲਬਾਤ ਕਰਨ ਲੱਗ ਪਏ। ਅੱਧਾ ਪੌਣਾ ਘੰਟਾ ਮੈਂ ਉਹਨਾਂ ਦੀ ਚਾਹ ਪਾਣੀ ਦੀ ਸੇਵਾ ਕੀਤੀ ਅਤੇ ਫੇਰ ਉਹ ਚਲੇ ਗਏ।

ਉਹਨਾਂ ਦੀ ਗੱਲਬਾਤ ਦੀ ਡੂੰਘਾਈ ਤੇ ਵਿਹਾਰ ਨੇ ਮੈਨੂੰ ਆਪਣੇ ਵੱਲ ਖਿੱਚਿਆ। ਮੈਂ ਉਸ ਵਕਤ ਗੱਲਬਾਤ ਦੀ ਡੂੰਘਾਈ ਤੇ ਉਹਨਾਂ ਦੇ ਵਿਹਾਰ ਨੂੰ ਆਪਣੇ ਵਿੱਚ ਦਰਜ ਕਰ ਲਿਆ ਪਰ ਉਸ ਵਕਤ ਮੈਂ ਉਹਨਾਂ ਨੂੰ ਨਹੀਂ ਜਾਣਦਾ ਸੀ। ਇੱਕ ਨੂੰ

ਛੱਡ ਕੇ ਬਾਕੀ ਚਾਰਾਂ ਨੂੰ ਬਾਅਦ ਵਿੱਚ ਕਦੇ ਵੀ ਨਹੀਂ ਮਿਲਿਆ। ਬਾਅਦ ਵਿੱਚ ਪਤਾ ਲੱਗਾ ਕਿ ਉਹਨਾਂ ਵਿੱਚੋਂ ਇਕ ਸਾਡੀ ਰਿਸ਼ਤੇਦਾਰੀ ਵਿਚੋਂ ਭਰਜਾਈ ਦਾ ਮਾਮਾ ਤੇ ਮਾਮੇ ਦਾ ਮੁੰਡਾ ਸੀ ਜੋ ਫਗਵਾੜੇ ਦੇ ਰਹਿਣ ਵਾਲੇ ਸਨ। ਮਾਮੇ ਦਾ ਨਾਂ ਸੰਤਾ ਸਿੰਘ ਅਤੇ ਬੇਟੇ ਦਾ ਨਾਂ ਛਿੰਦੇ ਵਜੋਂ ਜਾਣਿਆ ਜਾਂਦਾ ਸੀ। ਸੰਤਾ ਸਿੰਘ ਰਿਟਾਇਰਡ ਐਸਪੀ ਸੀ। ਉਹਦੀ ਉਮਰ ਵੀ ੭੦ ਕੁ ਸਾਲ ਲੰਮਾ ਕੱਦ, ਚਿੱਟੀ ਦਾੜ੍ਹੀ ਤੇ ਗੋਰਾ ਲਾਲ ਰੰਗ ਅਤੇ ਬਹੁਤ ਜੋਸ਼ ਤੇ ਬਹੁਤ ਖੁਭ ਕੇ ਗੱਲ ਕਰ ਰਿਹਾ ਸੀ। ਮੂੰਹ ਬਿਲਕੁਲ ਲਾਲ ਜਿਵੇਂ ਸਾਰਾ ਸਰੀਰ ਹੀ ਜੋਸ਼ ਵਿੱਚ ਕੋਈ ਗੱਲ ਬਿਆਨ ਕਰ ਰਿਹਾ ਸੀ। ਸਭ ਤੋਂ ਜਿਆਦਾ ਗੱਲਬਾਤ ਵੀ ਉਹੀ ਕਰ ਰਿਹਾ ਸੀ ਉਹਨਾਂ ਦਾ ਬੇਟਾ ਵੀ ਕੋਈ ੩੦ ਸਾਲ ਦੀ ਉਮਰ ਖੁੱਲ੍ਹਾ ਦਾੜ੍ਹਾ ੬ ਫੁੱਟ ਤੋਂ ਉਤੇ ਕੱਦ ਅਤੇ ਬੜਾ ਭਰਵਾਂ ਸਰੀਰ ਸੀ। ਉਹ ਨੇੜੇ ਬੈਠ ਕੇ ਸੁਣ ਰਿਹਾ ਸੀ ਅਤੇ ਬਹੁਤ ਗੰਭੀਰ ਅਤੇ ਰੋਹ ਵਿੱਚ ਸੀ। ਉਸ ਦਾ ਚਿਹਰਾ ਵੀ ਆਪਣੇ ਪਿਤਾ ਵਾਂਗ ਬਿਲਕੁਲ ਲਾਲ ਸੀ। ਇੱਕ ਹੋਰ ਬਜੁਰਗ ਵੀ ਸੀ ਜੋ ਪੌਣੇ ਕੁ ਛੇ ਫੁੱਟ ਕੱਦ, ਗੱਠੇ ਹੋਏ ਸਰੀਰ ਦਾ, ਰੰਗ ਸਾਂਵਲਾ ਅਤੇ ਅੱਖ ਉਸਦੇ ਮਜਬੂਤ ਇਰਾਦੇ ਅਤੇ ਚਟਾਨ ਵਰਗੇ ਦਿਲ ਦੀ ਦੱਸ ਪਾਉਂਦੀ ਸੀ। ਉਸ ਦੇ ਚਿਹਰੇ ਤੇ ਕੁਝ ਨਿਸ਼ਾਨ ਜਿਹੇ ਸਨ, ਉਹ ਵਿੱਚ-ਵਿੱਚ ਰੁਕ-ਰੁਕ ਕੇ ਬੋਲਦੇ ਸਨ ਤੇ ਐਸਪੀ ਦੀ ਗੱਲਬਾਤ ਨੂੰ ਹੀ ਪੂਰੀ ਕਰਦੇ ਸੀ। ਉਹਨਾਂ ਦੀ ਦਿੱਖ ਅਤੇ ਹਾਵ ਭਾਵ ਖਾੜਕੂ ਜਰਨੈਲਾਂ ਵਰਗੀ ਸੀ। ਰੂਪੋਸ਼ ਹੋਣ ਮਗਰੋਂ ਮੈਂ ਇਹਨਾਂ ਵਿਚੋਂ ਸਿਰਫ ਇਕ ਨੂੰ ਹੀ ਮੈਂ ਮਿਲਦਾ ਰਿਹਾ। ਇਹ ਮੇਜਰ ਜਨਰਲ ਨਰਿੰਦਰ ਸਿੰਘ ਸਨ। ਇਹ ਡਾਕਟਰ ਸੋਹਣ ਸਿੰਘ ਦੇ ਗੂੜੇ ਮਿੱਤਰ ਸਨ।

ਇੱਕ ਹੋਰ ਬਜੁਰਗ ੬੦-੬੫ ਸਾਲਾਂ ਦੀ ਉਮਰ ਦਾ ਸੀ ਅਤੇ ਦਾੜ੍ਹੀ ਬੰਨ੍ਹੀ ਹੋਈ ਸੀ ਦੇਖਣ ਨੂੰ ਉਹ ਵੀ ਕੋਈ ਸਾਬਕਾ ਫੌਜੀ ਅਫਸਰ ਹੀ ਲਗਦਾ ਸੀ ਅਤੇ ਗੱਲਬਾਤ ਵਿੱਚ ਸਰੋਤੇ ਵਜੋਂ ਹਿੱਸਾ ਲੈ ਰਿਹਾ ਸੀ ਉਸ ਵਿੱਚ ਮੈਨੂੰ ਕੁਝ ਖਾਸ ਨਹੀਂ ਸੀ ਲੱਗਿਆ ਜਿਸ ਸਖਸ਼ੀਅਤ ਨੇ ਮੈਨੂੰ ਸਭ ਤੋਂ ਜਿਆਦਾ ਪ੍ਰਭਾਵਿਤ ਕੀਤਾ ਸੀ ਉਹਦਾ ਗੋਰਾ ਰੰਗ ਸੀ ਜਿਵੇਂ ਵਿੱਚੋਂ ਲਾਲੀ ਦੀ ਚਮਕ ਆਉਂਦੀ ਹੋਵੇ, ਚਿੱਟਾ ਦਾਹੜਾ ਬੰਨ੍ਹਿਆ ਹੋਇਆ ਸੀ ਅਤੇ ਓਹਨਾਂ ਨੇ ਸਲੇਟੀ ਰੰਗ ਦੀ ਦਸਤਾਰ ਸਜਾਈ ਸੀ ਨਾਲ ਇਸੇ ਰੰਗ ਦੀ ਕਮੀਜ ਅਤੇ ਪੈਂਟ ਸੀ ਉਹਨਾਂ ਦਾ ਸਰੀਰ ਨੌਜਵਾਨਾਂ ਵਰਗਾ ਸੀ ਅਤੇ ਪੂਰਾ ਤਕੜਾ ਤੇ ਲਚਕਦਾਰ। ਪੌੜੀਆਂ ਉਤਰਦਿਆਂ ਐਸਪੀ ਸੰਤਾ ਸਿੰਘ ੨ ਪੌੜੀਆਂ ਉਤਰਨ ਕਾਰਣ ਡਿੱਗਣ ਲੱਗੇ ਤਾਂ ਇਹਨਾਂ ਨੇ ਬੜੀ ਫੁਰਤੀ ਨਾਲ ਉਹਨਾਂ ਨੂੰ ਸਾਂਭਿਆ ਅਤੇ ਕਿਹਾ ਕਿ ਸਰਦਾਰ ਸਾਹਿਬ ਇਸ ਉਮਰ ਵਿੱਚ ਇਸ ਤਰੀਕੇ ਨਾਲ ਨਹੀਂ ਉੱਤਰੀਦਾ। ਕਮਰੇ ਵਿਚ ਗੱਲਬਾਤ ਯਕੀਨਨ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਅਤੇ ਧਰਮ ਯੁੱਧ ਮੋਰਚੇ ਬਾਰੇ ਹੋ ਰਹੀ ਸੀ, ਉਹਨਾਂ ਦਿਨਾਂ ਵਿੱਚ ਹਰ ਜਿਉਂਦੇ ਜਾਗਦੇ ਅਤੇ

ਸੰਵੇਦਨਸ਼ੀਲ ਸਿੱਖ ਵਿੱਚ ਇਹ ਦੋਵੇਂ ਮੁੱਦੇ ਉਤਸੁਕਤਾ ਤੇ ਫਿਕਰ ਉਪਜਾਉਂਦੇ ਸਨ।

ਉਹਨਾਂ ਦਿਨਾਂ ਵਿੱਚ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਅਤੇ ਸਿੱਖ ਸੰਗਤਾਂ ਨੇ ਪੰਥ ਦੇ ਖਿੰਡਰੇ ਹੋਏ ਹਿੱਸਿਆਂ ਨੂੰ ਇਕੱਠਾ ਕਰਨਾ ਸ਼ੁਰੂ ਕੀਤਾ ਸੀ। ਇਸ ਮਕਸਦ ਲਈ ਹੀ ਉਹਨਾਂ ਨੇ ਬੈਠਕਾਂ, ਕਾਨਫਰੰਸਾਂ ਅਤੇ ਕਨਵੈਨਸ਼ਨਾਂ ਰਾਹੀਂ ਬੁੱਧੀਜੀਵੀਆਂ, ਸਾਬਕਾ ਫੌਜੀਆਂ, ਨੌਜਵਾਨਾਂ, ਬੀਬੀਆਂ ਤੇ ਹੋਰ ਹਿੱਸਿਆਂ ਨੂੰ ਇਕੱਠਾ ਕਰਨਾ ਸ਼ੁਰੂ ਕੀਤਾ ਸੀ। ਸ਼ਾਇਦ ਇਹ ਲੋਕ ਉਹਨਾਂ ਇਕੱਠਾਂ ਰਾਹੀਂ ਹੀ ਆਪਸ ਵਿੱਚ ਜਾਨਣ ਲੱਗੇ ਹੋਣਗੇ। ਉਸ ਵਕਤ ਤੱਕ ਸਿੱਖ ਪੰਥ ਨੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ ਆਪਣਾ ਆਗੂ ਪ੍ਰਵਾਨ ਕਰ ਲਿਆ ਸੀ ਅਤੇ ਉਸ ਵੱਲੋਂ ਕਹੇ ਗਏ ਹਰ ਬੋਲ ਨੂੰ ਅਤੇ ਚੁੱਕੇ ਗਏ ਹਰ ਕਦਮ ਨੂੰ ਸਿੱਖ ਜਗਤ ਗਹੁ ਨਾਲ ਦੇਖ ਰਿਹਾ ਸੀ। ਇਹ ਸਿੰਘ ਵੀ ਉਹੋ ਹੀ ਉਤਸੁਕਤਾ, ਫਿਕਰ ਤੇ ਜਲਾਲ ਨਾਲ ਉਹਨਾਂ ਹੀ ਮੁੱਦਿਆਂ ਤੇ ਗੱਲਬਾਤ ਕਰ ਰਹੇ ਸਨ।

ਐਸਪੀ ਸੰਤਾ ਸਿੰਘ, ਉਸ ਦਾ ਬੇਟਾ ਤੇ ਜਨਰਲ ਨਰਿੰਦਰ ਸਿੰਘ ਬਹੁਤ ਰੋਹ, ਜਲਾਲ ਅਤੇ ਦ੍ਰਿੜ੍ਹਤਾ ਨਾਲ ਗੱਲਬਾਤ ਵਿਚ ਸ਼ਾਮਲ ਸਨ। ਐਸਪੀ ਕੁਝ ਕਾਹਲ ਵਿੱਚ ਦੱਸਣਾ ਚਾਹੁੰਦੇ ਸਨ। ਜਨਰਲ ਨਰਿੰਦਰ ਸਿੰਘ ਕੋਲ ਸਬਰ ਅਤੇ ਦ੍ਰਿੜ੍ਹਤਾ ਸੀ। ਉਹ ਨੌਜਵਾਨ ਗੰਭੀਰਤਾ ਵਿਚ ਬਿਰਾਜਮਾਨ ਸੀ। ਗੱਲਬਾਤ ਦਾ ਕੇਂਦਰ ਉਹ ਚਿੱਟੀ ਦਾੜ੍ਹੀ ਵਾਲਾ ਬਜੁਰਗ ਸੀ, ਜੋ ਬਹੁਤ ਘੱਟ ਬੋਲਦਾ ਸੀ। ਸਾਰੀ ਗੱਲਬਾਤ ਨੂੰ ਬੜੀ ਬਰੀਕੀ ਨਾਲ ਸੁਣਦਾ ਸੀ ਤੇ ਲੋੜ ਪੈਣ ਤੇ ਹੀ ਥੋੜ੍ਹਾ ਜਿਹਾ ਬੋਲਦਾ ਸੀ। ਉਸਦੇ ਚਿਹਰੇ ਅਤੇ ਸਰੀਰ ਦੀ ਜੁਬਾਨ ਇਕ ਅਜੀਬ ਅਤੇ ਬਲਵਾਨ ਪ੍ਰਭਾਵ ਪਾ ਰਹੀ ਸੀ। ਚਿਹਰਾ ਬਹੁਤ ਗੰਭੀਰ ਸੀ ਗੋਰੇ ਰੰਗ ਵਿਚੋਂ ਲਾਲੀ ਦੀ ਭਾਅ ਆ ਰਹੀ ਸੀ। ਅੱਖਾਂ ਬੰਦੇ ਦੇ ਧੁਰ ਅੰਦਰ ਤੱਕ ਉਤਰ ਜਾਣ ਵਾਲੀਆਂ ਸਨ। ਕਈ ਵਾਰ ਉਹ ਉੱਤੇ ਵੱਲ ਨਿਗਾਹ ਲੈ ਕੇ ਜਾਂਦੇ ਸਨ ਤੇ ਇੰਝ ਲਗਦਾ ਸੀ ਕਿ ਦੂਰ ਤੱਕ ਉਹਨਾਂ ਨੂੰ ਸਭ ਕੁਝ ਦਿਸ ਰਿਹਾ ਹੋਵੇ। ਉਹ ਗੱਲਬਾਤ ਵਿੱਚ ਓਨਾ ਕੁ ਹੀ ਦੱਸਦੇ ਸਨ ਜਿੰਨਾ ਉਹਨਾਂ ਦੇ ਆਲੇ-ਦੁਆਲੇ ਦੇ ਸੱਜਣ ਸਮਝ ਸਕਣ। ਕਈ ਵਾਰ ਉਹ ਆਪਣੀਆਂ ਲੱਤਾਂ ਤੇ ਬਾਹਾਂ ਖਿੱਚ ਕੇ ਸਿੱਧੀਆਂ ਕਰ ਦਿੰਦੇ ਫੇਰ ਉਹ ਪਹਿਲੀ ਹਾਲਤ ਵਿੱਚ ਹੀ ਲੈ ਆਉਂਦੇ। ਮੈਂ ਇਹਨਾਂ ਸਿੰਘਾਂ ਦੀ ਚਾਹ ਪਾਣੀ ਦੀ ਸੇਵਾ ਕਰ ਰਿਹਾ ਸੀ ਅਤੇ ਨੇੜਿਓਂ ਹੀ ਇਹਨਾਂ ਨੂੰ ਦੇਖ ਰਿਹਾ ਸੀ। ਸਲੇਟੀ ਦਸਤਾਰ ਅਤੇ ਕੱਪੜਿਆਂ ਵਾਲਾ ਬਜੁਰਗ ਇੱਕ ਕੁਦਰਤੀ ਆਗੂ ਸੀ ਉਸ ਵਕਤ ਮੈਨੂੰ ਉਹਨਾਂ ਦੇ ਚਿਹਰੇ ਅਤੇ ਸਰੀਰ ਦੀ ਭਾਸ਼ਾ ਨੂੰ ਦੇਖ ਕੇ ਇਹ ਲੱਗਿਆ ਕਿ ਇਨ੍ਹਾਂ ਵਿੱਚ ਕੁਝ ਅਜਿਹਾ ਹੈ ਜਿਹੜਾ ਸਮਝ ਵਿਚ ਨਹੀਂ ਆ ਰਿਹਾ। ਕਹਿ ਲਵੋ ਕਿ ਉਹਨਾਂ ਦੇ ਆਲੇ ਦੁਆਲੇ ਕੋਈ ਆਭਾ ਸੀ ਜਿਹੜੀ ਹਰ ਪਾਸੇ ਅਸਰ ਪਾ ਰਹੀ ਸੀ।

ਉਸ ਤੋਂ ਬਾਅਦ ਮੈਂ ਇਸ ਮੁਲਾਕਾਤ ਅਤੇ ਇਹਨਾਂ ਸਿੰਘਾਂ ਬਾਰੇ ਭੁੱਲ ਗਿਆ ਪਰ ਜੂਨ ਚੁਰਾਸੀ ਤੋਂ ਬਾਅਦ ਉਹ ਸਾਰਾ ਦ੍ਰਿਸ਼ ਯਾਦ ਆ ਗਿਆ। ੭ ਜੂਨ ਨੂੰ ਭਾਰਤੀ ਮੀਡੀਆ ਨੇ ਖਬਰ ਦਿੱਤੀ ਕਿ ਸੰਤ ਜਰਨੈਲ ਸਿੰਘ, ਜਨਰਲ ਸੁਬੇਗ ਸਿੰਘ ਅਤੇ ਭਾਈ ਅਮਰੀਕ ਸਿੰਘ ਸ਼ਹੀਦ ਕਰ ਦਿੱਤੇ ਗਏ ਹਨ ਅਤੇ ਓਹਨਾਂ ਦੀਆਂ ਲਾਸ਼ਾਂ ਬਰਾਮਦ ਹੋ ਗਈਆਂ ਹਨ। ਇਸ ਖਬਰ ਨੇ ਸਾਰੀ ਸਿੱਖ ਸੰਗਤ ਦੀ ਰੂਹ ਨੂੰ ਝੰਜੋੜ ਕੇ ਇਕ ਕਰ ਦਿੱਤਾ ਅਤੇ ਪੰਥ ਵਿੱਚ ਨਵੇਂ ਜੀਵਨ ਦੀ ਸਿਰਜਣਾ ਸ਼ੁਰੂ ਹੋ ਗਈ। ਉਸ ਵਕਤ ਮੈਨੂੰ ਪਤਾ ਚੱਲਿਆ ਕਿ ਚੰਡੀਗੜ੍ਹ ਵਿਚ ਉਹ ਸਲੇਟੀ ਦਸਤਾਰ ਵਾਲਾ ਰਹੱਸਮਈ ਕਿਰਦਾਰ ਕੋਈ ਹੋਰ ਨਹੀਂ ਸਗੋਂ ਸ਼ਹੀਦ ਜਨਰਲ ਸੁਬੇਗ ਸਿੰਘ ਸੀ। ਮੈਨੂੰ ਕੋਈ ਹੈਰਾਨੀ ਨਹੀਂ ਹੋਈ ਕਿਉਂਕਿ ਓਹਨਾਂ ਦੀ ਰੂਹ ਦੀ ਸ਼ਾਨ ਦਾ ਝਲਕਾਰਾ ਦੇਖ ਚੁੱਕਿਆ ਸੀ ਪਰ ਖੁਸ਼ੀ ਜਰੂਰ ਹੋਈ ਹੈ ਉਹਨਾਂ ਦੇ ਜਿਉਂਦੇ ਜੀਅ ਦਰਸ਼ਨ ਵੀ ਕੀਤੇ ਸਨ।

ਜਨਰਲ ਸੁਬੇਗ ਸਿੰਘ ਭਾਰਤੀ ਫੌਜ ਵਿੱਚ ਬੜੇ ਮੰਨੇ-ਪ੍ਰਮੰਨੇ ਜਰਨੈਲ ਸਨ। ਬੰਗਲਾਦੇਸ਼ ਦੇ ਬਣਨ ਮੌਕੇ ਇਹਨਾਂ ਨੇ ਪੂਰਬੀ ਪਾਕਿਸਤਾਨ ਵਿੱਚ 'ਮੁਕਤੀ ਵਾਹਿਨੀ' ਨੂੰ ਜਥੇਬੰਦ ਕੀਤਾ ਅਤੇ ਅਗਵਾਈ ਦਿੱਤੀ ਸੀ। ਓਥੇ ਪਾਕਿਸਤਾਨੀ ਫੌਜ ਨੂੰ ਹਰਾਉਣ ਅਤੇ ਘੇਰਨ ਦੇ ਵਿਚ ਇਹਨਾਂ ਦੀ ਅਹਿਮ ਭੂਮਿਕਾ ਰਹੀ ਸੀ। ਇਹ ਜਮਾਂਦਰੂ ਜਰਨੈਲ ਸਨ ਅਤੇ ਕੁਦਰਤ ਨੇ ਇਹਨਾਂ ਨੂੰ ਜਰਨੈਲੀ ਗੁਣਾਂ ਨਾਲ ਭਰਪੂਰ ਕੀਤਾ ਹੋਇਆ ਸੀ। ਫੌਜੀ ਸਿੱਖਿਆ ਵਿੱਚ ਇਹ ਗੁਣ ਭਰਪੂਰਤਾ ਨਾਲ ਜਾਹਰ ਹੋ ਗਏ ਅਤੇ ਇਨ੍ਹਾਂ ਦਾ ਕੋਈ ਮੁਕਾਬਲਾ ਜਾਂ ਸਾਨੀ ਨਹੀਂ ਸੀ। ਜਰਨੈਲ ਹੋਣ ਦੇ ਨਾਲ ਨਾਲ ਉਹਨਾਂ ਵਿਚ ਗੁਰੂ ਵੱਲੋਂ ਖਾਲਸਾਈ ਭਾਵਨਾ ਦੀ ਬਖਸ਼ਿਸ਼ ਸੀ ਜਿਸ ਕਰਕੇ ਉਹਨਾਂ ਦੀ ਜਰਨੈਲੀ ਖਾਲਸਾ ਰੌਂਅ ਨਾਲ ਭਰਪੂਰ ਸੀ। ਭਾਰਤੀ ਹਕੂਮਤ ਅਤੇ ਫੌਜ ਬਿਪਰਵਾਦ ਦੀ ਜਕੜ ਵਿੱਚ ਹੋਣ ਕਰ ਕੇ ਜਨਰਲ ਸੁਬੇਗ ਸਿੰਘ ਦੀ ਲਿਆਕਤ ਨੂੰ ਤਾਂ ਪਛਾਣਦੀ ਸੀ ਪਰ ਖਾਲਸਾਈ ਭਾਵਨਾ ਨੂੰ ਬਰਦਾਸ਼ਤ ਨਹੀਂ ਸੀ ਕਰ ਸਕਦੀ ਇਸ ਕਰਕੇ ਫੌਜ ਨੇ ਭਾਰਤੀ ਹਕੂਮਤ ਦੀ ਮਨਜ਼ੂਰੀ ਨਾਲ ਇਹ ਖਾਲਸਾਈ ਸ਼ਾਨ ਵਾਲੇ ਜਰਨੈਲ ਨੂੰ ਸਾਜਿਸ਼ ਅਧੀਨ ਘਟੀਆ ਕਿਸਮ ਦੀਆਂ ਤੋਹਮਤਾਂ ਲਾ ਕੇ ਜਲੀਲ ਕੀਤਾ ਅਤੇ ਝੁਕਣ ਲਈ ਮਜਬੂਰ ਕੀਤਾ। ਉਸ ਉਪਰ ਗੁਰੂ ਦੀ ਬਖਸ਼ਿਸ਼ ਸੀ ਅਤੇ ਉਸ ਨੇ ਝੁਕਣਾ ਮਨਜ਼ੂਰ ਨਾ ਕੀਤਾ। ਜਨਰਲ ਸੁਬੇਗ ਸਿੰਘ ਨੂੰ ਭਾਰਤੀ ਫੌਜ ਨੇ ਉਹਨਾਂ ਦੀ ਸੇਵਾਮੁਕਤੀ ਤੋਂ ਇਕ ਦਿਨ ਪਹਿਲਾਂ ਭਾਰਤੀ ਫੌਜ ਵਿਚੋਂ ਕੱਢਿਆ, ਉਹਨਾਂ ਤੇ ਛੋਟੀ ਮੋਟੀ ਰਿਸ਼ਵਤ ਅਤੇ ਚੋਰੀ ਦਾ ਇਲਜਾਮ ਲਾਇਆ ਇਹ ਬਿਪਰ ਦਾ ਘਿਨਾਉਣਾ ਰੂਪ ਸੀ, ਜੋ ਕਿਸੇ ਸਿੱਖ ਜਰਨੈਲ ਦੀ ਸ਼ਾਨ ਨੂੰ ਬਰਦਾਸ਼ਤ ਨਹੀਂ ਸੀ ਕਰ ਸਕਦਾ।

ਉਸ ਵਕਤ ਬਿਪਰਵਾਦੀ ਹਕੂਮਤ, ਸਿੱਖੀ ਦੇ ਕੇਂਦਰੀ ਅਸਥਾਨ ਦਰਬਾਰ ਸਾਹਿਬ, ਅਕਾਲ ਤਖਤ ਸਾਹਿਬ ਅਤੇ ਖਾਲਸਾ ਭਾਵਨਾਵਾਂ ਦੀ ਨੁਮਾਇੰਦਗੀ ਕਰ ਰਹੀ ਸ਼ਖਸੀਅਤ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਤੇ ਵਾਰ ਕਰਨ ਦੀ ਤਾਕ ਵਿੱਚ ਸੀ। ਸੋ ਇਹ ਗੱਲ ਤਾਂ ਕੁਦਰਤੀ ਹੈ ਕਿ ਜਨਰਲ ਸੁਬੇਗ ਸਿੰਘ ਜੋ ਕਿ ਇੱਕ ਜਮਾਂਦਰੂ ਖਾਲਸਾ ਜਰਨੈਲ ਸੀ ਉਹ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਕੋਲ ਜਾ ਕੇ ਆਪਣੇ ਆਪ ਨੂੰ ਉਹਨਾਂ ਨੂੰ ਸਮਰਪਤ ਕਰ ਦਿੰਦੇ। ਪਹਿਲੀ ਮਿਲਣੀ ਵਿੱਚ ਹੀ ਜਨਰਲ ਸਾਹਿਬ ਨੇ ਸੰਤ ਜੀ ਨੂੰ ਪਹਿਚਾਣ ਲਿਆ ਤੇ ਸਦਾ ਲਈ ਉਹਨਾਂ ਦੇ ਹੀ ਹੋ ਕੇ ਰਹਿ ਗਏ ਹਨ। ਦਿੱਲੀ ਤਖਤ ਅਤੇ ਬਿਪਰਵਾਦ ਦੇ ਹਮਲੇ ਨੂੰ ਪਛਾੜਣ, ਦਰਬਾਰ ਸਾਹਿਬ ਦੀ ਰੱਖਿਆ ਅਤੇ ਖਾਲਸਾ ਪੰਥ ਨੂੰ ਮੋਹ ਅਤੇ ਗਫਲਤ ਦੀ ਨੀਂਦ ਵਿੱਚੋਂ ਜਗਾਉਣ ਲਈ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਗੁਰੂ ਵੱਲੋਂ ਭੇਜੇ ਸ਼ਹੀਦਾਂ ਦੇ ਜਰਨੈਲ ਸਨ। ਜਨਰਲ ਸੁਬੇਗ ਸਿੰਘ ਜਿਨ੍ਹਾਂ ਤੇ ਗੁਰੂ ਦੀ ਕਿਰਪਾ ਸੀ ਉਹਨਾਂ ਨੇ ਵਰਤਮਾਨ ਸਮੇਂ ਅਨੁਸਾਰ ਆਪਣੀ ਜੰਗਜੂ ਲਿਆਕਤ ਨਾਲ ਸੰਤ ਜੀ ਦੇ ਸ਼ਹੀਦੀ ਜਥੇ ਨੂੰ ਲਾਮਬੱਧ ਕੀਤਾ ਅਤੇ ਦਰਬਾਰ ਸਾਹਿਬ ਅਤੇ ਅਕਾਲ ਤਖਤ ਸਾਹਿਬ ਦੀ ਇਹੋ ਜਿਹੀ ਮੋਰਚਾਬੰਦੀ ਕੀਤੀ ਕਿ ਬਿਪਰਵਾਦ ਨੂੰ ਮੂੰਹ ਦੀ ਖਾਣੀ ਪਈ।

ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ ਮਿਲਣ ਤੋਂ ਬਾਅਦ ਉਹ ਬਿਲਕੁਲ ਬਦਲ ਗਏ। ਪਰਿਵਾਰ ਅਤੇ ਦੁਨੀਆ ਦੇ ਮੋਹ ਤੋਂ ਉਪਰ ਉਠ ਗਏ ਅਤੇ ਸਿਮਰਨ ਰਾਹੀਂ ਗੁਰੂ ਅਤੇ ਸ਼ਹਾਦਤ ਦੇ ਨੇੜੇ ਚਲੇ ਗਏ। ਸੰਤ ਜੀ ਵਾਂਗ ਉਹਨਾਂ ਨੂੰ ਵੀ ਪਤਾ ਸੀ ਕਿ ਫੌਜ ਨੇ ਕਿਸ ਤਰਾਂ ਚੜ੍ਹ ਕੇ ਆਉਣਾ ਅਤੇ ਜੰਗ ਨੇ ਕਿਵੇਂ ਸ਼ਹਾਦਤ ਦੀ ਸਿਖਰ ਤਕ ਜਾਣਾ ਹੈ। ਆਖਰੀ ਸਮੇਂ ਉਹ ਸੰਤ ਜੀ ਦੇ ਨਾਲ ਅਕਾਲ ਤਖਤ ਸਾਹਿਬ ਤੇ ਹੀ ਰਹਿਣ ਲੱਗੇ। ਜਿੰਨੇ ਕੁ ਸਿੰਘ ਅਤੇ ਹਥਿਆਰ ਉਹਨਾਂ ਦੀ ਕਮਾਂਡ ਥੱਲੇ ਸਨ ਇਹਨਾਂ ਨੂੰ ਇਸ ਤਰੀਕੇ ਨਾਲ ਲਾਮਬੰਦ ਕਰਕੇ ਮੋਰਚਾਬੰਦੀ ਕੀਤੀ ਕਿ ਭਾਰਤ ਦੇ ਵੱਡੇ ਜਰਨੈਲ ਵੀ ਹੱਕੇ ਬੱਕੇ ਰਹਿ ਗਏ ਅਤੇ ਓਹਨਾਂ ਨੂੰ ਭਾਰੀ ਨੁਕਸਾਨ ਉਠਾਉਣਾ ਪਿਆ।

ਮਈ ਦੇ ਆਖਰੀ ਹਫਤੇ ਤੋਂ ਤਿੰਨ ਜੂਨ ਤੱਕ ਦੀ ਮੋਰਚਾਬੰਦੀ ਦੇ ਥਾਂ ਅਤੇ ਤਰੀਕੇ ਬਿਲਕੁਲ ਗੁਪਤ ਹੀ ਰੱਖੇ ਗਏ, ਜੋ ਸਿਰਫ ਚਾਰ ਪੰਜ ਸਿੰਘਾਂ ਤੱਕ ਹੀ ਸੀਮਤ ਸਨ। ਇਹੋ ਹੀ ਕਾਰਨ ਸੀ ਕਿ ਭਾਰਤੀ ਫੌਜ ਜਿਹੜੀ ਸੋਚਦੀ ਸੀ ਕਿ ਦੋ ਘੰਟਿਆਂ ਵਿੱਚ ਸੰਤ ਜੀ ਸਮੇਤ ਸਾਰੇ ਸਿੰਘਾਂ ਨੂੰ ਮਾਰ ਦੇਵੇਗੀ ਜਾਂ ਕਾਬੂ ਕਰ ਲਵੇਗੀ, ਉਸ ਨੂੰ ਅਕਾਲ ਤਖਤ ਸਾਹਿਬ ਤਕ ਪਹੁੰਚਣ ਲਈ ੭੨ ਘੰਟੇ ਲੱਗ ਗਏ। ਇਸ ਜੰਗ ਵਿਚ ਭਾਰਤੀ ਫੌਜ ਨੂੰ ਅੰਦਾਜੇ ਤੋਂ ਬਾਹਰਾ ਨੁਕਸਾਨ ਹੋਇਆ। ਇਸ ਨੇ ਗੁੱਸੇ, ਨਫਰਤ ਅਤੇ ਦਵੈਸ਼ ਵਿੱਚ ਜਹਿਰੀਲੇ ਰਸਾਇਣਾਂ, ਟੈਂਕਾਂ ਅਤੇ ਹੈਲੀਕਾਪਟਰਾਂ ਦਾ ਇਸਤੇਮਾਲ ਕੀਤਾ।

ਅਕਾਲ ਤਖਤ ਸਾਹਿਬ ਦੀ ਜੰਗ ਵਿੱਚ ਜਨਰਲ ਸਾਹਿਬ ਦਾ ਬਹੁਤ ਵੱਡਾ ਯੋਗਦਾਨ ਸੀ। ਜਦੋਂ ਤਕ ਓਹਨਾਂ ਦੀ ਦੇਹ ਵਿਚ ਸਵਾਸ ਸੀ ਉਹ ਆਪਣੇ ਹਰ ਸਿੰਘ ਸਿਪਾਹੀ ਕੋਲ ਜਾਂਦੇ ਰਹੇ ਅਤੇ ਯੋਗ ਅਗਵਾਈ ਕਰਦੇ ਰਹੇ। ਉਹਨਾਂ ਦੀ ਸ਼ਹਾਦਤ ਅਕਾਲ ਤਖਤ ਸਾਹਿਬ ਦੀ ਰਾਖੀ ਕਰਦੇ ਹੋਈ ਅਤੇ ਸੰਤ ਜੀ ਤੋਂ ਪਹਿਲਾਂ ਉਹ ਗੁਰੂ ਨੂੰ ਪਿਆਰੇ ਹੋ ਗਏ। ਉਹਨਾਂ ਦੀ ਸ਼ਖਸੀਅਤ ਇਸ ਤਰ੍ਹਾਂ ਦੀ ਸੀ ਕਿ ਉਹਨਾਂ ਨੇ ਆਪਣੇ ਆਗੂ ਤੋਂ ਪਹਿਲਾਂ ਹੀ ਸ਼ਹੀਦ ਹੋਣਾ ਸੀ ਕਿਉਂਕਿ ਉਹ ਉਹਨਾਂ ਦੀ ਰੱਖਿਆ ਲਈ ਹੀ ਆਏ ਸਨ।

ਜਨਰਲ ਸਾਹਿਬ ਦੇ ਖਾਲਸਾਈ ਜਲੌਅ ਤੋਂ ਬਿਪਰ ਸਰਕਾਰ ਸਦਾ ਹੀ ਭੈਅ ਖਾਂਦੀ ਸੀ, ਜਿਉਂਦੇ ਜੀ ਉਹ ਉਸ ਨੂੰ ਝੁਕਾ ਨਹੀਂ ਸਕੇ ਅਤੇ ਜੰਗ ਵਿਚ ਵੀ ਹਰਾ ਨਹੀਂ ਸਕੇ ਅਤੇ ਅੰਤ ਵਿੱਚ ਉਸਦੀ ਮਿੱਟੀ ਦੀ ਖੇਹ ਉਡਾਉਣ ਵਿੱਚ ਸੰਤੁਸ਼ਟ ਹੋਏ। ਜਨਰਲ ਸਾਹਿਬ ਦੇ ਕਿਰਦਾਰ ਅਤੇ ਰੂਹ ਸਦਾ ਅਡੋਲ ਰਹੇ ਤੇ ਗੁਰੂ ਨੇ ਉਹਨਾਂ ਨੂੰ ਸ਼ਹੀਦੀ ਦੇ ਸਭ ਤੋਂ ਵੱਡੇ ਰੁਤਬੇ ਨਾਲ ਨਿਵਾਜਿਆ। ਉਹਨਾਂ ਨੇ ਦੁਨਿਆਵੀ ਰੁਤਬਿਆਂ ਨੂੰ ਲੱਤ ਮਾਰ ਕੇ ਜਿਹੜਾ ਰੁਤਬਾ ਹਾਸਲ ਕੀਤਾ ਉਹ ਇਹਨਾਂ ਸਮਿਆਂ ਦੇ ਕਿਸੇ ਹੋਰ ਜਰਨੈਲ ਦੇ ਭਾਗਾਂ ਵਿੱਚ ਨਹੀਂ ਆਇਆ। ਉਹਨਾਂ ਨੇ ਗੁਰੂ ਸਾਹਿਬ ਵੱਲੋਂ ਸਿਰਜੇ ਹੋਏ ਅਕਾਲ ਤਖਤ ਸਾਹਿਬ ਦੀ ਰੱਖਿਆ ਲਈ ਆਪਣਾ ਸੀਸ ਦਿੱਤਾ ਅਤੇ ਇਹੋ ਜਿਹੀ ਬਖਸ਼ਿਸ਼ ਤਾਂ ਦੁਨੀਆ ਵਿੱਚ ਕਿਸੇ ਵਿਰਲੇ ਨੂੰ ਹੀ ਹੁੰਦੀ ਹੈ।

ਜਨਰਲ ਸਾਹਿਬ ਬਾਰੇ ਮੈਂ ਕਈ ਗੱਲਾਂ ਸੁਣੀਆਂ ਸਨ। ਸੰਨ ੧੯੮੪ ਵੇਲੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਨੇੜ ਵਿੱਚ ਜਨਰਲ ਸਾਹਿਬ ਸ਼ਾਮਲ ਸਨ। ਭਾਈ ਰਸ਼ਪਾਲ ਸਿੰਘ, ਬਾਬਾ ਠਾਹਰਾ ਸਿੰਘ ਅਤੇ ਭਾਈ ਅਮਰੀਕ ਸਿੰਘ ਇਸ ਅੰਦਰਲੇ ਜਥੇ ਵਿੱਚ ਸ਼ਾਮਲ ਸਨ। ਸਾਰੀ ਸਲਾਹ-ਮਸ਼ਵਰਾ ਅਤੇ ਯੋਜਨਾ ਇਹ ਸੱਜਣ ਹੀ ਕਰਦੇ ਸਨ। ਦਮਦਮੀ ਟਕਸਾਲ ਵਾਲੇ ਸਿੰਘ ਨੇ ਦੱਸਿਆ ਕਿ ਜਨਰਲ ਸਾਹਿਬ ਜਦੋਂ ਪੱਕੇ ਤੌਰ ਤੇ ਦਰਬਾਰ ਸਾਹਿਬ ਰਹਿਣ ਲੱਗ ਪਏ ਸਨ ਤਾਂ ਉਹਨਾਂ ਦਾ ਜਿਆਦਾ ਸਮਾਂ ਪਾਠ ਸਿਮਰਨ ਜਾਂ ਫਿਰ ਸੰਤ ਜੀ ਕੋਲ ਹੀ ਗੁਜਰਦਾ ਸੀ ਜਾਂ ਫਿਰ ਉਹ ਸਿੰਘਾਂ ਨੂੰ ਆਉਣ ਵਾਲੇ ਸਮੇਂ ਦੀ ਤਿਆਰੀ ਕਰਵਾਉਣ ਵਿਚ ਹੀ ਰੁੱਝੇ ਰਹਿੰਦੇ ਸੀ। ਸੰਤ ਜੀ ਨੂੰ ਉਹ ਆਪਣੇ ਉਸਤਾਦ ਵਾਂਗ ਦੇਖਦੇ ਸੀ ਅਤੇ ਉਨ੍ਹਾਂ ਦੀ ਸੰਗਤ ਵਿੱਚ ਬਹੁਤ ਘੱਟ ਬੋਲਦੇ ਸੀ ਜਿਆਦਾ ਸੁਣਦੇ ਅਤੇ ਵਾਚਦੇ ਰਹਿੰਦੇ ਸਨ।

ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦਾ ਸਿੱਖ ਆਗੂ ਜੋ ਹਮਲੇ ਦੌਰਾਨ ਉਥੇ ਹੀ ਰਹਿ ਗਿਆ ਸੀ, ਉਸ ਨੇ ਇਕ ਵਾਰ ਦੱਸਿਆ ਕਿ ਚਾਰ ਜਾਂ ਪੰਜ ਜੂਨ ਦੀ ਸ਼ਾਮ ਨੂੰ ਜਨਰਲ ਸਾਹਿਬ ਪਰਿਕਰਮਾ ਵੱਲ ਨੂੰ ਮੋਰਚਿਆਂ ਵਿਚ ਬੈਠੇ ਸਿੰਘਾਂ ਨੂੰ ਮਿਲਣ ਜਾ ਰਹੇ ਸਨ ਤੇ ਦੋ ਨਿਸ਼ਾਨ ਸਾਹਿਬਾਂ ਕੋਲ ਉਹਨਾਂ ਨੇ ਉਸ ਨੂੰ ਆਵਾਜ ਮਾਰ

ਲਈ ਕਿ ਆਓ ਜਰਾ ਤੁਰ ਫਿਰ ਆਈਏ। ਉਹ ਵੀ ਓਹਨਾਂ ਦੇ ਨਾਲ ਤੁਰ ਪਿਆ। ਉਹ ਪਰਿਕਰਮਾ ਦੇ ਵਿਚਲੇ ਕਮਰਿਆਂ ਦੇ ਨਾਲ ਨਾਲ ਜਾ ਰਹੇ ਸਨ, ਜਿਥੇ ਜਿਥੇ ਸਿੰਘਾਂ ਦੇ ਮੋਰਚੇ ਸਨ ਓਹਨਾਂ ਨੂੰ ਕੁਝ ਹਦਾਇਤਾਂ ਦੇ ਰਹੇ ਸਨ। ਜਦੋਂ ਉਹ ਛਬੀਲਾਂ ਕੋਲ ਕੁਝ ਬਾਹਰ ਨੂੰ ਹੋਏ ਤਾਂ ਅਚਣਚੇਤ ਸਰੋਵਰ ਦੇ ਪਰਲੇ ਪਾਸਿਓਂ ਫੌਜੀਆਂ ਨੇ ਐਲਐਮਜੀ ਨਾਲ ਉਹਨਾਂ ਤੇ ਗੋਲੀਬਾਰੀ ਸ਼ੁਰੂ ਕਰ ਦਿੱਤੀ। ਗੋਲੀਆਂ ਉਹਨਾਂ ਦੇ ਸਭ ਪਾਸੇ ਵੱਜ ਰਹੀਆਂ ਸਨ ਅਤੇ ਸੰਗਮਰਮਰ ਤੇ ਵੱਜ ਕੇ ਅਜੀਬ ਤਰ੍ਹਾਂ ਦੀ ਆਵਾਜ ਪੈਦਾ ਕਰ ਰਹੀਆਂ ਸਨ। ਉਹ ਜਦੋਂ ਓਹਲੇ ਵੱਲ ਨੂੰ ਜਾਣ ਲੱਗਾ ਤਾਂ ਜਨਰਲ ਸਾਹਬ ਨੇ ਕਿਹਾ ਕੋਈ ਗੱਲ ਨਹੀਂ ਤੁਰੇ ਆਉ। ਉਸ ਆਗੂ ਨੇ ਜਨਰਲ ਸਾਹਿਬ ਨੂੰ ਕਿਹਾ ਆਪਾਂ ਨੂੰ ਅੰਦਰਲੇ ਪਾਸੇ ਹੋ ਜਾਣਾ ਚਾਹੀਦਾ ਹੈ, ਇੱਥੇ ਤਾਂ ਕਦੀ ਵੀ ਗੋਲੀ ਲੱਗ ਸਕਦੀ ਹੈ। ਜਨਰਲ ਸਾਹਿਬ ਉਸੇ ਤਰ੍ਹਾਂ ਤੁਰਦੇ ਰਹੇ ਅਤੇ ਅਜੀਬ ਜਿਹੀ ਮੁਸਕਾਨ ਨਾਲ ਉੱਤਰ ਦਿੱਤਾ ਕਿ ਗੋਲੀ ਇਸ ਤਰ੍ਹਾਂ ਨਹੀਂ ਲੱਗਦੀ ਹੁੰਦੀ ਹੈ। ਜਿਹੜੀ ਤੁਹਾਡੇ ਲਈ ਬਣੀ ਹੈ ਉਸ ਤੋਂ ਨਹੀਂ ਬਚ ਸਕਦੇ। ਇਹਨਾਂ ਗੋਲੀਆਂ ਤੋਂ ਡਰਨ ਦੀ ਜਰੂਰਤ ਨਹੀਂ। ਓਹਨਾਂ ਨੇ ਇੱਕ ਵਾਰ ਵੀ ਇਹ ਨਹੀਂ ਦੇਖਿਆ ਕਿ ਗੋਲੀ ਕਿਧਰੋਂ ਆ ਰਹੀ ਹੈ ਜਾਂ ਕੋਈ ਬਚਾਅ ਕੀਤਾ ਹੋਵੇ। ਉਹ ਆਪਣੀ ਤੋਰ ਤੁਰਦੇ ਰਹੇ ਆਪਣਾ ਕੰਮ ਕਰਕੇ ਵਾਪਸ ਅਕਾਲ ਤਖਤ ਸਾਹਿਬ ਆ ਗਏ। ਉਹਨਾਂ ਦੇ ਇਸ ਅੰਦਾਜ ਤੋਂ ਮੈਨੂੰ ਉਹਨਾਂ ਦੀ ਉਹ ਰਹੱਸਮਈ ਨਜਰ ਯਾਦ ਆ ਗਈ ਜਿਹੜੀ ਉਹ ਉੱਪਰ ਨੂੰ ਚੁੱਕ ਕੇ ਬਹੁਤ ਅੱਗੇ ਤੱਕ ਦੇਖਦੇ ਸਨ। ਇਹ ਵਾਕਿਆ ਉਹਨਾਂ ਦੇ ਸਿਦਕ ਸਬਰ ਅਤੇ ਨਿਸ਼ਚੇ ਬਾਰੇ ਦੱਸ ਪਾਉਂਦਾ ਹੈ। ਉਹਨਾਂ ਨੂੰ ਪਤਾ ਸੀ ਕਿ ਉਹਨਾਂ ਲਈ ਬਣੀ ਹੋਈ ਗੋਲੀ ਅਕਾਲ ਤਖਤ ਸਾਹਿਬ ਦੀ ਪਰਿਕਰਮਾ ਵਿਚ ਹੀ ਲੱਗਣੀ ਹੈ।

੧੯੮੪ ਦੇ ਸ਼ੁਰੂ ਵਿਚ ਕੁਝ ਪੁਰਾਣੇ ਫੌਜੀ ਜਰਨੈਲਾਂ ਨਾਲ ਹਮਲੇ ਬਾਰੇ ਗੱਲ ਹੋ ਰਹੀ ਸੀ ਤਾਂ ਸੰਤ ਜੀ ਨੇ ਕਿਹਾ ਕਿ ਇਥੇ ਟੈਂਕ ਅਤੇ ਤੋਪਾਂ ਵੀ ਆਉਣਗੀਆਂ। ਉਥੇ ਬੈਠੇ ਬਹੁਤੇ ਲੋਕਾਂ ਨੂੰ ਇਹ ਯਕੀਨ ਨਹੀਂ ਆਇਆ ਕਿ ਦਰਬਾਰ ਸਾਹਿਬ ਅੰਦਰ ਟੈਂਕ ਅਤੇ ਤੋਪਾਂ ਵੀ ਆ ਸਕਦੇ ਹਨ ਕਿਉਂਕਿ ਇਹ ਹੋਣੀ ਦੇ ਦਾਇਰੇ ਤੋਂ ਬਾਹਰ ਦੀ ਗੱਲ ਸੀ। ਕਿਸੇ ਨੇ ਜਨਰਲ ਸਾਹਿਬ ਨੂੰ ਪੁੱਛਿਆ ਕਿ ਇੰਝ ਹੋ ਸਕਦਾ ਹੈ ਉਹਨਾਂ ਨੇ ਜਵਾਬ ਦਿੱਤਾ ਕਿ "ਦੁਨੀਆ ਦੇ ਕਾਇਦੇ ਕਾਨੂੰਨਾਂ ਅਨੁਸਾਰ ਤਾਂ ਇੰਝ ਨਹੀਂ ਹੋ ਸਕਦਾ ਪਰ ਹੁਣ ਸੰਤ ਜੀ ਨੇ ਕਿਹਾ ਹੈ"। ਜਨਰਲ ਸਾਹਿਬ ਜੋ ਭਾਰਤੀ ਫੌਜ ਦੇ ਦਿਲ ਦਿਮਾਗ ਦੇ ਤੌਰ-ਤਰੀਕਿਆਂ ਨੂੰ ਚੰਗੀ ਤਰ੍ਹਾਂ ਜਾਣਦੇ ਸਨ। ਉਹਨਾਂ ਨੇ ਇਸ ਤਰ੍ਹਾਂ ਦੀ ਮੋਰਚਾਬੰਦੀ ਕੀਤੀ ਕਿ ਫੌਜ ਨੂੰ ਆਪਣੇ ਸਾਰੇ ਸਾਧਨ ਅਜਮਾਉਣੇ ਪਏ ਅਤੇ ਅੰਤ ਨੂੰ ਹਤਾਸ਼ ਹੋ ਕਿ ਉਹ ਸੰਤ ਜੀ ਦੇ ਬਚਨਾਂ ਅਨੁਸਾਰ ਟੈਂਕ, ਤੋਪਾਂ ਅਤੇ ਹੈਲੀਕਾਪਟਰ ਲੈ ਕੇ ਚੜ੍ਹ ਆਏ।

ਚਰਨਜੀਤ ਸਿੰਘ ਤਲਵੰਡੀ ਹਮਲੇ ਤੋਂ ਪਹਿਲਾਂ ਦੀ ਇਕ ਸ਼ਾਮ ਦੀ ਗੱਲ ਸੁਣਾ

ਰਿਹਾ ਸੀ ਕਿ ਜਦੋਂ ਇਹ ਕੁਝ ਸਿੰਘ ਜਨਰਲ ਸਾਹਿਬ ਕੋਲ ਚਲੇ ਗਏ ਜੋ ਅਕਾਲ ਤਖਤ ਸਾਹਿਬ ਦੀ ਉਪਰਲੀ ਮੰਜਲ ਤੇ ਪਾਠ ਕਰਕੇ ਹਟੇ ਸੀ। ਉਸ ਵਕਤ ਤੱਕ ਸੰਤ ਜੀ ਅਤੇ ਓਹਨਾਂ ਦੇ ਨਾਲ ਸ਼ਹੀਦ ਹੋਣ ਵਾਲੇ ਸਿੰਘਾਂ ਤੋਂ ਬਿਨਾ ਕਿਸੇ ਹੋਰ ਨੂੰ ਵਿਸ਼ਵਾਸ ਨਹੀਂ ਸੀ ਕਿ ਸਰਕਾਰ ਦਰਬਾਰ ਸਾਹਿਬ ਤੇ ਫੌਜੀ ਹਮਲਾ ਕਰ ਦੇਵੇਗੀ। ਜਿਆਦਾ ਲੋਕ ਇਹੋ ਹੀ ਸਮਝਦੇ ਸੀ ਕਿ ਆਖਰੀ ਮੌਕੇ ਤੇ ਕੋਈ ਹੱਲ ਨਿਕਲ ਆਵੇਗਾ। ਇਹ ਗੱਲ ਹਮਲੇ ਤੋਂ ਕੁਝ ਦਿਨ ਪਹਿਲਾਂ ਦੀ ਹੈ। ਜਨਰਲ ਸਾਹਬ ਘੱਟ ਹੀ ਮਿਲਦੇ ਤੇ ਬੋਲਦੇ ਹੁੰਦੇ ਸੀ। ਉਸ ਦਿਨ ਉਹਨਾਂ ਨੇ ਇਹਨਾਂ ਸਿੰਘਾਂ ਨਾਲ ਜਾਣ-ਪਹਿਚਾਣ ਕੀਤੀ ਕੁੱਝ ਸਵਾਲ ਕੀਤੇ ਅਤੇ ਗੱਲਬਾਤ ਦੌਰਾਨ ਉਹ ਬਹੁਤ ਗੰਭੀਰ ਹੋ ਗਏ। ਉਹਨਾਂ ਨੇ ਬਹੁਤ ਹੀ ਸ਼ਿੱਦਤ ਭਰੇ ਅੰਦਾਜ ਨਾਲ ਆਖਿਆ ਕਿ ਦਿੱਲੀ ਤਖਤ ਛੇਤੀ ਹੀ ਦਰਬਾਰ ਸਾਹਿਬ ਉਤੇ ਫੌਜੀ ਹਮਲਾ ਕਰਨ ਵਾਲਾ ਹੈ। ਉਹ ਲੰਮੇ ਸਮੇਂ ਤੋਂ ਇਸ ਹਮਲੇ ਦੀ ਵਿਉਂਤ ਬਣਾ ਰਿਹਾ ਹੈ ਤੇ ਹੁਣ ਹੋਰ ਉਡੀਕ ਨਹੀਂ ਕਰ ਸਕਦਾ। ਹਮਲਾ ਹਰ ਹਾਲਤ ਵਿੱਚ ਹੋਣਾ ਹੈ। ਫਿਰ ਉਹ ਚੁੱਪ ਕਰ ਗਏ ਤੇ ਫੇਰ ਰੁਕ ਕੇ ਕਿਹਾ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਪੰਥ ਦੇ ਗੁਰੂ ਵੱਲੋਂ ਭੇਜੇ ਗਏ ਜਰਨੈਲ ਹਨ। ਇਹਨਾਂ ਦਾ ਅਕਾਲ ਤਖਤ ਸਾਹਿਬ ਤੇ ਆਉਣਾ ਬਿਲਕੁਲ ਜਾਇਜ ਹੈ ਕਿਉਂਕਿ ਇਹੋ ਹੀ ਉਸਦੇ ਵਾਰਸ ਤੇ ਰਖਵਾਲੇ ਹਨ। ਫੇਰ ਕੁਝ ਸਮਾਂ ਚੁੱਪ ਰਹਿਣ ਉਪਰੰਤ ਓਹਨਾਂ ਨੇ ਕਿਹਾ ਕਿ ਦਰਬਾਰ ਸਾਹਿਬ ਦੀ ਹਿਫਾਜਤ ਕਰਦਿਆਂ ਮਰ ਜਾਣਾ ਸਭ ਤੋਂ ਵੱਡੀ ਬਖਸ਼ਿਸ਼ ਹੈ। ਦੁਨੀਆ ਤੇ ਇਹ ਜਗ੍ਹਾ ਸਭ ਤੋਂ ਪਵਿੱਤਰ ਹੈ ਜਿੱਥੇ ਕੋਈ ਆਪਣੇ ਪ੍ਰਾਣ ਤਿਆਗ ਸਕੇ ਫਿਰ ਉਹ ਚੁੱਪ ਕਰ ਗਏ ਅਤੇ ਬਾਅਦ ਵਿਚ ਹੋਰ ਗੱਲਾਂ ਕਰਨ ਲੱਗ ਪਏ।

ਜਨਰਲ ਸਾਹਿਬ ਦੀ ਮੁੱਖ ਭੂਮਿਕਾ ਦਰਬਾਰ ਸਾਹਿਬ ਦੀ ਹਿਫਾਜਤ ਦੀ ਵਿਉਂਤਬੰਦੀ ਕਰਨੀ ਸੀ। ਸੰਤ ਜੀ ਕੋਲ ਚੋਣਵੇਂ ਸਿੰਘਾਂ ਦਾ ਸ਼ਹੀਦੀ ਜਥਾ ਸੀ ਜੋ ਬਿਲਕੁਲ ਸੰਤ ਜੀ ਦੀ ਰੂਹ ਨਾਲ ਹਮਸਫਰ ਹੋ ਚੁੱਕਿਆ ਸੀ। ਇਹਨਾਂ ਨੇ ਹੀ ਦਰਬਾਰ ਸਾਹਿਬ ਦੀ ਜੰਗ ਲੜਨੀ ਸੀ, ਦੁਸ਼ਮਣ ਨੂੰ ਮਾਤ ਦੇਣੀ ਸੀ ਅਤੇ ਸ਼ਹੀਦੀ ਨੂੰ ਪ੍ਰਾਪਤ ਹੋਣਾ ਸੀ। ਇਹ ਸਿੰਘ ਜੋ ਕਿ ਸਾਰੇ ਹੀ ਸ਼ਹੀਦ ਹੋਏ, ਹਮਲੇ ਤੋਂ ਬਹੁਤ ਚਿਰ ਪਹਿਲਾਂ ਹੀ ਆਪਣੇ ਆਲੇ-ਦੁਆਲੇ ਨਾਲੋਂ ਅਲਹਿਦਾ ਤਰੀਕੇ ਨਾਲ ਜਿਉਂ ਰਹੇ ਸੀ। ਆਪਾਂ ਕਹਿ ਸਕਦੇ ਹਾਂ ਕਿ ਇਹ ਸਾਰੇ ਸੁਰਤ ਤੇ ਅਮਲ ਦੇ ਉੱਚੇ ਪੱਧਰ ਨੂੰ ਪ੍ਰਾਪਤ ਕਰ ਚੁੱਕੇ ਸੀ। ਇਹ ਸਾਰੀ ਖੇਡ ਗੁਰੂ ਦੀ ਹੀ ਵਰਤ ਰਹੀ ਸੀ। ਝੂਠੇ ਤਖਤ ਨੇ ਸੱਚੇ ਤਖਤ ਉੱਤੇ ਚੜ੍ਹ ਆਉਣਾ ਸੀ। ਇਤਿਹਾਸ ਨੇ ਸੰਤ ਜੀ ਦੀ ਰਹਿਨੁਮਾਈ ਅਤੇ ਜਨਰਲ ਸਾਹਬ ਦੀ ਯੋਗਤਾ ਸਦਕਾ ਇਹਨਾਂ ਸ਼ਹੀਦ ਸਿੰਘਾਂ ਨੂੰ ਆਉਣ ਵਾਲੀ ਵੱਡੀ ਮਹਾਤਮ ਜੰਗ ਲਈ ਚੁਣਿਆ ਸੀ। ਜਨਰਲ ਸਾਹਿਬ ਨੂੰ ਦੁਨੀਆ ਵਿੱਚੋਂ ਇਹਨਾਂ ਤੋਂ ਬਿਹਤਰ

ਸਿਪਾਹੀ ਨਹੀਂ ਸੀ ਮਿਲ ਸਕਦੇ। ਇਹਨਾਂ ਨੂੰ ਕਿਸੇ ਸਿੱਖਿਆ ਦੀ ਜ਼ਰੂਰਤ ਨਹੀਂ ਸੀ, ਇਹ ਧੁਰੋਂ ਹੀ ਸਿੱਖਿਅਤ ਸਨ। ਬਸ ਏਥੇ ਤਾਂ ਜਨਰਲ ਸਾਹਿਬ ਨੇ ਇਨ੍ਹਾਂ ਨੂੰ ਲਾਮਬੰਦ ਕਰਨਾ ਸੀ ਅਤੇ ਪੈਂਤੜੇਬਾਜੀ ਦੱਸਣੀ ਸੀ। ਇਹ ਗੱਲ ਤਾਂ ਭਾਰਤੀ ਫੌਜ ਦੇ ਚੋਟੀ ਦੇ ਜਰਨੈਲਾਂ ਨੇ ਬਾਅਦ ਵਿੱਚ ਮੰਨੀ ਹੈ ਕਿ ਇਹ ਬੰਦੇ ਦਰਬਾਰ ਸਾਹਿਬ ਦੀ ਹਦੂਦ ਅੰਦਰ ਲੜਣ ਵਾਲੇ ਸਿੰਘ ਸਭ ਤੋਂ ਬਿਹਤਰੀਨ ਸਿਪਾਹੀ ਸਨ। ਜਿੰਨੇ ਕੁ ਸਿੰਘ ਸਨ ਉਨੇ ਹੀ ਸ਼ਸਤਰ ਸਨ। ਦੋ ਰਾਕਟ ਲਾਂਚਰ, ਦੋ ਦਰਜਨ ਦੇ ਕਰੀਬ ਐਲਐਮਜੀ, ਚਾਰ ਦਰਜਨ ਦੇ ਕਰੀਬ ਐਸਐਲਆਰਾਂ ਤੇ ਕਾਫੀ ਹਥਗੋਲੇ ਅਤੇ ਦੇਸੀ ਬੰਬ ਸਨ। ਭਾਰਤ ਦੇ ਖੁਫੀਆ ਮਹਿਕਮੇ ਨੂੰ ਇਸ ਅਸਲੇ ਬਾਰੇ ਕੋਈ ਖਬਰ ਨਹੀਂ ਸੀ। ਉਹਨਾਂ ਨੂੰ ਤਾਂ ਜੋ ਸੰਤ ਜੀ ਦੇ ਨਾਲ ਦੇ ਸਿੰਘਾਂ ਕੋਲ ਜੋ ਦਿਸਦਾ ਅਸਲਾ ਸੀ, ਉਸ ਬਾਰੇ ਹੀ ਪਤਾ ਸੀ। ਇਕ ਤਰੀਕ ਤੋਂ ਪਹਿਲਾਂ ਜਿੱਥੇ-ਜਿੱਥੇ ਮੋਰਚੇ ਸਨ ਓਹਨਾਂ ਬਾਰੇ ਹੀ ਜਾਣਕਾਰੀ ਸੀ।

ਜਨਰਲ ਸਾਹਿਬ ਨੇ ਸਿੰਘਾਂ ਨੂੰ ਦੱਸਿਆ ਸੀ ਕਿ ਫੌਜ ਨੇ ਦਿਸਦੇ ਹੋਏ ਮੋਰਚੇ ਤਾਂ ਪਹਿਲੀ ਸੱਟੇ ਹੀ ਨਸ਼ਟ ਕਰ ਦੇਣੇ ਹਨ ਅਤੇ ਹੋਇਆ ਵੀ ਇੰਞ ਹੀ। ਜਨਰਲ ਸਾਹਿਬ ਨੇ ਵੀ ਅਕਾਲ ਤਖਤ ਸਾਹਿਬ ਦੀ ਪਕਿਰਮਾ ਦੇ ਕਮਰਿਆਂ, ਛਬੀਲਾਂ, ਬੁੰਗੇ, ਲੰਗਰ ਅਤੇ ਹੋਰ ਥਾਂਵਾਂ ਤੇ ਸਾਰੀ ਨਵੀਂ ਮੋਰਚਾਬੰਦੀ ਕੀਤੀ। ਇਹ ਮੋਰਚੇ ਸਿਰਫ ੪ ਤਰੀਕ ਨੂੰ ਜਦੋਂ ਹਮਲਾ ਹੋਇਆ ਉਸ ਵੇਲੇ ਹੀ ਪਰਗਟ ਹੋਏ। ਇਹੋ ਜਿਹੀਆਂ ਥਾਂਵਾਂ ਉਤੇ ਸਨ ਜਿਸ ਨਾਲ ਸਾਰਾ ਦਰਬਾਰ ਸਾਹਿਬ ਅਤੇ ਆਲਾ-ਦੁਆਲਾ ਮਾਰ ਵਿੱਚ ਆ ਜਾਂਦਾ ਸੀ ਜਿਵੇਂ ਛਬੀਲਾਂ ਅਤੇ ਪਰਕਰਮਾ ਵਿਚਲੇ ਕਮਰਿਆਂ ਵਿੱਚ ਫਰਸ਼ ਤੋਂ ੬ ਇੰਚ ਉੱਚੇ ਪਿੱਛੋਂ ਕੰਧ ਪਾੜ ਕੇ ਐਲਐਮਜੀ ਲਈ ਜਗ੍ਹਾ ਬਣਾਈ ਹੋਈ ਸੀ। ਇਸੇ ਤਰ੍ਹਾਂ ਅਕਾਲ ਤਖਤ ਸਾਹਿਬ ਅਤੇ ਹੋਰ ਥਾਂਵਾਂ ਤੇ ਸਾਰੇ ਮੋਰਚਿਆਂ ਵਿੱਚ ਸਿੰਘਾਂ ਦੀਆਂ ਜਿੰਮੇਵਾਰੀਆਂ ਲੱਗੀਆਂ ਸਨ। ਉਹਨਾਂ ਲਈ ਵਾਧੂ ਅਸਲਾ, ਪਾਣੀ, ਸੁੱਕਾ ਰਾਸ਼ਨ ਅਤੇ ਵਾਕੀ-ਟਾਕੀ ਸਨ। ਸਾਰਿਆਂ ਦਾ ਜਨਰਲ ਸਾਹਿਬ ਨਾਲ ਸਿੱਧਾ ਰਾਬਤਾ ਸੀ। ਇਸ ਮੋਰਚੇ ਬੰਦੀ ਤੇ ਇਹਨਾਂ ਹਥਿਆਰਾਂ ਬਾਰੇ ਹਕੂਮਤ ਨੂੰ ਕੁਝ ਪਤਾ ਨਹੀਂ ਸੀ। ਇਸ ਕਰਕੇ ਜਦੋਂ ਉਹਨਾਂ ਨੇ ੪ ਤਰੀਕ ਸਵੇਰੇ ਹਮਲਾ ਕੀਤਾ ਤੇ ਫਿਰ ੫ ਤਰੀਕ ਰਾਤ ਨੂੰ ਹਮਲਾ ਕੀਤਾ ਤਾਂ ਉਹਨਾਂ ਨੂੰ ਕੁਝ ਵੀ ਪਤਾ ਨਹੀਂ ਲੱਗ ਰਿਹਾ ਸੀ ਕਿ ਗੋਲੀ ਕਿਥੋਂ ਵੱਜ ਰਹੀ ਹੈ। ਸਾਰੇ ਸਿੰਘਾਂ ਨੂੰ ਕਿਹਾ ਗਿਆ ਸੀ ਕਿ ਫੌਜ ਦੇ ਆਉਣ ਤੋਂ ਪਹਿਲਾਂ ਕੋਈ ਵੀ ਗੋਲੀ ਨਹੀਂ ਚਲਾਉਣੀ ਅਤੇ ਇੰਞ ਹੀ ਹੋਇਆ। ਇਕ ਜੂਨ ੧੯੮੪ ਨੂੰ ਫੌਜ ਨੇ ਮੋਰਚਾਬੰਦੀ ਦੀ ਟੋਹ ਲੈਣ ਲਈ ਹੀ ਗੋਲੀ ਚਲਾਈ ਸੀ। ਸਿੰਘਾਂ ਨੇ ਉਸ ਦਾ ਕੋਈ ਉੱਤਰ ਨਾ ਦਿੱਤਾ ਅਤੇ ਦੁਸ਼ਮਣ ਨੂੰ ਭੁਲੇਖੇ ਵਿੱਚ ਹੀ ਰਹਿਣ ਦਿੱਤਾ।

ਇਸ ਹਮਲੇ ਵਿਚ ਭਾਰਤ ਨੇ ਆਪਣੀ ਹਵਾਈ ਸੈਨਾ ਤੇ ਜਲ ਸੈਨਾ ਦੀਆਂ ਟੁਕੜੀਆਂ ਵੀ ਵਰਤੀਆਂ। ਅਣਗਿਣਤ ਫੌਜ ਨੇ ਦਰਬਾਰ ਸਾਹਿਬ ਤੇ ਹਮਲਾ

ਕੀਤਾ। ਚੋਟੀ ਦੇ ਜੰਗੀ ਦਸਤੇ ਹਮਲੇ ਵਿਚ ਸ਼ਾਮਲ ਹੋਏ। ਜਹਿਰੀਲੀ ਗੈਸ ਅਤੇ ਧਮਕ ਵਾਲੇ ਬੰਬ ਵੀ ਵਰਤੇ ਗਏ। ਪਹਿਲਾਂ ਛੋਟੀਆਂ ਤੋਪਾਂ ਫਿਰ ਬਖਤਰਬੰਦ ਗੱਡੀਆਂ ਤੇ ਆਖਰ ਨੂੰ ਟੈਂਕ ਅੰਦਰ ਆਏ। ਹਤਾਸ਼ਾ ਅਤੇ ਘਬਰਾਹਟ ਵਿੱਚ ਉਹਨਾਂ ਨੇ ਵੱਡੇ ਤੋਂ ਵੱਡਾ ਹਥਿਆਰ ਵਰਤਿਆ ਅਤੇ ਜੁਲਮ ਦੀਆਂ ਹੱਦਾਂ ਪਾਰ ਕਰ ਦਿੱਤੀਆਂ। ਪਰੰਪਰਾ ਮੁਤਾਬਿਕ ਤਾਂ ਹਰ ਗੁਰਸਿੱਖ ਸੰਤ ਸਿਪਾਹੀ ਹੁੰਦਾ ਹੈ ਪਰ ੧੯੮੪ ਵੇਲੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਅਤੇ ਜਨਰਲ ਸੁਬੇਗ ਸਿੰਘ ਨੇ ਇਕੱਠੇ ਹੋ ਕੇ ਦੁਨੀਆ ਨੂੰ ਸੰਤ ਸਿਪਾਹੀ ਦਾ ਜਲਵਾ ਦਿਖਾਇਆ।

ਮੈਨੂੰ ਇੱਕ ਸਿੰਘ, ਜਿਸ ਦਾ ਮੋਰਚਾ ਅਕਾਲ ਤਖਤ ਸਾਹਿਬ ਦੇ ਨਾਲ ਸੱਜੇ ਪਾਸੇ ਲੱਗਦੀ ਰਾਜਾ ਸ਼ੇਰ ਸਿੰਘ ਵਾਲੀ ਡਿਉੜੀ ਵਿੱਚ ਸੀ, ਉਸ ਨੇ ਦੱਸਿਆ ਕਿ ਪੰਜ ਤਰੀਕ ਨੂੰ ਸ਼ਾਮਾਂ ਸਮੇਂ ਜਦੋਂ ਉਹ ਗੋਲੀਬਾਰੀ ਤੋਂ ਬਚ ਬਚਾ ਕੇ ਅਕਾਲ ਤਖਤ ਸਾਹਿਬ ਪਹੁੰਚਿਆ ਤਾਂ ਸਭ ਤੋਂ ਪਹਿਲਾਂ ਉਹ ਜਨਰਲ ਸਾਹਿਬ ਕੋਲ ਗਿਆ। ਉਸ ਵਕਤ ਜਨਰਲ ਸਾਹਿਬ ਅਕਾਲ ਤਖਤ ਸਾਹਿਬ ਦੇ ਥੜ੍ਹੇ ਤੋਂ ਥੱਲੜੇ ਪਾਸੇ, ਜਿਥੇ ਹੁਣ ਸ਼ਹੀਦੀ ਗੈਲਰੀ ਬਣਾਈ ਹੈ ਅਤੇ ਉੱਪਰ ਮਹਾਰਾਜ ਦਾ ਪ੍ਰਕਾਸ਼ ਹੈ। ਉਸਦੇ ਥੱਲੜੇ ਪਾਸੇ ਇਕੱਲੇ ਹੀ ਸੰਗਮਰਮਰ ਦੀ ਕੰਧ ਵਿੱਚ ਛੋਟੀ ਸੱਬਲ ਅਤੇ ਵੱਡੇ ਹਥੌੜੇ ਨਾਲ ਸੱਟਾਂ ਮਾਰ ਰਹੇ ਸੀ। ਉਹ ਬੜੇ ਜੋਸ਼ ਤੇ ਇਕਾਗਰਤਾ ਨਾਲ ਆਪਣੇ ਕੰਮ ਵਿੱਚ ਰੁੱਝੇ ਹੋਏ ਸੀ ਤੇ ਜਨਰਲ ਲਾਭ ਸਿੰਘ ਐਲਐਮਜੀ ਚੁੱਕੀ ਨੇੜੇ ਖੜ੍ਹਾ ਸੀ। ਜਿਸ ਜੋਰ ਨਾਲ ਜਨਰਲ ਸਾਹਿਬ ਕੰਧ ਵਿੱਚ ਐਲਐਮਜੀ ਲਈ ਮੋਰਚਾ ਬਣਾ ਰਹੇ ਸੀ ਉਸ ਤੋਂ ਬਿਲਕੁਲ ਨਹੀਂ ਸੀ ਲੱਗਦਾ ਕਿ ਇਨ੍ਹਾਂ ਦੀ ਉਮਰ ਸੱਠ ਸਾਲ ਹੋਵੇਗੀ। ਉਨ੍ਹਾਂ ਨੇ ਉਸ ਸੁਰਾਖ ਨੂੰ ਸੱਬਲ ਦੀਆਂ ਸੱਟਾਂ ਨਾਲ ਚੌੜਾ ਕਰਕੇ ਦੁਸ਼ਮਣ ਉਤੇ ਗੋਲੀਬਾਰੀ ਲਈ ਇੱਕ ਬਹੁਤ ਵਧੀਆ ਮੋਰਚਾ ਬਣਾ ਦਿੱਤਾ। ਫਿਰ ਉਨ੍ਹਾਂ ਨੇ ਐਲਐਮਜੀ ਦੀ ਨਾਲ ਸੁਰਾਖ ਵਿਚ ਦੀ ਬਾਹਰ ਕੱਢੀ ਅਤੇ ਲਾਭ ਸਿੰਘ ਨੂੰ ਕਿਹਾ ਕਿ ਇਸ ਮੋਰਚੇ ਨੂੰ ਹੁਣ ਤੂੰ ਸੰਭਾਲਣਾ ਹੈ। ਜਦੋਂ ਰਾਤ ਨੂੰ ਫੌਜ ਨੇ ਅਕਾਲ ਤਖਤ ਸਾਹਿਬ ਤੇ ਹਮਲਾ ਕਰਨਾ ਹੈ ਤਾਂ ਉਦੋਂ ਹੀ ਇਹ ਮੋਰਚਾ ਖੋਲ੍ਹ ਦੇਣਾ ਹੈ। ਇਸ ਨਾਲ ਦੁਸ਼ਮਣ ਦਾ ਸਭ ਤੋਂ ਜਿਆਦਾ ਨੁਕਸਾਨ ਹੋਵੇਗਾ। ਇੱਥੇ ਜਿਆਦਾ ਤੋਂ ਜਿਆਦਾ ਗੋਲੀਆਂ ਤੇ ਮੈਗਜੀਨ ਆਪਣੇ ਕੋਲ ਰੱਖ। ਇਸ ਘਟਨਾ ਤੋਂ ਪਤਾ ਲੱਗਦਾ ਹੈ ਕਿ ਉਸ ਵਕਤ ਅਕਾਲ ਤਖਤ ਸਾਹਿਬ ਦੀ ਰਾਖੀ ਕਿਸ ਭਾਵਨਾ ਵਿੱਚ ਕਰ ਰਹੇ ਸਨ।

ਜਨਰਲ ਸਾਹਿਬ ਨੂੰ ਦੁਸ਼ਮਣ ਦੀ ਹਰ ਚਾਲ ਤੇ ਕਮਜੋਰੀ ਦਾ ਪਤਾ ਸੀ। ਜਨਰਲ ਸਾਹਿਬ ਦੀ ਗੱਲ ਸਹੀ ਸਿੱਧ ਹੋਈ ਤੇ ਆਖਰੀ ੨੪ ਘੰਟਿਆਂ ਵਿੱਚ ਬਣਾਏ ਗਏ ਮੋਰਚਿਆਂ ਨੇ ਹੀ ਦੁਸ਼ਮਣ ਦਾ ਸਭ ਤੋਂ ਜਿਆਦਾ ਨੁਕਸਾਨ ਕੀਤਾ। ਇਨ੍ਹਾਂ ਮੋਰਚਿਆਂ ਬਾਰੇ ਕਿਸੇ ਵੀ ਮਹਿਕਮੇ ਨੂੰ ਕੁਝ ਪਤਾ ਨਹੀਂ ਸੀ। ਇਹੋ ਜਿਹੇ ਮੋਰਚਿਆਂ ਲਈ ਥਾਂ ਅਕਾਲ ਤਖਤ ਸਾਹਿਬ ਅਤੇ ਸਾਰੀ ਪਰਿਕਰਮਾ ਵਿੱਚ ਪਹਿਲਾਂ ਤੋਂ ਹੀ ਨਿਸ਼ਚਿਤ

ਕੀਤੇ ਹੋਏ ਸਨ ਪਰ ਇਹ ਸਾਰੇ ਆਖਰੀ ੨੪ ਘੰਟਿਆਂ ਵਿਚ ਹੀ ਬਣਾਏ ਗਏ ਸੀ। ਉਸ ਸਿੰਘ ਦੇ ਕਹਿਣ ਅਨੁਸਾਰ ਜਨਰਲ ਸਾਹਿਬ ਪੰਜ ਤਰੀਕ ਦੀ ਰਾਤ ਨੂੰ ਹੀ ਸ਼ਹੀਦ ਹੋ ਗਏ ਸੀ। ਉਨ੍ਹਾਂ ਲਈ ਬਣੀ ਗੋਲੀ ਉਨ੍ਹਾਂ ਦੇ ਆਣ ਵੱਜੀ ਸੀ ਤੇ ਉਹ ਆਖਰ ਤਕ ਸਾਰੇ ਮੋਰਚਿਆਂ ਦੇ ਸਿੰਘਾਂ ਨਾਲ ਸੰਪਰਕ ਵਿਚ ਰਹੇ ਅਤੇ ਉਨ੍ਹਾਂ ਨੂੰ ਹਦਾਇਤਾਂ ਦਿੰਦੇ ਰਹੇ।

ਨੋਟ : ਜਨਰਲ ਸਾਹਿਬ ਦੇ ਪਰਿਵਾਰ ਵਿੱਚੋਂ ਉਹਨਾਂ ਦੇ ਛੋਟੇ ਭਰਾ ਜੋ ਅੰਮ੍ਰਿਤਸਰ ਰਹਿੰਦੇ ਹਨ। ਉਹਨਾਂ ਨਾਲ ਕਈ ਵਾਰੀ ਮੁਲਾਕਾਤ ਹੁੰਦੀ ਰਹਿੰਦੀ ਹੈ। ਜਨਰਲ ਸਾਹਬ ਬਾਰੇ ਕਈ ਗੱਲਾਂ ਉਨ੍ਹਾਂ ਕੋਲੋਂ ਅਤੇ ਹੋਰ ਕਈ ਸੱਜਣਾਂ ਤੋਂ ਵੀ ਸੁਣੀਆਂ ਸਨ, ਜੋ ਉਨ੍ਹਾਂ ਦੇ ਕਿਰਦਾਰ ਦੀ ਦੱਸ ਪਾਉਂਦੀਆਂ ਹਨ।

ਜਦੋਂ ੧੯੬੫ ਦੀ ਜੰਗ ਸਮੇਂ ਜਨਰਲ ਸੁਬੇਗ ਸਿੰਘ ਹਾਜੀਪੁਰ ਜੰਮੂ-ਕਸ਼ਮੀਰ ਦੇ ਮੋਰਚੇ ਤੇ ਸਨ ਜਿੱਥੇ ਬਹੁਤ ਸਖਤ ਲੜਾਈ ਹੋਈ। ਭਾਰਤੀ ਫੌਜਾਂ ਨੇ ਪਾਕਿਸਤਾਨ ਨੂੰ ਪਛਾੜ ਦਿੱਤਾ। ਜੰਗ ਦੌਰਾਨ ਪਿਤਾ ਜੀ ਦੀ ਮੌਤ ਹੋ ਗਈ। ਉਹਨਾਂ ਨੂੰ ਟੈਲੀਗਰਾਮ ਮਿਲ ਗਈ ਪਰ ਉਹਨਾਂ ਨੇ ਕਿਸੇ ਨੂੰ ਨਹੀਂ ਦੱਸਿਆ (ਉਹਨਾਂ ਨੂੰ ਛੁੱਟੀ ਮਿਲ ਸਕਦੀ ਸੀ) ਜੰਗ ਫਤਹਿ ਕਰਨ ਤੋਂ ਬਾਅਦ ਜਦੋਂ ਉਹ ਪਿੰਡ ਆਏ ਤਾਂ ਮਾਤਾ ਨੇ ਕੋਈ ਉਲਾਂਭਾ ਨਹੀਂ ਦਿੱਤਾ ਸਗੋਂ ਇਹ ਕਿਹਾ ਕਿ ਤੂੰ ਠੀਕ ਕੀਤਾ, ਜੰਗ ਜਿਆਦਾ ਜਰੂਰੀ ਸੀ। ਇਸ ਘਟਨਾ ਤੋਂ ਮਾਂ ਅਤੇ ਪੁੱਤ ਦੇ ਕਿਰਦਾਰ ਬਾਰੇ ਪਤਾ ਲੱਗਦਾ ਹੈ। ੧੯੮੪ ਦੀ ਜੰਗ ਬਾਰੇ ਵੀ ਮਾਤਾ ਨੇ ਇਹੋ ਹੀ ਗੱਲ ਕਹੀ ਹੋਵੇਗੀ। ਭਾਰਤੀ ਫੌਜ ਅਤੇ ਹਕੂਮਤ ਨੇ ਜਨਰਲ ਸਾਹਿਬ ਦੇ ਖਾਲਸਾਈ ਕਿਰਦਾਰ ਕਰਕੇ, ਓਹਨਾਂ ਤੇ ਝੂਠੇ ਕੇਸ ਪਾਏ ਅਤੇ ਸੇਵਾ-ਮੁਕਤੀ ਹੋਣ ਤੋਂ ਇਕ ਦਿਨ ਪਹਿਲਾਂ ਓਹਨਾਂ ਨੂੰ ਬਰਖਾਸਤ ਕੀਤਾ। ਬਾਅਦ ਵਿੱਚ ਫੌਜੀ ਅਦਾਲਤ ਨੇ ਉਹਨਾਂ ਤੇ ਲੱਗੇ ਸਾਰੇ ਦੋਸ਼ ਰੱਦ ਕਰ ਦਿੱਤੇ। ਪਾਕਿਸਤਾਨ ਦੀਆਂ ੯੦ ਹਜਾਰ ਫੌਜਾਂ ਤੋਂ ਹਥਿਆਰ ਸੁਟਵਾਉਣ ਵਿੱਚ ਇਹਨਾਂ ਦੀ ਵੱਡੀ ਭੂਮਿਕਾ ਸੀ, ਕੈਦ ਵਿੱਚ ਉਹਨਾਂ ਫੌਜੀਆਂ ਨੂੰ ਜੰਗੀ ਕੈਦੀਆਂ ਵਾਂਗ ਇੱਜਤ ਨਾਲ ਰੱਖਿਆ ਗਿਆ, ਇਸ ਵਿੱਚ ਜਨਰਲ ਸਾਹਿਬ ਦਾ ਵੀ ਯੋਗਦਾਨ ਸੀ ਪਰ ਦਰਬਾਰ ਸਾਹਿਬ ਦੀ ਜੰਗ ਤੋਂ ਬਾਅਦ ਭਾਰਤੀ ਫੌਜ ਅਤੇ ਹਕੂਮਤ ਦਾ ਕਿਰਦਾਰ ਦੇਖੋ ਕਿ ਇਹਨਾਂ ਨੇ ਜਨਰਲ ਸਾਹਿਬ ਦੀ ਲਾਸ਼ ਦੀ ਬੇਅਦਬੀ ਕੀਤੀ। ਇਹ ਵਰਤਾਰਾ ਜੰਗ ਵਿਚ ਖਾਲਸਾ ਫੌਜ ਅਤੇ ਭਾਰਤੀ ਫੌਜ ਦੇ ਚਰਿੱਤਰ ਤੇ ਰੌਸ਼ਨੀ ਪਾਉਂਦਾ ਹੈ।

ਜਨਰਲ ਸੁਬੇਗ ਸਿੰਘ: ਉਹਨਾਂ ਦੀ ਸਖਸ਼ੀਅਤ ਘੜਨ ਵਿੱਚ ਮਾਤਾ ਜੀ ਦੀ ਬਹੁਤ ਅਹਿਮ ਭੂਮਿਕਾ ਸੀ ਜੋ ਸਿੱਖੀ ਸਿਦਕ ਅਤੇ ਗੁਰੂ ਪਿਆਰ ਦੀ ਮੂਰਤ ਸੀ ਦੱਸਦੇ ਹਨ ਕਿ ਪੰਜ ਪੌੜੀਆਂ ਦਾ ਪਾਠ ਕਰਨ ਮਗਰੋਂ ਹੀ ਕਿਸੇ ਬੱਚੇ ਨੂੰ ਕੁਝ ਸਵੇਰ ਵੇਲੇ

ਖਾਣ ਨੂੰ ਦਿੰਦੇ ਸੀ। ਆਪਣੀ ਮਾਂ ਵਾਂਗ ਜਨਰਲ ਸਾਹਿਬ ਨੂੰ ਸੰਤ ਜੀ ਗੁਰੂ ਵੱਲੋਂ ਭੇਜੇ ਸ਼ਹੀਦਾਂ ਦੇ ਜਰਨੈਲ ਨਜਰ ਆਉਂਦੇ ਸੀ। ਜਦੋਂ ਕਪੂਰੀ ਮੋਰਚੇ ਵਿਚ ਉਹਨਾਂ ਨੇ ਜਾਣ ਦੀ ਇੱਛਾ ਰੱਖੀ ਤਾਂ ਮਾਤਾ ਨੇ ਕਿਹਾ ਜ਼ਰੂਰ ਜਾਓ ਪਰ ਪਹਿਲਾਂ ਉਸ ਲਈ ਤਿਆਰ ਹੋਵੋ। ਤੁਸੀਂ ਅਮੀਰੀ ਵਿਚ ਪਲੇ ਹੋ ਜੇਲ੍ਹ ਵਿਚ ਭੁੰਜੇ ਸੌਣ ਅਤੇ ਸਦਾ ਮਾੜਾ ਖਾਣਾ ਮਿਲੇਗਾ ਮੋਰਚੇ ਵਿੱਚ ਜਾਣ ਤੋਂ ਪਹਿਲਾਂ ਤੁਹਾਨੂੰ ਇਸ ਤਰ੍ਹਾਂ ਦਾ ਅਭਿਆਸ ਕਰਨਾ ਚਾਹੀਦਾ ਹੈ। ਜਦੋਂ ਜੇਲ੍ਹ ਵਿੱਚ ਜੇਲ੍ਹ ਵਾਲੇ ਸਪੈਸ਼ਲ ਖਾਣਾ ਲੈ ਕੇ ਆਏ ਤੇ ਇਹ ਕਹਿ ਕੇ ਇਨਕਾਰ ਕਰ ਦਿੱਤਾ ਕਿ ਜੇਲ੍ਹ ਵਿੱਚ ਆਏ ਹਾਂ, ਪਰਸ਼ਾਦਾ ਜੇਲ੍ਹ ਦਾ ਹੀ ਛਕਾਂਗੇ। ਸੰਤ ਜੀ ਕੋਲ ਜਾਣ ਤੋਂ ਪਹਿਲਾਂ ਓਹਨਾਂ ਨੇ ਕਦੀ ਨਹੀਂ ਰੋਕਿਆ। ਹਮੇਸ਼ਾ ਆਪਣੇ ਬੱਚਿਆਂ ਨੂੰ ਇਸ ਤਰ੍ਹਾਂ ਦੀ ਅਗਵਾਈ ਹੀ ਦਿੱਤੀ ਕਿ ਜੇ ਜਾਣਾ ਹੈ ਤਾਂ ਪਿੱਠ ਨਹੀਂ ਦਿਖਾਉਣੀ, ਕਦੇ ਪਿੱਛੇ ਵੱਲ ਨਹੀਂ ਦੇਖਣਾ। ਜਨਰਲ ਸਾਹਿਬ ਦੀ ਸਿੰਘਣੀ ਕਾਫੀ ਦਿਨਾਂ ਤੋਂ ਸਰਾਂ ਵਿਚ ਹੀ ਠਹਿਰੇ ਹੋਏ ਸਨ, ਉਹਨਾਂ ਦੀ ਮਾਤਾ ਅਤੇ ਭਤੀਜਾ, ਇਕ ਤਾਰੀਖ ਨੂੰ ਗਏ ਅਤੇ ੨ ਤਰੀਕ ਨੂੰ ਸਾਰਿਆਂ ਨੂੰ ਵਾਪਸ ਜਾਣ ਨੂੰ ਕਿਹਾ। ਉਸ ਦਿਨ ਜਨਰਲ ਸਾਹਿਬ ਨੇ ਕਾਫੀ ਸਮਾਂ ਪਰਿਵਾਰ ਨਾਲ ਬਿਤਾਇਆ ਅਤੇ ਮਾਤਾ ਨਾਲ ਕੁੱਝ ਗੱਲਾਂ ਕੀਤੀਆਂ। ਉਹਨਾਂ ਨੂੰ ਪਤਾ ਸੀ ਕਿ ਇਹ ਆਖਰੀ ਮੁਲਾਕਾਤ ਹੈ। ਉਹਨਾਂ ਦੇ ਸ਼ਹੀਦ ਹੋਣ ਤੋਂ ਬਾਅਦ ਮਾਤਾ ਨੇ ਇਕ ਵੀ ਅੱਥਰੂ ਨਹੀਂ ਕੇਰਿਆ ਸਗੋਂ ਗੁਰੂ ਦਾ ਸ਼ੁਕਰ ਕੀਤਾ।

ਸੁਰਿੰਦਰ ਸਿੰਘ ਛਿੰਦਾ ਫਗਵਾੜੇ ਵਾਲਾ

ਐਸਪੀ ਸੰਤਾ ਸਿੰਘ ਦਾ ਪਰਿਵਾਰ ਫਗਵਾੜੇ ਰਹਿੰਦਾ ਸੀ ਅਤੇ ਇਨ੍ਹਾਂ ਦਾ ਕੈਨੇਡਾ ਵਿੱਚ ਵੀ ਵਸੇਬਾ ਸੀ, ਬਾਅਦ ਵਿੱਚ ਸ਼ਾਇਦ ਸਾਰਾ ਪਰਿਵਾਰ ਹੀ ਕੈਨੇਡਾ ਚਲਿਆ ਗਿਆ। ਉਹਨਾਂ ਦਾ ਪੁੱਤਰ ਜੋ ਛਿੰਦਾ ਦੇ ਨਾਂ ਨਾਲ ਮਸ਼ਹੂਰ ਸੀ (ਸ਼ਾਇਦ ਪੂਰਾ ਨਾਮ ਸੁਰਿੰਦਰ ਸਿੰਘ ਸੀ) ਮੈਂ ਮੁੜ ਕੇ ਉਸ ਨੂੰ ਕਦੀ ਨਹੀਂ ਮਿਲਿਆ ਪਰ ਉਸ ਬਾਰੇ ਕਈ ਬੰਦਿਆਂ ਕੋਲੋਂ ਗੱਲਾਂ ਸੁਣੀਆਂ। ਸੰਨ ੧੯੮੪ ਵੇਲੇ ਇਹ ਫਗਵਾੜੇ ਦੇ ਇਲਾਕੇ ਦਾ ਇਕ ਪ੍ਰਸਿੱਧ ਪਰਿਵਾਰ ਸੀ ਅਤੇ ਹਰ ਕੋਈ ਜਾਣਦਾ ਸੀ ਕਿ ਉਹ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਨਜਦੀਕੀ ਹਨ। ਛਿੰਦਾ ਬੜਾ ਹੀ ਦਰਸ਼ਨੀ ਜੁਆਨ ਸੀ ੬ ਫੁੱਟ ਤੋਂ ਉੱਚਾ ਕੱਦ ਅਤੇ ਭਰਵਾਂ ਤੇ ਤਾਕਤਵਰ ਸਰੀਰ, ਖੁੱਲ੍ਹਾ ਕਾਲਾ ਦਾਹੜਾ ਛਾਤੀ ਤੱਕ ਆਉਂਦਾ ਸੀ। ਇਸ ਦਾ ਦਰਬਾਰ ਸਾਹਿਬ ਵਿੱਚ ਸੰਤਾਂ ਕੋਲ ਆਉਣ ਜਾਣ ਸੀ ਤੇ ਮਨਵੀਰ ਸਿੰਘ ਚਹੇੜੂ, ਸੁਰਿੰਦਰ ਸਿੰਘ ਸੋਢੀ ਹੋਰਾਂ ਨਾਲ ਸਬੰਧ ਸੀ। ਸੰਨ ੧੯੮੩ ਵਿਚ ਜਦੋਂ ਧਰਮ ਯੁੱਧ ਮੋਰਚੇ ਵਲੋਂ ਪੰਜਾਬ ਵਿਚ ਰਸਤਾ-ਰੋਕੋ ਮੋਰਚੇ ਦਾ ਸੱਦਾ ਦਿੱਤਾ ਤਾਂ ਉਸ ਦਿਨ ਸਾਰਾ ਪੰਜਾਬ ਬੰਦ ਹੋ ਗਿਆ। ਬੰਦ ਦੀ ਸਫਲਤਾ ਨੂੰ ਨਾ ਸਹਾਰਦੇ ਹੋਏ ਸਰਕਾਰ ਨੇ ਦੋ ਥਾਈਂ ਰਸਤਾ ਰੋਕਣ ਵਾਲੇ ਸਿੰਘਾਂ ਤੇ ਗੋਲੀ ਚਲਾ ਦਿੱਤੀ ਅਤੇ ੨੦ ਕੁ ਦੇ ਕਰੀਬ ਸਿੰਘਾਂ ਨੂੰ ਮਲੇਰਕੋਟਲੇ ਵਿਖੇ ਸ਼ਹੀਦ ਕਰ ਦਿੱਤਾ ਅਤੇ ਚਾਰ ਸਿੰਘਾਂ ਨੂੰ ਫਗਵਾੜੇ ਜੀਟੀ ਰੋਡ ਤੇ ਸ਼ਹੀਦ ਕਰ ਦਿੱਤਾ। ਫਗਵਾੜੇ ਵਾਲੇ ਧਰਨੇ ਵਿੱਚ ਛਿੰਦਾ ਵੀ ਮੌਜੂਦ ਸੀ। ਫਗਵਾੜੇ ਵਿਚ ਗੋਲੀ ਦਾ ਹੁਕਮ ਡੀਐਸਪੀ ਸ਼ਰਧਾ ਰਾਮ ਨੇ ਦਿੱਤਾ ਸੀ। ਛਿੰਦੇ ਨੇ ਇਕੱਲਿਆਂ ਹੀ ਆਪਣੀ ਜੀਪ ਤੇ ਜਾ ਕੇ, ਲਾਇਸੈਂਸੀ ਦੁਨਾਲੀ ਬੰਦੂਕ ਨਾਲ ਡੀਐਸਪੀ ਸ਼ਰਧਾ ਰਾਮ ਨੂੰ ਉਸ ਦੇ ਦਫਤਰ ਵਿਚ ਗੋਲੀ ਮਾਰ ਦਿੱਤੀ ਸੀ। ਇਸ ਦਲੇਰਾਨਾ ਕਾਰਵਾਈ ਨਾਲ ਸਰਕਾਰ ਹਿੱਲ ਗਈ ਸੀ ਅਤੇ ਉਸ ਤੋਂ ਬਾਅਦ ਛਿੰਦੇ ਨੂੰ ਰੂਪੋਸ਼ ਹੋਣਾ ਪੈ ਗਿਆ। ਕਿਵੇਂ ਨਾ ਕਿਵੇਂ ਘਰ ਵਾਲਿਆਂ ਨੇ ਉਸ ਨੂੰ ਪਰਿਵਾਰ ਸਮੇਤ ਕੈਨੇਡਾ ਘੱਲ ਦਿੱਤਾ।

ਇਸ ਤਰ੍ਹਾਂ ਇਕ ਹੋਰ ਅਫਸਰ ਐਸਡੀਐਮ ਧੁੱਗਾ ਮੈਨੂੰ ਯਾਦ ਆਉਂਦਾ ਹੈ ਜਿਸ

ਨੇ ਮਲੇਰਕੋਟਲੇ ਵਿੱਚ ਗੋਲੀ ਚਲਾਉਣ ਦਾ ਹੁਕਮ ਦੇ ਦਿੱਤਾ ਸੀ। ਇਹ ਪਿੰਡ ਧੁੱਗਾ ਜਿਲਾ ਸੰਗਰੂਰ ਦਾ ਰਹਿਣ ਵਾਲਾ ਸੀ ਅਤੇ ਸਿੰਘਾਂ ਦੇ ਮੁੱਖ ਨਿਸ਼ਾਨੇ ਤੇ ਸੀ। ਉਸ ਦਾ ਬੇਟਾ ਮੇਰੇ ਨਾਲ ਲੁਧਿਆਣੇ ਸਕੂਲ ਵਿਚ ਪੜ੍ਹਦਾ ਸੀ ਅਤੇ ਬਾਅਦ ਵਿੱਚ ਸਰਕਾਰੀ ਕਾਲਜ ਲੁਧਿਆਣੇ ਵੀ ਪੜ੍ਹਦਾ ਰਿਹਾ, ਉਸ ਨੂੰ ਉਸ ਦਾ ਪਿਓ ਕਾਲਜ ਮਿਲਣ ਆਇਆ ਕਰਦਾ ਸੀ ਅਤੇ ਉਹਦੇ ਨਾਲ ਬੜੀ ਸੁਰੱਖਿਆ ਹੁੰਦੀ ਸੀ ਪਰ ਉਸ ਵਕਤ ਸਾਨੂੰ ਇਸ ਬਾਰੇ ਪਤਾ ਨਹੀਂ ਸੀ।

੧੯੮੪ ਤੋਂ ਬਾਅਦ ਜਦੋਂ ਖਾੜਕੂ ਸੰਘਰਸ਼ ਹੋਰ ਸਰਗਰਮ ਹੋ ਗਿਆ ਅਤੇ ਮਨਵੀਰ ਸਿੰਘ ਚਹੇੜੂ ਖਾਲਸਤਾਨ ਕਮਾਂਡੋ ਫੋਰਸ ਦਾ ਜਨਰਲ ਬਣ ਗਿਆ ਤਾਂ ਛਿੰਦਾ ਫਿਰ ਕਿਸੇ ਫਰਜੀ ਪਾਸਪੋਰਟ ਤੇ ਏਧਰ ਆ ਗਿਆ। ਇਥੇ ਖਾਲਸਤਾਨ ਕਮਾਂਡੋ ਫੋਰਸ ਨਾਲ ਕੁਝ ਕੰਮ ਕੀਤੇ। ਕਿਸੇ ਤਰ੍ਹਾਂ ਸਵਰਨ ਘੋਟਨੇ ਐਸਪੀ ਨੇ ਉਸ ਨੂੰ ਫੜ ਲਿਆ ਪਰ ਕਿਉਂਕਿ ਉਹ ਉਸਦੇ ਉਸਤਾਦ ਸੰਤਾ ਸਿੰਘ ਦਾ ਬੇਟਾ ਸੀ ਉਸ ਨੂੰ ਇਸ ਸ਼ਰਤ ਤੇ ਛੱਡ ਦਿੱਤਾ ਕਿ ਤੂੰ ਮੁੜ ਕੇ ਇਧਰ ਨਹੀਂ ਆਵੇਗਾ। ਇਸ ਤਰ੍ਹਾਂ ਉਹ ਫਿਰ ਕੈਨੇਡਾ ਚਲਿਆ ਗਿਆ ਪਰ ਯੋਧੇ ਲਈ ਜੰਗ ਦੇ ਮੈਦਾਨ ਤੋਂ ਦੂਰ ਰਹਿਣਾ ਬੜਾ ਮੁਸ਼ਕਲ ਹੁੰਦਾ ਹੈ। ਉਹ ਫੇਰ ਕੋਈ ਉਪਾਅ ਕਰਕੇ ਇਧਰ ਆ ਗਿਆ। ਇਸ ਵਕਤ ਸਵਰਨ ਘੋਟਨੇ ਦਾ ਖਾਸ ਕੈਟ ਹਰਜਿੰਦਰ ਪੱਪੂ ਅਜੜਾਮ ਦੁਆਬੇ ਵਿੱਚ ਸਰਗਰਮ ਸੀ ਅਤੇ ਫਗਵਾੜਾ ਉਸ ਦਾ ਮੁੱਖ ਕੇਂਦਰ ਸੀ। ਪੁਲਿਸ ਨੇ ਉਸ ਨੂੰ ਖੁੱਲ੍ਹੀਆਂ ਤਾਕਤਾਂ ਦੇ ਰੱਖੀਆਂ ਸਨ ਓਸ ਨਾਲ ੧੦ ਬੰਦੇ ਸੀਆਰਪੀਐਫ ਦੇ ਤਾਇਨਾਤ ਸਨ ਅਤੇ ਏਨੇ ਹੀ ਪੁਲਿਸ ਵਾਲੇ ਅਤੇ ਹੋਰ ਹਥਿਆਰਬੰਦ ਬੰਦੇ ਹੁੰਦੇ ਸਨ। ਇਹ ਇਕ ਤਕੜੀ ਟੋਲੀ ਸੀ ਜੋ ਸਿੰਘਾਂ ਖਿਲਾਫ ਸਦਾ ਹੀ ਸਰਗਰਮ ਰਹਿੰਦੀ ਸੀ। ਇਥੇ ਆ ਕੇ ਛਿੰਦੇ ਨੇ ਖਾਲਸਤਾਨ ਲਿਬਰੇਸ਼ਨ ਫੋਰਸ ਦੇ ਸਰਵਣ ਸਿੰਘ ਨਾਲ ਸੰਪਰਕ ਕੀਤਾ। ਮੈਨੂੰ ਬਾਬਾ ਸੁਰਿੰਦਰ ਸਿੰਘ ਅਤੇ ਸਰਵਣ ਸਿੰਘ ਮਿਲੇ ਅਤੇ ਉਹਨਾਂ ਨੇ ਦੱਸਿਆ ਕਿ ਇਸ ਤਰ੍ਹਾਂ ਇਕ ਸਿੰਘ ਮਿਲਣਾ ਚਾਹੁੰਦਾ ਹੈ। ਮੈਂ ਉਹਨਾਂ ਨੂੰ ਉਸ ਬਾਰੇ ਸਭ ਕੁਝ ਦੱਸਿਆ ਅਤੇ ਕਿਹਾ ਚੜ੍ਹਦੀ ਕਲਾ ਵਾਲਾ ਸਿੰਘ ਹੈ ਉਸਨੂੰ ਸੰਭਾਲ ਲਵੋ ਅਤੇ ਆਪਾਂ ਕਿਸੇ ਹੋਰ ਦਿਨ ਮਿਲਾਂਗੇ। ਇਸ ਤੋਂ ਬਾਅਦ ਉਹਨਾਂ ਨੇ ਉੱਥੇ ਕਈ ਕੰਮ ਕੀਤੇ ਜਿਨ੍ਹਾਂ ਵਿੱਚ ਸ਼ਿਵ ਸੈਨਾ ਲੀਡਰ ਜਲੋਟੇ ਤੇ ਹਮਲਾ, ਫਗਵਾੜੇ ਲਾਗੇ ਸੀਆਰਪੀਐਫ ਕੈਂਪ ਤੇ ਹਮਲਾ। ਕੁਝ ਮਹੀਨਿਆਂ ਬਾਅਦ ਬਾਬਾ ਸੁਰਿੰਦਰ ਸਿੰਘ ਮਿਲਿਆ ਤਾਂ ਉਸ ਨੇ ਦੱਸਿਆ ਕਿ ਉਹ ਬਹੁਤ ਚੜ੍ਹਦੀ ਕਲਾ ਵਾਲਾ ਸਿੰਘ ਹੈ। ਸ਼ਿਵ ਸੈਨਾ ਦਾ ਆਗੂ ਜਲੋਟਾ ਸੰਘਰਸ਼ ਖਿਲਾਫ ਬਹੁਤ ਸਰਗਰਮ ਸੀ ਉਸ ਨੂੰ ਇਹਨਾਂ ਸਿੰਘਾਂ ਨੇ ਫਗਵਾੜਾ ਸ਼ਹਿਰ ਵਿਚ ਹੀ ਤਿੰਨ ਸਿਪਾਹੀਆਂ ਸਮੇਤ ਘੇਰ ਕੇ ਮਾਰਿਆ। ਬੰਗੇ ਸੀਆਈਏ ਸਟਾਫ ਵਿੱਚ ਇੱਕ ਬੜਾ ਜਾਲਮ ਥਾਣੇਦਾਰ ਲੱਗਿਆ ਹੋਇਆ ਸੀ। ਸਾਰਾ ਇਲਾਕਾ ਉਸ

ਤੋਂ ਦੁਖੀ ਸੀ। ਛਿੰਦੇ ਨੇ ਰਾਤ ਦੇ ਵਕਤ ਇਕੱਲਿਆਂ ਹੀ ਉਸ ਨੂੰ ਸੀਆਈਏ ਸਟਾਫ ਦੇ ਬਾਹਰ ਮਾਰ ਦਿੱਤਾ ਸੀ ਅਤੇ ਆਪ ਬਚ ਨਿਕਲਿਆ ਸੀ। ਉਹ ਸਦਾ ਆਪਣੇ ਕੋਲ ਪਸਤੌਲ ਅਤੇ ਅਸਾਲਟ ਰੱਖਦਾ ਸੀ। ਉਹ ਇਕੱਲਾ ਹੀ ਕੰਮ ਕਰਨਾ ਪਸੰਦ ਕਰਦਾ ਸੀ। ਮੇਰੀ ਉਸ ਨਾਲ ਮੁਲਾਕਾਤ ਨਹੀਂ ਹੋ ਸਕੀ ਪਰ ਸਰਵਣ ਸਿੰਘ ਹੋਰੀਂ ਉਸ ਦੇ ਸੁਭਾਅ ਬਾਰੇ ਅਤੇ ਦਲੇਰੀ ਬਾਰੇ ਬਹੁਤ ਗੱਲਾਂ ਕਰਦੇ ਹੁੰਦੇ ਸਨ। ਉਸ ਦੇ ਵਾਪਸ ਜਾਣ ਦਾ ਸਮਾਂ ਹੋ ਗਿਆ ਸੀ ਅਤੇ ਇਹਨਾਂ ਸਿੰਘਾਂ ਨੇ ਉਸਨੂੰ ਵਾਪਸ ਜਾਣ ਲਈ ਕਿਹਾ ਪਰ ਉਸ ਕੋਲ ਹਰਜਿੰਦਰ ਪੱਪੂ ਅਜੜਾਮ ਬਾਰੇ ਕੋਈ ਸੂਹ ਸੀ ਜਿਸ ਰਾਹੀਂ ਉਹ ਉਸਦਾ ਕੰਮ ਕਰਨਾ ਚਾਹੁੰਦਾ ਸੀ ਅਤੇ ਇਸ ਤੇ ਲੱਗਿਆ ਹੋਇਆ ਸੀ। ਸਵਰਨ ਘੋਟਣੇ ਅਤੇ ਪੱਪੂ ਨੂੰ ਵੀ ਪਤਾ ਲੱਗ ਚੁੱਕਾ ਸੀ ਕਿ ਛਿੰਦਾ ਇੱਥੇ ਹੈ ਅਤੇ ਉਹ ਵੀ ਉਸ ਨੂੰ ਲੱਭ ਰਹੇ ਸਨ। ਫਗਵਾੜੇ ਇਲਾਕੇ ਵਿੱਚ ਦੋਨੋਂ ਹੀ ਇੱਕ ਦੂਜੇ ਨੂੰ ਲੱਭ ਰਹੇ ਸਨ। ਰੱਬ ਦਾ ਭਾਣਾ ਕੁਝ ਇਸ ਤਰ੍ਹਾਂ ਸੀ ਕਿ ਪੱਪੂ ਨੇ ਉਸਨੂੰ ਪਹਿਲਾਂ ਲੱਭ ਲਿਆ। ਛਿੰਦਾ ਸਰਹਿੰਦ ਰੇਲਵੇ ਸਟੇਸ਼ਨ ਤੋਂ ਗੱਡੀ ਵਿੱਚੋਂ ਫੜ ਲਿਆ। ਸਵਰਨ ਘੋਟਣੇ ਕੋਲ ਲਿਆ ਕੇ ਉਸ ਨੂੰ ਸ਼ਹੀਦ ਕਰ ਦਿੱਤਾ ਸੀ। ਛਿੰਦੇ ਦੀ ਦਾਸਤਾਨ ਉਸ ਯੋਧੇ ਦੀ ਦਾਸਤਾਨ ਹੈ ਜੋ ਵਾਰ ਵਾਰ ਜੰਗ ਵਿਚ ਆ ਕੁੱਦਦਾ ਹੈ। ਉਸ ਦੇ ਕਰੀਬੀ ਉਸਨੂੰ ਫੇਰ ਦੂਰ ਲੈ ਜਾਂਦੇ ਹਨ ਪਰ ਜੰਗ ਉਸਨੂੰ ਫੇਰ ਖਿੱਚ ਪਾਉਂਦਾ ਹੈ ਅਤੇ ਆਖਰ ਉਹ ਆਪਣੇ ਅੰਜਾਮ ਤੱਕ ਪਹੁੰਚ ਜਾਂਦਾ ਹੈ।

ਜਨਰਲ ਨਰਿੰਦਰ ਸਿੰਘ

ਸੰਨ ੧੯੮੩ ਵਿਚ ਚੰਡੀਗੜ੍ਹ ਵਾਲੀ ਅਣਜਾਣ ਮਿਲਣੀ ਪਿੱਛੋਂ ਇੱਕ ਸਖਸ਼ੀਅਤ ਜਿਸ ਨੂੰ ਬਾਅਦ ਵਿੱਚ ਮਿਲਣਾ ਨਸੀਬ ਹੋਇਆ ਸੀ ਉਹ ਮੇਜਰ ਜਨਰਲ ਨਰਿੰਦਰ ਸਿੰਘ ਸੀ। ਸੰਨ ੧੯੮੪ ਤੋਂ ਲੈ ਕੇ ਸੰਨ ੧੯੯੨ ਤੱਕ ਇਹਨਾਂ ਨਾਲ ਕਿਤੇ ਨਾ ਕਿਤੇ ਮੁਲਾਕਾਤ ਹੁੰਦੀ ਰਹਿੰਦੀ ਸੀ। ਜਨਰਲ ਸੁਬੇਗ ਸਿੰਘ ਵਾਂਗ ਇਹ ਵੀ ਭਾਰਤੀ ਫੌਜ ਦੇ ਮੰਨੇ-ਪ੍ਰਮੰਨੇ ਜਰਨੈਲ ਸਨ ਜਿਨ੍ਹਾਂ ਨੂੰ ਨਿਧੱੜਕ ਜੰਗੀ ਜਰਨੈਲ ਵਜੋਂ ਜਾਣਿਆ ਜਾਂਦਾ ਸੀ। ਇਹਨਾਂ ਦੋਵਾਂ ਸਖਸ਼ੀਅਤਾਂ ਦੀਆਂ ਫੌਜ ਦੀ ਨੌਕਰੀ ਵੇਲੇ ਦੀਆਂ ਅਨੇਕਾਂ ਗੱਲਾਂ ਕਥਾ-ਕਹਾਣੀਆਂ ਵਾਂਗ ਪ੍ਰਚਲਤ ਸਨ। ਦੋਵੇਂ ਹੀ ਆਪਣੇ ਪੇਸ਼ੇ ਵਿਚ ਬਹੁਤ ਮਾਹਿਰ ਸਨ ਅਤੇ ਜੰਗਾਂ ਵਿਚ ਬਹੁਤ ਨਾਮ ਕਮਾਇਆ ਸੀ।

ਜਨਰਲ ਸੁਬੇਗ ਸਿੰਘ ਦੇ ਤਾਂ ਦੁਬਾਰਾ ਦਰਸ਼ਨ ਨਸੀਬ ਨਹੀਂ ਹੋਏ ਪਰ ਜਨਰਲ ਨਰਿੰਦਰ ਸਿੰਘ ਹੋਰਾਂ ਤੋਂ ਭਾਰਤੀ ਫੌਜ ਦੇ ਜੰਗਾਂ ਯੁੱਧਾਂ ਦੀ ਬਹੁਤ ਵਿਥਿਆ ਸੁਣੀ। ਜਦੋਂ ਉਹ ਕੋਈ ਜੰਗ ਦੀ ਗੱਲ ਸੁਣਾਉਂਦੇ ਤਾਂ ਇੰਝ ਲੱਗਦਾ ਸੀ ਜਿਵੇਂ ਵਾਕਿਆ ਹੀ ਜੰਗ ਹੋ ਰਿਹਾ ਹੈ। ਉਹਨਾਂ ਦੀਆਂ ਟਿੱਪਣੀਆਂ ਅਤੇ ਨਿਰਣੇ ਬੜੇ ਠੋਸ ਅਤੇ ਜਬਰਦਸਤ ਹੁੰਦੇ ਸਨ। ਜਨਰਲ ਸੁਬੇਗ ਸਿੰਘ ਵਾਂਗ ਇਹ ਵੀ ਮਾਝੇ ਦੇ ਹੀ ਸਨ। ਬੀੜ ਬਾਬਾ ਬੁੱਢਾ ਸਾਹਿਬ ਕੋਲ ਪਿੰਡ ਠੱਠਾ ਦੇ ਜੰਮਪਲ ਸਨ। ਇਹਨਾਂ ਦੀ ਰਿਹਾਇਸ਼ ਚੰਡੀਗੜ੍ਹ ਸੀ ਅਤੇ ਸ਼ਾਇਦ ਇਹਨਾਂ ਦੇ ਬੇਟੇ ਵੀ ਫੌਜ ਵਿਚ ਸਨ। ਇਹ ਘਰ ਪੰਥ ਦਰਦੀਆਂ, ਮਨੁੱਖੀ ਹੱਕਾਂ ਅਤੇ ਰਾਜਨੀਤਕ ਗਤੀਵਿਧੀਆਂ ਦਾ ਕੇਂਦਰ ਸੀ। ਮੈਂ ਇੱਕ ਵਾਰ ਇਹਨਾਂ ਦੇ ਘਰ ਗਿਆ ਸੀ। ਅਸੀਂ ਆਮ ਤੌਰ ਤੇ ਉਹੋ ਜਿਹੀ ਥਾਂ ਤੇ ਨਹੀਂ ਜਾਂਦੇ ਸੀ ਜਿਥੇ ਪੰਥਕ ਸਰਗਰਮੀਆਂ ਦਾ ਕੇਂਦਰ ਹੋਵੇ ਅਤੇ ਪੰਜਾਬ ਪੁਲਿਸ ਦੀ ਨਜਰ ਹੋਵੇ। ਪਰ ਗੱਲ ਇਸ ਤਰ੍ਹਾਂ ਹੋਈ ਕਿ ਸੰਨ ੧੯੮੭ ਵਿੱਚ ਹਰਜਿੰਦਰ ਸਿੰਘ ਜਿੰਦਾ ਤੇ ਮੈਂ ਸੈਕਟਰ ੧੮-ਡੀ ਦੇ ਬਜਾਰ ਵਿਚ ਦੁਪਹਿਰ ਦੀ ਰੋਟੀ ਖਾਣ ਜਾ ਰਹੇ ਸੀ ਤੇ ਸਾਨੂੰ ਜਨਰਲ ਨਰਿੰਦਰ ਸਿੰਘ ਉੱਥੋਂ ਦੀ ਲੰਘਦੇ ਮਿਲ ਗਏ। ਉਹਨਾਂ ਨੇ ਹੈਰਾਨੀ ਅਤੇ

ਫਿਕਰ ਵਿਚ ਕਿਹਾ ਕਿ ਇਥੇ ਕੀ ਕਰਦੇ ਹੋ। ਅਸੀਂ ਹੱਸ ਕੇ ਆਖਿਆ ਕਿ ਪ੍ਰਸ਼ਾਦਾ ਛਕਣ ਆਏ ਹਾਂ। ਅਸੀਂ ਇਹ ਨਹੀਂ ਦੱਸਿਆ ਕਿ ਸਾਡੀ ਠਾਹਰ ਬਿਲਕੁਲ ਨੇੜੇ ਹੈ। ਉਹਨਾਂ ਨੇ ਹੁਕਮ ਦਿੱਤਾ ਕਿ ਮੇਰੀ ਗੱਡੀ ਵਿੱਚ ਬੈਠੋ। ਉਹ ਸਾਨੂੰ ਆਪਣੇ ਘਰ ਲੈ ਗਏ ਅਤੇ ਘਰ ਵਾਲਿਆਂ ਨੂੰ ਪਤਾ ਨਹੀਂ ਸਾਡੇ ਬਾਰੇ ਕੀ ਦੱਸਿਆ ਅਤੇ ਅਸੀਂ ਤਿੰਨਾਂ ਨੇ ਬਹੁਤ ਹੀ ਸੁਆਦ ਖਾਣਾ ਖਾਧਾ। ਉਸ ਵਕਤ ਅਸੀਂ ਦੋਵੇਂ ਘੋਨ ਮੋਨ ਸੀ। ਅਸੀਂ ਜਦੋਂ ਵੀ ਉਹਨਾਂ ਨੂੰ ਮਿਲੇ (ਅਸੀਂ ਤੋਂ ਮੁਰਾਦ ਕਿ ਜਿਹੜਾ ਵੀ ਖਾੜਕੂ ਸਿੰਘ ਉਹਨਾਂ ਨੂੰ ਮਿਲਿਆ) ਓਹਨਾਂ ਨੇ ਸਦਾ ਹੀ ਆਪਣੇ ਬੱਚਿਆਂ ਵਾਂਗ ਵਰਤਾਉ ਕੀਤਾ। ਸਾਨੂੰ ਵੀ ਸਦਾ ਉਹ ਪਿਓ ਵਾਂਗ ਹੀ ਲੱਗਦੇ ਸੀ ਪਰ ਨੇਮਾਂ ਦੇ ਪਾਬੰਦ ਅਤੇ ਜਿੰਮੇਵਾਰ ਸਨ।

ਦਰਬਾਰ ਸਾਹਿਬ ਤੇ ਹਮਲੇ ਤੋਂ ਪਹਿਲਾਂ ਹੀ ਉਹ ਜਨਰਲ ਸੁਬੇਗ ਸਿੰਘ ਵਾਂਗ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਕੋਲ ਆਉਣ ਜਾਣ ਲੱਗ ਪਏ। ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸਮਾਗਮਾਂ ਵਿੱਚ ਵੀ ਹਿੱਸਾ ਲੈਣ ਲੱਗ ਪਏ ਸਨ। ਸੰਤਾਂ ਕੋਲ ਜਾਣ ਵਾਲੇ ਫੌਜੀ ਜਰਨੈਲਾਂ ਵਿੱਚ ਜਨਰਲ ਸੁਬੇਗ ਸਿੰਘ ਤੋਂ ਬਾਅਦ ਇਹਨਾਂ ਦਾ ਵੱਡਾ ਨਾਂ ਸੀ। ਉਹਨਾਂ ਦਾ ਮਾਣ-ਸਤਿਕਾਰ ਸੀ ਉਸ ਵਕਤ ਉਹਨਾਂ ਦੀ ਉਮਰ ੭੫ ਸਾਲ ਤੋਂ ਉੱਪਰ ਦੀ ਹੋਵੇਗੀ ਸ਼ਾਇਦ ਉਹ ਜਨਰਲ ਸੁਬੇਗ ਸਿੰਘ ਤੋਂ ਵੱਡੇ ਸਨ। ਉਹ ਕਈ ਵਾਰ ਪੰਥ ਦੇ ਗਦਾਰਾਂ ਅਤੇ ਪੰਥ ਦੀ ਸਥਿਤੀ ਤੇ ਬੜੇ ਗੁੱਸੇ ਵਿੱਚ ਆ ਜਾਂਦੇ ਸੀ। ਉਹਨਾਂ ਦਾ ਬੜਾ ਸਪੱਸ਼ਟ ਨਿਰਣਾ ਸੀ ਕਿ ਦੁਸ਼ਮਣ ਜਾਂ ਗਦਾਰ ਨੂੰ ਕਦੇ ਕੋਈ ਢਿੱਲ ਨਹੀਂ ਦੇਣੀ। ਬਿਪਰਵਾਦੀ ਮਾਨਸਿਕਤਾ ਨੂੰ ਚੰਗੀ ਤਰ੍ਹਾਂ ਸਮਝਦੇ ਸੀ ਅਤੇ ਅਕਾਲੀਆਂ ਜਾਂ ਹੋਰ ਸੱਤਾ-ਕਾਰਣ ਚੋਣਾਂ ਲੜਨ ਵਾਲਿਆਂ ਪ੍ਰਤੀ ਓਹਨਾਂ ਦਾ ਰਵਈਆ ਬੜਾ ਸਖਤ ਸੀ। ਉਹਨਾਂ ਦੀ ਡਾਕਟਰ ਸੋਹਣ ਸਿੰਘ ਨਾਲ ਬੜੀ ਦੋਸਤੀ ਸੀ ਅਤੇ ਡਾਕਟਰ ਸੋਹਣ ਸਿੰਘ ਦਾ ਇਹਨਾਂ ਤੇ ਬਹੁਤ ਪ੍ਰਭਾਵ ਸੀ। ਬਿਪਰਵਾਦੀ, ਦੁਸ਼ਮਣ, ਗਦਾਰ ਜਾਂ ਚੋਣਾਂ ਵਾਲੇ ਅਕਾਲੀਆਂ ਪ੍ਰਤੀ ਦੋਵੇਂ ਹੀ ਇਕੋ ਜਿਹਾ ਹੀ ਰਵੱਈਆ ਰੱਖਦੇ ਸੀ। ਦੋਵੇਂ ਸਿੱਖ ਰਾਜ ਦੇ ਸਭ ਤੋਂ ਵੱਡੇ ਮੁੱਦਈ ਸਨ। ਖਾਲਸਤਾਨ ਜਾਂ ਸੁਤੰਤਰ ਸਿੱਖ ਰਾਜ ਉਹਨਾਂ ਦੇ ਖ਼ੂਨ ਵਿਚ ਰਚਿਆ ਹੋਇਆ ਸੀ। ਉਹ ਮੰਨਦੇ ਸਨ ਕਿ ਸਾਨੂੰ ਰਾਜ ਗੁਰੂ ਨੇ ਦਿੱਤਾ ਹੈ ਅਤੇ ਇਹੀ ਸਾਡੇ ਰਾਜ ਕਰਨ ਦੀ ਵਾਜਬੀਅਤ ਹੈ।

ਕਈ ਵਾਰ ਅਸੀਂ ਇਹਨਾਂ ਕੋਲ ਚਲੇ ਜਾਂਦੇ ਅਤੇ ਕਈ ਵਾਰ ਇਹ ਸਾਨੂੰ ਆਪਣੇ ਕੋਲ ਸੱਦ ਲੈਂਦੇ ਸਨ। ਇਹਨਾਂ ਨੂੰ ਕੋਈ ਪੰਦਰਾਂ ਵੀਹ ਵਾਰ ਮਿਲਿਆ ਹੋਵਾਂਗਾ। ਕਈ ਵਾਰ ਘੰਟੇ ਲਈ ਤੇ ਦੋ ਕੁ ਵਾਰ ਪੂਰੇ ਦਿਨ ਲਈ। ਇਹਨਾਂ ਨੂੰ ਅਸੀਂ ਗਿਆਨੀ ਬਲਦੇਵ ਸਿੰਘ ਲੁਧਿਆਣਾ, ਮਦਨ ਸਿੰਘ ਤਰਨਤਾਰਨ ਅਤੇ ਕੁਝ ਹੋਰ ਬੰਦਿਆਂ ਰਾਹੀਂ ਮਿਲਦੇ ਰਹਿੰਦੇ ਸੀ। ਮਦਨ ਸਿੰਘ ਪਿੰਡ ਠੱਠੇ ਤੋਂ ਇਹਨਾਂ ਦਾ ਸਕਾ ਭਤੀਜਾ ਸੀ ਅਤੇ ਉਹ ਖਾਲਸਤਾਨ ਕਮਾਂਡੋ ਫੋਰਸ ਦਾ ਜਿੰਮੇਵਾਰ ਅਤੇ ਸਤਿਕਾਰਤ ਸਿੰਘ ਸੀ ਪਰ

ਉਹ ਕਦੀ ਜੰਗ ਵਿਚ ਨਹੀਂ ਗਿਆ ਤੇ ਘਰੇ ਹੀ ਰਹਿੰਦਾ ਸੀ। ੧੯੯੨ ਵਿਚ ਇਸ ਨੂੰ ਜਾਲਮ ਅਜੀਤ ਸਿੰਘ ਸੰਧੂ ਨੇ ਸ਼ਹੀਦ ਕਰ ਦਿੱਤਾ।

ਜਨਰਲ ਨਰਿੰਦਰ ਸਿੰਘ ਜਿਆਦਾਤਰ ਆਪਣੀ ਅਸਮਾਨੀ ਰੰਗ ਦੀ ਫੀਅਟ ਗੱਡੀ ਵਿੱਚ ਹੀ ਆਇਆ ਕਰਦੇ ਸੀ। ਉਹ ਪੰਜਾਬ ਵਿਚ ਸੰਘਰਸ਼ ਪੱਖੀ ਗਤੀਵਿਧੀਆਂ ਜਾਂ ਮਨੁੱਖੀ ਅਧਿਕਾਰ ਜਥੇਬੰਦੀਆਂ ਨਾਲ ਵੀ ਜੁੜੇ ਹੋਏ ਸੀ। ਸਾਡੇ ਉਹ ਇਕ ਤਰ੍ਹਾਂ ਦੇ ਅਣਐਲਾਨੇ ਸਲਾਹਕਾਰ ਸੀ। ਉਹ ਆਜਾਦੀ ਅਤੇ ਸਿੱਖ ਰਾਜ ਦੇ ਮੁੱਢ ਕਦੀਮ ਤੋਂ ਹੀ ਪੈਰੋਕਾਰ ਸੀ। ਫੌਜ ਵਿਚ ਵੀ ਉਹਨਾਂ ਦੀਆਂ ਜਿੱਤਾਂ ਪਿੱਛੇ ਖਾਲਸਾ ਭਾਵਨਾ ਹੀ ਕੰਮ ਕਰਦੀ ਸੀ।

ਸੰਤ ਜੀ ਨੂੰ ਉਹ ਗੁਰੂ ਵੱਲੋਂ ਭੇਜਿਆ ਹੋਇਆ ਆਗੂ ਸਮਝਦੇ ਸੀ। ਭਾਰਤੀ ਹਕੂਮਤ ਅਤੇ ਬਿਪਰ ਨੂੰ ਬਹੁਤ ਬਰੀਕੀ ਨਾਲ ਸਮਝਦੇ ਸਨ। ਇਸ ਨੂੰ ਢਹਿ ਢੇਰੀ ਕਰਨ ਵਿੱਚ ਹੀ ਸਰਬੱਤ ਦਾ ਭਲਾ ਮੰਨਦੇ ਸੀ। ਉਹ ਸਾਰੇ ਨੌਜਵਾਨਾਂ ਨਾਲ ਇਕ ਪਿਓ ਵਾਂਗ ਪਿਆਰ ਕਰਦੇ ਸੀ ਅਤੇ ਓਹਨਾਂ ਦਾ ਫਿਕਰ ਵੀ ਕਰਦੇ ਸੀ। ਉਹ ਸਿੰਘਾਂ ਦੇ ਭੋਗਾਂ ਉਤੇ ਅਤੇ ਕਚਹਿਰੀਆਂ ਵਿੱਚ ਓਹਨਾਂ ਦੀ ਮੁਲਾਕਾਤ ਨੂੰ ਵੀ ਜਾਇਆ ਕਰਦੇ ਸੀ। ਉਹਨਾਂ ਨੇ ਜਦੋਂ ਵੀ ਮਿਲਣਾ ਇਹੋ ਹੀ ਕਹਿਣਾ ਕਿ ਤੁਸੀਂ ਆਪਣਾ ਖਿਆਲ ਰੱਖੋ ਅਸੀਂ ਤੁਹਾਡੇ ਨਾਲ ਹੀ ਜਿਉਂ ਰਹੇ ਹਾਂ, ਤੁਸੀਂ ਮੁਕਣੇ ਨਹੀਂ ਚਾਹੀਦੇ। ਇਹਨਾਂ ਨੂੰ ਸਮਝਾਓ ਕਿ ਹਰ ਮੁੱਛ-ਫੁੱਟ ਨੌਜਵਾਨ ਹੀ ਬੰਦੂਕ ਫੜੀ ਜਾ ਰਿਹਾ ਹੈ ਇਹ ਕੋਈ ਗੁਰੀਲਾ ਜੰਗ ਦਾ ਤਰੀਕਾ ਨਹੀਂ। ਸਾਡੀ ਜਮੀਨ ਮੈਦਾਨੀ ਹੈ ਅਤੇ ਕੋਈ ਜੰਗਲ ਨਹੀਂ। ਜਿੰਨੇ ਥੋੜ੍ਹੇ ਹੋਵੋਗੇ ਬਿਹਤਰ ਲੁਕ ਸਕੋਗੇ। ਫੇਰ ਉਹ ਲੁੱਟ ਖੋਹ ਕਰਨ ਵਾਲਿਆਂ, ਚਿੱਠੀਆਂ ਪਾਉਣ ਵਾਲਿਆਂ ਅਤੇ ਬੇ-ਵਜ੍ਹਾ ਗੋਲੀ ਚਲਾਉਣ ਵਾਲਿਆਂ ਤੋਂ ਬਹੁਤ ਪ੍ਰੇਸ਼ਾਨ ਸਨ। ਮੈਨੂੰ ਬੋਲ ਯਾਦ ਹਨ ਕਿ "ਇਹਨਾਂ ਲੁਟੇਰਿਆਂ ਨੂੰ ਕਾਬੂ ਕਰੋ ਇਹ ਦੁਸ਼ਮਣ ਨਾਲੋਂ ਵੀ ਮਾਰੂ ਹਨ। ਤੁਹਾਡਾ ਜੰਗਲ ਤੁਹਾਡੇ ਲੋਕ ਹਨ ਓਹਨਾਂ ਦਾ ਵਿਸ਼ਵਾਸ ਨਾ ਟੁੱਟਣ ਦਿਓ"।

ਕਿਸੇ ਚੜ੍ਹਦੀ ਕਲਾ ਵਾਲੇ ਕਾਰਨਾਮੇ ਤੇ ਬਹੁਤ ਖੁਸ਼ ਹੁੰਦੇ ਸੀ। ਜਨਰਲ ਵੈਦਿਆ ਨੂੰ ਮਾਰਨ ਤੋਂ ਬਾਅਦ ਜਦੋਂ ਮੈਂ, ਹਰਜਿੰਦਰ ਸਿੰਘ ਜਿੰਦਾ ਅਤੇ ਚਾਚਾ ਮਥਰਾ ਸਿੰਘ ਉਹਨਾਂ ਨੂੰ ਮੁਹਾਲੀ ਵਿਖੇ ਮਿਲੇ ਤਾਂ ਉਨ੍ਹਾਂ ਦੇ ਮਿੱਤਰ ਡਾਕਟਰ ਸੋਹਣ ਸਿੰਘ ਅਤੇ ਡਾਕਟਰ ਕਰਨੈਲ ਸਿੰਘ ਵੀ ਨਾਲ ਸਨ। ਇਹਨਾਂ ਨੇ ਪਹਿਲਾਂ ਤੋਂ ਹੀ ਸਾਡੇ ਲਈ ਲੱਡੂ ਅਤੇ ਹੋਰ ਮਠਿਆਈ ਮੰਗਵਾ ਰੱਖੀ ਸੀ। ਸਾਨੂੰ ਬੜੇ ਪਿਆਰ ਨਾਲ ਮਿਲੇ ਅਤੇ ਡਾਕਟਰ ਸੋਹਣ ਸਿੰਘ ਅਤੇ ਜਨਰਲ ਨਰਿੰਦਰ ਸਿੰਘ ਨੇ ਜਿੰਦੇ ਦਾ ਮੱਥਾ ਚੁੰਮਿਆ ਅਤੇ ਕਿਹਾ ਕਿ "ਇਹਨੂੰ ਕਹਿੰਦੇ ਆ ਕੰਮ, ਪੰਥ ਦੀ ਪੱਤ ਰੱਖ ਲਈ, ਸਾਨੂੰ ਬੁੱਢਿਆਂ ਨੂੰ ਵੀ ਜਵਾਨ ਕਰ ਦਿੱਤਾ।"

ਫਿਰ ਜਨਰਲ ਨਰਿੰਦਰ ਸਿੰਘ ਨੇ ਆਪਣੇ ਅੰਦਾਜ ਵਿਚ ਕਹਿਣਾ ਸ਼ੁਰੂ ਕੀਤਾ ਕਿ ਫੌਜ ਦੇ ਮੁਖੀ ਦਾ ਕਤਲ ਬਿਲਕੁਲ ਵਾਜਬ ਹੈ ਇਹ ਗਲਤ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਫੌਜੀ ਸਰਕਾਰ ਦਾ ਹੁਕਮ ਨਹੀਂ ਟਾਲ ਸਕਦੇ। ਜਿਹੜਾ ਹੁਕਮ ਹੀ ਧਰਮ ਅਤੇ ਮਨੁੱਖਤਾ ਦੇ ਖਿਲਾਫ ਹੋਵੇ ਅਤੇ ਸੰਵਿਧਾਨ ਦੇ ਵੀ ਖਿਲਾਫ ਹੋਵੇ ਉਹਨੂੰ ਮੰਨਣਾ ਜਰੂਰੀ ਨਹੀਂ ਹੈ। ਜਨਰਲ ਵੈਦਿਆ ਤੋਂ ਪਹਿਲਾਂ ਜਨਰਲ ਐਸਕੇ ਸਿਨਹਾ ਅਤੇ ਜਨਰਲ ਜਮਵਾਲ ਨੇ ਸਰਕਾਰ ਨੂੰ ਹਮਲਾ ਨਾ ਕਰਨ ਦੀ ਸਲਾਹ ਦਿੱਤੀ ਸੀ। ਜਨਰਲ ਵੈਦਿਆ ਅਤੇ ਕੁਲਦੀਪ ਬਰਾੜ ਵਰਗੇ ਅਫਸਰ ਹੁਕਮ ਮੰਨਣ ਦੇ ਪਰਦੇ ਹੇਠ ਆਪਣੀ ਤਰੱਕੀ, ਸ਼ੁਹਰਤ ਅਤੇ ਪੁੱਠੀ ਸੋਚ ਨੂੰ ਪੱਠੇ ਪਾ ਰਹੇ ਹੁੰਦੇ ਹਨ। ਜਨਰਲ ਵੈਦਿਆ ਨੂੰ ਫੌਜ ਮੁਖੀ ਬਣਾਉਣ ਵੇਲੇ ਇਸ ਤੋਂ ਹੋਰ ਪੁਰਾਣੇ ਜਨਰਲ ਨੂੰ ਪਿੱਛੇ ਛੱਡ ਕੇ ਇਸ ਕਰਕੇ ਬਣਾਇਆ ਕਿਉਂਕਿ ਇਹ ਇੰਦਰਾ ਗਾਂਧੀ ਦਾ ਹੱਥਠੋਕਾ ਬਣਨ ਲਈ ਤਿਆਰ ਸੀ। ਉਹਨਾਂ ਦੇ ਨਾਲ ਲਗਦੇ ਹੀ ਬੜੇ ਗੁੱਸੇ ਤੇ ਤਿਰਸਕਾਰ ਚ ਕਿਹਾ ਇਹ ਜਿਹੜਾ ਕੁਲਦੀਪ ਬਰਾੜ ਹੈ ਉਹ ਜਨਰਲ ਵੈਦਿਆ ਨਾਲੋਂ ਵੀ ਜਿਆਦਾ ਕਸੂਰਵਾਰ ਹੈ।

ਅਸੀਂ ਉਹਨਾਂ ਨੂੰ ਦੱਸਿਆ ਕਿ ਕਿਵੇਂ ਅਸੀਂ ਕੁਝ ਮਹੀਨੇ ਪਹਿਲਾਂ ਬਰਾੜ ਦੇ ਬਿਲਕੁਲ ਨੇੜੇ ਪਹੁੰਚ ਗਏ ਸੀ ਤੇ ਅਚਾਨਕ ਸਾਡਾ ਦਿੱਲੀ ਵਿਚਲਾ ਸਾਰਾ ਢਾਂਚਾ ਉੱਖੜ ਗਿਆ ਅਤੇ ਅਸੀਂ ਪੂਨੇ ਵੱਲ ਨੂੰ ਚਾਲੇ ਪਾ ਦਿੱਤੇ। ਦੋਵੇਂ ਹੀ ਡਾਕਟਰ ਅਤੇ ਜਨਰਲ ਇਹ ਸੁਣ ਕੇ ਬੜੇ ਹੈਰਾਨ ਹੋਏ ਅਤੇ ਖੁਸ਼ ਵੀ ਹੋਏ। ਡਾਕਟਰ ਸੋਹਣ ਸਿੰਘ ਤਾਂ ਕਾਫੀ ਚਿਰ ਹੈਰਾਨਗੀ ਵਿਚ ਹੀ ਸਾਡੇ ਵੱਲ ਦੇਖਦੇ ਰਹੇ ਅਤੇ ਫਿਰ ਕਿਹਾ ਕਿ *'ਜਿਨ ਕੀ ਚੀਰੀ ਦਰਗਹ ਪਾਟੀ ਤਿਨਾ ਮਰਣਾ ਭਾਈ ॥'* ਆਉਣ ਲੱਗਿਆਂ ਫਿਰ ਜਨਰਲ ਨਰਿੰਦਰ ਸਿੰਘ ਨੇ ਜਿੰਦੇ ਦੇ ਮੋਢੇ ਤੇ ਥਾਪੀ ਦਿੱਤੀ ਅਤੇ ਕਿਹਾ ਕਿ ਤੂੰ ਸਾਡੇ ਮਾਝੇ ਦਾ ਜਰਨੈਲ ਆਂ। ਫੇਰ ਅਸੀਂ ਚਲੇ ਗਏ। ਡਾਕਟਰ ਸੋਹਣ ਸਿੰਘ ਅਤੇ ਜਨਰਲ ਨਰਿੰਦਰ ਸਿੰਘ ਦੋਵੇਂ ਮਾਝੇ ਦੇ ਸਨ ਅਤੇ ਡਾਕਟਰ ਕਰਨੈਲ ਸਿੰਘ ਗਰੇਵਾਲ ਲੁਧਿਆਣੇ ਦੇ ਸਨ। ਇਸ ਗੱਲ ਤੇ ਹਾਸਾ ਹੋ ਗਿਆ ਕਿ ਸਿੰਘਾਂ ਵਿਚ ਇਲਾਕਾਵਾਦ ਨਹੀਂ ਚਾਹੀਦਾ। ਡਾਕਟਰ ਗਰੇਵਾਲ ਨੇ ਹੱਸ ਕੇ ਕਿਹਾ ਕਿ ਇਹ ਕੋਈ ਇਲਾਕੇ ਦਾ ਮਾਣ ਨਹੀਂ ਇਹ ਤਾਂ ਉਹੋ ਜਿਹਾ ਮਾਣ ਹੈ ਜਿਹੋ ਜਿਹਾ ਆਪਣੇ ਪਿੰਡ ਤੇ ਹੁੰਦਾ ਹੈ, ਦਿਲ ਨੂੰ ਚੰਗਾ ਲੱਗਦਾ ਹੈ।

ਜਨਰਲ ਨਰਿੰਦਰ ਸਿੰਘ ਦਾ ਦਿਲ, ਜਿੱਤ ਜਾਂ ਮੌਤ ਦੇ ਲੜ ਲੱਗ ਰਹੇ ਨੌਜਵਾਨਾਂ ਪ੍ਰਤੀ ਕਿਸ ਤਰ੍ਹਾਂ ਧੜਕਦਾ ਸੀ? ਇਹਦੇ ਬਾਰੇ ਮੈਨੂੰ ਉਹਨਾਂ ਦੇ ਅੱਖਾਂ ਚੋਂ ਵਗਦੇ ਅੱਥਰੂਆਂ ਰਾਹੀਂ ਯਾਦ ਆਉਂਦਾ ਹੈ। ਇੱਕ ਵਾਰ ਅੰਮ੍ਰਿਤਸਰ ਨੇੜੇ ਜਥੇਬੰਦੀਆਂ ਦੀ ਬੈਠਕ ਸੀ ਤੇ ਮੈਂ ਭਾਈ ਕੰਵਰਜੀਤ ਸਿੰਘ ਸੁਲਤਾਨਵਿੰਡ ਕੋਲ

ਠਹਿਰਿਆ ਹੋਇਆ ਸੀ। ਨਿਰਮਲ ਸਿੰਘ ਮੀਆਂਵਿੰਡ, ਬਾਬਾ ਬਲਵਿੰਦਰ ਸਿੰਘ, ਹਰਮਿੰਦਰ ਸਿੰਘ ਸੁਲਤਾਨਵਿੰਡ ਅਤੇ ਹੋਰ ਕਈ ਜਥੇਬੰਦੀਆਂ ਦੇ ਸਿੰਘ ਸਨ। ਡਾਕਟਰ ਸੋਹਣ ਸਿੰਘ ਵੀ ਸਾਡੇ ਨਾਲ ਹੀ ਸਨ। ਸ਼ਾਮ ਨੂੰ ਮਦਨ ਸਿੰਘ ਜਨਰਲ ਨਰਿੰਦਰ ਸਿੰਘ ਹੋਰਾਂ ਨੂੰ ਵੀ ਉਥੇ ਹੀ ਲੈ ਆਇਆ। ਉਸ ਰਾਤ ਜਨਰਲ ਨਰਿੰਦਰ ਸਿੰਘ ਨੇ ਆਪਣੇ ਫੌਜੀ ਜੀਵਨ ਬਾਰੇ ਬਹੁਤ ਗੱਲਾਂ ਸੁਣਾਈਆਂ।

ਅਗਲੇ ਦਿਨ ਸਵੇਰੇ ਮੈਨੂੰ ਤੇ ਡਾਕਟਰ ਸੋਹਣ ਸਿੰਘ ਨੂੰ ਸ਼ਹਿਰ ਛੱਡਣ ਲਈ ਕੰਵਰਜੀਤ ਸਿੰਘ ਸੁਲਤਾਨਵਿੰਡ ਦਾ ਭਾਣਜਾ ਸੁਖਦੇਵ ਸਿੰਘ ਲਿੱਟੇ ਅਤੇ ਇਕ ਨੌਜਵਾਨ ਆਏ। ਸੁਖਦੇਵ ਸਿੰਘ ਆਮ ਕੱਦ ਦਾ ਬੜਾ ਸੁਨੱਖਾ ਅਤੇ ਦਲੇਰ ਨੌਜਵਾਨ ਸੀ। ਉਸ ਦਾ ਰੰਗ ਗੋਰਾ ਤੇ ਲਾਲੀ ਇਸ ਤਰ੍ਹਾਂ ਸੀ ਜਿਵੇਂ ਚਿਹਰੇ ਚੋਂ ਖੂਨ ਦਾ ਸੇਕ ਆ ਰਿਹਾ ਹੈ। ਉਸ ਵਕਤ ਉਹ ਰੂਪੋਸ਼ ਹੋ ਚੁਕਿਆ ਸੀ ਉਸ ਦੀ ਉਮਰ ਕੋਈ ੨੩ ਕੁ ਸਾਲ ਸੀ। ਉਸਦੇ ਨਾਲ ਇੱਕ ੧੭-੧੯ ਸਾਲ ਦਾ ਬਹੁਤਾ ਪਤਲਾ ਲੰਮਾ ਤੇ ਬਹੁਤ ਹੀ ਸੁਨੱਖਾ ਨੌਜਵਾਨ ਸੀ ਉਸ ਦਾ ਚਿਹਰਾ ਵੀ ਚਮਕਦਾ ਸੀ। ਇਹ ਵੀਰ ਥੋੜ੍ਹਾ ਸਮਾਂ ਪਹਿਲਾਂ ਹੀ ਰੂਪੋਸ਼ ਹੋਇਆ ਸੀ। ਦੋਵਾਂ ਨੇ ਜੀਨ ਦੀਆਂ ਪੈਂਟਾਂ ਅਤੇ ਜੈਕਟਾਂ ਪਾਈਆਂ ਸਨ ਅਤੇ ਡੱਬ ਵਿੱਚ ਪਸਤੌਲ ਸਨ। ਦੋਵਾਂ ਦੇ ਪੇਚ ਦਾਰ ਪੱਗਾਂ ਬੰਨੀਆਂ ਸਨ। ਛੋਟੇ ਨੌਜਵਾਨ ਨੇ ਕੇਸਰੀ ਦਸਤਾਰ ਸਜਾਈ ਸੀ ਦੋਵੇਂ ਹੀ ਜਦੋਂ ਬੈਠਕ ਵਿੱਚ ਦਾਖਲ ਹੋਏ ਤਾਂ ਬਹੁਤ ਸੋਹਣੇ ਲੱਗ ਰਹੇ ਸੀ। ਉਸ ਵਕਤ ਓਥੇ ਡਾਕਟਰ ਸੋਹਣ ਸਿੰਘ, ਜਨਰਲ ਨਰਿੰਦਰ ਸਿੰਘ, ਕੰਵਰਜੀਤ ਸਿੰਘ ਅਤੇ ਨਿਰਮਲ ਸਿੰਘ ਬੈਠੇ ਚਾਹ ਛਕ ਰਹੇ ਸਨ। ਇਹ ਦੋਵੇਂ ਜੁਆਨ ਚਮਕਦੀਆਂ ਸ਼ਮਸ਼ੀਰਾਂ ਵਾਂਗ ਅਸਰ ਪਾ ਰਹੇ ਸੀ। ਉਹਨਾਂ ਨੇ ਸਤਿਕਾਰ ਨਾਲ ਬਜ਼ੁਰਗਾਂ ਦੇ ਪੈਰੀਂ ਹੱਥ ਲਾਇਆ ਅਤੇ ਸਾਨੂੰ ਫਤਹਿ ਬੁਲਾਈ। ਡਾਕਟਰ ਸੋਹਨ ਸਿੰਘ ਅਤੇ ਜਨਰਲ ਨਰਿੰਦਰ ਸਿੰਘ ਓਹਨਾਂ ਤੋਂ ਬਹੁਤ ਪ੍ਰਭਾਵਤ ਹੋਏ। ਜਨਰਲ ਨਰਿੰਦਰ ਸਿੰਘ ਨੇ ਕੋਲ ਖੜ੍ਹੇ ਉਹਨਾਂ ਦੇ ਸਿਰ ਤੇ ਅਸੀਸਾਂ ਲਈ ਹੱਥ ਰੱਖਿਆ।

ਕੰਵਰਜੀਤ ਸਿੰਘ ਸੁਲਤਾਨਵਿੰਡ ਨੇ ਕਿਹਾ ਕਿ ਇਹ ਬਹੁਤ ਰੋਕਣ ਦੇ ਬਾਵਜੂਦ ਵੀ ਜੰਗੀ ਹੋ ਗਏ ਹਨ। ਇਹਨਾਂ ਨੇ ਸਾਡੀ ਕੋਈ ਗੱਲ ਨਹੀਂ ਮੰਨੀ। ਇਹਨਾਂ ਦੇ ਘਰ ਵਾਲੇ ਸਾਡੇ ਬਾਰੇ ਕੀ ਸੋਚਦੇ ਹੋਣਗੇ। ਇਹ ਸੁਣ ਕੇ ਜਨਰਲ ਨਰਿੰਦਰ ਸਿੰਘ ਦਾ ਦਿਲ ਪਸੀਜ ਗਿਆ ਅਤੇ ਬੜੇ ਭਰੇ ਦਿਲ ਨਾਲ ਇਹ ਬੋਲ ਨਿਕਲੇ ਕਿ ਤੁਸੀਂ ਵੀ ਘਰ ਛੱਡ ਦਿੱਤਾ ਤੁਸੀਂ ਵਾਪਸ ਨਹੀਂ ਜਾਣਾ। ਫੇਰ ਉਹ ਬਹੁਤ ਉਦਾਸ ਹੋ ਗਏ। ਕੁਝ ਸਮਾਂ ਕੁਝ ਨਹੀਂ ਬੋਲੇ ਅਤੇ ਨਿਰਮਲ ਸਿੰਘ ਨੇ ਕਿਹਾ ਕਿ ਇਹ ਨਹੀਂ ਮੰਨਦੇ ਅਸੀਂ ਤਾਂ ਪੂਰੀ ਵਾਹ ਲਾਈ ਹੈ। ਫੇਰ ਜਨਰਲ ਨਰਿੰਦਰ ਸਿੰਘ ਬੋਲੇ ਕਿ ਇਹ ਠੀਕ ਨਹੀਂ ਹੈ ਇਸ ਉਮਰ ਵਿਚ ਹਥਿਆਰ ਚੁੱਕਣੇ ਬਿਲਕੁਲ ਠੀਕ ਨਹੀਂ ਇਸ ਦਾ ਕੁਝ ਕਰਨਾ ਚਾਹੀਦਾ ਹੈ।

ਤੁਹਾਡੀ ਥਾਂ ਕੌਣ ਭਰੇਗਾ। ਉਹ ਦੋਵੇਂ ਨੌਜਵਾਨ ਨੀਵੀਂ ਪਾ ਕੇ ਹਲਕਾ ਜਿਹਾ ਮੁਸਕਰਾਉਂਦੇ ਰਹੇ। ਉਸ ਵਕਤ ਬਹੁਤ ਖੂਬਸੂਰਤ ਲੱਗ ਰਹੇ ਸਨ ਅਤੇ ਉਹ ਹੈ ਵੀ ਸੁਨੱਖੇ ਸਨ। ਉਪਰੋਂ ਦੀ ਜੰਗ ਤੇ ਹਥਿਆਰਾਂ ਦਾ ਸਾਥ ਉਹਨਾਂ ਨੂੰ ਹੋਰ ਵੀ ਸੋਹਣਿਆਂ ਕਰ ਰਿਹਾ ਸੀ। ਮੈਨੂੰ ਇੰਝ ਲੱਗਿਆ ਕਿ ਉਹ ਉਸ ਵਕਤ ਹੀ ਸ਼ਹਾਦਤ ਦੀ ਸਰਦਲ ਤੇ ਹੀ ਖੜ੍ਹੇ ਸਨ। ਕੁਝ ਸਮੇਂ ਦੀ ਬੜੀ ਭਾਰੀ ਚੁੱਪ ਬਾਅਦ ਡਾਕਟਰ ਸੋਹਣ ਸਿੰਘ ਨੇ ਕਿਹਾ ਕਿ ਇਹ ਸ਼ਹੀਦ ਹਨ, ਇਹਨਾਂ ਨੂੰ ਨਾ ਤੂੰ ਅਤੇ ਨਾ ਹੀ ਮੈਂ ਰੋਕ ਸਕਦਾ ਹਾਂ। ਇਹਨਾਂ ਨੂੰ ਸਮਝਣਾ ਬਹੁਤ ਔਖਾ ਹੈ। ਜਨਰਲ ਨਰਿੰਦਰ ਸਿੰਘ ਉਹਨਾਂ ਦੋਨਾਂ ਵੱਲ ਦੇਖਦੇ ਰਹੇ ਅਤੇ ਓਹਨਾਂ ਦੀਆਂ ਅੱਖਾਂ ਨਮ ਹੋ ਗਈਆਂ ਕੁੱਝ ਅੱਥਰੂ ਥੱਲੇ ਉੱਛਲ ਪਏ। ਏਨੇ ਨੂੰ ਠਾਹਰ ਵਾਲਾ ਪਰਿਵਾਰ ਆ ਗਿਆ ਅਤੇ ਗੱਲ ਹੋਰ ਪਾਸੇ ਚਲੀ ਗਈ। ਮੈਨੂੰ ਜਨਰਲ ਨਰਿੰਦਰ ਸਿੰਘ ਦੇ ਉਹ ਅੱਥਰੂ ਹੁਣ ਵੀ ਯਾਦ ਹਨ ਅਤੇ ਡਾਕਟਰ ਸੋਹਣ ਸਿੰਘ ਦੇ ਕਹੇ ਹੋਏ ਸ਼ਬਦ ਸੱਚ ਹੋ ਗਏ। ਉਹ ਦੋਨੋਂ ਨੌਜਵਾਨ ਇਸ ਮੁਲਾਕਾਤ ਤੋਂ ਥੋੜ੍ਹੇ ਸਮੇਂ ਬਾਅਦ ਹੀ ਦਿੱਲੀ ਦੇ ਬਿਪਰ ਤਖਤ ਵਿਰੁੱਧ ਜੂਝਦੇ ਸ਼ਹਾਦਤ ਦਾ ਜਾਮ ਪੀ ਗਏ।

ਜਨਰਲ ਨਰਿੰਦਰ ਸਿੰਘ ਨੂੰ ਸਰਕਾਰ ਨੇ ਕੇਸ ਪਾ ਕੇ ਜੇਲ੍ਹ ਭੇਜ ਦਿੱਤਾ। ਚੰਡੀਗੜ੍ਹ ਜੇਲ੍ਹ ਵਿਚ ਉਹਨਾਂ ਦੀ ਮੁਲਾਕਾਤ ਗਿਆਨੀ ਬਲਦੇਵ ਸਿੰਘ ਨਾਲ ਹੋਈ ਤਾਂ ਉਹਨਾਂ ਦੀ ਆਪਸ ਵਿੱਚ ਬਹੁਤ ਨੇੜਤਾ ਹੋ ਗਈ। ਗਿਆਨੀ ਬਲਦੇਵ ਸਿੰਘ ਲੁਧਿਆਣੇ ਤੋਂ ਸਾਡੇ ਪੁਰਾਣੇ ਜਾਣਕਾਰ ਸੀ ਅਤੇ ਸਾਡੀ ਪੱਕੀ ਠਾਹਰ ਸੀ। ਗਿਆਨੀ ਹੁਰਾਂ ਦਾ ਵਿਆਹ ਪੰਜਾਬ ਦੇ ਮਸ਼ਹੂਰ ਢਾਡੀ ਦਇਆ ਸਿੰਘ ਦਿਲਬਰ ਦੀ ਬੇਟੀ ਨਾਲ ਹੋਇਆ। ਇਹ ਰਿਸ਼ਤਾ ਵੀ ਜੇਲ੍ਹ ਵਿਚ ਹੀ ਤੈਅ ਹੋ ਗਿਆ ਸੀ ਕਿਉਂਕਿ ਦਇਆ ਸਿੰਘ ਦਿਲਬਰ ਵੀ ਇਹਨਾਂ ਨਾਲ ਜੇਲ੍ਹ ਵਿਚ ਹੀ ਸਨ। ਜਨਰਲ ਨਰਿੰਦਰ ਸਿੰਘ ਰਿਸ਼ਤਾ ਕਰਾਉਣ ਵਾਲਿਆਂ ਵਿੱਚ ਸਨ। ਵਿਆਹ ਲੁਧਿਆਣੇ ਦੇ ਇਕ ਹੋਟਲ ਵਿਚ ਹੋਇਆ। ਸਾਨੂੰ ਜਨਰਲ ਨਰਿੰਦਰ ਸਿੰਘ ਅਤੇ ਗਿਆਨੀ ਹੁਰਾਂ ਵੱਲੋਂ ਬਹੁਤ ਜੋਰ ਪਾਇਆ ਸੀ ਕਿ ਜਰੂਰ ਆਉਣਾ। ਅਸੀਂ ਕਿਸੇ ਵਿਆਹ ਸ਼ਾਦੀ ਜਾਂ ਹੋਰ ਸਮਾਗਮ ਵਿੱਚ ਕਦੀ ਵੀ ਨਹੀਂ ਗਏ ਪਰ ਉਸ ਦਿਨ ਪਤਾ ਨਹੀਂ ਕਿਵੇਂ ਅਸੀਂ ਅੱਧਾ ਕੁ ਘੰਟਾ ਉਸ ਹੋਟਲ ਦੇ ਪਿਛਲੇ ਪਾਸੇ ਦੀ ਗਏ। ਗਿਆਨੀ ਬਲਦੇਵ ਸਿੰਘ ਅਤੇ ਜਨਰਲ ਨਰਿੰਦਰ ਸਿੰਘ ਨਾਲ ਚਾਹ ਦਾ ਕੱਪ ਪੀ ਕੇ ਵਾਪਸ ਆ ਗਏ। ਮੇਰੀ ਤਾਂ ਜਾਣ ਦੀ ਸਲਾਹ ਨਹੀਂ ਸੀ ਪਰ ਗੁਰਜੰਟ ਸਿੰਘ ਬੁੱਧਸਿੰਘਵਾਲੇ ਨੇ ਕਿਹਾ ਕਿ ਚਲੋ ਜਾ ਆਉਂਦੇ ਹਾਂ ਅਤੇ ਜਨਰਲ ਨਰਿੰਦਰ ਸਿੰਘ ਨੂੰ ਮਿਲ ਆਉਂਦੇ ਹਾਂ। ਓਥੇ ਕੋਈ ਖਤਰੇ ਵਾਲੀ ਗੱਲ ਤਾਂ ਨਹੀਂ ਸੀ ਪਰ ਫੇਰ ਵੀ ਉਹਨਾਂ ਨੇ ਸਾਡੇ ਲਈ ਅਲੱਗ ਕਮਰਾ ਰਖਵਾਇਆ ਹੋਇਆ ਸੀ। ਜਦੋਂ ਅਸੀਂ ਪਹੁੰਚੇ ਤਾਂ ਜਨਰਲ ਨਰਿੰਦਰ ਸਿੰਘ ਦਾ ਚਿਹਰਾ ਖਿੜ

ਗਿਆ ਅਤੇ ਉਹਨਾਂ ਨੇ ਛੇਤੀ ਨਾਲ ਗਿਆਨੀ ਬਲਦੇਵ ਸਿੰਘ ਨੂੰ ਬੁਲਾਇਆ। ਗਿਆਨੀ ਬਲਦੇਵ ਸਿੰਘ ਸਾਨੂੰ ਮਿਲਕੇ ਬਹੁਤ ਖੁਸ਼ ਹੋਇਆ ਉਸ ਨੇ ਕਿਹਾ ਬਾਈ ਜੀ ਮੈਨੂੰ ਯਕੀਨ ਸੀ, ਤੁਸੀਂ ਆਵੋਗੇ। ਮੈਂ ਕਿਹਾ ਕਿ ਇਹ ਯਕੀਨ ਹੀ ਤਾਂ ਲੈ ਕੇ ਆਇਆ। ਚਾਹ ਪੀਂਦਿਆਂ ਹੋਇਆਂ ਜਨਰਲ ਨਰਿੰਦਰ ਸਿੰਘ ਨੇ ਪਤਾ ਨਹੀਂ ਕਿਸ ਮੌਜ ਵਿੱਚ ਗੁਰਜੰਟ ਸਿੰਘ ਬੁੱਧਸਿੰਘਵਾਲੇ ਵਲ ਨੂੰ ਮੂੰਹ ਕਰਕੇ ਕਿਹਾ ਕਿ ਤੇਰਾ ਨਹੀਂ ਵਿਆਹ ਕਰਾਉਣ ਨੂੰ ਦਿਲ ਕਰਦਾ। ਉਹ ਹੱਸ ਪਿਆ ਅਤੇ ਕੋਈ ਜਵਾਬ ਨਾ ਦਿੱਤਾ। ਮੈਂ ਕਿਹਾ ਕਿ ਸਾਡੇ ਤਾਂ ਪਹਿਲਾਂ ਹੀ ਵਿਆਹ ਹੋਏ ਹੋਏ ਹਨ, ਹੋਰ ਦੀ ਕੀ ਗੁੰਜਾਇਸ਼ ਹੈ? ਜਨਰਲ ਨਰਿੰਦਰ ਸਿੰਘ ਨੇ ਕਿਹਾ ਕਿ ਇਹ ਤਾਂ ਠੀਕ ਹੈ ਪਰ ਬੜਾ ਔਖਾ ਮਸਲਾ ਹੈ। ਜਰਨੈਲਾਂ ਦੇ ਵਿਆਹ ਹੋਣੇ ਚਾਹੀਦੇ ਹਨ ਅਤੇ ਵੱਧ ਤੋਂ ਵੱਧ ਬੱਚੇ ਪੈਦਾ ਹੋਣੇ ਚਾਹੀਦੇ ਹਨ। ਖੂਨ ਖੂਨ ਦਾ ਬੜਾ ਫਰਕ ਹੁੰਦਾ ਹੈ। ਫੇਰ ਗੱਲਬਾਤ ਹੋਰ ਪਾਸੇ ਵੱਲ ਨੂੰ ਚਲੀ ਗਈ। ਚਾਹ ਪੀ ਕੇ ਅਸੀਂ ਓਹਨਾਂ ਤੋਂ ਵਿਦਾ ਲਈ।

ਜਨਰਲ ਨਰਿੰਦਰ ਸਿੰਘ ਨੂੰ ਵੀ ਡਾਕਟਰ ਸੋਹਣ ਸਿੰਘ ਵਾਂਗ ਹੀ ਭਾਰਤੀ ਚੋਣ ਅਤੇ ਰਾਜਨੀਤਕ ਪ੍ਰਬੰਧ ਵਿਚ ਵਿਸ਼ਵਾਸ ਨਹੀਂ ਸੀ। ਅਕਾਲੀ ਦਲ ਦੀ ਅਗਵਾਈ ਬਾਰੇ ਓਹਨਾਂ ਦੀ ਇਹੋ ਹੀ ਵਿਚਾਰ ਸੀ ਕਿ ਇਹ ਗਰਕ ਚੁੱਕੀ ਹੈ ਤੇ ਇਸ ਤੋਂ ਕੁਝ ਚੰਗੇ ਦੀ ਆਸ ਨਹੀਂ ਰੱਖਣੀ ਚਾਹੀਦੀ। ਭਾਰਤੀ ਹਕੂਮਤ ਨਾਲ ਉਹ ਸਿੱਧੀ ਜੰਗ ਨੂੰ ਹੀ ਸਮੇਂ ਦਾ ਸੱਚ ਮੰਨਦੇ ਸਨ। ਉਹ ਨਹੀਂ ਸੀ ਸੋਚਦੇ ਕੋਈ ਰਾਜਨੀਤਕ ਮੁਹਾਜ ਉਸ ਵੇਲੇ ਬਣ ਸਕਦਾ ਸੀ। ਜੇ ਹਥਿਆਰਬੰਦ ਧਿਰਾਂ ਕੋਈ ਰਾਜਨੀਤਕ ਮੰਚ ਬਣਾਉਂਦੀਆਂ ਤਾਂ ਜਨਰਲ ਨਰਿੰਦਰ ਸਿੰਘ ਵਰਗੀਆਂ ਸ਼ਖਸੀਅਤਾਂ ਹੀ ਉਸ ਵਿੱਚ ਪ੍ਰਮੁੱਖ ਹੋਣੀਆਂ ਸਨ। ਸਿੱਖਾਂ ਵਿੱਚ ਬਹੁ-ਗਿਣਤੀ ਅਤੇ ਇਥੋਂ ਤੱਕ ਕਿ ਖਾੜਕੂ ਸਿੰਘਾਂ ਵਿੱਚ ਵੀ ਇਕ ਹਿੱਸਾ ਇਹੋ ਜਿਹਾ ਸੀ ਜਿਹੜਾ ਮਸਲੇ ਦਾ ਹੱਲ ਚੋਣਾਂ ਰਾਹੀਂ ਤਾਕਤ ਹਾਸਲ ਕਰਨਾ ਅਤੇ ਫਿਰ ਉਸ ਨੂੰ ਪੰਥ ਅਤੇ ਪੰਜਾਬ ਦੇ ਭਲੇ ਲਈ ਵਰਤਣ ਵਜੋਂ ਸੋਚਦਾ ਸੀ ਪਰ ਜਨਰਲ ਨਰਿੰਦਰ ਸਿੰਘ ਬਹੁਤ ਸਪਸ਼ਟ ਸਨ ਕਿ ਚੋਣਾਂ ਰਾਹੀਂ ਸਾਡੇ ਮਸਲੇ ਹੱਲ ਨਹੀਂ ਹੋਣੇ। ਇਸ ਰਾਹ ਵਿੱਚ ਆਉਣ ਵਾਲੇ ਸਾਰੇ ਖਤਰੇ ਅਤੇ ਬਰਬਾਦੀਆਂ ਬਾਰੇ ਉਹ ਜਾਣਦੇ ਸੀ। ਇਕ ਵੱਡੇ ਫੌਜੀ ਜਰਨੈਲ ਹੋਣ ਦੇ ਨਾਤੇ ਉਹ ਜਾਣਦੇ ਸੀ ਕਿ ਇਸ ਤਰ੍ਹਾਂ ਅਸੀਂ ਕਿਸੇ ਵੱਡੀ ਜਿੱਤ ਨੂੰ ਨਹੀਂ ਪਹੁੰਚ ਸਕਦੇ। ਉਹ ਉਸ ਸਮੇਂ ਦਾ ਸੱਚ ਜੋ ਕਿ ਜੰਗ ਤੇ ਸ਼ਹਾਦਤ ਸੀ ਉਸ ਦੇ ਮਹੱਤਵ ਨੂੰ ਜਾਣਦੇ ਸਨ, ਇਸੇ ਕਰਕੇ ਸਾਡੇ ਹਮਸਫਰ ਸਨ।

ਸੰਨ ੧੯੯੨ 'ਚ ਜਦੋਂ ਮੈਂ ਪਾਰੋਂ ਵਾਪਸ ਆਇਆ ਅਤੇ ਓਹਨਾਂ ਨੂੰ ਮਿਲਿਆ ਤਾਂ ਉਹ ਜਿਆਦਾ ਫਿਕਰਮੰਦ ਅਤੇ ਉਦਾਸ ਸਨ। ਡਾਕਟਰ ਸੋਹਣ ਸਿੰਘ ਨੇ ਚੋਣ ਲੜਨ ਦਾ ਪੈਂਤੜਾ ਲੈ ਲਿਆ ਸੀ ਸ਼ਾਇਦ ਇਸ ਕਰਕੇ ਵੀ ਉਹ ਪਰੇਸ਼ਾਨ ਸਨ। ਉਸ

ਵਕਤ ਸਰਕਾਰ ਦਾ ਹੱਥ ਉਪਰ ਹੋ ਗਿਆ ਸੀ ਤੇ ਵੱਡੇ-ਵੱਡੇ ਖਾੜਕੂ ਜਰਨੈਲ ਸ਼ਹਾਦਤਾਂ ਪਾ ਰਹੇ ਸਨ। ਇਸ ਕਰਕੇ ਵੀ ਉਹ ਬਹੁਤ ਫਿਕਰਮੰਦ ਸਨ। ਆਖਰੀ ਵਾਰ ਉਹ ਚੰਡੀਗੜ੍ਹ ਹੀ ਮਿਲੇ ਅਤੇ ਸਲਾਹ ਦਿੱਤੀ ਕਿ ਤੁਸੀਂ ਹੁਣ ਆਪਣੇ ਆਪ ਨੂੰ ਇਕ ਕਦਮ ਪਿਛੇ ਕਰੋ। ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਹਥਿਆਰਬੰਦ ਦਸਤੇ ਨੂੰ ਭੰਗ ਕਰਨ ਨਾਲ ਉਹ ਸਹਿਮਤ ਸਨ ਪਰ ਇਸ ਗੱਲ ਤੋਂ ਗੁੱਸੇ ਸਨ ਕਿ ਮੈਂ ਫੈਡਰੇਸ਼ਨ ਦੇ ਦੂਸਰੇ ਧੜਿਆਂ ਨੂੰ ਮਿਲਿਆ ਹਾਂ ਜਿਹੜੇ ਸਾਨੂੰ ਦੁਸ਼ਮਣ ਸਮਝਦੇ ਸੀ। ਫੇਰ ਮੈਂ ਜਦੋਂ ੧੯੯੬ ਵਿੱਚ ਫੜ ਹੋ ਗਿਆ ਉਹ ਮੈਨੂੰ ਦੋ ਕੁ ਵਾਰ ਪੇਸ਼ੀ ਤੇ ਮਿਲਣ ਆਏ। ਮੈਨੂੰ ਮਿਲ ਕੇ ਉਹ ਖੁਸ਼ ਹੋਏ ਪਰ ਉਹ ਸਰੀਰਕ ਤੌਰ ਤੇ ਬਹੁਤ ਕਮਜੋਰ ਸਨ, ਬੁਢਾਪੇ ਨੇ ਦਬਾਅ ਪਾ ਲਿਆ ਸੀ ਤੇ ਇਕ ਡੂੰਘੀ ਉਦਾਸੀ ਵੀ ਉਹਨਾਂ ਦੀਆਂ ਅੱਖਾਂ ਵਿੱਚ ਦਿਸ ਰਹੀ ਸੀ। ਉਹਨਾਂ ਜਾਣ ਲੱਗਿਆਂ ਕਿਹਾ ਕਿ ਜੰਗ ਮੁੱਕੀ ਨਹੀਂ, ਤੁਸੀਂ ਝੰਡਾ ਚੁੱਕੀ ਰੱਖੋ। ਮੈਂ ਅੱਗੇ ਵਾਂਗ ਹੀ ਤੁਹਾਡੇ ਲਈ ਅਰਦਾਸ ਕਰਦਾ ਹਾਂ। ਉਸ ਤੋਂ ਬਾਅਦ ਉਹ ਕਦੀ ਨਹੀਂ ਮਿਲੇ। ਮੈਂ ਜੇਲ੍ਹ ਵਿਚ ਹੀ ਸੀ ਤਾਂ ਉਹਨਾਂ ਦੀ ਮੌਤ ਬਾਰੇ ਖਬਰ ਆਈ। ਸੁਰਿੰਦਰਪਾਲ ਸਿੰਘ ਠਰੂਆ ਮੇਰੇ ਅਤੇ ਜੇਲ੍ਹ ਵਿਚ ਬੰਦ ਹੋਰ ਸਿੰਘਾਂ ਵੱਲੋਂ ਉੱਥੇ ਹਾਜਰੀ ਲਵਾ ਕੇ ਆਇਆ। ਪੰਥਕ ਕਮੇਟੀਆਂ ਦੀ ਲਿਖਤੀ ਸਮੱਗਰੀ, ਬਿਆਨ ਅਤੇ ਅਹਿਮ ਕਾਗਜਾਤ ਓਹਨਾਂ ਕੋਲ ਹੀ ਪਏ ਸਨ।

ਜਨਰਲ ਨਰਿੰਦਰ ਸਿੰਘ ਨਾਲ ਕਈ ਮੁਲਾਕਾਤਾਂ ਦੌਰਾਨ ਉਹਨਾਂ ਨੇ ਭਾਰਤੀ ਫੌਜਾਂ, ੧੯੬੫, ੧੯੭੧ ਦੀਆਂ ਜੰਗਾਂ ਤੇ ਕਈ ਹੋਰ ਮਸਲਿਆਂ ਬਾਰੇ ਬਹੁਤ ਦਿਲਚਸਪ ਬਾਤਾਂ ਸੁਣਾਈਆਂ। ਜਦੋਂ ਸੁਣਾਉਂਦੇ ਸਨ ਤਾਂ ਤੁਹਾਨੂੰ ਇਸ ਤਰ੍ਹਾਂ ਲੱਗਦਾ ਸੀ ਕਿ ਤੁਸੀਂ ਉਸ ਵਿੱਚ ਆਪ ਸ਼ਾਮਲ ਹੋ। ਉਹਨਾਂ ਕੋਲ ਬੜੇ ਰਾਜ ਅਤੇ ਤੱਥ ਸਨ ਜੋ ਉਹਨਾਂ ਨੇ ਜਾਹਰ ਕੀਤੇ ਅਤੇ ਉਹ ਆਪਣਾ ਨਿਰਣਾ ਬੜੇ ਹੀ ਸਪਸ਼ਟਤਾ ਅਤੇ ਜੋਰ ਨਾਲ ਦਿੰਦੇ ਸੀ। ਇਨ੍ਹਾਂ ਜੰਗਾਂ ਬਾਰੇ ਬਹੁਤ ਕੁਝ ਲਿਖਿਆ ਤੇ ਕਿਹਾ ਗਿਆ ਪਰ ਉਸ ਵਿਚੋਂ ਜਿਆਦਾ ਭਾਰਤੀ ਫੌਜ ਦਾ ਬਿਰਤਾਂਤ ਹੀ ਹੈ। ਕਈ ਥਾਂ ਸੱਚ ਤੇ ਪਰਦਾ ਪਾਇਆ ਗਿਆ ਅਤੇ ਕਈ ਥਾਂ ਝੂਠ ਨੂੰ ਸੱਚ ਬਣਾ ਕੇ ਪੇਸ਼ ਕਰ ਦਿੱਤਾ ਗਿਆ। ਉਹਨਾਂ ਕੋਲ ਵਡਮੁੱਲੀ ਜਾਣਕਾਰੀ ਸੀ ਅਤੇ ਸਭ ਕੁਝ ਆਪ ਦੇਖਿਆ ਅਤੇ ਮਹਿਸੂਸ ਕੀਤਾ ਸੀ।

ਉਹਨਾਂ ਦੀ ਜਿੰਦਗੀ ਤੇ ਇਕ ਵਧੀਆ ਕਿਤਾਬ ਲਿਖੀ ਜਾ ਸਕਦੀ ਸੀ ਪਰ ਇਹ ਕੰਮ ਉਹ ਆਪ ਨਹੀਂ ਸੀ ਕਰ ਸਕਦੇ। ਲਿਖਣ ਦੇ ਮਸਲੇ ਵਿੱਚ ਅਸੀਂ ਸੱਚੀਂ ਬਹੁਤ ਪਿੱਛੇ ਹਾਂ। ਸਿੱਖਾਂ ਵਿੱਚ ਬਹੁਤ ਘੱਟ ਅਹਿਸਾਸ ਹੈ ਕਿ ਅਸੀਂ ਆਪਣੇ ਬਾਰੇ ਲਿਖੀਏ। ਜੋ ਕੁੱਝ ਇਤਿਹਾਸ ਵਿੱਚ ਸਾਡੇ ਬਾਰੇ ਆਇਆ ਹੈ ਉਹ ਜਿਆਦਾਤਰ ਹੋਰਨਾਂ ਨੇ ਹੀ ਲਿਖਿਆ ਹੈ। ਜੋ ਕੁਛ ਮੈਨੂੰ ਉਹਨਾਂ ਦੀਆਂ ਗੱਲਾਂ ਅਤੇ ਕਹਾਣੀਆਂ ਵਿਚੋਂ ਯਾਦ ਹੈ

ਉਹ ਉਹੀ ਹੈ ਜਿਸ ਨੇ ਮੈਨੂੰ ਟੁੰਬਿਆ ਜਾਂ ਮੇਰੇ ਅੰਦਰ ਕਿਸੇ ਤਰ੍ਹਾਂ ਉਕਰਿਆ ਗਿਆ। ਇਹ ਕੁਝ ਪ੍ਰਭਾਵ ਦੇ ਸਿੱਟੇ ਕਹੇ ਜਾ ਸਕਦੇ ਹਨ। ਉਹਨਾਂ ਨੇ ਜਿਨ੍ਹਾਂ ਜੰਗਾਂ ਬਾਰੇ ਜੋ ਜਾਣਕਾਰੀ ਦਿੱਤੀ, ਉਹ ਓਹਨਾਂ ਦੇ ਜੀਵਨ ਦਾ ਹਿੱਸਾ ਹੀ ਹੈ।

੧੯੬੨ ਦੀ ਜੰਗ ਬਾਰੇ

ਭਾਰਤ ਦੀ ਉਸ ਵਕਤ ਦੀ ਸਿਆਸੀ ਜਮਾਤ, ਅਫਸਰਸ਼ਾਹੀ ਅਤੇ ਫੌਜੀ ਕਮਾਨ ਚੀਨ ਮੁਕਾਬਲੇ ਹਲਕੀ ਅਤੇ ਅਨਾੜੀ ਸੀ। ਭਾਰਤ ਕੋਲ ਅੰਗਰੇਜਾਂ ਵੱਲੋਂ ਪਾਲੀ ਹੋਈ ਕਾਂਗਰਸ ਜਮਾਤ ਤੇ ਪਿੱਛੇ ਛੱਡੀ ਹੋਈ ਫੌਜ ਸੀ। ਸਰਹੱਦ ਦਾ ਰੌਲਾ ਅੰਗਰੇਜਾਂ ਵੱਲੋਂ ਖੜਾ ਕੀਤਾ ਹੋਇਆ ਸੀ ਅਤੇ ਉਦੋਂ ਵੀ ਬਰਕਰਾਰ ਸੀ। ਅਸੀਂ (ਫੌਜੀ ਜਰਨੈਲ) ਲੜਨਾ ਨਹੀਂ ਸੀ ਚਾਹੁੰਦੇ ਅਤੇ ਗੱਲਬਾਤ ਰਾਹੀਂ ਲੈ ਦੇ ਕੇ ਮਸਲਾ ਸੁਲਝਾਉਣਾ ਚਾਹੁੰਦੇ ਸੀ। ਜਵਾਹਰ ਲਾਲ ਨਹਿਰੂ ਅਤੇ ਵਿਦੇਸ਼ ਸੈਕਟਰੀ ਇਸ ਗੱਲ ਨੂੰ ਸਮਝਦੇ ਹੀ ਨਹੀਂ ਸਨ। ਉਹ ਆਪਣੇ ਸੁਪਨਿਆਂ ਦੀ ਦੁਨੀਆ ਵਿੱਚ ਹੀ ਜਿਉਂ ਰਹੇ ਸੀ। ਨਹਿਰੂ ਆਪਣੇ ਆਪ ਨੂੰ ਦੁਨੀਆ ਦਾ ਬੜਾ ਵੱਡਾ ਨੀਤੀਵਾਨ ਸਮਝਦਾ ਸੀ। ਫੌਜ ਦੀ ਆਹਲਾਕਮਾਨ ਵੀ ਜਵਾਹਰ ਲਾਲ ਨਹਿਰੂ ਦੀ ਮਨਪਸੰਦ ਸੀ ਅਤੇ ਇਹ ਕਿਸੇ ਯੋਗਤਾ ਨੂੰ ਪਰਖ ਕੇ ਨਹੀਂ ਸੀ ਚੁਣੀ ਗਈ। ਇਕ ਜਰਨੈਲ ਤਾਂ ਜਵਾਹਰ ਲਾਲ ਨਹਿਰੂ ਦਾ ਰਿਸ਼ਤੇਦਾਰ ਸੀ। ਹੁਣ ਵਾਂਗ ਹੀ ਸਰਹੱਦ ਤੇ ਕਸ਼ਮਕਸ਼ ਸੀ। ਚੀਨ ਵਾਲੇ ਇਕ ਇਲਾਕੇ ਉਤੇ ਦਾਅਵਾ ਕਰ ਰਹੇ ਸਨ ਪਰ ਉਹਨਾਂ ਦੀ ਲੜਨ ਦੀ ਨੀਅਤ ਨਹੀਂ ਸੀ। ਜਵਾਹਰ ਲਾਲ ਨਹਿਰੂ ਨੇ ਬਹੁਤ ਹੀ ਅਨਾੜੀਪਣੇ ਵਿੱਚ ਫੌਜ ਨੂੰ ਹੁਕਮ ਚਾੜ੍ਹ ਦਿੱਤਾ ਕਿ ਚੀਨੀਆਂ ਨੂੰ ਚੁੱਕ ਕੇ ਬਾਹਰ ਸੁੱਟ ਦੇਵੋ। ਉਸ ਨੂੰ ਇਸ ਦੇ ਨਤੀਜਿਆਂ ਦਾ ਪਤਾ ਨਹੀਂ ਸੀ।

ਪਹਿਲੀ ਜੰਗੀ ਕਾਰਵਾਈ ਭਾਰਤੀ ਫੌਜ ਨੇ ਕੀਤੀ ਤਾਂ ਚੀਨ ਨੇ ਜੰਗ ਦਾ ਐਲਾਨ ਕਰ ਦਿੱਤਾ। ਅਸੀਂ ਸਾਰੇ ਜਾਣਦੇ ਸੀ ਇਧਰ ਕੋਈ ਤਿਆਰੀ ਨਹੀਂ ਸੀ। ਕੋਈ ਪਿਛੇ ਪਰਬੰਧ ਨਹੀਂ ਸੀ। ਸਭ ਤੋਂ ਵੱਡੀ ਗੱਲ ਫੌਜ ਵਿਚ ਯੋਗ ਜਰਨੈਲ ਨਹੀਂ ਸੀ ਅਤੇ ਉਪਰੋਂ ਸਿਆਸੀ ਆਗੂ ਵੀ ਨਾਲਾਇਕ ਸਨ। ਫੌਜ ਨੇ ਬਿਨਾ ਅਗਵਾਈ, ਸਮਾਨ ਅਤੇ ਤਿਆਰੀ ਤੋਂ ਚੀਨੀਆਂ ਦਾ ਟਾਕਰਾ ਕੀਤਾ ਅਤੇ ਬਹੁਤ ਨੁਕਸਾਨ ਉਠਾਇਆ ਪਰ ਫੌਜ ਨੂੰ ਸਹੀ ਅਗਵਾਈ ਨਾ ਮਿਲਣਾ ਅਤੇ ਤਿਆਰੀ ਨਾ ਹੋਣੀ ਤਬਾਹੀ ਦੇ ਜਿੰਮੇਵਾਰ ਕਾਰਨ ਸਨ। ਚੀਨੀ ਫੌਜ ਅੱਗੇ ਆਈ ਗਈ ਅਤੇ ਇਲਾਕਾ ਮੱਲੀ ਗਈ। ਭਾਰਤੀ ਫੌਜ ਕੋਲ ਪਿੱਛੇ ਹਟਣ ਤੋਂ ਸਿਵਾਏ ਕੋਈ ਚਾਰਾ ਨਹੀਂ ਸੀ ਜਦੋਂ ਸਿਖਰਲੇ ਆਗੂਆਂ ਦੀ ਸਮਰਥਾ ਨੂੰ ਹੀ ਅਧਰੰਗ ਹੋ ਗਿਆ ਸੀ ਤਾਂ ਚੀਨੀਆਂ ਨੂੰ ਕਿਸੇ ਨੇ ਨਹੀਂ ਰੋਕਿਆ ਅਤੇ ਉਹ ਦੋਵੇਂ ਹੀ ਮੋਰਚਿਆਂ ਪੂਰਬੀ ਅਤੇ ਪੱਛਮੀ ਵਿੱਚ ਅੱਗੇ ਵਧਦੇ ਗਏ ਫੇਰ ਆਪੇ ਹੀ ਰੁਕ ਗਏ ਅਤੇ ਬਹੁਤੀਆਂ ਥਾਵਾਂ ਤੋਂ ਪਿੱਛੇ ਹੱਟ ਗਏ। ਅਕਸਾਈ ਚਿਨ

ਅਤੇ ਕੁਝ ਹੋਰ ਇਲਾਕਿਆਂ ਤੋਂ ਉਹ ਪਿੱਛੇ ਨਹੀਂ ਹਟੇ ਅਤੇ ਸਦਾ ਲਈ ਕਬਜਾ ਕਰ ਲਿਆ। ਜੇ ਉਹ ਉਸ ਵਕਤ ਚਾਹੁੰਦੇ ਜਿਹੜੇ ਇਲਾਕਿਆਂ ਤੇ ਅੱਜ ਉਹ ਦਾਅਵਾ ਕਰ ਰਹੇ ਹਨ ਤਾਂ ਉਹ ਸਾਰੇ ਦੇ ਸਾਰੇ ਤੇ ਕਬਜਾ ਕਰ ਲੈਂਦੇ। ਕੁਝ ਇਲਾਕਿਆਂ ਤੇ ਤਾਂ ਉਹਨਾਂ ਕਬਜਾ ਕਰ ਲਿਆ ਸੀ ਪਰ ਫੇਰ ਵੀ ਛੱਡ ਦਿੱਤਾ। ਮਾਓ ਦਾ ਇਹ ਬਿਆਨ ਠੀਕ ਸੀ ਕਿ ਉਹ ਤਾਂ ਭਾਰਤ ਨੂੰ ਇੱਕ ਸਬਕ ਸਿਖਾਉਣਾ ਚਾਹੁੰਦੇ ਸੀ। ਭਾਰਤੀ ਸਿਆਸੀ ਤੇ ਫੌਜੀ ਜਮਾਤ ਦਾ ਹਾਲ ਇਹ ਸੀ ਕਿ ਇਹਨਾਂ ਨੂੰ ਨੱਠਦਿਆਂ ਨੂੰ ਥਾਂ ਨਹੀਂ ਮਿਲ ਰਹੀ ਸੀ।

ਜਦੋਂ ਚੀਨ ਨੇ ਜਵਾਬੀ ਹਮਲਾ ਕੀਤਾ ਤਾਂ ਜਵਾਹਰ ਲਾਲ ਨਹਿਰੂ ਬਿਲਕੁਲ ਹਿਲ ਗਿਆ। ਉਹਨੇ ਅਮਰੀਕਾ ਕੋਲ ਰੌਲਾ ਪਾਇਆ ਕਿ ਜੇਕਰ ਚੀਨ ਨੂੰ ਨਾ ਰੋਕਿਆ ਗਿਆ ਤਾਂ ਉਹ ਅਗਲੇ ੭੨ ਘੰਟਿਆਂ ਵਿੱਚ ਪੰਜਾਬ ਦੇ ਮੈਦਾਨਾਂ ਵਿੱਚ ਪਹੁੰਚ ਜਾਵੇਗਾ ਅਤੇ ਫਿਰ ਇੰਡੀਆ ਟੁੱਟ ਜਾਵੇਗਾ। ਉਸ ਦਾ ਮਤਲਬ ਸੀ ਕਿ ਚੀਨ ਲੇਹ, ਮਨਾਲੀ, ਕੀਰਤਪੁਰ ਸੜਕ ਰਾਹੀਂ ਸਿੱਧਾ ਪੰਜਾਬ ਆ ਜਾਵੇਗਾ। ਜਵਾਹਰ ਲਾਲ ਨਹਿਰੂ ਨੂੰ ਪੰਜਾਬ ਦਾ ਜਿਆਦਾ ਖਤਰਾ ਸੀ ਅਤੇ ਜਿਹੜਾ ਹਿਮਾਲਿਆ ਦਾ ੫੦ ਹਜਾਰ ਕਿਲੋਮੀਟਰ ਇਲਾਕਾ ਕਬਜਾ ਕਰ ਲਿਆ ਸੀ ਉਸ ਬਾਰੇ ਕੋਈ ਫਿਕਰ ਨਹੀਂ ਸੀ। ਇਹ ਜੰਗ ਭਾਰਤੀ ਰਾਜਸੀ ਅਗਵਾਈ ਦਾ ਜਲੂਸ ਹੀ ਸੀ। ਜਵਾਹਰ ਲਾਲ ਨਹਿਰੂ ਦੇ ਚੁਣੇ ਹੋਏ ਫੌਜੀ ਜਰਨੈਲ ਚੌਧਰੀ, ਫੌਜ ਨੂੰ ਸਰਹੱਦ ਤੇ ਛੱਡ ਕੇ ਭੱਜ ਗਏ ਸਨ। ਜਦੋਂ ਪਾਰਲੀਮੈਂਟ ਵਿੱਚ ਉਸ ਸਮੇਂ ਸਮਾਜਵਾਦੀ ਆਗੂ ਰਾਮ ਮਨੋਹਰ ਲੋਹੀਆ ਨੇ ਜਵਾਹਰ ਲਾਲ ਨਹਿਰੂ ਨੂੰ ਭਾਰਤ ਤੋਂ ਸਦਾ ਲਈ ਖੁਸ ਗਏ ਇਲਾਕੇ ਬਾਰੇ ਸਵਾਲ ਕੀਤਾ ਸੀ ਤਾਂ ਜਵਾਹਰ ਲਾਲ ਨਹਿਰੂ ਦਾ ਜਵਾਬ ਸੀ ਕਿ ਇਥੇ ਸਿਰਫ ਬਰਫ ਹੈ ਜਿਥੇ ਹੋਰ ਕੁਝ ਨਹੀਂ ਹੁੰਦਾ।

੧੯੬੫ ਦੀ ਜੰਗ :

ਚੀਨ ਦੀ ਜੰਗ ਵੇਲੇ ਹਿੰਦੋਸਤਾਨ ਦਾ ਰਵਈਆ ਦੇਖ ਕੇ ਪਾਕਿਸਤਾਨ ਨੇ ਵੀ ਕਸ਼ਮੀਰ ਨੂੰ ਜੰਗ ਰਾਹੀਂ ਹਥਿਆਉਣ ਬਾਰੇ ਸੋਚਿਆ। ਅਮਰੀਕਾ ਨੇ ਉਸਦੀ ਫੌਜ ਨੂੰ ਉਸ ਵਕਤ ਦੇ ਆਧੁਨਿਕ ਜੰਗੀ ਸਾਮਾਨ ਨਾਲ ਤਕੜਾ ਕੀਤਾ ਸੀ। ਜੇਕਰ ਚੀਨ ਦੀ ਜੰਗ ਨਾ ਹੁੰਦੀ ਤਾਂ ਪਾਕਿਸਤਾਨ ਨੇ ਆਪਣੇ ਇਰਾਦੇ ਵਿੱਚ ਕਾਮਯਾਬ ਹੋ ਜਾਣਾ ਸੀ ਅਤੇ ਜੇ ਸਿੱਖ ਫੌਜੀ ਅਤੇ ਆਮ ਸਿੱਖਾਂ ਨੇ ਸਾਥ ਨਾ ਦਿੱਤਾ ਹੁੰਦਾ ਤਾਂ ਭਾਰਤ ਲਈ ਜਿੱਤਣਾ ਤਾਂ ਦੂਰ, ਜੰਗ ਲੜਨਾ ਵੀ ਬਹੁਤ ਔਖਾ ਹੋ ਜਾਣਾ ਸੀ। ਪਾਕਿਸਤਾਨ ਨੇ ਕਸ਼ਮੀਰ ਨੂੰ ਹਾਸਲ ਕਰਨ ਲਈ ਕਸ਼ਮੀਰ ਅਤੇ ਪੱਛਮੀ ਸਰਹੱਦ ਤੇ ਜੰਗ ਸ਼ੁਰੂ ਕਰ ਦਿੱਤੀ ਅਤੇ ਉਸ ਦੀਆਂ ਫੌਜਾਂ ਕਸ਼ਮੀਰ, ਪੰਜਾਬ ਅਤੇ ਰਾਜਸਥਾਨ ਵਿਚ ਦਾਖਲ ਹੋ ਗਈਆਂ। ਉਸ ਵਕਤ ਵੀ ੧੯੬੨ ਵਾਂਗ ਹੀ ਦਿੱਲੀ ਵਿਚ ਭਾਜੜ ਪੈ ਗਈ ਅਤੇ

ਪਹਿਲਾਂ ਜਵਾਬ ੧੯੬੨ ਵਾਲਾ ਹੀ ਸੀ। ਦਿੱਲੀ ਦੀ ਬਾਬੂ ਸ਼ਾਹੀ ਅਤੇ ਫੌਜ ਵਿਚਲੇ ਕੁਝ ਹਿੱਸਿਆਂ ਨੇ ਤਾਂ ਇਥੋਂ ਤਕ ਸੋਚ ਲਿਆ ਕਿ ਫੌਜ ਨੂੰ ਬਿਆਸ ਦਰਿਆ ਤੱਕ ਪਿੱਛੇ ਸੱਦ ਲਿਆ ਜਾਵੇ ਅਤੇ ਫਿਰ ਉੱਥੇ ਲੜਾਈ ਦਿੱਤੀ ਜਾਵੇ। ਸਿੱਖਾਂ ਦੇ ਦਰਬਾਰ ਸਾਹਿਬ ਬਾਰੇ ਭਾਰਤ ਦੀ ਅਗਵਾਈ ਦਾ ਇਹੋ ਰਵਈਆ ਰਿਹਾ ਪਰ ਹੋਰ ਬਹੁਤ ਕੁਝ ਵੱਖਰਾ ਸੀ। ਉਸ ਵਕਤ ਭਾਰਤ ਦਾ ਪਰਧਾਨ ਮੰਤਰੀ ਲਾਲ ਬਹਾਦੁਰ ਸ਼ਾਸਤਰੀ ਸੀ। ਇਸ ਕਰਕੇ ਹਾਲਾਤ ੧੯੬੨ ਨਾਲੋਂ ਵੱਖਰਾ ਸੀ। ਅਫਸਰਸ਼ਾਹੀ ਅਤੇ ਫੌਜ ਦੀ ਅਗਵਾਈ ਵਿੱਚ ਵੀ ਕੁਝ ਕਾਬਲ ਬੰਦੇ ਸਨ ਜਿਨ੍ਹਾਂ ਨੇ ਮੌਕੇ ਤੇ ਹੀ ਫੌਜ ਦੀ ਕਮਾਂਡ ਵਿਚ ਲੋੜੀਂਦੀਆਂ ਤਬਦੀਲੀਆਂ ਕੀਤੀਆਂ ਅਤੇ ਪੰਜਾਬ ਦੇ ਸਿੱਖਾਂ ਪੂਰਾ ਸਾਥ ਦਿਤਾ। ਜਨਰਲ ਹਰਬਖਸ਼ ਸਿੰਘ ਨੇ ਬਿਆਸ ਦਰਿਆ ਤੇ ਆਉਣ ਵਾਲੀ ਯੋਜਨਾ ਨੂੰ ਨਕਾਰ ਦਿੱਤਾ ਅਤੇ ਕਿਹਾ ਕਿ ਅਸੀਂ ਅੰਮ੍ਰਿਤਸਰ ਦੀ ਇੱਕ ਇੰਚ ਜਮੀਨ ਵੀ ਲੜਾਈ ਤੋਂ ਬਿਨਾ ਨਹੀਂ ਛੱਡਾਂਗੇ। ਦਿੱਲੀ ਵਿੱਚ ਉਹਨਾਂ ਨੇ ਅਗਵਾਈ ਆਪਣੇ ਚੋਣਵੇਂ ਜਰਨੈਲਾਂ ਨੂੰ ਸੌਂਪ ਦਿੱਤੀ। ਜਨਰਲ ਨਰਿੰਦਰ ਸਿੰਘ ਉਸ ਵਕਤ ਸ਼ਾਇਦ ਬ੍ਰਿਗੇਡੀਅਰ ਸਨ। ਇਹਨਾਂ ਨੂੰ ਲੜਾਈ ਦੀ ਸਭ ਤੋਂ ਅਹਿਮ ਜਿੰਮੇਵਾਰੀ ਸੌਂਪੀ ਗਈ। ਇਹਨਾਂ ਨੂੰ ਦਿੱਲੀ ਬੁਲਾਇਆ ਅਤੇ ਲੜਾਈ ਦਾ ਇੰਚਾਰਜ ਬਣਾ ਦਿੱਤਾ। ਇਹਨਾਂ ਨੂੰ ਇੱਕ ਦਮ ਉਸੇ ਵਕਤ ਚਾਰਜ ਲੈਣ ਲਈ ਕਿਹਾ ਅਤੇ ਪੂਰੀਆਂ ਤਾਕਤਾਂ ਦੇ ਦਿੱਤੀਆਂ ਅਤੇ ਕਿਹਾ ਕਿ ਤੈਨੂੰ ਜਿਵੇਂ ਲੱਗਦਾ ਹੈ ਉਵੇਂ ਕਰ, ਜੋ ਚਾਹੀਦਾ ਹੈ ਉਹ ਕਰ।

ਜਨਰਲ ਨਰਿੰਦਰ ਸਿੰਘ ਦੇ ਦਿਲ ਵਿਚ ਲਾਲ ਬਹਾਦੁਰ ਸ਼ਾਸਤਰੀ ਲਈ ਬਹੁਤ ਸਤਿਕਾਰ ਸੀ ਕਿਉਂਕਿ ਉਹਨੇ ਉਸ ਵਕਤ ਸਹੀ ਫੈਸਲੇ ਹੋਣ ਦਿੱਤੇ ਅਤੇ ਓਹਨਾਂ ਨੂੰ ਲਾਗੂ ਕਰਵਾਇਆ। ਉਹ ਦੱਸਦੇ ਸਨ ਕਿ ਉਹ ਛੋਟੇ ਜਿਹੇ ਕੱਦ ਦਾ ਮਾੜਕੂ ਜਿਹੇ ਸਰੀਰ ਦਾ ਬੰਦਾ ਸੀ ਪਰ ਕਮਾਲ ਦਾ ਇਨਸਾਨ ਸੀ। ਉਹ ਮੇਰੇ ਦਫਤਰ ਵਿੱਚ ਵੀ ਬਿਨਾ ਝਿਜਕ ਆ ਜਾਂਦਾ ਸੀ ਅਤੇ ਹੌਸਲਾ ਅਫਜਾਈ ਵੀ ਕਰਦਾ ਸੀ ਤੇ ਪੁੱਛਦਾ ਸੀ ਕਿ ਹੋਰ ਕਿਸ ਚੀਜ ਦੀ ਜਰੂਰਤ ਹੈ। ਪਾਕਿਸਤਾਨ ਦੇ ਇਰਾਦੇ ਨੂੰ ਅਸਫਲ ਕਰਨ ਵਿਚ ਸ਼ਾਸਤਰੀ ਦੀ ਅਗਵਾਈ ਦਾ ਬਹੁਤ ਯੋਗਦਾਨ ਹੈ। ਜਨਰਲ ਨਰਿੰਦਰ ਸਿੰਘ ਕਹਿੰਦੇ ਸਨ ਕਿ ਜਵਾਹਰ ਲਾਲ ਨਹਿਰੂ ਦੇ ਮੁਕਾਬਲੇ ਲਾਲ ਬਹਾਦੁਰ ਸ਼ਾਸਤਰੀ ਵੱਡਾ ਬੰਦਾ ਸੀ। ਜਨਰਲ ਨਰਿੰਦਰ ਸਿੰਘ ਦੱਸਦੇ ਸੀ ਕਿ ਉਹਨਾਂ ਨੇ ਜਿੰਮੇਵਾਰੀ ਲੈਂਦੇ ਹੀ ਭਾਰਤ ਦੇ ਮੌਜੂਦਾ ਅਤੇ ਪੁਰਾਣੇ ਸਭ ਤੋਂ ਬਿਹਤਰ ਫੌਜੀ ਜਰਨੈਲਾਂ ਨੂੰ ਬੁਲਾਇਆ ਅਤੇ ਓਹਨਾਂ ਦੀ ਸਲਾਹ ਲੈ ਕੇ ਸਾਰੀਆਂ ਅਹਿਮ ਥਾਂਵਾਂ ਤੇ ਇਮਾਨਦਾਰ ਲਾਇਕ ਤੇ ਲੜਾਕੂ ਜਰਨੈਲਾਂ ਨੂੰ ਲਾ ਦਿੱਤਾ। ਇਹਨਾਂ ਵਿਚੋਂ ਬਹੁਤੇ ਸਿੱਖ ਸਨ। ਜਨਰਲ ਹਰਬਖਸ਼ ਸਿੰਘ ਦੇ ਇਰਾਦੇ ਨੇ ਪਹਿਲਾਂ ਹੀ ਜੰਗ ਦਾ ਮੁਹਾਣ ਪਾਕਿਸਤਾਨ ਦੇ ਖਿਲਾਫ

ਕਰ ਦਿੱਤਾ ਸੀ ਅਤੇ ਪੰਜਾਬ ਦੇ ਲੋਕ ਵੀ ਫੌਜ ਦੇ ਬਰਾਬਰ ਲੜਨ ਨੂੰ ਤਿਆਰ ਹੋ ਗਏ ਸੀ ਅਤੇ ਹਰ ਤਰ੍ਹਾਂ ਦੀ ਸੇਵਾ ਕਰ ਰਹੇ ਸੀ।

ਜਨਰਲ ਨਰਿੰਦਰ ਸਿੰਘ ਦਾ ਕਹਿਣਾ ਸੀ ਕਿ ਜਿਸ ਤਰੀਕੇ ਨਾਲ ਪੰਜਾਬ ਦੇ ਸਿੱਖਾਂ ਨੇ ੧੯੬੫ ਅਤੇ ੧੯੭੧ ਵਿੱਚ ਭਾਰਤੀ ਫੌਜ ਦਾ ਸਾਥ ਦਿੱਤਾ ਉਸ ਤਰ੍ਹਾਂ ਭਾਰਤ ਵਿੱਚ ਤਾਂ ਕੀ ਦੁਨੀਆ ਵਿੱਚ ਵੀ ਬਹੁਤ ਥੋੜ੍ਹੀਆਂ ਥਾਵਾਂ ਉੱਪਰ ਫੌਜ ਨੂੰ ਲੋਕਾਂ ਦਾ ਐਨਾ ਜਿਆਦਾ ਸਾਥ ਮਿਲਦਾ ਹੈ। ਇਸ ਨਾਲ ਫੌਜ ਦਾ ਹੌਂਸਲਾ ਬਹੁਤ ਵਧ ਗਿਆ ਅਤੇ ਇਹ ਲੜਾਈ ਸਿੱਖਾਂ ਲਈ ਧਰਮ ਯੁੱਧ ਵਾਂਗ ਹੋ ਗਈ।

ਜਨਰਲ ਨਰਿੰਦਰ ਸਿੰਘ ਨੇ ਇੱਕ ਹੋਰ ਬੜਾ ਦਿਲਚਸਪ ਬਿਰਤਾਂਤ ਸੁਣਾਇਆ ਕਿ ਜੰਗ ਦੇ ਸ਼ੁਰੂ ਵਿੱਚ ਭਾਰਤੀ ਫੌਜ ਦਹਿਲ ਗਈ ਸੀ ਅਤੇ ਫੌਜੀ ਹਥਿਆਰ ਛੱਡ ਕੇ ਪਿੱਛੇ ਭੱਜਣ ਲੱਗ ਪਏ ਸਨ। ਕੁਝ ਅਫਸਰ ਵੀ ਮੈਦਾਨ ਛੱਡ ਆਏ ਸਨ, ਜਦੋਂ ਉਹਨਾਂ ਨੇ ਕਮਾਨ ਸੰਭਾਲੀ ਤਾਂ ਸਭ ਤੋਂ ਪਹਿਲਾਂ ਉਹਨਾਂ ਨੇ ਇਸ ਰੁਝਾਣ ਵੱਲ ਧਿਆਨ ਦਿੱਤਾ। ਉਹਨਾਂ ਦੀ ਆਪਣੀ ਜ਼ਬਾਨੀ "ਮੈਂ ਉਸ ਵਕਤ ਮਹਿੰਦਰ ਸਿੰਘ ਲੰਮਾ ਜਿਸ ਨੂੰ ਮਿੰਦਰ ਲੰਮਾ ਕਹਿੰਦੇ ਸਨ, ਜੋ ਲੈਫਟੀਨੈਂਟ ਜਨਰਲ ਦੇ ਅਹੁਦੇ ਤੋਂ ਰਿਟਾਇਰਡ ਹੋਇਆ ਸੀ। ਉਹਨੂੰ ਗੱਡੀ ਭੇਜ ਕੇ ਉਸੇ ਵਕਤ ਮੈਂ ਦਿੱਲੀ ਪਹੁੰਚਣ ਲਈ ਹੁਕਮ ਦਿੱਤਾ। ਉਸ ਵਕਤ, ਪੰਜਾਬ ਵਿੱਚ ਉਹ ਆਪਣੇ ਘਰ ਸਾਦਾ ਜੀਵਨ ਬਿਤਾ ਰਿਹਾ ਸੀ। ਉਹ ਬੜਾ ਤਕੜਾ ਅਤੇ ਸਖਤ ਫੌਜੀ ਜਰਨੈਲ ਸੀ। ਇਹੋ ਜਿਹੇ ਢਹਿੰਦੀ ਕਲਾ ਜਾਂ ਬਿਖੜੇ ਵਖਤ ਉਹੋ ਜਿਹੀ ਤਕੜੀ ਸਖਸ਼ੀਅਤ ਦੀ ਹੀ ਜਰੂਰਤ ਸੀ। ਕੁਝ ਘੰਟਿਆਂ ਵਿੱਚ ਹੀ ਉਹ ਲੈਫਟੀਨੈਂਟ ਜਨਰਲ ਦੀ ਪੂਰੀ ਵਰਦੀ ਵਿੱਚ ਮੇਰੇ ਸਾਹਮਣੇ ਪੇਸ਼ ਹੋਇਆ ਅਤੇ ਮੈਨੂੰ ਸਲੂਟ ਮਾਰਿਆ ਅਤੇ ਕਿਹਾ ਕਿ ਮੈਂ ਹੁਕਮ ਲਈ ਤਿਆਰ ਹਾਂ।"

ਉਸ ਵਕਤ ਪੰਜਾਬ ਦੀ ਹੱਦ ਉਤੇ ਜਿੱਥੇ ਫੌਜ ਦਾ ਮਨੋਬਲ ਡਿੱਗਿਆ ਹੋਇਆ ਸੀ, ਮੈਂ ਉਹਨੂੰ ਉਸ ਸਾਰੇ ਇਲਾਕੇ ਦੀ ਲਿਖਤੀ ਕਮਾਨ ਉਸ ਦੇ ਹੱਥ ਫੜਾ ਦਿੱਤੀ। ਉਹ ਉਸ ਵਕਤ ਓਥੋਂ ਚਲਿਆ ਗਿਆ ਅਤੇ ਸਿੱਧਾ ਜਾ ਕੇ ਅੰਮ੍ਰਿਤਸਰ ਦੀ ਸਰਹੱਦ ਉੱਪਰ ਜਿੱਥੇ ਲੜਾਈ ਹੋ ਰਹੀ ਸੀ ਉਥੇ ਪਹੁੰਚਿਆ। ਉਹਦੇ ਆਉਣ ਨਾਲ ਅਫਸਰਾਂ ਅਤੇ ਜਵਾਨਾਂ ਦਾ ਮਨੋਬਲ ਵਧਿਆ ਕਿਉਂਕਿ ਉਹ ਬੜਾ ਕਾਬਲ ਜਰਨੈਲ ਸੀ ਅਤੇ ਸਭ ਉਸ ਤੋਂ ਭੈਅ ਖਾਂਦੇ ਸਨ। ਜਿਹੜੇ ਫੌਜੀ ਜੰਗ ਛੱਡ ਕੇ ਭੱਜੇ ਸਨ ਉਹਨਾਂ ਨੂੰ ਪੇਸ਼ ਕਰਨ ਲਈ ਹੁਕਮ ਹੋਇਆ ਤੇ ਮੌਕੇ ਤੇ ਸਖਤ ਸਜਾ ਦਿੱਤੀ ਗਈ। ਸਪਸ਼ਟ ਸੁਨੇਹਾ ਦਿੱਤਾ ਕਿ ਭੱਜਣ ਵਾਲਿਆਂ ਦੀ ਇਹ ਸਜਾ ਹੋਵੇਗੀ, ਲੜੋ ਜਾਂ ਮਰੋ। ਸਾਰੀ ਸਰਹੱਦ ਦੇ ਨਾਲ ਨਾਲ ਉਸਨੇ ਇਸੇ ਤਰ੍ਹਾਂ ਹੀ ਕੀਤਾ, ਸਭ ਤੋਂ ਵੱਡੇ ਅਫਸਰ ਨੂੰ ਆਪਣੇ ਵਿੱਚ ਇੰਝ ਫਿਰਦਿਆਂ ਦੇਖ ਕੇ ਫੌਜੀ ਜੁਆਨਾਂ ਦਾ ਹੌਸਲਾ ਵੱਧ ਗਿਆ ਅਤੇ ਫੌਜਾਂ ਫਿਰ ਤੋਂ

ਲੜਨ ਲੱਗ ਪਈਆਂ। ਉਪਰੋਂ ਪਿੰਡਾਂ ਦੇ ਲੋਕਾਂ ਦਾ ਵੀ ਪੂਰਾ ਸਾਥ ਮਿਲ ਰਿਹਾ ਸੀ। ਇਸ ਤਰੀਕੇ ਨਾਲ ਜੰਗ ਦਾ ਪਾਸਾ ਹੀ ਪਲਟ ਗਿਆ। ਇਹੋ ਜਿਹੇ ਕਾਬਲ ਅਤੇ ਸਿਰਲੱਥ ਜਰਨੈਲ ਦੀ ਭਾਰਤੀ ਫੌਜ ਜਾਂ ਸਰਕਾਰ ਨੇ ਕਦੇ ਕੋਈ ਕਦਰ ਨਹੀਂ ਪਾਈ। ਇਸ ਕਰਕੇ ਇਹ ਗੱਲਾਂ ਉਹਨਾਂ ਦੇ ਇਤਿਹਾਸ ਵਿੱਚ ਵੀ ਨਹੀਂ ਆਈਆਂ ਕਿਉਂਕਿ ਲੜਾਈ ਵਿਚੋਂ ਭੱਜਣ ਵਾਲੇ ਫੌਜੀ ਹੋਰਨਾਂ ਸੂਬਿਆਂ ਨਾਲ ਸਬੰਧਿਤ ਸਨ। ਮਹਿੰਦਰ ਲੰਮੇ ਦਾ ਜਿਕਰ ਪੰਜਾਬ ਵਿਚ ਵੀ ਨਹੀਂ ਆਇਆ ਕਿ ਉਹਨੇ ਕਿਸ ਤਰ੍ਹਾਂ ਹਾਰ ਨੂੰ ਜਿੱਤ ਵਿੱਚ ਬਦਲਿਆ। ਜਿੰਨਾ ਚਿਰ ਲੜਾਈ ਚੱਲਦੀ ਰਹੀ ਉਹ ਜਰਨੈਲ ਸਰਹੱਦ ਤੇ ਹੀ ਰਿਹਾ ਹੈ। ਓਥੇ ਫੌਜ ਦੇ ਨਾਲ ਹੀ ਸੌਂਦਾ ਅਤੇ ਖਾਂਦਾ ਪੀਂਦਾ ਸੀ। ਜੰਗ ਤੋਂ ਬਾਅਦ ਉਹ ਫਿਰ ਆਪਣੇ ਘਰ ਚਲਿਆ ਗਿਆ।

ਭਾਰਤੀ ਫੌਜ ਵਿੱਚ ਤਰੱਕੀ ਅਤੇ ਇਨਾਮਾਂ ਦੀ ਵੰਡ ਵੀ ਕਾਣੀ ਹੁੰਦੀ ਹੈ। ਇਥੇ ਵੀ ਦੇਖਿਆ ਜਾਂਦਾ ਹੈ ਕਿ ਤੁਸੀਂ ਕਿਸ ਧਰਮ ਜਾਂ ਇਲਾਕੇ ਨਾਲ ਸਬੰਧਤ ਹੋ। ਰਾਜ ਕਰਨ ਵਾਲੀਆਂ ਜਮਾਤਾਂ ਜਿਵੇਂ ਬ੍ਰਾਹਮਣ, ਠਾਕਰ ਅਤੇ ਬਾਣੀਆਂ ਨੂੰ ਸਦਾ ਹੀ ਅੱਗੇ ਰੱਖਿਆ ਜਾਂਦਾ ਹੈ ਅਤੇ ਕਾਬਲੀਅਤ ਅਤੇ ਲਿਆਕਤ ਦਾ ਮੁੱਲ ਨਹੀਂ ਪੈਂਦਾ। ਜਿਹੜੇ ਅਫਸਰ ਆਜਾਦ ਅਤੇ ਨਿਰਪੱਖ ਹਸਤੀ ਦੇ ਮਾਲਕ ਹੋਣ ਅਤੇ ਕਿਸੇ ਅੱਗੇ ਨਾ ਝੁਕਣ, ਉਹਨਾਂ ਲਈ ਅੱਗੇ ਵਧਣਾ ਮੁਸ਼ਕਲ ਹੋ ਜਾਂਦਾ ਹੈ। ਜਾਤ-ਪਾਤ, ਚਾਪਲੂਸੀ, ਖਿਦਮਤਗਾਰੀ ਅਤੇ ਰਿਸ਼ਵਤਖੋਰੀ ਵੀ ਆਪਣਾ ਅਸਰ ਅਦਾ ਕਰਦੀ ਹੈ। ਜਿਹੜਾ ਅਫਸਰ ਖੁਦਦਾਰ ਹੋਵੇ ਅਤੇ ਉਪਰੋਂ ਜਨਰਲ ਸੁਬੇਗ ਸਿੰਘ ਵਰਗਾ ਸਿੱਖ ਵੀ ਹੋਵੇ ਉਹਦੇ ਲਈ ਇੱਥੇ ਰਾਹ ਬੰਦ ਹੋ ਜਾਂਦੇ ਹਨ, ਗੁੰਮਨਾਮੀ ਜਾਂ ਬਦਨਾਮੀ ਹੀ ਮਿਲਦੀ ਹੈ।

ਉਸ ਵਕਤ ਜਦੋਂ ਪਾਕਿਸਤਾਨ ਕਸ਼ਮੀਰ ਅਤੇ ਪੱਛਮੀ ਸਰਹੱਦ ਤੇ ਅੱਗੇ ਵਧਣ ਦੀ ਕੋਸ਼ਿਸ਼ ਕਰ ਰਿਹਾ ਸੀ ਤਾਂ ਫੌਜ ਦੀ ਹਾਈ ਕਮਾਂਡ ਨੇ ਫੈਸਲਾ ਕਰ ਲਿਆ ਕਿ ਅੰਮ੍ਰਿਤਸਰ ਦੀ ਸਰਹੱਦ ਤੋਂ ਸਿੱਧਾ ਲਾਹੌਰ ਵੱਲ ਨੂੰ ਵਧਿਆ ਜਾਵੇ ਇਸ ਜੰਗੀ ਚਾਲ ਨਾਲ ਪਾਕਿਸਤਾਨ ਨੂੰ ਆਪਣੀ ਫੌਜ ਲਾਹੌਰ ਦੇ ਬਚਾਅ ਲਈ ਲਿਆਉਣੀ ਪਵੇਗੀ ਅਤੇ ਉਹਨਾਂ ਦੀ ਰਣਨੀਤੀ ਫੇਲ੍ਹ ਹੋ ਜਾਵੇਗੀ। ਜਨਰਲ ਨਰਿੰਦਰ ਸਿੰਘ ਦੱਸਦੇ ਹਨ ਕਿ ਇਹ ਯੋਜਨਾ ਲੈ ਕੇ ਫੌਜੀ ਜਰਨੈਲ ਪਰਧਾਨ ਮੰਤਰੀ ਲਾਲ ਬਹਾਦੁਰ ਸ਼ਾਸਤਰੀ ਕੋਲ ਗਏ। ਜਨਰਲ ਨਰਿੰਦਰ ਸਿੰਘ ਵੀ ਉਹਨਾਂ ਵਿੱਚ ਸਨ। ਪਰਧਾਨ ਮੰਤਰੀ ਅੱਗੇ ਸਾਰੀ ਵਿਉਂਤ ਨੂੰ ਰੱਖਿਆ ਗਿਆ। ਲਾਲ ਬਹਾਦੁਰ ਸ਼ਾਸਤਰੀ ਨੇ ਸਾਰੀ ਯੋਜਨਾ ਨੂੰ ਪੜ੍ਹਿਆ ਅਤੇ ਸਾਡੇ ਵੱਲ ਦੇਖਿਆ ਅਤੇ ਕਿਹਾ ਕਿ ਸਰਦਾਰ ਜੀ ਕੀ ਇਹ ਜਰੂਰੀ ਹੈ? ਅਸੀਂ ਹਾਂ ਵਿਚ ਸਿਰ ਹਿਲਾਇਆ ਅਤੇ ਉਸਨੇ ਉਸੇ ਵਕਤ ਸਾਰੀ ਯੋਜਨਾ ਤੇ ਹਾਂ ਲਿਖ ਦਿੱਤੀ ਅਤੇ ਕਿਹਾ ਕਿ ਅੱਗੇ ਵਧੋ ਪਾਕਿਸਤਾਨ ਦੇ ਦਿਲ ਤੇ ਹਮਲਾ ਕਰਨਾ,

ਲਾਲ ਬਹਾਦੁਰ ਸ਼ਾਸਤਰੀ ਨੇ ਇਕ ਦਮ ਸਾਡੀ ਗੱਲ ਮੰਨ ਕੇ ਅਮਲ ਕਰ ਦਿੱਤਾ ਸਾਨੂੰ ਬਹੁਤ ਖੁਸ਼ੀ ਹੋਈ। ਇਹ ਸ਼ਾਸਤਰੀ ਦਾ ਬਹੁਤ ਵੱਡਾ ਫੈਸਲਾ ਸੀ ਅਤੇ ਇਸਨੇ ਉਸ ਦਾ ਕੱਦ ਬਹੁਤ ਉੱਚਾ ਕਰ ਦਿੱਤਾ। ਅਸੀਂ ਸਿੱਧਾ ਲਾਹੌਰ ਵੱਲ ਨੂੰ ਕੂਚ ਕਰ ਦਿੱਤਾ। ਪਾਕਿਸਤਾਨ ਨੇ ਕਦੀ ਸੋਚਿਆ ਵੀ ਨਹੀਂ ਸੀ ਕਿ ਅਸੀਂ ਇੰਝ ਕਰ ਸਕਦੇ ਹਾਂ। ਸਾਨੂੰ ਰਾਹ ਵਿੱਚ ਬਹੁਤ ਥੋੜ੍ਹੀ ਰੁਕਾਵਟ ਹੀ ਮਿਲੀ ਜਿਸ ਨੂੰ ਸਾਫ ਕਰ ਦਿੱਤਾ, ਅਸੀਂ ਕੁਝ ਘੰਟਿਆਂ ਵਿਚ ਹੀ ਬਰਕੀ ਪਹੁੰਚ ਗਏ ਜਿੱਥੋਂ ਲਾਹੌਰ ਸਾਡੀ ਮਾਰ ਵਿੱਚ ਆ ਗਿਆ। ਪਾਕਿਸਤਾਨੀ ਫੌਜ ਵਿਚ ਹਾਹਾਕਾਰ ਮੱਚ ਗਈ ਅਤੇ ਉਸਨੇ ਲਾਹੌਰ ਦੀ ਰੱਖਿਆ ਲਈ ਕਸ਼ਮੀਰ ਅਤੇ ਪੱਛਮੀ ਸਰਹੱਦ ਤੋਂ ਫੌਜਾਂ ਵਾਪਸ ਬੁਲਾ ਲਈਆਂ। ਇਸ ਤਰ੍ਹਾਂ ਪਾਕਿਸਤਾਨ ਦਾ ਕਸ਼ਮੀਰ ਨੂੰ ਹਾਸਿਲ ਕਰਨ ਦਾ ਮਨਸੂਬਾ ਧਰਿਆ ਧਰਾਇਆ ਰਹਿ ਗਿਆ। ਇਹ ਸਾਰਾ ਕੁੱਝ ਰਾਜਸੀ ਅਗਵਾਈ ਵੱਲੋਂ ਸਹੀ ਫੈਸਲੇ ਅਤੇ ਸਹੀ ਬੰਦਿਆਂ ਨੂੰ ਯੋਗ ਜਿੰਮੇਵਾਰੀਆਂ ਦੇਣ ਕਰਕੇ ਹੋਇਆ। ਇਹ ਜੰਗ ਤੋਂ ਬਾਅਦ ਦੇਸ਼ ਵਿੱਚ ਸਿੱਖਾਂ ਪ੍ਰਤੀ ਇੱਜਤ ਹੋਰ ਵਧ ਗਈ ਅਤੇ ਪੰਜਾਬੀ ਸੂਬਾ ਵੀ ਇਸ ਬਦਲੇ ਹੋਏ ਹਾਲਾਤ ਕਾਰਨ ਹੀ ਬਣਿਆ ਨਹੀਂ ਤਾਂ ਇੰਦਰਾ ਗਾਂਧੀ ਅਤੇ ਹੋਰ ਸਾਰੇ ਕਾਂਗਰਸੀ ਆਗੂ ਇਸ ਦੇ ਖਿਲਾਫ ਸਨ। ਉਸ ਵਕਤ ਅਸੀਂ ਸਰਕਾਰ ਨੂੰ ਫੌਜ ਵਿੱਚ ਜਵਾਨਾਂ ਅਤੇ ਅਫਸਰਾਂ ਦੀ ਭਰਤੀ ਵਧਾਉਣ ਲਈ ਕਿਹਾ ਅਤੇ ਸਰਕਾਰ ਨੇ ਮੰਨ ਲਿਆ। ਉਸ ਵਕਤ ਐਸਐਸਸੀ (Short Service Commission) ਰਾਹੀਂ ਪੰਜਾਬ ਦੇ ਬਹੁਤ ਨੌਜਵਾਨਾਂ ਦੀ ਭਰਤੀ ਹੋਈ।

੧੯੭੧ ਦੀ ਜੰਗ

ਬੰਗਲਾਦੇਸ਼ ਨੂੰ ਆਜਾਦ ਕਰਨ ਬਾਰੇ ਜਨਰਲ ਨਰਿੰਦਰ ਸਿੰਘ ਨੇ ਕਿਹਾ ਕਿ "ਮੁਕਤੀ ਵਾਹਿਨੀ" ਬੰਗਲਾਦੇਸ਼ ਦੀ ਜੰਗਜੂ ਫੌਜ ਅਸਲ ਵਿਚ ਭਾਰਤੀ ਫੌਜ ਦੀ ਹੀ ਖੜ੍ਹੀ ਕੀਤੀ ਹੋਈ ਸੀ ਅਤੇ ਇਸ ਵਿੱਚ ਜਿਆਦਾ ਭਾਰਤੀ ਫੌਜੀ ਹੀ ਸਨ ਅਤੇ ਬੰਗਾਲੀ ਘੱਟ ਸਨ। ਇਸ ਨੂੰ ਜਥੇਬੰਦ ਕਰਨ ਵਿੱਚ ਜਨਰਲ ਸੁਬੇਗ ਸਿੰਘ ਦਾ ਸਭ ਤੋਂ ਅਹਿਮ ਕੰਮ ਸੀ, ਉਹ ਭਾਰਤੀ ਫੌਜ ਵਿੱਚ ਓਥੇ ਜਾਣ ਵਾਲਿਆਂ ਦਾ ਮੁਖੀ ਸੀ ਅਤੇ ਉਹਨੇ ਬੰਗਲਾਦੇਸ਼ ਜਾ ਕੇ ਇਸ ਗੁਰੀਲਾ ਫੌਜ ਦੀ ਅਗਵਾਈ ਕੀਤੀ ਅਤੇ ਪਾਕਿਸਤਾਨੀ ਫੌਜ ਦਾ ਸਭ ਤੋਂ ਜਿਆਦਾ ਨੁਕਸਾਨ ਕੀਤਾ। ਉੱਥੇ ਹਾਲਾਤ ਇਹ ਬਣ ਗਿਆ ਸੀ ਕਿ ਪਾਕਿਸਤਾਨ ਦੀ ਨੱਬੇ ਹਜਾਰ ਫੌਜ ਜਿਹੜੀ ਪੂਰੀ ਤਰ੍ਹਾਂ ਸਸ਼ਤਰਾਂ ਨਾਲ ਤਿਆਰ ਸੀ ਉਹਦਾ ਮਨੋਬਲ ਟੁੱਟ ਗਿਆ ਅਤੇ ਉਹ ਹਥਿਆਰ ਸੁੱਟਣ ਤੇ ਮਜਬੂਰ ਹੋ ਗਈ। ਇਸ ਵਿੱਚ ਜਨਰਲ ਸੁਬੇਗ ਸਿੰਘ ਦੀ ਅਗਵਾਈ ਦਾ ਭਰਪੂਰ ਯੋਗਦਾਨ ਸੀ ਕਿਉਂਕਿ ਉਹਨਾਂ ਨੇ ਫੌਜ ਨੂੰ ਬੈਰਕਾਂ ਤਕ ਹੀ ਰਹਿਣ ਲਈ ਮਜਬੂਰ ਕਰ ਦਿੱਤਾ ਜਦੋਂ ਤੱਕ ਭਾਰਤੀ ਫੌਜ ਨੇ ਆ ਕੇ ਉਹਨਾਂ ਨੂੰ ਘੇਰ ਨਹੀਂ ਲਿਆ।

ਪਾਕਿਸਤਾਨ ਦਾ ਸਭ ਤੋਂ ਵੱਡਾ ਜਰਨੈਲ ਅਬਦੁੱਲਾ ਖਾਨ ਨਿਆਜੀ ਸੀ ਉਹ ਹਥਿਆਰ ਸੁੱਟਣ ਨੂੰ ਮੰਨ ਗਿਆ ਪਰ ਉਸ ਨੇ ਇਹ ਸ਼ਰਤ ਰੱਖੀ ਕਿ ਮੈਂ ਕਿਸੇ ਸਿੱਖ ਜਨਰਲ ਦੇ ਸਾਹਮਣੇ ਆਤਮ ਸਮਰਪਣ ਕਰਾਂਗਾ। ਇਹ ਗੱਲ ਭਾਰਤ ਦੀ ਹਕੂਮਤ ਨੇ ਕਦੇ ਵੀ ਬਾਹਰ ਨਹੀਂ ਆਉਣ ਦਿੱਤੀ ਇਸ ਕਰਕੇ ਉਸ ਨੇ ਜਨਰਲ ਜਗਜੀਤ ਸਿੰਘ ਅਰੋੜਾ ਦੇ ਸਾਹਮਣੇ ਹਥਿਆਰ ਸੁੱਟੇ।

ਪਾਕਿਸਤਾਨ ਲਈ ਇਹ ਬਹੁਤ ਹੀ ਨਮੋਸ਼ੀ ਵਾਲੀ ਗੱਲ ਸੀ ਪਰ ਇਸ ਨਮੋਸ਼ੀ ਵਿਚ ਵੀ ਉਹ ਹਿੰਦੂ ਅੱਗੇ ਹਥਿਆਰ ਸੁੱਟਣ ਨੂੰ ਤਿਆਰ ਨਹੀਂ ਸਨ। ਜਨਰਲ ਨਰਿੰਦਰ ਸਿੰਘ ਨੇ ਇਥੇ ਇਕ ਹੋਰ ਟਿੱਪਣੀ ਕੀਤੀ "ਸਿੱਖ ਫੌਜੀਆਂ ਦਾ ਹੋਰਨਾਂ ਫੌਜੀਆਂ ਨਾਲੋਂ ਬਹੁਤ ਵੱਡਾ ਫਰਕ ਇਹ ਹੈ ਕਿ ਇਹ ਮੁਸ਼ਕਲ ਹਾਲਾਤ ਵਿੱਚ ਵੀ ਭਾਵੇਂ ਇਨ੍ਹਾਂ ਦੀ ਗਿਣਤੀ ਥੋੜ੍ਹੀ ਹੋਵੇ ਜਾਂ ਅਸਲਾ ਘੱਟ ਹੋਵੇ ਜੇ ਇਨ੍ਹਾਂ ਦੀ ਕਮਾਨ ਸਹੀ ਹੋਵੇ ਤਾਂ ਇਹਨਾਂ ਵਿੱਚ ਇਹ ਗੁਰੂ ਵੱਲੋਂ ਬਖਸ਼ਿਆ ਗੁਣ ਹੈ ਕਿ ਇਹ ਮੋਰਚਾ ਨਹੀਂ ਛੱਡਦੇ ਅਤੇ ਲੜ ਮਰਦੇ ਹਨ। ਇਹ ਲੜ ਕੇ ਮਰਨ ਦੀ ਪ੍ਰੇਰਨਾ ਉਹਨਾਂ ਨੂੰ ਸਿੱਖ ਇਤਿਹਾਸ ਵਿਚੋਂ ਹੀ ਮਿਲਦੀ ਹੈ।"

ਇਕ ਵਾਰ ਜਦੋਂ ਪ੍ਰੋਫੈਸਰ ਦਰਸ਼ਨ ਸਿੰਘ ਅਕਾਲ ਤਖਤ ਸਾਹਿਬ ਦੀ ਜਥੇਦਾਰੀ ਤੋਂ ਪਿੱਛੇ ਹਟੇ ਅਤੇ ਕਿਸੇ ਨਵੇਂ ਜਥੇਦਾਰ ਦੀ ਭਾਲ ਸ਼ੁਰੂ ਹੋਈ ਤਾਂ ਸੰਘਰਸ਼ਸ਼ੀਲ ਧਿਰਾਂ ਵਿੱਚੋਂ ਕਿਸੇ ਨੇ ਜਨਰਲ ਨਰਿੰਦਰ ਸਿੰਘ ਹੋਰਾਂ ਦਾ ਨਾਂ ਵੀ ਅੱਗੇ ਰੱਖਿਆ। ਉਸ ਸਮੇਂ ਇਸ ਬਾਰੇ ਚਰਚਾ ਵੀ ਹੋਈ। ਓਦੋਂ ਹਰ ਧਾਰਮਕ ਨਿਯੁਕਤੀ ਵਿਚ ਦਮਦਮੀ ਟਕਸਾਲ ਅਤੇ ਜਥੇਬੰਦੀਆਂ ਦਾ ਪ੍ਰਭਾਵ ਮੰਨਿਆ ਜਾਂਦਾ ਸੀ ਜਨਰਲ ਨਰਿੰਦਰ ਸਿੰਘ ਦੀ ਇਹੋ ਜਿਹੀ ਕੋਈ ਇੱਛਾ ਨਹੀਂ ਸੀ ਅਤੇ ਉਹ ਆਪਣੇ ਆਪ ਨੂੰ ਇਸ ਉੱਚੀ ਪਦਵੀ ਦੇ ਯੋਗ ਹੀ ਨਹੀਂ ਸਮਝਦੇ ਪਰ ਉਨ੍ਹਾਂ ਤਾਈਂ ਇਹ ਗੱਲ ਪਹੁੰਚੀ ਕਿ ਸੰਘਰਸ਼ ਵਿੱਚੋਂ ਕੁਝ ਲੋਕਾਂ ਨੇ ਉਹਨਾਂ ਦਾ ਹਾਸੋਹੀਣੇ ਤਰੀਕੇ ਨਾਲ ਵਿਰੋਧ ਕੀਤਾ ਪਰ ਜਨਰਲ ਨਰਿੰਦਰ ਸਿੰਘ ਨੇ ਇਹਦਾ ਬੁਰਾ ਨਹੀਂ ਮਨਾਇਆ ਸਗੋਂ ਇਹ ਗੱਲ ਨੂੰ ਹਾਸੇ ਵਿਚ ਹੀ ਟਾਲ ਦਿੱਤਾ।

ਡਾਕਟਰ ਕਰਨੈਲ ਸਿੰਘ ਗਰੇਵਾਲ

ਇਹ ਡਾਕਟਰ ਸੋਹਣ ਸਿੰਘ ਦੇ ਮਿੱਤਰ ਸਨ ਅਤੇ ਖਾਲਸਤਾਨ ਦੇ ਪੱਕੇ ਹਮਾਇਤੀ ਸਨ। ਖਾਲਸਤਾਨ ਪ੍ਰਤੀ ਜਾਗਰੂਕਤਾ ਪੈਦਾ ਕਰਨ ਲਈ ਇਹਨਾਂ ਨੇ ਚੰਡੀਗੜ੍ਹ ਵਿਖੇ ਕੋਈ ਸੰਸਥਾ ਬਣਾਈ ਹੋਈ ਸੀ ਅਤੇ ਇਹ ਕਿਸੇ ਨਾ ਕਿਸੇ ਰੂਪ ਵਿੱਚ ਸਿੱਖ ਰਾਜ ਸਬੰਧੀ ਕੋਈ ਸਰਗਰਮੀ ਕਰਦੇ ਰਹਿੰਦੇ ਸਨ। ਕਦੀ ਕੋਈ ਗੋਸ਼ਟੀ ਅਤੇ ਕਦੇ ਸੈਮੀਨਾਰ ਅਤੇ ਕਈ ਵਾਰੀ ਕੁਝ ਸਮੱਗਰੀ ਛਾਪਦੇ ਰਹਿੰਦੇ ਸੀ ਜਿਵੇਂ ਖਾਲਸਤਾਨ ਕਿਉਂ? ਇਸ ਨਾਮ ਤੇ ਇਹ ਲਗਾਤਾਰ ਸਾਹਿਤ ਛਾਪਦੇ ਰਹਿੰਦੇ ਸੀ। ਚੰਡੀਗੜ੍ਹ ਅਤੇ ਪੰਜਾਬ ਵਿੱਚ ਇਹਨਾਂ ਦੇ ਕਈ ਸਾਥੀ ਸਨ। ਮੁੱਖ ਭੂਮਿਕਾ ਡਾਕਟਰ ਸੋਹਣ ਸਿੰਘ ਦੀ ਸੀ ਅਤੇ ਉਸ ਤੋਂ ਬਾਅਦ ਜਿੰਮੇਵਾਰੀ ਡਾਕਟਰ ਕਰਨੈਲ ਸਿੰਘ ਦੀ ਸੀ। ਲਿਖਤ ਪੜ੍ਹਤ ਦਾ ਜਿਆਦਾ ਕੰਮ ਡਾਕਟਰ ਕਰਨੈਲ ਸਿੰਘ ਆਪਣੇ ਘਰ ਮੁਹਾਲੀ ਵਿਖੇ ਹੀ ਕਰਦੇ ਸੀ। ਇਹਨਾਂ ਨੂੰ ਸਰੀਰਕ ਤੌਰ ਤੇ ਕੋਈ ਸਮੱਸਿਆ ਸੀ ਅਤੇ ਬਹੁਤਾ ਚੱਲ-ਫਿਰ ਨਹੀਂ ਸੀ ਸਕਦੇ। ਇਹ ਪਸ਼ੂ ਪਾਲਣ ਮਹਿਕਮੇ ਦੇ ਉਚ ਅਹੁਦੇ ਤੋਂ ਸੇਵਾਮੁਕਤ ਹੋਏ ਸਨ। ਡਾਕਟਰ ਸੋਹਣ ਸਿੰਘ ਨਾਲ ਮੈਂ ਤਿੰਨ ਵਾਰ ਇਹਨਾਂ ਨੂੰ ਇਹਨਾਂ ਦੇ ਘਰ ਮਿਲਿਆ।

ਇਹ ਆਪਣੀ ਜਵਾਨੀ ਵੇਲੇ ਤੋਂ ਹੀ ਪੱਕੇ ਖਾਲਸਤਾਨੀ ਸਨ ਅਤੇ ਜਿਆਦਾ ਸਮਾਂ ਇਸ ਵਿਸ਼ੇ ਸਬੰਧੀ ਪੜ੍ਹਨ ਲਿਖਣ ਉੱਪਰ ਹੀ ਲਾਉਂਦੇ ਸੀ। ਇਕ ਵਾਰ ਡਾਕਟਰ ਸੋਹਣ ਸਿੰਘ ਨੇ ਉਹਨਾਂ ਦੇ ਮੋਢੇ ਤੇ ਹੱਥ ਰੱਖ ਕੇ ਕਿਹਾ ਜਿਵੇਂ ਖਾੜਕੂ ਸਫਾਂ ਵਿੱਚ ਤੁਹਾਡੇ ਜਰਨੈਲ ਹਨ ਇਸੇ ਤਰ੍ਹਾਂ ਇਹ ਮੇਰਾ ਖਾਲਸਤਾਨ ਦਾ ਜਰਨੈਲ ਹੈ ਅਤੇ ਦੋਵੇਂ ਜਣੇ ਬਹੁਤ ਖੁਸ਼ ਹੋਏ, ਉਹਨਾਂ ਨੂੰ ਓਦੋਂ ਲੱਗ ਰਿਹਾ ਸੀ ਕਿ ਜਿਸ ਵਿਸ਼ੇ ਤੇ ਉਹਨਾਂ ਨੇ ਪਿਛਲੇ ਕਈ ਦਹਾਕਿਆਂ ਤੋਂ ਇਕੱਲਿਆਂ ਹੀ ਕੰਮ ਕੀਤਾ ਸੀ, ਅੱਜ ਕਿੰਨੇ ਜਵਾਨ ਉਸ ਕਾਜ ਲਈ ਆਪਣਾ ਘਰ ਛੱਡ ਕੇ ਨਿੱਕਲ ਆਏ ਹਨ। ਇਸ ਬਾਬਤ ਡਾਕਟਰ ਗਰੇਵਾਲ ਨੇ ਕਿਹਾ ਕਿ 'ਹਾਂ ਇਹ ਤਸੱਲੀ ਦੀ ਗੱਲ ਹੈ ਕਿ ਤੁਹਾਡੇ ਵਰਗੇ ਜਵਾਨ

ਸਾਡੇ ਨਾਲ ਆ ਗਏ ਹਨ' ਤੇ ਫਿਰ ਉਹ ਹੱਸ ਪਏ। ਇਹ ਹਾਸਾ ਦਿਲ ਦੀਆਂ ਡੂੰਘਾਈਆਂ ਵਿਚੋਂ ਆਇਆ ਸੀ। ਉਸ ਤੋਂ ਬਾਅਦ ਮੈਂ ਉਹਨਾਂ ਨੂੰ ਕਦੇ ਨਹੀਂ ਮਿਲਿਆ ਅਤੇ ਉਹਨਾਂ ਬਾਰੇ ਕਦੇ ਕੋਈ ਗੱਲ ਨਹੀਂ ਸੁਣੀ।

ਬਾਪੂ ਬਲਬੀਰ ਸਿੰਘ ਖਾਲਸਤਾਨੀ ਅਤੇ ਸੁਖਵਿੰਦਰ ਸਿੰਘ

ਪਿਛਲੇ ਦਿਨੀ ਮੈਂ ਦਰਬਾਰ ਸਾਹਿਬ ਗਿਆ ਤਾਂ ਉਥੇ ਪਰਿਕਰਮਾ ਵਿਚ ਇਕ ਸਿੰਘ ਨੇ ਪਹਿਚਾਣ ਲਿਆ ਅਤੇ ਸਤਿਕਾਰ ਨਾਲ ਫਤਹਿ ਬੁਲਾਈ। ਉਹ ਕੋਈ ਪੰਜਾਹ ਕੁ ਸਾਲ ਦਾ ਸੀ। ਉਹਨੇ ਦੱਸਿਆ ਕਿ ਉਹ ਬਲਬੀਰ ਸਿੰਘ ਦਾ ਸਪੁੱਤਰ ਹੈ। ਮੈਨੂੰ ਬੜੀ ਖੁਸ਼ੀ ਹੋਈ ਤੇ ਮੈਂ ਦੇਖਿਆ ਕਿ ਉਹਦਾ ਚਿਹਰਾ ਮੋਹਰਾ ਆਪਣੇ ਵੱਡੇ ਭਰਾ ਸੁਖਵਿੰਦਰ ਸਿੰਘ ਨਾਲ ਬਹੁਤ ਮਿਲਦਾ ਜੁਲਦਾ ਸੀ। ਮੈਨੂੰ ਪਾਕਿਸਤਾਨ ਵਿਚ ਸੁਖਵਿੰਦਰ ਸਿੰਘ ਅਤੇ ਬਾਪੂ ਬਲਬੀਰ ਸਿੰਘ ਨਾਲ ਬਿਤਾਇਆ ਸਮਾਂ ਯਾਦ ਆ ਗਿਆ।

ਖੇਮਕਰਨ ਦੇ ਇਲਾਕੇ ਵਿਚੋਂ ਪਿੱਪਲ ਸਿੰਘ ਨਾਲ ੭-੮ ਸਿੰਘ ਸਰਹੱਦ ਪਾਰ ਕਰਕੇ ਆ ਗਏ। ਉਹਨਾਂ ਵਿਚ ਬਾਪੂ ਬਲਬੀਰ ਸਿੰਘ ਦਾ ਪੁੱਤਰ ਸੁਖਵਿੰਦਰ ਸਿੰਘ ਵੀ ਸੀ। ਉਹ ਓਹਨਾਂ ਨੂੰ ਮਿਲਣ ਲਈ ਸਿੰਘਾਂ ਨਾਲ ਪਾਰ ਆ ਗਿਆ। ਪਿਉ ਪੁੱਤਾਂ ਵਿਚ ਬਹੁਤ ਭਾਵਕ ਮਿਲਣੀ ਹੋਈ ਪਰ ਛੇਤੀ ਹੀ ਬਾਪੂ ਜੀ ਹੋਣਾਂ ਦੀ ਚਿੰਤਾ ਸੱਚ ਹੋ ਗਈ। ਏਹਨਾਂ ਸਿੰਘਾਂ ਦੇ ਸਰਹੱਦ ਪਾਰ ਕਰਦਿਆਂ ਹੀ ਉਹਨਾਂ ਦੇ ਪਿੰਡ ਵਿਚ ਗੱਲ ਫੈਲ ਗਈ ਕਿ ਸੁਖਵਿੰਦਰ ਸਿੰਘ ਪਾਕਿਸਤਾਨ ਚਲਾ ਗਿਆ ਹੈ। ਇਸ ਤਰ੍ਹਾਂ ਉਹ ਬਿਨਾ ਵਜਹ ਹੀ ਰੂਪੋਸ਼ ਹੋ ਗਿਆ। ਇਹ ਗੱਲ ਬਾਪੂ ਜੀ ਨੂੰ ਚੰਗੀ ਨਾ ਲੱਗੀ ਪਰ ਸੁਖਵਿੰਦਰ ਸਿੰਘ ਆਪਣੀ ਗੱਲ ਉਤੇ ਪੱਕਾ ਸੀ ਕਿ ਜੇ ਮੈਂ ਹੁਣ ਜੰਗ ਵਿਚ ਪੈਰ ਪਾ ਲਿਆ ਹੈ ਤਾਂ ਪੂਰੀ ਤਿਆਰੀ ਅਤੇ ਸਿਖਲਾਈ ਨਾਲ ਹੀ ਵਾਪਸ ਜਾਵਾਂਗਾ। ਏਹਨਾਂ ਦਾ ਪਿੰਡ ਕਾਲੀਆਂ ਸਕੱਤਰਾਂ ਬਿਲਕੁਲ ਸਰਹੱਦ ਦੇ ਨਾਲ ਹੀ ਹੈ। ਪਹਿਲਾਂ ਪਹਿਲਾਂ ਇਹ ਰਸਤਾ ਬਹੁਤ ਅਸਾਨ ਸੀ। ਸਿੰਘਾਂ ਨੇ ਇਹ ਰਾਹ ਦੀ ਵਰਤੋਂ ਵੀ ਕੀਤੀ। ਇਹ ਪਿੰਡ ਦੇ ਸਾਰੇ ਘਰ ਹੀ ਸਿੰਘਾਂ ਦੀ ਠਾਹਰ ਬਣ ਗਏ। ਕਈ ਸਿੰਘ ਇਹ ਪਿੰਡ ਵਿਚੋਂ ਸੰਘਰਸ਼ ਵਿਚ ਆਏ ਅਤੇ ਬਹੁਤ ਸਾਰੇ ਸ਼ਹਾਦਤ ਵੀ ਪਾ ਗਏ।

ਸੁਖਵਿੰਦਰ ਸਿੰਘ ਨੇ ਸਾਡੇ ਕੋਲ ਆ ਕੇ ਬਹੁਤ ਕੁਝ ਸਿਖਿਆ ਤੇ ੧੫ ਕੁ ਦਿਨ ਦੀ ਜੰਗੀ ਸਿਖਲਾਈ ਵੀ ਲਈ। ਉਹ ਆਪਣੇ ਬਾਪੂ ਕੋਲ ਖੁਸ਼ ਸੀ ਪਰ ਪਿਛੇ ਮਾਤਾ ਅਤੇ ਪਰਿਵਾਰ ਲਈ ਵੀ ਫਿਕਰਮੰਦ ਸੀ। ਬਾਪੂ ਉਹਦੇ ਇਸ ਤਰ੍ਹਾਂ ਰੂਪੋਸ਼ ਹੋਣ ਤੋਂ ਖੁਸ਼ ਨਹੀਂ ਸੀ। ਕਈ ਵਾਰ ਉਹਦੀ ਜਿੱਦ ਅਤੇ ਕਾਹਲੇਪਣ ਤੋਂ ਔਖ ਵੀ ਮਹਿਸੂਸ ਕਰਦਾ ਸੀ ਪਰ ਉਹਨੂੰ ਖਾਲਸਤਾਨ ਦੇ ਰਾਹ ਤੇ ਜੀ ਆਇਆਂ ਆਖਿਆ। ਓਹਨਾਂ ਨੇ ਆਪਣੇ ਪੁੱਤ ਨੂੰ ਕਿਹਾ ਕਿ ਜੇ ਹੁਣ ਇਧਰ ਕਦਮ ਪੁਟ ਲਿਆ ਹੈ ਤਾਂ ਤੇਰੇ ਕਦਮ ਸਦਾ ਦ੍ਰਿੜ ਇਰਾਦੇ ਵਾਲੇ ਚਾਹੀਦੇ ਹਨ। ਪਿਛੇ ਘਰ ਵੱਲ ਨੂੰ ਨਹੀਂ ਦੇਖਣਾ। ਹੁਣ ਤਾਂ ਅੱਗੇ ਸੰਘਰਸ਼ ਅਤੇ ਸ਼ਹਾਦਤ ਹੈ।

ਬਲਬੀਰ ਸਿੰਘ ਉਸ ਵੇਲੇ ਪੰਜਾਬ ਦੇ ਸਿਖਿਆ ਮਹਿਕਮੇ ਵਿਚ ਅਫਸਰ ਸਨ ਜਦੋਂ ਓਹਨਾਂ ਦਾ ਮੇਲ ਜਗਜੀਤ ਸਿੰਘ ਚੌਹਾਨ ਨਾਲ ਜਲੰਧਰ ਵਿਚ ਹੋਇਆ। ਜਗਜੀਤ ਸਿੰਘ ਪੰਜਾਬੀ ਸੂਬੇ ਵੇਲੇ ਤੋਂ ਹੀ ਸਿੱਖਾਂ ਦੇ ਅਲਹਿਦਾ ਰਾਜ, ਖਾਲਸਤਾਨ ਦੀਆਂ ਗੱਲਾਂ ਕਰਦੇ ਸਨ। ਫਿਰ ਉਹ ਇੰਗਲੈਂਡ ਜਾ ਕੇ ਵਸ ਗਏ।

ਪੰਜਾਬ ਵਿਚ ਜਗਜੀਤ ਸਿੰਘ ਚੌਹਾਨ ਦਾ ਸਭ ਤੋਂ ਪੱਕਾ ਸਾਥੀ ਅਤੇ ਖਾਲਸਤਾਨ ਦਾ ਸਮਰਥਕ ਬਲਬੀਰ ਸਿੰਘ ਹੀ ਸੀ। ੧੯੭੯ ਤੋਂ ਬਾਅਦ ਜਦੋਂ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਪੰਥਕ ਹਸਤੀ ਬਣ ਕੇ ਉਭਰੇ ਤਾਂ ਸਭ ਦਾ ਝੁਕਾਅ ਓਧਰ ਨੂੰ ਹੋਣਾ ਕੁਦਰਤੀ ਹੀ ਸੀ। ਸੰਤ ਜੀ ਜਦੋਂ ਪੱਕੇ ਤੌਰ ਉਤੇ ਅੰਮ੍ਰਿਤਸਰ ਆ ਗਏ ਤਾਂ ਬਲਬੀਰ ਸਿੰਘ ਹੁਰੀਂ ਵੀ ਗੁਰੂ ਨਾਨਕ ਨਿਵਾਸ ਵਿਚ ਹੀ ਉਹ ਸੰਤਾਂ ਦੇ ਨਾਲ ਰਹਿਣ ਲੱਗ ਪਏ ਸਨ। ਇਥੇ ਉਹ ਖਾਲਸਤਾਨ ਦਾ ਹੀ ਪਰਚਾਰ ਕਰਦੇ ਸਨ ਅਤੇ ਬਹੁਤਾ ਸਮਾਂ ਲਿਖਣ-ਪੜ੍ਹਣ ਵਿਚ ਹੀ ਲਾਉਂਦੇ ਸਨ। ਦਰਬਾਰ ਸਾਹਿਬ ਉਤੇ ਹਮਲੇ ਮਗਰੋਂ ਉਹ ਪਾਕਿਸਤਾਨ ਚਲੇ ਗਏ ਅਤੇ ਜਿੰਦਗੀ ਦਾ ਬਾਕੀ ਸਮਾਂ ਉਥੇ ਹੀ ਰਹੇ ਅਤੇ ਉਥੇ ਹੀ ਚੜ੍ਹਾਈ ਕਰ ਗਏ।

ਬਲਬੀਰ ਸਿੰਘ ਨੇ ਆਪਣੀ ਨੌਕਰੀ ਅਤੇ ਘਰ ਬਾਰ ਆਪਣੇ ਨਿਸ਼ਾਨੇ ਖਾਲਸਤਾਨ ਲਈ ਤਿਆਗ ਦਿੱਤਾ ਸੀ। ਜਿੰਨਾ ਚਿਰ ਪੰਜਾਬ ਵਿਚ ਰਹੇ ਉਹਨਾਂ ਨੇ ਜਗਜੀਤ ਸਿੰਘ ਚੌਹਾਨ ਦੇ ਸਾਥੀ ਵਜੋਂ ਖਾਲਸਤਾਨ ਲਈ ਕੰਮ ਕੀਤਾ। ਪਾਕਿਸਤਾਨ ਵਿਚ ਵੀ ਕੁਝ ਚਿਰ ਉਹ ਜਗਜੀਤ ਸਿੰਘ ਦੇ ਸਾਥੀ ਵਜੋਂ ਰਹੇ ਪਰ ਬਾਅਦ ਵਿਚ ਆਜਾਦ ਰੂਪ ਚ ਕੰਮ ਕਰਨ ਲੱਗੇ। ਉਹ ਗੁਰਦੁਆਰਾ ਡੇਰਾ ਸਾਹਿਬ ਜਾਂ ਚੌਧਰੀਆਂ ਵਲੋਂ ਬਣਾਏ ਕਿਸੇ ਟਿਕਾਣੇ ਉਤੇ ਰਹਿੰਦੇ ਸਨ। ਥੋੜ੍ਹਾ ਖਾਣਾ ਪੀਣਾ, ਸੈਰ ਕਰਨਾ ਅਤੇ ਪੜ੍ਹੀ ਲਿਖੀ ਜਾਣਾ ਇਹ ਸਾਰਾ ਕੁਝ ਓਹਨਾਂ ਦਾ ਖਾਲਸਤਾਨ ਦੁਆਲੇ ਹੀ ਘੁੰਮਦਾ ਸੀ। ਉਹਨਾਂ ਨੇ ਕਈ ਕਿਤਾਬਾਂ ਲਿਖੀਆਂ ਅਤੇ ਛਪਵਾਈਆਂ ਵੀ।

ਜਦੋਂ ਅਸੀਂ ਪਾਕਿਸਤਾਨ ਗਏ (ਨਵੰਬਰ ੧੯੯੦) ਤਾਂ ਪੰਥਕ ਕਮੇਟੀ ਅਤੇ ਪੰਜ

ਜਥੇਬੰਦੀਆਂ ਵਲੋਂ ਟਿਕਾਣਾ ਬਣਾਇਆ ਤਾਂ ਉਥੇ ਰਹਿ ਰਹੇ ਸਾਰੇ ਸਿੱਖਾਂ ਨੂੰ ਅਸੀਂ ਮਿਲੇ। ਅਸੀਂ ਲਾਹੌਰ ਵਿਚ ਰਹਿੰਦੇ ਸੀ। ਸਾਡੇ ਕੋਲ ਸਭ ਤੋਂ ਜਿਆਦਾ ਸਿੰਘ ਅਤੇ ਸਾਧਨ ਸਨ ਅਤੇ ਚੌਧਰੀ ਵੀ ਸਾਡੀ ਗੱਲ ਠੀਕ ਤਰੀਕੇ ਨਾਲ ਸੁਣਦੇ ਸਨ। ਸਾਡੇ ਟਿਕਾਣੇ ਉਤੇ ਸਭ ਸਿੰਘ ਚੜ੍ਹਦੀ ਕਲਾ ਵਿਚ ਸਨ, ਉਥੇ ਵਧੀਆ ਮਾਹੌਲ ਸੀ। ਮੈਂ ਹੋਰ ਸਿੰਘਾਂ ਨਾਲ ਸਲਾਹ ਕੀਤੀ ਕਿ ਬਾਪੂ ਬਲਬੀਰ ਸਿੰਘ ਇਥੇ ਇਕੱਲੇ ਰਹਿ ਰਹੇ ਹਨ ਅਤੇ ਰੋਟੀ ਪਾਣੀ ਵੀ ਚੌਧਰੀਆਂ ਦੇ ਹੱਥ ਦਾ ਛਕਦੇ ਹਨ। ਸਾਨੂੰ ਉਹਨਾਂ ਨੂੰ ਆਪਣੇ ਕੋਲ ਲੈ ਆਉਣਾ ਚਾਹੀਦਾ ਹੈ। ਸਲਾਹ ਕਰਨ ਮਗਰੋਂ ਅਸੀਂ ਉਹਨਾਂ ਨੂੰ ਆਪਣੇ ਕੋਲ ਲਾਹੌਰ ਲੈ ਆਏ। ਜਦੋਂ ਉਹ ਆਏ ਤਾਂ ਬਹੁਤ ਖੁਸ਼ ਹੋਏ। ਓਹਨਾਂ ਨੂੰ ਐਨੇ ਸਿੰਘਾਂ ਨੂੰ ਇਕੱਠਿਆਂ ਮਿਲਿਆਂ ਤਾਂ ਬਹੁਤ ਸਮਾਂ ਹੋ ਗਿਆ ਸੀ। ਅਸੀਂ ਉਹਨਾਂ ਨੂੰ ਅਲੱਗ ਕਮਰਾ ਦੇ ਦਿੱਤਾ ਅਤੇ ਕਿਹਾ ਕਿ ਤੁਸੀਂ ਆਪਣਾ ਪੜ੍ਹੋ ਲਿਖੋ ਅਤੇ ਸਿੰਘਾਂ ਨੂੰ ਵੀ ਕੁਝ ਪੜ੍ਹਾਓ ਸਿਖਾਓ। ਉਹ ਇਸ ਬੇਨਤੀ ਉਤੇ ਬਹੁਤ ਖੁਸ਼ ਹੋਏ। ਓਹਨਾਂ ਨੇ ਜੋ ਕਹੀਆਂ, ਉਹਨਾਂ ਵਿਚੋਂ ਬਹੁਤ ਸਾਰੀਆਂ ਕਿਤਾਬਾਂ ਅਸੀਂ ਲਿਆ ਕੇ ਜਾਂ ਮੰਗਵਾ ਕੇ ਦਿੱਤੀਆਂ। ਉਹਨਾਂ ਦੀਆਂ ਬਾਕੀ ਜਰੂਰਤਾਂ ਵੀ ਪੂਰੀਆਂ ਕੀਤੀਆਂ। ਉਹਨਾਂ ਦੀਆਂ ਲਿਖੀਆਂ ਕਿਤਾਬਾਂ ਛਪਾ ਕੇ ਬਾਹਰ ਵੀ ਭੇਜੀਆਂ।

ਇਕੱਲੇ ਰਹਿਣ ਕਰਕੇ ਉਹਨਾਂ ਦੀ ਸਿਹਤ ਅਤੇ ਸੁਭਾਅ ਉਤੇ ਅਸਰ ਪੈ ਗਿਆ ਸੀ। ਉਹਨਾਂ ਦਾ ਜਗਜੀਤ ਸਿੰਘ ਚੌਹਾਨ ਅਤੇ ਹੋਰ ਬਾਹਰਲੇ ਸਿੰਘਾਂ ਨਾਲ ਕੋਈ ਨਾਤਾ ਨਹੀਂ ਸੀ ਰਿਹਾ। ਉਹ ਬਿਲਕੁਲ ਹੀ ਚੌਧਰੀਆਂ ਉਤੇ ਨਿਰਭਰ ਹੋ ਗਏ ਸਨ। ਸਾਡੇ ਕੋਲ ਆ ਕੇ ਉਹਨਾਂ ਨੂੰ ਬਹੁਤ ਸਕੂਨ ਮਿਲਿਆ। ਉਹਨਾਂ ਦਾ ਆਪਣੇ ਪਰਿਵਾਰ ਨਾਲ ਕੋਈ ਸੰਪਰਕ ਨਹੀਂ ਸੀ। ਸਿੱਖਾਂ ਦੀ ਆਜਾਦੀ ਲਈ ਓਹਨਾਂ ਨੇ ਆਪਣੇ ਪਰਿਵਾਰ ਨੂੰ ਗੁਰੂ ਦੇ ਆਸਰੇ ਮੰਨ ਕੇ ਵਿਸਾਰ ਦਿੱਤਾ ਸੀ। ਉਹਨਾਂ ਨੇ ਅਕਸਰ ਦਰਬਾਰ ਸਾਹਿਬ ਵਿਚ ਸੰਤਾਂ ਨਾਲ ਬਿਤਾਏ ਪਲਾਂ ਬਾਰੇ ਦੱਸਣਾ, ਜੋ ਓਹਨਾਂ ਲਈ ਸਭ ਤੋਂ ਵੱਧ ਕੀਮਤੀ ਸਨ। ਉਹਨਾਂ ਨੇ ਸਾਡੇ ਕਹਿਣ ਉਤੇ ਇਹਨਾਂ ਪਲਾਂ ਬਾਰੇ ਕਿਤਾਬ ਵੀ ਲਿਖੀ।

ਉਹ ਸਿਆਸੀ ਅਕਾਲੀਆਂ ਅਤੇ ਬਿਪਰਵਾਦੀ ਮਾਨਸਿਕਤਾ ਨੂੰ ਬਹੁਤ ਚੰਗੀ ਤਰ੍ਹਾਂ ਸਮਝਦੇ ਸਨ। ਉਹਨਾਂ ਨੂੰ ਬਹੁਤ ਸਪਸ਼ਟ ਸੀ ਕਿ ਸਿੱਖਾਂ ਦਾ ਆਜਾਦ ਹੋਣਾ ਉਹਨਾਂ ਦੇ ਇਤਿਹਾਸ ਵਿਚ ਜਿਉਂਦੇ ਰਹਿਣ ਲਈ ਅਤੇ ਅੱਗੇ ਵਧਣ ਲਈ ਲਾਜਮੀ ਹੈ। ਆਜਾਦ ਖਾਲਸਾ ਰਾਜ ਤੋਂ ਬਿਨਾ ਸਾਡਾ ਕੋਈ ਭਵਿੱਖ ਨਹੀਂ ਹੈ। ਉਹ ਬਹੁਤ ਸਖਤ ਰਾਏ ਸਨ ਕਿ ਕੋਈ ਹਿੰਦੂ ਭਾਵੇਂ ਉਹ ਜਿੰਨਾ ਵੀ ਸਾਡਾ ਹਮਦਰਦ ਜਾਂ ਦੋਸਤ ਹੋਵੇ, ਅੰਦਰੋਂ ਕਦੇ ਵੀ ਸਾਡੀ ਆਜਾਦ ਸਿੱਖ ਹੋਂਦ ਨੂੰ ਸਵੀਕਾਰ ਨਹੀਂ ਕਰਦਾ। ਉਹਨੂੰ ਲਗਦਾ ਰਹਿੰਦਾ ਹੈ ਕਿ ਇਹ ਸਾਡਾ ਹੀ ਹਿੱਸਾ ਹੈ। ਉਹ ਸਾਡੀ ਆਜਾਦ ਹਸਤੀ ਅਤੇ

ਗੁਰੂ ਗਰੰਥ ਸਾਹਿਬ ਦੇ ਸੱਚ ਤੋਂ ਡਰਦਾ ਹੈ। ਦੂਸਰੇ ਪਾਸੇ ਕੋਈ ਮੁਸਲਮਾਨ ਭਾਵੇਂ ਕਿੰਨਾ ਵੀ ਪਿਆਰ ਕਰਦਾ ਹੋਵੇ, ਉਹਨੂੰ ਲਗਦਾ ਹੈ ਇਹ ਸਾਡੇ ਵਰਗੇ ਹਨ ਇਹਨਾਂ ਨੂੰ ਸਾਡੇ ਵਿਚ ਹੋਣਾ ਚਾਹੀਦਾ ਹੈ। ਏਹਨਾਂ ਵੱਡੀ ਗਿਣਤੀ ਵਾਲੇ ਧਰਮਾਂ ਅਤੇ ਵੱਡੀ ਗਿਣਤੀ ਵਾਲੇ ਦੇਸ਼ਾਂ ਵਿਚ ਸਾਡੀ ਹੋਂਦ ਇਕ ਆਜਾਦ ਦੇਸ਼ ਤੋਂ ਬਿਨਾ ਕਦੇ ਵੀ ਮਹਿਫੂਜ ਨਹੀਂ ਹੋ ਸਕਦੀ।

ਕਈ ਵਾਰ ਉਹ ਇਧਰੋਂ ਗਏ ਸਿੰਘਾਂ ਨੂੰ ਸਿੱਖ ਇਤਿਹਾਸ ਅਤੇ ਸਿੱਖ ਸਿਆਸਤ ਬਾਰੇ ਜਾਣਕਾਰੀ ਦਿੰਦੇ। ਹੁਣ ਉਹ ਸਾਡੇ ਕੋਲ ਖੁੱਲ੍ਹੇ ਮਾਹੌਲ ਵਿਚ ਸਨ ਤਾਂ ਗੁਰੂ ਘਰਾਂ ਦੇ ਦਰਸ਼ਨਾਂ ਲਈ ਵੀ ਚਲੇ ਜਾਂਦੇ ਅਤੇ ਲਾਹੌਰ ਸ਼ਹਿਰ ਵਿਚ ਘੁੰਮਣ ਵੀ ਚਲੇ ਜਾਂਦੇ ਸਨ।

ਪਾਕਿਸਤਾਨ ਤੋਂ ਅਸੀਂ ਕਈ ਵਾਰ ਸਿੰਘਾਂ ਨੂੰ ਅੱਗੇ ਕਿਸੇ ਹੋਰ ਦੇਸ਼ ਵੀ ਭੇਜ ਦਿੰਦੇ ਸਾਂ ਪਰ ਬਾਪੂ ਜੀ ਨੇ ਕਦੇ ਅਜਿਹੀ ਗੱਲ ਨਹੀਂ ਕੀਤੀ। ਅਪਰੈਲ ੯੨ ਵਿਚ ਮੈਂ ਇਧਰ ਆਉਣ ਦੀ ਤਿਆਰੀ ਕਰ ਲਈ ਤੇ ਪਿਛੇ ਜਿੰਮੇਵਾਰ ਦਲਜੀਤ ਸਿੰਘ ਸੀਕਰੀ ਅਤੇ ਜਗਦੀਸ਼ ਸਿੰਘ (ਦਵਿੰਦਰ ਸਿੰਘ ਜਰਮਨੀ) ਨੂੰ ਕਿਹਾ ਕਿ ਏਹਨਾਂ ਦਾ ਪੂਰਾ ਖਿਆਲ ਰਖਣਾ। ਉਥੇ ਸਿਖਲਾਈ ਦੌਰਾਨ ਮੈਂ ਗੁਰੀਲਾ ਜੰਗ ਬਾਰੇ ਕੁਝ ਨੁਕਤੇ ਲਿਖੇ ਸਨ। ਬਾਹਰਲੇ ਸਿੰਘਾਂ ਨੇ ਆਇਰਲੈਂਡ ਅਤੇ ਫਲਸਤੀਨ ਦੀਆਂ ਲਹਿਰਾਂ ਬਾਰੇ ਅਤੇ ਮਾਓ ਦੀਆਂ ਚੋਣਵੀਆਂ ਕਿਤਾਬਾਂ ਵੀ ਭੇਜੀਆਂ ਸਨ। ਮੈਂ ਸਾਰੀ ਸਮੱਗਰੀ ਉਹਨਾਂ ਨੂੰ ਸੌਂਪ ਕੇ ਆਇਆ ਕਿ ਤੁਸੀਂ ਆਪਣੇ ਤਜਰਬੇ ਨਾਲ ਗੁਰੀਲਾ ਜੰਗ ਬਾਰੇ ਕਿਤਾਬ ਲਿਖ ਦਿਓ ਜੋ ਸਾਡੇ ਸਿੰਘਾਂ ਦੇ ਕੰਮ ਆਵੇ। ਸ਼ਾਇਦ ਬਾਅਦ ਵਿਚ ਉਹਨਾਂ ਨੇ ਕਿਤਾਬ ਲਿਖ ਵੀ ਦਿੱਤੀ ਸੀ।

ਮੇਰੇ ਆਉਣ ਤੋਂ ਕੁਝ ਮਹੀਨੇ ਬਾਅਦ ਸੁਖਵਿੰਦਰ ਸਿੰਘ ਵੀ ਇਧਰ ਆ ਗਿਆ ਤੇ ਉਹ ਬਹੁਤ ਛੇਤੀ ਹੀ ਫੜਿਆ ਗਿਆ। ਉਹਨੂੰ ਬਹੁਤ ਲੰਮਾ ਸਮਾਂ ਤਸ਼ੱਦਦ ਅਤੇ ਜਲਾਲਤ ਵਿਚੋਂ ਲੰਘਣਾ ਪਿਆ। ਸਰਕਾਰ ਲਈ ਉਹ ਇਸ ਕਰਕੇ ਮਹੱਤਵਪੂਰਨ ਸੀ ਕਿ ਉਹ ਪਾਕਿਸਤਾਨ ਤੋਂ ਆਇਆ ਸੀ ਅਤੇ ਖਾਲਸਤਾਨ ਦੀ ਜੰਗ ਦੇ ਸਾਰੇ ਆਗੂਆਂ ਨੂੰ ਜਾਣਦਾ ਸੀ ਅਤੇ ਉਹਨਾਂ ਨੂੰ ਪਛਾਣ ਸਕਦਾ ਸੀ। ਖੁਫੀਆ ਮਹਿਕਮੇ ਨੇ ਉਹਨੂੰ ਸਾਲ ਤੋਂ ਉਪਰ ਦਾ ਸਮਾਂ ਕੈਦ ਵਿਚ ਰੱਖਿਆ ਤੇ ਜਿਥੇ ਜਿਥੇ ਵੀ ਮੇਰੇ, ਪਰਮਜੀਤ ਸਿੰਘ ਪੰਜਵੜ, ਵਧਾਵਾ ਸਿੰਘ ਬੱਬਰ ਬਾਰੇ ਹੋਣ ਦੀ ਸ਼ੱਕ ਹੁੰਦੀ ਉਹਨੂੰ ਓਥੇ ਲੈ ਕੇ ਜਾਂਦੇ ਸਨ। ਮੈਨੂੰ ਤਰਾਈ ਦੇ ਇਲਾਕੇ ਵਿਚੋਂ ਪਤਾ ਲੱਗਿਆ ਕਿ ਮੇਰੀ ਖਾਤਰ ਉਹਨੂੰ ਕਾਫੀ ਦੇਰ ਚੰਡੀਗੜ੍ਹ ਅਤੇ ਯੂਪੀ ਵਿਚ ਰੱਖਿਆ ਗਿਆ। ਆਖਰ ਜਦੋਂ ਉਹਨਾਂ ਨੂੰ ਕੋਈ ਭੇਤ ਨਾ ਦਿੱਤਾ ਤਾਂ ਉਹਨੂੰ ਵੀ ਹੋਰ ਅਣਗਿਣਤ ਸਿੰਘਾਂ ਵਾਂਗ ਗੁੰਮਨਾਮ ਤਰੀਕੇ ਨਾਲ ਸ਼ਹੀਦ ਕਰ ਦਿੱਤਾ ਗਿਆ।

ਜਦੋਂ ਉਹਨਾਂ ਦਾ ਦੂਜਾ ਪੁੱਤਰ ਮੈਨੂੰ ਮਿਲਿਆ ਤਾਂ ਉਹ ਸਾਰਾ ਕੁਝ ਯਾਦ ਆ ਗਿਆ ਕਿ ਕਿਵੇਂ ਪਿਓ-ਪੁੱਤ ਨੇ ਆਪਣੀ ਜਾਨ ਸੰਘਰਸ਼ ਦੇ ਲੇਖੇ ਲਾ ਦਿੱਤੀ। ਕਦੇ ਪਿਛਾਂਹ ਮੁੜ ਕੇ ਨਹੀਂ ਦੇਖਿਆ।

ਕਾਲੀਆਂ ਸਕੱਤਰਾਂ ਦੇ ਹੋਰ ਸਿੰਘ

ਸੁਖਵਿੰਦਰ ਸਿੰਘ ਜਿਹੜੇ ਜਥੇ ਨਾਲ ਪਾਕਿਸਤਾਨ ਗਿਆ ਸੀ ਉਹਦਾ ਜਥੇਦਾਰ ਨੌਜਵਾਨ ਪਿੱਪਲ ਸਿੰਘ ਵੀ ਇਸੇ ਪਿੰਡ ਦਾ ਰਹਿਣ ਵਾਲਾ ਸੀ। ਉਸ ਜਥੇ ਵਿਚ ੫-੭ ਸਿੰਘ ਸਨ ਜਿਨ੍ਹਾਂ ਵਿਚ ਮੈਨੂੰ ਪਿੱਪਲ ਸਿੰਘ ਅਤੇ ਸੁਖਵਿੰਦਰ ਸਿੰਘ ਤੋਂ ਬਿਨਾ ਮੇਜਰ ਸਿੰਘ ਅਤੇ ਹੀਰਾ ਸਿੰਘ ਦੇ ਨਾਂ ਯਾਦ ਹਨ। ਮੇਜਰ ਸਿੰਘ ਵੀ ਇਸੇ ਪਿੰਡ ਦਾ ਹੀ ਸੀ। ਇਹ ਦੋਵੇਂ ਖਾਲਸਤਾਨ ਕਮਾਂਡੋ ਫੋਰਸ (ਪੰਜਵੜ) ਨਾਲ ਸਬੰਧਤ ਸਨ। ਪਿੱਪਲ ਸਿੰਘ ਦਰਮਿਆਨੇ ਕੱਦ ਦਾ ਅਤੇ ਹਲਕੇ ਸਰੀਰ ਦਾ ਨੌਜਵਾਨ ਸੀ ਜਦਕਿ ਮੇਜਰ ਸਿੰਘ ਦਾ ਭਰਵਾਂ ਸਰੀਰ ਫੌਜੀਆਂ ਵਰਗਾ ਸੀ। ਦੋਵੇਂ ਬਹੁਤ ਫੁਰਤੀਲੇ ਅਤੇ ਮਾਰਖੋਰੇ ਸਨ। ਦੋਵਾਂ ਦੇ ਸਰੀਰ ਬੜੇ ਪੱਕੇ ਅਤੇ ਮਨ ਬੜੇ ਦ੍ਰਿੜ੍ਹ ਸਨ। ਸਰਹੱਦੀ ਇਲਾਕੇ ਦੇ ਹੋਣ ਕਰਕੇ ਉਹ ਆਰ ਪਾਰ ਦੇ ਗੇੜੇ ਲਾਉਂਦੇ ਹੀ ਰਹਿੰਦੇ ਸਨ। ਰਾਤਾਂ ਨੂੰ ਨਾਕਿਆਂ ਵਿਚਦੀ ਕਈ ਕਈ ਮੀਲ ਭਾਰ ਚੁੱਕ ਕੇ ਨਿਕਲ ਜਾਂਦੇ ਸਨ। ਪਾਕਿਸਤਾਨ ਵਿਚ ਕਾਲੀਆਂ ਸਕੱਤਰਾਂ ਪਿੰਡ ਦੇ ਸਾਹਮਣੇ ਚੌਂਕੀ ਵਾਲੇ ਅਫਸਰ ਏਹਨਾਂ ਨੂੰ ਚੰਗੀ ਤਰ੍ਹਾਂ ਜਾਣਦੇ ਸਨ ਅਤੇ ਏਹਨਾਂ ਦੇ ਬਹੁਤ ਸ਼ਰਧਾਲੂ ਸਨ।

ਇਕ ਵਾਰ ਅਸੀਂ ਉਸ ਚੌਂਕੀ ਉਤੇ ਏਹਨਾਂ ਨੂੰ ਸਮਾਨ ਦੇਣ ਗਏ ਤਾਂ ਦੇਖਿਆ ਕਿ ਪਾਕਿਸਤਾਨ ਦੇ ਸਰਹੱਦੀ ਫੌਜ ਵਾਲੇ ਉਹਨਾਂ ਨਾਲ ਹੱਸ ਹੱਸ ਗੱਲਾਂ ਮਾਰ ਰਹੇ ਸਨ। ਮੈਨੂੰ ਉਹ ਅਫਸਰ ਨੇ ਦੱਸਿਆ ਕਿ ਏਹ ਪਿੰਡ ਦੇ ਦੋ ਨੌਜਵਾਨ (ਪਿੱਪਲ ਸਿੰਘ ਅਤੇ ਅਨਾਰ ਸਿੰਘ ਪਾੜਾ) ਬਹੁਤ ਹੀ ਜਾਂਬਾਜ ਹਨ। ਫੌਜ ਵਿਚ ਇਹੋ ਜਿਹੇ ਜਵਾਨਾਂ ਦੀ ਬਹੁਤ ਕਦਰ ਹੁੰਦੀ ਹੈ। ਇਹ ਜੋਖਮ ਅਤੇ ਡਰ ਨੂੰ ਬਿਲਕੁਲ ਵੀ ਨਹੀਂ ਜਾਣਦੇ। ਹਸਦੇ-ਹਸਦੇ ਆਉਂਦੇ ਹਨ ਅਤੇ ਹਸਦੇ-ਹਸਦੇ ਚਲੇ ਜਾਂਦੇ ਹਨ। ਭਾਰਤ ਦੇ ਸਰਹੱਦੀ ਰਾਖਿਆਂ ਅਤੇ ਫੌਜ ਨਾਲ ਏਹਨਾਂ ਦਾ ਕਈ ਵਾਰ ਮੁਕਾਬਲਾ ਹੋ ਜਾਂਦਾ ਹੈ। ਇਹ ਘੰਟਿਆਂ ਬੱਧੀ ਫੌਜ ਨਾਲ ਲੁਕਣ ਮੀਟੀ ਕਰਦੇ ਰਹਿੰਦੇ ਹਨ। ਜੇ ਜਿਆਦਾ ਸਮਾਂ ਲੱਗ ਜਾਵੇ ਤਾਂ ਇਧਰ ਵਾਪਸ ਮੁੜ ਆਉਂਦੇ ਹਨ। ਕਈ ਵਾਰ ਏਹਨਾਂ ਵਿਚੋਂ ਬੰਦੇ ਮਾਰੇ ਵੀ

ਜਾਂਦੇ ਹਨ ਪਰ ਇਹ ਉਸੇ ਤਰ੍ਹਾਂ ਫਿਰ ਆ ਜਾਂਦੇ ਹਨ। ਏਹਨਾਂ ਨਾਲ ਨਵੇਂ ਬੰਦੇ ਰਲ ਜਾਂਦੇ ਹਨ। ਅਸੀਂ ਕਦੇ ਇਹਨਾਂ ਦੇ ਚਿਹਰਿਆਂ ਉਤੇ ਥਕਾਵਟ ਦਾ ਨਿਸ਼ਾਨ ਨਹੀਂ ਵੇਖਿਆ। ਏਹਨਾਂ ਨੇ ਸਾਡੇ ਸਾਹਮਣੇ ਸਰਹੱਦ ਦਾ ਲੰਮਾ ਚੌੜਾ ਇਲਾਕਾ ਜੰਗ ਦਾ ਮੈਦਾਨ ਬਣਾਇਆ ਹੋਇਆ ਹੈ ਤੇ ਇਸ ਇਲਾਕੇ ਵਿਚ ਬਿਪਰ ਦੀ ਫੌਜ ਦੀਆਂ ਭਾਜੜਾਂ ਪਵਾਈ ਰੱਖਦੇ ਸਨ। ਉਹਨੇ ਮੈਨੂੰ ਕਿਹਾ ਕਿ ਇਹ ਆਪਣੇ ਮਨ ਦੀ ਕਰਦੇ ਹਨ। ਤੁਸੀਂ ਏਹਨਾਂ ਨੂੰ ਸਮਝਾਓ ਕਿ ਆਪਣਾ ਕੰਮ ਸਮਾਨ ਲੈ ਕੇ ਪਾਰ ਜਾਣਾ ਹੁੰਦਾ ਹੈ। ਇਥੇ ਏਹਨਾਂ ਨਾਲ ਮੁਕਾਬਲਾ ਨਹੀਂ ਕਰਨਾ। ਕੁਝ ਦਿਨ ਪਹਿਲਾਂ ਅਸੀਂ ਏਹਨਾਂ ਨੂੰ ਇਕ ਹੋਰ ਚੌਂਕੀ ਤੋਂ ਪਾਰ ਕਰਾਉਣ ਗਏ ਸੀ ਪਰ ਪਾਰ ਨਹੀਂ ਜਾ ਸਕੇ ਕਿਉਂਕਿ ਉਥੇ ਅੱਗੇ ਜਾ ਕੇ ਏਹਨਾਂ ਨੇ ਸਰਹੱਦੀ ਫੌਜ ਨਾਲ ਮੋਰਚਾ ਖੋਲ੍ਹ ਲਿਆ। ੨ ਘੰਟੇ ਗੋਲੀਬਾਰੀ ਕਰਕੇ ਜਿਹੜਾ ਅਸਲਾ ਲੈ ਕੇ ਜਾਣਾ ਸੀ ਉਹ ਮੁਕਾ ਕੇ ਵਾਪਸ ਆ ਗਏ। ਏਹਨਾਂ ਦਾ ਕਹਿਣਾ ਸੀ ਕਿ ਫੌਜ ਸਾਡੇ ਬਿਲਕੁਲ ਮਾਰ ਵਿਚ ਆ ਗਈ ਸੀ ਤੇ ਅਸੀਂ ਸੋਚਿਆ ਕਿ ਏਹਨਾਂ ਨਾਲ ਦੋ ਹੱਥ ਕਰ ਹੀ ਲਈਏ। ਅਗਲੇ ਦਿਨ ਖਬਰਾਂ ਵਿਚ ਪਤਾ ਲੱਗਾ ਭਾਰਤ ਵਿਚ ਤਿੰਨ ਸਿਪਾਹੀ ਮਾਰੇ ਗਏ ਸਨ। ਉਹਨਾਂ ਨੇ ਅਗਲੇ ਦਿਨ ਸਾਡੀਆਂ ਚੌਂਕੀਆਂ ਉਤੇ ਬਹੁਤ ਗੋਲੀਬਾਰੀ ਕੀਤੀ।

ਏਹਨਾਂ ਨੂੰ ਪਾਕਿਸਤਾਨ ਵਿਚ ਸਿਖਲਾਈ ਦਿਤੀ ਗਈ ਸੀ ਪਰ ਇਹ ਪਹਿਲਾਂ ਹੀ ਪੂਰੇ ਜਾਣੂ ਸਨ। ਇਹ ਸਾਡੇ ਕੋਲ ਚਾਰ ਮਹੀਨੇ ਰਹੇ ਕਿਉਂਕਿ ਇਸ ਪਾਸੇ ਤਾਰਾਂ ਲੱਗ ਗਈਆਂ ਸਨ ਅਤੇ ਲੰਘਣਾ ਬਹੁਤ ਮੁਸ਼ਕਲ ਹੋ ਗਿਆ ਸੀ। ਇਹ ਵਾਪਸ ਜਾਣ ਨੂੰ ਬਹੁਤ ਕਾਹਲੇ ਸਨ। ਅਸੀਂ ਮੁਸ਼ਕਲ ਨਾਲ ਹੀ ਚਾਰ ਕੁ ਮਹੀਨੇ ਏਹਨਾਂ ਨੂੰ ਆਪਣੇ ਕੋਲ ਰੱਖਿਆ। ਪਾਕਿਸਤਾਨ ਵਿਚ ਜਾ ਕੇ ਤਾਂ ਇਹਨਾਂ ਦੀ ਜਾਨ ਇਸ ਤਰ੍ਹਾਂ ਰਹੀ ਜਿਵੇਂ ਪਾਣੀ ਬਿਨਾ ਮੱਛੀ ਦੀ ਹੁੰਦੀ ਹੈ। ਉਹਨਾਂ ਲਈ ਪੰਜਾਬ ਵਿਚ ਖਾਲਸਤਾਨ ਦੀ ਜੰਗ ਹੀ ਸਮੁੰਦਰ ਸੀ। ਉਹ ਪਾਕਿਸਤਾਨ ਵਿਚ ਰੁਕਣ ਨਾਲ ਬਹੁਤ ਔਖੇ ਹੋ ਜਾਂਦੇ ਸਨ। ਉਹਨਾਂ ਦੇ ਇਧਰ ਆਉਣ ਦਾ ਮਕਸਦ ਸਿਰਫ ਗੋਲੀ ਸਿੱਕਾ ਸੀ, ਜਿਸ ਲਈ ਉਹ ਐਨਾ ਜੋਖਮ ਉਠਾਉਂਦੇ ਸਨ। ਮੈਨੂੰ ਲੱਗਿਆ ਕਿ ਉਹ ਸਾਡੀ ਕਿਸੇ ਵੀ ਗੱਲ ਵੱਲ ਕੋਈ ਬਹੁਤਾ ਧਿਆਨ ਨਹੀਂ ਦਿੰਦੇ ਸਨ। ਉਹਨਾਂ ਨੂੰ ਤਾਂ ਪਿਛੇ ਜੰਗ ਵੱਲ ਖਿਚ ਹੁੰਦੀ ਸੀ।

ਮੈਂ ਉਹਨਾਂ ਨੂੰ ਪੁਛਿਆ ਕਿ ਉਹ ਸਰਹੱਦ ਉਤੇ ਫੌਜ ਨਾਲ ਮੋਰਚਾ ਕਿਉਂ ਖੋਲ੍ਹ ਲੈਂਦੇ ਹਨ। ਇਸ ਤਰ੍ਹਾਂ ਸਾਡੇ ਰਾਹ ਬੰਦ ਹੁੰਦੇ ਹਨ ਅਤੇ ਸਖਤਾਈ ਵਧਦੀ ਹੈ। ਉਹ ਕਹਿੰਦੇ ਗੱਲ ਤਾਂ ਸਹੀ ਹੈ ਕਿ ਸਖਤਾਈ ਵੀ ਸਾਡੇ ਕਾਰਨ ਹੋਈ ਆ ਪਰ ਸਾਹਮਣੇ ਦੁਸ਼ਮਣ ਵੇਖ ਕੇ ਸਾਡੇ ਤੋਂ ਰਿਹਾ ਨਹੀਂ ਜਾਂਦਾ, ਗੋਲੀ ਚੱਲ ਹੀ ਜਾਂਦੀ ਆ। ਏਹਨਾਂ ਵਿਚ ਹੀਰਾ ਸਿੰਘ ਵੀ ਸੀ ਜਿਸਦਾ ਪਿੰਡ ਮਸਤਗੜ੍ਹ ਵੀ ਸਰਹੱਦ ਦੇ ਨੇੜੇ ਹੀ ਸੀ।

ਇਹ ਸੋਹਣਾ ਸੁਨੱਖਾ ਅਤੇ ਨਰਮ ਜਿਹੀ ਉਮਰ ਦਾ ਨੌਜਵਾਨ ਸੀ ਜੋ ਮੇਜਰ ਸਿੰਘ ਹੁਰਾਂ ਦੀ ਦੋਸਤੀ ਜਾਂ ਉਹਨਾਂ ਦੀ ਜਿੰਦਗੀ ਨੂੰ ਵੇਖ ਕੇ ਉਹਨਾਂ ਨਾਲ ਹੀ ਤੁਰ ਪਿਆ। ਉਹ ਉਹਨਾਂ ਵਰਗੀ ਸਖਤ ਜਿੰਦਗੀ ਵਿਚ ਨਹੀ ਰਹਿ ਸਕਦਾ ਸੀ ਪਰ ਜਥੇ ਵਿਚ ਹੋਣ ਕਰਕੇ ਆਗਿਆਕਾਰੀ ਹੋ ਕੇ ਨਾਲ ਤੁਰਿਆ ਰਹਿੰਦਾ ਸੀ।

ਉਹ ਗੱਲਾਂ ਮੁਕਾਬਲਿਆਂ ਦੀਆਂ ਹੀ ਕਰਦੇ ਸਨ। ਹਥਿਆਰਾਂ ਨਾਲ ਉਹਨਾਂ ਨੂੰ ਬਹੁਤ ਪਿਆਰ ਸੀ। ਹਥਿਆਰਾਂ ਨੂੰ ਸਭ ਤੋਂ ਪਿਆਰੀ ਵਸਤ ਵਾਂਗ ਸਾਂਭਦੇ ਸਨ। ਓਹਨਾਂ ਨੂੰ ਕਪੜਿਆਂ ਦਾ, ਖਾਣ ਪੀਣ ਦਾ, ਸੌਣ ਦਾ, ਘੁੰਮਣ ਫਿਰਨ ਦਾ ਕੋਈ ਸ਼ੌਕ ਨਹੀਂ ਸੀ। ਟੀਵੀ ਉਤੇ ਜੰਗ ਸਬੰਧੀ ਖਬਰਾਂ ਜਾਂ ਵੀਸੀਆਰ ਉਤੇ ਜੰਗ ਦੀਆਂ ਫਿਲਮਾਂ ਜਿਆਦਾ ਵੇਖਦੇ ਸਨ। ਮੈਂ ਪਿੱਪਲ ਸਿੰਘ ਨੂੰ ਪੁਛਿਆ ਕਿ ਪਿਛੇ ਪਰਿਵਾਰ ਵਿਚ ਕੌਣ ਹੈ ਕਹਿੰਦਾ ਬਹੁਤ ਵੱਡਾ ਪਰਿਵਾਰ ਹੈ, ਉਹਨਾਂ ਦਾ ਰੱਬ ਰਾਖਾ ਹੈ। ਇਸ ਤਰ੍ਹਾਂ ਦੇ ਸਿੰਘਾਂ ਦੇ ਜਥਿਆਂ ਵਿਚ ਵੀ ਉਹਨਾਂ ਵਾਲੀ ਭਾਵਨਾ ਹੀ ਭਰੀ ਹੁੰਦੀ ਸੀ। ਉਹ ਪਰਿਵਾਰਾਂ ਅਤੇ ਦੁਨੀਆ ਨੂੰ ਭੁੱਲ ਚੁੱਕੇ ਸਨ। ਲਗਾਤਾਰ ਖਤਰਾ ਅਤੇ ਜੱਦੋਜਹਿਦ ਕਰਨਾ ਉਹਨਾਂ ਦੇ ਸੁਭਾਅ ਦਾ ਹਿੱਸਾ ਬਣ ਚੁੱਕਿਆ ਸੀ। ਇਹ ਸਿੰਘ ਲੰਮਾ ਨਿਤਨੇਮ ਕਰਦੇ ਸਨ ਅਤੇ ਇਹਨਾਂ ਦਾ ਰੱਬ ਉਤੇ ਬਹੁਤ ਭਰੋਸਾ ਸੀ।

ਮੇਜਰ ਸਿੰਘ ਅਤੇ ਪਿੱਪਲ ਸਿੰਘ ਨੂੰ ਮਿਲ ਕੇ ਲੱਗਿਆ ਕਿ ਇਹਨਾਂ ਸਿੰਘਾਂ ਦਾ ਲਗਾਤਾਰ ਜੋਖਮਾਂ ਭਰੀ ਤੇ ਸਖਤ ਜਿੰਦਗੀ ਜਿਉਂਦਿਆਂ ਅਤੇ ਦੁਸ਼ਮਣ ਨਾਲ ਲਗਾਤਾਰ ਟਾਕਰੇ ਵਿਚ ਰਹਿਣ ਨਾਲ ਉਹਨਾਂ ਦੇ ਸੁਭਾਅ ਅਤੇ ਮਾਨਸਿਕਤਾ ਇਸ ਤਰ੍ਹਾਂ ਦੀ ਹੋ ਗਈ ਸੀ ਜਿਵੇਂ ਉਹ ਸਦਾ ਹੀ ਖਤਰੇ ਵਿਚ ਘਿਰੇ ਹੋਏ ਹਨ ਅਤੇ ਕਿਸੇ ਵੀ ਵਕਤ ਗੋਲੀ ਚੱਲ ਸਕਦੀ ਹੈ। ਇਹਨਾਂ ਦੇ ਮਨ ਅਤੇ ਸਰੀਰ ਬਹੁਤ ਤੇਜ ਚਲਦੇ ਸਨ। ਨੀਂਦ ਵੀ ਬਹੁਤ ਹਲਕੀ ਆਉਂਦੀ ਸੀ ਅਤੇ ਇਹਨਾਂ ਨੂੰ ਅੱਚਵੀ ਲੱਗੀ ਰਹਿੰਦੀ ਸੀ ਕਿ ਉਠੀਏ, ਤੁਰੀਏ, ਕੁਛ ਕਰੀਏ। ਹਥਿਆਰਾਂ ਨੂੰ ਫੜ ਕੇ ਇਹਨਾਂ ਨੂੰ ਸਕੂਨ ਮਿਲਦਾ ਸੀ।

ਸਾਡੇ ਕੋਲ ਆ ਕੇ ਵੀ ਇਹਨਾਂ ਨੂੰ ਨੀਂਦ ਨਹੀਂ ਆਉਂਦੀ ਸੀ। ਉਹਨਾਂ ਨੇ ਸਾਨੂੰ ਕਿਹਾ ਕਿ ਕਿਸੇ ਵੀ ਤਰੀਕੇ ਸਾਨੂੰ ਉਧਰ ਭੇਜੋ। ਇਥੇ ਰਹਿਣ ਨਾਲੋਂ ਤਾਂ ਚੰਗਾ ਹੈ ਉਧਰ ਜਾ ਕੇ ਹਿੱਕ ਵਿਚ ਵੱਜ ਕੇ ਮਰੀਏ। ਫਿਰ ਇਕ ਦਿਨ ਉਹ ਸਰਹੱਦ ਪਾਰ ਕਰ ਗਏ ਅਤੇ ਮੈਂ ਵੀ ਇਧਰ ਆ ਗਿਆ। ਜੇਲ੍ਹ ਵਿਚ ਮੈਨੂੰ ਅੰਮ੍ਰਿਤਸਰ ਦੇ ਕੁਝ ਸਿੰਘਾਂ ਤੋਂ ਪਤਾ ਲੱਗਿਆ ਕਿ ਪਿੱਪਲ ਸਿੰਘ ਅਤੇ ਮੇਜਰ ਸਿੰਘ ਤਾਂ ਸਰਹੱਦ ਉਤੇ ਫੌਜ ਨਾਲ ਮੁਕਾਬਲਾ ਕਰਦੇ ਹੋਏ ਸ਼ਹੀਦ ਹੋਏ। ਉਹ ਤਾਂ ਜਿਵੇਂ ਉਹਨਾਂ ਦੀ ਇੱਛਾ ਸੀ ਉਸੇ ਤਰ੍ਹਾਂ ਹੀ ਸ਼ਹੀਦ ਹੋ ਗਏ।

ਅਨਾਰ ਸਿੰਘ ਪਾੜਾ

ਇਹ ਸਿੰਘ ਕਾਲੀਆਂ ਸਕੱਤਰਾਂ ਦਾ ਸੀ। ਜੋ ਕੁਝ ਇਹ ਜਥੇ ਦਾ ਜਰਨੈਲ ਪਿੱਪਲ ਸਿੰਘ ਸੀ ਇਹ ਉਹਦੇ ਤੋਂ ਵਧ ਕੇ ਸੀ। ਇਹ ਖਾਲਸਤਾਨ ਲਿਬਰੇਸ਼ਨ ਫੋਰਸ ਦਾ ਮਾਝੇ ਦਾ ਜਿੰਮੇਵਾਰ ਜਥੇਦਾਰ ਸੀ। ਖਾੜਕੂ ਸਫਾਂ ਅਤੇ ਸੰਗਤਾਂ ਵਿਚ ਸਤਿਕਾਰ ਸੀ ਅਤੇ ਲੋਕ ਇਹਨੂੰ ਪਿਆਰ ਕਰਦੇ ਸਨ। ਇਹ ਸੁਨੱਖਾ, ਸਿਰੜੀ ਅਤੇ ਫੁਰਤੀਲਾ ਨੌਜਵਾਨ ਸੀ। ਪਿੱਪਲ ਸਿੰਘ ਅਤੇ ਅਨਾਰ ਸਿੰਘ ਇਕੋ ਪਿੰਡ ਤੋਂ ਦੋ ਅਲਹਿਦਾ ਜਥੇਬੰਦੀਆਂ ਦੇ ਜਥੇਦਾਰ ਸਨ ਪਰ ਆਪਸ ਵਿਚ ਗੂਹੜੇ ਦੋਸਤ ਸਨ। ਸ਼ਾਇਦ ਕੋਈ ਰਿਸ਼ਤੇਦਾਰੀ ਵੀ ਸੀ। ਇਹਦਾ ਨਾਂ ਵੀ 'ਪਾੜਾ' ਇਸ ਕਰਕੇ ਪਿਆ ਕਿ ਉਹ ਪਾੜੇ ਵਾਂਗ ਫੁਰਤੀਲਾ ਅਤੇ ਤੇਜ ਸੀ। ਇਸਦੇ ਜਥੇ ਨੇ ਅੰਮ੍ਰਿਤਸਰ ਅਤੇ ਤਰਨਤਾਰਨ ਵਿਚ ਕਈ ਵੱਡੇ ਕਾਰਨਾਮੇ ਕੀਤੇ ਸਨ। ਪਿੱਪਲ ਸਿੰਘ ਵਾਂਗ ਇਹ ਵੀ ਪੁਲਿਸ ਫੌਜ ਅਤੇ ਹੋਰ ਸੁਰੱਖਿਆ ਦਸਤਿਆਂ ਉਤੇ ਹਮਲਿਆਂ ਨੂੰ ਹੀ ਪਹਿਲ ਦਿੰਦਾ ਸੀ। ਕਈ ਵਾਰ ਦੋਵੇਂ ਰਲ ਕੇ ਵੀ ਇਹ ਕੰਮ ਕਰਦੇ ਸਨ। ਇਸ ਕਰਕੇ ਲੋਕਾਂ ਵਿਚ ਏਹਨਾਂ ਦਾ ਸਤਿਕਾਰ ਬਹੁਤ ਸੀ।

ਅਨਾਰ ਸਿੰਘ ਸਰਹੱਦ ਦੇ ਆਲੇ ਦੁਆਲੇ ਬਹੁਤ ਸਰਗਰਮ ਸੀ। ਇਸਨੇ ਖਾਲਸਤਾਨ ਲਿਬਰੇਸ਼ਨ ਫੋਰਸ ਲਈ ਬਹੁਤ ਸਮਾਨ ਢੋਇਆ ਸੀ। ਇਸਨੇ ਸਰਹੱਦ ਪਾਰ ਬਹੁਤ ਗੇੜੇ ਲਾਏ ਅਤੇ ਬਹੁਤ ਵਾਰ ਮੁਕਾਬਲਾ ਕਰਕੇ ਬਚ ਨਿਕਲਿਆ। ਏਹਨਾਂ ਲਈ ਇਹ ਬਹੁਤ ਆਮ ਗੱਲਾਂ ਸਨ। ਪਾਰ ਜਾ ਕੇ ਕਈ ਚਿਰ ਰਹਿ ਵੀ ਆਉਂਦੇ ਸਨ। ਲਾਲ ਸਿੰਘ ਨਾਲ ਗੁਰੂਧਾਮਾਂ ਦੇ ਦਰਸ਼ਨ ਕਰਨੇ ਅਤੇ ਅਫਗਾਨਿਸਤਾਨ ਜਾ ਕੇ ਦਰੇ ਵਿਚ ਵੀ ਕਈ ਵਾਰ ਰਹਿ ਆਉਂਦੇ ਸਨ। ਪਾਕਿਸਤਾਨ ਦੇ ਚੌਧਰੀ, ਸਰਹੱਦੀ ਫੌਜੀ ਅਤੇ ਪਠਾਣ ਵੀ ਪਾੜੇ ਨੂੰ ਯਾਦ ਕਰਦੇ ਸਨ। ਮੈਂ ਕਦੀ ਉਹਨੂੰ ਮਿਲਿਆ ਨਹੀਂ ਪਰ ਗੁਰਜੰਟ ਸਿੰਘ, ਲਾਲ ਸਿੰਘ, ਪਰਮਜੀਤ ਸਿੰਘ ਪੰਜਵੜ ਅਤੇ ਹਰਜੀਤ ਸਿੰਘ ਤੋਂ ਉਹਦੇ ਬਾਰੇ ਬਹੁਤ ਗੱਲਾਂ ਸੁਣੀਆਂ ਸਨ। ਇਹ ਸਿੰਘ ਜਥਿਆਂ ਵਿਚ ਹੀ ਪਿੰਡਾਂ ਵਿਚ ਵਿਚਰਦੇ ਸਨ। ਜਦੋਂ ਕਦੇ ਚੋਲੇ ਪਾ ਦੁਮਾਲੇ ਸਜਾ ਕੇ ਹਥਿਆਰਾਂ ਸਮੇਤ ਬਾਹਰ ਨਿਕਲਦੇ ਸਨ ਤਾਂ ਸ਼ਾਨ ਵੇਖਣ ਵਾਲੀ ਹੁੰਦੀ ਸੀ।

ਅਨਾਰ ਸਿੰਘ ਪਾੜੇ ਅਤੇ ਪਿੱਪਲ ਸਿੰਘ ਦੇ ਜਥਿਆਂ ਕੋਲ ਵਧੀਆ ਅਤੇ ਵਾਧੂ ਹਥਿਆਰ ਹੁੰਦੇ ਸਨ ਕਿਉਂਕਿ ਉਹ ਸਰਹੱਦ ਦੇ ਨੇੜੇ ਰਹਿੰਦੇ ਸਨ। ਇਕ ਅਸਾਲਟ, ਤਿੰਨ ਮੈਗਜੀਨ ਨਾਲ ਵਾਧੂ ਗੋਲੀਆਂ, ਇਕ ਪਸਤੌਲ, ਇਕ ਸਿਰੀ ਸਾਹਿਬ ਤੇ ਫੌਜੀਆਂ ਵਾਂਗ ਖਾਣ ਪੀਣ ਅਤੇ ਡਾਕਟਰੀ ਸਮਾਨ ਨਾਲ ਚੁੱਕਿਆ ਹੁੰਦਾ ਸੀ। ਏਹਨਾਂ ਕੋਲ ਰਾਕਟ ਲਾਂਚਰ ਅਤੇ ਦੂਰਬੀਨੀ ਬੰਦੂਕਾਂ ਵੀ ਸਨ।

ਅਨਾਰ ਸਿੰਘ ਪਾੜੇ ਦੀ ਸੂਰਬੀਰਤਾ ਬਾਰੇ ਕਈ ਗੱਲਾਂ ਮਸਹੂਰ ਸਨ। ਇਕ ਵਾਰ ਸਰਹੱਦ ਉਤੇ ਬਹੁਤ ਗਹਿਗੱਚ ਮੁਕਾਬਲਾ ਹੋ ਗਿਆ। ਉਹ ਫੌਜੀਆਂ ਦੇ ਮੋਰਚੇ ਵਿਚ

ਵੜ ਗਿਆ ਜਿਥੇ ਦੋ ਜਣੇ ਸਨ। ਉਹਨਾਂ ਨਾਲ ਘੁਲ ਕੇ ਇਕ ਨੂੰ ਮਾਰ ਦਿੱਤਾ ਅਤੇ ਦੂਜੇ ਦੀ ਬੰਦੂਕ ਖੋਹ ਲਿਆਇਆ।

ਉਹਦਾ ਨਿਸ਼ਾਨਾ ਬਹੁਤ ਪੱਕਾ ਸੀ। ਸੰਨ ੧੯੯੧ ਵਿਚ ਸਰਕਾਰ ਨੇ ਸਪੈਸ਼ਲ ਕਮਾਂਡੋ (ਐਨਐਸਜੀ) ਜੋ ਭਾਰਤ ਸਰਕਾਰ ਦੇ ਸਭ ਤੋਂ ਵਧੀਆ ਲੜਾਕੂ ਸਨ ਉਹਨਾਂ ਨੂੰ ਤਜਰਬੇ ਵਜੋਂ ਤਰਨਤਾਰਨ ਵਿਚ ਤੈਨਾਤ ਕਰ ਦਿੱਤਾ। ਉਹਨਾਂ ਨੇ ਰਾਤ ਨੂੰ ਸਿੰਘਾਂ ਵਿਰੁੱਧ ਕਾਰਵਾਈਆਂ ਸ਼ੁਰੂ ਕਰਨੀਆਂ ਸਨ। ਉਥੇ ਦੀ ਪੁਲਿਸ ਨੂੰ ਉਹਨਾਂ ਦਾ ਸਾਥ ਦੇਣ ਦੀ ਹਿਦਾਇਤ ਸੀ। ਉਹਨਾਂ ਦਾ ਪਹਿਲਾ ਮੁਕਾਬਲਾ ਖਾਲਸਤਾਨ ਲਿਬਰੇਸ਼ਨ ਫੋਰਸ ਦੇ ਸਿੰਘਾਂ ਨਾਲ ਹੋ ਗਿਆ। ਇਸ ਮੁਕਾਬਲੇ ਵਿਚ ਅਨਾਰ ਸਿੰਘ ਪਾੜੇ ਨੇ ਮੁੱਖ ਭੂਮਿਕਾ ਨਿਭਾਈ। ਉਸ ਦਿਨ ਉਸ ਕੋਲ ਡਰੈਗਨ ਗੰਨ ਸੀ ਜੋ ਬਹੁਤ ਦੂਰ ਤੱਕ ਮਾਰ ਕਰਦੀ ਸੀ। ਇਹ ਬੱਜਰ ਗੱਡੀਆਂ ਨੂੰ ਵੀ ਭੰਨ ਦਿੰਦੀ ਸੀ। ਇਹ ਮੁਕਾਬਲਾ ਥੋੜ੍ਹਾ ਜਿਹਾ ਚਿਰ ਹੀ ਹੋਇਆ। ਇਹਦੇ ਵਿਚ ਕਈ ਕਮਾਂਡੋ ਮਾਰੇ ਗਏ ਅਤੇ ਸਿੰਘਾਂ ਦਾ ਕੋਈ ਨੁਕਸਾਨ ਨਾ ਹੋਇਆ। ਉਹਦੇ ਸਾਥੀ ਸਿੰਘ ਨੇ ਦੱਸਿਆ ਕਿ ਪਾੜੇ ਨੇ ਆਹਮਣੇ ਸਾਹਮਣੇ ਹੁੰਦਿਆਂ ਹੀ ਉਹਨਾਂ ਉਤੇ ਡਰੈਗਨ ਗੰਨ ਨਾਲ ਪਹਿਲਾਂ ਗੋਲੀ ਚਲਾ ਦਿੱਤੀ ਅਤੇ ਆਪ ਧਰਤੀ ਉਤੇ ਲੰਮਾ ਪੈ ਗਿਆ। ਆਪਣੇ ਚੋਟੀ ਦੇ ਲੜਾਕੂਆਂ ਨੂੰ ਪਹਿਲੇ ਹੱਲੇ ਮਰਵਾਉਣ ਨਾਲ ਦਿੱਲੀ ਸਰਕਾਰ ਨੇ ਇਹ ਤਜਰਬਾ ਬੰਦ ਕਰ ਦਿੱਤਾ ਅਤੇ ਕਮਾਂਡੋਆਂ ਨੂੰ ਵਾਪਸ ਦਿੱਲੀ ਬੁਲਾ ਲਿਆ।

ਉਹ ਸਿੰਘ ਦਾ ਜਦੋਂ ਵਿਆਹ ਹੋਇਆ ਤਾਂ ਬਹੁਤ ਸਾਰੇ ਖਾੜਕੂ ਉਸ ਵਿਚ ਸ਼ਾਮਲ ਹੋਏ। ਇਹ ਖਬਰ ਮੇਰੇ ਅਤੇ ਗੁਰਜੰਟ ਸਿੰਘ ਕੋਲ ਲੁਧਿਆਣੇ ਪੁੱਜੀ ਕਿ ਉਹਦਾ ਵਿਆਹ ਕਿੰਨੀ ਸ਼ਾਨ ਨਾਲ ਹੋਇਆ। ਫਿਰ ਉਹ ਵੀ ਇਕ ਦਿਨ ਪਹਿਲੇ ਯੋਧਿਆਂ ਵਾਂਗ ਸ਼ਹਾਦਤ ਪਾ ਗਿਆ। ਉਹਦੇ ਬੱਚੇ ਹੁਣ ਲੁਧਿਆਣੇ ਰਹਿੰਦੇ ਹਨ। ਚੜ੍ਹਦੀ ਕਲਾ ਵਿਚ ਹਨ। ਕਈ ਵਾਰ ਮਿਲਣ ਦਾ ਮੌਕਾ ਮਿਲਿਆ ਹੈ।

ਬਾਬਾ ਦਲਵਿੰਦਰ ਸਿੰਘ, ਬਾਬਾ ਅਜੀਤ ਸਿੰਘ, ਬਾਬਾ ਧੰਨਾ ਸਿੰਘ

ਬਾਬਾ ਦਲਵਿੰਦਰ ਸਿੰਘ ਨੂੰ ਇਹਨਾਂ ਦੀ ਰੂਹਾਨੀ ਅਜਮਤ ਕਰਕੇ ਸਾਰੇ ਬਾਬਾ ਜੀ ਜਾਂ ਬਾਬਾ ਕਹਿੰਦੇ ਸੀ। ਬਹੁਤ ਘੱਟ ਬੋਲਣਾ ਤੇ ਸਦਾ ਸਿਮਰਨ ਵਿਚ ਮੁਗਧ ਰਹਿਣ ਕਰਕੇ ਬਾਬਾ ਚੁੱਪ ਵੀ ਕਿਹਾ ਜਾਂਦਾ ਸੀ। ਉਹਨਾਂ ਦਾ ਪਿੰਡ ਗੁਰਦਾਸਪੁਰ ਵਿੱਚ ਹੈ ਤੇ ਸਿਪਾਹੀ ਭਰਤੀ ਹੋ ਕੇ ਪੀਏਪੀ ਜਲੰਧਰ ਵਿੱਚ ਤਾਇਨਾਤ ਸਨ। ਜਨਰਲ ਲਾਭ ਸਿੰਘ ਦੀ ਸ਼ਹਾਦਤ ਤੋਂ ਮਗਰੋਂ ਜਦੋਂ ਕਿਸੇ ਬੰਦੇ ਦੀ ਲਾਭ ਸਿੰਘ ਦੀ ਥਾਂ ਚੋਣ ਕਰਨੀ ਬਹੁਤ ਮੁਸ਼ਕਲ ਸੀ ਉਸ ਵਕਤ ਸਾਰਿਆਂ ਦੀ ਨਿਰਵਿਵਾਦਤ ਤੇ ਸਾਂਝੀ ਚੋਣ ਬਾਬਾ ਜੀ ਹੀ ਸਨ। ਇਹ ਚੋਣ ਇਨ੍ਹਾਂ ਦੇ ਸਰਬ ਸਾਂਝੇ ਫਕੀਰਾਨਾ ਤਬੀਅਤ, ਆਪਾ ਮਿਟਾਉਣ ਦਾ ਚਾਅ, ਨਾਮ ਦੀ ਕਮਾਈ ਅਤੇ ਬਹੁਤ ਹੀ ਨਿਮਰ ਤੇ ਮਿੱਠੇ ਸੁਭਾਅ ਕਰਕੇ ਹੋਈ ਸੀ। ਇਹ ਹਾਲਤ ਬਸ ਕੁੱਝ ਮਹੀਨੇ ਹੀ ਰਹੀ। ਇਹ ਆਪਾ ਮਿਟਾਉਣ ਤੇ ਆਪਾ ਵਾਰਨ ਦੀ ਮੂਰਤ ਸੀ ਤੇ ਇਹਨਾਂ ਦੀ ਸਦਾ ਹੀ ਇਹ ਕੋਸ਼ਿਸ਼ ਰਹਿੰਦੀ ਸੀ ਕਿ ਕਿਤੇ ਇਨ੍ਹਾਂ ਦਾ ਨਾਂ ਅੱਗੇ ਨਾ ਆ ਜਾਵੇ। ਇਸ ਦੇ ਬਾਵਜੂਦ ਵੀ ਸਾਰੇ ਸਿੰਘਾਂ ਨੇ ਇਹਨਾਂ ਨੂੰ ਖਾਲਸਤਾਨ ਕਮਾਂਡੋ ਫੋਰਸ ਦਾ ਜਨਰਲ ਥਾਪਿਆ ਅਤੇ ਇਹ ਖੁੱਲ੍ਹ ਦਿੱਤੀ ਕਿ ਤੁਸੀਂ ਕੁਝ ਵੀ ਨਹੀਂ ਕਰਨਾ। ਕਿਸੇ ਬੈਠਕ ਵਿੱਚ ਨਹੀਂ ਜਾਣਾ ਪਹਿਲਾਂ ਵਰਗਾ ਹੀ ਜੀਵਨ ਜੀਵੋ ਪਰ ਜਥੇਬੰਦੀ ਦੇ ਚੋਣਵੇਂ ਸਿੰਘਾਂ ਦੇ ਨਾਲ ਸੰਪਰਕ ਵਿੱਚ ਰਹਿਣਾ ਤੇ ਓਹਨਾਂ ਨੂੰ ਸਲਾਹ ਦੇਣੀ। ਇਹ ਚੋਣਵੇਂ ਸਿੰਘ ਕੰਵਰਜੀਤ ਸਿੰਘ ਸੁਲਤਾਨਵਿੰਡ, ਨਿਰਮਲ ਸਿੰਘ ਮੀਆਂਵਿੰਡ, ਪਰਮਜੀਤ ਸਿੰਘ ਪੰਜਵੜ ਆਦਿ ਸਨ।

ਡੀਜੀਪੀ ਰਿਬੈਰੋ 'ਤੇ ਹਮਲੇ ਵਿਚ ਇਹ ਵੀ ਸ਼ਾਮਿਲ ਸਨ, ਇਹਨਾਂ ਨੂੰ ਜੋ ਸੇਵਾ ਲਾਈ ਗਈ ਇਹਨਾਂ ਨੇ ਉਹ ਨਿਭਾਈ ਪਰ ਬਾਅਦ ਵਿੱਚ ਇਹਨਾਂ ਦਾ ਕਹਿਣਾ ਸੀ ਕਿ ਇਹ ਕੰਮ ਇਸ ਕਰਕੇ ਸਿਰੇ ਨਹੀਂ ਚੜ੍ਹਿਆ ਕਿਉਂਕਿ ਸਾਡੇ ਵਿੱਚ ਮੈਂ ਦਾ ਅੰਸ਼ ਸੀ

ਕਿ ਇਹ ਕੰਮ ਅਸੀਂ ਕਰਨਾ ਹੈ। ਇਹ ਹਮਲੇ ਤੋਂ ਬਾਅਦ ਇਹ ਸਿੰਘ ਜੰਗੀ ਹੋ ਗਏ ਅਤੇ ਖਾਲਸਤਾਨ ਕਮਾਂਡੋ ਫੋਰਸ ਤੇ ਪੰਥਕ ਕਮੇਟੀ ਦੇ ਸਿੰਘਾਂ ਦੇ ਨਾਲ ਮੈਦਾਨ ਵਿੱਚ ਰਹੇ। ਆਮ ਤੌਰ ਤੇ ਚੋਲੇ ਤੇ ਦੁਮਾਲੇ ਵਿੱਚ ਹੀ ਰਹਿੰਦੇ ਸਨ। ਸ਼ੁਰੂ ਤੋਂ ਹੀ ਬਾਬਾ ਜੀ ਸਿਮਰਨ ਵਾਲੀ ਰੂਹ ਸੀ ਅਤੇ ਜੰਗੀ ਹੋਣ ਤੋਂ ਬਾਅਦ ਸਿਮਰਨ ਦੀ ਕਮਾਈ ਹੋਰ ਵੀ ਵਧ ਗਈ। ਕੋਈ ੫ ਫੁੱਟ ੮ ਇੰਚ ਕੱਦ ਤੇ ਪਤਲੇ ਸਰੀਰ ਦੇ ਤਿੱਖੇ ਨੈਣ ਨਖਸ਼ ਬੰਦੇ ਨੂੰ ਮੋਹ ਲੈਣ ਵਾਲੀ ਨਜਰ। ਇਹਨਾਂ ਨੂੰ ਨਿੱਤਨੇਮ, ਗੁਰੂ ਗ੍ਰੰਥ ਸਾਹਿਬ ਦਾ ਪਾਠ ਤੇ ਸਿਮਰਨ ਇਹਦੇ ਨਾਲ ਹੀ ਪਿਆਰ ਸੀ। ਹੋਰ ਕਿਸੇ ਵੀ ਚੀਜ ਜਿਵੇਂ ਖਾਣਾ ਪੀਣਾ, ਪਹਿਨਣਾ, ਸੋਭਾ, ਕੰਮਾਂ ਬਾਰੇ, ਜਥੇਬੰਦੀ ਦੇ ਨਾਂ ਬਾਰੇ, ਖਬਰਾਂ ਬਾਰੇ, ਕਿਸੇ ਵੀ ਪਦਾਰਥ ਨਾਲ ਕੋਈ ਲਗਾਅ ਨਹੀਂ ਸੀ।

ਮੈਂ ਇਹਨਾਂ ਨੂੰ ਕਈ ਵਾਰ ਮਿਲਿਆ ਸੀ। ਮਿਲਿਆਂ ਹੀ ਪਤਾ ਲੱਗਦਾ ਸੀ ਕਿ ਇਹਨਾਂ ਤੇ ਗੁਰੂ ਦੀ ਬਹੁਤ ਮਿਹਰ ਹੈ, ਓਹਨਾਂ ਕੋਲ ਬੈਠਿਆਂ ਸੁਕੂਨ ਮਿਲਦਾ ਸੀ। ਚਿਹਰੇ ਤੇ ਸਦਾ ਲਿਸ਼ਕਦੀ ਭਾਅ ਹੁੰਦੀ ਸੀ ਇਸ ਸਮੇਂ ਬਾਬਾ ਜੀ ਦੀ ਉਮਰ ਕਰੀਬ ਪੱਚੀ ਕੁ ਸਾਲ ਸੀ। ਬੜੀ ਮੁਸ਼ਕਲ ਨਾਲ ਜਦੋਂ ਕਦੇ ਬੋਲਣਾ ਤਾਂ ਜਿਵੇਂ ਨਿਮਰਤਾ ਦਾ ਦਰਿਆ ਹੀ ਵਗ ਪੈਂਦਾ ਸੀ। ਇਕ ਵਾਰ ਮੈਂ ਪੁੱਛਿਆ ਕਿ ਤੁਸੀਂ ਕਦੇ ਅੱਖਾਂ ਉਪਰ ਵੀ ਚੁੱਕ ਲਿਆ ਕਰੋ ਤਾਂ ਉਹਨਾਂ ਨੇ ਬੜੇ ਕਿਸੇ ਡੂੰਘੇ ਭਾਵ ਚ ਕਿਹਾ ਕਿ ਦਲਜੀਤ ਸਿਆਂ ਐਵੇਂ ਹੀ ਠੀਕ ਹੈ, ਉੱਪਰ ਚੁੱਕੀਆਂ ਨਹੀਂ ਜਾਂਦੀਆਂ। ਰਿਬੈਰੋ ਤੇ ਹਮਲੇ ਤੋਂ ਬਾਅਦ ਸ਼ਾਇਦ ਕੁਝ ਕੰਮ ਕੀਤੇ ਪਰ ਉਹਨਾਂ ਦੀ ਅਵਸਥਾ ਦੇਖ ਕੇ ਜਥੇਬੰਦੀ ਨੇ ਉਹਨਾਂ ਨੂੰ ਹਮਲਿਆਂ ਤੋਂ ਪਰੇ ਹੀ ਰੱਖਿਆ। ਉਹ ਸਦਾ ਹੀ ਕਹਿੰਦੇ ਸੀ ਕਿ ਮੈਨੂੰ ਕਿਤੇ ਸਿਰ ਦੇਣ ਵਾਲੀ ਥਾਂ ਤੇ ਲੈ ਕੇ ਜਾਵੋ। ਉਹਨਾਂ ਦਾ ਆਪ ਕਿਸੇ ਹਮਲੇ ਬਾਰੇ ਸੋਚਣ ਜਾਂ ਤਰਕੀਬ ਬਣਾਉਣ ਦਾ ਸੁਭਾਅ ਨਹੀਂ ਸੀ ਪਰ ਗੁਰੂ ਦੇ ਭਾਣੇ ਤੇ ਇੰਨਾ ਯਕੀਨ ਸੀ ਕਿ ਕਿਸੇ ਹਮਲੇ ਵੇਲੇ ਜਾਂ ਮੁਕਾਬਲੇ ਜਾਂ ਹੋਰ ਕਿਸੇ ਖਤਰੇ ਸਮੇਂ ਓਹਨਾਂ ਦੇ ਸੁਭਾਅ ਵਿਚ ਕੋਈ ਫਰਕ ਨਹੀਂ ਸੀ ਪੈਂਦਾ। ਉਹ ਉਸੇ ਤਰ੍ਹਾਂ ਚੁੱਪ, ਗੰਭੀਰ, ਨਿਮਰ ਤੇ ਸਹਿਜ ਦਾ ਦਰਿਆ ਹੀ ਸਨ।

ਇਕ ਵਾਰ ਹੁਸ਼ਿਆਰਪੁਰ ਵਿਚ ਪੰਜਾਬ ਦੇ ਵਿੱਤ ਮੰਤਰੀ ਕੇਵਲ ਕ੍ਰਿਸ਼ਨ ਤੇ ਹਮਲਾ ਕਰਨ ਗਏ, ਅੱਗੋਂ ਉਸ ਨਾਲ ਰਾਖੀ ਵਾਲੇ ਬੰਦੇ ਵੀ ਸਨ। ਮੈਨੂੰ ਨਾਲ ਵਾਲੇ ਸਿੰਘ ਨੇ ਦੱਸਿਆ ਕਿ ਬਾਬਾ ਜੀ ਨੇ ਸਿਪਾਹੀ ਨੂੰ ਜੋ ਜਖਮੀ ਤੇ ਹਥਿਆਰਬੰਦ ਸੀ, ਉਸ ਨੂੰ ਮਾਰਿਆ ਨਹੀਂ। ਉਦੋਂ ਉਹਨਾਂ ਤੋਂ ਆ ਕੇ ਪੁੱਛਿਆ ਤਾਂ ਓਹਨਾਂ ਨੇ ਕਿਹਾ ਕਿ ਉਹ ਦਯਾ ਦਾ ਹੱਕਦਾਰ ਸੀ ਤੇ ਸਾਡਾ ਕੋਈ ਨੁਕਸਾਨ ਨਹੀਂ ਸੀ ਕਰਨਾ ਚਾਹੁੰਦਾ ਇਸ ਕਰਕੇ ਜਿਵੇਂ ਮੇਰੇ ਮਨ ਨੂੰ ਪੁੱਗਿਆ, ਮੈਂ ਗੋਲੀ ਨਹੀਂ ਚਲਾਈ।

ਜਥੇਬੰਦੀ ਦੇ ਸਿੰਘਾਂ ਵਿਚ ਬਾਬਾ ਜੀ ਦੀ ਬੜੀ ਮੰਗ ਰਹਿੰਦੀ ਸੀ ਹਮਲੇ ਵਾਸਤੇ ਵੀ ਅਤੇ ਸੰਗਤ ਵਾਸਤੇ ਵੀ। ਜਿੱਥੇ ਵੀ ਉਹ ਜਾਂਦੇ, ਉਥੇ ਅਖੰਡ ਪਾਠ ਸ਼ੁਰੂ ਕਰ ਦਿੰਦੇ ਤੇ ਸਿੰਘਾਂ ਨੂੰ ਨਾਮ ਜਪਾਉਣਾ, ਤੜਕੇ ਉਠਾਉਣਾ, ਤੇ ਓਹਨਾਂ ਦੇ ਲੰਗਰ ਪਾਣੀ ਦੀ ਸੇਵਾ ਕਰਨੀ, ਉਹਨਾਂ ਨੂੰ ਜਾ ਕੇ ਲਿਆਉਣਾ ਹੀ ਪੈਂਦਾ ਸੀ, ਕੋਈ ਛਡਦਾ ਨਹੀਂ ਸੀ।

ਇੱਕ ਵਾਰ ਮੈਂ ਮੁਹਾਲੀ ਚਰਨਜੀਤ ਸਿੰਘ ਤਲਵੰਡੀ ਦੀ ਠਾਹਰ ਤੇ ਆਇਆ, ਇੱਥੇ ਇਨ੍ਹਾਂ ਨੇ ਸੱਤ ਫੇਜ ਵਿੱਚ ਮਕਾਨ ਲਿਆ ਹੋਇਆ ਸੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਪ੍ਰਕਾਸ਼ ਸਨ। ਉਸ ਵਕਤ ਉਥੇ ਚਰਨਜੀਤ ਸਿੰਘ, ਧੰਨਾ ਸਿੰਘ ਹੌਲਦਾਰ, ਬਾਬਾ ਅਜੀਤ ਸਿੰਘ ਠਾਣੇਦਾਰ, ਅਵਤਾਰ ਸਿੰਘ ਦਾਊਮਾਜਰਾ, ਬਾਬਾ ਬਲਵਿੰਦਰ ਸਿੰਘ, ਗੁਰਦੇਵ ਸਿੰਘ ਉਸਮਾਨ ਵਾਲਾ, ਹਰਪਾਲ ਸਿੰਘ ਪਾਲੀ, ਹਰਜਿੰਦਰ ਸਿੰਘ ਜਿੰਦਾ ਸਨ। ਇੱਥੇ ਇਨ੍ਹਾਂ ਸਿੰਘਾਂ ਨੇ ਹਰਜਿੰਦਰ ਸਿੰਘ ਜਿੰਦੇ ਨੂੰ ਛੱਡ ਕੇ ਬਾਕੀਆਂ ਨੇ ਨੇਮ ਰੱਖਿਆ ਹੋਇਆ ਸੀ। ਸਾਰੇ ਬਹੁਤ ਘੱਟ ਸੌਂਦੇ ਸੀ ਤੇ ਸਾਰਾ ਦਿਨ ਪਾਠ ਸਿਮਰਨ ਕਰਨਾ, ਬਹੁਤ ਘੱਟ ਖਾਣਾ ਤੇ ਨਾਲ ਕਸਰਤ ਕਰਨੀ। ਬਾਬਾ ਜੀ ਤਾਂ ਬਹੁਤ ਥੋੜ੍ਹਾ ਖਾਂਦੇ ਤੇ ਸੌਂਦੇ ਸੀ। ਮੈਂ ਉਹਨਾਂ ਨੂੰ ਕਦੇ ਵੀ ਉਨੀਂਦਰੇ ਨਹੀਂ ਦੇਖਿਆ ਸੀ ਉਹ ਉਸ ਤਰ੍ਹਾਂ ਘੰਟਿਆਂ ਬੱਧੀ ਬੈਠੇ ਜਾਂ ਖੜ੍ਹੇ ਰਹਿੰਦੇ ਸੀ।

ਕਈ ਵਾਰ ਰਾਤ ਨੂੰ ਔਲੂ ਵਿਚ ਕਈ ਘੰਟੇ ਖੜ੍ਹੇ ਰਹਿਣਾ ਜਾਂ ਇਕੋ ਹੀ ਥਾਂ ਤੇ ਘੰਟਿਆਂ ਬੱਧੀ ਬੈਠੇ ਜਾਂ ਖੜ੍ਹੇ ਰਹਿਣਾ। ਉਸ ਦਿਨ ਰਾਤ ਨੂੰ ਦੋ ਕੁ ਵਜੇ ਮੈਂ ਬਾਹਰ ਪਿਸ਼ਾਬ ਕਰਨ ਗਿਆ ਤਾਂ ਦੇਖਿਆ ਕਿ ਬਾਬਾ ਜੀ ਹਨ੍ਹੇਰੇ ਵਿੱਚ ਵਿਹੜੇ ਵਿੱਚ ਬੰਦੂਕ ਲੈ ਕੇ ਇੰਝ ਬੈਠੇ ਸੀ ਕਿ ਪਤਾ ਨਹੀਂ ਸੀ ਲੱਗ ਰਿਹਾ ਕਿ ਕੋਈ ਬੈਠਾ ਹੈ। ਰਾਤ ਨੂੰ ਪਹਿਰਾ ਦੇਣਾ ਅਤੇ ਨਾਮ ਸਿਮਰਨ ਕਰਨਾ, ਇਹ ਉਹਨਾਂ ਦਾ ਮਨਪਸੰਦ ਕੰਮ ਸੀ। ਮੈਂ ਉਹਨਾਂ ਕੋਲ ਚਲਿਆ ਗਿਆ ਤੇ ਦੇਖਿਆ ਕਿ ਚੌਕੜੀ ਮਾਰ ਕੇ ਸਿੱਧੇ ਬੈਠੇ ਸਨ। ਮੈਂ ਕੋਲ ਬੈਠ ਗਿਆ ਅਤੇ ਦੇਖਿਆ ਕਿ ਉਹਨਾਂ ਦੇ ਸਰੀਰ ਤੇ ਬਹੁਤ ਮੱਛਰ ਬੈਠੇ ਹਨ। ਮੈਂ ਮੱਛਰਾਂ ਨੂੰ ਪਰਨੇ ਨਾਲ ਉਠਾ ਦਿੱਤਾ ਅਤੇ ਕੁਝ ਸਮਾਂ ਉਥੇ ਬੈਠਾ ਰਿਹਾ, ਅਤੇ ਕੁਝ ਸਮਾਂ ਬੈਠ ਕੇ ਸਿਮਰਨ ਦੀ ਕੋਸ਼ਿਸ਼ ਕੀਤੀ। ਫਿਰ ਉਹਨਾਂ ਨੇ ਮੈਨੂੰ ਕਿਹਾ ਕਿ ਜਾਓ, ਤੁਸੀਂ ਅਰਾਮ ਕਰੋ, ਸਵੇਰੇ ਸਫਰ ਤੇ ਜਾਣਾ ਹੈ, ਅਗਲੇ ਦਿਨ ਅਵਤਾਰ ਸਿੰਘ ਨੇ ਮੱਛਰਾਂ ਬਾਰੇ ਗੱਲ ਕੀਤੀ ਤਾਂ ਉਹਨਾਂ ਨੇ ਹੱਸ ਕੇ ਗੱਲ ਟਾਲ ਦਿੱਤੀ ਕਿ ਇਹ ਕੁਝ ਨਹੀਂ ਕਹਿੰਦੇ।

ਐਸੇ ਤਰ੍ਹਾਂ ਉਹ ਵੱਖ-ਵੱਖ ਜਥਿਆਂ ਕੋਲ ਰਹਿੰਦੇ ਸੀ ਕਿ ਸਿੰਘ ਓਹਨਾਂ ਦੀ ਸੰਗਤ ਕਰ ਕੇ ਖੁਸ਼ ਹੁੰਦੇ ਸਨ ਤੇ ਬਾਣੀ ਨਾਲ ਜੁੜਦੇ ਸੀ। ਬਾਬਾ ਜੀ ਨੂੰ ਖਾਲਸਤਾਨ ਕਮਾਂਡੋ ਫੋਰਸ ਦਾ ਮੁਖੀ ਬਣਾਉਣ ਤੋਂ ਛੇਤੀ ਬਾਅਦ ਹੀ ਸ਼ਹਾਦਤ ਹੋ ਗਈ। ਸਰਹੱਦ ਤੋਂ ਉਹ ਇਧਰ ਰਾਤ ਨੂੰ ਕਿਸੇ ਠਾਹਰ ਤੇ ਆਏ ਸੀ, ਅੰਮ੍ਰਿਤਸਰ ਦਾ ਇਲਾਕਾ ਸੀ ਅਤੇ

ਉਹ ੩ ਸਿੰਘ ਸਨ। ਸਵੇਰੇ ਬੀਐਸਐਫ ਦਾ ਘੇਰਾ ਪੈ ਗਿਆ, ਸਾਰਾ ਦਿਨ ਮੁਕਾਬਲਾ ਚੱਲਿਆ ਤੇ ਤਿੰਨੋਂ ਸਿੰਘ ਅਖੀਰ ਤੱਕ ਜੂਝਦੇ ਸ਼ਹੀਦ ਹੋ ਗਏ। ਬਾਅਦ ਵਿਚ ਪਤਾ ਲੱਗਿਆ ਕਿ ਉਹਨਾਂ ਵਿਚ ਇਕ ਸਿੰਘ ਗੁਰਦੀਪ ਸਿੰਘ ਵਕੀਲ ਪਿੰਡ ਮਨਿਆਲਾ ਤੇ ਇਕ ਹੋਰ ਸਿੰਘ ਪੰਜੋਖੜਾ ਸਾਹਿਬ ਕੋਲ ਦਾ ਸੀ, ਜਿਸ ਦਾ ਨਾਂ ਹਰਿੰਦਰ ਸਿੰਘ ਬੱਗਾ ਸੀ। ਉਹ ਬਚ ਗਿਆ ਸੀ ਤੇ ਕਈ ਚਿਰ ਪੁਲਿਸ ਦੀ ਕੈਦ ਵਿਚ ਰਿਹਾ ਪਰ ਉਹਦਾ ਕੋਈ ਪਤਾ ਨਹੀਂ ਚੱਲਿਆ।

ਉਹ ਕੋਈ ਦੋ ਕੁ ਸਾਲ ਜੰਗ ਵਿੱਚ ਰਹੇ, ਇਸ ਦੌਰਾਨ ਅਨੇਕਾਂ ਸਿੰਘਾਂ ਤੇ ਠਾਹਰਾਂ ਵਾਲਿਆਂ ਤੇ ਉਹਨਾਂ ਦੇ ਜੀਵਨ ਦਾ ਪ੍ਰਭਾਵ ਪਿਆ ਜਿਸ ਨੂੰ ਤੁਸੀਂ ਬਿਆਨ ਨਹੀਂ ਕਰ ਸਕਦੇ। ਉਹ ਕੁਝ ਇਸ ਤਰ੍ਹਾਂ ਹੈ ਕਿ ਜਦੋਂ ਉਹ ਨਾਲ ਹੁੰਦੇ ਤਾਂ ਰੱਬ ਵਰਗਾ ਆਸਰਾ ਹੁੰਦਾ ਸੀ। ਪਿਆਰ, ਨਿਮਰਤਾ, ਸ਼ਾਂਤੀ ਤੇ ਸਕੂਨ ਦਾ ਅਨੁਭਵ ਹੁੰਦਾ ਸੀ, ਇੰਝ ਲੱਗਦਾ ਕਿ ਜੋ ਕੁਝ ਹੈ, ਉਹ ਸਹੀ ਹੈ ਤੇ ਇਸੇ ਤਰ੍ਹਾਂ ਹੀ ਹੋਣਾ ਹੈ, ਖਾੜਕੂ ਸੰਘਰਸ਼ ਦੇ ਰਾਹ ਤੇ ਸ਼ਹਾਦਤ ਦਾ ਚਾਅ ਹੋਰ ਦ੍ਰਿੜ ਹੁੰਦਾ।

ਰਾਤ ਨੂੰ ਗੱਲਾਂ ਕਰਦਿਆਂ ਵਕਤ ਚਰਨਜੀਤ ਸਿੰਘ ਤੇ ਅਵਤਾਰ ਸਿੰਘ ਮਿਸਲਾਂ ਦੇ ਰਾਜ ਵੇਲੇ ਦੀਆਂ ਗੱਲਾਂ ਕਰਨ ਲੱਗ ਪਏ। ਅਵਤਾਰ ਸਿੰਘ ਦਾਊਮਾਜਰਾ ਇਸ ਬਾਬਤ ਕੋਈ ਕਿਤਾਬ ਪੜ੍ਹ ਰਿਹਾ ਸੀ। ਚਰਨਜੀਤ ਸਿੰਘ ਨੇ ਕਿਹਾ ਕਿ ਅੱਜ ਵੀ ਸਾਡੇ ਉਹੀ ਹਾਲਾਤ ਹਨ ਪਰ ਗਦਾਰ ਬਹੁਤ ਹੋ ਗਏ ਹਨ। ਬਾਬਾ ਜੀ ਬੋਲਦੇ ਨਹੀਂ ਸੀ ਹੁੰਦੇ ਓਹਨਾਂ ਨੇ ਕਿਹਾ ਹਾਲਾਤ ਉਹੋ ਜਿਹੇ ਹੀ ਹਨ ਪਰ ਉਸ ਵਕਤ ਸਿੰਘਾਂ ਦੇ ਕਿਰਦਾਰ ਉੱਚੇ ਸਨ, ਸਿਮਰਨ ਵੱਡੇ ਸਨ, ਪੰਥ ਅੱਵਲ ਸੀ ਹੁਣ ਫਰਕ ਹੈ। ਸਾਡੇ ਵਿਚ ਉਹ ਸਿਦਕ ਤੇ ਸਬਰ ਨਹੀਂ ਹੈ।

ਇਕ ਵਾਰ ਓਹਨਾਂ ਨੂੰ ਗੜ੍ਹਦੀਵਾਲਾ ਨੇੜੇ ਕਿਸੇ ਪਿੰਡ ਵਿੱਚ ਮਿਲੇ ਤੇ ਇਕੱਠਿਆਂ ਰਾਤ ਕੱਟੀ। ਇਹ ਬਲੈਕ ਥੰਡਰ ਤੋਂ ਪਹਿਲਾਂ ਦੀ ਗੱਲ ਹੈ। ਅੰਮ੍ਰਿਤਸਰ ਵਿੱਚ ਸੰਘਰਸ਼ ਦੇ ਨਾਂ ਤੇ ਕਈ ਤਰ੍ਹਾਂ ਦੀਆਂ ਮਾੜੀਆਂ ਘਟਨਾਵਾਂ ਹੋ ਰਹੀਆਂ ਸਨ। ਬਾਬਾ ਜੀ ਉਸ ਬਾਰੇ ਬਹੁਤ ਚਿੰਤਤ ਸਨ। ਰਾਤੀਂ ਲੰਮੇ ਪਿਆਂ ਉਹ ਵੀ ਬਹੁਤ ਫਿਕਰ ਵਿੱਚ ਸਨ ਕਿ ਇਹ ਬਹੁਤ ਹੀ ਵੱਡਾ ਗੁਨਾਹ ਹੋ ਰਿਹਾ ਹੈ। ਦੁਨੀਆ ਵਿੱਚ ਸਭ ਤੋਂ ਪਵਿੱਤਰ ਜਗ੍ਹਾ ਤੇ ਸਾਡੇ ਹੀ ਬੰਦੇ ਬੇਅਦਬੀ ਕਰ ਰਹੇ ਹਨ। ਇਸ ਨੂੰ ਕਿਸੇ ਵੀ ਤਰੀਕੇ ਰੋਕਿਆ ਜਾਵੇ ਭਾਵੇਂ ਕੋਈ ਬਹੁਤ ਸਖਤ ਫੈਸਲਾ ਹੀ ਕਿਉਂ ਨਾ ਲੈਣਾ ਪਵੇ। ਇਹੋ ਜਿਹੇ ਸਿੰਘ ਸੀ ਜਿਨ੍ਹਾਂ ਦੇ ਆਸਰੇ ਇਹ ਸੰਘਰਸ਼ ਚੱਲ ਰਿਹਾ ਸੀ। ਇਹ ਸੰਘਰਸ਼ ਦਾ ਕੇਂਦਰੀ ਧੁਰਾ ਸਨ ਜਿਨ੍ਹਾਂ ਦੀ ਕਮਾਈ ਤੇ ਅਰਦਾਸ ਸਾਡਾ ਆਸਰਾ ਸੀ। ਇਹ ਓਹ ਨਾ ਦਿਖਦੀ ਛੱਤ ਸਨ ਜਿਸ ਆਸਰੇ ਅਸੀਂ ਖੜ੍ਹੇ ਸੀ। ਇਹਨਾਂ ਬਾਰੇ ਬਹੁਤ ਘੱਟ ਲੋਕ ਜਾਣਦੇ ਹਨ ਕਿਉਂਕਿ ਇਹਨਾਂ ਦੀ ਐਸੀ ਚਾਹਤ ਵੀ ਨਹੀਂ ਸੀ। ਉਹ ਜੱਥੇਬੰਦੀ

ਵਿੱਚ ਹੋ ਕੇ ਵੀ ਸਿਰਫ ਪੰਥ ਦੇ ਸਨ। ਇਹਨਾਂ ਦੇ ਜੀਵਨ ਤੇ ਉਸ ਦੀ ਉਚਾਈ ਨੂੰ ਸਮਝਣ ਅਤੇ ਅਪਨਾਉਣ ਨਾਲ ਸਾਡਾ ਰਾਹ ਰੋਸ਼ਨ ਹੋਵੇਗਾ।

ਇਕ ਵਾਰ ਬਾਬਾ ਜੀ ਨੂੰ ਅਸੀਂ ਕਿਸੇ ਠਹਿਰ ਤੇ ਛੱਡਿਆ। ਇੱਕ ਮਹੀਨੇ ਵਿੱਚ ਇੱਕ ਛੋਟਾ ਜਿਹਾ ਪਿੰਡ ਇਨ੍ਹਾਂ ਦਾ ਭਗਤ ਹੋ ਗਿਆ। ਗੁਰੂ-ਘਰ ਦੀ ਸਾਰੀ ਸੇਵਾ ਵੀ ਕਰਦੇ ਸਨ ਤੇ ਉਸ ਘਰ ਦਾ, ਸਾਰਾ ਖੇਤੀ ਦਾ ਅਤੇ ਡੰਗਰਾਂ ਦਾ ਕੰਮ ਵੀ ਆਪ ਹੀ ਕਰਦੇ ਸਨ। ਚੁੱਪ ਕਰ ਕੇ ਕੰਮ ਕਰਨ ਦਾ ਸੁਭਾਅ ਸੀ। ਬੱਚਿਆਂ ਨੂੰ ਸੰਥਿਆ ਦੇਣੀ, ਜਦੋਂ ਅਸੀਂ ਉਹਨਾਂ ਨੂੰ ਲੈਣ ਗਏ ਤਾਂ ਪਿੰਡ ਵਾਲੇ ਉਹਨਾਂ ਨੂੰ ਤੋਰਨ ਨੂੰ ਤਿਆਰ ਨਹੀਂ ਸਨ। ਆਉਣ ਵੇਲੇ ਕੁਝ ਬੀਬੀਆਂ ਤਾਂ ਰੋ ਹੀ ਪਈਆਂ।

ਬਾਬਾ ਦਲਵਿੰਦਰ ਸਿੰਘ ਉਹ ਬਹੁਤ ਘੱਟ ਬੋਲਦਾ ਸੀ। ਤੁਹਾਨੂੰ ਉਹਦੀ ਗੱਲ ਸਮਝਣ ਲਈ ਉਹਦੇ ਨੇੜੇ ਜਾਣਾ ਪੈਂਦਾ ਸੀ ਕਿਉਂਕਿ ਉਹਤੋਂ ਉਚਾ ਨਹੀਂ ਬੋਲਿਆ ਜਾਂਦਾ ਸੀ। ਉਹ ਸੰਘਰਸ਼ ਦੀ ਰੂਹਾਨੀ ਅਜਮਤ ਦਾ ਮੋਤੀ ਸੀ। ਉਹਦੇ ਉਤੇ ਗੁਰੂ ਸਾਹਿਬ ਦੀ ਬਖਸ਼ਿਸ਼ ਸੀ। ਉਹਦਾ ਧਿਆਨ ਸਦਾ ਗੁਰੂ ਚਰਨਾਂ ਵਿਚ ਹੀ ਰਹਿੰਦਾ ਸੀ। ਉਹ ਥੋਹੜਾ ਖਾਂਦਾ, ਥੋਹੜਾ ਸੌਂਦਾ ਅਤੇ ਬਹੁਤ ਘੱਟ ਬੋਲਦਾ ਸੀ। ਉਹਦੀ ਕੋਸ਼ਿਸ਼ ਹੁੰਦੀ ਸੀ ਕਿ ਵੱਧ ਤੋਂ ਵੱਧ ਸਮਾਂ ਗੁਰਬਾਣੀ ਪੜ੍ਹੇ, ਕੀਰਤਨ ਕਰੇ, ਸਿਮਰਨ ਕਰੇ ਜਾਂ ਸੇਵਾ ਕਰੇ। ਉਹਦਾ ਵੱਸ ਚਲਦਾ ਤਾਂ ਉਹ ਗੱਲਬਾਤ ਵਿਚ ਸ਼ਾਮਲ ਨਹੀਂ ਹੁੰਦਾ ਸੀ। ਉਹਨੂੰ ਖਾਲਸਤਾਨ ਕਮਾਂਡੋ ਫੋਰਸ ਦਾ ਮੁਖੀ ਪੰਜ ਸਿੰਘਾਂ ਵਲੋਂ ਹੁਕਮ ਕਰਕੇ ਹੀ ਬਣਾਇਆ ਗਿਆ ਸੀ, ਨਹੀਂ ਤਾਂ ਉਹਨੇ ਬਣਨਾ ਨਹੀਂ ਸੀ। ਹਮਲੇ ਉਤੇ ਜਾਣ ਦੀ ਵੀ ਉਹਦੀ ਕੋਈ ਚਾਹਨਾ ਨਹੀਂ ਹੁੰਦੀ ਸੀ ਪਰ ਸਿੰਘਾਂ ਵਲੋਂ ਸਾਂਝਾ ਹੁਕਮ ਹੋਣ ਤੇ ਉਹ ਸਭ ਤੋਂ ਮੂਹਰੇ ਹੋ ਕੇ ਜਾਨ ਵਾਰਨ ਵਾਲਾ ਸੀ। ਉਹ ਦੀ ਅਵਸਥਾ ਅਜਿਹੀ ਹੋ ਗਈ ਸੀ ਕਿ ਉਹ ਦੁਸ਼ਮਣ ਨੂੰ ਦੁਸ਼ਮਣ ਨਹੀਂ ਮੰਨਦਾ ਸੀ ਤੇ ਉਹ ਅਕਾਲ ਪੁਰਖ ਦੇ ਭਾਣੇ ਨੂੰ ਸਭ ਕੁਝ ਸਮਝਣ ਲੱਗ ਪਿਆ ਸੀ ਤੇ ਉਹਦੇ ਮੁਤਾਬਿਕ ਚਲਣ ਦਾ ਯਤਨ ਕਰਦਾ ਸੀ।

ਜਦੋਂ ਵੀ ਕਿਤੇ ਸਿੰਘਾਂ ਦਾ ਇਕੱਠ ਹੁੰਦਾ ਉਹ ਤਾਂ ਸੁਣਦੇ ਹੀ ਹੁੰਦੇ ਸੀ ਪਰ ਸਿੰਘਾਂ ਨੇ ਕਈ ਵਾਰੀ ਪੁੱਛਣ ਲੱਗ ਪੈਣਾ ਬਈ ਅੱਗੇ ਕੀ ਬਣੇਗਾ, ਖਾਲਸਤਾਨ ਕਦੋਂ ਬਣੇਗਾ ਤਾਂ ਬਾਬਾ ਜੀ ਇਸ ਤੋਂ ਜਿਆਦਾ ਕੁਝ ਨਾ ਕਹਿੰਦੇ ਕਿ ਅੰਮ੍ਰਿਤ ਵੇਲੇ ਉਠ ਕੇ ਸਿਮਰਨ ਕਰਿਆ ਕਰੋ, ਅਰਦਾਸ ਕਰਿਆ ਕਰੋ, ਹੋਰ ਪਾਠ ਕਰੋ। ਉਸ ਵਕਤ ਕਦੇ ਨਹੀਂ ਸੋਚਿਆ ਸੀ ਪਰ ਹੁਣ ਇਹ ਸੋਚਦੇ ਹਾਂ ਕਿ ਉਹ ਸਹਿਜ ਭਰੀ ਗੰਭੀਰਤਾ ਨਾਲ ਇਹੋ ਹੀ ਗੱਲ ਤੇ ਜੋਰ ਦਿੰਦੇ ਸੀ ਜੋ ਹੁਣ ਸਿੱਖਾਂ ਦੇ ਹਾਲਾਤ ਹਨ, ਹੁਣ ਓਹਨਾਂ ਦੀ ਗੱਲ ਦੀ ਜਿਆਦਾ ਸਮਝ ਪੈਂਦੀ ਹੈ।

ਬਾਬਾ ਅਜੀਤ ਸਿੰਘ

ਏਹਨਾਂ ਦੀ ਉਮਰ ਕੋਈ ੫੦ ਸਾਲ, ਸਵਾ ਛੇ ਫੁੱਟ ਉੱਚਾ ਕੱਦ ਤੇ ਫੌਲਾਦ ਵਰਗਾ ਗੱਠਵਾਂ ਸਰੀਰ ਸੀ। ਇਹ ਪੂਰਨ ਦਰਸ਼ਨੀ ਅੰਮ੍ਰਿਤਧਾਰੀ ਸਿੰਘ ਸੀ ਤੇ ਸਾਰੇ ਇਹਨਾਂ ਦਾ ਅਦਬ ਸਤਿਕਾਰ ਕਰਦੇ ਸੀ। ਪੁਲਿਸ ਮਹਿਕਮੇ ਵਿਚ ਕਸਰਤੀ ਉਸਤਾਦ ਸਨ। ਭਾਰਤੀ ਅਤੇ ਪੰਜਾਬ ਪੁਲਿਸ ਦੇ ਆਹਲਾ ਅਧਿਕਾਰੀਆਂ ਨੂੰ ਸਿਖਲਾਈ ਦਿੰਦੇ ਸਨ। ਬਹੁਤੇ ਅਫਸਰ ਏਹਨਾਂ ਦੇ ਸ਼ਾਗਿਰਦ ਰਹਿ ਚੁੱਕੇ ਸਨ ਤੇ ਏਹਨਾਂ ਤੋਂ ਸਿੱਖਿਆ ਲਈ ਸੀ ਇਸ ਕਰਕੇ ਏਹਨਾਂ ਨੂੰ ਮਹਿਕਮੇ ਵਿੱਚ ਉਸਤਾਦ ਜੀ ਦੇ ਨਾਂ ਨਾਲ ਪੁਕਾਰਦੇ ਸਨ। ਏਹਨਾਂ ਦਾ ਪਿੰਡ ਗੁਰਦਾਸਪੁਰ ਵਿੱਚ ਸੀ। ਇਹਨਾਂ ਦੇ ਦੋ ਵਿਆਹ ਸਨ। ਦੂਸਰਾ ਵਿਆਹ ਦਸੂਹੇ ਕੋਲ ਪਿੰਡ ਹਮਜਾ ਵਿੱਚ ਹੋਇਆ ਸੀ ਜਿੱਥੇ ਸਿੰਘਾਂ ਦੀਆਂ ਪਹਿਲਾਂ ਕਈ ਠਾਹਰਾਂ ਸਨ। ਜਦੋਂ ਉਸਤਾਦ ਨੇ ਹੀ ਪੁਲਿਸ ਮੁਖੀ ਤੇ ਹਮਲਾ ਕਰ ਦਿੱਤਾ ਤੇ ਬਾਗੀ ਹੋ ਗਿਆ ਤਾਂ ਮਹਿਕਮੇ ਵਿੱਚ ਤਰਥੱਲੀ ਮੱਚ ਗਈ।

ਏਹਨਾਂ ਨੇ ਬਹੁਤ ਸਿੰਘਾਂ ਨੂੰ ਸਰੀਰਕ ਤੇ ਹਥਿਆਰਾਂ ਦੀ ਸਿਖਲਾਈ ਦਿੱਤੀ। ਇਹ ਇਸ ਕੰਮ ਦੇ ਮਾਹਰ ਸਨ। ਮੈਂ ਵੀ ਏਹਨਾਂ ਕੋਲ ਮੋਰਿੰਡੇ ਵਿਖੇ ਤਿੰਨ ਦਿਨ ਸਿਖਲਾਈ ਲਈ ਸੀ। ਇਹ ਗੱਲ ਦਸੰਬਰ ੧੯੮੮ ਦੀ ਹੈ, ਬਹੁਤ ਠੰਡ ਪੈ ਰਹੀ ਸੀ। ਪਟਿਆਲੇ ਖੇਡ ਮੈਦਾਨ ਵਿੱਚ ਦੋ ਅਫਸਰਾਂ ਤੇ ਹਮਲੇ ਮਗਰੋਂ ਮੈਂ ਉਸ ਦਿਨ ਮੋਰਿੰਡੇ ਲਾਗੇ ਇਕ ਠਹਿਰ ਤੇ ਆ ਗਿਆ ਜਿੱਥੇ ਚਰਨਜੀਤ ਸਿੰਘ, ਬਾਬਾ ਅਜੀਤ ਸਿੰਘ ਅਤੇ ਜਸਪਾਲ ਸਿੰਘ ਠਹਿਰੇ ਹੋਏ ਸਨ। ਮੈਂ ਜਦੋਂ ਦੁਪਿਹਰ ਏਹਨਾਂ ਕੋਲ ਪਹੁੰਚਿਆ ਤਾਂ ਏਹਨਾਂ ਕੋਲ ਖਬਰ ਪਹੁੰਚ ਚੁੱਕੀ ਸੀ ਕਿ ਪਟਿਆਲੇ ਵਿੱਚ ਵੱਡੇ ਹਮਲੇ ਵਿਚ ਦੋ ਐਸਪੀ ਮਾਰੇ ਗਏ ਹਨ। ਇਹ ਤਿੰਨੋਂ ਹੀ ਠਹਿਰ ਵਾਲੇ ਸਿੰਘ ਕੋਲ ਕੁਰਸੀਆਂ ਤੇ ਬੈਠੇ ਬੜੀ ਬੇਸਬਰੀ ਨਾਲ ਮੇਰੇ ਵੱਲ ਦੇਖ ਰਹੇ ਸਨ। ਜਦੋਂ ਮੈਂ ਥੋੜ੍ਹਾ ਜਿਹਾ ਹੱਸ ਕੇ ਫਤਹਿ ਬੁਲਾ ਕੇ ਏਹਨਾਂ ਵਿੱਚ ਬੈਠਿਆ ਤਾਂ ਏਹਨਾਂ ਦੀ ਖੁਸ਼ੀ ਦੀ ਕੋਈ ਹੱਦ ਨਾ ਰਹੀ। ਏਹਨਾਂ ਨੇ ਮੈਨੂੰ ਜੱਫੀ ਵਿਚ ਲੈ ਕੇ ਉਪਰ ਚੁੱਕ ਦਿੱਤਾ। ਕਾਫੀ ਚਿਰ ਸਾਡੇ ਵਿੱਚ ਕੋਈ ਗੱਲਬਾਤ ਨਾ ਹੋ ਸਕੀ ਕਿਉਂਕਿ ਜਜਬਾਤਾਂ ਨੇ ਅਤੇ ਖੁਸ਼ੀ ਨੇ ਏਨਾਂ ਉਬਾਲਾ ਖਾਧਾ ਹੋਇਆ ਸੀ ਤੇ ਗੱਲ ਦੀ ਕੋਈ ਥਾਂ ਹੀ ਨਹੀਂ ਸੀ।

ਬਾਬਾ ਅਜੀਤ ਸਿੰਘ ਬਹੁਤ ਸਿੱਧਾ ਸਾਦਾ ਤੇ ਭੋਲੇ ਸੁਭਾਅ ਦਾ ਸੀ। ਓਹਨਾਂ ਦੀਆਂ ਅੱਖਾਂ ਖੁਸ਼ੀ ਨਾਲ ਨਮ ਹੋ ਗਈਆਂ ਅਤੇ ਬੋਲੇ ਕਿ "ਇਹ ਕੰਮ ਕੀਤਾ ਸੁਆਦ ਲਿਆਤਾ ਐਵੇਂ ਗਰੀਬ ਸਿਪਾਹੀ ਹੌਲਦਾਰ, ਐਸਪੀਓਆਂ ਨੂੰ ਮਾਰੀ ਜਾਨੇ ਆਂ ਜਿਹੜੇ ਰੋਟੀ ਦੇ ਬੱਧੇ ਕੰਮ ਕਰੀ ਜਾਂਦੇ ਐ। ਅਸਲ ਤਾਕਤ ਏਹਨਾਂ ਆਈਪੀਐਸ ਅਫਸਰਾਂ ਕੋਲ ਹੁੰਦੀ ਹੈ। ਪੰਜਾਬ ਪੁਲਿਸ ਦੇ ਫੈਸਲਿਆਂ ਵਿੱਚ ਪੀਪੀਐਸ ਦੀ ਕੋਈ ਭੂਮਿਕਾ ਨਹੀਂ। ਇਹ ਦੋਵੇਂ ਅਫਸਰ ਰਿਬੈਰੋ ਦੇ ਬੜੇ ਚਹੇਤੇ ਸਨ। ਉਸ ਦਿਨ ਸ਼ਾਮ ਨੂੰ

ਠਾਹਰ ਵਾਲੇ ਸਿੰਘਾਂ ਤੇ ਸਿੰਘਣੀਆਂ ਨੇ ਬਹੁਤ ਪਿਆਰ ਨਾਲ ਐਨਾ ਕੁਝ ਬਣਾਇਆ ਕਿ ਉਹ ਮੈਨੂੰ ਅੱਜ ਵੀ ਯਾਦ ਹੈ। ਅਸੀਂ ਉਥੇ ਦੋ ਤਿੰਨ ਦਿਨ ਰਹੇ। ਬਾਬਾ ਜੀ ਸਾਨੂੰ ਤੜਕੇ ਹੀ ਠੰਢ ਵਿਚ ਉਠਾ ਕੇ ਦੋ ਘੰਟੇ ਬਹੁਤ ਸਖਤ ਮਿਹਨਤ ਕਰਾਉਂਦੇ ਸਨ। ਜਿਸ ਨਾਲ ਮੈਂ ਥੱਕ ਜਾਂਦਾ ਸੀ ਤੇ ਮੇਰੇ ਖੱਲੀਆਂ ਪੈ ਜਾਂਦੀਆਂ ਸਨ।

ਬਾਬਾ ਜੀ ਬਹੁਤ ਸੇਵਾ ਭਾਵਨਾ ਵਾਲੀ ਨਿਮਰ ਸਖਸ਼ੀਅਤ ਸੀ। ਨਿਤਨੇਮ ਸਿਮਰਨ ਕਰਨ ਵਾਲੀ ਨਿਮਰਤਾ ਦੇ ਨਾਲ ਬਹੁਤ ਦ੍ਰਿੜ੍ਹ ਇਰਾਦੇ ਵਾਲੇ ਸਨ। ਜਿੰਨਾ ਜੋਰ ਸਰੀਰ ਵਿੱਚ ਸੀ, ਮਨ ਵਿੱਚ ਉਸ ਤੋਂ ਵੀ ਜਿਆਦਾ ਸੀ। ਇੱਕ ਵਾਰ ਗੱਲ ਚੱਲੀ ਕਿ ਕਦੀ ਓਹਨਾਂ ਨੂੰ ਪਰਿਵਾਰ ਦੀ ਯਾਦ ਨਹੀਂ ਆਈ ਤਾਂ ਗੰਭੀਰ ਹੋ ਕੇ ਕਿਹਾ ਕਿ ਬਹੁਤ ਯਾਦ ਆਉਂਦੀ ਹੈ ਪਰ ਹੁਣ ਗੁਰੂ ਤੇ ਹੀ ਡੋਰਾਂ ਹਨ। ਮੈਂ ਓਹਨਾਂ ਨੂੰ ਗੁਰੂ ਦੇ ਹਵਾਲੇ ਕਰ ਦਿੱਤਾ ਹੈ। ਮੇਰਾ ਜੀਵਨ ਪੰਥ ਲੇਖੇ ਜਿੱਥੇ ਮਰਜੀ ਲਾ ਲਓ ਅਤੇ ਇਸ ਤਰ੍ਹਾਂ ਹੀ ਓਹਨਾਂ ਦਾ ਜੀਵਨ ਬਤੀਤ ਹੋਇਆ।

ਉਹ ਖਾਲਸਤਾਨ ਕਮਾਂਡੋ ਫੋਰਸ ਦੇ ਵੱਖ ਵੱਖ ਜਥਿਆਂ ਵਿਚ ਜਾ ਕੇ ਵਿਚਰਦੇ ਓਹਨਾਂ ਨੂੰ ਸਿਖਲਾਈ ਦਿੰਦੇ। ਹਮਲਿਆਂ ਵਿੱਚ ਆਪ ਨਾਲ ਜਾਂਦੇ ਸਨ। ਓਹਨਾਂ ਨੂੰ ਜੰਗ ਦਾ ਬੜਾ ਚਾਅ ਰਹਿੰਦਾ ਸੀ ਭਾਵੇਂ ਹਰ ਰੋਜ ਹੀ ਚੜ੍ਹਾਈ ਤੇ ਲੈ ਜਾਵੋ, ਸਦਾ ਤਿਆਰ-ਬਰ-ਤਿਆਰ ਰਹਿੰਦੇ ਸਨ ਪਰ ਆਪ ਕੋਈ ਘਾੜਤ ਜਾਂ ਅਗਵਾਈ ਦੇ ਕੰਮਾਂ ਵਿਚ ਨਹੀਂ ਆਉਂਦੇ ਸਨ। ਇੱਕ ਸਿਪਾਹੀ ਵਾਂਗ ਜਥੇਬੰਦੀ ਦਾ ਜੋ ਫੈਸਲਾ ਹੁੰਦਾ ਉਸ ਤੇ ਫੁੱਲ ਚੜ੍ਹਾਉਂਦੇ ਸੀ। ਉਹ ਸਾਰੇ ਇਲਾਕਿਆਂ ਵਿੱਚ ਹੀ ਵਿਚਰੇ ਜਿਵੇਂ ਕਿ ਫਿਰੋਜਪੁਰ, ਤਰਨਤਾਰਨ ਵਿੱਚ ਗੁਰਦੇਵ ਸਿੰਘ ਉਸਮਾਨਵਾਲਾ ਤੇ ਛੋਟੇ ਗੁਰਦੇਵ ਸਿੰਘ ਨਾਲ ਅੰਮ੍ਰਿਤਸਰ ਵਿੱਚ ਕੰਵਰਜੀਤ ਸਿੰਘ ਸੁਲਤਾਨਵਿੰਡ ਤੇ ਲਾਭ ਸਿੰਘ ਹੋਰਾਂ ਨਾਲ ਹੁਸ਼ਿਆਰਪੁਰ ਵਿੱਚ ਸੁਰਿੰਦਰਜੀਤ ਸਿੰਘ ਤੇ ਇਕਬਾਲ ਸਿੰਘ ਹੋਰਾਂ ਨਾਲ ਤੇ ਮਾਲਵੇ ਵਿੱਚ ਚਰਨਜੀਤ ਸਿੰਘ ਤਲਵੰਡੀ ਨਾਲ।

ਸਭ ਥਾਵਾਂ ਤੇ ਓਹਨਾਂ ਨੇ ਬਹੁਤ ਕੰਮਾਂ ਵਿੱਚ ਹਿੱਸਾ ਲਿਆ। ਮੈਂ ਓਹਨਾਂ ਨੂੰ ਪਹਿਲੀ ਵਾਰ ਮੁਹਾਲੀ ਵਿੱਚ ਮਿਲਿਆ ਤੇ ਏਥੇ ਸਾਨੂੰ ਤਿੰਨ ਮਹੀਨੇ ਇਕੱਠੇ ਰਹਿਣ ਦਾ ਮੌਕਾ ਮਿਲਿਆ ਕਿਉਂਕਿ ਚੰਡੀਗੜ੍ਹ ਵਿਚ ਚਰਨਜੀਤ ਸਿੰਘ ਹੋਰੀਂ ਰਿਬੈਰੋ ਤੇ ਹਮਲੇ ਦੀ ਘਾੜਤ ਕਰ ਰਹੇ ਸਨ। ਬਹੁਤ ਮਿਹਨਤ ਕੀਤੀ ਸਮਾਨ, ਗੱਡੀਆਂ ਤੇ ਬੰਦੇ ਇਕੱਠੇ ਕੀਤੇ ਪਰ ਗੱਲ ਸਿਰੇ ਨਾ ਚੜ੍ਹੀ। ਮੇਰਾ ਤਜਰਬਾ ਹੈ ਕਿ ਜਦੋਂ ਕਿਸੇ ਦੀ ਆਈ ਹੁੰਦੀ ਹੈ ਤੇ ਪਰਮਾਤਮਾ ਹੀ ਬਿਧ ਬਣਾਉਂਦਾ ਹੈ ਤੇ ਕੰਮ ਹੋ ਜਾਂਦਾ ਹੈ ਜਿਵੇਂ ਪਟਿਆਲੇ ਵਾਲਾ ਸਬੱਬ ਦੂਸਰੇ ਦਿਨ ਹੀ ਬਣ ਗਿਆ। ਏਥੇ ਚੰਡੀਗੜ੍ਹ ਵਿੱਚ ਪੰਦਰਾਂ ਬੰਦੇ ਲੱਗੇ ਰਹੇ ਜੋ ਚੋਟੀ ਦੇ ਜੰਗਜੂ ਸਨ। ਕਈ ਮਹੀਨੇ ਪੂਰਾ ਖਤਰਾ ਮੁੱਲ ਲੈ ਕੇ ਪਿੱਛਾ ਕੀਤਾ ਪਰ ਗੱਲ ਨਹੀਂ ਬਣੀ। ਓਹਨਾਂ ਦਿਨਾਂ ਵਿੱਚ ਮੈਂ ਦੇਖਿਆ ਕਿ ਬਾਬਾ ਜੀ ਬਹੁਤ ਹੀ ਸੰਜਮ

ਤੇ ਮਰਿਆਦਾ ਵਿੱਚ ਰਹਿ ਕੇ ਜੀਵਨ ਬਤੀਤ ਕਰਦੇ ਸੀ। ਉਹ ਮੈਂ-ਮੇਰੀ ਤੇ ਧੜੇਬੰਦੀ ਤੋਂ ਕੋਹਾਂ ਦੂਰ ਸੀ। ਉਹ ਸਿੰਘਾਂ ਨਾਲ ਨੌਜਵਾਨਾਂ ਵਾਂਗ ਹੀ ਰਹਿੰਦੇ ਸਨ ਤੇ ਬਹੁਤ ਹਾਸਾ ਮਜਾਕ ਵੀ ਕਰ ਲੈਂਦੇ ਸਨ। ਵਿਹਲੇ ਸਮੇਂ ਵਿੱਚ ਉਹ ਪਾਠ ਕਰਿਆ ਕਰਦੇ ਸੀ।

ਜਸਪਾਲ ਸਿੰਘ ਉਰਫ ਧੰਨਾ ਸਿੰਘ ਉਰਫ ਹੌਲਦਾਰ

ਇਨ੍ਹਾਂ ਦੀ ਉਮਰ ਕੋਈ ੪੫ ਸਾਲ ਸੀ, ਕੱਦ ੫ ਫੁੱਟ ੭ ਇੰਚ ਸੀ, ਰੰਗ ਕਣਕਵੰਨਾ ਤੇ ਸਰੀਰ ਗਠਿਆ ਹੋਇਆ ਸੀ। ਬਾਬਾ ਅਜੀਤ ਸਿੰਘ ਵਾਂਗ ਇਹਨਾਂ ਨੂੰ ਵੀ ਜਲੰਧਰ ਪੁਲਿਸ ਲਾਈਨ ਵਿਚ ਹਰ ਕੋਈ ਪੱਕਾ ਸਿੰਘ ਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਸ਼ਰਧਾਲੂ ਵਜੋਂ ਜਾਣਦਾ ਸੀ। ਇਨ੍ਹਾਂ ਦਾ ਸੁਭਾਅ ਹਰ ਕਿਸੇ ਗਤੀਵਿਧੀ ਵਿੱਚ ਸ਼ਾਮਲ ਹੋਣਾ ਅਤੇ ਉਸ ਦੀ ਅਗਵਾਈ ਕਰਨਾ ਸੀ। ਪੰਥ ਦੇ ਨਾਂ ਤੇ ਇਹ ਹਰ ਥਾਂ ਝੰਡਾ ਗੱਡਣ ਵਾਲਾ ਸੀ। ਇਸ ਕਰਕੇ ਇਹ ਸਾਰੇ ਜਲੰਧਰ ਵਿਚ ਵੀ ਮਸ਼ਹੂਰ ਸੀ। ਰਿਬੈਰੋ ਤੇ ਹਮਲਾ ਕਰਨ ਵਾਲੇ ਸਿੰਘਾਂ ਦਾ ਕੁਦਰਤੀ ਆਗੂ ਵੀ ਇਹੋ ਹੀ ਸੀ। ਇਹ ਪੂਰਨ ਰਹਿਤ ਮਰਿਆਦਾ ਵਾਲਾ ਬਿਬੇਕੀ ਸਿੰਘ ਸੀ।

੧੯੮੪ ਤੋਂ ਪਹਿਲਾਂ ਇਕ ਵਾਰ ਜਲੰਧਰ ਵਿਚ ਸੋਡਲ ਮੰਦਰ ਕਾਰਨ ਸਿੱਖਾਂ ਤੇ ਕੱਟੜਵਾਦੀ ਹਿੰਦੂਆਂ ਦਾ ਕਾਫੀ ਝਗੜਾ ਹੋਇਆ ਸੀ ਤੇ ਕਈ ਦਿਨ ਕਰਫਿਊ ਵੀ ਲੱਗਾ ਰਿਹਾ ਸੀ। ਭਰੇ ਬਜਾਰ ਵਿੱਚ ਕੱਟੜਵਾਦੀ ਭੀੜ ਨੇ ਆਮ ਸਿੱਖਾਂ ਨੂੰ ਕੁੱਟਿਆ ਸੀ, ਕੋਠਿਆਂ ਉਪਰੋਂ ਪਥਰਾਅ ਕੀਤਾ ਅਤੇ ਤੇਜਾਬ ਸੁਟਿਆ। ਉਹਨਾਂ ਨੇ ਪੁਲਿਸ ਨੂੰ ਵੀ ਨਾ ਬਖਸ਼ਿਆ। ਬਾਬਾ ਜੀ ਨੇ ਮੈਨੂੰ ਇਹ ਵਾਰਤਾ ਸੁਣਾਈ ਕਿ ਜਦੋਂ ਅੱਤ ਹੀ ਹੋ ਗਈ ਫੇਰ ਅਸੀਂ ਆਪਣੇ ਅਫਸਰਾਂ ਨੂੰ ਕਿਹਾ ਕਿ ਤੁਸੀਂ ਸਾਨੂੰ ਕੁਝ ਸਮਾਂ ਦਿਓ। ਧੰਨਾ ਸਿੰਘ ਨੇ ਆਪਣੇ ਨਾਲ ਕੁਝ ਹੋਰ ਪੁਲਿਸ ਮੁਲਾਜਮ ਲੈ ਕੇ ਸੰਘੀਆਂ ਦੇ ਗੜ੍ਹ ਵਿਚ ਸਿੱਧੀ ਗੋਲੀ ਚਲਾ ਦਿੱਤੀ ਸੀ। ਕਈ ਬੰਦੇ ਮਾਰੇ ਗਏ ਅਤੇ ਕਈ ਜਖਮੀ ਹੋ ਗਏ। ਸਾਰੀ ਭੀੜ ਭੱਜ ਗਈ ਤੇ ਬਜਾਰ ਖਾਲੀ ਹੋ ਗਏ। ਚੰਡੀਗੜ੍ਹ ਤੋਂ ਦਿੱਲੀ ਤੱਕ ਬਹੁਤ ਰੌਲਾ ਪਿਆ ਕਿ ਪੁਲਿਸ ਨੇ ਹਿੰਦੂਆਂ ਤੇ ਗੋਲੀ ਚਲਾ ਦਿੱਤੀ ਹੈ। ਭੀੜ ਨੇ ਪੁਲਿਸ ਤੇ ਹਮਲਾ ਕੀਤਾ ਸੀ ਜਿਸ ਕਰਕੇ ਅਫਸਰਾਂ ਦੀ ਸਹਿਮਤੀ ਸੀ ਤੇ ਕੋਈ ਮੁਕੱਦਮਾ ਨਹੀਂ ਚੱਲਿਆ।

ਮੈਨੂੰ ਧੰਨਾ ਸਿੰਘ ਦਾ ਉਹ ਅੰਦਾਜ ਯਾਦ ਹੈ ਜਿਵੇਂ ਉਹਨੇ ਗੱਲ ਸੁਣਾਈ ਸੀ ਕਿ ਬਾਬਾ ਫੇਰ ਮੈਂ ਗੋਡਨੀ ਲਾ ਲਈ ਤੇ ਐਸਐਲਆਰ ਫੜ ਲਈ ਤੇ ਚੁਣ ਚੁਣ ਕੇ ਨਿਸ਼ਾਨੇ ਲਾਏ। ਜਿੱਥੋਂ-ਜਿੱਥੋਂ ਇੱਟ ਆਈ ਸੀ ਉਥੋਂ ਕੱਢ ਕੱਢ ਕੇ ਬੰਦੇ ਕੁੱਟੇ। ਸਾਥੀਆਂ ਨੂੰ ਕਿਹਾ ਲੈ ਬਈ ਸਿਪਾਹੀਓ ਸਿਪਾਹੀ ਬਣੋ, ਕੋਈ ਗੋਲੀ ਜਾਇਆ ਨਾ ਜਾਵੇ, ਗੋਡਿਆਂ ਤੋਂ ਉਪਰ ਨਿਸ਼ਾਨੇ ਲਾਵੋ। ਧੰਨਾ ਸਿੰਘ ਦਾ ਮੰਨਣਾ ਸੀ ਇਹਨਾਂ ਲੋਕਾਂ ਦਾ ਪੁਲਿਸ ਨਾਲ ਲੜਨ ਦਾ ਤਾਂ ਬਿਲਕੁਲ ਹੀ ਮਾਦਾ ਨਹੀਂ ਹੁੰਦਾ ਇਹ ਤਾਂ

ਸਰਕਾਰ ਦੀ ਸ਼ਹਿ ਤੇ ਹੀ ਲੜਦੇ ਹਨ। ਜਦ ਇਹ ਪਤਾ ਲੱਗ ਜਾਵੇ ਕਿ ਸਰਕਾਰ ਸਾਡੇ ਨਾਲ ਨਹੀਂ ਤਾਂ ਸਭ ਦੌੜ ਜਾਂਦੇ ਹਨ। ਇਹ ਘਟਨਾ ਕਰਕੇ ਧੰਨਾ ਸਿੰਘ ਪੁਲਿਸ ਵਿਚ ਪਹਿਲਾਂ ਹੀ ਮਸ਼ਹੂਰ ਸੀ।

ਇਹਨਾਂ ਦਾ ਪਿੰਡ ਕਪੂਰਥਲੇ ਕੋਲ ਸੀ ਤੇ ਵਿਆਹੇ ਹੋਏ ਸੀ ਕੁਝ ਸਮੇਂ ਬਾਅਦ ਇਹ ਪਰਿਵਾਰ ਨੂੰ ਮਿਲਦੇ ਸੀ ਤੇ ਜਿਆਦਾ ਵਾਰ ਚਰਨਜੀਤ ਸਿੰਘ ਤਲਵੰਡੀ ਇਹ ਸੇਵਾ ਕਰਦਾ ਸੀ ਕਿਉਂਕਿ ਉਹ ਆਪ ਵੀ ਆਪਣੇ ਪਰਿਵਾਰ ਨੂੰ ਲਗਾਤਾਰ ਮਿਲਦਾ ਸੀ। ਜੰਗੀ ਸਿੰਘਾਂ ਦਾ ਪਰਿਵਾਰ ਨੂੰ ਮਿਲਣਾ ਬਹੁਤ ਜੋਖਮ ਭਰਿਆ ਕੰਮ ਹੁੰਦਾ ਹੈ ਏਦਾਂ ਜਥੇਬੰਦੀ ਦਾ ਵੱਡਾ ਨੁਕਸਾਨ ਹੋ ਸਕਦਾ ਹੈ ਪਰ ਫਿਰ ਵੀ ਕੁਝ ਸਿੰਘ ਇਹ ਜੋਖਮ ਉਠਾਉਂਦੇ ਰਹੇ। ਜਥੇਬੰਦੀ ਨੂੰ ਵੀ ਇਹ ਪਤਾ ਹੁੰਦਾ ਸੀ ਪਰ ਇਨ੍ਹਾਂ ਦੋਵਾਂ ਸਿੰਘਾਂ ਤੇ ਗੁਰੂ ਦੀ ਮਿਹਰ ਹੀ ਰਹੀ ਕੋਈ ਨੁਕਸਾਨ ਨਹੀਂ ਹੋਇਆ। ਜਦੋਂ ੪ ਜਥੇਬੰਦੀਆਂ ਨੇ ਨਵੀਂ ਪੰਥਕ ਕਮੇਟੀ ਬਣਾਈ ਤਾਂ ਕੁਝ ਸਮੇਂ ਬਾਅਦ ਖਾਲਸਤਾਨ ਕਮਾਂਡੋ ਫੋਰਸ ਵੱਲੋਂ ਇਹਨਾਂ ਨੂੰ ਪੰਥਕ ਕਮੇਟੀ ਵਿਚ ਭਾਈ ਧੰਨਾ ਸਿੰਘ ਵਜੋਂ ਨਾਮਜਦ ਕੀਤਾ ਗਿਆ।

ਪੁਲਿਸ ਵਾਲੇ ਇਹ ਤਿੰਨੇ ਸਿੰਘ ਜਿਆਦਾਤਰ ਇਕੱਠੇ ਹੀ ਰਹਿੰਦੇ ਸਨ ਜਿਵੇਂ ਵੱਖ-ਵੱਖ ਇਲਾਕਿਆਂ ਵਿੱਚ ਵੱਖ-ਵੱਖ ਜਥਿਆਂ ਨਾਲ ਰਹਿੰਦੇ ਤੇ ਕਾਰਵਾਈਆਂ ਕਰਦੇ। ਧੰਨਾ ਸਿੰਘ ਸਭ ਤੋਂ ਸਰਗਰਮ ਤੇ ਅੱਗੇ ਲੱਗ ਕੇ ਕੰਮ ਕਰਨ ਵਾਲਾ ਸੀ। ਇਹ ਪੰਥ ਦੋਖੀਆਂ ਨੂੰ ਬਿਲਕੁਲ ਸਹਿਣ ਨਹੀਂ ਕਰਦਾ ਸੀ। ਜਿਥੇ ਕਿਤੇ ਵੀ ਗੁਰਮਤਿ ਦੇ ਉਲਟ ਕੋਈ ਗੱਲ ਹੁੰਦੀ ਸੀ ਉਥੇ ਹੀ ਝੰਡਾ ਗੱਡ ਦਿੰਦਾ ਸੀ। ਬਹੁਤ ਛੇਤੀ ਗੁੱਸੇ ਵਿੱਚ ਆ ਜਾਂਦਾ ਸੀ ਤੇ ਆਪਣੀ ਹਿਫਾਜਤ ਨੂੰ ਵੀ ਭੁੱਲ ਜਾਂਦਾ ਸੀ। ਛੇਤੀ ਕਾਰਵਾਈ ਕਰਨ ਵਾਲਾ ਸੀ ਤੇ ਬਾਅਦ ਵਿੱਚ ਕਈ ਵਾਰ ਕਹਿਣਾ ਯਾਰ ਕਾਹਲੀ ਹੋ ਗਈ, ਗੁੱਸਾ ਆ ਗਿਆ ਸੀ।

ਇਕ ਵਾਰ ਮੈਨੂੰ ਅਵਤਾਰ ਸਿੰਘ ਨੇ ਦੱਸਿਆ ਕਿ ਮੁਹਾਲੀ ਬਜਾਰ ਵਿਚ ਕੁਝ ਲੈਣ ਗਏ ਤਾਂ ਉਥੇ ਕੁਝ ਬੰਦੇ ਆਪਸ ਵਿਚ ਜਿਦ ਰਹੇ ਸਨ। ਕਿਸੇ ਨੇ ਸੰਘਰਸ਼ ਖ਼ਿਲਾਫ ਕੋਈ ਗੱਲ ਕਰ ਦਿੱਤੀ ਤੇ ਧੰਨਾ ਸਿੰਘ ਨੇ ਉਥੇ ਹੀ ਜੁੱਤੀ ਲਾਹ ਲਈ ਅਤੇ ਉਹਨੂੰ ਕੁੱਟਣ ਲੱਗ ਪਿਆ। ਫਿਰ ਪੁਲਿਸ ਆ ਗਈ ਮਸਾਂ ਗੱਲ ਰਫਾ-ਦਫਾ ਹੋਈ ਤਾਂ ਉਹਨੂੰ ਵਾਪਸ ਲੈ ਕੇ ਆਇਆ। ਸਰਕਾਰ ਵਲੋਂ ਐਨਾ ਲੋੜੀਂਦਾ ਅਤੇ ਇਨਾਮੀ ਬੰਦਾ ਸੀ ਪਰ ਕਿਸੇ ਦੀ ਕੋਈ ਪ੍ਰਵਾਹ ਨਹੀਂ ਸੀ ਕਰਦਾ। ਪੰਥ ਦੀਆਂ ਬੈਠਕਾਂ ਵਿੱਚ ਉਹ ਸਰਗਰਮੀ ਨਾਲ ਹਿੱਸਾ ਲੈਂਦਾ ਤੇ ਹਰ ਗੱਲ ਦੀ ਤਹਿ ਤੱਕ ਜਾਂਦਾ ਸੀ।

ਲੁਧਿਆਣਾ ਬੈਂਕ ਡਕੈਤੀ ਵਿੱਚ ਉਹ ਸਤਨਾਮ ਸਿੰਘ ਬਾਵੇ ਨਾਲ ਇੰਸਪੈਕਟਰ ਬਣਿਆ ਹੋਇਆ ਸੀ ਤੇ ਪੂਰਾ ਇੰਸਪੈਕਟਰ ਵਾਲਾ ਰੋਲ ਅਦਾ ਕੀਤਾ। ਧੰਨਾ ਸਿੰਘ ਤੇ ਬਾਬਾ ਅਜੀਤ ਸਿੰਘ ਦਾਹੜਾ ਬੰਨ੍ਹ ਵੀ ਲੈਂਦੇ ਸੀ ਪਰ ਬਾਬਾ ਦਲਵਿੰਦਰ ਸਿੰਘ ਨੇ

ਕਦੀ ਦਾਹੜਾ ਨਹੀਂ ਬੰਨ੍ਹਿਆ ਸੀ।

ਬਾਬਾ ਅਜੀਤ ਸਿੰਘ ਅਤੇ ਧੰਨਾ ਸਿੰਘ ਨੇ ਹੋਰਾਂ ਵੱਖ-ਵੱਖ ਜਥਿਆਂ ਨਾਲ ਬਹੁਤ ਕਾਰਨਾਮੇ ਕੀਤੇ ਤੇ ਜ਼ਿਆਦਾਤਰ ਹਮਲੇ ਪੁਲਿਸ, ਸੀਆਰਪੀਐਫ, ਬੀਐਸਐਫ ਤੇ ਘਾਤਾਂ ਲਾਉਣ ਦੇ ਸਨ। ਬਾਬਾ ਅਜੀਤ ਸਿੰਘ ਵਧੀਆ ਡਰਾਈਵਰ ਵੀ ਸਨ ਤੇ ਜਥੇਬੰਦੀ ਦੇ ਸਮਾਨ ਨੂੰ ਚਰਨਜੀਤ ਸਿੰਘ ਤੇ ਬਾਪੂ ਮਲਕੀਅਤ ਸਿੰਘ ਨਾਲ ਇਧਰ-ਉਧਰ ਪਹੁੰਚਾਉਂਦੇ ਰਹੇ।

ਧੰਨਾ ਸਿੰਘ ਹੋਰੀਂ ਬੜੇ ਸਖਤ ਬਿਬੇਕ ਵਾਲੇ ਸਨ, ਬਹੁਤ ਸੁੱਚਮ ਰੱਖਦੇ ਸੀ। ਜਥੇ ਦੇ ਕਈ ਸਿੰਘ ਇਨ੍ਹਾਂ ਦੀ ਸੁੱਚਮ ਤੋਂ ਔਖੇ ਹੁੰਦੇ ਸਨ ਪਰ ਕੋਈ ਬੋਲਦਾ ਨਹੀਂ ਸੀ। ਇਸ ਗੱਲ ਬਾਰੇ ਆਪੋ ਵਿਚ ਹਾਸਾ-ਮਜ਼ਾਕ ਵੀ ਹੁੰਦਾ ਸੀ। ਇਕ ਵਾਰ ਕਿਸੇ ਪਿੰਡ ਵਿਚ ਰਾਤ ਦਾ ਲੰਗਰ ਛਕਣ ਤੋਂ ਬਾਅਦ ਦੀ ਗੱਲ ਹੈ, ਅਸੀਂ ਕਾਫੀ ਸਿੰਘ ਉਥੇ ਇਕੱਠੇ ਹੋਏ ਸੀ ਧੰਨਾ ਸਿੰਘ, ਬਾਬਾ ਅਜੀਤ ਸਿੰਘ, ਬਾਬਾ ਦਲਵਿੰਦਰ ਸਿੰਘ (ਬਾਬਾ ਚੁੱਪ), ਜਨਰਲ ਲਾਭ ਸਿੰਘ, ਸੁਰਿੰਦਰਜੀਤ ਸਿੰਘ, ਬਾਬਾ ਬਲਵਿੰਦਰ ਸਿੰਘ, ਬਾਪੂ ਮਲਕੀਅਤ ਸਿੰਘ ਤੇ ਪੰਜ ਸੱਤ ਹੋਰ ਇਲਾਕੇ ਦੇ ਸਿੰਘ ਸਨ। ਠਾਹਰ ਵਾਲਾ ਇੱਕ ਚੰਗਾ ਗੁਰਸਿੱਖ ਪਰਿਵਾਰ ਸੀ। ਪ੍ਰਸ਼ਾਦੇ ਪਕਾਉਣ ਤੋਂ ਲੈ ਕੇ ਖਾਣ ਤੱਕ, ਫਿਰ ਬਾਅਦ ਵਿੱਚ ਚਾਹ ਪੀਣ ਤੱਕ ਓਹਨਾਂ ਨੇ ਸਾਡੇ ਕਈ ਵਾਰ ਹੱਥ ਧਵਾਏ। ਧੰਨਾ ਸਿੰਘ ਹੋਰਾਂ ਦਾ ਤਾਂ ਇਹ ਦਸਤੂਰ ਹੀ ਸੀ। ਅਸੀਂ ਇਸ ਦੇ ਆਦੀ ਨਹੀਂ ਸੀ ਪਰ ਅਸੀਂ ਕਦੇ ਉਲੰਘਣਾ ਨਹੀਂ ਕੀਤੀ। ਜਦੋਂ ਅਸੀਂ ਘਰੋਂ ਬਾਹਰ ਨਿਕਲੇ ਤਾਂ ਓਹਨਾਂ ਦਾ ਸਭ ਤੋਂ ਵੱਡਾ ਬਜ਼ੁਰਗ ਹੱਥ ਵਿੱਚ ਬਾਲਟੀ ਫੜੀ, ਹੱਥ ਜੋੜੀ ਖੜ੍ਹਾ ਸੀ। ਧੰਨਾ ਸਿੰਘ ਨੂੰ ਸੰਬੋਧਤ ਹੋ ਕੇ ਕਹਿੰਦਾ ਕਿ ਹੁਣ ਕਦੋਂ ਹੱਥ ਧੋਣੇ ਆ? ਸਾਰੇ ਹੀ ਹੱਸਣ ਲੱਗ ਪਏ। ਉਸ ਬਜ਼ੁਰਗ ਨੇ ਹਾਸੇ ਵਿੱਚ ਕਿਹਾ ਕਿ ਸਾਨੂੰ ਨਹੀਂ ਪਤਾ ਲਗਦਾ ਕਿ ਤੁਸੀਂ ਕਦੋਂ ਹੱਥ ਧੋਣੇ ਹਨ ਤੇ ਕਦੋਂ ਨਹੀਂ।

ਕੁਝ ਸਮੇਂ ਬਾਅਦ ਧੰਨਾ ਸਿੰਘ ਹੋਰੀਂ ਅਲੋਪ ਹੋ ਗਏ, ਉਸ ਵਕਤ ਓਹਨਾਂ ਬਾਰੇ ਕੁਝ ਪਤਾ ਨਹੀਂ ਸੀ ਲੱਗਿਆ ਕਿ ਕਿਥੇ ਚਲਿਆ ਗਿਆ। ਪਰਿਵਾਰ ਨਾਲ ਤਾਂ ਮਿਲਦੇ ਰਹਿੰਦੇ ਸੀ। ਜਦੋਂ ਆਖਰੀ ਵਾਰ ਚੰਡੀਗੜ੍ਹ ਵਿਚ ਇਕ ਰਾਤ ਇਕੱਠੇ ਰਹੇ ਤਾਂ ਉਹਨਾਂ ਨੇ ਮੇਰੇ ਨਾਲ ਇਕੱਲਿਆਂ ਏਨੀ ਗੱਲ ਕੀਤੀ ਸੀ ਕਿ ਮੈਂ ਪੰਜਾਬ ਤੋਂ ਬਾਹਰ ਕੋਈ ਠਾਹਰ ਬਣਾਉਣੀ ਹੈ, ਥੋੜ੍ਹੀ ਜਿਹੀ ਜ਼ਮੀਨ ਲੈ ਕੇ। ਬਹੁਤ ਸੁਰੱਖਿਅਤ ਜਗਾ ਹੈ ਅਤੇ ਮੈਨੂੰ ਅੱਠ ਲੱਖ ਰੁਪਈਆ ਚਾਹੀਦਾ ਹੈ। ਲੁਧਿਆਣੇ ਬੈਂਕ ਮਾਂਜੇ ਤੋਂ ਬਾਅਦ ਅਸੀਂ ਸਾਰੇ ਪ੍ਰਮੁੱਖ ਸਿੰਘਾਂ ਨੂੰ ਕਿਹਾ ਹੋਇਆ ਸੀ ਕਿ ਆਪਣੀਆਂ ਪੱਕੀਆਂ ਠਾਹਰਾਂ ਬਣਾਓ ਜਿਸ ਦਾ ਸਿਰਫ ਤੁਹਾਨੂੰ ਪਤਾ ਹੋਵੇ, ਇਸ ਲਈ ਅਸੀਂ ਪੈਸੇ ਦਾ ਪ੍ਰਬੰਧ ਵੀ ਕੀਤਾ ਸੀ। ਕਈ ਸਿੰਘਾਂ ਨੇ ਇਸ ਤਰ੍ਹਾਂ ਠਾਹਰਾਂ ਬਣਾਈਆਂ ਸਨ।

ਅਸੀਂ ਉਹਨਾਂ ਨੂੰ ਅੱਠ ਲੱਖ ਰੁਪਈਆ ਪਹੁੰਚਾ ਦਿੱਤਾ ਉਸ ਤੋਂ ਬਾਅਦ ਕੁਝ ਪਤਾ ਨਹੀਂ ਲੱਗਿਆ। ਉਹ ਇਹ ਗੱਲ ਕਰਿਆ ਕਰਦੇ ਸੀ ਕਿ ਓਹਨਾਂ ਦੇ ਸਹੁਰਿਆਂ ਦੇ ਪਰਿਵਾਰ ਵਿੱਚ ਕੋਈ ਬਜੁਰਗ ਹੈ ਜਿਸ ਦੀ ਕੇਪੀਐਸ ਗਿੱਲ ਦੇ ਬਜੁਰਗ ਨਾਲ ਮਿੱਤਰਤਾ ਸੀ ਤੇ ਓਹਨਾਂ ਦਾ ਕਹਿਣਾ ਹੈ ਕਿ ਤੁਸੀਂ ਖਾੜਕੂ ਸੰਘਰਸ਼ ਛੱਡ ਦੇਵੋ ਜਿੱਥੇ ਮਰਜੀ ਜਾ ਕੇ ਬੈਠ ਜਾਵੋ ਅਸੀਂ ਤੁਹਾਨੂੰ ਕੁਝ ਨਹੀਂ ਕਹਾਂਗੇ। ਜਦੋਂ ਉਹਨਾਂ ਨੇ ਇਹ ਗੱਲ ਮੇਰੇ ਤੇ ਅਵਤਾਰ ਸਿੰਘ ਨਾਲ ਕੀਤੀ ਤਾਂ ਅਸੀਂ ਕਿਹਾ ਕਿ ਇਹੋ ਜਿਹਾ ਭਰੋਸਾ ਬਿਲਕੁਲ ਨਹੀਂ ਕਰਨਾ ਚਾਹੀਦਾ ਤੇ ਉਹ ਵੀ ਮੰਨ ਗਿਆ ਸੀ। ਹੁਣ ਪਤਾ ਲੱਗਾ ਹੈ ਕਿ ਓਹਨਾਂ ਨੂੰ ਪੁਲਿਸ ਨੇ ਫੜ ਕੇ ਬਹੁਤ ਤਸ਼ੱਦਦ ਕਰਕੇ ਸ਼ਹੀਦ ਕੀਤਾ ਪਰ ਉਹ ਦਿਖਾਇਆ ਕਿਤੇ ਨਹੀਂ । ਅਸਲ ਗੱਲ ਕੀ ਹੋਈ ਪਤਾ ਨਹੀਂ । ਕਿੱਥੇ ਸਿੰਘ ਫੜਿਆ ਗਿਆ ਪਰ ਓਹਨਾਂ ਨੇ ਆਪਣਾ ਸਿਰੜ ਨਿਭਾਇਆ ਅਤੇ ਕਿਸੇ ਵੀ ਬਾਰੇ ਕੁਝ ਨਹੀਂ ਦੱਸਿਆ।

ਇਹਨਾਂ ਤਿੰਨਾਂ ਪੁਲਿਸ ਵਾਲੇ ਸਿੰਘਾਂ (ਬਾਬਾ ਅਜੀਤ ਸਿੰਘ, ਬਾਬਾ ਦਲਵਿੰਦਰ ਸਿੰਘ ਤੇ ਬਾਬਾ ਧੰਨਾ ਸਿੰਘ) ਨੂੰ ਸੰਘਰਸ਼ ਦੌਰਾਨ ਰਿਬੈਰੋ ਹਮਲੇ ਵਾਲੇ ਸਿੰਘਾਂ ਵਜੋਂ ਜਾਣਿਆ ਜਾਂਦਾ ਸੀ। ਇਹ ਸਿੰਘ ਸ਼ੁਰੂ ਤੋਂ ਹੀ ਅੰਮ੍ਰਿਤਧਾਰੀ ਤੇ ਬਿਬੇਕੀ ਸਨ ਇਸ ਕਰਕੇ ਇਹਨਾਂ ਦੇ ਨਾਂ ਨਾਲ ਬਾਬੇ ਸ਼ਬਦ ਜੁੜ ਗਿਆ। ਜਲੰਧਰ ਪੁਲਿਸ ਲਾਈਨ ਵਿਚ ਵੀ ਇਹਨਾਂ ਦੇ ਬਹੁਤ ਸਾਥੀ ਅਤੇ ਸ਼ਰਧਾਲੂ ਸਨ ਜੋ ਅਖੀਰ ਤੱਕ ਇਹਨਾਂ ਦੀ ਮਦਦ ਕਰਦੇ ਰਹੇ। ਇਹਨਾਂ ਵਿਚੋਂ ਕੁਝ ਬੰਦੇ ਸ਼ਹੀਦ ਹੋਏ ਤੇ ਕੁਝ ਨੇ ਜੇਲ੍ਹਾਂ ਵੀ ਕੱਟੀਆਂ। ਕੁਝ ਬੰਦੇ ਰਿਬੈਰੋ ਤੇ ਹਮਲੇ ਕਾਰਣ ਫੜੇ ਗਏ ਤੇ ਬਹੁਤ ਸਖਤ ਤਸ਼ੱਦਦ ਵਿਚੋਂ ਦੀ ਗੁਜਰਣਾ ਪਿਆ। ਇਹਨਾਂ ਬਾਰੇ ਮੈਨੂੰ ਪੂਰੀ ਜਾਣਕਾਰੀ ਨਹੀਂ ਪਰ ਕਈ ਜਣਿਆਂ ਨੂੰ ਨਾਭੇ ਤੇ ਸੰਗਰੂਰ ਜੇਲ੍ਹਾਂ ਵਿਚ ਰੱਖਿਆ ਗਿਆ ਸੀ। ਇਹਨਾਂ ਵਿਚ ਇਕ ਸਿੰਘ ਦਾ ਪਿੰਡ ਮਾਨੋਚਾਹਲ ਸੀ। ਦੋ ਸਿੰਘਾਂ ਦੇ ਨਾਂ ਸਰਦੂਲ ਸਿੰਘ ਤੇ ਬਲਵਿੰਦਰ ਸਿੰਘ ਸਨ।

ਇਹ ਤਿੰਨੋ ਜਣੇ ਪਹਿਲਾਂ ਮਿੱਤਰ ਸਨ। ਧੰਨਾ ਸਿੰਘ ਅਗਵਾਈ ਕਰਨ ਵਾਲਾ ਸੀ ਤੇ ਅੱਗੇ ਵਧ ਕੇ ਖੜ੍ਹਨ ਵਾਲਾ ਸੀ। ਉਹ ਅੜਬ ਸੁਭਾਅ ਦਾ ਸੀ ਪਰ ਦਿਲ ਦਾ ਬਹੁਤ ਨਰਮ ਸੀ। ਬਾਬਾ ਅਜੀਤ ਸਿੰਘ ਵੀ ਬਹੁਤ ਜਜਬਾਤੀ ਅਤੇ ਜਲ ਵਾਂਗ ਨਿਰਮਲ ਸੁਭਾਅ ਦੇ ਸਨ। ਪੰਥ ਲਈ ਕੁਰਬਾਨੀ ਅਤੇ ਸਰਬੱਤ ਦੇ ਭਲੇ ਦਾ ਜਜਬਾ ਉਹਨਾਂ ਵਿਚ ਕੁੱਟ ਕੁੱਟ ਕੇ ਭਰਿਆ ਹੋਇਆ ਸੀ। ਕਿਸੇ ਹਮਲੇ ਦੀ ਵਿਉਂਤ ਕਰਦਿਆਂ ਜਾਂ ਕਿਸੇ ਭਲੇ ਦੇ ਕੰਮ ਦੀ ਗੱਲ ਕਰਦਿਆਂ ਹੀ ਉਹਨਾਂ ਦਾ ਚਿਹਰਾ ਦਗਣ ਲੱਗ ਪੈਂਦਾ ਸੀ ਤੇ ਉਸੇ ਵੇਲੇ ਤਿਆਰ ਹੋ ਜਾਂਦੇ ਸਨ ਕਿ ਹੁਣੇ ਚਲੋ। ਬਾਬਾ ਦਲਵਿੰਦਰ ਸਿੰਘ ਵਾਂਗ ਏਹਨਾਂ ਨੂੰ ਵੀ ਸਾਰੇ ਸਿੰਘ ਬਹੁਤ ਪਿਆਰ ਕਰਦੇ ਸਨ ਤੇ ਆਪਣੇ ਜਥਿਆਂ

ਵਿੱਚ ਰੱਖਣਾ ਚਾਹੁੰਦੇ ਸਨ। ਹਰਜਿੰਦਰ ਸਿੰਘ ਜਿੰਦੇ ਦਾ ਓਹਨਾਂ ਨਾਲ ਬਹੁਤ ਪਿਆਰ ਸੀ ਤੇ ਉਹ ਕਿਹਾ ਕਰਦਾ ਸੀ ਕਿ ਇਹੋ ਜਿਹੇ ਸਿੰਘ ਮੇਰੇ ਨਾਲ ਚੱਲਣ ਤਾਂ ਅਸੀਂ ਦਿੱਲੀ ਵਿਚ ਕਿਸੇ ਨੂੰ ਵੀ ਢਾਹ ਲਈਏ ਪਰ ਬਾਬਾ ਜੀ ਹੋਰੀਂ ਇਸ ਤਰ੍ਹਾਂ ਹਰਜਿੰਦਰ ਸਿੰਘ ਹੁਰਾਂ ਵਾਂਗ ਸ਼ਹਿਰਾਂ ਵਿੱਚ ਪੰਜਾਬ ਤੋਂ ਬਾਹਰ ਨਹੀਂ ਸੀ ਵਿਚਰ ਸਕਦੇ। ਗੁਰਜੰਟ ਸਿੰਘ ਦੀ ਵੀ ਬੜੀ ਤਮੰਨਾ ਸੀ ਕਿ ਇਹ ਪੁਲਿਸ ਵਾਲੇ ਸਿੰਘ ਸਾਡੇ ਕੋਲ ਆ ਕੇ ਰਹਿਣ ਪਰ ਇਹ ਗੱਲ ਨਾ ਹੋ ਸਕੀ।

ਬਾਬਾ ਧੰਨਾ ਸਿੰਘ ਅਤੇ ਬਾਬਾ ਅਜੀਤ ਸਿੰਘ ਲੰਗਰ ਬਣਾਉਣ ਅਤੇ ਛਕਾਉਣ ਵਿਚ ਬਹੁਤ ਅਨੰਦ ਲੈਂਦੇ ਸਨ। ਆਪ ਵੀ ਬਹੁਤ ਪਰੇਮ ਤੇ ਸੁਚਮ ਨਾਲ ਲੰਗਰ ਛਕਦੇ ਸਨ। ਉਹਨਾਂ ਦੋਵਾਂ ਦਾ ਇਕ ਹੋਰ ਪੱਖ ਸੀ ਕਿ ਦੋਵੇਂ ਬਹੁਤ ਮਜਾਕੀਆ ਸੁਭਾਅ ਦੇ ਸਨ। ਚਿੰਤਾ ਅਤੇ ਤਣਾਅ ਭਰੇ ਮਾਹੌਲ ਵਾਲੀ ਗੱਲ ਨੂੰ ਤੋੜਦਿਆਂ ਸੁਖਾਲਾ ਅਤੇ ਮਜਾਕੀਆ ਬਣਾ ਦਿੰਦੇ ਸਨ। ਇਸ ਤਰ੍ਹਾਂ ਗੱਲਾਂ ਕਰਕੇ ਸਾਰੇ ਜਥੇ ਨੂੰ ਅਨੰਦਿਤ ਕਰ ਦਿੰਦੇ ਸਨ।

ਇਹ ਪੁਲਿਸ ਵਾਲੇ ਤਿੰਨੇ ਸਿੰਘ ਤੇ ਚਰਨਜੀਤ ਸਿੰਘ ਤਲਵੰਡੀ, ਅਵਤਾਰ ਸਿੰਘ, ਖਾਲਸਤਾਨ ਕਮਾਂਡੋ ਫੋਰਸ ਦੇ ਅਜਮੇਰ ਸਿੰਘ ਲੋਧੀਵਾਲ ਤੇ ਬਾਬਾ ਸੁਰਿੰਦਰ ਸਿੰਘ ਅਤੇ ਡਾਕਟਰ ਗੁਰਪ੍ਰੀਤ ਸਿੰਘ ਨਾਲ ਰਾਏਕੋਟ ਇਲਾਕੇ ਵਿਚ ਮਹੀਨਾ ਭਰ ਏਹਨਾਂ ਨਾਲ ਰਹੇ। ਉਸ ਵਕਤ ਉਥੇ ਇੰਸਪੈਕਟਰ ਸੰਤ ਕੁਮਾਰ ਨੇ ਬਹੁਤ ਅੱਤ ਚੁੱਕੀ ਹੋਈ ਸੀ, ਸਾਰਾ ਸਮਾਂ ਇਹ ਉਹਦੇ ਅੱਗੇ ਪਿੱਛੇ ਘੁੰਮਦੇ ਰਹੇ ਪਰ ਅੜਿੱਕੇ ਨਾ ਆਇਆ ਤੇ ਫਿਰ ਉਹ ਵਾਪਸ ਆ ਗਏ। ਉਸ ਵਕਤ ਜਥੇਦਾਰ ਗੁਰਜੰਟ ਸਿੰਘ ਬੁੱਧਸਿੰਘਵਾਲਾ ਪਾਕਿਸਤਾਨ ਗਏ ਹੋਏ ਸਨ।

ਇਹਨਾਂ ਤਿੰਨਾਂ ਹੀ ਬਾਬਿਆਂ ਦੀ ਸਿੰਘਾਂ ਦੇ ਵੱਖ ਵੱਖ ਜਥਿਆਂ ਵਿਚ ਇਥੋਂ ਤੱਕ ਕਿ ਹੋਰਨਾਂ ਜਥੇਬੰਦੀਆਂ ਦੇ ਜਥਿਆਂ ਵਿਚ ਸਦਾ ਹੀ ਮੰਗ ਰਹਿੰਦੀ ਸੀ। ਸਾਡੇ ਕੋਲ ਸਦਾ ਹੀ ਉਹਨਾਂ ਲਈ ਸੁਨੇਹਾ ਆਇਆ ਰਹਿੰਦਾ ਸੀ ਕਿ ਕੁਝ ਦਿਨਾਂ ਲਈ ਇਹਨਾਂ ਬਾਬਿਆਂ ਦੀ ਸੰਗਤ ਦਾ ਮੌਕਾ ਦਿਓ ਤੇ ਅਸੀਂ ਉਹਨਾਂ ਤੱਕ ਪਹੁੰਚਦਾ ਕਰ ਦਿੰਦੇ। ਇਹ ਸਾਰੇ ਪੰਜਾਬ ਵਿਚ ਵੱਖ ਵੱਖ ਜਥਿਆਂ ਵਿਚ ਜਾ ਕੇ ਰਹਿੰਦੇ ਅਤੇ ਉਹਨਾਂ ਦੀ ਧਾਰਮਿਕ ਅਤੇ ਸਰੀਰਿਕ ਪੱਖੋਂ ਪਕਿਆਈ ਕਰਦੇ ਸਨ। ਉਹਨਾਂ ਨੂੰ ਹਥਿਆਰਾਂ ਬਾਰੇ ਜਾਣਕਾਰੀ ਅਤੇ ਸਿਖਲਾਈ ਦਿੰਦੇ ਸਨ ਅਤੇ ਉਹਨਾਂ ਨਾਲ ਰਲ ਕੇ ਹਮਲਿਆਂ ਵਿਚ ਹਿੱਸਾ ਵੀ ਲੈਂਦੇ ਸਨ। ਉਹਨਾਂ ਨੂੰ ਖੁਸ਼ ਕਰਦੇ ਅਤੇ ਸਾਰਿਆਂ ਵਿਚ ਪਿਆਰ ਦੀ ਕੜੀ ਬਣਾਉਂਦੇ ਸਨ। ਬਾਬਾ ਦਲਵਿੰਦਰ ਸਿੰਘ ਨੂੰ ਕਿਸੇ ਵੀ ਜਥੇ ਜਾਂ ਠਾਹਰ ਵਾਲੇ ਛਡਦੇ ਨਹੀਂ ਸਨ। ਇਸ ਕਰਕੇ ਉਹ ਬਹੁਤੀ ਥਾਂਈ ਨਹੀਂ ਜਾ ਸਕੇ। ਜਿੰਨਾ ਚਿਰ ਇਹ ਸਿੰਘ ਸੰਘਰਸ਼ ਵਿਚ ਰਹੇ ਸਾਰੀਆਂ ਸਫਾਂ ਨੂੰ ਰਵਾਂ ਰੱਖਿਆ ਅਤੇ ਆਪਣੀ ਊਰਜਾ ਵੰਡਦੇ

ਰਹੇ। ਵੱਡੇ ਦੋਵੇਂ ਫੜੇ ਗਏ ਤੇ ਬਹੁਤ ਤਸ਼ੱਦਦ ਝੱਲ ਕੇ ਸ਼ਹਾਦਤ ਪਰਾਪਤ ਕਰ ਗਏ ਅਤੇ ਤੀਜਾ ਬਾਬਾ ਦਲਵਿੰਦਰ ਸਿੰਘ ਸਾਰਾ ਦਿਨ ਸਰਹੱਦੀ ਫੌਜ ਤੇ ਪੁਲਿਸ ਨਾਲ ਗਹਿਗੱਚ ਮੁਕਾਬਲੇ ਵਿਚ ਜੂਝ ਕੇ ਸ਼ਹੀਦ ਹੋਇਆ।

ਧੰਨਾ ਸਿੰਘ ਹੋਰਾਂ ਦੇ ਸਬੰਧ ਹੋਰ ਪੁਲਿਸ ਵਾਲਿਆਂ ਨਾਲ ਵੀ ਸਨ ਜੋ ਓਹਨਾਂ ਦੀ ਅਖੀਰ ਤੱਕ ਮਦਦ ਕਰਦੇ ਰਹੇ। ਕਈ ਬੰਦਿਆਂ ਨੂੰ ਤਾਂ ਨੌਕਰੀ ਤੋਂ ਵਿਹਲੇ ਕਰ ਦਿੱਤਾ ਸੀ। ਦੋ ਪੁਲਿਸ ਵਾਲੇ ਨੌਜਵਾਨ ਸਨ ਜੋ ਓਹਨਾਂ ਲਈ ਠਾਹਰਾਂ ਦਾ ਪ੍ਰਬੰਧ ਕਰਦੇ ਸੀ। ਉਹ ਆਪ ਜਲੰਧਰ ਵਿੱਚ ਘਰ ਲੈਂਦੇ ਸੀ ਅਤੇ ਅਸੀਂ ਇਥੇ ਰਿਹਾ ਕਰਦੇ ਸੀ। ਸ਼ਾਇਦ ਉਹ ਬਾਅਦ ਵਿੱਚ ਫੜੇ ਗਏ। ਮੈਨੂੰ ਓਹਨਾਂ ਦੇ ਨਾਂ ਯਾਦ ਨਹੀਂ ਪਰ ਉਹਨਾਂ ਨੂੰ ਚੰਗੀ ਤਰ੍ਹਾਂ ਜਾਣਦਾ ਹਾਂ। ਉਹਨਾਂ ਨੇ ਬੜੀ ਸੇਵਾ ਕੀਤੀ। ਇਹਨਾਂ ਨਾਲ ਇੱਕ ਹੋਰ ਸਿੰਘ ਸੀ ਹੌਲਦਾਰ ਬਲਵੰਤ ਸਿੰਘ। ਇਹ ਬਾਅਦ ਵਿੱਚ ਰੂਪੋਸ਼ ਵੀ ਹੋ ਗਿਆ ਸੀ ਤੇ ਕੁਝ ਸਮਾਂ ਸੇਵਾ ਵੀ ਕੀਤੀ ਅਤੇ ਜਲਦੀ ਹੀ ਇਕ ਮੁਕਾਬਲੇ ਵਿਚ ਸ਼ਹੀਦ ਹੋ ਗਿਆ। ਉਹ ਸਾਨੂੰ ਧੰਨਾ ਸਿੰਘ, ਚਰਨਜੀਤ ਸਿੰਘ ਅਤੇ ਗੁਰਜੀਤ ਸਿੰਘ ਨੂੰ ਸਰਹੰਦ ਨੇੜੇ ਕਿਸੇ ਠਾਹਰ ਤੇ ਮਿਲਿਆ ਸੀ। ਉਹ ਕੁਝ ਕਰਨ ਨੂੰ ਬਹੁਤ ਉਤਾਵਲਾ ਸੀ। ਧੰਨਾ ਸਿੰਘ ਹੋਰਾਂ ਨੇ ਕਿਹਾ ਕਿ ਕੁਝ ਠਹਿਰ ਜਾ ਪਰ ਥੋੜ੍ਹੇ ਦਿਨਾਂ ਬਾਅਦ ਹੀ ਖਬਰ ਆਈ ਕਿ ਖਾੜਕੂਆਂ ਨੇ ਸਰਹੰਦ ਵਿਖੇ ਅੰਨੇਵਾਹ ਗੋਲੀ ਚਲਾ ਕੇ ਕੁਝ ਬੰਦੇ ਮਾਰ ਦਿੱਤੇ ਤੇ ਫਿਰ ਓਹਨਾਂ ਖਾੜਕੂਆਂ ਦਾ ਪੁਲਿਸ ਨਾਲ ਮੁਕਾਬਲਾ ਹੋਇਆ ਤੇ ਉਹ ਮਾਰੇ ਗਏ।

ਮਨਵੀਰ ਸਿੰਘ ਚਹੇੜੂ, ਬਲਬੀਰ ਸਿੰਘ ਹੁਸ਼ਿਆਰਪੁਰ ਤੇ ਅਜੀਤਪਾਲ ਸਿੰਘ

ਇਹ ਤਿੰਨਾਂ ਸਿੰਘਾਂ ਨੂੰ ਇਕ ਦੂਜੇ ਤੋਂ ਵੱਖ ਕਰਕੇ ਨਹੀਂ ਸਮਝਿਆ ਜਾ ਸਕਦਾ। ਸੰਘਰਸ਼ ਦੌਰਾਨ ਇਸ ਤਰ੍ਹਾਂ ਦੋ-ਦੋ ਜਾਂ ਤਿੰਨ-ਤਿੰਨ ਸਿੰਘਾਂ ਦੇ ਬਹੁਤ ਗੂਹੜੇ ਪਿਆਰ ਵਾਲੀਆਂ ਸਾਂਝਾਂ ਸਨ ਜਿਸ ਕਰਕੇ ਉਹਨਾਂ ਦੇ ਜੀਵਨ ਅਤੇ ਕਾਰਨਾਮੇ ਅੱਡ-ਅੱਡ ਕਰਕੇ ਸਮਝਣੇ ਮੁਸ਼ਕਲ ਹਨ।

ਮਨਵੀਰ ਸਿੰਘ ਚਹੇੜੂ

ਇਹਨਾਂ ਦਾ ਪਰਿਵਾਰ ਇਲਾਕੇ ਵਿੱਚ ਮੰਨਿਆ ਪ੍ਰਮੰਨਿਆ ਪੰਥ-ਪ੍ਰਸਤ ਗੁਰਸਿੱਖ ਪਰਿਵਾਰ ਸੀ ਅਤੇ ਪਹਿਲਾਂ ਤੋਂ ਹੀ ਦਮਦਮੀ ਟਕਸਾਲ ਨਾਲ ਸਬੰਧਤ ਸੀ। ਮਨਵੀਰ ਸਿੰਘ ੧੯੮੪ ਤੋਂ ਪਹਿਲਾਂ ਹੀ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਸੇਵਾ ਵਿਚ ਸੀ ਪਰ ਹਮਲੇ ਵੇਲੇ ਦਰਬਾਰ ਸਾਹਿਬ ਤੋਂ ਬਾਹਰ ਸੀ। ਟਕਸਾਲ ਵਿੱਚ ਮਨਵੀਰ ਸਿੰਘ ਦਾ ਬੜਾ ਸਤਿਕਾਰ ਸੀ। ਇਹ ਦਰਸ਼ਨੀ ਤੇ ਚੜ੍ਹਦੀ ਕਲਾ ਵਾਲ਼ਾ ਸਿੰਘ ਸੀ। ਦਰਬਾਰ ਸਾਹਿਬ ਦੀ ਜੰਗ ਤੋਂ ਬਾਅਦ ਇਸ ਨੇ ਨੱਠ-ਭੱਜ ਕਰ ਕੇ ਮਿਹਨਤ ਕਰਕੇ ਸਿੰਘਾਂ ਦੀ ਜਥੇਬੰਦੀ ਬਣਾਈ ਜਿਸਨੇ ਬਾਬਾ ਠਾਕਰ ਸਿੰਘ ਨਾਲ ਸਹਿਯੋਗ ਕਰਕੇ ਦਮਦਮੀ ਟਕਸਾਲ ਨੂੰ ਫਿਰ ਜਥੇਬੰਦ ਕੀਤਾ, ਸਿੱਖ ਸਟੂਡੈਂਟਸ ਫੈਡਰੇਸ਼ਨ ਨੂੰ ਦੁਬਾਰਾ ਹੋਂਦ ਵਿਚ ਲਿਆਂਦਾ, ਯੂਨਾਈਟਡ ਅਕਾਲੀ ਦਲ ਦੀ ਸਥਾਪਤੀ ਕੀਤੀ। ਮਹਿਤਾ ਚੌਂਕ ਵਿਖੇ ਸ਼ਹੀਦੀ ਕਾਨਫਰੰਸ ਅਤੇ ਸਰਬੱਤ ਖਾਲਸਾ ਸੱਦਣਾ ਅਤੇ ਉਸ ਵਿੱਚ ਪੰਥਕ ਕਮੇਟੀ ਤੇ ਕਮਾਂਡੋ ਫੋਰਸ ਦਾ ਐਲਾਨ ਕਰਨਾ, ਇਹਨਾਂ ਕੰਮਾਂ ਵਿਚ ਮਨਵੀਰ ਸਿੰਘ ਦੀ ਮੋਢੀ ਭੂਮਿਕਾ ਸੀ। ਉਸਨੇ ਬਲਬੀਰ ਸਿੰਘ ਹੁਸ਼ਿਆਰਪੁਰ, ਗੁਰਦੇਵ ਸਿੰਘ ਉਸਮਾਨਵਾਲਾ, ਧੰਨਾ ਸਿੰਘ, ਬਾਬਾ ਦਲੀਪ ਸਿੰਘ, ਗੁਰਨਾਮ ਸਿੰਘ, ਬਾਬਾ ਬਲਵਿੰਦਰ ਸਿੰਘ, ਕੰਵਰਜੀਤ ਸਿੰਘ ਸੁਲਤਾਨਵਿੰਡ, ਚਰਨਜੀਤ ਸਿੰਘ ਤਲਵੰਡੀ, ਚਾਚਾ ਮਥਰਾ ਸਿੰਘ, ਗੁਰਬਚਨ ਸਿੰਘ ਮਾਨੋਚਾਹਲ,

ਅਰੂੜ ਸਿੰਘ, ਤਰਲੋਚਨ ਸਿੰਘ ਰੋਡੇ ਤੇ ਹੋਰ ਸਿੰਘਾਂ ਨੂੰ ਇਕੱਠੇ ਕਰਕੇ ਸਰਗਰਮੀ ਸ਼ੁਰੂ ਕੀਤੀ।

ਉਸ ਵਕਤ ਦਾ ਇਨ੍ਹਾਂ ਦਾ ਬਹੁਤ ਅਹਿਮ ਯੋਗਦਾਨ ਸੀ ਕਿਉਂਕਿ ਜੰਗੀ ਸਿੰਘ ਹੋਣ ਦੇ ਬਾਵਜੂਦ ਸਾਰੇ ਸਿੰਘਾਂ ਨੂੰ ਲੱਭ ਲੱਭ ਕੇ ਮਿਲੇ ਤੇ ਓਹਨਾਂ ਨੂੰ ਸੂਤਰਬੱਧ ਕੀਤਾ। ਸਰਬੱਤ ਖਾਲਸੇ ਵਿੱਚ ਮਨਵੀਰ ਸਿੰਘ ਨੂੰ ਖਾਲਸਤਾਨ ਕਮਾਂਡੋ ਫੋਰਸ ਦਾ ਹਰੀ ਸਿੰਘ ਦੇ ਨਾਂ ਥੱਲੇ ਜਨਰਲ ਬਣਾਇਆ ਗਿਆ। ਫੇਰ ਇਹਨਾਂ ਨੇ ਹਥਿਆਰਾਂ ਦਾ ਪ੍ਰਬੰਧ ਕੀਤਾ ਅਤੇ ਕਈ ਕੰਮ ਖਾਲਸਤਾਨ ਕਮਾਂਡੋ ਫੋਰਸ ਦੇ ਨਾਂ ਥੱਲੇ ਕੀਤੇ ਸਨ। ੧੯੮੬ ਵਿੱਚ ਇਹਨਾਂ ਨੇ ਜਲੰਧਰ ਕਚਹਿਰੀ ਵਿੱਚ ਜਨਰਲ ਲਾਭ ਸਿੰਘ ਨੂੰ ਛੁਡਾਇਆ ਅਤੇ ਫਿਰ ਉਹਨਾਂ ਨੂੰ ਖਾਲਸਤਾਨ ਕਮਾਂਡੋ ਫੋਰਸ ਦਾ ਮੁਖੀ ਬਣਾ ਦਿੱਤਾ। ਮੈਂ ਮਨਵੀਰ ਸਿੰਘ ਨੂੰ ਪੰਜ ਛੇ ਵਾਰ ਚਾਚਾ ਮਥਰਾ ਸਿੰਘ ਦੇ ਨਾਲ ਮਿਲਿਆ। ਉਸ ਨੇ ਸਾਨੂੰ ਦੁਆਬੇ ਵਿੱਚ ੫-੬ ਠਾਹਰਾਂ ਦਿੱਤੀਆਂ। ਓਹਨਾਂ ਨੇ ਜਿੰਨੇ ਵੀ ਕੰਮ ਕੀਤੇ ਬੜੇ ਜੋਰ ਅਤੇ ਸ਼ਾਨ ਨਾਲ ਕੀਤੇ। ਇਕ ਵਾਰ ਕਪੂਰਥਲੇ ਵਿੱਚ ਖੁੱਲੀ ਜੀਪ ਉਤੇ ਖਾਲਸਤਾਨ ਕਮਾਂਡੋ ਫੋਰਸ ਲਿਖਾ ਕੇ ਹਮਲਾ ਕੀਤਾ। ਹਰ ਹਮਲੇ ਵਿਚ ਉਹ ਆਪ ਅੱਗੇ ਹੋ ਕੇ ਤੁਰਦਾ ਸੀ। ਮੈਨੂੰ ਜਦੋਂ ਵੀ ਮਿਲਿਆ ਤਾਂ ਮੈਨੂੰ ਇੰਝ ਹੀ ਲੱਗਿਆ ਕਿ ਉਹ ਬਹੁਤ ਕਾਹਲੀ ਵਿੱਚ ਹੈ। ਉਸ ਤੋਂ ਅਰਾਮ ਨਾਲ ਬੈਠਿਆ ਨਹੀਂ ਸੀ ਜਾਂਦਾ। ਉਸ ਨੂੰ ਸਦਾ ਹੀ ਜਥੇਬੰਦੀ ਦੇ ਕੰਮ ਦਾ ਫਿਕਰ ਰਹਿੰਦਾ ਸੀ, ਖਾਣ ਪੀਣ ਦੀ ਕੋਈ ਪ੍ਰਵਾਹ ਨਹੀਂ ਸੀ। ਸੰਨ ੮੪ ਤੋਂ ਬਾਅਦ ਆਪਣੀ ਸ਼ਹਾਦਤ ਤੱਕ ਜਿੰਨੀ ਦੇਰ ਜੀਵੇ ਸਦਾ ਤਿਆਰ-ਬਰ-ਤਿਆਰ ਕਮਰ ਕਸੇ ਵਿੱਚ ਹੀ ਰਿਹਾ। ਉਹ ਸਦਾ ਜਾਂ ਤਾਂ ਕੋਈ ਕੰਮ ਕਰ ਰਿਹਾ ਹੁੰਦਾ ਸੀ ਜਾਂ ਕਿਸੇ ਕੰਮ ਵਾਰੇ ਸੋਚ ਰਿਹਾ ਹੁੰਦਾ ਸੀ।

ਇਕ ਵਾਰ ਜਲੰਧਰ ਇਕੱਠੇ ਹੋਏ ਤੇ ਦੁਪਹਿਰੇ ਬਹੁਤ ਗਰਮੀ ਵਿਚ ਅਸੀਂ ਪਏ ਸੀ। ਮਨਵੀਰ ਸਿੰਘ ਅਤੇ ਬਲਬੀਰ ਸਿੰਘ ਮੋਟਰਸਾਈਕਲ ਤੇ ਆਏ ਤੇ ਸਾਰਿਆਂ ਨੇ ਕਿਹਾ ਕਿ ਤੁਸੀਂ ਵੀ ਅਰਾਮ ਕਰ ਲਓ। ਬਲਬੀਰ ਸਿੰਘ ਤਾਂ ਲੰਮਾ ਪੈ ਗਿਆ ਪਰ ਮਨਵੀਰ ਸਿੰਘ ਨੇ ਬੂਟ ਨਹੀਂ ਖੋਲ੍ਹੇ ਤੇ ਉਸੇ ਤਰ੍ਹਾਂ ਸੋਫੇ ਤੇ ਪੈ ਗਿਆ। ਕੁਝ ਮਿੰਟ ਹੀ ਸੁੱਤਾ ਫਿਰ ਉਠ ਖੜ੍ਹਿਆ ਅਤੇ ਇਹ ਕਹਿ ਕੇ ਚਲਾ ਗਿਆ ਕਿ ਮੈਂ ਕਿਸੇ ਨੂੰ ਮਿਲਣਾ ਹੈ। ਕਦੇ ਉਹ ਚੋਲੇ ਅਤੇ ਗੋਲ ਦਸਤਾਰ ਵਿੱਚ ਹੁੰਦਾ ਤੇ ਕਦੀ ਜੀਨ ਟੀ ਸ਼ਰਟ ਵਿੱਚ ਹੁੰਦਾ ਅਤੇ ਰੈਅਬਨ ਦੀ ਐਨਕ ਲਾਈ ਹੁੰਦੀ। ਕਦੀ ਕਾਰ, ਮੋਟਰਸਾਇਕਲ, ਕਦੀ ਸਾਈਕਲ। ਜਿੰਨਾ ਚਿਰ ਉਹ ਖਾਲਸਤਾਨ ਕਮਾਂਡੋ ਫੋਰਸ ਦਾ ਮੁਖੀ ਰਿਹਾ ਉਸ ਨੇ ਜਥੇਬੰਦੀ ਦਾ ਬਹੁਤ ਵਿਸਥਾਰ ਕੀਤਾ। ਉਹਨਾਂ ਦਿਨਾਂ ਵਿੱਚ ਹਥਿਆਰ ਬਹੁਤ ਘੱਟ ਹੁੰਦੇ ਸੀ। ਹਾਲੇ ਪਾਕਿਸਤਾਨ ਤੋਂ ਹਥਿਆਰ ਨਹੀਂ ਸੀ ਆਉਣ ਲੱਗੇ। ਯੂਪੀ ਤੋਂ ਹਥਿਆਰ ਖਰੀਦਣ ਦਾ ਰਾਬਤਾ ਵੀ ਮਨਵੀਰ ਸਿੰਘ ਨੇ ਬਣਾਇਆ ਸੀ। ਕੁਦਰਤੀ

ਅਸੀਂ ਦਿੱਲੀ ਤੋਂ ਆ ਗਏ ਤੇ ਫਿਰ ਚਾਚਾ ਮਥਰਾ ਸਿੰਘ ਤੇ ਲਾਭ ਸਿੰਘ ਨੇ ਮੁੜ ਮਨਵੀਰ ਸਿੰਘ ਨੂੰ ਯੂਪੀ ਜਾਣ ਤੋਂ ਰੋਕ ਦਿੱਤਾ ਤੇ ਕਿਹਾ ਕਿ 'ਤੂੰ ਮੁਖੀ ਏਂ ਸਭ ਥਾਂ ਆਪ ਹੀ ਭੱਜਿਆ ਫਿਰਦਾ। ਆਪਣੀ ਹਿਫਾਜਤ ਦਾ ਕੁਝ ਦੇਖਦਾ ਹੀ ਨਹੀਂ'। ਫਿਰ ਅਸੀਂ ਸਰਬਜੀਤ ਸਿੰਘ ਬਾਠ ਤੇ ਦੋ ਹੋਰ ਸਿੰਘਾਂ ਨਾਲ ਯੂਪੀ ਗਏ ਤੇ ਉੱਥੇ ਹਫਤਾ ਕੁ ਰਹੇ ਅਤੇ ਚਾਰ-ਪੰਜ ਵਧੀਆ ਹਥਿਆਰ ਖਰੀਦੇ। ਇਹ ਬੜਾ ਖਤਰੇ ਵਾਲਾ ਕੰਮ ਹੁੰਦਾ ਹੈ ਕਿਉਂਕਿ ਅਸਲੇ ਦੇ ਵਪਾਰੀਆਂ ਦਾ ਪੁਲਿਸ ਨਾਲ ਵੀ ਲੈਣ-ਦੇਣ ਹੁੰਦਾ ਹੀ ਹੈ।

ਖਾਲਸਤਾਨ ਕਮਾਂਡੋ ਫੋਰਸ ਦੇ ਕੰਮਾਂ ਨਾਲ ਇਕ ਵਾਰ ਪੁਲਿਸ ਉਤੇ ਧਾਂਕ ਪੈ ਗਈ ਅਤੇ ਜਨਰਲ ਹਰੀ ਸਿੰਘ ਦਾ ਨਾਮ ਮਸ਼ਹੂਰ ਹੋ ਗਿਆ। ਜਨਰਲ ਲਾਭ ਸਿੰਘ ਦੇ ਖਾਲਸਤਾਨ ਕਮਾਂਡੋ ਫੋਰਸ ਦੇ ਮੁਖੀ ਬਨਣ ਤੋਂ ਪਹਿਲਾਂ ਸਾਡਾ ਜਥਾ ਕਈ ਕਾਰਵਾਈਆਂ ਕਰ ਚੁੱਕਿਆ ਸੀ (ਦਿੱਲੀ ਦੇ ਦੋਵੇਂ ਹਮਲੇ) ਪਰ ਅਸੀਂ ਕਿਸੇ ਜਥੇਬੰਦੀ ਵਿੱਚ ਨਹੀਂ ਸੀ। ਅਸੀਂ ਆਜਾਦ ਰੂਪ ਵਿਚ ਹੀ ਵਿਚਰਦੇ ਸੀ ਤੇ ਸਾਡੇ ਸਾਰਿਆਂ ਨਾਲ ਹੀ ਇੱਕੋ ਜਿਹੇ ਸਬੰਧ ਸਨ, ਦਮਦਮੀ ਟਕਸਾਲ ਨਾਲ, ਸਿੱਖ ਸਟੂਡੈਂਟਸ ਫੈਡਰੇਸ਼ਨ ਨਾਲ, ਖਾਲਸਤਾਨ ਕਮਾਂਡੋ ਫੋਰਸ ਨਾਲ, ਬਬਰ ਖਾਲਸਾ ਨਾਲ ਅਤੇ ਖਾਲਸਤਾਨ ਲਿਬਰੇਸ਼ਨ ਫੋਰਸ ਵਾਲਿਆਂ ਨਾਲ ਵੀ।

ਜਦੋਂ ਹਾਲੇ ਅਸੀਂ ਰੂਪੋਸ਼ ਨਹੀਂ ਸੀ ਉਦੋਂ ਵੀ ਪੰਥਕ ਸੇਵਾ ਵਿੱਚ ਸਰਗਰਮ ਸਾਂ। ਮੈਂ ਮਨਵੀਰ ਸਿੰਘ ਨੂੰ ਉਦੋਂ ਵੀ ਦੋ ਵਾਰ ਮਿਲ ਚੁੱਕਿਆ ਸੀ। ਇਕ ਵਾਰ ਪ੍ਰੋਫ਼ੈਸਰ ਰਜਿੰਦਰਪਾਲ ਸਿੰਘ ਬੁਲਾਰਾ ਦੇ ਪਿੰਡ ਜਦੋਂ ਯੂਨਾਈਟਡ ਅਕਾਲੀ ਦਲ ਨੂੰ ਤਿਆਰ ਕਰਨ ਲਈ ਬੈਠਕਾਂ ਹੋ ਰਹੀਆਂ ਸਨ। ਉਦੋਂ ਇਨ੍ਹਾਂ ਨਾਲ ਬਲਬੀਰ ਸਿੰਘ, ਬਾਬਾ ਬਲਵਿੰਦਰ ਸਿੰਘ, ਸਰਬਜੀਤ ਸਿੰਘ ਬਾਠ ਅਤੇ ਤਰਲੋਚਨ ਸਿੰਘ ਰੋਡੇ ਹੁੰਦੇ ਸਨ। ਅਸੀਂ ਸਾਰਾ ਦਿਨ ਉੱਥੇ ਇਕੱਠੇ ਰਹੇ ਸਾਨੂੰ ਨਹੀਂ ਸੀ ਪਤਾ ਕਿ ਇਹ ਜੰਗੀ ਸਿੰਘ ਹੈ। ਅਸੀਂ ਸਿੱਖ ਸਿਆਸਤ ਬਾਰੇ ਗੱਲਾਂ ਕਰਦੇ ਰਹੇ। ਇਕ ਵਾਰ ਮਾਡਲ ਗਰਾਮ ਲੁਧਿਆਣੇ ਵਿਚ ਕਿਸੇ ਠਾਹਰ ਤੇ ਬੈਠੇ ਸੀ ਅਤੇ ਇਹ ਵੀ ਦੋ ਸਿੰਘ ਆ ਗਏ। ਏਥੇ ਠਾਹਰ ਵਾਲੇ ਸਿੰਘ ਨੇ ਆਪਣੀ ਲਾਇਸੈਂਸੀ ੧੨ ਬੋਰ ਰਪੀਟਰ ਬੰਦੂਕ ਦਿਖਾਈ ਜਿਸ ਵਿਚੋਂ ਪੰਜ ਗੋਲੀਆਂ ਲਗਾਤਾਰ ਚੱਲ ਜਾਂਦੀਆਂ ਸਨ। ਉਹ ਹਥਿਆਰ ਦੇਖ ਕੇ ਮਨਵੀਰ ਸਿੰਘ ਬਹੁਤ ਜਿਆਦਾ ਖੁਸ਼ ਹੋਇਆ, ਜਿੰਨਾ ਚਿਰ ਓਥੇ ਰਿਹਾ ਆਪਣੇ ਕੋਲ ਫੜੀ ਰੱਖੀ। ਮੈਨੂੰ ਹਾਲੇ ਵੀ ਯਾਦ ਹੈ ਕਿ ਇਹਨਾਂ ਦੇ ਚਲੇ ਜਾਣ ਤੋਂ ਬਾਅਦ ਅਸੀਂ ਆਪਸ ਵਿੱਚ ਇਹ ਗੱਲ ਕਰਦੇ ਰਹੇ ਕਿ ਇਸ ਸਿੰਘ ਨੂੰ ਸ਼ਸਤਰ ਨਾਲ ਕਿੰਨਾ ਜਿਆਦਾ ਪਿਆਰ ਹੈ। ਬਾਅਦ ਵਿਚ ਇਹੋ ਜਿਹੀ ਬੰਦੂਕ ਇਹਨਾਂ ਨੇ ਵੀ ਕਿਤੋਂ ਹਾਸਲ ਕਰ ਲਈ ਸੀ। ਦਰਬਾਰ ਸਾਹਿਬ ਉਤੇ ਹਮਲੇ ਤੋਂ ਪਹਿਲਾਂ ਸੰਤਾਂ ਨੇ ਬਖਸ਼ੀਸ਼ ਸਿੰਘ ਤੇ ਲਾਭ ਸਿੰਘ ਨੂੰ ਦਿੱਲੀ ਵਾਲੇ ਕੰਮ ਲਈ ਕੁਝ ਹਥਿਆਰ ਦਿੱਤੇ ਸੀ ਅਤੇ

ਓਹਨਾਂ ਵਿੱਚ ਇੱਕ ਰਿਵਾਲਵਰ ਸੰਤਾਂ ਦੇ ਨਾਲ ਦਾ ਸੀ ਤੇ ਓਹਨਾਂ ਨੇ ਆਪ ਦਿੱਤਾ ਸੀ, ੩੮ ਸਪੈਸ਼ਲ ਲਾਲ ਮੁੱਠ ਵਾਲਾ ਸੀ।

ਰਿਬੈਰੋ ਉੱਤੇ ਹਮਲਾ ਅਤੇ ਲਾਭ ਸਿੰਘ ਨੂੰ ਛੁਡਾਉਣ ਦਾ ਸਾਰਾ ਕੰਮ ਮਨਵੀਰ ਸਿੰਘ ਨੇ ਅੱਗੇ ਹੋ ਕੇ ਕੀਤਾ। ਮਨਵੀਰ ਸਿੰਘ ਜਿੰਨਾ ਚਿਰ ਰਿਹਾ ਟਕਸਾਲ ਵਿਚਲੇ ਅਲਹਿਦਾ ਅਲਹਿਦਾ ਗਰੁੱਪ ਇਕੱਠੇ ਹੀ ਰਹੇ। ਉਹਦੇ ਫੜੇ ਜਾਣ ਤੋਂ ਬਾਅਦ ਬਾਬਾ ਮਾਨੋਚਾਹਲ, ਸੁਖਦੇਵ ਸਿੰਘ ਸਖੀਰਾ, ਅਰੂੜ ਸਿੰਘ, ਅਵਤਾਰ ਸਿੰਘ ਬ੍ਰਹਮਾ ਅਤੇ ਵੱਸਣ ਸਿੰਘ ਜਫਰਵਾਲ ਨੇ ਅਲੱਗ-ਅਲੱਗ ਰਾਹ ਚੁਣ ਲਏ।

ਮਨਵੀਰ ਸਿੰਘ ਦਾ ਸਰੀਰ ਬਹੁਤ ਫੁਰਤੀਲਾ ਤੇ ਤਾਕਤਵਰ ਸੀ ਤੇ ਜੰਗੀ ਝਪਟਾਂ ਵਿਚ ਉਹ ਬਹੁਤ ਮਾਹਿਰ ਸੀ। ਜੰਗ ਦੀ ਰਣਨੀਤੀ ਵਿਚ ਉਹਦੀ ਪੂਰੀ ਪਕੜ ਸੀ। ਜਿੰਨਾ ਚਿਰ ਉਹ ਜੰਗ ਦੇ ਮੈਦਾਨ ਵਿਚ ਹਾਜਰ ਰਿਹਾ ਹਰ ਘਟਨਾ ਵਿੱਚ ਉਹਦੀ ਛਾਪ, ਛੁਹ ਅਤੇ ਭੂਮਿਕਾ ਸੀ। ਉਹ ਵਿਦਵਾਨਾਂ ਤੇ ਰਾਜਨੀਤਕ ਸ਼ਖਸੀਅਤਾਂ ਦਾ ਸਤਿਕਾਰ ਕਰਦਾ ਸੀ, ਖਾਲਸਤਾਨ ਦਾ ਪੱਕਾ ਹਮਾਇਤੀ ਸੀ। ੧੯੮੫ ਦੀਆਂ ਚੋਣਾਂ ਦੇ ਵਿਰੋਧ ਵਿੱਚ ਉਹਦੀ ਮੁੱਖ ਭੂਮਿਕਾ ਸੀ। ਉਹ ਦਾ ਵਿਚਾਰ ਸੀ ਕਿ ਜੇ ਪੰਥ ਇਸ ਵਕਤ ਚੋਣਾਂ ਦੀ ਖੇਡ (ਜੋ ਕਿ ਸਰਕਾਰ ਦਾ ਹੀ ਇਕ ਹਿੱਸਾ ਹੈ) ਵਿੱਚ ਆਉਂਦਾ ਹੈ ਤਾਂ ਖਾਲਸਤਾਨ ਲਈ ਹਥਿਆਰਬੰਦ ਸੰਘਰਸ਼ ਅੱਗੇ ਨਹੀਂ ਤੁਰੇਗਾ।

ਬਹੁਤ ਸਾਰੇ ਸਿੰਘ ਉਸ ਨੂੰ ਬਹੁਤ ਵਾਰ ਆਪਣੀ ਹਿਫਾਜਤ ਦਾ ਖਿਆਲ ਰੱਖਣ ਲਈ ਕਹਿੰਦੇ ਸਨ ਪਰ ਉਹਨੂੰ ਸੰਘਰਸ਼ ਦੀ ਇੰਨੀ ਖਿੱਚ ਸੀ ਕਿ ਉਹ ਕਦੀ ਵੀ ਕੋਈ ਸੰਕੋਚ ਨਹੀਂ ਸੀ ਕਰਦਾ ਤੇ ਦਿਨ ਰਾਤ ਸਰਗਰਮ ਰਹਿੰਦਾ ਸੀ। ਇਸ ਕਾਰਨ ਹੀ ਜਲੰਧਰ ਵਿਚ ਮੇਜਰ ਬਲਦੇਵ ਸਿੰਘ ਘੁੰਮਣ ਦੇ ਘਰ ਤੋਂ ਫੜਿਆ ਗਿਆ। ਇਹ ਫੜ ਕਿਵੇਂ ਹੋਇਆ ਤੇ ਕਿਸਨੇ ਫੜਾਇਆ ਇਹ ਹਾਲੇ ਵੀ ਯਕੀਨ ਨਾਲ ਨਹੀਂ ਕਿਹਾ ਜਾ ਸਕਦਾ। ਫੜੇ ਜਾਣ ਮਗਰੋਂ ਮਨਵੀਰ ਸਿੰਘ ਨਾਲ ਕੀ ਹੋਇਆ ਸਰਕਾਰ ਨੇ ਕਦੀ ਵੀ ਨਹੀਂ ਦੱਸਿਆ।

ਸਾਨੂੰ ਇਹ ਜਰੂਰ ਪਤਾ ਹੈ ਕਿ ਜਦੋਂ ੧੯੮੮ ਵਿਚ ਜਸਵੀਰ ਸਿੰਘ ਰੋਡੇ ਰਿਹਾਅ ਹੋਇਆ ਅਤੇ ਅਕਾਲ ਤਖਤ ਸਾਹਿਬ ਦਾ ਜਥੇਦਾਰ ਬਣਿਆ ਤਾਂ ਉਸਦਾ ਕਹਿਣਾ ਸੀ ਕਿ ਸਰਕਾਰ ਕੋਲ ਮਨਵੀਰ ਸਿੰਘ ਸਮੇਤ ਹੋਰ ਕਈ ਸਿੰਘਾਂ ਦਾ ਕੁਝ ਪਤਾ ਲੱਗਿਆ ਹੈ ਕਿ ਉਹ ਸਹੀ ਸਲਾਮਤ ਹਨ। ਜੇ ਸਰਕਾਰ ਨਾਲ ਗੱਲਬਾਤ ਹੋਵੇ ਤਾਂ ਸਰਕਾਰ ਓਹਨਾਂ ਨੂੰ ਛੱਡ ਸਕਦੀ ਹੈ। ਇਸ ਵਿੱਚ ਕਿੰਨੀ ਕੁ ਸਚਾਈ ਹੈ ਕੁਝ ਕਿਹਾ ਨਹੀਂ ਜਾ ਸਕਦਾ ਹੈ ਪਰ ਬਾਅਦ ਵਿੱਚ ਸਾਨੂੰ ਵੀ ਆਪਣੇ ਪੁਲਿਸ ਵਿਚਲੇ ਕੁਝ ਸੂਤਰਾਂ ਤੋਂ ਪਤਾ ਲੱਗਿਆ ਕਿ ਆਈਬੀ ਨੇ ਦਿੱਲੀ ਵਿਖੇ ਇਹੋ ਜਿਹੇ ਕੁਝ ਚੋਟੀ ਦੇ ਸਿੰਘਾਂ ਨੂੰ ਗੁਪਤ ਕੈਦ ਵਿੱਚ ਰੱਖਿਆ ਹੋਇਆ ਹੈ ਤਾਂ ਜੋ ਇਨ੍ਹਾਂ ਸਿੰਘਾਂ ਦੇ ਹੌਲੀ-ਹੌਲੀ

ਹੌਂਸਲੇ ਤੋੜ ਦਿੱਤੇ ਜਾਣ ਜਾਂ ਫਿਰ ਜੇ ਕਿਤੇ ਸੰਘਰਸ਼ ਨਾਲ ਸਮਝੌਤਾ ਹੁੰਦਾ ਹੈ ਤਾਂ ਇਨ੍ਹਾਂ ਨੂੰ ਭਾਰ ਵਧਾਉਣ ਲਈ ਵਰਤਿਆ ਜਾਵੇ।

ਜਿਹੜੇ ਸਿੰਘ ਦਿੱਲੀ ਵਿਚ ਆਈਬੀ ਦੀ ਕੈਦ (ਲਾਲ ਕਿਲੇ ਦੇ ਥੱਲੇ ਪੁਰਾਣੀ ਜੇਲ੍ਹ) ਵਿੱਚ ਸਨ ਉੱਥੇ ਓਹਨਾਂ ਦੀ ਹਾਲਤ ਬਹੁਤ ਤਰਸਯੋਗ ਸੀ। ਓਹਨਾਂ ਵਿਚੋਂ ਬਹੁਤਿਆਂ ਨੂੰ ਟੀਬੀ ਹੋ ਗਈ ਸੀ ਅਤੇ ਉਹਨਾਂ ਨੂੰ ਲੰਮੇ ਸਮੇਂ ਵਿੱਚ ਸਰੀਰਕ ਅਤੇ ਮਾਨਸਿਕ ਤਸ਼ਦੱਦ ਨਾਲ ਲਗਾਤਾਰ ਥੋੜ੍ਹਾ-ਥੋੜ੍ਹਾ ਮਾਰਿਆ ਗਿਆ। ਇੱਕ ਸਿੰਘ ਜੋ ਕੁਝ ਸਮਾਂ ਕੈਦ ਵੀ ਰਿਹਾ ਉਸ ਨੇ ਇਹ ਗੱਲ ਦੀ ਤਸਦੀਕ ਕੀਤੀ ਸੀ ਕਿ ਜਦੋਂ ਮੈਂ ਪੁਲਿਸ ਦੀ ਗੱਲ ਮੰਨ ਨਹੀਂ ਸੀ ਰਿਹਾ ਤਾਂ ਉਹਨਾਂ ਨੇ ਤੋੜਨ ਲਈ ਮੈਨੂੰ ਮਨਵੀਰ ਸਿੰਘ ਦੀ ਹਾਲਤ ਵਿਖਾਈ ਕਿ 'ਆਹ ਆਪਣੇ ਜਨਰਲ ਨੂੰ ਦੇਖ ਲੈ'। ਉਹ ਸਿੰਘ ਦੇ ਕਹਿਣ ਮੁਤਾਬਿਕ ਉਸ ਵੇਲੇ ਮਨਵੀਰ ਸਿੰਘ ਦੀ ਸਰੀਰਕ ਹਾਲਤ ਬਹੁਤ ਮਾੜੀ ਸੀ ਬਹੁਤ ਬਿਮਾਰ ਸੀ, ਅੱਖਾਂ ਖਰਾਬ ਸਨ ਅਤੇ ਇਕ ਹੱਥ ਕੱਟਿਆ ਹੋਇਆ ਸੀ।

ਇਹ ਸਾਰੀਆਂ ਗੱਲਾਂ ਦਾ ਕੋਈ ਪੱਕਾ ਸਬੂਤ ਤਾਂ ਨਹੀਂ ਪਰ ਇਹ ਗੱਲ ਸਹੀ ਹੈ ਕਿ ਸਰਕਾਰ ਨੇ ਕਈ ਚੋਣਵੇਂ ਆਗੂ ਸਿੰਘਾਂ ਨੂੰ ਲੰਮਾ ਸਮਾਂ ਜਿਉਂਦੇ ਰੱਖਿਆ ਅਤੇ ਓਹਨਾਂ ਨੂੰ ਹਰ ਤਰ੍ਹਾਂ ਦੇ ਤਸ਼ੱਦਦ ਵਿੱਚੋਂ ਦੀ ਲੰਘਾਇਆ ਅਤੇ ਆਖਰਕਾਰ ਜਦੋਂ ਉਹ ਇਨ੍ਹਾਂ ਅਨੁਸਾਰ ਨਹੀਂ ਚੱਲੇ ਤਾਂ ਓਹਨਾਂ ਨੂੰ ਖਤਮ ਕਰ ਦਿੱਤਾ।

ਇਨ੍ਹਾਂ ਸਿੰਘਾਂ ਵਿਚੋਂ ਕੁਝ ਨਾਂ ਪਰਮੁੱਖ ਹਨ ਮਨਵੀਰ ਸਿੰਘ ਚਹੇੜੂ, ਤਰਸੇਮ ਸਿੰਘ ਕੋਹਾੜ, ਅਵਤਾਰ ਸਿੰਘ ਪਹਿਲਵਾਨ, ਦਰਸ਼ਨ ਸਿੰਘ ਡੱਲਾ ਅਤੇ ਸੁਲੱਖਣ ਸਿੰਘ ਬਬਰ। ਮੈਂ ਇਹਨਾਂ ਪੰਜਾਂ ਸਿੰਘਾਂ ਦੇ ਹੀ ਬਹੁਤ ਵਾਰ ਦਰਸ਼ਨ ਕੀਤੇ ਹਨ ਤੇ ਸਾਥ ਮਾਣਿਆ ਹੈ। ਮੈਨੂੰ ਉਹਨਾਂ ਦੇ ਹੱਸਦੇ ਲਿਸ਼ਕਦੇ ਜਲਾਲੀ ਚਿਹਰੇ ਯਾਦ ਆਉਂਦੇ ਹਨ ਅਤੇ ਨਾਲ ਹੀ ਆਈਬੀ ਦੀ ਕੈਦ ਵਿੱਚ ਓਹਨਾਂ ਦੇ ਢਾਹੇ ਗਏ ਤਸ਼ੱਦਦ ਦੀ ਲੜੀ ਅੱਖਾਂ ਅੱਗੇ ਲੰਘ ਜਾਂਦੀ ਹੈ ਪਰ ਮੈਂ ਇਨ੍ਹਾਂ ਪੰਜਾਂ ਨੂੰ ਜਾਣਦਾ ਹਾਂ ਕਿ ਇਨ੍ਹਾਂ ਤੇ ਗੁਰੂ ਦੀ ਬਖਸ਼ਿਸ਼ ਸੀ ਤੇ ਇਨ੍ਹਾਂ ਨੂੰ ਤਸ਼ੱਦਦ ਦੇ ਲੰਮੇ ਦੌਰ ਕੁਝ ਨਹੀਂ ਸੀ ਕਰ ਸਕਦੇ। ਇਹੋ ਜਿਹੇ ਸਿੰਘ ਜੋ ਸਾਡੀ ਜੰਗ ਦਾ ਧੁਰਾ ਸਨ ਇਸ ਖਾਲਸ ਧੁਰੇ ਦੇ ਆਲੇ-ਦੁਆਲੇ ਰਹਿ ਕੇ ਸਾਡੇ ਵਰਗੇ ਸਭ ਸਿੰਘਾਂ ਨੇ ਸੰਘਰਸ਼ ਲੜਨਾ ਸੀ।

ਮਨਵੀਰ ਸਿੰਘ ਪਹਿਲਾਂ ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ ਨਾਲ ਰਹੇ ਫਿਰ ਪੱਕੇ ਤੌਰ ਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨਾਲ ਪਹਿਰੇ ਤੇ ਦਰਬਾਰ ਸਾਹਿਬ ਆ ਗਏ। ਉਹ ਛੇਤੀ ਹੀ ਸੰਤਾਂ ਦੇ ਵਿਸ਼ਵਾਸ ਵਾਲੇ ਸਿੰਘਾਂ ਵਿੱਚ ਸ਼ਾਮਲ ਹੋ ਗਏ। ਇਹਨਾਂ ਨੇ ਜੂਨ ੧੯੮੪ ਤੋਂ ਪਹਿਲਾਂ ਹੀ ਕਈ ਕੰਮ ਕੀਤੇ ਸਨ ਤੇ ਚੰਗਾ ਤਜਰਬਾ ਹੋ ਗਿਆ ਸੀ। ਇਹਨਾਂ ਦਾ ਸੁਰਿੰਦਰ ਸਿੰਘ ਸੋਢੀ, ਲਾਭ ਸਿੰਘ, ਬਖਸ਼ੀਸ਼ ਸਿੰਘ ਵਰਗੇ ਸਿੰਘਾਂ ਨਾਲ ਸਬੰਧ ਸੀ। ਹਮਲੇ ਤੋਂ ਕੁਝ ਦਿਨ ਪਹਿਲਾਂ ਸੰਤਾਂ ਨੇ ਇਹਨੂੰ ਦਰਬਾਰ

ਸਾਹਿਬ ਤੋਂ ਬਾਹਰ ਭੇਜ ਦਿੱਤਾ ਸੀ। ਸ਼ਾਇਦ ਸੰਤਾਂ ਨੇ ਇਹ ਅਨੁਭਵ ਕੀਤਾ ਹੋਵੇ ਕਿ ਇਹ ਸਿੰਘ ਵਿੱਚ ਆਉਣ ਵਾਲੇ ਔਖੇ ਸਮੇਂ ਵਿਚ ਕੰਮ ਕਰਨ ਦੀ ਲਿਆਕਤ ਹੈ।

ਸਭ ਤੋਂ ਪਹਿਲਾਂ ਮੈਂ ਮਨਵੀਰ ਸਿੰਘ ਨੂੰ ਓਦੋਂ ਮਿਲਿਆ ਜਦੋਂ ਹਾਲੇ ਮੇਰੇ ਮਨ ਵਿਚ ਖਾੜਕੂ ਸੰਘਰਸ਼ ਬਾਰੇ ਕੋਈ ਖਿਆਲ ਵੀ ਨਹੀਂ ਸੀ। ਇਹ ਗੱਲ ੧੯੮੩ ਦੀ ਦਿਵਾਲੀ ਦੀ ਹੈ। ਹਰਚਰਨ ਸਿੰਘ ਮਹਾਲੋਂ, ਜਥੇਦਾਰ ਕੇਸਗੜ੍ਹ ਸਾਹਿਬ ਮੇਰੇ ਦਾਦੇ ਦੀ ਥਾਂ ਲੱਗਦੇ ਸਨ। ਉਹਨਾਂ ਦੀ ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ ਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨਾਲ ਬੜੀ ਨੇੜਤਾ ਸੀ ਤੇ ਉਹ ਇਨ੍ਹਾਂ ਦਾ ਬਹੁਤ ਸਤਿਕਾਰ ਕਰਦੇ ਸੀ। ਮੈਨੂੰ ਤੇ ਮੇਰੀ ਮਾਤਾ ਜੀ ਨੂੰ ਜਥੇਦਾਰ ਮਹਾਲੋਂ ਆਪਣੇ ਨਾਲ ਅੰਮ੍ਰਿਤਸਰ ਲੈ ਗਏ ਤੇ ਅਸੀਂ ਦੋ ਦਿਨ ਉਥੇ ਰਹੇ। ਏਥੇ ਹੀ ਮੈਂ ਬਾਬਾ ਜੀ ਦੇ ਨਾਲ ਗੁਰੂ ਨਾਨਕ ਨਿਵਾਸ ਦੀ ਛੱਤ ਤੇ ਸੰਤਾਂ ਦੇ ਦਰਸ਼ਨ ਕੀਤੇ। ਇਥੇ ਬਾਬਾ ਜੀ ਨੂੰ ਕਮਰੇ ਵਿੱਚ ਬਹੁਤ ਸਿੰਘ ਆ ਕੇ ਮਿਲਦੇ ਰਹੇ। ਖਾੜਕੂ ਸੰਘਰਸ਼ ਵਿੱਚ ਸ਼ਾਮਲ ਹੋਣ ਤੋਂ ਬਾਅਦ ਮੈਂ ਉਹਨਾਂ ਚੋਂ ਇਕ ਸਿੰਘ ਭਾਈ ਸੁਲੱਖਣ ਸਿੰਘ (ਬਬਰ) ਨੂੰ ਮਿਲਿਆ ਤੇ ਦੂਜਾ ਸੁਰਿੰਦਰ ਸਿੰਘ (ਐਗਰੀਕਲਚਰ ਇੰਸਪੈਕਟਰ) ਦਰਬਾਰ ਸਾਹਿਬ ਦੀ ਜੰਗ ਵਿਚ ਹੀ ਸ਼ਹੀਦ ਹੋ ਗਿਆ। ਇਹ ਦੋਵੇਂ ਸਿੰਘ ਕਾਫੀ ਚਿਰ ਬਾਬਾ ਜੀ ਕੋਲ ਬੈਠੇ ਰਹੇ ਸੀ।

ਅਗਲੇ ਦਿਨ ਜਦੋਂ ਅਸੀਂ ਵਾਪਸ ਹਰਖੋਵਾਲ ਵਾਲੇ ਸੰਤਾਂ ਦੇ ਡੇਰੇ 'ਤੇ ਗਏ ਤਾਂ ਬਾਬਾ ਨਿਹਾਲ ਸਿੰਘ ਹੋਰੀਂ ਸਾਡੇ ਨਾਲ ਹੀ ਸੀ। ਉਥੋਂ ਲੁਧਿਆਣੇ ਆਉਣ ਲਈ ਅਸੀਂ ਬਾਬਾ ਨਿਹਾਲ ਸਿੰਘ ਹੋਰਾਂ ਦੀ ਖੁੱਲ੍ਹੀ ਜੀਪ ਵਿੱਚ ਬੈਠ ਗਏ ਅਤੇ ਉਹਨਾਂ ਸਾਨੂੰ ਫਗਵਾੜੇ ਬੱਸ ਅੱਡੇ ਤੇ ਛੱਡਿਆ। ਇਹਨਾਂ ਸਿੰਘਾਂ ਵਿੱਚ ਇੱਕ ਸਿੰਘ ਜਿਸਨੇ ਨੀਲਾ ਚੋਲਾ ਤੇ ਐਨਕਾਂ ਲਾਈਆਂ ਹੋਈਆਂ ਸੀ ਤੇ ਉਸ ਕੋਲ ਦੁਨਾਲੀ ਬੰਦੂਕ ਸੀ। ਇਹ ਮਨਵੀਰ ਸਿੰਘ ਸੀ। ਉਸ ਵਕਤ ਮੈਨੂੰ ਬਾਬਾ ਨਿਹਾਲ ਸਿੰਘ ਤੇ ਓਹਨਾਂ ਦੇ ਸਾਥੀਆਂ ਦੀ ਪੰਥਕ ਆਭਾ ਨੇ ਬਹੁਤ ਪ੍ਰਭਾਵਿਤ ਕੀਤਾ। ਮੈਨੂੰ ਇਨ੍ਹਾਂ ਦੇ ਸੁਭਾਅ ਤੇ ਗੱਲਬਾਤ ਖਾਸ ਕਰਕੇ ਮਨਵੀਰ ਸਿੰਘ ਜੋ ਪਿਛਲੇ ਪਾਸੇ ਮੇਰੇ ਨਾਲ ਬੈਠਾ ਸੀ, ਵਿਚੋਂ ਆਜਾਦੀ ਤੇ ਬਾਗੀਪੁਣੇ ਦੀ ਮਹਿਕ ਆਈ।

ਚਹੇੜੂ ਦੇ ਪੁਲ ਕੋਲ ਸਾਨੂੰ ਸੀਆਰਪੀਐਫ ਦੇ ਨਾਕੇ ਤੇ ਤਲਾਸ਼ੀ ਲਈ ਰੋਕਿਆ। ਸੀਆਰਪੀਐਫ ਅਤੇ ਪੁਲਿਸ ਵਾਲੇ ਸਾਡੀ ਜੀਪ ਦੇ ਆਲੇ ਦੁਆਲੇ ਹੋ ਗਏ। ਮੇਰੇ ਲਈ ਜਿੰਦਗੀ ਵਿੱਚ ਇਹੋ ਜਿਹਾ ਪਹਿਲਾ ਤਜਰਬਾ ਸੀ ਪਰ ਬਾਬਾ ਨਿਹਾਲ ਸਿੰਘ ਗੱਡੀ ਵਿੱਚ ਉਸੇ ਤਰ੍ਹਾਂ ਅੱਗੇ ਬੈਠੇ ਰਹੇ। ਉਹਨਾਂ ਨਾਲ ਦੇ ਦੋ ਤਿੰਨ ਸਿੰਘ ਗੱਡੀ ਤੋਂ ਉਤਰ ਕੇ ਬੰਦੂਕਾਂ ਲੈ ਕੇ ਬੜੀ ਮੁਸਤੈਦੀ ਨਾਲ ਖੜ੍ਹੇ ਰਹੇ। ਉਹਨਾਂ ਨੇ ਸੀਆਰਪੀਐਫ ਦਾ ਕੋਈ ਦਬਾਅ ਨਹੀਂ ਮੰਨਿਆ, ਇੰਨੇ ਚਿਰ ਨੂੰ ਪੰਜਾਬ ਪੁਲਿਸ ਦਾ ਇੰਸਪੈਕਟਰ ਆ ਗਿਆ ਤੇ ਉਸ ਨੇ ਕਿਹਾ ਕਿ ਬਾਬਾ ਜੀ ਤੁਸੀਂ ਜਾਉ। ਮੈਨੂੰ ਉਦੋਂ ਸਿੰਘਾਂ ਦਾ ਇਹ ਅੰਦਾਜ

ਚੰਗਾ ਲੱਗਿਆ ਪਰ ਇਹ ਪਤਾ ਨਹੀਂ ਸੀ ਕਿ ਅੱਗੇ ਜਾ ਕੇ ਇੱਕ ਦਿਨ ਏਹਨਾਂ ਸਿੰਘਾਂ ਨਾਲ ਕਦਮ ਮਿਲਾ ਕੇ ਐਸੇ ਤਰ੍ਹਾਂ ਹਥਿਆਰ ਚੁੱਕਣੇ ਪੈਣਗੇ।

ਮਨਵੀਰ ਸਿੰਘ ਨੂੰ ਮੇਜਰ ਬਲਦੇਵ ਸਿੰਘ ਘੁੰਮਣ ਦੇ ਘਰੋਂ ਜਲੰਧਰ ਦੇ ਪੁਲਿਸ ਮੁਖੀ ਸਵਰਨ ਘੋਟਣੇ ਨੇ ਫੜਿਆ ਸੀ। ਇਹ ਘਟਨਾ ਤੋਂ ਬਾਅਦ ਕੁਝ ਫੈਡਰੇਸ਼ਨ ਆਗੂਆਂ ਨੂੰ ਜਿੰਮੇਵਾਰ ਸਮਝਿਆ ਗਿਆ। ਹਾਲਾਤ ਦੇ ਦਬਾਅ ਹੇਠ, ਬਿਨਾ ਕਿਸੇ ਸਬੂਤ ਦੇ, ਮਹਿਜ ਸ਼ੱਕ ਜਾਂ ਮੌਕਾ ਮੇਲ ਨਾਲ ਕਿਸੇ ਨੂੰ ਦੋਸ਼ੀ ਠਹਿਰਾਉਣਾ ਕਾਹਲੀ ਦਾ ਕਦਮ ਹੁੰਦਾ ਹੈ। ਸਭ ਤੋਂ ਵੱਡਾ ਕਾਰਣ ਇਹ ਸੀ ਕਿ ਮੇਜਰ ਬਲਦੇਵ ਸਿੰਘ ਹੋਰਾਂ ਦਾ ਘਰ ਕਿਸੇ ਜੰਗੀ ਸਿੰਘ ਲਈ ਕੋਈ ਸੁਰਖਿਅਤ ਥਾਂ ਨਹੀਂ ਸੀ। ਪੁਲਿਸ ਲਈ ਉਹ ਪਹਿਲਾਂ ਹੀ ਸ਼ੱਕੀ ਥਾਂ ਸੀ। ਬਾਅਦ ਵਿਚ ਇਹ ਗੱਲ ਜਾਹਰ ਹੋ ਗਈ ਕਿ ਉਸ ਵਕਤ ਕਈ ਬੰਦੇ ਜੋ ਮਨਵੀਰ ਸਿੰਘ ਦੇ ਬਹੁਤ ਨੇੜੇ ਸਨ ਤੇ ਬਾਅਦ ਵਿਚ ਉਹਨਾਂ ਨੇ ਪੰਥ ਦਾ ਸ਼ਰੇਆਮ ਅੱਗੇ ਹੋ ਕੇ ਨੁਕਸਾਨ ਕੀਤਾ ਪਰ ਉਸ ਵੇਲੇ ਉਹਨਾਂ ਤੇ ਕਦੀ ਵੀ ਸ਼ੱਕ ਨਹੀਂ ਕੀਤੀ ਗਈ।

ਬਹੁਤ ਵਾਰੀ ਸਾਨੂੰ ਇਹ ਪਤਾ ਨਹੀਂ ਲਗਦਾ ਹੁੰਦਾ ਕਿ ਨੁਕਸਾਨ ਕਿੱਥੋਂ ਸ਼ੁਰੂ ਹੋਇਆ ਤੇ ਕੌਣ ਉਸ ਲਈ ਜਿੰਮੇਵਾਰ ਹੈ। ਖਾੜਕੂ ਸੰਘਰਸ਼ ਵਿੱਚ ਇਹ ਗੱਲਾਂ ਦਾ ਪੂਰਾ ਪਤਾ ਲਾਉਣਾ ਬਹੁਤ ਮੁਸ਼ਕਲ ਹੁੰਦਾ ਹੈ ਜਿੱਥੇ ਸਰਕਾਰ ਨੇ ਹਰ ਪਾਸੇ ਆਪਣੇ ਬੰਦੇ ਖੜ੍ਹੇ ਕੀਤੇ ਹੋਣ। ਇਹੋ ਜਿਹੇ ਹਾਲਾਤ ਵਿਚ ਅਸੀਂ ਬਹੁਤ ਛੇਤੀ ਕਿਸੇ ਤੇ ਸ਼ੱਕ ਕਰ ਲਈਦਾ ਹੈ ਅਤੇ ਏਵੇਂ ਹੋਣਾ ਸੁਭਾਵਕ ਵੀ ਹੈ। ਮੇਰਾ ਸੰਘਰਸ਼ ਦੌਰਾਨ ਅਤੇ ਬਾਅਦ ਵਿਚ ਵੀ ਤਜਰਬਾ ਹੈ ਕਿ ਜਦੋਂ ਵੀ ਸ਼ੱਕ ਵਾਲੇ ਹਾਲਾਤ ਵਿਚ ਕਾਹਲੀ ਕੀਤੀ ਜਾਂਦੀ ਹੈ ਤਾਂ ਇਸ ਦੇ ਚੰਗੇ ਸਿੱਟੇ ਨਹੀਂ ਨਿਕਲਦੇ ਅਤੇ ਸਗੋਂ ਸਚਾਈ ਤੇ ਹੋਰ ਵੀ ਪਰਦਾ ਪੈ ਜਾਂਦਾ ਹੈ।

ਬਲਬੀਰ ਸਿੰਘ ਹੁਸ਼ਿਆਰਪੁਰ

ਇਹਨਾਂ ਦੀ ਉਮਰ ਉਸ ਵਕਤ ਮਨਵੀਰ ਸਿੰਘ ਵਾਂਗ ਚੌਵੀ ਪੱਚੀ ਸਾਲ ਸੀ। ਦਰਮਿਆਨਾ ਕੱਦ, ਸਾਂਵਲਾ ਰੰਗ, ਗਠਿਆ ਹੋਇਆ ਸਰੀਰ। ਇਹ ਸਿੰਘ ਪਿੰਡ ਰਾਏਪੁਰ ਜਿਲਾ ਹੁਸ਼ਿਆਰਪੁਰ ਦਾ ਰਹਿਣ ਵਾਲਾ ਸੀ। ਇਹਨਾਂ ਦਾ ਪਰਿਵਾਰ ਪਹਿਲਾਂ ਵੀ ਕੈਨੇਡਾ ਰਹਿੰਦਾ ਸੀ ਤੇ ਹੁਣ ਵੀ ਕੈਨੇਡਾ ਹੀ ਹੈ। ਗੌਰਮਿੰਟ ਕਾਲਜ ਹੁਸ਼ਿਆਰਪੁਰ ਤੋਂ ਇਨ੍ਹਾਂ ਨੇ ਪੜ੍ਹਾਈ ਕੀਤੀ। ਉਸ ਵੇਲੇ ਕਾਲਜਾਂ ਦੇ ਨੌਜਵਾਨ ਵਾਂਗ ਵਿਚਰਦੇ ਸਨ ਤੇ ਆਪਣੇ ਇਲਾਕੇ ਵਿਚ ਮਸ਼ਹੂਰ ਸਨ। ਜਦੋਂ ਦਰਬਾਰ ਸਾਹਿਬ 'ਤੇ ਹਮਲਾ ਹੋਇਆ ਤਾਂ ਸਭ ਕੁਝ ਸਦਾ ਲਈ ਬਦਲ ਗਿਆ ਤੇ ਖਾਲਸਤਾਨ ਲਈ ਜੁਝਾਰੂ ਲਹਿਰ ਵਿੱਚ ਮਨਵੀਰ ਸਿੰਘ ਨਾਲ ਸ਼ਾਮਲ ਹੋ ਗਏ। ਇਹ ਬੜੇ ਮਿੱਠੇ ਸੁਭਾਅ ਅਤੇ ਸਭ ਨੂੰ ਨਾਲ ਲੈ ਕੇ ਤੁਰਨ ਵਾਲੀ ਸਖਸ਼ੀਅਤ ਸੀ। ਬਹੁਤ ਦਲੇਰ ਤੇ ਦ੍ਰਿੜ੍ਹ ਇਰਾਦੇ ਵਾਲਾ ਜੁਝਾਰੂ ਸੀ।

ਜ਼ਿੰਦਗੀ ਵਿੱਚ ਬਹੁਤ ਸਬਰ ਤੇ ਸੰਜਮ ਸੀ। ਜਿੱਥੇ ਪਹਿਲਾਂ ਲੜਾਈਆਂ ਤੇ ਮਹਿਫਲਾਂ ਚੱਲਦੀਆਂ ਸਨ ਹੁਣ ਨਾਮ ਸਿਮਰਨ ਤੇ ਪੰਥ ਲਈ ਗਹਿਰ ਗੰਭੀਰ ਵਿਚਾਰਾਂ ਸਨ।

ਸੁਖਦੇਵ ਸਿੰਘ ਸੁੱਖੇ ਦਾ ਕਿਰਦਾਰ ਵੀ ਬਲਬੀਰ ਸਿੰਘ ਵਰਗਾ ਹੀ ਸੀ। ਇੱਕ ਵਾਰ ਸ਼ਾਮ ਚੁਰਾਸੀ (ਜਿਲ੍ਹਾ ਹੁਸ਼ਿਆਰਪੁਰ) ਕੋਲ ਕੁਦਰਤੀ ਸੁਖਦੇਵ ਸਿੰਘ, ਚਰਨਜੀਤ ਸਿੰਘ, ਮਥਰਾ ਸਿੰਘ, ਬਲਵੀਰ ਸਿੰਘ, ਅਜੀਤਪਾਲ ਸਿੰਘ ਤੇ ਕੁਝ ਹੋਰ ਸਿੰਘ ਅਸੀਂ ਇਕੱਠੇ ਹੋਏ ਅਤੇ ਉਥੇ ਖਾਲਸਤਾਨ ਦੀ ਪ੍ਰਾਪਤੀ ਬਾਰੇ ਗੱਲਾਂ ਹੋਣ ਲੱਗ ਪਈਆਂ ਕਿ ਕਿਵੇਂ ਬਣੇਗਾ, ਕਦੋਂ ਬਣੇਗਾ, ਕਿਹੋ ਜਿਹਾ ਬਣੇਗਾ? ਸਾਡੇ ਹੁੰਦਿਆਂ ਬਣੇਗਾ ਕਿ ਨਹੀਂ? ਵੱਖ-ਵੱਖ ਤਰ੍ਹਾਂ ਦੀ ਵਿਚਾਰ ਹੋ ਰਹੀ ਸੀ ਚਰਨਜੀਤ ਸਿੰਘ ਤਲਵੰਡੀ ਆਮ ਤੌਰ ਤੇ ਇਹੋ ਜਿਹੇ ਵਿਚਾਰ ਵਟਾਂਦਰੇ ਦਾ ਸੂਤਰਧਾਰ ਹੁੰਦਾ ਸੀ ਕਿਉਂਕਿ ਉਸ ਕੋਲ ਬਹੁਤ ਗਿਆਨ ਤੇ ਰਾਜਨੀਤਿਕ ਤਜਰਬਾ ਸੀ। ਉਦੋਂ ਹੋਈ ਲੰਮੀ ਗੱਲਬਾਤ ਵਿਚੋਂ ਹੋਰ ਤਾਂ ਬਹੁਤਾ ਕੁਝ ਯਾਦ ਨਹੀਂ ਪਰ ਮੈਨੂੰ ਸੁਖਦੇਵ ਸਿੰਘ ਤੇ ਬਲਬੀਰ ਸਿੰਘ ਦਾ ਇਹ ਪੈਂਤੜਾ ਲੈਣਾ ਯਾਦ ਹੈ ਕਿ ਸਾਡਾ ਸੰਘਰਸ਼ ਸਦੈਵ ਹੈ। ਖਾਲਸਤਾਨ ਕਦੋਂ ਬਣਦਾ ਹੈ ਇਹ ਅਹਿਮ ਨਹੀਂ ਸਾਡੇ ਲਈ ਤਾਂ ਇਹ ਜੰਗ ਤੇ ਇਹ ਸ਼ਹਾਦਤਾਂ ਅਹਿਮ ਹਨ। ਸਾਨੂੰ ਲਗਦਾ ਹੈ ਕਿ ਇਹ ਹੀ ਸਭ ਕੁਝ ਹੈ। ਜੇ ਖਾਲਸਤਾਨ ਬਣ ਵੀ ਜਾਂਦਾ ਹੈ ਫਿਰ ਵੀ ਇਹ ਸੰਘਰਸ਼ ਕਿਸੇ ਨਾ ਕਿਸੇ ਰੂਪ ਵਿਚ ਜਾਰੀ ਰਹੇਗਾ। ਇਨ੍ਹਾਂ ਦੋਹਾਂ ਨੇ ਤਾਂ ਬਹੁਤ ਸਪਸ਼ਟ ਕਿਹਾ ਕਿ ਇਹ ਜੰਗ ਤੇ ਸ਼ਹਾਦਤ ਸਭ ਤੋਂ ਅਹਿਮ ਹੈ।

ਮਨਵੀਰ ਸਿੰਘ ਤੇ ਬਲਬੀਰ ਸਿੰਘ ਦੀ ਜੋੜੀ ਸਾਰੀਆਂ ਖਾੜਕੂ ਸਫਾਂ ਵਿਚ ਮਸ਼ਹੂਰ ਸੀ। ਦੋਵਾਂ ਦੀ ਬਹੁਤ ਡੂੰਘੀ ਸਮਝ ਤੇ ਦੋਸਤੀ ਸੀ, ਜੋ ਕੁਝ ਮਨਵੀਰ ਸਿੰਘ ਬਾਰੇ ਲਿਖਿਆ ਹੈ ਉਹ ਸਾਰੀਆਂ ਪ੍ਰਾਪਤੀਆਂ ਵਿੱਚ ਬਲਬੀਰ ਸਿੰਘ ਦੀ ਬਰਾਬਰ ਦੀ ਭੂਮਿਕਾ ਸੀ। ਮਨਵੀਰ ਸਿੰਘ ਜਮਾਂਦਰੂ ਆਗੂ ਸੀ ਤੇ ਅੱਗੇ ਹੋ ਕੇ ਕੰਮ ਕਰਦਾ ਸੀ। ਬਲਬੀਰ ਸਿੰਘ ਸਹਿਜ ਤੇ ਗੰਭੀਰ ਸੁਭਾਅ ਦਾ ਸੀ ਤੇ ਪਿੱਛੇ ਰਹਿ ਕੇ ਮਨਵੀਰ ਸਿੰਘ ਦੀ ਮਦਦ ਕਰਦਾ ਸੀ, ਉਸਦੀ ਪਿੱਠ ਨੂੰ ਸੁਰੱਖਿਅਤ ਰੱਖਦਾ ਸੀ। ਦੋਹਾਂ ਨੇ ੧੯੮੪ ਤੋਂ ਬਾਅਦ ਖਾੜਕੂ ਸੰਘਰਸ਼ ਨੂੰ ਦੁਬਾਰਾ ਲਾਮਬੰਦ ਕਰਨ ਲਈ ਦਿਨ ਰਾਤ ਇੱਕ ਕੀਤਾ। ਸਮਾਨ ਦੇ ਪ੍ਰਬੰਧ ਕਰਨ ਤੋਂ ਲੈ ਕੇ ਹਮਲਿਆਂ ਦੀ ਘਾੜਤ ਅਤੇ ਪਿੱਛਾ ਕਰਨ ਤਕ ਅਤੇ ਦੂਸਰੇ ਪਾਸੇ ਸਿੱਖ ਸਟੂਡੈਂਟਸ ਫੈਡਰੇਸ਼ਨ ਅਤੇ ਯੂਨਾਈਟਡ ਅਕਾਲੀ ਦਲ ਨੂੰ ਤੋਰਨ ਤੱਕ ਦੋਵੇਂ ਆਗੂ ਸਰਗਰਮ ਰਹੇ।

ਜਲੰਧਰ ਤੇ ਹੁਸ਼ਿਆਰਪੁਰ ਵਿਚ ਓਹਨਾਂ ਨੇ ਸਾਨੂੰ ਬਹੁਤ ਠਾਹਰਾਂ ਦਿੱਤੀਆਂ ਜਦੋਂ ਇਕੱਠੇ ਹੁੰਦੇ ਬਹੁਤ ਚਿਰ ਸੰਘਰਸ਼ ਬਾਰੇ ਵਿਚਾਰਾਂ ਹੁੰਦੀਆਂ ਅਤੇ ਨਾਲ ਹੀ ਹਾਸਾ ਮਜਾਕ ਤੇ ਖੇਡਾਂ। ਇਹ ਦੋਵੇਂ ਕਸਰਤ ਅਤੇ ਖੇਡਾਂ ਦੇ ਬਹੁਤ ਸ਼ੌਕੀਨ ਸਨ ਅਤੇ ਅਸੀਂ

ਵੀ ਇਹਨਾਂ ਨਾਲ ਬਾਲੀਵਾਲ, ਕੈਰਮ ਬੋਰਡ ਅਤੇ ਸਤਰੰਜ ਵੀ ਖੇਡਣਾ।

ਇਨ੍ਹਾਂ ਦੋਹਾਂ ਸਿੰਘਾਂ ਵਿੱਚ ਇੱਕ ਬਹੁਤ ਸਿਫਤ ਸੀ ਕਿ ਇਹ ਜੱਥੇਬੰਦੀ ਦੇ ਸਾਰੇ ਸਿੰਘਾਂ ਦਾ ਬਹੁਤ ਖਿਆਲ ਰੱਖਦੇ ਸਨ। ਓਹਨਾਂ ਦੀਆਂ ਸਾਰੀਆਂ ਜਰੂਰਤਾਂ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕਰਦੇ ਸਨ। ਠਾਹਰਾਂ ਵਾਲਿਆਂ ਅਤੇ ਆਮ ਲੋਕਾਈ ਨਾਲ ਇਨ੍ਹਾਂ ਦਾ ਵਰਤਾਉ ਬਹੁਤ ਹਲੀਮੀ ਤੇ ਪ੍ਰੇਮ ਵਾਲਾ ਸੀ। ਜਿਹੜੀਆਂ ਵੀ ਠਾਹਰਾਂ ਇਹਨਾਂ ਸਾਨੂੰ ਦਿੱਤੀਆਂ, ਉਹ ਸਾਰੇ ਪਰਿਵਾਰ ਨਾਲ ਆਪਸ ਵਿੱਚ ਬਹੁਤ ਘੁਲੇ ਮਿਲੇ ਸਨ। ਉਸ ਵਕਤ ਠਾਹਰਾਂ ਦਾ ਮਾਹੌਲ ਐਵੇਂ ਹੁੰਦਾ ਸੀ ਕਿ ਜਿਵੇਂ ਅਸੀਂ ਉਹ ਪਰਿਵਾਰ ਦੇ ਖਾਸ ਮਹਿਮਾਨ ਹੋਈਏ। ਸਾਨੂੰ ਫੁੱਲਾਂ ਵਾਂਗ ਰੱਖਣਾ ਤੇ ਹਰ ਤਰ੍ਹਾਂ ਘਰ-ਪਰਿਵਾਰ ਵਾਲਾ ਮਾਹੌਲ ਦੇਣ ਦੀ ਕੋਸ਼ਿਸ਼ ਕਰਨੀ। ਖਾੜਕੂ ਸਿੰਘਾਂ ਦੀ ਇਸ ਕਦਰ ਪੰਥ ਵਿੱਚ ਪਰਵਾਨਗੀ ਸੀ। ਇਕੱਠਿਆਂ ਨਿਤਨੇਮ ਕਰਨਾ, ਸਾਡੇ ਲਈ ਅਰਦਾਸ ਕਰਨੀ, ਸਾਨੂੰ ਉਡੀਕਣਾ, ਬੀਬੀਆਂ ਭੈਣਾਂ ਨੇ ਸਾਡੇ ਲਈ ਪਾਠ ਰੱਖੇ ਹੁੰਦੇ ਸੀ ਤੇ ਕਈ ਵਾਰ ਸਾਨੂੰ ਲੱਗਣਾ ਕਿ ਪੰਥ ਜਿੰਨਾ ਪਿਆਰ ਤੇ ਸਤਿਕਾਰ ਦੇ ਰਿਹਾ ਹੈ ਕੀ ਅਸੀਂ ਇਹ ਤੇ ਪੂਰੇ ਉਤਰ ਸਕਾਂਗੇ?

ਬਲਬੀਰ ਸਿੰਘ ਬਹੁਤ ਮੁਹਿੰਮਾਂ ਵਿਚ ਖੁਦ ਸ਼ਾਮਲ ਹੋਏ ਅਤੇ ਬੜੇ ਚੋਟੀ ਦੇ ਕੰਮ ਕੀਤੇ। ਦੁਆਬੇ ਵਿੱਚ ਇਨ੍ਹਾਂ ਸਿੰਘਾਂ ਦੀ ਬਹੁਤ ਮਕਬੂਲੀਅਤ ਤੇ ਸਤਿਕਾਰ ਸੀ। ਬਲਬੀਰ ਸਿੰਘ ਦਾ ਵਿਆਹ ਜੰਗੀ ਹੋਣ ਤੋਂ ਬਾਅਦ ਹੋਇਆ ਸੀ ਤੇ ਓਹਨਾਂ ਦੀ ਸਿੰਘਣੀ ਨੇ ਸਭ ਕੁਝ ਪਰਵਾਨ ਕਰਕੇ ਵਿਆਹ ਕੀਤਾ। ਆਪਣੀ ਸਿੰਘਣੀ ਦਾ ਬਲਬੀਰ ਸਿੰਘ ਨੂੰ ਬਹੁਤ ਆਸਰਾ ਸੀ ਤੇ ਬਹੁਤ ਮਜਬੂਤ ਇਰਾਦੇ ਵਾਲੀ ਸਿੰਘਣੀ ਸੀ। ਉਹਨਾਂ ਦੇ ਇਕ ਬੇਟੀ ਹੋਈ ਉਹਦਾ ਹੁਣ ਵਿਆਹ ਹੋ ਚੁੱਕਿਆ ਹੈ ਅਤੇ ਅੱਜ-ਕੱਲ੍ਹ ਕੈਨੇਡਾ ਵਿੱਚ ਹੈ। ਉਹਨਾਂ ਦੀ ਸਿੰਘਣੀ ਵੀ ਕੈਨੇਡਾ ਵਿਚ ਹੈ। ਮੈਂ ਓਹਨਾਂ ਦੇ ਪਰਿਵਾਰ ਨੂੰ ਮਿਲਿਆ ਅਤੇ ਓਹਨਾਂ ਦੀ ਬਰਸੀ ਤੇ ਓਹਨਾਂ ਦੀ ਮਾਤਾ ਜੀ ਦੇ ਦਰਸ਼ਨ ਕਰਨ ਦਾ ਮੌਕਾ ਮਿਲਿਆ ਤੇ ਓਹਨਾਂ ਦੇ ਪਿਆਰ ਤੇ ਪੰਥਕ ਜਜਬਾਤ ਦੇਖ ਕੇ ਮਨ ਬਹੁਤ ਖੁਸ਼ ਹੋਇਆ। ਜਦੋਂ ਉਹਨਾਂ ਦੀ ਮਾਤਾ ਨੇ ਮੈਨੂੰ ਕਲਾਵੇ ਵਿੱਚ ਲਿਆ ਅਤੇ ਪਿਆਰ ਦਿੱਤਾ ਮੈਨੂੰ ਉਹ ਸਮੇਂ ਯਾਦ ਆ ਗਏ ਜਦੋਂ ਠਾਹਰਾਂ ਵਾਲੀਆਂ ਥਾਵਾਂ ਤੇ ਮਾਵਾਂ ਦਾ ਇਹੋ ਜਿਹਾ ਪਿਆਰ ਹੁੰਦਾ ਸੀ।

ਸਿੰਘਾਂ ਦੇ ਕਿਰਦਾਰ ਦਾ ਇਕ ਲੱਛਣ ਹੈ ਕਿ ਸਮਾਂ ਜਿੰਨਾ ਜਿਆਦਾ ਡਾਢਾ ਤੇ ਬੁਰਾ ਹੁੰਦਾ ਹੈ ਇਹ ਉਸ ਮੁਤਾਬਕ ਹੀ ਨਿਖਰਦੇ ਤੇ ਆਪਣੀ ਅਸਲ ਰੌਅ ਵੱਲ ਨੂੰ ਪਰਤਦੇ ਹਨ। ਬਲਬੀਰ ਸਿੰਘ ਇਸ ਵਰਤਾਰੇ ਦਾ ਪ੍ਰਤੀਕ ਸੀ। ਬਲਬੀਰ ਸਿੰਘ ਵਿੱਚ ਰੁੱਸੇ ਹੋਇਆਂ ਨੂੰ ਨਾਲ ਤੋਰਨ ਦੀ, ਵਿਰੋਧੀਆਂ ਨੂੰ ਵੀ ਆਪਣੇ ਵੱਲ ਕਰ ਲੈਣ, ਦੁਸ਼ਮਣ ਨਾਲ ਵੀ ਸੰਵਾਦ ਰਚਾ ਲੈਣ ਦੀ ਕਲਾ ਤੇ ਸਬਰ ਸੀ। ਜਦੋਂ ਹਾਲਤਾਂ ਬਹੁਤ

ਔਖੀਆਂ ਹੋ ਜਾਂਦੀਆਂ ਸਨ ਤਾਂ ਉਹਨਾਂ ਦਾ ਕਿਰਦਾਰ ਓਨਾ ਹੀ ਰੌਸ਼ਨ ਹੋ ਜਾਂਦਾ ਸੀ। ਸਾਰੀਆਂ ਔਖੀਆਂ ਹਾਲਤਾਂ ਵਿੱਚ ਉਹ ਜਥੇਬੰਦੀ ਨੂੰ ਥੰਮ ਵਾਂਗ ਆਸਰਾ ਦਿੰਦਾ ਸੀ।

ਇਹਨਾਂ ਦੋਵਾਂ ਸਿੰਘਾਂ ਨੇ ਜਥੇਬੰਦੀ ਨੂੰ ਮਾਇਕ ਤੌਰ ਤੇ ਤਕੜਾ ਕਰਨ ਲਈ ਵੀ ਬਹੁਤ ਮਿਹਨਤ ਕੀਤੀ। ਦਸਵੰਧ ਦੀ ਪਰੰਪਰਾ ਨੂੰ ਸੁਰਜੀਤ ਕੀਤਾ ਗਿਆ ਤੇ ਸਰਕਾਰੀ ਖਜਾਨਿਆਂ ਨੂੰ ਹੱਥ ਪਾਇਆ। ਬਲਬੀਰ ਸਿੰਘ ਦੀ ਸ਼ਹਾਦਤ ੧੯੮੬ ਵਿੱਚ ਹੀ ਇੱਕ ਕਾਰਵਾਈ ਦੌਰਾਨ ਹੋਈ। ਜਲੰਧਰ ਇੱਕ ਕਾਂਗਰਸੀ ਲੀਡਰ ਸੀ ਬਲਬੀਰ ਖੁੱਲਰ। ਉਹ ਸੰਤਾਂ ਖਿਲਾਫ ਬਹੁਤ ਭੈੜਾ ਬੋਲਦਾ ਸੀ। ਹੁਣ ਉਸ ਨੂੰ ਪੂਰੀ ਗਾਰਦ ਮਿਲੀ ਹੋਈ ਸੀ। ਉਹਨਾਂ ਦਿਨਾਂ ਵਿੱਚ ਲਾਭ ਸਿੰਘ ਹੋਰੀਂ ਜਲੰਧਰ ਮਾਡਲ ਟਾਊਨ ਰਹਿੰਦੇ ਸੀ।

ਇਕ ਦਿਨ ਲਾਭ ਸਿੰਘ, ਬਲਬੀਰ ਸਿੰਘ ਤੇ ਅਜੀਤਪਾਲ ਸਿੰਘ ਜਲੰਧਰ ਵਾਲੀ ਉਸ ਠਾਹਰ ਤੇ ਬੈਠੇ ਸਨ। ਕਿਸੇ ਹੋਰ ਸਿੰਘ ਨੇ ਆ ਕੇ ਦੱਸਿਆ ਕਿ ਅੱਜ ਤਾਂ ਕੰਮ ਬਹੁਤ ਸੌਖਾ ਹੈ, ਗਾਰਦ ਬਹੁਤ ਘੱਟ ਹੈ। ਉਸ ਨੇ ਕਿਹਾ ਕਿ ਇਹ ਦੁਸ਼ਟ ਹਾਲੇ ਜਿਉਂਦਾ ਹੈ। ਅਸੀਂ ਇਸ ਤੇ ਪਹਿਲਾਂ ਵੀ ਹਮਲਾ ਕੀਤਾ ਸੀ। ਉਸ ਤੇ ਹਮਲੇ ਦੀ ਯੋਜਨਾ ਬਣ ਗਈ ਪਰ ਸਮਾਨ ਥੋੜ੍ਹਾ ਹੋਣ ਕਰ ਕੇ ਟਾਲ ਦਿੱਤਾ ਗਿਆ। ਇਹਨਾਂ ਸਿੰਘਾਂ ਦੇ ਮਨ ਵਿਚ ਪਤਾ ਨਹੀਂ ਕੀ ਆਇਆ ਕਿ ਜਥੇਬੰਦੀ ਦੇ ਫੈਸਲੇ ਨੂੰ ਅਣਦੇਖਿਆਂ ਕਰਕੇ ਚਾਰੋ ਜਣੇ ਸਕੂਟਰਾਂ ਤੇ ਇੱਕ ਸਟੇਨ ਤੇ ਦੋ ਰਿਵਾਲਵਰਾਂ ਨਾਲ ਹਮਲਾ ਕਰਨ ਚਲੇ ਗਏ। ਉਹਨਾਂ ਦੇ ਜਾਣ ਤੱਕ ਅੱਗੋਂ ਗਾਰਦ ਵਧ ਗਈ ਜਾਂ ਉਹ ਸਿੰਘ ਨੂੰ ਹੀ ਘੱਟ ਹੋਣ ਦਾ ਭੁਲੇਖਾ ਲੱਗ ਗਿਆ। ਇਸ ਕਰਕੇ ਉਥੇ ਜਿਵੇਂ ਇਹਨਾਂ ਸੋਚਿਆ ਸੀ ਉਸ ਤਰ੍ਹਾਂ ਨਾ ਹੋਇਆ ਸਗੋਂ ਹਾਲਾਤ ਉਲਟ ਹੋ ਗਏ। ਖੁੱਲਰ ਤਾਂ ਮਾਰਿਆ ਨਹੀਂ ਗਿਆ ਪਰ ਇਹ ਸਿੰਘ ਉਥੇ ਬੁਰੀ ਤਰ੍ਹਾਂ ਪੁਲਿਸ ਦੇ ਘੇਰੇ ਵਿੱਚ ਆ ਗਏ। ਅਜੀਤਪਾਲ ਸਿੰਘ ਅਤੇ ਬਲਬੀਰ ਸਿੰਘ ਸਖਤ ਜਖਮੀ ਹੋ ਗਏ।

ਲਾਭ ਸਿੰਘ ਵੀ ਬੜੀ ਮੁਸ਼ਕਲ ਨਾਲ ਕੋਠੀਆਂ ਚੋਂ ਵੜ ਕੇ ਤੁਰ ਕੇ ਨਿਕਲਿਆ। ਓਹਨਾਂ ਦੋਵਾਂ ਨੂੰ ਜਿਉਂਦਿਆਂ ਨੂੰ ਪੁਲਿਸ ਚੁੱਕ ਕੇ ਥਾਣੇ ਲੈ ਗਈ ਤੇ ਸਵਰਨ ਘੋਟਣਾ ਤੇ ਅਜੀਤ ਸੰਧੂ ਉਥੇ ਆ ਗਏ। ਇਹ ਜਲੰਧਰ ਵਿੱਚ ਹੀ ਤਾਇਨਾਤ ਸਨ। ਸੰਘਰਸ਼ ਬਾਰੇ ਪੁੱਛਣ ਲਈ ਬਹੁਤ ਤਸ਼ੱਦਦ ਕੀਤਾ ਗਿਆ ਪਰ ਉਹ ਅਡੋਲ ਰਹੇ ਅਤੇ ਤਸ਼ੱਦਦ ਕਰਨ ਤੋਂ ਕੁਝ ਘੰਟਿਆਂ ਬਾਅਦ ਹੀ ਉਹ ਸ਼ਹਾਦਤ ਪ੍ਰਾਪਤ ਕਰ ਗਏ। ਪੁਲਿਸ ਲਈ ਇਹ ਅਚਾਨਕ ਹੋਣ ਵਾਲੀ ਬਹੁਤ ਵੱਡੀ ਪ੍ਰਾਪਤੀ ਸੀ ਤੇ ਸੰਘਰਸ਼ ਲਈ ਬਹੁਤ ਵੱਡੀ ਸੱਟ ਸੀ। ਇਹੋ ਜਿਹੀਆਂ ਹੋਰ ਵੀ ਬਹੁਤ ਘਟਨਾਵਾਂ ਹੋਈਆਂ ਜਿਥੇ ਸਿੰਘਾਂ ਨੇ ਕਾਹਲੀ ਕੀਤੀ ਜਾਂ ਸਾਰਿਆਂ ਦੀ ਸਲਾਹ ਨੂੰ ਅਣਦੇਖਿਆਂ ਕੀਤਾ ਅਤੇ ਬਿਨਾ ਤਿਆਰੀ ਤੋਂ ਹਮਲਾ ਕੀਤਾ ਅਤੇ ਫਿਰ ਵੱਡੇ ਨੁਕਸਾਨ ਹੋਏ।

ਅਜੀਤਪਾਲ ਸਿੰਘ

ਇਹ ਸਿੰਘ ਨੂੰ ਮੈਂ ਦੋ ਵਾਰ ਮਿਲਿਆ ਸੀ। ਇਹ ਹੁਸ਼ਿਆਰਪੁਰ ਸ਼ਹਿਰ ਤੋਂ ਸੀ ਅਤੇ ਖਿਡਾਰੀ ਹੋਣ ਕਰਕੇ ਤਕੜਾ ਅਤੇ ਫੁਰਤੀਲਾ ਸੀ। ਇਹ ਬਲਬੀਰ ਸਿੰਘ ਦਾ ਪੱਕਾ ਦੋਸਤ ਸੀ। ਇਹ ਦੋਸਤੀ ਹੀ ਉਹਨੂੰ ਸੰਘਰਸ਼ ਵਿਚ ਲੈ ਆਈ ਸੀ। ਉਹ ਬਹੁਤ ਨੇਕ ਅਤੇ ਦਲੇਰ ਕਿਰਦਾਰ ਬੰਦਾ ਸੀ। ਜਿਵੇਂ ਬਲਬੀਰ ਸਿੰਘ, ਮਨਵੀਰ ਸਿੰਘ ਨਾਲ ਇਕ ਜਾਨ ਹੋ ਕੇ ਕੰਮ ਕਰਦਾ ਸੀ ਉਵੇਂ ਹੀ ਅਜੀਤਪਾਲ ਸਿੰਘ, ਬਲਬੀਰ ਸਿੰਘ ਲਈ ਕਰਦਾ ਸੀ। ਜਿੰਨਾ ਚਿਰ ਦੋਵੇਂ ਇਕੱਠੇ ਰਹੇ, ਇਕ ਜਾਨ ਹੋ ਕੇ ਹੀ ਰਹੇ। ਹਰ ਕੰਮ ਵਿੱਚ ਇਹ ਇਕੱਠੇ ਹੁੰਦੇ ਸੀ ਤੇ ਅਖੀਰ ਸ਼ਹਾਦਤ ਵੀ ਇਕੱਠਿਆਂ ਦੀ ਹੀ ਹੋਈ।

ਜੂਨ ੧੯੮੪ ਤੋਂ ਸ਼ਹਾਦਤ ਤੱਕ ਉਹਨਾਂ ਦੋਵਾਂ ਨੇ ਦਿਨ ਰਾਤ ਸੰਘਰਸ਼ ਲਈ ਕੰਮ ਕੀਤਾ। ਇਹ ਆਪਣੇ ਕੰਮ ਵਿਚ ਏਨੇ ਖੁੱਭੇ ਹੁੰਦੇ ਸਨ ਕਿ ਖਾਣਾ ਪੀਣਾ ਅਤੇ ਸੌਣਾ ਵੀ ਭੁੱਲ ਜਾਂਦਾ ਸੀ। ਇਕ ਵਾਰ ਬਾਬਾ ਅਜੀਤ ਸਿੰਘ ਅਤੇ ਬਾਬਾ ਧੰਨਾ ਸਿੰਘ ਨਾਲ ਜਲੰਧਰ ਵਿਚ ਠਾਹਰ ਉਤੇ ਮਿਲੇ ਤਾਂ ਬਾਬਾ ਧੰਨਾ ਸਿੰਘ ਨੇ ਗੰਭੀਰ ਹੋ ਕੇ ਅਜੀਤਪਾਲ ਸਿੰਘ ਨੂੰ ਕਿਹਾ ਕਿ ਤੁਸੀਂ ਆਲੇ ਦੁਆਲੇ ਦੀ ਸੁਧ ਵੀ ਰੱਖਿਆ ਕਰੋ। ਦਿਨ ਰਾਤ ਕੰਮ ਕਰ ਕਰ ਕੇ ਕਿਤੇ ਬਿਮਾਰ ਨਾ ਹੋ ਜਾਇਓ। ਉਸ ਵਕਤ ਰਿਬੈਰੋ ਤੇ ਹਮਲਾ ਨਹੀਂ ਹੋਇਆ ਸੀ ਤੇ ਬਾਬਾ ਧੰਨਾ ਸਿੰਘ ਹੋਰੀਂ ਰੂਪੋਸ਼ ਨਹੀਂ ਹੋਏ ਸਨ। ਉਹਨਾਂ ਨੇ ਕਿਹਾ ਕਿ ਮੈਨੂੰ ਹੈਰਾਨੀ ਹੈ ਕਿ ਤੁਹਾਨੂੰ ਪੁਲਿਸ ਫੜਦੀ ਕਿਉਂ ਨਹੀਂ? ਗਸ਼ਤ ਦੀ ਵਾਰੀ ਦੌਰਾਨ ਵੀ ਤੁਸੀਂ ਮੈਨੂੰ ਹਰ ਵਾਰ ਟੱਕਰ ਜਾਂਦੇ ਹੋ। ਬਲਬੀਰ ਸਿੰਘ ਹਰ ਵਾਰ ਵਾਂਗ ਮੁਸਕਰਾਉਂਦਾ ਰਿਹਾ ਤੇ ਅਜੀਤਪਾਲ ਸਿੰਘ ਵੀ ਚੁੱਪ ਹੀ ਰਿਹਾ। ਚਾਚਾ ਮਥਰਾ ਸਿੰਘ ਨੇ ਗੰਭੀਰਤਾ ਨੂੰ ਤੋੜਦਿਆਂ ਕਿਹਾ ਕਿ ਇਹ ਇਥੋਂ ਦੇ ਬਸ਼ਿੰਦੇ ਨਹੀਂ ਹਨ ਇਹ ਤੁਰਦੇ ਫਿਰਦੇ ਸ਼ਹੀਦ ਹਨ- ਇਹਨਾਂ ਨੂੰ ਭੁੱਖ ਨਹੀਂ ਲਗਦੀ, ਇਹ ਥਕਦੇ ਵੀ ਨਹੀਂ ਤੇ ਇਹ ਕਿਸੇ ਹੋਰ ਨੂੰ ਦਿਸਦੇ ਵੀ ਨਹੀਂ ਹਨ। ਤੇ ਇਸ ਤਰ੍ਹਾਂ ਗੱਲ ਹਾਸੇ ਵਿਚ ਪੈ ਗਈ। ਉਸ ਵੇਲੇ ਦਾ ਸਮਾਂ ਐਸਾ ਸੀ ਕਿ ਕੰਮ ਕਰਨਾ ਵੀ ਸਿਮਰਨ ਵਾਂਗ ਸੀ। ਸਿਮਰਨ ਵਿਚ ਤੁਸੀਂ ਇਕ ਥਾਂ ਕੇਂਦਰਤ ਹੋ ਜਾਂਦੇ ਹੋ ਤੇ ਸਭ ਕੁਝ ਵਿਸਰਦਾ ਗੁਆਚਦਾ ਜਾਂਦਾ ਹੈ। ਉਸ ਸਮੇਂ ਕਈ ਸਿੰਘ ਵੀ ਏਵੇਂ ਹੀ ਹੋ ਜਾਂਦੇ ਸਨ ਜਿਨ੍ਹਾਂ ਦੀ ਮੁਕੰਮਲ ਸੁਰਤ ਹੀ ਸੰਘਰਸ਼ ਨਾਲ ਓਤ ਪੋਤ ਹੋ ਜਾਂਦੀ ਸੀ। ਉਹ ਉਸ ਵਿਚ ਹੀ ਰਹਿੰਦੇ ਸਨ। ਉਹ ਸਭ ਕੁਝ ਨੂੰ ਹੀ ਉਸ ਵਿਚੋਂ ਵੇਖਦੇ ਸਨ। ਉਹਨਾਂ ਦੇ ਤਨ ਅਤੇ ਮਨ ਵੀ ਇਸੇ ਤਰ੍ਹਾਂ ਨਾਲ ਢਲ ਜਾਂਦੇ ਸੀ। ਉਹ ਤੁਰਦੇ ਫਿਰਦੇ ਸਦਾ ਇਕ ਯੋਧੇ ਵਾਂਗ ਵਿਚਰਦੇ ਸਨ। ਚਾਚੇ ਮਥਰਾ ਸਿੰਘ ਵਲੋਂ ਮਜ਼ਾਕ ਵਿਚ ਕਹੇ ਗਏ ਬੋਲ ਵੀ ਕਿੰਨੇ ਸੱਚੇ ਸਨ। ਉਹ ਸਿੰਘ ਵਾਕਿਆ ਹੀ ਜਿਉਂਦੇ ਸ਼ਹੀਦ ਸਨ।

ਸਰਹੱਦ ਵਾਲਾ ਭਲਵਾਨ

ਭਲਵਾਨ ਦਾ ਨਾਂ ਯਾਦ ਨਹੀਂ, ਕਿਉਂਕਿ ਉਦੋਂ ਅਸਲੀ ਨਾਂ ਪੁਛੀਦੇ ਨਹੀਂ ਸੀ ਪਰ ਬੜਾ ਦਿਲਚਸਪ ਬੰਦਾ ਸੀ। ਜੋ ਸਦਾ ਖੁਸ਼ ਰਹਿੰਦਾ ਤੇ ਸਾਰਿਆਂ ਨੂੰ ਖੁਸ਼ ਰੱਖਦਾ ਸੀ। ਇਹ ਬੜਾ ਦਲੇਰ ਤੇ ਦ੍ਰਿੜ੍ਹ ਇਰਾਦੇ ਦਾ ਬੰਦਾ ਵੀ ਸੀ ਤੇ ਔਖੇ ਤੋਂ ਔਖੇ ਕੰਮ ਦੀ ਜਿੰਮੇਵਾਰੀ ਲੈ ਲੈਂਦਾ ਸੀ ਤੇ ਸਾਰੀ ਜੀਅ ਜਾਨ ਉਸ ਵਿੱਚ ਲਾ ਦਿੰਦਾ ਸੀ। ਦਾੜ੍ਹੀ ਕੇਸ ਕੱਟੇ ਹੋਏ ਸੀ ਤੇ ਥੋੜ੍ਹੀਆਂ-ਥੋੜ੍ਹੀਆਂ ਮੁੱਛਾਂ ਰੱਖੀਆਂ ਹੋਈਆਂ ਸਨ। ਇਹ ਗੁਰਵਿੰਦਰ ਸਿੰਘ ਪਰਧਾਨ ਤੇ ਹਰਜੀਤ ਸਿੰਘ ਉਰਫ ਪਰਗਟ ਸਿੰਘ ਦੇ ਸੰਪਰਕ ਵਿਚ ਸਾਡੇ ਨਾਲ ਆਇਆ ਸੀ ਤੇ ਮਾਝੇ ਦੇ ਕਿਸੇ ਪਿੰਡ ਦਾ ਸੀ। ਇਹ ਕਿਸੇ ਚੰਗੇ ਘਰ ਦਾ ਸੀ ਪਰ ਪਹਿਲੀ ਜਿੰਦਗੀ ਵਿੱਚ ਸਮਗਲਿੰਗ ਤੇ ਵੈਲੀਪਣੇ ਵਿੱਚ ਰਹਿਣ ਕਰਕੇ ਸਾਰੀ ਦੁਨੀਆ ਘੁੰਮਿਆ ਹੋਇਆ ਸੀ। ਸਰਹੱਦ ਦਾ ਭੇਤੀ ਸੀ। ਚੋਰਾਂ, ਡਕੈਤਾਂ ਦੀ ਨਬਜ ਪਛਾਣਦਾ ਸੀ ਤੇ ਪੁਲਿਸ ਵਾਲਿਆਂ ਨੂੰ ਵੀ ਚੰਗੀ ਤਰ੍ਹਾਂ ਸਮਝਦਾ ਸੀ।

ਅਸੀਂ ਪਾਰ ਜਾਣ ਦੇ ਆਪਣੇ ਰਸਤੇ ਵੀ ਲੱਭੇ। ਇਹ ਕੰਮ ਲਈ ਚਾਚਾ ਮਥਰਾ ਸਿੰਘ ਨੇ ਹਰਜੀਤ ਸਿੰਘ ਰਾਹੀਂ ਭਲਵਾਨ ਨਾਲ ਸੰਪਰਕ ਬਣਾਇਆ ਤੇ ਉਸ ਨੂੰ ਸਾਰੀ ਗੱਲ ਦੱਸੀ। ਹੁਣ ਉਹ ਆਪਣੀ ਪੁਰਾਣੀ ਸੌਦਾਗਰੀ ਦੀ ਜਿੰਦਗੀ ਵੀ ਛੱਡ ਚੁੱਕਾ ਸੀ ਤੇ ਆਪਣੀ ਖੁਸ਼ਹਾਲ ਜਿੰਦਗੀ ਜਿਉਂ ਰਿਹਾ ਸੀ। ਜਦੋਂ ਉਸ ਨੂੰ ਅਸੀਂ ਇਹ ਸਵਾਲ ਪਾਇਆ ਤਾਂ ਉਸਨੇ ਯਾਰੀ ਦੋਸਤੀ ਕਰ ਕੇ ਹਾਮੀ ਭਰ ਦਿੱਤੀ। ਗੁਰਜੰਟ ਸਿੰਘ ਬੁੱਧਸਿੰਘਵਾਲਾ ਤੇ ਚਰਨਜੀਤ ਸਿੰਘ ਤਲਵੰਡੀ ਹੁਰਾਂ ਨੂੰ ਪਹਿਲੀ ਵਾਰ ਪਾਰ ਉਹ ਹੀ ਛੱਡ ਕੇ ਆਇਆ ਸੀ। ਗੰਗਾਨਗਰ ਤੇ ਪੰਜਾਬ ਰਾਹੀਂ ਉਸ ਨੇ ਆਪਣੇ ਪੁਰਾਣੇ ਸਬੰਧਾਂ ਰਾਹੀਂ ਕਈ ਰਸਤੇ ਬਣਾ ਲਏ। ਇਸ ਤਰ੍ਹਾਂ ਗੁਰਜੰਟ ਸਿੰਘ ਬੁੱਧਸਿੰਘਵਾਲਾ, ਚਰਨਜੀਤ ਸਿੰਘ ਤਲਵੰਡੀ ਅਤੇ ਹਰਜੀਤ ਸਿੰਘ ਸਿੱਧੇ ਪਾਕਿਸਤਾਨ ਜਾ ਸਕੇ। ਉਹ ਆਪਣੇ ਘਰ ਦਾ ਕੰਮ ਛੱਡ ਕੇ ਆਉਂਦਾ ਸੀ ਤੇ ਕਈ-ਕਈ ਦਿਨ ਸਾਡੇ ਨਾਲ ਰਹਿੰਦਾ ਸੀ। ਉਹ ਦੋ ਵਾਰ ਪਾਕਿਸਤਾਨ ਕੁਝ ਸਮਾਂ ਰਹਿ ਕੇ ਵੀ ਆਇਆ। ਹੁਣ ਉਸ

ਦਾ ਪਿੰਡ ਵਾਲੀ ਜਿੰਦਗੀ ਚ ਮਨ ਨਹੀਂ ਸੀ ਲੱਗਦਾ। ਉਹ ਗੁਰਜੰਟ ਸਿੰਘ ਕੋਲ ਆ ਜਾਂਦਾ ਤੇ ਇਨ੍ਹਾਂ ਦੇ ਜਥਿਆਂ ਵਿੱਚ ਕਈ-ਕਈ ਦਿਨ ਰਹਿ ਜਾਂਦਾ। ਗੁਰਜੰਟ ਸਿੰਘ ਤੇ ਉਸ ਦੀ ਆਪਸ ਵਿੱਚ ਬਹੁਤ ਬਣਦੀ ਸੀ ਤੇ ਇੱਕ ਦੂਸਰੇ ਨੂੰ ਬਹੁਤ ਸਮਝਦੇ ਸੀ। ਭਲਵਾਨ ਉਸ ਦੀ ਇਸ ਲਈ ਕਦਰ ਕਰਦਾ ਸੀ ਕਿ ਇਹ ਸਾਡਾ ਵੱਡਾ ਜਰਨੈਲ ਹੈ ਅਤੇ ਇਸ ਨੂੰ ਸਾਂਭਣਾ ਬਹੁਤ ਜਰੂਰੀ ਹੈ। ਗੁਰਜੰਟ ਸਿੰਘ ਨੂੰ ਉਸ ਦੀ ਸਰਲਤਾ, ਦਲੇਰੀ ਤੇ ਖੁਸ਼ਮਿਜਾਜੀ ਬਹੁਤ ਪਸੰਦ ਸੀ। ਜਦੋਂ ਮੈਂ ਪਾਕਿਸਤਾਨ ਰਿਹਾ ਤਾਂ ਭਲਵਾਨ ਜਿਆਦਾਤਰ ਮਾਲਵੇ ਵਿੱਚ ਹਰਜੀਤ ਸਿੰਘ ਤੇ ਗੁਰਜੰਟ ਸਿੰਘ ਹੋਰਾਂ ਨਾਲ ਹੀ ਰਿਹਾ ਤੇ ਆਪਣੀ ਆਦਤ ਅਨੁਸਾਰ ਪੂਰਾ ਸਰਗਰਮ ਰਿਹਾ। ਲਹਿਰ ਨਾਲ ਉਸ ਦਾ ਕੋਈ ਸਿੱਧਾ ਨਾਤਾ ਨਹੀਂ ਸੀ। ਯਾਰੀ ਦੋਸਤੀ ਕਰਕੇ ਉਹ ਮੁੜ ਸਰਹੱਦ ਤੇ ਤੁਰਿਆ ਤੇ ਜਦੋਂ ਉਹ ਸਿੰਘਾਂ ਵਿੱਚ ਵਿਚਰਿਆ ਤਾਂ ਉਹ ਉਨ੍ਹਾਂ ਦਾ ਹੀ ਹੋ ਕੇ ਰਹਿ ਗਿਆ। ਉਸ ਦੀ ਹਾਲਤ ਕੁਝ ਇਸ ਤਰ੍ਹਾਂ ਦੀ ਸੀ ਕਿ ਗੁਰਜੰਟ ਸਿੰਘ ਨਾਲ ਰਹਿ ਕੇ ਉਸ ਨੂੰ ਲੱਗਿਆ ਕਿ ਇਸ ਦਾ ਸਾਥ ਦੇਣਾ ਉਸ ਦਾ ਫਰਜ ਬਣਦਾ ਹੈ। ਉਸ ਨੂੰ ਸਿੱਖੀ ਬਾਰੇ ਜਾਂ ਆਜਾਦੀ ਦੇ ਸੰਘਰਸ਼ ਬਾਰੇ ਬਹੁਤੀ ਸਮਝ ਨਹੀਂ ਸੀ ਉਹ ਤਾਂ ਅਣਖ, ਦੋਸਤੀ ਤੇ ਉੱਚੇ ਕਿਰਦਾਰ ਦਾ ਮੁੱਲ ਪਾਉਣ ਵਾਲਾ ਸੀ। ਸਮੇਂ ਨਾਲ ਉਸ ਦੇ ਤਸਕਰੀ ਵਾਲੇ ਸੰਬੰਧ ਤੋਂ ਪੁਲਿਸ ਨੂੰ ਉਸ ਬਾਰੇ ਪਤਾ ਲੱਗ ਗਿਆ ਤੇ ਉਹ ਰੂਪੋਸ਼ ਹੋ ਗਿਆ। ਜਦੋਂ ਮੈਂ ਪੰਜਾਬ ਵਾਪਸ ਆਇਆ ਤਾਂ ਪਤਾ ਲੱਗਿਆ ਕਿ ਉਸ ਬਾਰੇ ਕੁਝ ਪਤਾ ਨਹੀਂ ਲੱਗ ਰਿਹਾ। ਉਹ ਵੀ ਹਜਾਰਾਂ ਲਾਪਤਾ ਸਿੰਘਾਂ ਵਿੱਚ ਸ਼ਾਮਲ ਹੋ ਗਿਆ ਸੀ।

ਸਰਬਪਰੀਤ ਸਿੰਘ

ਇਹ ਸਿੰਘ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਪੀਐਚਡੀ ਕਰਦਾ ਸੀ ਸ਼ਾਇਦ ਸਮਾਜ ਵਿਗਿਆਨ ਦੇ ਵਿਸ਼ੇ ਦੀ। ਚਾਚਾ ਮਥਰਾ ਸਿੰਘ ਦੇ ਰਾਹੀਂ ਇਹ ਸਾਡੇ ਸੰਪਰਕ ਵਿਚ ਆਇਆ ਸੀ। ਅੰਮ੍ਰਿਤਸਰ ਵਿਚ ਇਹਦੀ ਰਿਹਾਇਸ਼ ਸਾਡਾ ਪੱਕਾ ਟਿਕਾਣਾ ਬਣ ਗਈ। ਹੌਲੀ-ਹੌਲੀ ਇਹ ਸਾਡੇ ਨਾਲ ਰਲਦਾ ਗਿਆ ਅਤੇ ਅਖੀਰ ਕਾਰਵਾਈਆਂ ਵਿਚ ਹਿੱਸਾ ਲੈਣ ਲੱਗ ਪਿਆ। ਇਹ ਪਿਛੋਂ ਕੈਥਲ (ਹਰਿਆਣੇ) ਕੋਲ ਦਾ ਸੀ। ਇਹ ਮਧਰੇ ਕੱਦ ਅਤੇ ਭਾਰੇ ਸਰੀਰ ਦਾ ਸੀ। ਗੋਰਾ ਰੰਗ ਤੇ ਚਿਹਰੇ ਤੋਂ ਲਾਲੀ ਦੀ ਭਾਅ ਮਾਰਦੀ ਸੀ। ਬੜਾ ਜੋਸ਼ ਅਤੇ ਉਤਸ਼ਾਹ ਨਾਲ ਭਰਿਆ ਹੋਇਆ ਸੀ। ਵਿਚਾਰ ਵਟਾਂਦਰੇ ਕਰਦਿਆਂ ਉਹਦਾ ਚਿਹਰਾ ਲਾਲ ਹੋ ਜਾਂਦਾ ਸੀ ਅਤੇ ਉਹਦਾ ਜਜਬਾਤ ਉਬਾਲੇ ਮਾਰਦਾ ਸੀ।

ਸਾਡੇ ਜਥੇ ਦੀ ਸਦਾ ਹੀ ਇਹ ਕੋਸ਼ਿਸ਼ ਰਹਿੰਦੀ ਸੀ ਕਿ ਕਿਸੇ ਨੂੰ ਰੂਪੋਸ਼ ਨਾ ਹੋਣ ਦਿੱਤਾ ਜਾਵੇ। ਸਾਨੂੰ ਲਗਦਾ ਸੀ ਕਿ ਪਹਿਲਾਂ ਹੀ ਜਰੂਰਤ ਤੋਂ ਜਿਆਦਾ ਸਿੰਘ ਹਥਿਆਰਬੰਦ ਹੋ ਗਏ ਹਨ, ਐਨਿਆਂ ਦੀ ਜਰੂਰਤ ਨਹੀਂ ਹੈ। ਬਹੁਤੇ ਸਿੰਘਾਂ ਦੇ ਰੂਪੋਸ਼ ਹੋਣ ਨਾਲ ਓਹਨਾਂ ਦਾ ਵੀ ਨੁਕਸਾਨ ਹੈ ਅਤੇ ਪੰਥ ਦਾ ਵੀ। ਇਸ ਕਰਕੇ ਵੱਧ ਤੋਂ ਵੱਧ ਬੰਦਿਆਂ ਨੂੰ ਰੋਕਿਆ ਅਤੇ ਬਚਾਇਆ ਜਾਂਦਾ ਸੀ। ਜਦੋਂ ਲਗਦਾ ਸੀ ਕਿ ਇਸ ਨੇ ਹਰ ਹਾਲ ਵਿਚ ਬਾਗੀ ਹੋਣਾ ਹੈ ਤਾਂ ਹੀ ਉਹਨੂੰ ਨਾਲ ਰਲਾਇਆ ਜਾਂਦਾ ਸੀ।

ਸਰਬਪਰੀਤ ਸਿੰਘ ਦੇ ਡੌਲੇ ਸਦਾ ਹੀ ਜੰਗ ਲਈ ਫਰਕਦੇ ਰਹਿੰਦੇ ਸਨ। ਬੜਾ ਸਮਝਾਉਣ ਉਤੇ ਥੋੜ੍ਹੇ ਚਿਰ ਲਈ ਸ਼ਾਂਤ ਹੋ ਜਾਂਦਾ ਸੀ ਫਿਰ ਮੁੜ ਕੋਈ ਜੁਗਤ ਲੜਾਉਣ ਲੱਗ ਜਾਂਦਾ ਸੀ। ਆਖਰ ਉਸਨੂੰ ਇਕ ਹਮਲੇ ਸਮੇਂ ਇਹ ਵਿਖਾਉਣ ਲਈ ਨਾਲ ਲੈ ਗਏ ਕਿ ਇਹ ਜੰਗ ਕਿਹੋ ਜਿਹੀ ਹੈ। ਉਹਨੂੰ ਇਕ ਸਟੇਨਗੰਨ ਦੇ ਕੇ ਗੱਡੀ ਵਿਚ ਬੈਠਾ ਦਿੱਤਾ ਅਤੇ ਕਿਹਾ ਕਿ ਜਿੰਨਾ ਚਿਰ ਤੈਨੂੰ ਕਿਹਾ ਨਹੀਂ ਜਾਂਦਾ, ਨਾ ਤੂੰ ਗੱਡੀ ਵਿਚੋਂ ਉਤਰਨਾ ਹੈ ਅਤੇ ਨਾ ਹੀ ਗੋਲੀ ਚਲਾਉਣੀ ਹੈ। ਇਹ ਬਹੁਤ ਵੱਡਾ ਕੰਮ

ਸੀ ਇਹਦੇ ਲਈ ਸੰਜਮ ਅਤੇ ਤਜਰਬੇ ਦੀ ਜਰੂਰਤ ਸੀ। ਸਾਡੇ ਕੋਲ ਬੰਦੇ ਪੂਰੇ ਸਨ ਪਰ ਉਹਨੂੰ ਅਸੀਂ ਸਿਰਫ ਨਾਲ ਵਿਖਾਉਣ ਲਈ ਅਤੇ ਤਜਰਬਾ ਕਰਾਉਣ ਲਈ ਲੈ ਕੇ ਗਏ ਸਾਂ।

ਇਹ ਅਹਿਮ ਕੰਮ ਕੰਵਰਜੀਤ ਸਿੰਘ ਸੁਲਤਾਨਵਿੰਡ ਨੂੰ ਸਾਰੀ ਪੁਲਿਸ ਦੇ ਸਾਹਮਣੇ ਕਚਿਹਰੀ ਵਿਚੋਂ ਛੁਡਾਉਣ ਦਾ ਸੀ। ਸਾਡੀ ਰਣਨੀਤੀ ਕਾਮਯਾਬ ਰਹੀ ਤੇ ਅਸੀਂ ਸਿੰਘ ਨੂੰ ਛੁਡਾ ਲਿਆ। ਉਸ ਦਿਨ ਅੰਮ੍ਰਿਤਸਰ ਕਚਿਹਰੀ ਵਿਚ ਖੂਬ ਗੋਲੀ ਚੱਲੀ ਤੇ ਚਾਰੇ ਪਾਸੇ ਸੰਨਾਟਾ ਛਾ ਗਿਆ। ਸਰਬਪਰੀਤ ਸਿੰਘ ਕਚਿਹਰੀ ਦੇ ਬਾਹਰਲੇ ਬੂਹੇ ਕੋਲ ਗੱਡੀ ਵਿਚ ਬੈਠਾ ਸੀ। ਜਦੋਂ ਅਸੀਂ ਕੰਵਰਜੀਤ ਸਿੰਘ ਨੂੰ ਨਾਲ ਲੈ ਕੇ ਗੱਡੀ ਕੋਲ ਪਹੁੰਚੇ ਤਾਂ ਸਰਬਪਰੀਤ ਸਿੰਘ ਨੂੰ ਪਤਾ ਨਹੀਂ ਕੀ ਜੋਸ਼ ਚੜ੍ਹਿਆ ਕਿ ਗੱਡੀ ਵਿਚੋਂ ਬਾਹਰ ਆ ਕੇ ਇਕਦਮ ਦਿਸ਼ਾਹੀਣ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਉਸਦਾ ਮੂੰਹ ਲਾਲ ਅਤੇ ਅੱਖਾਂ ਵਿਚ ਖੂਨ ਸੀ। ਅਸੀਂ ਉਸ ਨੂੰ ਮਸਾਂ ਧੱਕੇ ਦੇ ਕੇ ਗੱਡੀ ਵਿਚ ਦੁਬਾਰਾ ਵਾੜਿਆ ਅਤੇ ਸਟੇਨਗੰਨ ਉਹਤੋਂ ਖੋਹੀ। ਕਈ ਗੋਲੀਆਂ ਮੇਰੇ ਕੰਨ ਕੋਲ ਦੀ ਲੰਘ ਗਈਆਂ।

ਉਹਦਾ ਵਿਦਿਆਰਥੀਆਂ ਵਿਚ ਇਕ ਮਿਤਰਚਾਰਾ ਸੀ ਉਹਨੇ ਸਾਡੇ ਲਈ ਅੰਮ੍ਰਿਤਸਰ ਵਿਚ ਅਤੇ ਚੰਡੀਗੜ੍ਹ ਵਿਚ ਠਾਹਰਾਂ ਬਣਵਾਈਆਂ। ਜਿਥੇ ਚਾਚਾ ਮਥਰਾ ਸਿੰਘ, ਸੁਖਵਿੰਦਰ ਸਿੰਘ ਛਿੰਦੂ, ਮੈਂ, ਹਰਜਿੰਦਰ ਸਿੰਘ ਜਿੰਦਾ, ਅਵਤਾਰ ਸਿੰਘ ਦਾਊਮਾਜਰਾ, ਹਰਜੀਤ ਸਿੰਘ ਅਤੇ ਕੁਝ ਹੋਰ ਖਾਸ ਸਿੰਘ ਏਹਨਾਂ ਠਾਹਰਾਂ ਉਤੇ ਜਾਂਦੇ ਸਾਂ। ਉਹਦੇ ਬਹੁਤੇ ਦੋਸਤਾਂ ਨੂੰ ਪਤਾ ਨਹੀਂ ਸੀ ਕਿ ਅਸੀਂ ਕੌਣ ਹਾਂ। ਉਹ ਸਾਨੂੰ ਉਹਦੇ ਦੋਸਤ ਜਾਂ ਰਿਸ਼ਤੇਦਾਰ ਹੀ ਸਮਝਦੇ ਸਨ।

ਉਹਦਾ ਚੰਡੀਗੜ੍ਹ ਵਾਲਾ ਇਕ ਦੋਸਤ ਸਾਡੇ ਬਾਰੇ ਜਾਣਦਾ ਸੀ। ਅੰਮ੍ਰਿਤਸਰ ਵਿਚ ਓਹਨੇ ਸਾਡੇ ਲਈ ਦੋ ਤਿੰਨ ਠਾਹਰਾਂ ਵੀ ਬਣਾ ਕੇ ਦਿੱਤੀਆਂ ਸਨ। ਅੰਮ੍ਰਿਤਸਰ ਮੈਡੀਕਲ ਕਾਲਜ ਦਾ ਇਕ ਵਿਦਿਆਰਥੀ ਵੀ ਸਾਡੀ ਸਚਾਈ ਜਾਣਦਾ ਸੀ। ਖਾਲਸਾ ਕਾਲਜ ਵਿਚ ਇਤਿਹਾਸ ਦੀ ਐਮਏ ਕਰਦਾ ਇਕ ਬਹੁਤ ਸੰਵੇਦਨਸ਼ੀਲ ਵਿਦਿਆਰਥੀ ਬਿਨਾ ਦੱਸੇ ਹੀ ਸਾਨੂੰ ਜਾਣ ਗਿਆ ਸੀ। ਚੰਡੀਗੜ੍ਹ ਅਤੇ ਅੰਮ੍ਰਿਤਸਰ ਵਿਚ ਅਸੀਂ ਅਕਸਰ ਇਕੱਠੇ ਹੋ ਜਾਂਦੇ ਸੀ ਤੇ ਬੜਾ ਲੰਮਾ ਸਮਾਂ ਵਿਚਾਰਾਂ ਚਲਦੀਆਂ। ਓਹਨਾਂ ਕੋਲ ਵੀਸੀਆਰ ਉਤੇ ਕਈ ਵਧੀਆ ਫਿਲਮਾਂ ਵੀ ਵੇਖੀਆਂ ਅਤੇ ਵਧੀਆ ਸਾਹਿਤ ਵੀ ਪੜ੍ਹਿਆ।

ਇਹ ਸਾਰੇ ਜਣੇ ਸਾਡੇ ਲਈ ਲਿਖਣ ਪੜਣ ਦਾ ਕੰਮ ਕਰਦੇ ਸਨ। ਬਾਕੀ, ਜੋ ਵੀ ਤੋਰੇ ਫੇਰੇ ਅਤੇ ਜਾਣਕਾਰੀ ਲੈਣ ਦੇਣ ਵਾਲਾ ਕੰਮ ਹੁੰਦਾ ਸੀ ਇਹ ਨੌਜਵਾਨ ਖੁਸ਼ੀ ਨਾਲ ਕਰ ਲੈਂਦੇ ਸਨ। ਏਹਨਾਂ ਨਾਲ ਬਿਤਾਏ ਪਲ ਬਹੁਤ ਸੁਖ ਅਤੇ ਚਾਉ ਵਾਲੇ ਹੁੰਦੇ

ਸਨ। ਇਹ ਸਾਰੇ ਲਿਖਣ ਪੜ੍ਹਣ ਵਾਲੇ ਹੋਣ ਕਰਕੇ ਇਹਨਾਂ ਦੀ ਚਰਚਾ ਦਾ ਮੁਖ ਵਿਸ਼ਾ ਸੰਘਰਸ਼ ਅਤੇ ਖਾਲਸਤਾਨ ਹੀ ਹੁੰਦਾ ਸੀ। ਏਹਨਾਂ ਸਭ ਨਾਲ ਕੀਤੀਆਂ ਵਿਚਾਰਾਂ ਜਦੋਂ ਹੁਣ ਯਾਦ ਕਰਦਾ ਹਾਂ ਤਾਂ ਚਾਓ ਭਰਿਆ ਅਹਿਸਾਸ ਹੁੰਦਾ ਹੈ। ਪੰਥ ਬਾਰੇ ਹੁਣ ਵੀ ਕਈਆਂ ਤੋਂ ਵਿਚਾਰ ਸੁਣੀਂਦੇ ਹਨ ਪਰ ਓਹ ਚਾਓ ਵਾਲਾ ਜੋਸ਼ ਅਤੇ ਸ਼ਿੱਦਤ ਦੀ ਘਾਟ ਰੜਕਦੀ ਹੈ ਜੋ ਉਸ ਵਕਤ ਮਹਿਸੂਸ ਹੁੰਦੀ ਸੀ। ਉਸ ਵਕਤ ਦੀ ਹਰ ਗਲਬਾਤ ਵਿਚ ਜ਼ਿੰਦਗੀ ਦਾ ਠਾਠਾਂ ਮਾਰਦਾ ਦਰਿਆ ਕਿਨਾਰਿਆਂ ਨੂੰ ਤੋੜ ਰਿਹਾ ਸੀ। ਇਤਿਹਾਸ ਅਤੇ ਵਰਤਮਾਨ ਨਾਲ-ਨਾਲ ਚੱਲ ਰਹੇ ਸਨ। ਪੰਥਕ ਸੁਰਤ ਜੰਗ ਅਤੇ ਸ਼ਹਾਦਤ ਰਾਹੀਂ ਆਪਣੇ ਰਾਹ ਬਣਾ ਰਹੀ ਸੀ।

ਸਰਬਪਰੀਤ ਸਿੰਘ ਨੇ ਰੋਕਣ ਦੇ ਬਾਵਜੂਦ ਵੀ ਹੋਰ ਕਈ ਕੰਮਾਂ ਵਿਚ ਹਿੱਸਾ ਲਿਆ। ਆਖਰੀ ਵਾਰ ਉਹ ਮੈਨੂੰ ਚੰਡੀਗੜ੍ਹ ਮਿਲਿਆ ਸੀ ਤੇ ਕਹਿ ਰਿਹਾ ਸੀ ਕਿ ਮੈਨੂੰ ਅੰਮ੍ਰਿਤਸਰ ਬਹੁਤ ਜਰੂਰੀ ਕੰਮ ਹੈ ਤੇ ਉਹ ਚਲਾ ਗਿਆ। ਜਾਂਦਿਆਂ ਉਹਨੂੰ ਕੈਟਾਂ ਨੇ ਚੁੱਕ ਲਿਆ, ਬਾਅਦ ਵਿਚ ਉਹਦੇ ਨਾਲ ਕੀ ਬੀਤੀ ਮੈਨੂੰ ਕੁਝ ਪਤਾ ਨਹੀਂ। ਕਾਫ਼ੀ ਚਿਰ ਬਾਅਦ ਹਰਜੀਤ ਸਿੰਘ ਨੇ ਦੱਸਿਆ ਕਿ ਉਹਨੂੰ ਸ਼ਹੀਦ ਕਰ ਦਿੱਤਾ। ਉਹਨੇ ਕਿਸੇ ਬਾਰੇ ਕੁਝ ਨਹੀਂ ਦੱਸਿਆ ਜੋ ਕੁਝ ਬਚਾ ਸਕਦਾ ਸੀ ਉਹਨੇ ਬਚਾਇਆ। ਉਹਦਾ ਚੰਡੀਗੜ੍ਹ ਵਾਲਾ ਦੋਸਤ ਪੜ੍ਹਾਈ ਕਰਕੇ ਬਾਹਰ ਚਲਾ ਗਿਆ ਅਤੇ ਉਹਦਾ ਅੰਮ੍ਰਿਤਸਰ ਵਾਲਾ ਦੋਸਤ ਮੈਨੂੰ ਰਿਹਾਈ ਤੋਂ ਬਾਅਦ ਅੰਮ੍ਰਿਤਸਰ ਵਿਚ ਹੀ ਮਿਲਿਆ ਸੀ। ਕਿਸੇ ਸਾਂਝੇ ਸੰਪਰਕ ਰਾਹੀਂ ਉਹਨੇ ਬੁਲਾਇਆ ਸੀ। ਬਹੁਤ ਮਹਿੰਗੇ ਹੋਟਲ ਵਿਚ ਰਾਤ ਦੇ ਖਾਣੇ ਦਾ ਸੱਦਾ ਸੀ ਜਦੋਂ ਮੈਂ ਜਾ ਕੇ ਵੇਖਿਆ ਤਾਂ ਅੱਗੇ ਉਹ ਬੈਠਾ ਸੀ। ਉਸ ਤੋਂ ਬਾਅਦ ਮੈਂ ਉਸਨੂੰ ਕਦੇ ਨਹੀਂ ਮਿਲਿਆ। ਖਾਲਸਾ ਕਾਲਜ ਵਾਲਾ ਦੋਸਤ ਜੋ ਬਹੁਤ ਸੰਵੇਦਨਸ਼ੀਲ ਸੀ ਉਹਦੇ ਬਾਰੇ ਕੁਝ ਨਹੀਂ ਪਤਾ ਕਿ ਹੁਣ ਉਹ ਕਿਥੇ ਹੈ।

ਵਕੀਲ ਬਖਤਾਵਰ ਸਿੰਘ ਸਰਾਂ

ਬਖਤਾਵਰ ਸਿੰਘ ਸਰਾਂ ਬਾਰੇ ਬਹੁਤ ਘੱਟ ਲੋਕਾਂ ਨੂੰ ਪਤਾ ਹੋਵੇਗਾ ਕਿ ਉਹ ਬਹੁਤ ਹੀ ਜਿੰਦਾ ਦਿਲ ਅਤੇ ਜਬਰਦਸਤ ਸ਼ਖਸੀਅਤ ਸੀ। ਇਸਨੇ ਚੋਟੀ ਦੇ ਸਿੰਘਾਂ ਦਾ ਸਾਥ ਮਾਣਿਆ ਅਤੇ ਸਾਰੇ ਇਸਦੀ ਬਹੁਤ ਇੱਜਤ ਕਰਦੇ ਸਨ। ਇਹ ਬਠਿੰਡੇ ਸ਼ਹਿਰ ਦਾ ਰਹਿਣ ਵਾਲਾ ਸੀ। ਇਸਨੇ ਬਠਿੰਡੇ ਅਤੇ ਚੰਡੀਗੜ੍ਹ ਤੋਂ ਪੜ੍ਹਾਈ ਅਤੇ ਵਕਾਲਤ ਦੀ ਡਿਗਰੀ ਪ੍ਰਾਪਤ ਕੀਤੀ ਹੋਈ ਸੀ। ਇਹ ਮਧਰੇ ਕੱਦ, ਤਕੜੇ ਜੁੱਸੇ ਵਾਲਾ ਗੰਭੀਰ ਅਤੇ ਬਹੁਤ ਹੀ ਜਹੀਨ ਨੌਜਵਾਨ ਸੀ। ਸੰਘਰਸ਼ ਵਿੱਚ ਆਉਣ ਤੋਂ ਪਹਿਲਾਂ ਵੀ ਇਹ ਬਠਿੰਡਾ ਵਿੱਚ ਜਾਣਿਆ ਪਛਾਣਿਆ ਨਾਂ ਸੀ। ਅਣਖ ਵਾਲੀਆਂ ਲੜਾਈਆਂ, ਆਪਣੀ ਤਿੱਖੀ ਸਮਝ ਅਤੇ ਦਲੇਰੀ ਕਰਕੇ ਉਹ ਵਿਦਿਆਰਥੀਆਂ ਵਿੱਚ ਹਰਮਨ ਪਿਆਰਾ ਸੀ। ਫਿਰ ਕਿਸੇ ਸਮੇਂ ਇਸਦਾ ਮੇਲ ਦਰਸ਼ਨ ਸਿੰਘ ਡੱਲਾ, ਹਰਿੰਦਰ ਸਿੰਘ ਬੰਟੀ ਅਤੇ ਅੱਗੋਂ ਓਹਨਾਂ ਰਾਹੀਂ ਅਜਮੇਰ ਸਿੰਘ ਲੋਧੀਵਾਲ ਅਤੇ ਗੁਰਜੰਟ ਸਿੰਘ ਬੁੱਧਸਿੰਘਵਾਲਾ ਨਾਲ ਹੋ ਗਿਆ। ਇਸਨੇ ਆਪਣੀਆਂ ਪੁਰਾਣੀਆਂ ਆਦਤਾਂ ਛੱਡ ਦਿੱਤੀਆਂ ਅਤੇ ਪੂਰੀ ਸ਼ਿੱਦਤ ਨਾਲ ਖਾੜਕੂ ਸੰਘਰਸ਼ ਵਿੱਚ ਸ਼ਾਮਲ ਹੋ ਗਿਆ। ਆਪਣੀ ਸ਼ਖਸੀਅਤ ਕਾਰਨ ਛੇਤੀ ਹੀ ਸਾਰਿਆਂ ਦਾ ਵਿਸ਼ਵਾਸ ਪਾਤਰ ਬਣ ਗਿਆ। ਇਹ ਘੱਟ ਹੀ ਬੋਲਦਾ ਸੀ ਅਤੇ ਚੁੱਪਚਾਪ ਗੰਭੀਰਤਾ ਨਾਲ ਆਪਣੇ ਕੰਮ ਵਿੱਚ ਲੱਗਾ ਰਹਿੰਦਾ ਸੀ। ਇਹ ਕਿਸੇ ਤਰ੍ਹਾਂ ਦੇ ਚੌਧਰਪੁਣੇ ਤੋਂ ਦੂਰ ਰਹਿੰਦਾ ਸੀ ਪਰ ਆਪਣਾ ਕੰਮ ਬਹੁਤ ਜਿੰਮੇਦਾਰੀ ਨਾਲ ਕਰਦਾ ਸੀ। ਪਹਿਲਾਂ ਇਸਨੇ ਸਿੰਘਾਂ ਲਈ ਠਾਹਰਾਂ ਬਣਾਈਆਂ, ਫਿਰ ਕਾਰਵਾਈਆਂ ਵਿਚ ਹਿੱਸਾ ਲੈਣ ਲੱਗ ਪਿਆ ਅਤੇ ਸਮਾਂ ਆਉਣ ਉੱਤੇ ਬਾਗੀ ਹੋ ਗਿਆ। ਮਾਲਵੇ ਵਿੱਚ ਖਾਲਸਤਾਨ ਲਿਬਰੇਸ਼ਨ ਫੋਰਸ ਦੀਆਂ ਸਰਗਰਮੀਆਂ ਵਿੱਚ ਇਸਦਾ ਅਹਿਮ ਯੋਗਦਾਨ ਸੀ।

ਬਖਤਾਵਰ ਸਿੰਘ ਸਰਾਂ ਦੇ ਕਿਰਦਾਰ ਵਾਲੇ ਵਿਦਿਆਰਥੀ ਖਾੜਕੂ ਸੰਘਰਸ਼ ਵਲ ਖਿੱਚੇ ਗਏ ਸਨ। ਜਿਹੜੇ ਨੌਜਵਾਨ ਚੜ੍ਹਦੀ ਉਮਰੇ ਲੜਾਈਆਂ, ਵੈਲੀਪੁਣਾ ਜਾਂ ਨਸ਼ਿਆਂ ਆਦਿ ਵਲ ਲੱਗ ਜਾਂਦੇ ਸਨ ਉਹ ਪੜ੍ਹਾਈ ਤੋਂ ਦੂਰ ਹੋ ਜਾਂਦੇ ਸਨ। ਓਹਨਾਂ

ਵਿਚੋਂ ਬਹੁਤੇ ਅਜਿਹੇ ਹੁੰਦੇ ਸਨ ਜਿਹੜੇ ਅਣਖ ਜਾਂ ਸਵੈਮਾਨ ਕਰਕੇ ਇਸ ਰਾਹ ਤੁਰਦੇ ਸਨ। ਭਾਵੇਂ ਬਾਹਰੀ ਤੌਰ ਉੱਤੇ ਇਹ ਗੱਲ ਜਾਹਿਰ ਨਹੀਂ ਸੀ ਹੁੰਦੀ ਪਰ ਬੁਨਿਆਦੀ ਤੌਰ ਉੱਤੇ ਇਹ ਲੋਕ ਆਜਾਦ ਤਬੀਅਤ ਅਤੇ ਬਾਗੀਆਨਾ ਜੋਸ਼ ਤੇ ਤੱਤ ਵਾਲੇ ਹੁੰਦੇ ਸਨ। ਓਹਨਾਂ ਦਾ ਵਤੀਰਾ ਸਥਾਪਤੀ ਅਤੇ ਸਰਕਾਰਾਂ ਵਿਰੋਧੀ ਹੁੰਦਾ ਹੈ ਭਾਵੇਂ ਕਿ ਉਹ ਖੁਦ ਵੀ ਇਸ ਪੱਖ ਬਾਰੇ ਸੁਚੇਤ ਨਾ ਹੋਣ। ਉਹ ਜੋ ਨਿੱਜੀ ਲੜਾਈਆਂ, ਧੜੇ ਖਾਤਰ ਲੜਾਈਆਂ, ਨਸ਼ੇ ਅਤੇ ਕਾਨੂੰਨ ਤੋੜਣ ਵਾਲੇ ਕੰਮ ਕਰਦੇ ਸਨ, ਉਸਦੇ ਪਿੱਛੇ ਓਹਨਾਂ ਦਾ ਬੁਨਿਆਦੀ ਬਾਗੀਆਨਾ ਸੁਭਾਅ ਹੁੰਦਾ ਹੈ। ਆਮ ਤੌਰ ਉੱਤੇ ਇਨ੍ਹਾਂ ਦੇ ਰੋਹ ਨੂੰ ਕੋਈ ਠੀਕ ਸੇਧ ਤੇ ਨਿਸ਼ਾਨਾ ਨਹੀਂ ਮਿਲਦਾ ਅਤੇ ਇਸ ਕਾਰਨ ਇਹ ਆਪਣਾ ਵੀ ਨੁਕਸਾਨ ਕਰਦੇ ਹਨ ਅਤੇ ਸਮਾਜ ਦਾ ਵੀ। ਆਖਰ ਥੱਕ ਟੁੱਟ ਜਾਂਦੇ ਜਾਂ ਨਿਰਾਸ਼ ਹੋ ਜਾਂਦੇ ਹਨ। ਜੇ ਇਨ੍ਹਾਂ ਨੂੰ ਸਮੇਂ ਸਿਰ ਸਹੀ ਸੇਧ ਜਾਂ ਕੋਈ ਮਕਸਦ, ਨਿਸ਼ਾਨਾ ਜਾਂ ਆਗੂ ਮਿਲ ਜਾਵੇ ਤਾਂ ਇਹ ਵੱਡੇ ਯੋਧੇ ਬਣ ਜਾਂਦੇ ਹਨ। ਬਗਾਵਤਾਂ ਲਈ ਇਹ ਸਮਾਜ ਦਾ ਬਹੁਤ ਜਰਖੇਜ ਤੱਤ ਹੁੰਦਾ ਹੈ। ੧੯੮੪ ਤੋਂ ਬਾਅਦ ਇਨ੍ਹਾਂ ਨੌਜਵਾਨਾਂ ਨੂੰ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਸ਼ਹਾਦਤ ਮਗਰੋਂ ਆਦਰਸ਼ ਮਿਲ ਗਿਆ ਤੇ ਪੰਥ ਦੀ ਜਿੱਤ ਲਈ ਖਾਲਸਤਾਨ ਦਾ ਨਿਸ਼ਾਨਾ ਅਤੇ ਯੁੱਧ ਦੇ ਮੈਦਾਨ ਵਿੱਚ ਨਿੱਤਰਣ ਦਾ ਮੌਕਾ। ਇਹ ਉਸ ਚ ਕੁੱਦ ਪਏ, ਵੱਡੇ ਜਰਨੈਲ ਬਣੇ ਤੇ ਵੱਡੀਆਂ ਕੁਰਬਾਨੀਆਂ ਕੀਤੀਆਂ।

ਮੈਨੂੰ ਬਖਤਾਵਰ ਸਿੰਘ ਸਰਾਂ ਕਈ ਵਾਰ ਮਿਲਿਆ ਤੇ ਕਈ ਰਾਤਾਂ ਇਕੱਠਿਆਂ ਬਿਤਾਈਆਂ। ਉਸ ਵਕਤ ਉਸਦੀ ਉਮਰ ੨੫-੨੬ ਸਾਲ ਸੀ। ਇਸਨੂੰ ਸੰਘਰਸ਼ ਦੇ ਭਵਿੱਖ ਬਾਰੇ ਬੜੀ ਚਿੰਤਾ ਰਹਿੰਦੀ ਸੀ। ਇਸਨੂੰ ਸਾਹਿਤ ਪੜ੍ਹਣ ਦਾ ਕਾਫੀ ਸ਼ੌਕ ਸੀ। ਇਸਨੇ ਕਈ ਵਾਰ ਗੱਲ ਕਰਨੀ ਕਿ ਆਪਾਂ ਖਾੜਕੂ ਸੰਘਰਸ਼ ਤਾਂ ਲੜ ਰਹੇ ਹਾਂ ਪਰ ਇਸਦੇ ਬਰਾਬਰ ਲੋਕਤੰਤਰੀ ਸੰਘਰਸ਼ ਦੀ ਵੀ ਕੋਈ ਰੂਪ ਰੇਖਾ ਬਣਨੀ ਚਾਹੀਦੀ ਹੈ ਅਤੇ ਫਿਰ ਸੋਚਣਾ ਕਿ ਬਣ ਕਿਉਂ ਨਹੀਂ ਰਹੀ। ਸ਼ਹੀਦ ਹੁੰਦੇ ਸਿੰਘਾਂ ਦੇ ਬਰਾਬਰ ਓਹਨਾਂ ਦੇ ਹਾਣ ਦੀ ਇੱਕ ਰਾਜਸੀ ਅਗਵਾਈ ਸਾਹਮਣੇ ਕਿਉਂ ਨਹੀਂ ਆ ਰਹੀ। ਜਦੋਂ ਅਗਲੀ ਵਾਰ ਮਿਲਣਾ ਉਦੋਂ ਤੱਕ ਕੋਈ ਨਾ ਕੋਈ ਸਿੰਘ ਸ਼ਹੀਦ ਹੋ ਗਿਆ ਹੋਣਾ ਤੇ ਨਵਾਂ ਉਹਦੀ ਜਗ੍ਹਾ ਲੈ ਰਿਹਾ ਹੁੰਦਾ। ਫਿਰ ਬਖਤਾਵਰ ਸਿੰਘ ਦਾ ਸਵਾਲ ਉਵੇਂ ਹੀ ਰਹਿ ਜਾਣਾ। ਉਹਨੇ ਕਹਿਣਾ ਕਿ ਜਿਹੜੇ ਅਕਾਲੀ ਦਲ ਜਾਂ ਫੈਡਰੇਸ਼ਨ ਦੇ ਨਾਂ ਉੱਤੇ ਖਾੜਕੂ ਸੰਘਰਸ਼ ਦੀ ਨੁਮਾਇੰਦਗੀ ਦਾ ਦਾਅਵਾ ਕਰਦੇ ਹਨ, ਉਹ ਬਿਲਕੁੱਲ ਗੰਭੀਰ ਅਤੇ ਸੁਹਿਰਦ ਨਹੀਂ। ਉਹ ਕੋਈ ਮਿਹਨਤ ਜਾਂ ਘਾਲਣਾ ਰਾਹੀਂ ਸੰਘਰਸ਼ ਕਰਨ ਬਾਰੇ ਨਹੀਂ ਸੋਚਦੇ ਸਿਰਫ ਚੋਣਾਂ ਰਾਹੀ ਸੱਤਾ ਤੱਕ ਪਹੁੰਚਣਾ ਚਾਹੁੰਦੇ ਹਨ। ਉਹ ਸੱਤਾ ਨੂੰ ਆਪਣਾ ਹੱਕ ਸਮਝਦੇ ਹਨ ਪਰ ਇਹ ਨਹੀਂ ਸਮਝਦੇ ਅਜਿਹੀ ਸੱਤਾ ਕਾਹਦੇ ਲਈ ਹੁੰਦੀ ਹੈ। ਇਸ ਬਾਰੇ ਓਹਨਾਂ ਨੂੰ ਕੋਈ ਸਮਝ ਨਹੀਂ ਅਤੇ ਨਾ ਹੀ

ਸਮਝਣਾ ਚਾਹੁੰਦੇ ਹਨ। ਇਸ ਤਰ੍ਹਾਂ ਉਹ ਜਦੋਂ ਵੀ ਮਿਲਦਾ ਇਸ ਮਸਲੇ ਸਬੰਧੀ ਗੱਲ ਜਰੂਰ ਹੁੰਦੀ।

ਫਿਰ ਉਸਤੋਂ ਬਾਅਦ ਜਦੋਂ ਸੁਖਵਿੰਦਰ ਸਿੰਘ ਛਿੰਦੂ ਅਤੇ ਬੰਟੀ ਦੀ ਸ਼ਹਾਦਤ ਉਸਦੇ ਸਾਹਮਣੇ ਹੋਈ ਤਾਂ ਉਹਦੇ ਮਨ ਉੱਤੇ ਬੜਾ ਭਾਰ ਸੀ ਕਿ ਐਡੇ ਵੱਡੇ ਸਿੰਘ ਉਸਦੇ ਸਾਹਮਣੇ ਦੁਸ਼ਮਣ ਨੇ ਪਲਾਂ ਵਿੱਚ ਸ਼ਹੀਦ ਕਰ ਦਿੱਤੇ ਅਤੇ ਉਸ ਵਕਤ ਉਹ ਕੁੱਝ ਨਹੀਂ ਕਰ ਸਕਿਆ। ਫਿਰ ਉਹ ਪਰਖ, ਜਿਸਦੀ ਉਹ ਲੋਕਤੰਤਰੀ ਸੰਘਰਸ਼ ਦੇ ਸਬੰਧ ਵਿੱਚ ਗੱਲ ਕਰਿਆ ਕਰਦਾ ਸੀ, ਉਸ ਉੱਤੇ ਆਣ ਪਈ। ਉਹਨੂੰ ਉਸ ਪਰਖ ਅਤੇ ਖ਼ੂਨ ਰੂਪੀ ਦਰਿਆ ਵਿੱਚੋਂ ਲੰਘਣਾ ਪਿਆ ਅਤੇ ਦੱਸਣਾ ਪਿਆ ਕਿ ਮੈਂ ਇਸ ਪਰਖ ਦੀ ਗੱਲ ਕਰਦਾ ਸੀ, 'ਮੇਰਾ ਇਹ ਮਤਲਬ ਸੀ'।

ਦਲਜੀਤ ਸਿੰਘ ਸੀਕਰੀ ਤੇ ਕੁਝ ਹੋਰ ਸਿੰਘ

ਇਹ ਗੱਲ ਸੰਨ ੧੯੯੧ ਦੀ ਹੈ, ਜਦੋਂ ਮੈਂ ਸਰਹੱਦੋਂ ਪਾਰ ਸੀ, ਉੱਥੇ ਰਛਪਾਲ ਸਿੰਘ ਛੰਦੜਾਂ ਵਲੋਂ ਭੇਜੇ ਤਿੰਨ ਸਿੰਘ ਆਏ। ਓਹਨਾਂ ਵਿੱਚ ਜਿਲ੍ਹਾ ਹੁਸ਼ਿਆਰਪੁਰ ਦੇ ਟਾਂਡਾ ਸ਼ਹਿਰ ਨੇੜਲੇ ਪਿੰਡ ਸੀਕਰੀ ਦਾ ੩੦ ਕੁ ਸਾਲ ਦਾ ਪਤਲਾ ਸਰੀਰ, ਡੂੰਘੀਆਂ ਅੱਖਾਂ, ਸਾਂਵਲਾ ਰੰਗ ਅਤੇ ਦਰਮਿਆਨੇ ਕੱਦ ਵਾਲਾ ਨੌਜਵਾਨ ਦਲਜੀਤ ਸਿੰਘ ਵੀ ਸੀ। ਇਨ੍ਹਾਂ ਦਾ ਗੁਰਸਿੱਖ ਪਰਿਵਾਰ ਸੀ। ਇਸ ਨੇ ਕੰਪਿਊਟਰ ਦੀ ਪੜ੍ਹਾਈ ਕੀਤੀ ਹੋਈ ਸੀ ਤੇ ਕੁਝ ਸਮਾਂ ਨੌਕਰੀ ਵੀ ਕੀਤੀ। ਜਦੋਂ ਉਹਨੇ ਦੇਖਿਆ ਕਿ ਪੁਲਿਸ ਨੇ ਨਹੀਂ ਰਹਿਣ ਦੇਣਾ ਤਾਂ ਇਹ ਮਹਿਤਾ ਚੌਂਕ ਜਾ ਕੇ ਬਾਬਾ ਠਾਕਰ ਸਿੰਘ ਤੋਂ ਅੰਮ੍ਰਿਤ ਛਕ ਆਏ ਤੇ ਫਿਰ ਸਿੰਘਾਂ ਦੇ ਜਥੇ ਨਾਲ ਰਲ ਗਏ। ਧਰਮ, ਇਤਿਹਾਸ ਅਤੇ ਹੋਰ ਚੰਗਾ ਸਾਹਿਤ ਪੜ੍ਹਣ ਵਿੱਚ ਖਾਸ ਰੁਚੀ ਰੱਖਦਾ ਸੀ। ਤੜਕੇ ਉਠ ਕੇ ਨਿੱਤਨੇਮ ਵਿੱਚ ਬਹੁਤ ਪਰਪੱਕ ਅਤੇ ਸਿਮਰਨ ਕਰਨਾ। ਥੋੜ੍ਹਾ ਖਾਣਾ, ਥੋੜ੍ਹਾ ਸੌਣਾ ਤੇ ਲੋੜ ਅਨੁਸਾਰ ਹੀ ਬੋਲਣਾ। ਇਧਰ ਇਹ ਸਿੱਖ ਸਟੂਡੈਂਟਸ ਫੈਡਰੇਸ਼ਨ ਅਤੇ ਹੋਰ ਜਥੇਬੰਦੀਆਂ ਦੇ ਸਿੰਘਾਂ ਨਾਲ ਵਿਚਰਿਆ ਸੀ। ਸਾਰਿਆਂ ਦੀ ਠਾਹਰ ਸੀ ਅਤੇ ਮਦਦ ਵੀ ਕਰਦਾ ਸੀ। ਕੁੱਝ ਸਮਾਂ ਜੇਲ੍ਹ ਵਿੱਚ ਵੀ ਰਿਹਾ ਤੇ ਬਾਹਰ ਆ ਕੇ ਫਿਰ ਰੂਪੋਸ਼ ਹੋ ਗਿਆ। ਰਛਪਾਲ ਸਿੰਘ ਛੰਦੜਾਂ ਦੇ ਜਥੇ ਦੇ ਸਿੰਘਾਂ ਨਾਲ ਮਿਲ ਗਿਆ। ਬੜਾ ਮਿੱਠਤ ਤੇ ਹਲੀਮੀ ਵਾਲਾ ਸੁਭਾਅ ਸੀ ਪਰ ਦ੍ਰਿੜ੍ਹ ਇਰਾਦੇ ਵਾਲਾ ਸੀ। ਕਿਸੇ ਕਿਸਮ ਦੀ ਚੌਧਰ ਦੀ ਚਾਹ ਨਹੀਂ ਸੀ ਬਲਕਿ ਸਦਾ ਆਪਣੇ ਆਪ ਨੂੰ ਪਿੱਛੇ ਕਰਕੇ ਹੀ ਰਖਦਾ। ਮੂਲ ਰੂਪ ਵਿੱਚ ਪੰਥ ਅਤੇ ਗੁਰੂ ਨੂੰ ਸਮਰਪਿਤ ਰੂਹ ਵਾਲਾ।

ਉਸਦਾ ਖਾੜਕੂ ਸੰਘਰਸ਼ ਜਾਂ ਜਥੇਬੰਦੀਆਂ ਵਿੱਚ ਕੋਈ ਰੁਤਬਾ ਨਹੀਂ ਸੀ ਪਰ ਨਾਲ ਰਹਿਣ ਕਰਕੇ ਮੈਂ ਵੇਖਿਆ ਕਿ ਉੱਥੇ ਵੱਖ ਵੱਖ ਜਥੇਬੰਦੀਆਂ ਦੇ ਹੋਰ ਜਿੰਨੇ ਵੀ ਸਿੰਘ ਆ ਜਾ ਰਹੇ ਸਨ, ਓਹਨਾਂ ਨਾਲੋਂ ਇਹ ਜਿਆਦਾ ਜਿੰਮੇਵਾਰ, ਸਿਆਣਾ ਤੇ ਅਗਵਾਈ ਕਰਨ ਦੇ ਕਾਬਲ ਸੀ। ਇਹ ਗੱਲ ਮੈਂ ਪਹਿਲਾਂ ਵੀ ਕਈ ਵਾਰ ਦੇਖ

ਚੁੱਕਿਆ ਸੀ ਕਿ ਖਾੜਕੂ ਜਥੇਬੰਦੀਆਂ ਵਿੱਚ ਕਈ ਅਜਿਹੇ ਬੰਦੇ ਹੁੰਦੇ ਹਨ ਜਿਹੜੇ ਗੁਣਾਂ ਅਤੇ ਲਿਆਕਤ ਪੱਖੋਂ ਹੋਰਨਾਂ ਤੋਂ ਉਪਰ ਹੁੰਦੇ ਪਰ ਉਹ ਆਪਣੇ ਸੁਭਾਅ ਅਨੁਸਾਰ ਪਿੱਛੇ ਹੀ ਰਹਿੰਦੇ ਹਨ। ਉਹ ਆਪ ਕੋਈ ਯਤਨ ਕਰਕੇ ਅੱਗੇ ਨਹੀਂ ਆਉਂਦੇ। ਕਈ ਵਾਰ ਹਾਲਾਤ ਹੀ ਓਹਨਾਂ ਨੂੰ ਅੱਗੇ ਲੈ ਆਉਂਦੇ ਹਨ ਤੇ ਉਹ ਅਗਵਾਈ ਕਰਨ ਲੱਗ ਪੈਂਦੇ ਨਹੀਂ ਤਾਂ ਉਹ ਬੰਦੇ ਉੱਘੇ ਅਤੇ ਨਾਂ ਵਾਲਿਆਂ ਦੀ ਸੂਚੀ ਵਿੱਚ ਨਹੀਂ ਆਉਂਦੇ। ਬਹੁਤੀ ਥਾਈਂ ਤੇਜ ਤਰਾਰ ਤੇ ਵਧੀਆ ਗੱਲਾਂ ਕਰਕੇ ਪ੍ਰਭਾਵ ਪਾਉਣ ਵਾਲੇ ਜਾਂ ਜਿਆਦਾ ਹਥਿਆਰ ਚਲਾਉਣ ਵਾਲੇ ਸਿੰਘ ਹੀ ਅੱਗੇ ਆ ਜਾਂਦੇ ਹਨ ਕਿਉਂਕਿ ਓਹਨਾਂ ਦੀ ਤਮੰਨਾ ਵੀ ਹੁੰਦੀ ਹੈ। ਇਹ ਜਰੂਰੀ ਨਹੀਂ ਹੈ ਕਿ ਹਮਲੇ ਕਰਨ ਅਤੇ ਗੱਲਾਂ ਕਰਨ ਦੇ ਯੋਗ ਬੰਦਿਆਂ ਵਿੱਚ ਪੰਥਕ ਆਗੂ ਹੋਣ ਦੇ ਗੁਣ ਵੀ ਹੋਣ।

ਦਲਜੀਤ ਸਿੰਘ ਸੀਕਰੀ ਵਰਗੇ ਅਸਲ ਸਿੰਘ ਹੁੰਦੇ ਹਨ ਜਿਹੜੇ ਆਗੂ ਬਣਾਏ ਜਾਣ ਦੇ ਯੋਗ ਹੁੰਦੇ ਹਨ ਪਰ ਬਹੁਤ ਵਾਰ ਅਜਿਹੇ ਯੋਧੇ ਚੁਪ-ਚਾਪ ਸੇਵਾ ਕਰਦਿਆਂ ਸ਼ਹੀਦ ਹੋ ਜਾਂਦੇ ਹਨ। ਜੇਕਰ ਪੰਥ ਦੇ ਹਾਲਾਤ ਚੜ੍ਹਦੀ ਕਲਾ ਵਾਲੇ ਹੋਣ ਤੇ ਅਗਵਾਈ ਵਾਕਿਆ ਹੀ ਪੰਥ ਪ੍ਰਸਤ ਸਿੰਘਾਂ ਕੋਲ ਹੋਵੇ ਤਾਂ ਅਜਿਹੇ ਸਿੰਘ ਅੱਗੇ ਆ ਕੇ ਅਹਿਮ ਭੂਮਿਕਾ ਨਿਭਾਉਂਦੇ ਹਨ, ਨਹੀਂ ਤਾਂ ਸਿਰ ਨੀਵਾਂ ਕਰਕੇ ਆਪਣਾ ਫਰਜ ਅਤੇ ਸੇਵਾ ਨਿਭਾਈ ਜਾਂਦੇ। ਇਹ ਇਹੋ ਜਿਹੇ ਸਿੰਘ ਸੀ ਪਰ ਉਸ ਦੇ ਨਾਲਦਿਆਂ ਨੂੰ ਇਸ ਦਾ ਕੋਈ ਵੀ ਅਹਿਸਾਸ ਨਹੀਂ ਸੀ ਤੇ ਉਸਦੀ ਆਗੂ ਬਣਨ ਦੀ ਕੋਈ ਚਾਹ ਨਹੀਂ ਸੀ। ਮੈਂ ਉਸ ਨੂੰ ਸਮਝਾਇਆ ਕਿ ਆਪਣੀ ਜਿੰਮੇਵਾਰੀ ਸਾਂਭ ਤੇ ਉਹ ਮੰਨ ਗਿਆ ਤੇ ਕਿਹਾ ਕਿ ਤੁਸੀਂ ਜੋ ਜਿੰਮੇਵਾਰੀ ਦਿਓਗੇ ਪਰ ਜਥੇਬੰਦੀ ਵਿਚ ਜਿਸ ਤਰ੍ਹਾਂ ਚੱਲਦਾ ਹੈ ਮੈਂ ਉਸੇ ਤਰ੍ਹਾਂ ਠੀਕ ਹਾਂ।

ਮੈਂ ਉਸ ਨੂੰ ਉੱਥੇ ਕਿਸੇ ਨੂੰ ਮਿਲਣ ਸਮੇਂ ਆਪਣੇ ਨਾਲ ਰੱਖਦਾ ਸੀ ਤੇ ਉਸਦੀ ਬੰਦਿਆਂ ਪ੍ਰਤੀ ਪਹਿਚਾਣ ਤੇ ਹਾਲਾਤਾਂ ਨੂੰ ਸਮਝਣ ਦੀ ਸਮਰੱਥਾ ਮੇਰੇ ਤੋਂ ਬਿਹਤਰ ਸੀ। ਉਸਨੇ ਉਥੇ ਸਿਮਰਨ ਕਰਨ ਤੇ ਹੋਰ ਕਿਤਾਬਾਂ ਪੜ੍ਹਣ ਦਾ ਅਮਲ ਹੋਰ ਜਿਆਦਾ ਕਰ ਦਿੱਤਾ ਸੀ। ਮੈਨੂੰ ਹੁਣ ਵੀ ਉਹਦੀਆਂ ਗੱਲਾਂ ਤੇ ਉਸ ਦੀ ਅੰਤਰ ਦ੍ਰਿਸ਼ਟੀ ਤੇ ਸਮਝ ਬਾਰੇ ਯਾਦ ਆਉਂਦਾ ਹੈ। ਉਹ ਵਰਤਮਾਨ ਵਿੱਚ ਹੀ ਗੁਰਸਿੱਖ ਵਾਂਗ ਜਿਉਣ ਨੂੰ ਸਭ ਤੋਂ ਅਹਿਮ ਮੰਨਦਾ ਸੀ ਤੇ ਉਸ ਲਈ ਵਾਕਿਆ ਹੀ ਇਹ ਦੁਨੀਆ ਕੋਈ ਏਡਾ ਵੱਡਾ ਮਰਤਬਾ ਨਹੀਂ ਰੱਖਦੀ ਸੀ। ਉਹ ਅੱਗੇ ਦੀ ਦੁਨੀਆ ਨੂੰ ਜਿਆਦਾ ਸਮਰਪਿਤ ਸੀ।

ਰਾਜ ਤੇ ਸਮਾਜ ਬਾਰੇ ਵੀ ਉਹ ਬਹੁਤ ਸੁਚੇਤ ਸੀ ਤੇ ਉਹਨੂੰ ਪਤਾ ਸੀ ਕਿ ਅਸੀਂ ਸਭ ਨੇ ਸ਼ਹੀਦ ਹੋਣਾ ਹੈ ਤੇ ਉਹ ਜਿਆਦਾ ਸਮਾਂ ਆਪਣੀ ਜਿੰਦਗੀ ਨੂੰ ਸੰਵਾਰਨ ਤੇ ਲਾ ਰਿਹਾ ਸੀ। ਜਦੋਂ ਮੈਂ ਇਧਰ ਆਇਆ ਤੇ ਜਿੰਮੇਵਾਰੀ ਉਸ ਨੂੰ ਤੇ ਜਗਦੀਸ਼ ਸਿੰਘ

(ਦਵਿੰਦਰ ਸਿੰਘ ਜਰਮਨੀ) ਨੂੰ ਸੌਂਪੀ। ਜਗਦੀਸ਼ ਸਿੰਘ ਨੇ ਵੀ ਥੋੜ੍ਹੇ ਚਿਰ ਬਾਅਦ ਇਧਰ ਆ ਜਾਣਾ ਸੀ। ਏਧਰ ਆ ਕੇ ਬਹੁਤ ਤੇਜੀ ਨਾਲ ਸੰਘਰਸ਼ ਦਾ ਰੂਪ ਬਦਲ ਗਿਆ ਤੇ ਹਕੂਮਤ ਬਹੁਤ ਹਾਵੀ ਹੋ ਗਈ। ਉਹ ਔਖਾ ਤੇ ਭੀੜ ਵਾਲਾ ਦੌਰ ਸ਼ੁਰੂ ਹੋ ਗਿਆ। ਜਦੋਂ ਮੈਂ ਵਾਪਸ ਫੜੇ ਜਾਣ ਤੋਂ ਬਾਅਦ ਜੇਲ੍ਹ ਵਿੱਚ ਆਇਆ ਤਾਂ ਮੈਨੂੰ ਉਧਰੋਂ ਆਏ ਕੁਝ ਸਿੰਘ ਮਿਲੇ ਤਾਂ ਉਨ੍ਹਾਂ ਨੇ ਦੱਸਿਆ ਕਿ ਮੇਰੇ ਤੋਂ ਬਾਅਦ ਉਹ ਆਪਣੀ ਜਿੰਮੇਵਾਰੀ ਨਿਭਾਉਂਦਾ ਰਿਹਾ ਪਰ ਹੋਰ ਜਥੇਬੰਦੀਆਂ ਤੇ ਚੌਧਰੀਆਂ ਨੂੰ ਉਹ ਸਿੰਘ ਰਾਸ ਨਹੀਂ ਆਇਆ। ਉਨ੍ਹਾਂ ਨੇ ਉਸਦਾ ਉੱਥੇ ਰਹਿਣਾ ਮੁਸ਼ਕਲ ਕਰ ਦਿੱਤਾ ਤੇ ਉਹ ਇੱਧਰ ਨੂੰ ਆਇਆ ਤੇ ਸਰਹੱਦ ਤੇ ਆਉਂਦੇ ਮੁਕਾਬਲਾ ਹੋ ਗਿਆ ਤੇ ਸ਼ਹੀਦ ਹੋ ਗਿਆ।

ਦਲਜੀਤ ਸਿੰਘ ਸੀਕਰੀ ਦਾ ਵਿਸ਼ਵਾਸ ਸੀ ਕਿ ਇਸ ਦੁਨੀਆ ਚ ਨਾਂ ਅਤੇ ਕਾਮਯਾਬੀਆਂ ਦਾ ਕੋਈ ਮਤਲਬ ਨਹੀਂ ਜੇਕਰ ਅੱਗੇ ਦੀ ਦੁਨੀਆ ਲਈ ਕੋਈ ਕਮਾਈ ਨਹੀਂ ਕੀਤੀ। ਮੈਂ ਉਸ ਨਾਲ ਸਹਿਮਤ ਹਾਂ ਤੇ ਮੈਨੂੰ ਪੂਰਾ ਯਕੀਨ ਹੈ ਕਿ ਉਸ ਦਾ ਰੁਤਬਾ ਗੁਰੂ ਦੀ ਕਚਹਿਰੀ ਵਿੱਚ ਵੱਡਾ ਹੋਵੇਗਾ।

ਇੱਕ ਵਾਰ ਇੰਗਲੈਂਡ ਤੋਂ ਦੋ ਸਿੰਘ ਆਏ। ਜੋ ਕੁਝ ਦਿਨ ਸਾਡੇ ਕੋਲ ਰਹੇ। ਉਨ੍ਹਾਂ ਵਿੱਚੋਂ ਇੱਕ ਥੋੜ੍ਹਾ ਸਮਾਂ ਪਹਿਲਾਂ ਹੀ ਭਾਰਤ ਤੋਂ ਹੋ ਕੇ ਆਇਆ ਸੀ। ਇਹ ਗੱਲ ੧੯੯੨ ਦੇ ਸ਼ੁਰੂ ਦੀ ਹੈ। ਉਸ ਵਕਤ ਸਰਕਾਰ ਦਾ ਹੱਥ ਉਪਰ ਹੋ ਰਿਹਾ ਸੀ। ਤਸ਼ੱਦਦ ਅਤੇ ਪ੍ਰਾਪੇਗੰਡਾ ਸਿਰੇ ਤੇ ਸੀ। ਸਮਝ ਵਾਲੇ ਬੰਦਿਆਂ ਨੂੰ ਦਿਖਣ ਲੱਗ ਪਿਆ ਸੀ ਕਿ ਹਾਲਾਤ ਖਾੜਕੂ ਸੰਘਰਸ਼ ਦੇ ਉਲਟ ਹੋ ਰਹੇ ਹਨ। ਉਨ੍ਹਾਂ ਸਿੰਘਾਂ ਨੂੰ ਇਸ ਬਾਰੇ ਬਹੁਤ ਫਿਕਰ ਸੀ। ਜਦੋਂ ਅਗਲੇ ਦਿਨ ਤੜਕੇ ਅਸੀਂ ਨਿਤਨੇਮ ਕਰਕੇ ਉੱਠੇ ਤਾਂ ਦਲਜੀਤ ਸਿੰਘ ਨੇ ਕਿਹਾ ਕਿ ਇਨ੍ਹਾਂ ਸਿੰਘਾਂ ਦਾ ਫਿਕਰਮੰਦ ਹੋਣਾ ਕੁਦਰਤੀ ਹੈ। ਲੱਗਦਾ ਇੰਝ ਹੀ ਹੈ ਕਿ ਹੁਣ ਅਸੀਂ ਥੋੜ੍ਹੇ ਰਹਿ ਜਾਵਾਂਗੇ, ਹੋ ਸਕਦਾ ਹੈ ਕਿ ਕੋਈ ਵੀ ਨਾ ਰਹੇ। ਇਸ ਦੌਰ ਦੇ ਅੰਤ ਨਾਲ ਸਾਡਾ ਵੀ ਅੰਤ ਹੋ ਜਾਵੇਗਾ ਪਰ ਖਾਲਸੇ ਦੀ ਜੰਗ ਅਟੱਲ ਅਤੇ ਸਦੀਵੀ ਹੀ ਰਹੇਗੀ। ਹੁਣ ਮੈਂ ਸੋਚਦਾ ਹਾਂ ਕਿ ਬਾਣੀ ਨਾਲ ਗਹਿਰੇ ਲਗਾਓ ਕਾਰਨ ਉਸ ਨੂੰ ਇਸ ਹਕੀਕਤ ਦਾ ਅਹਿਸਾਸ ਹੋ ਗਿਆ ਸੀ। ਇਹ ਸਿੰਘ ੧ ਜਨਵਰੀ ੧੯੯੩ ਨੂੰ ਸਰਹੱਦ ਤੇ ਸ਼ਹੀਦ ਹੋਏ।

ਜਸਵਿੰਦਰ ਸਿੰਘ ਭੁੱਟਾ

ਜਦੋਂ ਉਹ ਉੱਧਰ ਆਏ ਤਾਂ ਇਨ੍ਹਾਂ ਨਾਲ ਦੋ ਸਿੰਘ ਹੋਰ ਸੀ। ਜਸਵਿੰਦਰ ਸਿੰਘ ਤੇ ਮੇਜਰ ਸਿੰਘ। ਇਹ ਦੋਵੇਂ ਉਸਦੀ ਬਹੁਤ ਇੱਜਤ ਕਰਦੇ ਸੀ। ਜਸਵਿੰਦਰ ਸਿੰਘ (ਭੁੱਟਾ) ਦਸੂਹੇ ਕੋਲ ਹਮਜਾ ਪਿੰਡ ਦਾ ਸੀ। ਭਾਊ ਪਰਮਜੀਤ ਸਿੰਘ ਪੰਜਵੜ ਦੀ ਸਿੰਘਣੀ ਇਹਦੀ ਭੈਣ ਲੱਗਦੀ ਸੀ। ਇਸ ਪਿੰਡ ਵਿੱਚ ਪੰਥਕ ਕਮੇਟੀ, ਖਾਲਸਤਾਨ

ਕਮਾਂਡੋ ਫੋਰਸ ਦੀਆਂ ਕਈ ਠਾਹਰਾਂ ਸਨ। ਮੈਂ ਵੀ ਇੱਥੇ ਇੱਕ ਠਾਹਰ 'ਤੇ ਦੋ ਦਿਨ ਰਿਹਾ ਸੀ। ਦੋਵੇਂ ਦਿਨ ਬਹੁਤ ਮੀਂਹ ਪਿਆ ਸੀ। ਠਾਹਰਾਂ ਵਾਲਿਆਂ ਨੇ ਸਾਨੂੰ ਖੀਰ ਪੂੜੇ ਖਵਾਏ। ਮੈਨੂੰ ਹੁਣ ਵੀ ਉਹ ਦਿਨ ਤੇ ਉਹ ਇਲਾਕਾ ਯਾਦ ਹੈ। ਘਰ ਦਾ ਖੇਤਾਂ ਵੱਲ ਨੂੰ ਖੁੱਲ੍ਹਦਾ ਵਿਹੜਾ, ਸਾਰੇ ਪਾਸੇ ਹਰਿਆਵਲ, ਅੰਬਾਂ ਤੇ ਸਫੈਦਿਆਂ ਦੇ ਝੁੰਡ, ਮੀਂਹ ਕਾਰਨ ਛੋਟੇ-ਛੋਟੇ ਵਗ ਰਹੇ ਕਈ ਨਾਲੇ। ਇਹ ਇਲਾਕਾ ਹੀ ਚੋਆਂ ਦਾ ਹੈ।

ਜਸਵਿੰਦਰ ਸਿੰਘ ਨੇ ਮੈਨੂੰ ਪਛਾਣ ਲਿਆ ਸੀ ਕਿਉਂਕਿ ਇਹ ਸਾਡੀ ਸੇਵਾ ਵਿਚ ਸੀ ਤੇ ਬਾਅਦ ਵਿੱਚ ਇਹ ਬਾਗੀ ਹੋ ਗਿਆ। ਜਸਵਿੰਦਰ ਦਾ ਕੱਦ ਕੋਈ ਛੇ ਫੁੱਟ ਤੇ ਤਕੜਾ ਤੇ ਸਖਤ ਸਰੀਰ ਸੀ। ਉਹ ਗੱਲਾਂ ਬਹੁਤ ਕਰਦਾ ਸੀ ਤੇ ਹੱਸਦਾ ਹਸਾਉਂਦਾ ਰਹਿੰਦਾ ਸੀ। ਉਸ ਵਿੱਚ ਜਾਨਣ ਦੀ ਬਹੁਤ ਇੱਛਾ ਸੀ ਤੇ ਸੁਣਦਾ ਵੀ ਬਹੁਤ ਧਿਆਨ ਨਾਲ ਸੀ। ਇਨ੍ਹਾਂ ਸਿੰਘਾਂ ਨੇ ਸਾਡੇ ਨਾਲ ਅਫਗਾਨਿਸਤਾਨ ਦੀ ਸਰਹੱਦ ਕੋਲ ਤਿੰਨ ਹਫਤਿਆਂ ਦੀ ਸਿਖਲਾਈ ਲਈ ਸੀ। ਦਲਜੀਤ ਸਿੰਘ ਤੇ ਭੁੱਟਾ ਬੜੇ ਜੋਰ ਤੇ ਦਮ ਵਾਲੇ ਸੀ ਜਦਕਿ ਮੇਜਰ ਸਿੰਘ ਛੇਤੀ ਥੱਕ ਜਾਂਦਾ ਸੀ। ਸੰਨ ੧੯੯੨ ਵਿੱਚ ਹੀ ਜਸਵਿੰਦਰ ਤੇ ਮੇਜਰ ਸਿੰਘ ਏਧਰ ਆ ਗਏ। ਜਦੋਂ ਮੈਂ ੧੯੯੨ ਵਿੱਚ ਇਧਰ ਆਇਆ ਤਾਂ ਰਸ਼ਪਾਲ ਸਿੰਘ ਦਾ ਸੁਨੇਹਾ ਲੈ ਕੇ ਜਸਵਿੰਦਰ ਸਿੰਘ ਮੈਨੂੰ ਅੰਮ੍ਰਿਤਸਰ ਮਿਲਿਆ। ਉਹ ਬੜਾ ਖੁਸ਼ ਸੀ। ਉਸ ਵਕਤ ਸਿੰਘਾਂ ਤੇ ਦਬਾਓ ਬਹੁਤ ਵਧ ਗਿਆ ਸੀ ਪਰ ਉਸ ਦੀਆਂ ਅੱਖਾਂ ਵਿੱਚ ਬਹੁਤ ਕੁਝ ਕਰਨ ਦਾ ਚਾਅ ਸੀ ਤੇ ਉਹ ਬਹੁਤ ਪਿਆਰ ਨਾਲ ਮਿਲ ਕੇ ਗਿਆ। ਅਗਲੇ ਦਿਨਾਂ ਵਿੱਚ ਉਨ੍ਹਾਂ ਨੇ ਕੁਝ ਕੰਮ ਉਲੀਕੇ ਹੋਏ ਸੀ ਜਿਨ੍ਹਾਂ ਦਾ ਉਸ ਨੂੰ ਚਾਅ ਸੀ। ਰਛਪਾਲ ਸਿੰਘ ਛੰਦੜਾਂ ਨੂੰ ਮੈਂ ਲੁਧਿਆਣੇ ਕਿਸੇ ਸੁਰੱਖਿਅਤ ਥਾਂ ਤੇ ਮਿਲਣਾ ਸੀ, ਪਰ ਨਾ ਮਿਲ ਸਕਿਆ ਕਿਉਂਕਿ ਲੁਧਿਆਣਾ ਪੁਲਿਸ ਨੇ ਕੁਝ ਘੰਟਿਆਂ ਵਿਚ ਹੀ ਜਸਵਿੰਦਰ ਸਿੰਘ, ਦਵਿੰਦਰ ਸਿੰਘ ਤੇ ਹੋਰ ਕਈ ਸਿੰਘਾਂ ਨੂੰ ਕਾਬੂ ਕਰ ਲਿਆ। ਕੁਝ ਦਿਨਾਂ ਵਿੱਚ ਹੀ ਰਛਪਾਲ ਸਿੰਘ ਤੇ ਜਗਦੀਸ਼ ਸਿੰਘ ਵੀ ਸ਼ਹੀਦ ਹੋ ਗਏ। ਇਹ ਸਭ ਕੁਝ ਏਨੀ ਛੇਤੀ ਹੋ ਗਿਆ ਕਿ ਕੁਝ ਵੀ ਸਮਝ ਨਹੀਂ ਪਿਆ। ਉਸ ਦਿਨ ਉਹ ਕਿੰਨਾ ਖੁਸ਼ ਤੇ ਚਾਅ ਵਿੱਚ ਸੀ। ਕੀ ਪਤਾ ਸੀ ਕਿ ਅੱਗੇ ਖੜ੍ਹੀ ਮੌਤ ਦਾ ਹੀ ਚਾਅ ਸੀ।

ਕਈ ਵਾਰ ਗੁਰੀਲਾ ਯੁੱਧਾਂ ਵਿੱਚ ਇਸ ਤਰ੍ਹਾਂ ਹੀ ਹੁੰਦਾ ਹੈ ਇੱਕ ਕੜੀ ਦੇ ਟੁੱਟ ਜਾਣ ਨਾਲ ਸਾਰਾ ਢਾਂਚਾ ਹੀ ਟੁੱਟ ਜਾਂਦਾ ਹੈ ਤੇ ਬਹੁਤ ਜਿਆਦਾ ਨੁਕਸਾਨ ਹੋ ਜਾਂਦਾ ਹੈ। ਲੁਧਿਆਣੇ ਇਸ ਤਰ੍ਹਾਂ ਹੀ ਹੋਇਆ ਤੇ ਪੁਲਿਸ ਦੀ ਕਿਸਮਤ ਤੇਜ ਸੀ ਕਿ ਇਕ ਕੜੀ ਹੱਥ ਵਿੱਚ ਆਉਣ ਨਾਲ ਇੱਕ ਵੱਡਾ ਜੱਥਾ ਹੀ ਢਹਿ ਢੇਰੀ ਹੋ ਗਿਆ। ਅਜਿਹੀਆਂ ਜੰਗਾਂ ਵਿੱਚ ਇਹ ਵੀ ਹੁੰਦਾ ਹੈ ਕਿ ਉਸ ਕੜੀ ਬਾਰੇ ਜਾਂ ਸਾਰੇ ਢਾਂਚੇ ਦੇ ਢੇਰੀ ਹੋਣ ਦੇ ਅਸਲ ਕਾਰਨਾਂ ਦਾ ਕਦੀ ਵੀ ਪੂਰੀ ਤਰ੍ਹਾਂ ਪਤਾ ਨਹੀਂ ਚਲਦਾ।

ਮੇਜਰ ਸਿੰਘ ਜਵੰਦਾ

ਦੂਸਰੇ ਸਿੰਘ ਦਾ ਨਾਂ ਮੇਜਰ ਸਿੰਘ ਜਵੰਦਾ ਸੀ, ਉਹ ਪਟਿਆਲੇ ਤੋਂ ਸੀ। ਉਹ ਭਿੰਡਰਾਂਵਾਲੇ ਟਾਈਗਰ ਫੋਰਸ ਜਥੇਬੰਦੀ ਦੇ ਪਟਿਆਲੇ ਜਿਲ੍ਹੇ ਦਾ ਮੁਖੀ ਸੀ। ਇਸ ਸਿੰਘ ਦੀ ਉਮਰ ਕੋਈ ਤੇਈ ਚੌਵੀ ਸਾਲ, ਕੱਦ ਪੰਜ ਫੁੱਟ ਦੱਸ ਇੰਚ, ਨਰੋਆ ਸਰੀਰ, ਖੁੱਲ੍ਹਾ ਦਾਹੜਾ, ਕਣਕਵੰਨਾ ਰੰਗ ਤੇ ਬਹੁਤ ਨਿਮਰ ਤੇ ਮਿਲਵਰਤਣ ਵਾਲਾ ਤੇ ਸੇਵਾ ਭਾਵਨਾ ਵਾਲਾ ਸਿੰਘ ਸੀ। ਵੱਡਿਆਂ ਦੀ ਇੱਜਤ ਕਰਨਾ ਅਤੇ ਸਦਾ ਉਹਨਾਂ ਤੋਂ ਕੁਝ ਪੁੱਛਦੇ ਰਹਿਣਾ। ਸੰਘਰਸ਼ ਤੇ ਕਾਰਨਾਮਿਆਂ ਬਾਰੇ ਗੱਲਾਂ ਕਰਨੀਆਂ ਤੇ ਤਰਕੀਬਾਂ ਘੜੀ ਜਾਣੀਆਂ। ਉਸ ਦੇ ਸੁਭਾਅ ਵਿਚ ਇਕ ਬਚਪਨਾ ਵੀ ਸੀ। ਉਹ ਸਾਥੀਆਂ ਨਾਲ ਗੁੱਸੇ ਵੀ ਹੋ ਜਾਂਦਾ ਸੀ ਤੇ ਲੜ ਵੀ ਪੈਂਦਾ ਸੀ ਪਰ ਛੇਤੀ ਹੀ ਮੰਨ ਵੀ ਜਾਂਦਾ ਸੀ। ਜਸਵਿੰਦਰ ਸਿੰਘ ਵਾਂਗ ਹੀ ਉਸ ਨੂੰ ਬਹੁਤ ਚਾਅ ਸੀ ਕਿ ਇਧਰ ਵਧੀਆ ਸਾਮਾਨ ਲੈ ਕੇ ਆਵੇ ਤੇ ਵੱਡੇ ਕੰਮ ਕਰੇ। ਜਦੋਂ ਉਹ ਇੱਧਰ ਸੀ ਤਾਂ ਅਸੀਂ ਇਸ ਨੂੰ ਬਾੜਮੇਰ (ਰਾਜਸਥਾਨ ਸਰਹੱਦ) ਤੋਂ ਉਥਾਂ ਰਾਹੀਂ ਸਮਾਨ ਦੇ ਕੇ ਭੇਜਿਆ। ਇਹਨਾਂ ਨੇ ਉਥੋਂ ਦੋ ਤਿੰਨ ਵਾਰ ਸਮਾਨ ਲੈ ਕੇ ਆਂਦਾ ਤੇ ਬਹੁਤ ਖੁਸ਼ ਸਨ ਕਿ ਉਹਨਾਂ ਦਾ ਮਨਪਸੰਦ ਸਮਾਨ ਆ ਗਿਆ ਹੈ। ਇੱਥੇ ਆ ਕੇ ਮੈਂ ਇਸ ਨੂੰ ਪਟਿਆਲੇ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਵਿੱਚ ਮਿਲਿਆ। ਇਹ ਮੈਨੂੰ ਲੰਗਰ ਹਾਲ ਕੋਲ ਮਿਲਿਆ ਤੇ ਬਾਅਦ ਵਿੱਚ ਸਰੋਵਰ ਦੇ ਕੰਢੇ ਇੱਕ ਬੀਬੀ ਕੋਲ ਲੈ ਗਿਆ। ਉਸ ਨੇ ਮੇਰੇ ਪੈਰੀਂ ਹੱਥ ਲਾਏ ਤੇ ਉਦੋਂ ਮੈਨੂੰ ਸਮਝ ਆਈ ਕਿ ਮੇਜਰ ਸਿੰਘ ਨੇ ਵਿਆਹ ਕਰਵਾ ਲਿਆ ਹੈ। ਉਸ ਬੀਬੀ ਨੇ ਹਾਲੇ ਨਵੀਆਂ ਵਿਆਹੀਆਂ ਵਾਂਗ ਹੀ ਕੱਪੜੇ ਪਾਏ ਸਨ। ਮੈਂ ਉਨ੍ਹਾਂ ਨੂੰ ਵਧਾਈ ਦਿੱਤੀ ਤੇ ਪਿਆਰ ਦਿੱਤਾ। ਫਿਰ ਮੇਜਰ ਸਿੰਘ ਨੇ ਆਪਣੇ ਵਿਆਹ ਬਾਰੇ ਦੱਸਿਆ ਤੇ ਅਸੀਂ ਦੋ ਕੁ ਘੰਟੇ ਉੱਥੇ ਬੈਠੇ। ਉੱਥੇ ਇਕ ਸਿੰਘ ਸਾਨੂੰ ਚਾਹ ਤੇ ਕੁਝ ਖਾਣ ਨੂੰ ਵੀ ਦੇ ਕੇ ਗਿਆ। ਸਾਰੇ ਪਾਸੇ ਹੀ ਸਟੇਟ ਦਾ ਦਬਾਓ ਵਧ ਰਿਹਾ ਸੀ ਅਤੇ ਖਾੜਕੂ ਸਫਾਂ ਟੁੱਟ ਰਹੀਆਂ ਸਨ। ਮੇਜਰ ਸਿੰਘ ਨੇ ਦੱਸਿਆ ਕਿ ਕਿਵੇਂ ਦੋ ਕੁ ਦਿਨ ਪਹਿਲਾਂ ਰਾਤ ਨੂੰ ਇਕ ਨਾਕੇ ਤੇ ਘਿਰ ਗਏ ਪਰ ਉਹ ਗੋਲੀਬਾਰੀ ਕਰ ਕੇ ਨਿਕਲਣ ਵਿੱਚ ਕਾਮਯਾਬ ਹੋ ਗਏ। ਹਫਤਾ ਕੁ ਪਹਿਲਾਂ ਉਹ ਆਪਣੀ ਰਿਸ਼ਤੇਦਾਰੀ ਵਿਚ ਕਿਵੇਂ ਤਕਰੀਬਨ ਫੜਿਆ ਹੀ ਗਿਆ ਸੀ। ਉਥੇ ਪੁਲਿਸ ਦਾ ਛਾਪਾ ਪੈ ਗਿਆ। ਉਹ ਇਕ ਵੱਡੇ ਕੂਲਰ ਵਿਚ ਲੁਕ ਗਿਆ। ਸੀਆਰਪੀਐਫ ਵਾਲੇ ਆਏ ਤਾਂ ਸਭ ਤਲਾਸ਼ੀ ਹੋਈ ਪਰ ਕੂਲਰ ਤੇ ਕੋਈ ਸ਼ੱਕ ਨਹੀਂ ਪਿਆ। ਉਸ ਮੁਲਾਕਾਤ ਤੋਂ ਕੁਝ ਕੁ ਮਹੀਨੇ ਬਾਅਦ ਮੇਜਰ ਸਿੰਘ ਵੀ ਸ਼ਹੀਦ ਹੋ ਗਿਆ। ਉਸ ਦੇ ਪਰਿਵਾਰ ਨਾਲ ਕੀ ਬੀਤੀ, ਇਸ ਬਾਰੇ ਕੋਈ ਜਾਣਕਾਰੀ ਨਹੀਂ ਹੈ।

ਨਿਸ਼ਾਨ ਸਿੰਘ

ਦਲਜੀਤ ਸਿੰਘ ਹੁਰਾਂ ਨਾਲ ਉਥੇ ਇਨ੍ਹਾਂ ਦੀ ਜਥੇਬੰਦੀ ਦਾ ਹੀ ਇੱਕ ਹੋਰ ਸਿੰਘ ਅਜਨਾਲੇ ਤੋਂ ਸੀ, ਜਿਸ ਦਾ ਨਾਂ ਨਿਸ਼ਾਨ ਸਿੰਘ ਸੀ। ਉਹ ਕੋਈ ਸਤਾਈ ਕੁ ਸਾਲ, ਪੱਕਾ ਰੰਗ, ਲੰਮਾ ਤੇ ਤਕੜਾ ਸਰੀਰ, ਵੱਡੀਆਂ ਅੱਖਾਂ, ਇਨ੍ਹਾਂ ਵਾਂਗ ਉਹ ਵੀ ਬੜਾ ਨਿਮਰ ਤੇ ਸੇਵਾ ਭਾਵਨਾ ਵਾਲਾ ਸੀ। ਤਨ ਤੇ ਮਨ ਦਾ ਬਹੁਤ ਪੱਕਾ ਸੀ। ਦਲਜੀਤ ਸਿੰਘ ਅਤੇ ਨਿਸ਼ਾਨ ਸਿੰਘ ਨੇ ਹਾਲੀ ਕੋਈ ਬਹੁਤੇ ਹਮਲੇ ਵੀ ਨਹੀਂ ਸੀ ਕੀਤੇ। ਜੰਗ ਵਾਲਾ ਦੌਰ ਹਾਲੇ ਇਨ੍ਹਾਂ ਦਾ ਸ਼ੁਰੂ ਹੋਣਾ ਸੀ ਪਰ ਇਹ ਦੋਵੇਂ ਸਿੰਘਾਂ ਦੀ ਘਾੜਤ ਇਹੋ ਜਿਹੀ ਸੀ ਕਿ ਕਿਸੇ ਵੀ ਜੰਗ ਲਈ ਇਹ ਬਹੁਤ ਵਧੀਆ ਯੋਧੇ ਸਨ। ਦਲਜੀਤ ਸਿੰਘ ਵਿੱਚ ਤਾਂ ਆਗੂਆਂ ਵਾਲੇ ਸਾਰੇ ਗੁਣ ਸੀ। ਸ਼ਾਇਦ ਦਲਜੀਤ ਸਿੰਘ ਨਾਲ ਸਰਹੱਦ ਤੇ ਜਿਹੜਾ ਸਿੰਘ ਸ਼ਹੀਦ ਹੋਇਆ ਉਹ ਨਿਸ਼ਾਨ ਸਿੰਘ ਸੀ।

ਦੇਖੋ ਰੱਬ ਦੀ ਖੇਡ ਕਿ ਜੋ ਜੰਗ ਲਈ ਸਭ ਤੋਂ ਜਿਆਦਾ ਸਮਰੱਥ ਬੰਦੇ ਸੀ ਅਤੇ ਜਿਨ੍ਹਾਂ ਨੇ ਉਧਰ ਪੂਰੀ ਤਿਆਰੀ ਵੀ ਕੀਤੀ ਸੀ। ਇਹ ਸਿੰਘ ਮੁੜ ਇੱਧਰ ਪੰਜਾਬ ਨਾ ਪਹੁੰਚ ਸਕੇ ਤੇ ਸਰਹੱਦ ਦੀ ਕੰਡਿਆਲੀ ਤਾਰ ਦੀ ਜੂਹ ਵਿਚ ਗੋਲੀਆਂ ਨਾਲ ਛਲਣੀ ਹੋ ਗਏ।

ਭਾਗ ਤੀਜਾ

ਸਬੱਬ

ਪਾਠ : ੧੦

ਸਾਡੇ ਬਚਣ ਦੇ ਮੌਕੇ

ਹਥਿਆਰਬੰਦ ਸੰਘਰਸ਼ ਮੌਤ ਨਾਲ ਲੁਕਣਮੀਟੀ ਦੀ ਖੇਡ ਹੀ ਹੁੰਦਾ ਹੈ। ਦੁਸ਼ਮਣ ਸਾਜਿਸ਼ ਦਾ ਜਾਲ ਬੁਣਦਾ ਹੈ, ਕਈ ਤਰੀਕੇ ਨਾਲ ਘੇਰਾਬੰਦੀ ਕਰਦਾ ਹੈ ਅਤੇ ਹਮਲੇ ਕਰਦਾ ਹੈ। ਛਾਪਾਮਰੀ ਵਿਚ ਤੁਸੀਂ ਬਚਣਾ ਵੀ ਹੁੰਦਾ ਹੈ ਤੇ ਹਮਲਾ ਵੀ ਕਰਨਾ ਹੁੰਦਾ ਹੈ। ਅਸੀਂ ਉਸ ਦੀਆਂ ਹੱਦਾਂ ਅੰਦਰ ਰਹਿ ਕੇ ਜਾਂ ਬਾਹਰ ਜਾ ਕੇ ਵੀ ਉਹਦੇ ਖਿਲਾਫ ਸੰਘਰਸ਼ ਕਰਨਾ ਹੁੰਦਾ ਹੈ। ਛਾਪਾਮਾਰੀ ਵਿਚ ਮੌਤ ਕਈ ਵਾਰ ਇਕਦਮ ਅਚਾਨਕ ਹੀ ਆ ਜਾਂਦੀ ਹੈ ਪਰ ਕਈ ਵਾਰ ਤੁਸੀਂ ਮੌਤ ਦੇ ਜਬਾੜਿਆਂ ਵਿਚੋਂ ਇਸ ਤਰ੍ਹਾਂ ਬਚਦੇ ਹੋ ਕਿ ਇਹਨੂੰ ਸਿਰਫ ਕੁਦਰਤ ਦਾ ਕ੍ਰਿਸ਼ਮਾ ਜਾਂ ਸਬੱਬ ਹੀ ਮੰਨਣਾ ਪੈਂਦਾ ਹੈ। ਜੰਗਾਂ ਯੁੱਧਾਂ ਵਿਚ ਹੋਣੀ ਦੀ ਇਹ ਖੇਡ ਬੜੀ ਅਨੋਖੀ ਹੁੰਦੀ ਹੈ। ਆਖਰ ਵਿਚ ਹੁੰਦਾ ਓਹੀ ਹੈ ਜੋ ਹੋਣਾ ਹੁੰਦਾ ਹੈ ਇਹ ਹੋਰ ਤਰ੍ਹਾਂ ਨਹੀਂ ਸੀ ਹੋ ਸਕਦਾ। ਇਹ ਪਾਠ ਵਿਚ ਕੁਝ ਉਹਨਾਂ ਵਾਕਿਆਂ ਦਾ ਜਿਕਰ ਹੈ ਜਿਹੜੇ ਸਾਡੇ ਬਚਾਅ ਨਾਲ ਸਬੰਧਤ ਹਨ।

ਅਦਾਲਤ ਵਿਚ ਆਹਮੋ ਸਾਹਮਣੇ

ਇਹ ਗੱਲ ਸੰਨ ੧੯੯੦ ਦੇ ਅਖੀਰ ਦੀ ਹੈ। ਜਦੋਂ ਅਸੀਂ ਅੰਮ੍ਰਿਤਸਰ ਅਦਾਲਤ ਵਿਚ ਤਰੀਕ ਭੁਗਤਣ ਆਏ ਕੰਵਰਜੀਤ ਸਿੰਘ ਸੁਲਤਾਨਵਿੰਡ, ਰਣਜੀਤ ਸਿੰਘ ਰਾਣਾ ਤੇ ਰਾਜਵਿੰਦਰ ਸਿੰਘ ਨੂੰ ਛੁਡਾਇਆ ਸੀ। ਸੈਂਕੜਿਆਂ ਦੀ ਗਿਣਤੀ ਵਿੱਚ ਲੋਕ ਅਤੇ ਇੰਨੀ ਹੀ ਗਿਣਤੀ ਵਿੱਚ ਪੁਲਿਸ ਵਾਲੇ ਉੱਥੇ ਮੌਜੂਦ ਸਨ। ਗੁਰੂ ਦੀ ਕਿਰਪਾ ਨਾਲ ਬਿਨਾ ਕਿਸੇ ਜਾਨੀ ਨੁਕਸਾਨ ਦੇ ਅਸੀਂ ਸਿੰਘਾਂ ਨੂੰ ਛੁਡਾਉਣ ਵਿੱਚ ਕਾਮਯਾਬ ਹੋ ਗਏ। ਇਹ ਸਾਰਾ ਕੰਮ ਇੱਕ ਦੋ ਮਿੰਟ ਦਾ ਹੀ ਸੀ। ਇਸ ਹਮਲੇ ਦੌਰਾਨ ਇਕ ਅਜੀਬ ਘਟਨਾ ਘਟੀ, ਇਕ ਸਬ-ਇੰਸਪੈਕਟਰ ਨੇ ਆਪਣਾ ਰਿਵਾਲਵਰ ਕੱਢ ਕੇ ਕੋਈ ੧੦-੧੨ ਫੁੱਟ ਦੀ ਦੂਰੀ ਤੋਂ ਮੇਰੇ ਵੱਲ ਤਿੰਨ ਵਾਰ ਗੋਲੀ ਚਲਾਈ ਅਤੇ ਮੈਂ ਵੀ ਆਪਣੇ ਰਿਵਾਲਵਰ ਨਾਲ ਉਸ ਤੇ ਤਿੰਨ ਵਾਰ ਗੋਲੀ ਚਲਾਈ। ਫੇਰ ਉਹ ਵੀ ਪਿੱਛੇ ਨੂੰ ਚਲਿਆ ਗਿਆ ਤੇ ਮੈਂ ਵੀ ਪਿੱਛੇ ਆ ਗਿਆ। ਮੈਨੂੰ ਅੱਜ ਤਕ ਨਹੀਂ ਸਮਝ ਲੱਗਦੀ ਕਿ ਏਡੀ ਨੇੜਿਉਂ ਸਾਡੇ ਦੋਹਾਂ ਚੋਂ ਕਿਸੇ ਦੇ ਵੀ ਗੋਲੀ ਨਹੀਂ ਲੱਗੀ। ਮੇਰਾ ਨਿਸ਼ਾਨਾ ਕਾਫੀ ਵਧੀਆ ਮੰਨਿਆ ਜਾਂਦਾ ਸੀ ਤੇ ਹਮਲੇ ਦੌਰਾਨ ਹੋਰ ਵੀ ਵਧੀਆ ਹੋ ਜਾਂਦਾ ਸੀ ਪਰ ਉਸ ਦਿਨ ਇਹਨੇ ਕੰਮ ਨਹੀਂ ਕੀਤਾ। ਉਸ ਪੁਲਿਸ ਵਾਲੇ ਨੇ ਵੀ ਪਹਿਲੀ ਮੇਰੀਆਂ ਲੱਤਾਂ ਵਿੱਚ ਤੇ ਦੂਸਰੀਆਂ ਗੋਲੀਆਂ ਮੇਰੀ ਛਾਤੀ ਦਾ ਨਿਸ਼ਾਨਾ ਲਾ ਕੇ ਮਾਰੀਆਂ। ਉਸ ਦਾ ਰਿਵਾਲਵਰ ਸਾਹਮਣੇ ਚੱਲਦਾ ਮੈਂ ਦੇਖ ਰਿਹਾ ਸੀ ਪਰ ਮੇਰੇ ਕੋਈ ਗੋਲੀ ਨਹੀਂ ਲੱਗੀ। ਸ਼ਾਇਦ ਹਾਲੇ ਮੌਤ ਦਾ ਸਮਾਂ ਨਹੀਂ ਸੀ ਆਇਆ ਜਾਂ ਪਿਆਰ ਕਰਨ ਵਾਲਿਆਂ ਦੀ ਅਰਦਾਸ ਨੇ ਰੱਖ ਲਿਆ। ਮੈਨੂੰ ਹਾਲੇ ਵੀ ਉਸ ਸਬ-ਇੰਸਪੈਕਟਰ ਦਾ ਚਿਹਰਾ ਯਾਦ ਹੈ, ਜੋ ੪੫ ਕੁ ਸਾਲ ਦਾ ਸੀ, ਦਾੜ੍ਹੀ ਬੰਨ੍ਹੀ ਹੋਈ ਸੀ, ਉਹ ਬਹੁਤ ਹੀ ਗੰਭੀਰਤਾ ਨਾਲ ਮੇਰੇ ਵੱਲ ਦੇਖ ਕੇ ਗੋਲੀ ਚਲਾ ਰਿਹਾ ਸੀ। ਇਸੇ ਵਾਕਿਆਤ ਦੌਰਾਨ ਕੁਝ ਪਲਾਂ ਬਾਅਦ ਸਰਬਪਰੀਤ ਸਿੰਘ ਨੇ ਜੋਸ਼ ਵਿਚ ਸਟੇਨਗੰਨ ਚਲਾ ਦਿੱਤੀ ਸੀ ਉਹਦੀਆਂ ਗੋਲੀਆਂ ਵੀ ਮੇਰੇ ਕੰਨ ਨੇੜਿਓਂ ਲੰਘੀਆਂ।

ਜਲੰਧਰ ਦੀ ਫਿਰਨੀ ਉੱਤੇ

ਇਹ ਗੱਲ ਕੋਈ ਸੰਨ ੧੯੯੬ ਦੇ ਅਖੀਰ ਦੀ ਹੈ। ਓਹਨਾਂ ਦਿਨਾਂ ਵਿਚ ਸਾਰੇ ਦੁਆਬੇ ਵਿਚ ਹੀ ਬਹੁਤ ਠਾਹਰਾਂ ਸਨ ਪਰ ਜਲੰਧਰ ਸਾਡਾ ਇਕ ਤਰ੍ਹਾਂ ਦਾ ਕੇਂਦਰ ਸੀ। ਮਨਵੀਰ ਸਿੰਘ ਚਹੇੜੂ ਫੜਿਆ ਜਾ ਚੁੱਕਾ ਸੀ। ਇਸ ਵਕਤ ਲਾਭ ਸਿੰਘ ਕੋਲ ਜਥੇ ਦੀ ਅਗਵਾਈ ਸੀ। ਮਨਵੀਰ ਸਿੰਘ ਦੇ ਫੜੇ ਜਾਣ ਦਾ ਅਸਲ ਕਾਰਨ ਕੋਈ ਨਹੀਂ ਲੱਭਿਆ ਸੀ ਪਰ ਫੇਰ ਵੀ ਸ਼ੱਕ ਅਤੇ ਧੜੇਬੰਦੀ ਦੇ ਮਾਹੌਲ ਵਿੱਚ ਕਈ ਬੰਦੇ ਮਾਰੇ ਗਏ ਸੀ। ਉਸ ਵਕਤ ਪੰਥਕ ਕਮੇਟੀ, ਖਾਲਸਤਾਨ ਕਮਾਂਡੋ ਫੋਰਸ ਅਤੇ ਸਿੱਖ ਸਟੂਡੈਂਟਸ ਫੈਡਰੇਸ਼ਨ ਵਿੱਚ ਫੈਸਲਾ ਲੈਣ ਵਾਲੇ ਲਾਭ ਸਿੰਘ, ਦਲੀਪ ਸਿੰਘ ਰੋਡੇ, ਗੁਰਜੀਤ ਸਿੰਘ, ਗੁਰਨਾਮ ਸਿੰਘ, ਧੰਨਾ ਸਿੰਘ ਆਦਿ ਸਨ। ਸ਼ਖਸੀਅਤਾਂ ਦਾ ਆਪਸ ਵਿੱਚ ਭੇੜ ਸੀ ਤੇ ਜਥਿਆਂ ਦੀ ਵੀ ਆਪਸ ਵਿੱਚ ਖਿੱਚੋਤਾਣ ਸੀ। ਸਾਡੇ ਵੱਲੋਂ ਮਥਰਾ ਸਿੰਘ ਹੀ ਤਾਲਮੇਲ ਰੱਖਦਾ ਸੀ ਤੇ ਅਸੀਂ ਜਿਆਦਾ ਬਾਹਰ ਹੀ ਕੰਮ ਕਰਦੇ ਸੀ। ਉਸ ਵਕਤ ਸਾਡੇ ਕੋਲ ਦੋ-ਤਿੰਨ ਠਾਹਰਾਂ ਜਲੰਧਰ ਫਿਰਨੀ ਉਤੇ ਮਿਲਕ ਪਲਾਂਟ ਕੋਲ ਸਨ। ਇਹਨਾਂ ਵਿਚੋਂ ਇਕ ਠਾਹਰ ਉਤੇ ਬਾਪੂ ਮਲਕੀਅਤ ਸਿੰਘ ਸਰਹੱਦ ਤੋਂ ਨਵਾਂ ਅਸਲਾ ਲੈ ਕੇ ਆਇਆ ਸੀ। ਪਾਰ ਵਾਲੇ ਬੰਦਿਆਂ ਨੇ ਸਾਡੇ ਕੋਲ ਇਹ ਅਸਲੇ ਦੀ ਖੇਪ ਭੇਜੀ ਸੀ। ਇਸ ਖੇਪ ਵਿੱਚ ੧੪ ਏਕੇ-੪੭, ਇਕ ਪਟੇ ਵਾਲੀ ਐਮਐਮਜੀ, ਦੋ ਇਸਰਾਇਲੀ ਰਫਲਾਂ, ਦੋ ਰੂਸੀ ਅਸਾਲਟਾਂ, ੩੦ ਬੋਰ ਦੇ ੧੦ ਮਾਊਜਰ, ਫੌਜੀ ਹੱਥਗੋਲੇ, ਕੁਝ ਬਾਰੂਦੀ ਸੁਰੰਗਾਂ, ਛੜਾਂ ਅਤੇ ਧਮਾਕਾ ਬਾਰੂਦ (ਆਰਡੀਐਕਸ) ਸੀ। ਉਸ ਦਿਨ ਲਾਭ ਸਿੰਘ ਨੇ ਅਸਲਾ ਦਿਖਾਉਣ ਲਈ ਹੀ ਸਭ ਨੂੰ ਬੁਲਾਇਆ ਸੀ। ਉਸ ਵੇਲੇ ਸ਼ਹਿਰ ਦੀ ਫਿਰਨੀ ਵਾਲੇ ਇਲਾਕੇ ਵਿੱਚ ਕਿਤੇ-ਕਿਤੇ ਹੀ ਰਿਹਾਇਸ਼ ਸੀ ਤੇ ਸੜਕਾਂ ਵੀ ਪੂਰੀ ਤਰ੍ਹਾਂ ਬਣੀਆਂ ਨਹੀਂ ਸੀ। ਜਿਸ ਘਰ ਵਿੱਚ ਅਸੀਂ ਆਏ, ਉਹ ਵੀ ਇਕੱਲਾ ਹੀ ਸੀ। ਉਥੇ ਕੁਝ ਸਿੰਘ ਕਾਰੋਬਾਰੀ ਬਣ ਕੇ ਰਹਿੰਦੇ ਸਨ।

ਗਿਆਰਾਂ ਕੁ ਵਜੇ ਅਸੀਂ ਸਾਰੇ ਉੱਥੇ ਪਹੁੰਚ ਗਏ। ਉੱਥੇ ਕਾਫੀ ਇਕੱਠ ਹੋ

ਗਿਆ। ਸੱਦਣ ਵੇਲੇ ਸ਼ਾਇਦ ਸਿੰਘਾਂ ਨੇ ਸੋਚਿਆ ਹੀ ਨਹੀਂ ਕਿ ਇਸ ਤਰ੍ਹਾਂ ਇਕੱਠ ਹੋਣ ਨਾਲ ਸ਼ੱਕ ਹੋ ਸਕਦਾ ਹੈ। ਉੱਥੇ ਦੋ ਟਰੱਕ, ਤਿੰਨ ਗੱਡੀਆਂ ਤੇ ਦੋ ਮੋਟਰਸਾਈਕਲ ਖੜ੍ਹੇ ਸੀ ਤੇ ਅੰਦਰ ਜਲੰਧਰ ਵਾਲੇ ਸਾਰੇ ਸਿੰਘ ਧੰਨਾ ਸਿੰਘ ਹੌਲਦਾਰ, ਧੰਨਾ ਸਿੰਘ ਪੰਥਕ ਕਮੇਟੀ, ਦਲਵਿੰਦਰ ਸਿੰਘ, ਲਾਭ ਸਿੰਘ, ਦਲੀਪ ਸਿੰਘ ਰੋਡੇ, ਸਰਬਜੀਤ ਸਿੰਘ ਬਾਠ, ਗੁਰਦੇਵ ਸਿੰਘ ਦੇਬੂ, ਚਰਨਜੀਤ ਸਿੰਘ ਚੰਨੀ, ਬਾਪੂ ਮਲਕੀਅਤ ਸਿੰਘ, ਗੁਰਦੇਵ ਸਿੰਘ ਮਿੰਨੀ, ਗੁਰਜੀਤ ਸਿੰਘ, ਕੰਵਰਜੀਤ ਸਿੰਘ ਸੁਲਤਾਨਵਿੰਡ, ਗੁਰਦੇਵ ਸਿੰਘ ਉਸਮਾਨਵਾਲਾ, ਚਾਚਾ ਮਥਰਾ ਸਿੰਘ, ਹਰਜਿੰਦਰ ਸਿੰਘ ਜਿੰਦਾ, ਬਲਬੀਰ ਸਿੰਘ ਫੌਜੀ, ਬਾਬਾ ਦਲਵਿੰਦਰ ਸਿੰਘ, ਗੁਰਜੰਟ ਸਿੰਘ ਰਾਜਸਥਾਨੀ ਤੇ ਮੈਂ। ਮੈਂ ਅਤੇ ਜਿੰਦਾ ਅਸੀਂ ਚੰਡੀਗੜ੍ਹ ਤੋਂ ਇੱਕ ਮਾਰੂਤੀ ਕਾਰ ਵਿੱਚ ਆਏ ਸੀ। ਸਾਰੇ ਆਪਸ ਵਿਚ ਮਿਲਕੇ ਬੜੇ ਖੁਸ਼ ਹੋਏ।

ਬਾਪੂ ਮਲਕੀਅਤ ਸਿੰਘ ਨੇ ਸਾਰੇ ਸਿੰਘਾਂ ਨੂੰ ਅੰਦਰਲੇ ਕਮਰੇ ਦਾ ਦਰਵਾਜਾ ਖੋਲ੍ਹ ਕੇ ਸਸ਼ਤਰਾਂ ਦੇ ਦਰਸ਼ਨ ਕਰਾਏ। ਅੰਦਰ ਦੋ ਮੰਜਿਆਂ ਤੇ ਚਾਦਰਾਂ ਉੱਪਰ ਸਾਰੇ ਸਸ਼ਤਰ ਲਿਸ਼ਕਾ ਕੇ ਰੱਖੇ ਹੋਏ ਸੀ ਤੇ ਉਹ ਚਮਕਾਂ ਮਾਰਦੇ ਸੀ। ਸਾਡੇ ਵਿਚੋਂ ਕਿਸੇ ਨੇ ਵੀ ਇੰਨੇ ਜਿਆਦਾ ਤੇ ਇੰਨੇ ਵਧੀਆ ਸਸ਼ਤਰਾਂ ਦੇ ਪਹਿਲਾਂ ਦਰਸ਼ਨ ਨਹੀਂ ਸੀ ਕੀਤੇ ਤੇ ਉੱਪਰ ਦੀ ਸਾਰਿਆਂ ਨੂੰ ਸਾਫ ਕਰਕੇ ਚਮਕ ਮਾਰੀ ਹੋਈ ਸੀ। ਗੋਲੀਆਂ ਤੇ ਗੋਲਿਆਂ ਤੱਕ ਨੂੰ ਲਿਸ਼ਕਾਇਆ ਹੋਇਆ ਸੀ। ਅੰਦਰ ਕੁਝ ਹਨੇਰਾ ਸੀ ਤੇ ਸਸ਼ਤਰਾਂ ਨਾਲ ਇੱਕ ਰੋਸ਼ਨੀ ਜਿਹੀ ਹੋ ਰਹੀ ਸੀ। ਅਸਲ ਵਿੱਚ ਬਾਪੂ ਹੁਰੀਂ ਰਾਤ ਨੂੰ ਹੀ ਇਥੇ ਪਹੁੰਚ ਗਏ ਸੀ ਤੇ ਸਾਰੀ ਰਾਤ ਸਸ਼ਤਰਾਂ ਦੀ ਸੇਵਾ ਹੁੰਦੀ ਰਹੀ। ਸਾਰੇ ਸਿੰਘਾਂ ਤੇ ਸਸ਼ਤਰਾਂ ਦੀ ਚਮਕ ਦਾ ਇੱਕ ਜਾਦੂਈ ਅਸਰ ਹੋਇਆ ਤੇ ਸਾਰਿਆਂ ਦੇ ਚਿਹਰੇ ਖਿੜ ਗਏ। ਸਾਰਿਆਂ ਸਿੰਘਾਂ ਨੇ ਸਸ਼ਤਰਾਂ ਨੂੰ ਪ੍ਰਣਾਮ ਕੀਤਾ। ਭਾਈ ਗੁਰਦੇਵ ਸਿੰਘ ਉਸਮਾਨ ਵਾਲਾ ਨੇ ਪਹਿਲਾਂ ਅਰਦਾਸ ਕੀਤੀ ਤੇ ਫਿਰ ਸਾਰੇ ਜਣੇ ਸਸ਼ਤਰਾਂ ਨੂੰ ਹੱਥਾਂ ਵਿੱਚ ਲੈ ਕੇ ਦੇਖਣ ਲੱਗ ਪਏ, ਜੋ ਇਕ ਤਰ੍ਹਾਂ ਦਾ ਪਿਆਰ ਹੀ ਸੀ। ਫਿਰ ਇਹ ਫੈਸਲਾ ਹੋਇਆ ਕਿ ਦੋ ਕਰੋੜ ਛੇਤੀ ਚਾਹੀਦਾ ਹੈ। ਸਾਡੇ ਜਥੇ ਦੀ ਇਹ ਜਿੰਮੇਵਾਰੀ ਲੱਗੀ ਕਿ ਤੁਸੀਂ ਪੈਸਾ ਹਾਜਰ ਕਰਨਾ ਹੈ। ਇਸ ਕਰਕੇ ਹੀ ੧੯੮੭ ਵਿਚ ਲੁਧਿਆਣੇ ਬੈਂਕ ਮਾਂਜਿਆ।

ਚਰਨਜੀਤ ਸਿੰਘ ਤਲਵੰਡੀ ਅਤੇ ਚਾਚਾ ਮਥਰਾ ਸਿੰਘ ਨੇ ਇਥੇ ਆ ਕੇ ਗੱਲਬਾਤ ਸ਼ੁਰੂ ਕਰਨ ਤੋਂ ਪਹਿਲਾਂ ਹੀ ਕੁਝ ਸਿੰਘਾਂ ਦੀ ਜਿੰਮੇਵਾਰੀ ਲਾ ਦਿੱਤੀ ਕਿ ਉਹ ਫਿਰਨੀ ਨੇੜਲੇ ਥਾਣੇ ਤੇ ਨਿਗਾਹ ਰੱਖਣ ਕਿਉਂਕਿ ਸ਼ਹਿਰ ਵਿੱਚ ਇੱਕੋ ਥਾਂ ਤੇ ਹੀ ਬਹੁਤ ਅਹਿਮ ਸਿੰਘ ਇਕੱਠੇ ਹੋਏ ਸਨ। ਫੇਰ ਸੰਘਰਸ਼ ਬਾਰੇ ਹੋਰ ਵੀ ਗੱਲਬਾਤ ਹੋਈ। ਅਗਲੇ ਹਮਲਿਆਂ ਬਾਰੇ, ਸਿਆਸੀ ਹਾਲਾਤ ਬਾਰੇ ਤੇ ਲੁੱਟਾਂ ਖੋਹਾਂ ਤੇ ਪੈਸੇ ਉਗਰਾਹੁਣ ਵਾਲਿਆਂ ਦੇ ਸੰਬੰਧ ਵਿਚ ਵੀ, ਪੈਸੇ ਇਕੱਠਾ ਕਰਨ ਤੇ ਲੁੱਟਾਂ ਖੋਹਾਂ ਵਾਲਿਆਂ ਸਬੰਧੀ

ਫੈਸਲਾ ਹੋਇਆ ਕਿ ਓਹਨਾਂ ਨੂੰ ਕਾਬੂ ਕੀਤਾ ਜਾਵੇ। ਮਾਮਲੇ ਦੀ ਪੜਤਾਲ ਕਰ ਕੇ ਇਕ ਮੌਕਾ ਦੇਣ ਤੋਂ ਬਾਅਦ ਕਿਸੇ ਨਾਲ ਢਿੱਲ ਨਾ ਵਰਤੀ ਜਾਵੇ। ਉਸੇ ਥਾਂ ਸਿੱਧੀ ਸਜਾ ਦਿੱਤੀ ਜਾਵੇ। ਜੇ ਕੋਈ ਖਾੜਕੂ ਸਿੰਘ ਵੀ ਇਹ ਕੰਮ ਕਰਦਾ ਸਿੱਧ ਹੁੰਦਾ ਹੈ ਤਾਂ ਉਸ ਦਾ ਬਿਲਕੁਲ ਲਿਹਾਜ ਨਹੀਂ ਕਰਨਾ।

ਅਸੀਂ ਸ਼ਾਮ ਤਕ ਉੱਥੇ ਹੀ ਰਹਿਣਾ ਸੀ। ਹਰਜਿੰਦਰ ਸਿੰਘ ਜਿੰਦੇ ਨੇ ਜਲੰਧਰ ਸ਼ਹਿਰ ਦੇ ਗੁਰਮੀਤ ਸਿੰਘ ਤੇ ਜਸਵਿੰਦਰ ਸਿੰਘ ਨੂੰ ਮਿਲਕ ਪਲਾਂਟ ਵਿੱਚ ਕੋਈ ਤਿੰਨ ਕੁ ਵਜੇ ਦਾ ਵਕਤ ਦਿੱਤਾ ਹੋਇਆ ਸੀ। ਉਸ ਵਕਤ ਮਿਲਕ ਪਲਾਂਟ ਦੇ ਆਲੇ ਦੁਆਲੇ ਕੋਈ ਬਹੁਤੀ ਵਸੋਂ ਨਹੀਂ ਸੀ। ਇਸ ਵਿੱਚ ਇੱਕ ਬਗੀਚਾ ਤੇ ਇੱਕ ਖੁੱਲ੍ਹਾ ਵਰਾਂਡਾ ਤੇ ਢਾਬਾਨੁਮਾ ਦੁਕਾਨ ਬਣੀ ਹੋਈ ਸੀ। ਓਹਨਾਂ ਦਿਨਾਂ ਵਿੱਚ ਉੱਥੇ ਕਾਫੀ ਲੋਕ ਖਾਣ ਪੀਣ ਆਉਂਦੇ ਸੀ। ਮੈਂ, ਹਰਜਿੰਦਰ ਸਿੰਘ ਜਿੰਦਾ, ਚਾਚਾ ਮਥਰਾ ਸਿੰਘ ਤੇ ਛੋਟਾ ਗੁਰਦੇਵ ਸਿੰਘ ਅਸੀਂ ਕਾਲੇ ਸ਼ੀਸ਼ਿਆਂ ਵਾਲੀ ਮਾਰੂਤੀ ਵਿਚ ਉੱਥੇ ਕੋਈ ਤਿੰਨ ਕੁ ਵਜੇ ਪਹੁੰਚੇ ਤੇ ਇਕ ਮੇਜ ਤੇ ਬੈਠ ਕੇ ਕੁਝ ਮੰਗਾਇਆ। ਹਰਜਿੰਦਰ ਸਿੰਘ ਜਿੰਦੇ ਦੇ ਐਨਕਾਂ ਲਾਈਆਂ ਹੋਈਆਂ ਸਨ ਤੇ ਉਸ ਨੇ ਹਾਸੇ-ਹਾਸੇ ਵਿੱਚ ਐਨਕਾਂ ਮਥਰਾ ਸਿੰਘ ਦੇ ਲਾ ਦਿੱਤੀਆਂ। ਅਸੀਂ ਸਾਰੇ ਇਸ ਨੂੰ ਦੇਖ ਕੇ ਆਪਸ ਵਿੱਚ ਹੱਸ ਰਹੇ ਸੀ। ਹਰਜਿੰਦਰ ਸਿੰਘ ਜਿੰਦੇ ਤੇ ਚਾਚਾ ਮਥਰਾ ਸਿੰਘ ਕੋਲ ਪਸਤੌਲ ਸਨ ਤੇ ਗੱਡੀ ਵਿੱਚ ਇੱਕ ਅਸਾਲਟ ਤੇ ਪਟਾ ਵੀ ਪਿਆ ਸੀ।

ਕੁਝ ਚਿਰ ਬਾਅਦ ਹੀ ਉੱਥੇ ਸਰਬਜੀਤ ਸਿੰਘ ਬਾਠ, ਪੱਪੂ ਅਜੜਾਮ ਤੇ ਇੱਕ ਹੋਰ ਸਿੰਘ ਇੱਕ ਵੈਨ ਵਿੱਚ ਆਏ ਅਤੇ ਥੋੜ੍ਹੀ ਦੂਰ ਬੈਠ ਗਏ। ਓਹਨਾਂ ਨੇ ਵੀ ਸ਼ਾਇਦ ਕਿਸੇ ਨੂੰ ਕੋਈ ਸਮਾਂ ਦਿੱਤਾ ਹੋਵੇ। ਜਦੋਂ ਅਸੀਂ ਅੰਦਰ ਵੜੇ ਤਾਂ ਗੁਰਦੇਵ ਸਿੰਘ ਨੇ ਕਿਹਾ ਕਿ ਉਹ ਦੋ ਬੰਦੇ ਬੈਠੇ ਹਨ ਉਹ ਪੁਲਿਸ ਦੇ ਲੱਗਦੇ ਹਨ। ਅਸੀਂ ਪੂਰੇ ਚੌਕੰਨੇ ਸੀ। ਏਨੇ ਨੂੰ ਗੁਰਮੀਤ ਸਿੰਘ ਟੋਨੀ ਸਾਡੇ ਕੋਲ ਤੇਜ ਤੁਰਦਾ ਹੋਇਆ ਆਇਆ ਤੇ ਉਸ ਨੇ ਕਿਹਾ ਅਸੀਂ ਇੱਥੇ ਕਾਫੀ ਪਹਿਲਾਂ ਦੇ ਬੈਠੇ ਹਾਂ, ਪਰ ਥੋੜ੍ਹਾ ਚਿਰ ਪਹਿਲਾਂ ਇੱਥੇ ਪੁਲਿਸ ਨਾਲ ਕੈਟ ਟੋਲਾ ਆ ਗਿਆ, ਜਿਸ ਦੀ ਅਗਵਾਈ ਇੰਸਪੈਕਟਰ ਗੱਬਰ ਕਰ ਰਿਹਾ ਹੈ ਤੇ ਓਹਨਾਂ ਦੇ ਨਾਲ ਸਵਰਨ ਘੋਟਣੇ ਦੇ ਖਾਸ ਬੰਦੇ ਹਨ। ਸਾਰਿਆਂ ਕੋਲ ਡੱਬਾਂ ਵਿੱਚ ਸ਼ਸ਼ਤਰ ਸਨ ਤੇ ਓਹਨਾਂ ਦੀਆਂ ਗੱਡੀਆਂ ਪਰਲੇ ਪਾਸੇ ਖੜ੍ਹੀਆਂ ਸਨ, ਉਹਨਾਂ ਵਿੱਚ ਬੰਦੂਕਾਂ ਵਾਲੇ ਬੰਦੇ ਬੈਠੇ ਸਨ। ਓਹਦਾ ਅੰਦਾਜਾ ਸੀ ਕਿ ਇਹ ਕਿਸੇ ਸੂਹ ਤੇ ਇੱਥੇ ਆਏ ਹਨ। ਆਪਾਂ ਸਭ ਨੂੰ ਇੱਥੋਂ ਛੇਤੀ ਨਿਕਲਣਾ ਚਾਹੀਦਾ ਹੈ। ਏਨੇ ਚਿਰ ਨੂੰ ਬਾਠ ਵੀ ਸਾਡੇ ਵੱਲ ਆਇਆ ਤੇ ਉਸ ਨੇ ਕਿਹਾ ਕੁਝ ਗੜਬੜ ਹੈ, ਇੱਥੋਂ ਨਿਕਲੋ। ਅਸੀਂ ਦੇਖਿਆ ਕਿ ਗੱਬਰ ਹੋਰੀਂ ਜੋ ਸਾਡੇ ਤੋਂ ਇੱਕ ਓਹਲੇ ਵਿਚ ਨੇੜੇ ਹੀ ਬੈਠੇ ਸਨ ਉਹ ਵੀ ਬੜੇ ਸੁਚੇਤ ਹੋ ਕੇ ਬੈਠੇ ਸਨ ਤੇ ਉਹ ਸਭ ਸਾਦੇ ਕਪੜਿਆਂ ਵਿੱਚ ਹੀ ਸਨ।

ਅਸੀਂ ਸਾਰਿਆਂ ਨੇ ਆਪਣੇ ਸ਼ਸਤਰਾਂ ਨੂੰ ਤਿਆਰ ਕੀਤਾ ਪਰ ਡੱਬ ਵਿੱਚ ਹੀ ਰਹਿਣ ਦਿੱਤੇ। ਇਕੱਲਾ-ਇਕੱਲਾ ਥੋੜ੍ਹਾ ਫਾਸਲਾ ਰੱਖਦੇ ਬਾਹਰ ਨੂੰ ਨਿਕਲਣ ਲੱਗੇ। ਕੈਟ ਪਾਰਟੀ ਵੀ ਉਸੇ ਤਰ੍ਹਾਂ, ਕੁਝ ਬੰਦੇ ਓਹਲੇ ਵਿਚ ਤੇ ਕੁੱਝ ਮੇਜ਼ਾਂ ਉਪਰ ਤੇ ਕੁਝ ਬਾਹਰ ਸਾਡੇ ਵਾਂਗ ਹੀ ਲੱਕ ਕੋਲ ਹੱਥ ਕਰਕੇ ਤੇ ਬਹੁਤ ਤਣਾਅ ਵਿਚ ਖੜ੍ਹੇ ਰਹੇ। ਅਸੀਂ ਹੌਲੀ-ਹੌਲੀ ਸਾਰੇ ਬਾਹਰ ਨਿਕਲੇ। ਟੋਨੀ ਨੇ ਆਪਣਾ ਮੋਟਰਸਾਈਕਲ ਚੁੱਕਿਆ ਤੇ ਜਸਵਿੰਦਰ ਸਿੰਘ ਉਹਦੇ ਪਿੱਛੇ ਬੈਠ ਕੇ ਨਿਕਲ ਗਏ। ਜਿੰਦੇ ਨੇ ਵੀ ਕਾਰ ਚਾਲੂ ਕੀਤੀ ਤੇ ਅਸੀਂ ਫੁਰਤੀ ਨਾਲ ਉਸ ਵਿੱਚ ਬੈਠ ਕੇ ਉਥੋਂ ਨਿਕਲ ਗਏ। ਬਾਠ ਹੋਰੀਂ ਵੀ ਇਸੇ ਤਰ੍ਹਾਂ ਨਿਕਲ ਗਏ। ਪੁਲਿਸ ਵਾਲਿਆਂ ਨੇ ਸਾਡਾ ਪਿੱਛਾ ਨਹੀਂ ਕੀਤਾ। ਉਹ ਵੀ ਦਸ ਕੁ ਜਣੇ ਸੀ, ਅਸੀਂ ਵੀ ਨੌਂ ਜਣੇ ਸੀ। ਸਾਡੇ ਵਿੱਚੋਂ ਚਾਰ ਜਣਿਆਂ ਕੋਲ ਡੱਬ ਵਾਲੇ ਹਥਿਆਰ ਸਨ। ਦੋਵਾਂ ਧਿਰਾਂ ਨੂੰ ਇੱਕ ਦੂਜੇ ਬਾਰੇ ਪਤਾ ਲੱਗ ਗਿਆ ਸੀ। ਜਿਵੇਂ ਸਾਨੂੰ ਕੁਝ ਸਮਝ ਨਹੀਂ ਪਈ ਸੀ ਸ਼ਾਇਦ ਇਸੇ ਤਰ੍ਹਾਂ ਓਹਨਾਂ ਨੂੰ ਵੀ ਕੋਈ ਸਮਝ ਨਹੀਂ ਪਈ ਤੇ ਉਹ ਕੋਈ ਫੈਸਲਾ ਨਹੀਂ ਕਰ ਸਕੇ। ਓਹਨਾਂ ਨੂੰ ਪਤਾ ਲੱਗ ਗਿਆ ਸੀ ਕਿ ਅਸੀਂ ਖਾੜਕੂ ਹਾਂ ਪਰ ਸ਼ਾਇਦ ਇਹ ਨਾ ਪਤਾ ਹੋਵੇ ਕਿ ਕੌਣ-ਕੌਣ ਹਾਂ। ਇਸ ਤਰ੍ਹਾਂ ਆਹਮੋ ਸਾਹਮਣੇ ਗੋਲੀਬਾਰੀ ਹੁੰਦੀ-ਹੁੰਦੀ ਬਚ ਗਈ।

ਇੰਸਪੈਕਟਰ ਗੱਬਰ ਦਾ ਨਾਂ ਹੁਣ ਬਹੁਤ ਲੋਕਾਂ ਨੂੰ ਵਿਸਰ ਗਿਆ ਹੈ ਪਰ ਇਹ ਆਪਣੇ ਵੇਲੇ ਦਾ ਬਹੁਤ ਬਦਨਾਮ ਅਫਸਰ ਸੀ ਜੋ ਬਹੁਤ ਪੁਰਾਣਾ ਹੀ ਸਿੰਘਾਂ ਦੇ ਨਿਸ਼ਾਨੇ ਤੇ ਸੀ। ਕੁਝ ਸਮੇਂ ਬਾਅਦ ਉਹ ਸਿੰਘਾਂ ਦੀ ਪੈੜ ਲੱਭਦਾ ਹੋਇਆ ਚੰਡੀਗੜ੍ਹ ਨੇੜੇ ਸਰਦਾਰ ਕਰਤਾਰ ਸਿੰਘ ਦੇ ਬੇਟੇ ਜਿੰਮੀ ਨਾਰੰਗ ਦੀ ਠਾਹਰ ਉਤੇ ਪਹੁੰਚ ਗਿਆ ਜਿਥੇ ਸਿੰਘਾਂ ਨੇ ਉਸਨੂੰ ਸੋਧਾ ਲਾ ਦਿੱਤਾ ਸੀ। ਸਵਰਨ ਘੋਟਣੇ ਦੇ ਦੋ ਖਾਸ ਬੰਦੇ ਵੀ ਸਾਡੇ ਨਿਸ਼ਾਨੇ ਤੇ ਸੀ ਪਰ ਹਾਲਤ ਇਸ ਤਰ੍ਹਾਂ ਹੋਈ ਕਿ ਅਸੀਂ ਸਭ ਤੋਂ ਪਹਿਲਾਂ ਆਪਣੇ ਆਪ ਨੂੰ ਬਚਾਉਣਾ ਸੀ ਤੇ ਸਾਨੂੰ ਵੀ ਪਤਾ ਸੀ ਕਿ ਸਾਡੇ ਨਾਲ ਦੇ ਹੋਰ ਕਿੰਨੇ ਸਿੰਘ ਤੇ ਲੋਕ ਕੁਝ ਦੂਰੀ ਤੇ ਬੈਠੇ ਹਨ। ਬਾਅਦ ਵਿੱਚ ਸਾਨੂੰ ਪਤਾ ਲੱਗਿਆ ਕਿ ਜਦੋਂ ਓਹਨਾਂ ਨੂੰ ਸਾਡੇ ਤੇ ਸ਼ੱਕ ਪਈ ਤਾਂ ਓਹਨਾਂ ਨੇ ਆਪਣੇ ਇਕ ਬੰਦੇ ਨੂੰ ਮੋਟਰਸਾਈਕਲ ਤੇ ਠਾਣੇ ਵਲ ਭੇਜਿਆ। ਓਹਨਾਂ ਨੇ ਵਾਇਰਲੈੱਸ ਤੇ ਵੀ ਕੁਝ ਸੁਨੇਹੇ ਦਿੱਤੇ। ਸਾਨੂੰ ਨਹੀਂ ਪਤਾ ਕਿ ਉਹ ਕਿਸ ਨੂੰ ਉਥੇ ਉਡੀਕਦੇ ਸਨ ਪਰ ਕਿਉਂਕਿ ਅਸੀਂ ਸਾਰੇ ਉਪਰੋਂ ਥਲੀ ਕਿੰਨੇ ਜਣੇ ਹੀ ਇਕੱਠੇ ਹੋ ਗਏ ਇਸ ਕਾਰਨ ਉਹ ਡਰ ਗਏ ਹੋਣਗੇ। ਓਹਨਾਂ ਨੇ ਹੋਰ ਗਾਰਦ ਮੰਗਵਾਉਣ ਵਿਚ ਹੀ ਸਿਆਣਪ ਸਮਝੀ। ਓਹਨਾਂ ਨੂੰ ਪਤਾ ਸੀ ਕਿ ਅਸੀਂ ਸਮੋਸੇ ਪਕੌੜੇ ਮੰਗਾਏ ਹਨ ਤੇ ਘੱਟ ਤੋਂ ਘੱਟ ਪੰਦਰਾਂ ਵੀਹ ਮਿੰਟ ਤਾਂ ਬੈਠਾਂਗੇ। ਬਾਅਦ ਵਿੱਚ ਪੁਲਿਸ ਨੇ ਉਹ ਸਾਰਾ ਇਲਾਕਾ ਘੇਰ ਕੇ ਤਲਾਸ਼ੀ ਲਈ। ਉਸ ਵਕਤ ਸਵਰਨ ਘੋਟਣਾ ਉੱਥੇ ਐਸਪੀ-ਡੀ ਹੁੰਦਾ ਸੀ ਤੇ ਇਹਦਾ ਦੁਆਬੇ ਵਿੱਚ ਮੁਖਬਰਾਂ ਦਾ ਇੱਕ ਜਾਲ

ਵਿਛਾਇਆ ਹੋਇਆ ਸੀ। ਟਕਸਾਲ, ਸਿੱਖ ਸਟੂਡੈਂਟਸ ਫੈਡਰੇਸ਼ਨ ਤੇ ਖਾਲਸਤਾਨ ਕਮਾਂਡੋ ਫੋਰਸ ਦੇ ਜਿਆਦਾ ਸਿੰਘਾਂ ਦਾ ਨੁਕਸਾਨ ਇਸਦੇ ਵਿਛਾਏ ਖੁਫੀਆ ਤੰਤਰ ਰਾਹੀਂ ਹੀ ਹੋਇਆ ਹੈ। ਬਾਅਦ ਵਿਚ ਪੱਪੂ ਅਜੜਾਮ ਵਾਲਾ, ਜੋ ਕਿਸੇ ਵੇਲੇ ਮਨਵੀਰ ਸਿੰਘ ਦਾ ਵਿਸ਼ਵਾਸ ਪਾਤਰ ਸੀ, ਲਾਭ ਸਿੰਘ ਦੇ ਵਿਰੁੱਧ ਜਾ ਕੇ ਸਿੱਧੇ ਰੂਪ ਵਿੱਚ ਹੀ ਸਰਕਾਰ ਨਾਲ ਖੜ੍ਹ ਗਿਆ ਤੇ ਦੱਸਦੇ ਹਨ ਕਿ ਉਸ ਨਾਲ ਪੰਦਰਾਂ ਬੰਦੇ ਸੀਆਰਪੀਐਫ ਦੀ ਗਾਰਦ ਹੁੰਦੀ ਸੀ। ਬਾਅਦ ਵਿੱਚ ਉਹਨੇ ਸ਼ਰ੍ਹੇਆਮ ਸਿੰਘਾਂ ਦਾ ਨੁਕਸਾਨ ਕੀਤਾ। ਸੰਨ ੧੯੮੬ ਵਿੱਚ ਸਰਬਜੀਤ ਸਿੰਘ ਬਾਠ ਵੀ ਉਹ ਨਹੀਂ ਸੀ ਜੋ ਬਾਅਦ ਵਿਚ ਬਣ ਗਿਆ।

ਉਸ ਦਿਨ ਅਸੀਂ ਦੁਪਹਿਰੇ ਸਾਰਿਆਂ ਨੇ ਪੰਗਤ ਵਿੱਚ ਬੈਠ ਕੇ ਪ੍ਰਸ਼ਾਦਾ ਛਕਿਆ ਤੇ ਬਾਪੂ ਮਲਕੀਅਤ ਸਿੰਘ ਅਤੇ ਗੁਰਦੇਵ ਸਿੰਘ ਹੋਰਾਂ ਨੇ ਪਰਸ਼ਾਦੇ ਦੀ ਸੇਵਾ ਕੀਤੀ। ਉਸ ਵਕਤ ਅਸੀਂ ਆਪਣੇ-ਆਪਣੇ ਸ਼ਸ਼ਤਰ ਚੁਣ ਲਏ ਸਨ। ਜਿੰਦੇ ਨੇ ਇਕ ਫਰਾਂਸ ਦਾ ਬਣਿਆ ੩੦ ਦਾ ਰਿਵਾਲਵਰ ਲੈ ਲਿਆ, ਜੋ ਇੱਕੋ ਹੀ ਸੀ। ਚਾਚੇ ਨੇ ਆਪਣਾ ਮਨਪਸੰਦ ੩੦ ਦਾ ਮਾਊਜਰ ਲਿਆ। ਕੰਵਰਜੀਤ ਸਿੰਘ ਨੇ ਇਸਰਾਈਲੀ ਊਜੀ ਬੰਦੂਕ ਚੁੱਕੀ ਤੇ ਮੈਂ ਇੱਕ ਛੋਟੀ ਰੂਸੀ ਮਸ਼ੀਨਗੰਨ ਲੈ ਲਈ। ਹੋਰ ਸਾਰਿਆਂ ਨੇ ਵੀ ਕੁਝ ਨਾ ਕੁਝ ਚੁੱਕ ਲਿਆ ਤੇ ਫਿਰ ਚਰਨਜੀਤ ਸਿੰਘ ਤਲਵੰਡੀ ਅਤੇ ਭਾਈ ਗੁਰਦੇਵ ਸਿੰਘ ਨੇ ਬਾਪੂ ਮਲਕੀਅਤ ਸਿੰਘ ਦੇ ਗਲ ਪਟੇ ਵਾਲੀ ਐਮਐਮਜੀ ਪਾ ਦਿੱਤੀ। ਇਸ ਤਰ੍ਹਾਂ ਉਸ ਦਿਨ ਸ਼ਸ਼ਤਰਾਂ ਨੂੰ ਮਿਲ ਕੇ ਸਾਡਾ ਮਨ ਬਹੁਤ ਖ਼ੁਸ਼ ਹੋਇਆ। ਪੁਲਿਸ ਅਤੇ ਕੈਟ ਟੋਲੇ ਤੋਂ ਬਚਣ ਤੇ ਅਸੀਂ ਵਾਹਿਗੁਰੂ ਦਾ ਸ਼ੁਕਰ ਕੀਤਾ।

ਬੰਬਈ ਦਾ ਬੰਦ ਮਕਾਨ

ਉਦੇਪੁਰ ਦੇ ਹਮਲੇ ਮਗਰੋਂ ਰਾਜਸਥਾਨ ਪੁਲਿਸ ਨੂੰ ਗੱਡੀ ਵਿਚੋਂ ਕੁਝ ਐਸਾ ਸਬੂਤ ਮਿਲ ਗਿਆ ਜਿਸ ਤੋਂ ਉਹਨਾਂ ਨੂੰ ਇਹ ਪਤਾ ਲੱਗ ਗਿਆ ਕਿ ਇਹ ਬੰਦੇ ਬੰਬੇ ਦੇ ਇਕ ਖਾਸ ਇਲਾਕੇ ਵਿਚ ਰਹਿ ਰਹੇ ਹਨ। ਹੁਣ ਰਾਜਸਥਾਨ ਪੁਲਿਸ, ਸੀਬੀਆਈ ਅਤੇ ਮਹਾਂਰਾਸ਼ਟਰ ਪੁਲਿਸ ਸਾਡੇ ਪਛਾਣ ਚਿੱਤਰ ਬਣਾ ਕੇ ਬੰਬੇ ਦੇ ਉਸ ਇਲਾਕੇ ਦੀ ਛਾਣ ਬੀਣ ਕਰਨ ਲੱਗ ਪਈ। ਸਾਨੂੰ ਇਸ ਬਾਰੇ ਕੁਝ ਪਤਾ ਨਹੀਂ ਸੀ। ਮਹੀਨੇ ਕੁ ਬਾਅਦ ਉਹ ਐਨਟੌਪ ਹਿਲ ਦੇ ਸਰਕਾਰੀ ਫਲੈਟਾਂ ਵਲ ਆਏ ਤੇ ਹਰ ਘਰ ਦੀ ਪੜਤਾਲ ਕਰਨ ਲੱਗ ਪਏ।

ਇਕ ਦਿਨ ਸਵੇਰੇ ਰੋਟੀ ਖਾਣ ਮਗਰੋਂ ਸੁਖਮਿੰਦਰ ਸਿੰਘ ਸੁੱਖੀ ਅਖਬਾਰ ਪੜ੍ਹ ਰਿਹਾ ਸੀ। ਮੈਂ ਤੇ ਸੁਖਦੇਵ ਸਿੰਘ ਸੁੱਖਾ ਦੂਜੇ ਕਮਰੇ ਵਿਚ ਬੈਠੇ ਕੁਝ ਹੋਰ ਕਰ ਰਹੇ ਸੀ। ਬਾਹਰੋਂ ਘੰਟੀ ਵੱਜੀ ਤਾਂ ਸੁਖਮਿੰਦਰ ਸਿੰਘ ਸੁੱਖੀ ਨੇ ਮੋਰੀ ਥਾਣੀ ਵੇਖਿਆ ਕਿ ਦੋ ਬੰਦੇ ਸਾਦੇ ਕਪੜਿਆਂ ਵਿਚ ਹਨ ਪਰ ਲਗਦੇ ਪੁਲਿਸ ਵਾਲੇ ਹਨ। ਉਸ ਨੇ ਕਿਹਾ ਕਿ ਤੁਸੀਂ ਅੰਦਰ ਆ ਜਾਓ। ਜਦੋਂ ਉਹ ਅੰਦਰ ਆਏ ਤਾਂ ਉਹਨਾਂ ਨੇ ਦੱਸਿਆ ਕਿ ਅਸੀਂ ਸਾਰੇ ਕਿਰਾਏਦਾਰਾਂ ਦੀ ਆਮ ਪੜਤਾਲ ਕਰ ਰਹੇ ਹਾਂ। ਅਸੀਂ ਦੂਜੇ ਕਮਰੇ ਵਿਚੋਂ ਗੱਲਬਾਤ ਸੁਣ ਰਹੇ ਸੀ। ਉਸ ਨੇ ਉਹਨਾਂ ਨੂੰ ਬੈਠਣ ਲਈ ਕਿਹਾ ਤੇ ਉਹ ਬੈਠ ਗਏ ਪਰ ਕੁਝ ਚਿਰ ਵਿਚ ਹੀ ਇਕ ਬੰਦਾ ਬਹੁਤ ਘਬਰਾ ਗਿਆ ਤੇ ਦੂਸਰੇ ਨੂੰ ਨਾਲ ਲੈ ਕੇ ਬਾਹਰ ਨਿਕਲ ਗਿਆ।

ਸੁੱਖੀ ਸਾਡੇ ਕੋਲ ਆਇਆ ਕਿ ਕੋਈ ਗੜਬੜ ਹੈ, ਆਪਾਂ ਨਿਕਲ ਚੱਲੀਏ। ਅਸੀਂ ਪਹਿਲਾਂ ਹੀ ਸਾਰਾ ਜਰੂਰੀ ਸਮਾਨ, ਕਾਗਜ ਤੇ ਗੋਲੀ ਸਿੱਕਾ ਆਪਣੇ ਝੋਲਿਆਂ ਵਿਚ ਪਾ ਚੁੱਕੇ ਸੀ। ਉਥੇ ਸਾਡੇ ਕੋਲ ਇਕ ਹੀ ੩੮ ਬੋਰ ਦਾ ਰਿਵਾਲਵਰ ਸੀ। ਅਸੀਂ ਬਹੁਤ ਛੇਤੀ ਕਾਰਵਾਈ ਕੀਤੀ। ਸੁਖਦੇਵ ਸਿੰਘ ਸੁੱਖਾ ਬਾਹਰ ਜਾ ਕੇ ਉਹ ਸਿਪਾਹੀ ਨੂੰ ਅੰਦਰ ਬੁਲਾ ਲਿਆਇਆ ਤੇ ਉਹਤੇ ਹਥਿਆਰ ਤਾਣ ਕੇ ਪੁਛਿਆ ਕਿ ਕੀ ਗੱਲ ਹੈ ?

ਉਹ ਸਿਪਾਹੀ ਬਹੁਤ ਡਰ ਗਿਆ ਅਤੇ ਰੋਣ ਲੱਗ ਪਿਆ। ਉਹਨੇ ਦੱਸਿਆ ਕਿ ਇਕ ਮਹੀਨੇ ਤੋਂ ਸੀਬੀਆਈ ਵਾਲੇ ਅਤੇ ਰਾਜਸਥਾਨ ਪੁਲਿਸ ਵਾਲੇ ਆਏ ਹੋਏ ਹਨ। ਅਸੀਂ ਇਹਨਾਂ ਨਾਲ ਜਾ ਕੇ ਲੋਕਾਂ ਦੇ ਘਰਾਂ ਦੀ ਪਛਾਣ ਕਰਦੇ ਹਾਂ। ਮੈਨੂੰ ਹੋਰ ਕੁਝ ਪਤਾ ਨਹੀਂ। ਸਾਨੂੰ ਪਤਾ ਲੱਗ ਗਿਆ ਕਿ ਉਹ ਸੱਚ ਬੋਲ ਰਿਹਾ ਸੀ। ਉਹਦੇ ਨਾਲ ਉਸ ਵਕਤ ਰਾਜਸਥਾਨ ਸੀਆਈਡੀ ਦਾ ਇੰਸਪੈਕਟਰ ਰਤਨ ਸਿੰਘ ਸੀ।

ਅਸਲ ਗੱਲ ਇਹ ਵਾਪਰੀ ਕਿ ਜਦੋਂ ਉਹ ਅੰਦਰ ਆ ਕੇ ਬੈਠੇ ਤਾਂ ਇੰਸਪੈਕਟਰ ਨੇ ਸੁਖਮਿੰਦਰ ਸਿੰਘ ਸੁੱਖੀ ਨੂੰ ਪਛਾਣ ਲਿਆ ਤੇ ਬਹੁਤ ਡਰ ਗਿਆ। ਇਸ ਕਰਕੇ ਉਹ ਸਿਪਾਹੀ ਨੂੰ ਨਾਲ ਲੈ ਕੇ ਬਾਹਰ ਨਿਕਲ ਗਿਆ ਤੇ ਉਹਨੂੰ ਉਥੇ ਖੜ੍ਹੇ ਰਹਿਣ ਲਈ ਕਹਿ ਕੇ ਆਪ ਥਾਣੇ ਵੱਲ ਚਲਾ ਗਿਆ ਜੋ ਉਥੋਂ ੫੦੦-੬੦੦ ਗਜ ਦੀ ਦੂਰੀ ਉਤੇ ਹੀ ਸੀ। ਉਹਨੇ ਸਿਪਾਹੀ ਨੂੰ ਕੁਝ ਵੀ ਨਾ ਦੱਸਿਆ ਅਤੇ ਘਬਰਾਹਟ ਵਿਚ ਬਾਹਰੋਂ ਕੁੰਡੀ ਵੀ ਨਹੀਂ ਲਾਈ। ਜੇ ਉਹ ਬਾਹਰੋਂ ਕੁੰਡੀ ਮਾਰ ਦਿੰਦਾ ਤਾਂ ਅਸੀਂ ਬਾਹਰ ਨਹੀਂ ਸੀ ਨਿਕਲ ਸਕਦੇ। ਉਥੇ ਸਾਰੇ ਕਮਰਿਆਂ ਦੀਆਂ ਬਾਰੀਆਂ ਵਿਚ ਲੋਹੇ ਦੀਆਂ ਪੱਤੀਆਂ ਲੱਗੀਆਂ ਹੋਈਆਂ ਸਨ ਤੇ ਸਾਡੇ ਕੋਲ ਐਨਾ ਸਮਾਂ ਨਹੀਂ ਸੀ ਕਿ ਉਹਨਾਂ ਨੂੰ ਵੱਢ ਕੇ ਨਿਕਲ ਸਕਦੇ ਜਾਂ ਦਰਵਾਜੇ ਨੂੰ ਪੁੱਟ ਲੈਂਦੇ। ਉਹ ਸ਼ਾਇਦ ਜਿਆਦਾ ਘਬਰਾ ਗਿਆ ਸੀ ਕਿਉਂਕਿ ਸਿੰਘ ਜਿਸ ਤਰ੍ਹਾਂ ਦਾ ਹਮਲਾ ਕਰਕੇ ਉਦੇਪੁਰ ਤੋਂ ਨਿਕਲੇ ਸਨ ਉਹ ਨਾਮੁਮਕਿਨ ਕੰਮ ਸੀ। ਇਸ ਕਰਕੇ ਸਾਰੀ ਫੌਜ ਅਤੇ ਪੁਲਿਸ ਵਿਚ ਸਿੰਘਾਂ ਦੀ ਬਹੁਤ ਦਹਿਸ਼ਤ ਸੀ। ਉਹ ਪੁਲਿਸ ਵਾਲੇ ਨੇ ਜਦੋਂ ਆਪਣੇ ਆਪ ਨੂੰ ਉਹਨਾਂ ਬੰਦਿਆਂ ਦੇ ਸਾਹਮਣੇ ਵੇਖਿਆ ਤਾਂ ਉਹਦਾ ਡਰਨਾ ਕੁਦਰਤੀ ਹੀ ਸੀ।

ਅਸੀਂ ਉਹ ਸਿਪਾਹੀ ਨੂੰ ਕਮਰੇ ਵਿਚ ਬੰਦ ਕਰ ਦਿੱਤਾ ਤੇ ਫਲੈਟ ਨੂੰ ਬਾਹਰੋਂ ਵੀ ਕੁੰਡੀ ਲਾ ਦਿੱਤੀ। ਅਸੀਂ ਤੇਜੀ ਨਾਲ ਥੱਲੇ ਉਤਰ ਕੇ ਆਟੋ ਲਿਆ ਜੋ ਉਥੇ ਆਮ ਤੌਰ ਉਤੇ ਖੜ੍ਹੇ ਹੀ ਹੁੰਦੇ ਸੀ। ਜਦੋਂ ਅਸੀਂ ਆਟੋ ਵਿਚ ਬੈਠ ਕੇ ਨਿਕਲੇ ਤਾਂ ਉਸੇ ਵਕਤ ਗੱਡੀਆਂ, ਮੋਟਰ ਸਾਈਕਲਾਂ ਅਤੇ ਟਰੱਕਾਂ ਉਤੇ ਗਾਰਦ ਉਹ ਥਾਂ ਨੂੰ ਘੇਰਾ ਪਾਉਣ ਲਈ ਜਾ ਰਹੀ ਸੀ। ਕਲੋਨੀ ਦੇ ਮੁੱਖ ਬੂਹੇ ਉਤੇ ਅਸੀਂ ਪੁਲਿਸ ਵਾਲਿਆਂ ਦੇ ਕੋਲ ਦੀ ਲੰਘੇ। ਅਸੀਂ ਐਨ ਪੂਰੇ ਸਮੇਂ ਤੇ ਹੀ ਉਥੋਂ ਲੰਘ ਗਏ ਤੇ ਅੱਗੇ ਥੋੜ੍ਹੀ ਦੂਰ ਜਾ ਕੇ, ਆਟੋ ਛੱਡ ਕੇ ਦਾਦਰ ਜਾਣ ਲਈ ਟੈਕਸੀ ਲੈ ਲਈ। ਇਸ ਤਰ੍ਹਾਂ ਇਕ ਵਾਰ ਫਿਰ ਰੱਬ ਨੇ ਸਾਡੇ ਤੇ ਮਿਹਰ ਕੀਤੀ ਤੇ ਸਾਫ ਬਚਾ ਲਿਆ।

ਗੁਰੂ ਅਤੇ ਅਰਦਾਸ ਤੇ ਦ੍ਰਿੜ ਨਿਸ਼ਚੇ ਕਰਕੇ, ਆਖਰੀ ਦਮ ਤਕ ਜੂਝਦੇ ਰਹਿਣ ਦੇ ਜਜਬੇ ਕਰਕੇ ਮੌਤ ਨੇ ਸਿੰਘਾਂ ਨੂੰ ਵਾਰ ਵਾਰ ਰਾਹ ਦਿੱਤਾ। ਜਦੋਂ ਬੰਬੇ ਵਿਚ ਸੁਖਵਿੰਦਰ ਸਿੰਘ ਛਿੰਦੂ ਨੂੰ ਗੀੜ੍ਹ ਦੀ ਹੱਡੀ ਟੁਟਣ ਤੇ ਦਾਖਲ ਕਰਾਇਆ ਤਾਂ ਡਾਕਟਰ ਨੇ ਉਹਨਾਂ ਨੂੰ ਕਿਹਾ ਕਿ ਤੁਹਾਨੂੰ ਐਨੇ ਗੰਭੀਰ ਮਰੀਜ ਨੂੰ ਆਪ ਚੁੱਕ ਕੇ ਨਹੀਂ ਸੀ

ਲਿਆਉਣਾ ਚਾਹੀਦਾ। ਉਥੇ ਉਹਦੇ ਰਿਸ਼ਤੇਦਾਰ ਸਨ ਉਹਨਾਂ ਦਾ ਟਰੱਕਾਂ ਦਾ ਕੰਮ ਸੀ ਜਿਸ ਕਰਕੇ ਉਹਦੇ ਬਾਰੇ ਡਾਕਟਰ ਨੂੰ ਇਹੀ ਦੱਸਿਆ ਕਿ ਟਰੱਕ ਉਤੇ ਰੱਸਾ ਕਸਦਿਆਂ ਰੱਸਾ ਟੁਟਕੇ ਡਿਗਣ ਨਾਲ ਸੱਟ ਲੱਗੀ ਹੈ। ਡਾਕਟਰ ਨੇ ਕਿਹਾ ਕਿ ਇਹਦੀ ਰੀੜ੍ਹ ਦੀ ਹੱਡੀ ਬਿਲਕੁਲ ਹੀ ਟੁਟ ਗਈ ਹੈ ਇਹਨੂੰ ਤਾਂ ਹਿਲਣਾ ਵੀ ਨਹੀਂ ਚਾਹੀਦਾ। ਡਾਕਟਰ ਨੂੰ ਕੀ ਪਤਾ ਸੀ ਕਿ ਉਹਨੂੰ ਕਿਵੇਂ ਤੇ ਕਿੰਨੀ ਦੂਰੋਂ ਬੰਦੇ ਕਿੰਨੇ ਖਤਰੇ ਵਿੱਚ ਲੈ ਕੇ ਆਏ ਹਨ। ਸੁਖਵਿੰਦਰ ਸਿੰਘ ਛਿੰਦੂ ਹੋਣਾਂ ਦਾ ਫੌਜੀ ਪਹਿਰੇ ਵਾਲੀ ਥਾਂ ਤੋਂ ਗੋਲੀ ਚਲਾ ਕੇ ਬਚ ਕੇ ਨਿਕਲਣਾ, ਗੱਡੀ ਦਾ ਪਲਟ ਜਾਣਾ ਤੇ ਫਰਿਸ਼ਤੇ ਰੂਪ ਟਰੱਕ ਵਾਲੇ ਦਾ ਮਿਲਣਾ, ਪੁਲਿਸ ਦਾ ਦੋ ਵਾਰ ਨਾਕਿਆਂ ਉਤੇ ਘੇਰ ਕੇ ਛੱਡ ਦੇਣਾ ਤੇ ਸਾਡੇ ਉਹ ਮਕਾਨ ਨੂੰ ਪੁਲਿਸ ਵਾਲੇ ਦਾ ਬਾਹਰੋਂ ਕੁੰਡੀ ਲਾਉਣਾ ਭੁੱਲ ਜਾਣਾ, ਇਤਫਾਕਾਂ ਦੀ ਲੜੀ ਐਡੀ ਲੰਮੀ ਨਹੀਂ ਹੋ ਸਕਦੀ। ਇਹ ਗੁਰੂ ਦੀ ਕਿਰਪਾ ਅਤੇ ਪੰਥ ਦੀ ਅਰਦਾਸ ਦਾ ਸਦਕਾ ਹੀ ਸੀ।

ਇਹੋ ਜਿਹੀਆਂ ਮੌਤ ਦੀਆਂ ਘੜੀਆਂ ਵਿਚ ਵੀ ਕੁਦਰਤ ਤੁਹਾਨੂੰ ਕੁਝ ਖਾਸ ਪਲਾਂ ਦਾ ਮੌਕਾ ਦਿੰਦੀ ਹੈ। ਜੇ ਰੱਬ ਦੀ ਮਿਹਰ ਹੋਵੇ ਤੇ ਤੁਸੀਂ ਆਪਣੇ ਆਪ ਨੂੰ ਸੰਭਾਲਿਆ ਹੋਵੇ, ਉਮੀਦ ਨਾ ਛੱਡੀ ਹੋਵੇ, ਹਰ ਔਕੜ ਨਾਲ ਜੂਝਣ ਦਾ ਇਰਾਦਾ ਨਾ ਛੱਡਿਆ ਹੋਵੇ ਤੇ ਉਪਰ ਦੀ ਜੇ ਤੁਹਾਡਾ ਸਾਥ ਵੀ ਅਜਿਹਾ ਜੋ ਸਾਹਾਂ ਵਾਂਗ ਨਾਲ ਧੜਕਦਾ ਹੋਵੇ ਤਾਂ ਤੁਸੀਂ ਔਖੀ ਤੋਂ ਔਖੀ ਹਾਲਤ ਵਿਚ ਵੀ ਰਾਹ ਬਣਾ ਲੈਂਦੇ ਹੋ। ਜੇ ਤੁਸੀਂ ਜੂਝਦੇ ਰਹੋ, ਹੌਸਲਾ ਨਾ ਛੱਡੋ ਤੇ ਰੱਬ ਤੇ ਭਰੋਸਾ ਰੱਖੋ ਤਾਂ ਮੌਤ ਵੀ ਕਈ ਵਾਰ ਤੁਹਾਨੂੰ ਰਾਹ ਦਿੰਦੀ ਹੈ। ਇਹ ਉਪਰ ਵਾਲੇ ਵਾਕਿਆਤ ਵਿਚ ਅਤੇ ਹੋਰ ਬਹੁਤ ਥਾਂਵਾਂ ਤੇ ਮੈਂ ਕੁਦਰਤ ਨੂੰ ਬੰਦਿਆਂ ਲਈ ਰਾਹ ਬਣਾਉਂਦਿਆਂ ਆਪ ਤੱਕਿਆ ਹੈ।

ਜੈਂਤੀਪੁਰ ਦੇ ਬੱਸ ਅੱਡੇ ਉੱਤੇ

ਸੰਨ ੧੯੯੯ ਦੇ ਸ਼ੁਰੂ ਦੀ ਗੱਲ ਹੈ ਜਦੋਂ ਬਹੁਤ ਠੰਡ ਪੈ ਰਹੀ ਸੀ। ਖਾਲਸਤਾਨ ਲਿਬਰੇਸ਼ਨ ਫੋਰਸ, ਖਾਲਸਤਾਨ ਕਮਾਂਡੋ ਫੋਰਸ, ਸਿੱਖ ਸਟੂਡੈਂਟਸ ਫੈਡਰੇਸ਼ਨ ਤੇ ਬਬਰ ਖਾਲਸਾ ਦੇ ਜਿੰਮੇਵਾਰ ਸਿੰਘਾਂ ਦੀ ਇਕ ਬੈਠਕ ਪਿੰਡ ਜੈਂਤੀਪੁਰ ਕੋਲ ਹੋਣੀ ਸੀ। ਇਹ ਕਸਬਾ ਅੰਮ੍ਰਿਤਸਰ-ਬਟਾਲਾ ਸੜਕ ਉਤੇ ਪੈਂਦਾ ਹੈ। ਇਥੇ ਅਸੀਂ ਇਕ ਮੁਰੰਮਤਖਾਨੇ ਪਹੁੰਚਣਾ ਸੀ ਜਿਥੋਂ ਬੱਬਰ ਖਾਲਸਾ ਦੇ ਗੁਰਨਾਮ ਸਿੰਘ ਪਹਿਲਵਾਨ ਦੇ ਜਥੇ ਦੇ ਸਿੰਘਾਂ ਨੇ ਸਾਨੂੰ ਬੈਠਕ ਵਾਲੀ ਥਾਂ ਤੇ ਲੈ ਜਾਣਾ ਸੀ। ਇਹ ਬੈਠਕ ਰੱਖਣ ਦਾ ਜਿੰਮਾ ਅਤੇ ਪਰਬੰਧ ਵੀ ਬਬਰ ਖਾਲਸਾ ਦੇ ਸਿੰਘਾਂ ਦਾ ਹੀ ਸੀ। ਇਹ ਮਿਲਣੀ ਤੋਂ ੨-੩ ਦਿਨ ਪਹਿਲਾਂ ਉਹਨਾਂ ਦਾ ਇਕ ਸਿੰਘ ਫੜਿਆ ਗਿਆ ਤੇ ਉਹਨੂੰ ਇਹ ਮਿਲਣੀ ਬਾਰੇ ਅੰਦਾਜਾ ਸੀ। ਚੌਕਸੀ ਵਜੋਂ ਬਬਰ ਖਾਲਸਾ ਨੇ ਇਹ ਮਿਲਣੀ ਦਾ ਥਾਂ ਸਮਾਂ ਬਦਲ ਦਿੱਤਾ ਅਤੇ ਸਭ ਨੂੰ ਇਹਦੇ ਬਾਰੇ ਸੂਚਤ ਕਰ ਦਿੱਤਾ। ਉਹਨਾਂ ਦਿਨਾਂ ਵਿਚ ਮੈਂ ਲੁਧਿਆਣੇ ਵਿਚ ਗੁਰਜੰਟ ਸਿੰਘ ਹੋਣਾਂ ਕੋਲ ਸੀ। ਸਾਡੇ ਤੱਕ ਇਹ ਸੁਨੇਹਾ ਨਾ ਪਹੁੰਚ ਸਕਿਆ। ਮਿਥੇ ਹੋਏ ਦਿਨ ਮੈਂ ਅਤੇ ਦਰਸ਼ਨ ਸਿੰਘ ਡੱਲਾ ਸਵੇਰੇ ਹੀ ਬੱਸ ਚੜ੍ਹ ਕੇ ਤੁਰ ਪਏ। ਅਸੀਂ ਬਟਾਲੇ ਪਹੁੰਚ ਕੇ ਅੰਮ੍ਰਿਤਸਰ ਵਾਲੀ ਬੱਸ ਰਾਹੀਂ ਜੈਂਤੀਪੁਰ ਦੇ ਚੌਂਕ ਵਿਚ ਜਾ ਉਤਰੇ। ਜਿਹੜੀ ਦੁਕਾਨ ਵਿਚ ਅਸੀਂ ਜਾਣਾ ਸੀ ਉਹ ਰੇਲਵੇ ਸਟੇਸ਼ਨ ਵੱਲ ਜਾਂਦੀ ਸੜਕ ਉਤੇ ਕੁਝ ਅੱਗੇ ਜਾ ਕੇ ਸੱਜੇ ਪਾਸੇ ਸੀ। ਅਸੀਂ ਉਧਰ ਨੂੰ ਗੱਲਾਂ ਕਰਦੇ ਤੁਰਨ ਲੱਗ ਪਏ ਪਰ ਕੁਝ ਕੁ ਕਦਮ ਤੁਰ ਕੇ ਸਾਨੂੰ ਆਲਾ ਦੁਆਲਾ ਸ਼ੱਕੀ ਅਤੇ ਖਤਰਨਾਕ ਜਿਹਾ ਲੱਗਿਆ। ਉਥੇ ਕਈ ਬੰਦੇ ਸਾਦੇ ਕੱਪੜਿਆਂ ਵਿਚ ਪੁਲਿਸ ਜਾਂ ਸਰਕਾਰੀ ਮਹਿਕਮਿਆਂ ਦੇ ਮੌਜੂਦ ਸਨ। ਉਹਨਾਂ ਸਾਰਿਆਂ ਕੋਲ ਡੱਬਾਂ ਵਿਚ ਹਥਿਆਰ ਸਨ। ਚੌਂਕ ਵਿਚੋਂ ਦੋ ਬੰਦੇ ਸਾਡੇ ਪਿੱਛੇ-ਪਿੱਛੇ ਵੀ ਤੁਰੇ ਆ ਰਹੇ ਸਨ।

ਤਜਰਬੇ ਮੁਤਾਬਿਕ ਸਾਨੂੰ ਸਮਝ ਆ ਗਈ ਕਿ ਅਸੀਂ ਬਹੁਤ ਗਲਤ ਥਾਂ ਉਤੇ ਫਸ ਗਏ ਹਾਂ। ਅੱਗੇ ਜਾਲ ਵਿਛਾਇਆ ਹੋ ਸਕਦਾ ਹੈ ਜਾਂ ਇਹ ਸਾਨੂੰ ਕਿਸੇ ਵੀ ਵਕਤ

ਖੜ੍ਹਾ ਕੇ ਪੁਛਗਿਛ ਕਰ ਸਕਦੇ ਹਨ। ਦਰਸ਼ਨ ਸਿੰਘ ਕੋਲ ਇਕ ਛੋਟਾ ਜਿਹਾ ਚਮੜੇ ਦਾ ਬਸਤਾ ਸੀ। ਅਸੀਂ ਦੋਵੇਂ ਹੀ ਉਸੇ ਤਰ੍ਹਾਂ ਹੀ ਗੱਲ ਬਾਤ ਕਰਦੇ ਅੱਗੇ ਵੱਲ ਵਧੀ ਗਏ ਤੇ ਆਪਸ ਵਿਚ ਇਹ ਤੈਅ ਕਰ ਲਿਆ ਕਿ ਜਦ ਤੱਕ ਇਹ ਸਾਨੂੰ ਰੋਕਦੇ ਨਹੀਂ ਆਪਾਂ ਬਿਲਕੁਲ ਆਮ ਵਾਂਗ ਤੁਰੇ ਜਾਣਾ ਹੈ ਜਿਵੇਂ ਕੁਝ ਵੀ ਨਹੀਂ ਹੋਇਆ। ਹੋਰ ਅੱਗੇ ਜਾ ਕੇ ਅਸੀਂ ਵੇਖਿਆ ਕਿ ਕਾਲੇ ਸ਼ੀਸ਼ਿਆਂ ਵਾਲੀ ਇਕ ਨੀਲੀ ਮੋਟਾਰਕਾਰ ਖੜ੍ਹੀ ਹੈ ਤੇ ਜਿਹੜੀ ਦੁਕਾਨ ਤੇ ਅਸੀਂ ਜਾਣਾ ਸੀ ਉਹ ਖੁੱਲ੍ਹੀ ਹੋਈ ਸੀ ਪਰ ਉਥੇ ਵੀ ਇਕ ਸ਼ੱਕੀ ਬੰਦਾ ਬੈਠਾ ਸੀ। ਉਹਦੇ ਨੇੜੇ ਚਾਹ ਦੀ ਦੁਕਾਨ ਉਤੇ ਤਿੰਨ ਬੰਦੇ ਬੈਠੇ ਸਨ। ਉਹਨਾਂ ਵਿਚੋਂ ਦੋ ਨੇ ਲੋਈਆਂ ਦੀ ਬੁਕਲ ਮਾਰੀ ਹੋਈ ਸੀ, ਉਹਨਾ ਕੋਲ ਜਰੂਰ ਹੀ ਵੱਡੇ ਹਥਿਆਰ ਸਨ।

ਅਸੀਂ ਤੁਰਦੇ ਹੋਏ ਉਹ ਦੁਕਾਨ ਤੋਂ ਅਗਾਂਹ ਲੰਘ ਗਏ। ਦੋਵਾਂ ਵਿਚੋਂ ਇਕ ਬੰਦਾ ਹਾਲੇ ਵੀ ਸਾਡੇ ਪਿਛੇ ਆ ਰਿਹਾ ਸੀ। ਕੁਝ ਦੂਰ ਜਾ ਕੇ ਅਸੀਂ ਇਕ ਕਿਤਾਬਾਂ ਵਾਲੀ ਦੁਕਾਨ ਉਤੇ ਖੜ੍ਹੇ ਤੇ ਉਥੋਂ ਕੁਝ ਕਾਗਜ ਅਤੇ ਕਲਮਾਂ ਲੈਣ ਲੱਗ ਪਏ। ਉਹ ਬੰਦਾ ਵੀ ਨਾਲ ਦੀ ਦੁਕਾਨ ਉਤੇ ਜਾ ਕੇ ਖੜ੍ਹ ਗਿਆ। ਅਸੀਂ ਦੁਕਾਨ ਉਤੇ ਦਸ ਕ ਮਿੰਟ ਲਾਏ ਤੇ ਸੋਚਿਆ ਕਿ ਹੁਣ ਸਾਨੂੰ ਪਿਛੇ ਵੱਲ ਨੂੰ ਹੀ ਮੁੜਣਾ ਚਾਹੀਦਾ ਹੈ ਕਿਉਂਕਿ ਅੱਗੇ ਤਾਂ ਰੇਲਵੇ ਫਾਟਕ ਸੀ ਤੇ ਫਿਰ ਅੱਗੇ ਖੇਤ ਸ਼ੁਰੂ ਹੋ ਜਾਂਦੇ ਸਨ। ਅਸੀਂ ਕੁਝ ਸਮਾਨ ਖਰੀਦ ਕੇ ਉਸੇ ਤਰ੍ਹਾਂ ਹੀ ਵਾਪਸ ਤੁਰ ਪਏ ਤੇ ਹੁਣ ਤੱਕ ਸਾਨੂੰ ਨਿਸਚਾ ਹੋ ਗਿਆ ਸੀ ਕਿ ਉਹਨਾਂ ਨੂੰ ਸਾਡੇ ਬਾਰੇ ਪੱਕਾ ਪਤਾ ਨਹੀਂ ਹੈ ਪਰ ਸ਼ੱਕ ਦੇ ਘੇਰੇ ਵਿਚ ਸਾਂ। ਅਸੀਂ ਸੋਚਿਆ ਕਿ ਜੇ ਕਿਸੇ ਵੀ ਹੋਰ ਪਾਸੇ ਗਏ ਤਾਂ ਇਹ ਸਾਨੂੰ ਰੋਕ ਕੇ ਪੁਛਣਗੇ ਤਾਂ ਮਾਮਲਾ ਵਿਗੜ ਸਕਦਾ ਹੈ ਕਿਉਂਕਿ ਅਸੀਂ ਉਹ ਇਲਾਕੇ ਨੂੰ ਵੀ ਨਹੀਂ ਜਾਣਦੇ ਸੀ ਤੇ ਦਿਨ ਦਾ ਸਮਾਂ ਸੀ। ਇਸ ਹਾਲਾਤ ਵਿਚ ਪਿੱਛੇ ਵੱਲ ਨੂੰ ਮੁੜਣਾ ਤੇ ਫਿਰ ਬੱਸ ਫੜਣਾ ਹੀ ਬਿਹਤਰ ਰਾਹ ਸੀ।

ਅਸੀਂ ਮੁੜ ਉਸੇ ਚੌਂਕ ਵਿਚ ਆ ਗਏ ਤੇ ਅਸੀਂ ਬੱਸ ਦੀ ਉਡੀਕ ਕਰਨ ਲੱਗ ਪਏ। ਹੁਣ ਕਾਫੀ ਬੰਦੇ ਸਾਡੇ ਆਲੇ ਦੁਆਲੇ ਦੂਰ ਦੂਰ ਤੱਕ ਖੜ੍ਹੇ ਸਨ ਤੇ ਇਹਨਾਂ ਵਿਚੋਂ ਇਕ ਕੋਈ ਅਫਸਰ ਲਗਦਾ ਸੀ, ਜਿਸ ਨੇ ਕਾਲੀਆਂ ਐਨਕਾਂ ਲਾਈਆਂ ਹੋਈਆਂ ਸਨ ਉਸ ਦੀ ਕੋਈ ਤੀਹ ਕੁ ਸਾਲ ਦੀ ਉਮਰ ਹੋਏਗੀ। ਇਹ ਅਫਸਰ ਅਤੇ ਜਿਆਦਾ ਬੰਦੇ ਪੰਜਾਬੀ ਨਹੀਂ ਸਨ। ਉਹ ਬੰਦੇ ਵਾਰ-ਵਾਰ ਉਹਦੇ ਵੱਲ ਵੇਖਦੇ ਸਨ ਜਿਸ ਤੋਂ ਲਗਦਾ ਸੀ ਕਿ ਉਹਦੇ ਕੋਲ ਹੀ ਅਗਵਾਈ ਸੀ। ਉਹਨਾਂ ਨੂੰ ਸਾਡੇ ਤੇ ਸ਼ੱਕ ਸੀ ਪਰ ਅਸੀਂ ਬਿਲਕੁਲ ਆਮ ਵਾਂਗ ਹੀ ਗੱਲਾਂ ਕਰ ਰਹੇ ਸਾਂ ਤੇ ਬੱਸ ਉਡੀਕ ਰਹੇ ਸਾਂ। ਇਕ ਬੱਸ ਆਈ ਤੇ ਉਹ ਰੁਕੀ ਹੀ ਨਹੀਂ। ਅਸੀਂ ਵੇਖਿਆ ਕਿ ਉਹ ਅਫਸਰ ਸ਼ਾਇਦ ਨਿਸ਼ਚਾ ਨਹੀਂ ਕਰ ਸਕਿਆ ਕਿ ਸਾਨੂੰ ਪੁਛਿਆ ਜਾਵੇ ਕਿ ਨਾ।

ਕੁਝ ਚਿਰ ਬਾਅਦ ਇਕ ਨੌਜਵਾਨ ਸਕੂਟਰ ਉਤੇ ਆਇਆ ਤੇ ਉਹਨੇ ਅਫਸਰ

ਦੇ ਨੇੜੇ ਸਕੂਟਰ ਰੋਕਿਆ। ਉਹਦੇ ਪਿਛੇ ਸ਼ਾਇਦ ਉਹਦੀ ਦਾਦੀ ਬੈਠੀ ਸੀ। ਕਈ ਲੋਕਾਂ ਨੇ ਉਹ ਨੌਜਵਾਨ ਨੂੰ ਹੱਥ ਖੜ੍ਹਾ ਕੀਤਾ। ਇਹ ਨੌਜਵਾਨ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿਚ ਮੇਰੇ ਤੋਂ ਦੋ ਸਾਲ ਪਿਛੇ ਪੜ੍ਹਦਾ ਸੀ। ਇਹਦਾ ਪਿੰਡ ਇਥੇ ਕਿਤੇ ਨੇੜੇ ਹੀ ਸੀ। ਉਹ ਉਸ ਇਲਾਕੇ ਦੇ ਇਕ ਅਹਿਮ ਪਰਿਵਾਰ ਦਾ ਮੁੰਡਾ ਸੀ। ਮੈਂ ਉਹ ਨੌਜਵਾਨ ਨੂੰ ਜਾ ਕੇ ਮਿਲਿਆ ਤੇ ਮਾਤਾ ਦੇ ਪੈਰੀਂ ਹੱਥ ਲਾਏ। ਉਹ ਨੌਜਵਾਨ ਨੇ ਵੀ ਮੈਨੂੰ ਪਛਾਣ ਲਿਆ ਤੇ ਉਹ ਵੀ ਕੁਦਰਤੀ ਤਰੀਕੇ ਨਾਲ ਮੈਨੂੰ ਮਿਲਿਆ ਤੇ ਅਸੀਂ ਕੁਝ ਚਿਰ ਓਥੇ ਖੜ੍ਹ ਕੇ ਗੱਲਾਂ ਕੀਤੀਆਂ। ਏਨੇ ਚਿਰ ਵਿਚ ਅੰਮ੍ਰਿਤਸਰ ਤੋਂ ਬਟਾਲੇ ਵਾਲੀ ਬੱਸ ਆ ਕੇ ਚੌਂਕ ਵਿਚ ਰੁਕੀ। ਅਸੀਂ ਉਹਨੂੰ ਫਿਰ ਮਿਲਣ ਦਾ ਵਾਅਦਾ ਕਰਕੇ ਬੱਸ ਚੜ੍ਹ ਗਏ। ਬੱਸ ਤੁਰ ਪਈ ਤੇ ਬਟਾਲੇ ਪਹੁੰਚ ਗਏ। ਇਸ ਤਰ੍ਹਾਂ ਇਕ ਤਕੜੇ ਵਿਛਾਏ ਜਾਲ ਵਿਚ ਮੌਕੇ ਮੇਲ ਨਾਲ ਹੀ ਬਚ ਗਏ। ਜੇ ਉਹ ਡਾਕਟਰ ਨਾ ਆਉਂਦਾ ਤਾਂ ਸਾਨੂੰ ਅੰਦਾਜ਼ਾ ਸੀ ਉਹਨਾਂ ਨੇ ਸਾਡੇ ਤੋਂ ਪੁਛਗਿਛ ਕਰਨੀ ਸੀ। ਉਹ ਨੌਜਵਾਨ ਦੇ ਆਉਣ ਨਾਲ ਉਹ ਅਫਸਰ ਦੀ ਸ਼ੱਕ ਘਟ ਗਈ ਪਰ ਜੇ ਉਥੇ ਪੰਜਾਬ ਪੁਲਿਸ ਵਾਲੇ ਹੁੰਦੇ ਤਾਂ ਸਾਡਾ ਬਚਣਾ ਸੰਭਵ ਨਹੀਂ ਸੀ।

ਜਨਰਲ ਵੈਦਿਆ ਦੇ ਕਤਲ ਵਾਲੇ ਦਿਨ

ਇਹ ਗੱਲ ਉਸ ਦਿਨ ਦੀ ਹੈ ਜਿਸ ਦਿਨ ਸਿੰਘਾਂ ਨੇ ਜਨਰਲ ਵੈਦਿਆ ਨੂੰ ਪੂਨੇ ਵਿਚ ਸੋਧਿਆ ਸੀ। ਵੈਦਿਆ ਤਾਂ ਇਸ ਤਰ੍ਹਾਂ ਮਾਰਿਆ ਗਿਆ ਜਿਵੇਂ ਇਹ ਕੰਮ ਕੁਦਰਤ ਨੇ ਆਪ ਹੀ ਥਾਲੀ ਵਿੱਚ ਪਰੋਸ ਕੇ ਅੱਗੇ ਰੱਖ ਦਿੱਤਾ ਤੇ ਸਿੰਘਾਂ ਨੇ ਪੂਰੀ ਪਾ ਦਿੱਤੀ। ਜਿਸ ਤਰ੍ਹਾਂ ਅਸੀਂ ਉਸ ਦੀ ਘੋਖ ਕੀਤੀ ਸੀ ਉਸੇ ਹਿਸਾਬ ਨਾਲ ਹਮਲਾ ਕਰਨ ਲਈ ਸਾਡੇ ਕੋਲ ਘੱਟ ਤੋਂ ਘੱਟ ਅੱਠ ਸਿੰਘ, ਦੋ ਗੱਡੀਆਂ ਤੇ ਸੱਤ ਵੱਡੇ ਹਥਿਆਰ ਅਤੇ ਕਾਫੀ ਬਾਰੂਦ ਚਾਹੀਦਾ ਸੀ ਤੇ ਐਨਾ ਸਮਾਨ ਸਾਡੇ ਕੋਲੇ ਉਸ ਵੇਲੇ ਹੈ ਨਹੀਂ ਸੀ। ਪੰਥਕ ਕਮੇਟੀ ਅਤੇ ਖਾਲਸਤਾਨ ਕਮਾਂਡੋ ਫੋਰਸ ਨੇ ਇਹ ਸਮਾਨ ਖਰੀਦਣ ਲਈ ਪੈਸੇ ਦਾ ਪਰਬੰਧ ਕਰਨ ਲਈ ਸਾਡੀ ਜਿੰਮੇਵਾਰੀ ਲਾਈ ਸੀ। ਇਸ ਪੈਸੇ ਨਾਲ ਅਫਗਾਨਿਸਤਾਨ ਤੋਂ ਹਥਿਆਰ ਖਰੀਦਣੇ ਸੀ। ਮਨਵੀਰ ਸਿੰਘ ਚਹੇੜੂ ਨੇ ਸਾਨੂੰ ਮੱਧ ਪ੍ਰਦੇਸ਼ (ਹੁਣ ਛਤੀਸਗੜ੍ਹ) ਦੇ ਰਾਏਪੁਰ ਵਿਚ ਅਵਤਾਰ ਸਿੰਘ ਹੋਰਾਂ ਨੂੰ ਮਿਲਾਇਆ। ਜੋ ਪਿੱਛੋਂ ਮਹਿਤਾ ਚੌਂਕ ਦਾ ਸੀ ਤੇ ਦਮਦਮੀ ਟਕਸਾਲ ਨਾਲ ਸਬੰਧਤ ਸੀ। ਇਹ ਤੇ ਇਨ੍ਹਾਂ ਦੇ ਰਿਸ਼ਤੇਦਾਰ ਸੁੱਚਾ ਸਿੰਘ ਹੋਰਾਂ ਦਾ ਗੱਡੀਆਂ ਦਾ ਚੰਗਾ ਕਾਰੋਬਾਰ ਸੀ ਤੇ ਸਾਰੇ ਇਲਾਕੇ ਵਿਚ ਸਤਿਕਾਰ ਤੇ ਅਦਬ ਸੀ। ਨਿਰੰਕਾਰੀ ਮੁਖੀ ਉਤੇ ਭੋਪਾਲ ਵਿਚ ਹੋਏ ਹਮਲੇ ਵਿਚ ਵੀ ਇਹ ਸਿੰਘ ਸ਼ਾਮਲ ਸੀ। ਇਨ੍ਹਾਂ ਤੇ ਉਹਦਾ ਮੁਕਦਮਾ ਵੀ ਚੱਲਦਾ ਸੀ। ਸਾਰੇ ਮੱਧ ਪ੍ਰਦੇਸ਼ ਦੀ ਪੁਲਿਸ ਇਨ੍ਹਾਂ ਨੂੰ ਜਾਣਦੀ ਸੀ ਤੇ ਇਨ੍ਹਾਂ ਤੋਂ ਡਰਦੀ ਵੀ ਸੀ ਕਿ ਇਹ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਬੰਦੇ ਹਨ।

ਸਾਨੂੰ ਇਥੋਂ ਪਤਾ ਲੱਗਿਆ ਸੀ ਕਿ ਉੱਥੇ ਤੁਸੀਂ ਕੋਈ ਵੀ ਬੈਂਕ ਸੌਖੇ ਹੀ ਹੌਲਾ ਕਰ ਸਕਦੇ ਹੋ ਤੇ ਉੱਥੇ ਬਹੁਤ ਪੈਸਾ ਮਿਲ ਜਾਣਾ ਹੈ। ਓਥੇ ਪੰਜਾਬ ਦੇ ਮੁਕਾਬਲੇ ਬੈਂਕਾਂ ਦੀ ਰਾਖੀ ਵੀ ਬਹੁਤ ਘੱਟ ਸੀ। ਪਹਿਲਾਂ ਨਿਰਮਲ ਸਿੰਘ ਇਨ੍ਹਾਂ ਕੋਲ ਜਾ ਕੇ ਕੁਝ ਦਿਨ ਰਿਹਾ ਤੇ ਉਹਨੇ ਬੈਂਕਾਂ ਬਾਰੇ ਪਤਾ ਕੀਤਾ। ਉਸ ਤੋਂ ਬਾਅਦ ਅਸੀਂ ਪੰਜਾਬ ਤੋਂ ਛੱਤੀਸਗੜ੍ਹ ਐਕਸਪ੍ਰੈੱਸ ਰਾਹੀਂ ਉੱਥੇ ਨੂੰ ਚੜ੍ਹਾਈ ਕਰ ਦਿੱਤੀ। ਚਾਚਾ ਮਥਰਾ ਸਿੰਘ, ਮੈਂ, ਬਾਈ ਗੁਰਸ਼ਰਨ ਸਿੰਘ ਅਤੇ ਨਿਰਮਲ ਸਿੰਘ ਛੋਟੇ ਹਥਿਆਰਾਂ ਨਾਲ ਦੁਪਹਿਰੇ

ਅਵਤਾਰ ਸਿੰਘ ਦੇ ਘਰ ਪਹੁੰਚ ਗਏ। ਓਹਨਾਂ ਦਾ ਘਰ ਰੇਲਵੇ ਸਟੇਸ਼ਨ ਦੇ ਨੇੜੇ ਹੀ ਸੀ। ਇੱਥੋਂ ਹੀ ਹਰਜਿੰਦਰ ਸਿੰਘ ਜਿੰਦੇ ਤੇ ਸੁਖਦੇਵ ਸਿੰਘ ਸੁੱਖੇ ਨੇ ਪੂਨੇ ਤੋਂ ਦੋ ਛੋਟੇ ਹਥਿਆਰ ਲੈ ਕੇ ਅੱਜ ਕੱਲ੍ਹ ਵਿਚ ਪਹੁੰਚ ਜਾਣਾ ਸੀ। ਦੋ ਕੁ ਦਿਨਾਂ ਵਿੱਚ ਅਸੀਂ ਬੈਂਕ ਦੀ ਘੋਖ ਕਰਨੀ ਸੀ। ਗੱਡੀ ਦਾ ਪ੍ਰਬੰਧ ਕਰਨਾ ਸੀ ਤੇ ਫਿਰ ਬੈਂਕ ਹੌਲਾ ਕਰਕੇ ਕਲਕੱਤੇ ਚਲੇ ਜਾਣਾ ਸੀ। ਉਥੇ ਕੁਝ ਸਮਾਂ ਰਹਿ ਕੇ ਅਸੀਂ ਕੁਝ ਬੰਦਿਆਂ ਨੂੰ ਮਿਲਣਾ ਸੀ ਅਤੇ ਠਾਹਰਾਂ ਬਣਾਉਣੀਆਂ ਸਨ। ਬੈਂਕ ਦਾ ਪੈਸਾ ਮਨਵੀਰ ਸਿੰਘ ਹੋਰਾਂ ਕੋਲ ਭੇਜ ਦੇਣਾ ਸੀ। ਸਾਡਾ ਇਹ ਮਨਸੂਬਾ ਬਣਿਆ ਹੋਇਆ ਸੀ ਪਰ ਹੋਇਆ ਉਹ ਜਿਵੇਂ ਪਰਮਾਤਮਾ ਨੂੰ ਭਾਉਂਦਾ ਸੀ। ਸਿੰਘਾਂ ਨੂੰ ਉੱਥੇ ਸਬੱਬੀ ਹੀ ਜਨਰਲ ਵੈਦਿਆ ਇੱਕ ਸਿਪਾਹੀ ਨਾਲ ਖਰੀਦਦਾਰੀ ਕਰਦਾ ਮਿਲ ਗਿਆ ਤੇ ਓਹਨਾਂ ਨੇ ਸਹੀ ਫੈਸਲਾ ਲੈਂਦਿਆਂ, ਉਸ ਨੂੰ ਸੋਧ ਕੇ, ਮੋਟਰਸਾਈਕਲ ਤੇ ਹਥਿਆਰ ਠਾਹਰ ਉਤੇ ਰੱਖ ਕੇ ਗੱਡੀ ਫੜ ਕੇ ਰਾਏਪੁਰ ਵੱਲ ਤੁਰ ਪਏ। ਓਹਨਾਂ ਦਿਨਾਂ ਵਿੱਚ ਦੂਰਦਰਸ਼ਨ ਤੋਂ ਸ਼ਾਮ ਨੂੰ ਹੀ ਖਬਰਾਂ ਆਉਂਦੀਆਂ ਸਨ। ਅਸੀਂ ਸਾਰੇ ਉਸ ਪਰਿਵਾਰ ਸਮੇਤ ਖਬਰਾਂ ਸੁਣ ਰਹੇ ਸੀ ਕਿ ਸਭ ਤੋਂ ਵੱਡੀ ਖਬਰ ਆਈ ਕਿ ਪੂਨੇ ਵਿਚ ਦੋ ਘੋਨ ਮੋਨ ਅਤਿਵਾਦੀਆਂ ਨੇ ਜਨਰਲ ਵੈਦਿਆ ਨੂੰ ਮਾਰ ਦਿੱਤਾ।

ਸਾਰੇ ਦੇਸ਼ ਵਿੱਚ ਬੜੀ ਤਰਥੱਲੀ ਮੱਚੀ ਹੋਈ ਸੀ ਤੇ ਹਰ ਥਾਂ ਹੀ ਖਤਰਾ ਚਿਤਾਵਨੀ ਜਾਰੀ ਕਰ ਦਿੱਤੀ ਸੀ। ਕੁਦਰਤੀ ਸੀ ਕਿ ਇਸ ਖਬਰ ਨਾਲ ਹਰ ਸਿੱਖ ਹਿਰਦਾ ਖੁਸ਼ ਹੋਇਆ ਤੇ ਅਸੀਂ ਵੀ ਸਾਰੇ ਬਹੁਤ ਖੁਸ਼ ਹੋਏ। ਅਵਤਾਰ ਸਿੰਘ ਦਾ ਪਰਿਵਾਰ, ਮਾਤਾ ਤੇ ਬੱਚੇ ਵੀ ਖੁਸ਼ ਦਿਖ ਰਹੇ ਸੀ। ਅਸੀਂ ਇਕਦਮ ਸਮਝ ਗਏ ਕਿ ਇਹ ਤਾਂ ਆਪਣੇ ਸਿੰਘਾਂ ਦਾ ਹੀ ਕੰਮ ਹੈ ਤੇ ਉਹ ਹੁਣ ਇਧਰ ਨੂੰ ਹੀ ਆਉਂਦੇ ਹੋਣਗੇ। ਸਾਨੂੰ ਇਹ ਵੀ ਪਤਾ ਸੀ ਕਿ ਹੁਣ ਬੈਂਕ ਵਾਲਾ ਕੰਮ ਕੁਝ ਹਫਤੇ ਅੱਗੇ ਪਾਉਣਾ ਪਵੇਗਾ ਕਿਉਂਕਿ ਚੌਕਸੀ ਬਹੁਤ ਵਧ ਜਾਣੀ ਹੈ।

ਅਸੀਂ ਦੇਖਿਆ ਕਿ ਅਵਤਾਰ ਸਿੰਘ ਤੇ ਓਹਨਾਂ ਦੀ ਸੱਸ ਜੋ ਬਹੁਤ ਹੀ ਸੁਲਝੇ ਹੋਏ ਸਨ ਤੇ ਦ੍ਰਿੜ੍ਹ ਇਰਾਦੇ ਵਾਲੇ ਸਨ। ਉਹ ਦੋਵੇਂ ਕੁਝ ਫਿਕਰਮੰਦ ਲੱਗ ਰਹੇ ਸਨ। ਬਾਹਰ ਹਨ੍ਹੇਰਾ ਹੋਣਾ ਸ਼ੁਰੂ ਹੋਇਆ ਸੀ। ਨਿਰਮਲ ਸਿੰਘ ਨੇ ਓਹਨਾਂ ਤੋਂ ਪੁੱਛਿਆ ਤਾਂ ਓਹਨਾਂ ਸਾਨੂੰ ਚਾਰਾਂ ਨੂੰ ਅੰਦਰ ਵਾਲੇ ਕਮਰੇ ਵਿੱਚ ਚਲੇ ਜਾਣ ਲਈ ਕਿਹਾ ਤੇ ਬੀਬੀਆਂ ਨੂੰ ਕਿਹਾ ਕਿ ਅੰਦਰ ਹੀ ਛੇਤੀ-ਛੇਤੀ ਪ੍ਰਸ਼ਾਦਾ ਛਕਾ ਦੇਵੋ। ਓਹਨਾਂ ਨੇ ਦੱਸਿਆ ਕਿ ਭਾਵੇਂ ਇੱਥੋਂ ਦੀ ਪੁਲਿਸ ਨਾਲ ਸਾਡੀ ਚੰਗੀ ਲਿਹਾਜ ਹੈ ਤੇ ਸਾਡੇ ਤੋਂ ਡਰਦੇ ਵੀ ਹਨ ਪਰ ਵੱਡੀ ਵਾਰਦਾਤ ਹੋਣ ਕਰ ਕੇ ਓਹਨਾਂ ਨੇ ਸਭ ਤੋਂ ਪਹਿਲਾਂ ਮੇਰਾ ਤੇ ਸਰਦਾਰ ਸੁੱਚਾ ਸਿੰਘ ਦਾ ਘਰ ਹੀ ਘੇਰਨਾ ਹੈ। ਇਹ ਪੁਲਿਸ ਦਾ ਵਰਤਾਰਾ ਹੀ ਹੈ ਕਿ ਜਦੋਂ ਵੀ ਖਤਰਾ ਹੁੰਦਾ ਹੈ ਤਾਂ ਉਹ ਸਾਡੇ ਵੱਲ ਜਰੂਰ ਆਉਂਦੇ ਹਨ ਪਰ ਉਹ ਬਿਨਾਂ ਪੁੱਛੇ ਸਾਡੇ ਅੰਦਰ ਨਹੀਂ ਵੜ ਸਕਦੇ। ਅਸੀਂ ਓਹਨਾਂ ਦੀ ਗੱਲ ਸਮਝ ਗਏ। ਅਸੀਂ ਕਿਹਾ ਕਿ ਅਸੀਂ ਹੁਣੇ

ਇੱਥੋਂ ਨਿਕਲਦੇ ਹਾਂ ਤੇ ਕਲਕੱਤੇ ਵੱਲ ਨੂੰ ਚਲਦੇ ਹਾਂ। ਜਦੋਂ ਸੁੱਖੇ ਹੋਰੀਂ ਆਉਣ ਤਾਂ ਓਹਨਾਂ ਨੂੰ ਵੀ ਉੱਥੇ ਭੇਜ ਦਿਓ। ਓਹਨਾਂ ਨੇ ਕਿਹਾ ਇਹ ਤਾਂ ਠੀਕ ਹੈ ਪਰ ਤੁਸੀਂ ਅੱਜ ਹੀ ਸਾਡੇ ਕੋਲ ਆਏ ਹੋ। ਇਹ ਸਾਡੀ ਬੇਨਤੀ ਹੈ ਕਿ ਤੁਸੀਂ ਪ੍ਰਸ਼ਾਦਾ ਛਕ ਕੇ ਹੀ ਜਾਣਾ। ਪੁਲਿਸ ਦਾ ਫਿਕਰ ਨਾ ਕਰੋ ਜੇ ਆ ਗਏ ਤਾਂ ਓਹਨਾਂ ਨੇ ਅੰਦਰ ਨਹੀਂ ਵੜਨਾ। ਜੇ ਅੰਦਰ ਵੜਦੇ ਹਨ ਤਾਂ ਮੈਂ ਓਹਨਾਂ ਨੂੰ ਬੰਦੂਕ ਨਾਲ ਰੋਕ ਲਵਾਂਗਾ ਤੇ ਤੁਸੀਂ ਪਿੱਛੇ ਦੀ ਨਿਕਲ ਜਾਇਓ। ਅਸੀਂ ਓਹਨਾਂ ਨੂੰ ਬਥੇਰਾ ਸਮਝਾਇਆ ਕਿ ਤੁਹਾਨੂੰ ਇੰਨੇ ਖਤਰੇ ਵਿਚ ਪਾ ਕੇ ਸਾਡੇ ਲਈ ਪ੍ਰਸ਼ਾਦਾ ਛਕਣਾ ਕਿੰਨਾ ਕੁ ਜਾਇਜ ਹੈ। ਤੁਸੀਂ ਸਾਡੇ ਲਈ ਬਹੁਤ ਅਹਿਮ ਹੋ ਪਰ ਸਾਰੇ ਪਰਿਵਾਰ ਨੇ ਕਿਹਾ ਕਿ ਪ੍ਰਸ਼ਾਦਾ ਤਿਆਰ ਹੈ। ਤੁਸੀਂ ਛਕਣ ਲੱਗੋ ਤੇ ਫੇਰ ਚਲੇ ਜਾਇਓ। ਓਹਨਾਂ ਨੇ ਬੜੀ ਹੀ ਸ਼ਰਧਾ ਨਾਲ ਪ੍ਰਸ਼ਾਦਾ ਬਣਾਇਆ ਤੇ ਅਸੀਂ ਓਹਨਾਂ ਦੀ ਇਸ ਕਦਰ ਸ਼ਰਧਾ ਦੇਖ ਕੇ ਪ੍ਰਸ਼ਾਦਾ ਛਕਣ ਲੱਗ ਗਏ ਪਰ ਦਿਲ ਦੇ ਇੱਕ ਹਿੱਸੇ ਨੂੰ ਫਿਕਰ ਲੱਗਿਆ ਰਿਹਾ ਕਿ ਬਹੁਤ ਖਤਰਾ ਮੁੱਲ ਲੈ ਰਹੇ ਹਾਂ।

ਸਾਡਾ ਡਰ ਸਹੀ ਨਿਕਲਿਆ ਪ੍ਰਸ਼ਾਦੇ ਦੀ ਸਮਾਪਤੀ ਤੋਂ ਪਹਿਲਾਂ ਹੀ ਬਾਹਰਲੇ ਬੂਹੇ ਤੇ ਪੁਲਿਸ ਦੀਆਂ ਦੋ ਜੀਪਾਂ ਆ ਕੇ ਖੜ੍ਹ ਗਈਆਂ। ਅਵਤਾਰ ਸਿੰਘ ਨੇ ਕਿਹਾ ਤੁਸੀਂ ਇਸ ਕਮਰੇ ਵਿੱਚੋਂ ਦੀ ਪਿਛੇ ਨਿਕਲ ਜਾਵੋ, ਮੈਂ ਉਹਨਾਂ ਨੂੰ ਦੇਖਦਾ ਹਾਂ। ਬਾਹਰ ਡੀਐਸਪੀ ਆਇਆ ਸੀ ਪਰ ਓਹਨਾਂ ਦਾ ਇੰਨਾ ਪ੍ਰਭਾਵ ਸੀ ਕਿ ਉਸ ਦੇ ਕਹਿਣ ਤੇ ਉਹ ਵਾਪਸ ਚਲਿਆ ਗਿਆ। ਅਵਤਾਰ ਸਿੰਘ ਨੇ ਦੱਸਿਆ ਕਿ ਉਹ ਤਲਾਸ਼ੀ ਲੈਣਾ ਚਾਹੁੰਦੇ ਸੀ, ਤੇ ਮੈਂ ਓਹਨਾਂ ਨੂੰ ਕਿਹਾ ਕਿ ਸਾਡੇ ਪ੍ਰਾਹੁਣੇ ਆਏ ਹੋਏ ਹਨ, ਖਾਣਾ ਖਾ ਰਹੇ ਹਨ। ਤੁਸੀਂ ਘੰਟੇ ਕੁ ਬਾਅਦ ਆ ਜਾਇਓ। ਅਸੀਂ ਬੜੇ ਹੈਰਾਨ ਹੋਏ ਕਿ ਪਰਿਵਾਰ ਵਿੱਚ ਇੰਨੀ ਸ਼ਰਧਾ, ਇੰਨਾ ਵੱਡਾ ਜੋਖਮ ਚੁੱਕਣ ਦਾ ਜਿਗਰਾ, ਇਨ੍ਹਾਂ ਦਾ ਇਸ ਇਲਾਕੇ ਵਿਚ ਕਿੰਨਾ ਅਸਰ ਰਸੂਖ ਹੈ। ਪ੍ਰਸ਼ਾਦਾ ਛਕ ਕੇ ਅਸੀਂ ਪਿਛਲੇ ਰਸਤੇ ਰਾਹੀਂ ਦੋ-ਦੋ ਕਰਕੇ ਪੈਦਲ ਹੀ ਰੇਲਵੇ ਸਟੇਸ਼ਨ ਨੂੰ ਨਿਕਲੇ, ਜੋ ਨੇੜੇ ਹੀ ਸੀ। ਸਾਡੇ ਤੋਂ ਬਾਅਦ ਜਿੰਦਾ ਤੇ ਸੁੱਖਾ ਵੀ ਦੇਰ ਰਾਤ ਉਥੇ ਪਹੁੰਚੇ ਤੇ ਓਹਨਾਂ ਦੀ ਵੀ ਇਨ੍ਹਾਂ ਨੇ ਇਸੇ ਤਰ੍ਹਾਂ ਸੇਵਾ ਕੀਤੀ ਤੇ ਫਿਰ ਓਹਨਾਂ ਨੂੰ ਕਲਕੱਤੇ ਵਾਲੀ ਗੱਡੀ ਤੇ ਚੜ੍ਹਾ ਦਿੱਤਾ।

ਬਾਅਦ ਵਿੱਚ ਸਰਦਾਰ ਅਵਤਾਰ ਸਿੰਘ ਨੂੰ ਸਰਕਾਰ ਨੇ ਜਾਣ ਬੁਝ ਕੇ ਕੇਸ ਵਿੱਚ ਫਸਾ ਦਿੱਤਾ ਤੇ ਉਸ ਨੂੰ ਉਮਰ ਕੈਦ ਹੋ ਗਈ। ਕਈ ਸਾਲਾਂ ਬਾਅਦ ਸੁਪਰੀਮ ਕੋਰਟ ਤੋਂ ਉਮਰ ਕੈਦ ਟੁੱਟੀ ਤੇ ਉਹ ਰਿਹਾਅ ਹੋਏ। ਸਾਰੇ ਪਰਿਵਾਰ ਨੂੰ ਬਹੁਤ ਤੰਗੀਆਂ ਤੁਰਸ਼ੀਆਂ ਚੋਂ ਗੁਜਰਨਾ ਪਿਆ ਅਤੇ ਕਾਰੋਬਾਰ ਦਾ ਵੀ ਬਹੁਤ ਨੁਕਸਾਨ ਹੋਇਆ। ਉਹਨਾਂ ਦੇ ਦੁੱਖ ਮੁਸੀਬਤ ਝੱਲਣ ਦਾ ਸੱਚ ਇਹੋ ਹੈ ਕਿ ਅਜਿਹੇ ਪਰਿਵਾਰਾਂ ਦੇ ਸਿਰਾਂ ਉਤੇ ਹੀ ਸ਼ਾਨਦਾਰ ਸੰਘਰਸ਼ ਲੜੇ ਜਾਂਦੇ ਹਨ।

ਦਿੱਲੀ ਪੁਲਿਸ ਦੇ ਛਾਪੇ ਵਾਲੀ ਰਾਤ

ਇਹ ਗੱਲ ਉਦੋਂ ਦੀ ਹੈ ਜਦੋਂ ਹਰਜਿੰਦਰ ਸਿੰਘ ਜਿੰਦਾ ਦੂਜੀ ਵਾਰ ਦਿੱਲੀ ਵਿੱਚ ਫੜਿਆ ਗਿਆ। ਦਿੱਲੀ ਵਿਚ ਹਰਜਿੰਦਰ ਸਿੰਘ ਜਿੰਦੇ ਦੇ ਨਾਲ ਸਤਨਾਮ ਸਿੰਘ ਬਾਵਾ ਵੀ ਫੜਿਆ ਗਿਆ। ਜਿੰਦੇ ਬਾਰੇ ਸਭ ਨੂੰ ਵਿਸ਼ਵਾਸ ਸੀ ਕਿ ਉਸ ਨੇ ਨਹੀਂ ਬੋਲਣਾ ਪਰ ਬਾਵੇ ਨੇ ਆਪ ਕਿਹਾ ਹੋਇਆ ਸੀ ਕਿ ਮੈਂ ਕੁੱਟ ਨਹੀਂ ਖਾ ਸਕਦਾ। ਜੇ ਮੇਰੇ ਤੋਂ ਸਾਈਨਾਈਡ ਨਾ ਖਾਧੀ ਗਈ ਤਾਂ ਜਿਹੜੀਆਂ ਥਾਵਾਂ ਬਾਰੇ ਮੈਨੂੰ ਪਤਾ ਹੈ ਉਹ ਸਾਰੀਆਂ ਛੱਡ ਦਿਓ।

ਇਨ੍ਹਾਂ ਦੇ ਫੜੇ ਜਾਣ ਤੋਂ ਅਗਲੇ ਦਿਨ ਇੱਕ ਅਹਿਮ ਮਿਲਣੀ ਰੱਖੀ ਹੋਈ ਸੀ, ਜਿਸ ਵਿਚ ਕੁਝ ਸਿੰਘਾਂ ਨੇ ਆਉਣਾ ਸੀ ਤੇ ਹਰਜਿੰਦਰ ਸਿੰਘ ਜਿੰਦੇ ਨੇ ਵੀ ਉੱਥੇ ਆਉਣਾ ਸੀ। ਇਹ ਥਾਂ ਹੁਸ਼ਿਆਰਪੁਰ-ਟਾਂਡਾ ਸੜਕ ਤੇ ਬੁੱਲੋਵਾਲ ਕੋਲ ਇਕ ਪਿੰਡ ਵਿੱਚ ਇੱਕ ਚੰਗੇ ਜਿਮੀਂਦਾਰ ਦਾ ਘਰ ਸੀ। ਇਹ ਖਾਲਸਤਾਨ ਕਮਾਂਡੋ ਫੋਰਸ ਦੀ ਪੱਕੀ ਠਾਹਰ ਸੀ। ਵੱਡੀ ਪੱਕੀ ਸੜਕ ਤੋਂ ਡੇਢ ਕੁ ਕਿਲੋਮੀਟਰ ਦੂਰੀ ਤੇ ਇਹ ਪਿੰਡ ਸੀ ਤੇ ਪਿੰਡ ਵੜਦਿਆਂ ਹੀ ਪਹਿਲੀ ਵੱਡੀ ਕੋਠੀ ਵਿੱਚ ਮਿਲਣੀ ਹੋਣੀ ਸੀ। ਬੈਠਕ ਰਾਤ ਦੇ ਸਮੇਂ ਹੋਣੀ ਸੀ। ਹੁਸ਼ਿਆਰਪੁਰ ਵਾਲੇ ਸਿੰਘ ਸ਼ਾਮ ਨੂੰ ਹੀ ਪਹੁੰਚ ਗਏ, ਮੈਂ ਅਤੇ ਚਰਨਜੀਤ ਸਿੰਘ ਵੀ ਸ਼ਾਮ ਢਲਦੇ ਹੀ ਪਹੁੰਚ ਗਏ। ਅੰਦਾਜੇ ਨਾਲੋਂ ਘੱਟ ਸਿੰਘ ਆਏ ਸੀ ਤੇ ਅਸੀਂ ਪ੍ਰਸ਼ਾਦਾ ਛਕ ਕੇ ਆਪਣਾ ਵਿਚਾਰ-ਵਟਾਂਦਰਾ ਕੀਤਾ। ਹੁਸ਼ਿਆਰਪੁਰ ਵਾਲੇ ਸਿੰਘਾਂ ਨੇ ਦੂਰ ਤੱਕ ਪਹਿਰੇ ਤੇ ਸਿੰਘ ਖੜ੍ਹਾਏ ਹੋਏ ਸੀ। ਨੌਂ ਕੁ ਵਜੇ ਤੋਂ ਬਾਅਦ ਜਿਹੜੇ ਸਿੰਘ ਜਾ ਸਕਦੇ ਸੀ ਉਹ ਚਲੇ ਗਏ। ਅਸੀਂ ਕੁਝ ਸਿੰਘ ਉਥੇ ਰਹਿ ਗਏ ਜਿਨ੍ਹਾਂ ਵਿੱਚ ਲਾਭ ਸਿੰਘ, ਬਾਬਾ ਧੰਨਾ ਸਿੰਘ, ਬਾਬਾ ਬਲਵਿੰਦਰ ਸਿੰਘ, ਸੁਰਿੰਦਰਜੀਤ ਸਿੰਘ ਮੱਲੇਵਾਲ, ਚਰਨਜੀਤ ਸਿੰਘ ਤੇ ਮੈਂ ਅਤੇ ਦੋ ਕੁ ਸਿੰਘ ਉਥੇ ਨੇੜੇ ਦੇ ਸਨ। ਅਸੀਂ ਇਹ ਸੋਚਿਆ ਸੀ ਕਿ ਇੱਥੇ ਰਾਤ ਨਹੀਂ ਰਹਿਣਾ ਕਿਉਂਕਿ ਸਮਾਂ ੯ ਵਜੇ ਤੋਂ ਬਾਅਦ ਦਾ ਰੱਖਿਆ ਸੀ ਤੇ ਸਾਨੂੰ ਥੋੜ੍ਹਾ ਜਿਹਾ ਸ਼ੰਕਾ ਸੀ ਕਿ ਕਿਤੇ ਪੁਲਿਸ ਨਾ ਆ ਜਾਵੇ। ਸਾਡਾ

ਅੰਦਾਜਾ ਸਹੀ ਸੀ ਪਰ ਬਚਾਅ ਇਸ ਗੱਲ ਚ ਹੋ ਗਿਆ ਕਿ ਦਿੱਲੀ ਪੁਲਿਸ ਨੇ ਐਨ ਮੌਕੇ ਤੇ ਹੀ ਆ ਕੇ ਪੰਜਾਬ ਪੁਲਿਸ ਨੂੰ ਨਾਲ ਲਿਆ। ਜੇ ਪੰਜਾਬ ਪੁਲਿਸ ਨੂੰ ਪਹਿਲਾਂ ਪਤਾ ਲੱਗਦਾ ਤਾਂ ਓਹਨਾਂ ਨੇ ਆਪਣੇ ਕੈਟ ਸਿਸਟਮ ਰਾਹੀਂ ਸਾਰਾ ਇਲਾਕਾ ਘੇਰ ਲੈਣਾ ਸੀ ਤੇ ਸਾਡਾ ਨੁਕਸਾਨ ਹੋ ਸਕਦਾ ਸੀ। ਦਿੱਲੀ ਵਾਲਿਆਂ ਨੇ ਸਿੱਧਾ ਹੀ ਅੱਧੀ ਰਾਤ ਨੂੰ ਛਾਪਾ ਮਾਰਿਆ ਤੇ ਪਹਿਲਾਂ ਕੋਈ ਪ੍ਰਬੰਧ ਨਹੀਂ ਕੀਤਾ। ਬਾਕੀ ਸਿੰਘ ਤਾਂ ਚਲੇ ਗਏ ਸਨ ਪਰ ਅਸੀਂ ਸੋਚਿਆ ਸੀ ਕਿ ਇੱਥੋਂ ਇੱਕ ਵਜੇ ਤੁਰਾਂਗੇ ਤੇ ਦਿਨ ਚੜ੍ਹਣ ਤੋਂ

ਪਹਿਲਾਂ ਅਸੀਂ ਜਲੰਧਰ ਲਾਗੇ ਇਕ ਠਾਹਰ ਤੇ ਪਹੁੰਚਣਾ ਸੀ। ਅਸੀਂ ਉਸ ਕੋਠੀ ਦੇ ਉਪਰਲੇ ਚੁਬਾਰੇ ਵਿੱਚ ਬੈਠ ਗਏ ਤੇ ਸੋਚਿਆ ਕਿ ਕੁਝ ਬੰਦੇ ਥੋੜ੍ਹਾ-ਥੋੜ੍ਹਾ ਆਰਾਮ ਕਰ ਲੈਣ ਤੇ ਦੋ ਸਿੰਘ ਪਹਿਰੇ ਤੇ ਰਹਿਣਗੇ।

ਸਾਢੇ ਦਸ ਵਜੇ ਤਕ ਜਿਆਦਾ ਜਣੇ ਲੰਮੇ ਪੈ ਗਏ ਪਰ ਤਿਆਰ ਬਰ ਤਿਆਰ ਹੀ ਲੰਮੇ ਪਏ ਸਨ ਕਿ ਜਦੋਂ ਮਰਜੀ ਉੱਠ ਕੇ ਤੁਰ ਪੈਣ। ਜਿੰਦੇ ਹੋਣਾਂ ਦੇ ਫੜੇ ਜਾਣ ਕਾਰਨ ਸਾਰੇ ਜਣੇ ਤਣਾਅ ਵਿੱਚ ਸਨ ਪਰ ਬਾਬਾ ਧੰਨਾ ਸਿੰਘ ਨੇ ਹੋਰ ਸਾਰਿਆਂ ਨੂੰ ਕਿਹਾ ਕਿ ਤੁਸੀਂ ਪੈ ਜਾਵੋ ਤੇ ਮੈਂ ਜਾਗਦਾ ਹਾਂ ਤੇ ਇਕ ਵਜੇ ਆਪਾਂ ਤੁਰ ਪਵਾਂਗੇ। ਸਾਡੀ ਕਾਰ ਤੇ ਇਕ ਟਰੈਕਟਰ ਪਿੰਡ ਦੇ ਦੂਸਰੇ ਪਾਸੇ ਕਿਸੇ ਠਾਹਰ ਤੇ ਖੜ੍ਹੇ ਸੀ। ਇਹ ਠਾਹਰ ਦਾ ਇਹ ਫਾਇਦਾ ਸੀ ਕਿ ਛੱਤ ਤੋਂ ਰਾਤ ਨੂੰ ਹੁਸ਼ਿਆਰਪੁਰ-ਟਾਂਡਾ ਸੜਕ ਤੋਂ ਪਿੰਡ ਨੂੰ ਆਉਂਦੀ ਸੜਕ ਤੇ ਕੋਈ ਵੀ ਗੱਡੀ ਜਾਂ ਹੋਰ ਸਾਧਨ ਆਉਂਦਾ ਦੂਰੋਂ ਹੀ ਦਿਖਾਈ ਦਿੰਦਾ ਸੀ। ਠਾਹਰ ਵਾਲਾ ਸਿੰਘ ਇਕੱਲਾ ਹੀ ਸੀ ਉਹਦਾ ਸਾਰਾ ਪਰਿਵਾਰ ਕੈਨੇਡਾ ਗਿਆ ਹੋਇਆ ਸੀ ਤੇ ਉਹ ਨਿਸ਼ਚਿੰਤ ਸੀ ਕਿ ਇੱਥੇ ਕੋਈ ਨਹੀਂ ਆ ਸਕਦਾ।

ਬਾਰਾਂ ਕੁ ਵਜੇ ਬਾਬਾ ਧੰਨਾ ਸਿੰਘ ਹੋਰਾਂ ਨੇ ਸਾਰਿਆਂ ਨੂੰ ਜੋਰ ਦੀ ਬੁਲਾ ਕੇ ਜਗਾਇਆ ਤੇ ਕਿਹਾ ਕਿ ਲੱਗਦਾ ਪੁਲਿਸ ਆ ਰਹੀ ਹੈ ਆਪਾਂ ਨਿਕਲ ਚੱਲੀਏ। ਅਸੀਂ ਉੱਠ ਕੇ ਦੇਖਿਆ ਤਾਂ ਵੱਡੀ ਸੜਕ ਤੋਂ ਗੱਡੀਆਂ ਦੀ ਇੱਕ ਕਤਾਰ ਹੌਲੀ-ਹੌਲੀ ਪਿੰਡ ਵਾਲੇ ਮੋੜ ਨੂੰ ਮੁੜਨਾ ਸ਼ੁਰੂ ਹੋਈ ਸੀ। ਅਸੀਂ ਪਹਿਲਾਂ ਹੀ ਤਿਆਰ ਬਰ ਤਿਆਰ ਸੁੱਤੇ ਸੀ। ਇਸ ਕਰਕੇ ਅਸੀਂ ਕਾਹਲੀ ਨਾਲ ਥੱਲੇ ਉਤਰੇ ਤੇ ਠਾਹਰ ਵਾਲੇ ਸਿੰਘ ਨੂੰ ਕਿਹਾ ਕਿ ਪੁਲਿਸ ਆ ਰਹੀ ਹੈ। ਅਸੀਂ ਪਿੱਛੋਂ ਦੀ ਨਿਕਲ ਜਾਣਾ। ਉਹ ਬੜਾ ਦਲੇਰ ਬੰਦਾ ਸੀ। ਉਸ ਨੇ ਕਿਹਾ ਕਿ ਤੁਸੀਂ ਨਿਕਲੋ ਮੈਂ ਸਭ ਸੰਭਾਲ ਲਵਾਂਗਾ। ਅਸੀਂ ਸਾਰੇ ਹੌਲੀ-ਹੌਲੀ ਦੌੜ ਕੇ ਗੱਡੀਆਂ ਤੱਕ ਪਹੁੰਚੇ ਤੇ ਗੱਡੀਆਂ ਦੀ ਬੱਤੀ ਜਗਾਈ ਬਿਨਾਂ ਹੀ ਉਥੋਂ ਅੱਗੇ ਵੱਲ ਨੂੰ ਤੁਰ ਪਏ ਤੇ ਆਪਣੇ ਅਗਲੇ ਠਿਕਾਣੇ ਤੇ ਸੁਰੱਖਿਅਤ ਪਹੁੰਚ ਗਏ। ਉੱਥੇ ਪੁਲਿਸ ਆਈ ਪਰ ਓਹਨਾਂ ਨੂੰ ਪਤਾ ਨਹੀਂ ਲੱਗਿਆ ਕਿ ਇੱਥੇ ਕੋਈ ਮਿਲਣੀ ਹੋਈ ਸੀ ਜਾਂ ਸਿੰਘ ਆਏ ਸੀ। ਬਾਅਦ ਵਿਚ ਹੁਸ਼ਿਆਰਪੁਰ ਪੁਲਿਸ ਨੇ ਉਸ ਸਿੰਘ ਨੂੰ ਕਾਫੀ ਤੰਗ ਪਰੇਸ਼ਾਨ ਕੀਤਾ ਤੇ ਝੂਠਾ ਪਰਚਾ ਪਾ ਕੇ ਜੇਲ੍ਹ ਵਿਚ ਭੇਜ ਦਿੱਤਾ।

ਕਾਫੀ ਸਮੇਂ ਬਾਅਦ ਬਾਬਾ ਧੰਨਾ ਸਿੰਘ ਨੇ ਦੱਸਿਆ ਕਿ ਉਸ ਰਾਤ ਤਾਂ ਬਹੁਤ ਵੱਡੀ ਭੁੱਲ ਹੋ ਗਈ ਸੀ। ਮੈਂ ਤੁਹਾਨੂੰ ਸੌਂ ਜਾਣ ਲਈ ਕਹਿ ਦਿੱਤਾ ਤੇ ਕਾਫੀ ਵਕਤ ਤੁਰਦੇ ਫਿਰਦਿਆਂ ਕੱਢਿਆ। ਜਦੋਂ ਮੈਂ ਕੁਝ ਸਮਾਂ ਕੁਰਸੀ ਤੇ ਬੈਠਿਆ ਤਾਂ ਮੈਨੂੰ ਪਤਾ ਨਹੀਂ ਲੱਗਿਆ ਕਿ ਮੇਰੀ ਕਦੋਂ ਅੱਖ ਲੱਗ ਗਈ ਤੇ ਕਿੰਨਾ ਚਿਰ ਮੈਂ ਸੁੱਤਾ ਰਿਹਾ। ਜਦੋਂ ਮੈਂ ਤੁਹਾਨੂੰ ਉਠਾਇਆ ਮੈਂ ਵੀ ਉਸੇ ਵਕਤ ਹੀ ਨੀਂਦ ਚੋਂ ਤ੍ਰਬਕ ਕੇ ਉੱਠਿਆ ਸੀ। ਮੈਨੂੰ ਲੱਗਿਆ ਕਿ ਕਿਸੇ ਨੇ ਜੋਰ ਨਾਲ ਮੋਢੇ ਤੋਂ ਹਿਲਾਇਆ। ਜਦੋਂ ਮੇਰੀ ਅੱਖ

ਖੁੱਲ੍ਹੀ ਤਾਂ ਮੈਂ ਦੇਖਿਆ ਕਿ ਵੱਡੀ ਸੜਕ ਤੇ ਪੁਲਿਸ ਦੀਆਂ ਗੱਡੀਆਂ ਦਾ ਕਾਫਲਾ ਆ ਰਿਹਾ ਸੀ। ਮੈਂ ਤੁਹਾਨੂੰ ਉਠਾਇਆ ਤੇ ਆਪਾਂ ਸਹੀ ਸਲਾਮਤ ਨਿਕਲ ਗਏ। ਇਹ ਤਾਂ ਕ੍ਰਿਸ਼ਮਾ ਹੀ ਹੋ ਗਿਆ ਕਿ ਮੇਰੀ ਕਿਵੇਂ ਅੱਖ ਲੱਗੀ ਤੇ ਫਿਰ ਕਿਵੇਂ ਖੁੱਲ੍ਹੀ। ਇਹ ਗੱਲ ਮੈਂ ਹੋਰ ਕਿਸੇ ਨੂੰ ਨਹੀਂ ਦੱਸੀ ਕਿਉਂਕਿ ਗਲਤੀ ਬਹੁਤ ਵੱਡੀ ਸੀ ਪਰ ਉਸ ਦਿਨ ਆਪਾਂ ਨੂੰ ਬਚਾਇਆ ਸ਼ਹੀਦੀ ਪਹਿਰੇ ਨੇ ਹੀ ਸੀ। ਹੋਰ ਕਿਸੇ ਵੀ ਤਰੀਕੇ ਆਪਾਂ ਬਚ ਨਹੀਂ ਸੀ ਸਕਦੇ।

ੴ

ਸੁਆੜੇ ਵਾਲੀ ਠਾਹਰ

ਜਿਹੜੀ ਸੁਆੜੇ (ਆਨੰਦਪੁਰ ਸਾਹਿਬ ਨੇੜੇ) ਵਾਲੀ ਸਾਡੀ ਪੱਕੀ ਠਾਹਰ ਸੀ ਤੇ ਜਿੱਥੋਂ ਮੈਂ ਫੜਿਆ ਗਿਆ ਸੀ, ਉੱਥੇ ਵੀ ਇਹੋ ਜਿਹੀ ਕੋਈ ਗੱਲ ਸੀ। ਜਦੋਂ ਉਹ ਥਾਂ ਅਸੀਂ ਆਬਾਦ ਕੀਤੀ ਸੀ ਤਾਂ ਸੰਘਣਾ ਬੇਲਾ ਸੀ। ਜਿਸ ਥਾਂ ਤੇ ਅਸੀਂ ਛੰਨ ਬਣਾਈ ਉਹ ਇੰਨਾ ਸੰਘਣਾ ਬੇਲਾ ਸੀ ਕਿ ਦਿਨੇ ਹੀ ਜੰਗਲੀ ਸੂਰ ਘੁੰਮਦੇ ਰਹਿੰਦੇ ਹੁੰਦੇ ਸੀ। ਅਸੀਂ ੧੯੮੭ ਦੇ ਅਖੀਰ ਵਿੱਚ ਉੱਥੇ ਰਹਿਣਾ ਸ਼ੁਰੂ ਕੀਤਾ ਤੇ ਮੈਂ ੧੯੯੬ ਤੱਕ ਉੱਥੇ ਰਿਹਾ। ਇੱਥੇ ਮੈਂ, ਬਾਈ ਗਾਮਾ, ਉਸ ਦੀ ਸਿੰਘਣੀ ਤੇ ਦੋ ਬੱਚੇ ਰਹਿੰਦੇ ਸੀ। ਡਾਕਟਰ ਸੋਹਣ ਸਿੰਘ ਇੱਥੇ ਸਾਡੇ ਕੋਲ ਕਾਫੀ ਲੰਮਾ ਸਮਾਂ ਰਹੇ। ਉਹ ਸ਼ਹੀਦੀ ਪਹਿਰੇ ਵਾਲੀਆਂ ਗੱਲਾਂ ਵਿੱਚ ਯਕੀਨ ਨਹੀਂ ਸੀ ਰੱਖਦੇ, ਪਰ ਆਖਰ ਓਹਨਾਂ ਨੇ ਵੀ ਮੰਨਿਆ ਕਿ ਇੱਥੇ ਜਦੋਂ ਮੈਂ ਇਕੱਲਾ ਹੁੰਦਾ ਹਾਂ, ਉਦੋਂ ਵੀ ਇਕੱਲਾ ਮਹਿਸੂਸ ਨਹੀਂ ਕਰਦਾ। ਇਸ ਨੂੰ ਮੈਂ ਹੋਰ ਨਹੀਂ ਸਮਝਾ ਸਕਦਾ।

ਉਥੇ ਛੋਟੇ ਜਿਹੇ ਘਰ ਦੇ ਉੱਪਰ ਇੱਕ ਚੁਬਾਰਾ ਸੀ ਜਿਸ ਦੀਆਂ ਸਾਰੇ ਪਾਸੇ ਬਾਰੀਆਂ ਖੁੱਲ੍ਹਦੀਆਂ ਸਨ। ਇਹ ਇਸ ਤਰ੍ਹਾਂ ਬਣਾਇਆ ਸੀ ਕਿ ਹੋ ਸਕਦਾ ਹੈ ਕਿ ਕਿਸੇ ਦਿਨ ਇੱਥੇ ਆਖਰੀ ਮੋਰਚਾ ਹੀ ਲਾਉਣਾ ਪੈ ਜਾਵੇ। ਆਲੇ ਦੁਆਲੇ ਨੂੰ ਸਾਰੇ ਪਾਸੇ ਨੂੰ ਖੇਤ ਖੁੱਲ੍ਹਦੇ ਸਨ ਤੇ ਥੋਹੜੀ ਦੂਰੀ ਤੇ ਸਵਾਂ ਨਦੀ ਦਿਖਦੀ ਸੀ। ਮੈਂ ਇੱਥੇ ਉੱਪਰ ਹੀ ਸੌਂਦਾ ਸੀ ਤੇ ਡਾਕਟਰ ਸਾਹਿਬ ਵੀ ਮੇਰੇ ਕੋਲ ਹੀ ਸੌਂਦੇ ਸਨ। ਉਹ ਜਗ੍ਹਾ ਹੀ ਐਸੀ ਸੀ ਕਿ ਰਾਤ ਦੇ ਬਾਰਾਂ ਵਜੇ ਤੋਂ ਬਾਅਦ ਉਥੇ ਉੱਠ ਬੈਠਣ ਨੂੰ ਮਨ ਕਰਦਾ ਸੀ ਤੇ ਪਾਠ ਕਰਨ ਨਾਲ ਮਨ ਨੂੰ ਬਹੁਤ ਸਕੂਨ ਮਿਲਦਾ ਸੀ। ਬਹੁਤ ਰਾਤਾਂ ਮੈਂ ਉਥੇ ਜਾਗ ਕੇ ਕੱਟੀਆਂ। ਪਾਠ ਵਿੱਚ, ਸੋਚਾਂ ਦੀ ਅਟੁੱਟ ਲੜੀ ਵਿਚ ਤੇ ਸਿਮਰਨ ਵਿਚ, ਜਦੋਂ ਮੈਂ ਉੱਥੋਂ ਚਲੇ ਜਾਣਾ ਤਾਂ ਮੈਨੂੰ ਉਸ ਥਾਂ ਦਾ ਵਿਛੋੜਾ ਮਹਿਸੂਸ ਹੋਣਾ। ਇੱਥੇ ਕੋਈ ਬਰਕਤ ਸੀ। ਇੱਥੇ ਮੈਨੂੰ ਬੜੀ ਸੁਰੱਖਿਆ ਮਹਿਸੂਸ ਹੁੰਦੀ ਸੀ। ਜਦੋਂ ੧੯੯੩ ਵਿੱਚ ਡਾਕਟਰ ਸੋਹਣ ਸਿੰਘ ਨੇਪਾਲ ਤੋਂ ਫੜੇ ਗਏ ਤਾਂ ਸਬੱਬੀਂ ਓਹਨਾਂ ਨੂੰ ਇਸ ਘਰ ਤੋਂ

ਸਿਰਫ ਦੋ ਕਿਲੋਮੀਟਰ ਦੂਰ ਕਾਹਨਪੁਰ ਖੂਹੀ ਦੇ ਸਰਕਾਰੀ ਨਹਿਰੀ ਬੰਗਲੇ ਵਿੱਚ ਦੋ ਕੁ ਮਹੀਨੇ ਰੱਖਿਆ। ਇਹ ਚੁਬਾਰੇ ਤੋਂ ਸਾਨੂੰ ਉਹ ਨਹਿਰੀ ਬੰਗਲਾ ਦਿਖਦਾ ਸੀ। ਜੇ ਤੁਸੀਂ ਆਮ ਤਰਕ ਵਾਲੇ ਤਰੀਕੇ ਨਾਲ ਸੋਚੋ ਤਾਂ ਤੁਸੀਂ ਕਦੀ ਵੀ ਇੱਥੇ ਨਹੀਂ ਸੀ ਰਹਿ ਸਕਦੇ। ਅਸੀਂ ਸਰਕਾਰ ਲਈ ਸਭ ਤੋਂ ਵੱਧ ਲੋੜੀਂਦੇ ਬੰਦੇ ਸਾਂ ਤੇ ਡਾਕਟਰ ਸਾਹਿਬ ਕੋਲੋਂ ਸਭ ਤੋਂ ਜਿਆਦਾ ਪੁੱਛ ਗਿੱਛ ਮੇਰੇ ਬਾਰੇ ਕਰਨੀ ਸੀ। ਓਹਨਾਂ ਦੀ ਉਮਰ ਕੋਈ ਨੱਬੇ ਸਾਲ ਹੋ ਚੁੱਕੀ ਸੀ ਤੇ ਉਹ ਮੇਰੇ ਤੋਂ ਨਾਰਾਜ ਵੀ ਸਨ ਅਤੇ ਮੇਰੇ ਵਿਰੋਧ ਵਿੱਚ ਸਨ ਕਿ ਮੈਂ ਚੋਣਾਂ ਵਾਲੇ ਮਸਲੇ ਵਿੱਚ ਓਹਨਾਂ ਦਾ ਸਾਥ ਨਹੀਂ ਦਿੱਤਾ। ਜਦੋਂ ਸਾਨੂੰ ਓਹਨਾਂ ਦੀ ਗ੍ਰਿਫ਼ਤਾਰੀ ਦਾ ਪਤਾ ਲੱਗਾ ਤਾਂ ਅਸੀਂ ਇੱਕ ਵਾਰ ਸੋਚਿਆ ਵੀ ਕਿ ਸਾਨੂੰ ਇੱਥੋਂ ਚਲੇ ਜਾਣਾ ਚਾਹੀਦਾ ਹੈ ਪਰ ਸਾਨੂੰ ਯਕੀਨ ਸੀ ਕਿ ਉਸ ਵਕਤ ਉੱਥੇ ਨਾਲੋਂ ਸੁਰੱਖਿਅਤ ਜਗ੍ਹਾ ਹੋਰ ਕੋਈ ਨਹੀਂ। ਜਿਸ ਦਿਨ ਓਹਨਾਂ ਨੂੰ ਨਹਿਰੀ ਬੰਗਲੇ ਵਿਚ ਲਿਆਂਦਾ ਗਿਆ ਉਸ ਦਿਨ ਸਾਰੀ ਰਾਤ ਮੈਂ ਓਹਨਾਂ ਦੀ ਚੜ੍ਹਦੀ ਕਲਾ ਲਈ ਸਿਮਰਨ ਅਰਦਾਸ ਕੀਤੀ।

ਜਿੰਨਾ ਚਿਰ ਮੈਂ ਇਸ ਠਾਹਰ ਤੇ ਰਿਹਾ ਉਸ ਦੌਰਾਨ ਮੈਨੂੰ ਦੋ ਵਾਰ ਇੰਝ ਲੱਗਿਆ ਸੀ ਕਿ ਸ਼ਾਇਦ ਮੈਂ ਕਿਸੇ ਨੂੰ ਦੇਖਿਆ ਹੈ। ਛੰਨ ਦੇ ਪਿੱਛੇ ਕੋਈ ਅੱਧਾ ਕੁ ਕਿੱਲੇ ਦਾ ਜੰਗਲ ਸੀ। ਮੈਂ ਰਾਤ ਨੂੰ ਰਹਿਰਾਸ ਕਰਦਾ ਉੱਧਰ ਨੂੰ ਚਲਿਆ ਗਿਆ ਤੇ ਮੈਨੂੰ ਲੱਗਿਆ ਕਿ ਕੋਈ ਬੇਲੇ ਵਿਚ ਤੁਰ ਫਿਰ ਰਿਹਾ ਹੈ। ਅਸਲ ਵਿਚ ਸਾਡੀ ਸੁਰਤ ਦਾ ਘੇਰਾ ਸੀਮਤ ਹੁੰਦਾ ਹੈ ਤੇ ਆਪਣੀ ਸੋਚ ਨਾਲ ਅਸੀਂ ਉਸ ਨੂੰ ਹੋਰ ਸੁੰਗੜਾ ਦਿੰਦੇ ਹਾਂ। ਜਿਹੜੀਆਂ ਗੱਲਾਂ ਸਾਨੂੰ ਸਮਝ ਨਾ ਆਉਣ ਅਸੀਂ ਓਹਨਾਂ ਤੋਂ ਇਨਕਾਰ ਕਰ ਦਿੰਦੇ ਹਾਂ। ਇਹੋ ਜਿਹੇ ਅਨੁਭਵ ਤੇ ਵਰਤਾਰੇ ਵੀ ਉਸ ਦੀ ਕੁਦਰਤ ਦਾ ਹੀ ਹਿੱਸਾ ਹਨ। ਇਨ੍ਹਾਂ ਵਿਚੋਂ ਕੁਝ ਵੀ ਅਣਹੋਣੀ ਜਾਂ ਨਾਮੁਮਕਨ ਨਹੀਂ। ਕੁਦਰਤ ਦਾ ਬਹੁਤ ਵੱਡਾ ਹਿੱਸਾ ਹਾਲੇ ਸਾਡੀ ਸਮਝ ਤੋਂ ਬਾਹਰ ਹੈ ਤੇ ਇਹ ਅਨੁਭਵ ਕਿਤੇ ਉਸੇ ਦਾ ਹੀ ਕੋਈ ਹਿੱਸਾ ਹੈ। ਜਿਹੜੇ ਨੁਕਤੇ ਹਾਲੇ ਸਾਡੀ ਸਮਝ ਵਿੱਚ ਨਹੀਂ ਆਏ। ਇੱਕ ਮੁਜਾਹਿਦ ਤੇ ਧਰਮੀ ਯੋਧੇ ਦੀ ਜਿੰਦਗੀ ਦਾ ਆਧਾਰ ਹੀ ਉਸ ਸੱਚੇ ਵਿੱਚ ਯਕੀਨ ਅਤੇ ਅਟੱਲ ਯਕੀਨ ਹੀ ਹੁੰਦਾ ਹੈ। ਸਾਡੀ ਹੋਂਦ ਦਾ ਸਭ ਤੋਂ ਅਹਿਮ ਅੰਸ਼ ਸਾਡੀ ਜਮੀਰ ਤੇ ਯਕੀਨ ਹੀ ਹਨ।

ਅੰਮ੍ਰਿਤਸਰ ਦੇ ਕਾਰਖਾਨੇ ਵਿਚ

ਮੈਂ ਅਪ੍ਰੈਲ ੧੯੯੨ ਵਿਚ ਪਾਕਿਸਤਾਨ ਤੋਂ ਵਾਪਸ ਆਇਆ ਤਾਂ ਮੈਂ ਜਿਆਦਾ ਚਿਰ ਅੰਮ੍ਰਿਤਸਰ ਹੀ ਰਿਹਾ। ਇੱਕ ਰਾਤ ਮੈਂ ਪੁਤਲੀ ਘਰ ਦੇ ਇਲਾਕੇ ਵਿੱਚ ਇਕ ਠਾਹਰ ਤੇ ਗਿਆ। ਇਹ ਸਾਡੀ ਪੁਰਾਣੀ ਠਾਹਰ ਸੀ ਤੇ ਹੁਣ ਇਹ ਸਿੰਘ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਮਾਨ ਦਲ) ਵਿੱਚ ਉੱਥੋਂ ਦਾ ਅਹਿਮ ਬੰਦਾ ਸੀ। ਉਹਦੇ ਘਰ ਲੋਕਾਂ ਦਾ ਕਾਫੀ ਆਉਣ ਜਾਣ ਰਹਿੰਦਾ ਸੀ। ਉਸ ਇਲਾਕੇ ਵਿੱਚ ਘਰਾਂ ਦੇ ਨਾਲ-ਨਾਲ ਹੀ ਲੋਕਾਂ ਦੇ ਕਾਰੋਬਾਰ ਸਨ ਅਤੇ ਇਨ੍ਹਾਂ ਦੇ ਘਰ ਦੇ ਨਾਲ ਵੀ ਕੋਈ ਕਾਰਖਾਨਾ ਸੀ। ਘਰ ਵਿੱਚ ਵੜਦਿਆਂ ਸਾਰ ਸੱਜੇ ਪਾਸੇ ਨੂੰ ਉਹਦਾ ਦਫਤਰ ਸੀ। ਜਦੋਂ ਮੈਂ ਉਥੇ ਗਿਆ ਉਦੋਂ ਓਹਨਾਂ ਦੇ ਵਿਹੜੇ ਵਿਚ ਦਸ ਪੰਦਰਾਂ ਬੰਦੇ ਬੈਠੇ ਗੱਲਾਂ ਕਰ ਰਹੇ ਸਨ ਤੇ ਹਾਲੇ ਠਾਹਰ ਵਾਲਾ ਸਿੰਘ ਘਰੇ ਨਹੀਂ ਸੀ ਆਇਆ।

ਮੈਂ ਸੋਚਿਆ ਕਿ ਐਨੇ ਬੰਦਿਆਂ ਸਾਹਮਣੇ ਹੋਣਾ ਠੀਕ ਨਹੀਂ ਇਸ ਕਰਕੇ ਮੈਂ ਕਾਰਖਾਨੇ ਦੇ ਦਫਤਰ ਵਿੱਚ ਜਾ ਕੇ ਬੈਠ ਗਿਆ। ਦਫਤਰ ਦੇ ਦਰਵਾਜੇ ਤੇ ਤਾਕੀਆਂ ਸ਼ੀਸ਼ੇ ਦੀਆਂ ਸਨ ਤੇ ਅੰਦਰ ਬਾਹਰ ਸਭ ਕੁਝ ਦਿਖਦਾ ਸੀ। ਕੁਝ ਮਿੰਟਾਂ ਬਾਅਦ ਪਰਿਵਾਰ ਦੇ ਬਜੁਰਗ ਆ ਗਏ ਤੇ ਉਹ ਉਥੇ ਪਈਆਂ ਮਸ਼ੀਨਾਂ ਨੂੰ ਦੇਖਣ ਲੱਗ ਪਏ। ਉਹ ਮੈਨੂੰ ਨਹੀਂ ਸੀ ਜਾਣਦੇ ਤੇ ਮੈਂ ਵੀ ਕੁਝ ਨਹੀਂ ਦੱਸਿਆ। ਮੈਂ ਸੋਚਦਾ ਸੀ ਕਿ ਠਾਹਰ ਵਾਲਾ ਸਿੰਘ ਆਉਣ ਵਾਲਾ ਹੀ ਹੋਵੇਗਾ। ਮੈਂ ਉਦੋਂ ਹੀ ਉਸ ਨੂੰ ਮਿਲ ਲਵਾਂਗਾ। ਰਾਤ ਦੇ ਕਰੀਬ ਸਾਢੇ ਅੱਠ ਵਜੇ ਸਨ। ਕੁਝ ਮਿੰਟਾਂ ਬਾਅਦ ਹੀ ਘਰ ਵਿਚ ਕਾਫੀ ਵੱਡੀ ਗਿਣਤੀ ਵਿੱਚ ਸੀਆਰਪੀਐਫ ਵਾਲੇ ਆ ਵੜੇ। ਓਹਨਾਂ ਨਾਲ ਪੰਜਾਬ ਪੁਲਿਸ ਦੇ ਕੁਝ ਬੰਦੇ ਵੀ ਸਨ। ਜਿਆਦਾ ਜਣੇ ਸਿੱਧੇ ਘਰ ਅੰਦਰ ਚਲੇ ਗਏ ਤੇ ਕੁਝ ਬੂਹੇ ਉਤੇ ਖੜ੍ਹੇ ਰਹੇ। ਬਜੁਰਗ ਆਪਣਾ ਕੰਮ ਕਰੀ ਜਾ ਰਿਹਾ ਸੀ ਤੇ ਮੈਂ ਉਥੋਂ ਕੁਝ ਕਾਗਜ ਚੁੱਕ ਕੇ ਉਹਨਾਂ ਨੂੰ ਪੜ੍ਹਨ ਲੱਗ ਪਿਆ। ਮੈਂ ਪੈਂਟ ਕਮੀਜ ਪਾਈ ਹੋਈ ਸੀ ਤੇ ਦਾੜ੍ਹੀ ਬੰਨ੍ਹੀ ਹੋਈ ਸੀ ਤੇ ਨਿਗਾਹ ਦੀਆਂ ਐਨਕਾਂ ਲਾਈਆਂ ਹੋਈਆਂ ਸਨ ਤੇ ਦੇਖਣ ਨੂੰ ਕੋਈ ਕਾਰੋਬਾਰੀ

ਬੰਦਾ ਹੀ ਲੱਗਦਾ ਸੀ। ਦਸ ਕੁ ਮਿੰਟ ਪੁਲਿਸ ਵਾਲੇ ਅੰਦਰ ਰਹੇ ਤੇ ਫੇਰ ਬਾਹਰ ਆ ਗਏ। ਜਿੰਨੇ ਵੀ ਉੱਥੇ ਹੋਰ ਨੌਜਵਾਨ ਤੇ ਬੰਦੇ ਬੈਠੇ ਸੀ ਓਹਨਾਂ ਨੂੰ ਉਹ ਨਾਲ ਲੈ ਗਏ। ਜਾਣ ਲੱਗੇ ਉਹ ਦਫਤਰ ਵਿਚ ਵੀ ਆਏ ਤੇ ਅੰਦਰ ਵੜ ਕੇ ਫਿਰ ਆਪਸ ਵਿੱਚ ਗੱਲ ਕੀਤੀ ਕਿ ਇਹ ਤਾਂ ਕੰਮਕਾਜ ਵਾਲੇ ਬੰਦੇ ਹਨ, ਇਹ ਕਹਿ ਕੇ ਬਾਹਰ ਚਲੇ ਗਏ। ਓਹਨਾਂ ਦਸ ਬਾਰਾਂ ਬੰਦਿਆਂ ਨੂੰ ਗੱਡੀਆਂ ਵਿੱਚ ਬਿਠਾ ਕੇ ਆਪਣੇ ਨਾਲ ਥਾਣੇ ਲੈ ਗਏ ਤੇ ਕਹਿ ਗਏ ਕਿ ਇਨ੍ਹਾਂ ਬੰਦਿਆਂ ਨੂੰ ਕੱਲ੍ਹ ਦੁਪਹਿਰ ਤੋਂ ਬਾਅਦ, ਸ਼ਨਾਖਤ ਕਰਵਾ ਕੇ ਥਾਣੇ ਤੋਂ ਲੈ ਜਾਇਓ। ਮੈਂ ਬੜਾ ਹੈਰਾਨ ਪਰੇਸ਼ਾਨ ਸੀ ਕਿ ਇਹ ਕੀ ਹੋਇਆ? ਓਹਨਾਂ ਦੇ ਜਾਣ ਮਗਰੋਂ ਮੈਂ ਉਥੋਂ ਨਿਕਲ ਗਿਆ ਤੇ ਉਸੇ ਇਲਾਕੇ ਵਿੱਚ ਹੀ ਥੋੜ੍ਹੀ ਦੂਰ ਜਾ ਕੇ ਇਕ ਹੋਰ ਠਾਹਰ ਸੀ, ਉੱਥੇ ਜਾ ਕੇ ਰਾਤ ਕੱਟੀ। ਅਗਲੇ ਦਿਨ ਮੈਨੂੰ ਉਹ ਠਾਹਰ ਵਾਲਾ ਸਿੰਘ ਮਿਲਿਆ ਤੇ ਦੱਸਿਆ ਕਿ ਚੰਗਾ ਬਚਾਅ ਹੋ ਗਿਆ। ਅਸਲ ਵਿਚ ਅਗਲੇ ਦਿਨ ਅਕਾਲੀ ਦਲ ਮਾਨ ਤੇ ਹੋਰ ਜਥੇਬੰਦੀਆਂ ਨੇ ਅੰਮ੍ਰਿਤਸਰ ਵਿਚ ਸਰਕਾਰ ਵਿਰੁੱਧ ਕੋਈ ਮੁਜਾਹਰੇ ਦਾ ਸਮਾਗਮ ਰੱਖਿਆ ਹੋਇਆ ਸੀ। ਇਸ ਕਰ ਕੇ ਓਹਨਾਂ ਦੀ ਜਥੇਬੰਦੀ ਨਾਲ ਸੰਬੰਧਿਤ, ਜਿੰਨੇ ਵੀ ਪ੍ਰਮੁੱਖ ਬੰਦੇ ਸਨ, ਓਹਨਾਂ ਦੇ ਘਰੀਂ ਛਾਪੇ ਮਾਰੇ ਗਏ ਸਨ। ਓਹਨਾਂ ਦੇ ਸਹਿਯੋਗੀਆਂ ਨੂੰ ਪਹਿਲਾਂ ਹੀ ਫੜ ਲਿਆ ਸੀ। ਜੇ ਮੈਂ ਵੀ ਅੰਦਰ ਹੁੰਦਾ ਤਾਂ ਮੈਨੂੰ ਵੀ ਓਹਨਾਂ ਨਾਲ ਜਾਣਾ ਪੈਣਾ ਸੀ। ਮੇਰੇ ਕੋਲ ਪਸਤੌਲ ਸੀ ਤੇ ਕੋਈ ਵੀ ਔਕੜ ਖੜ੍ਹੀ ਹੋ ਸਕਦੀ ਸੀ। ਮੈਂ ਇਸੇ ਕਾਰਨ ਅੰਦਰ ਨਹੀਂ ਗਿਆ ਕਿ ਉੱਥੇ ਕਾਫੀ ਅਣਜਾਣ ਬੰਦੇ ਬੈਠੇ ਹੋਏ ਸਨ ਤੇ ਮੈਂ ਦਫਤਰ ਵਿਚ ਬੈਠ ਗਿਆ। ਦਫਤਰ ਵਿੱਚ ਮੈਂ ਤੇ ਘਰ ਦੇ ਬਜੁਰਗ ਹੀ ਸੀ ਤੇ ਉਹ ਮਸ਼ੀਨਾਂ ਨੂੰ ਠੀਕ ਕਰ ਰਹੇ ਸਨ। ਮੈਂ ਵਿਹਲ ਵਜੋਂ ਹੀ ਕੁਝ ਕਾਗਜ ਚੁੱਕ ਕੇ ਪੜ੍ਹਨ ਲੱਗ ਪਿਆ। ਇਸ ਕਰਕੇ ਪੁਲਿਸ ਵਾਲਿਆਂ ਨੂੰ ਇਹ ਭੁਲੇਖਾ ਪੈ ਗਿਆ ਕਿ ਅਸੀਂ ਕੋਈ ਕੰਮ ਕਾਜ ਵਾਲੇ ਬੰਦੇ ਹਾਂ ਤੇ ਉਹ ਸਾਨੂੰ ਛੱਡ ਗਏ। ਇਸ ਤਰ੍ਹਾਂ ਬਹੁਤ ਵਾਰੀ ਹੋ ਜਾਂਦਾ ਹੈ ਕਿ ਤੁਸੀਂ ਕਿਸੇ ਅਜੀਬੋ ਗਰੀਬ ਤੇ ਅਣਕਿਆਸੀ ਸਥਿਤੀ ਵਿੱਚ ਫਸ ਜਾਂਦੇ ਹੋ, ਇਹੋ ਜਿਹੀ ਸਥਿਤੀ ਵਿੱਚ ਸਭ ਤੋਂ ਅਹਿਮ ਹੁੰਦਾ ਹੈ ਕਿ ਆਪਣੇ ਆਪ ਨੂੰ ਸੰਭਾਲੋ ਤੇ ਸਾਰੇ ਹਾਲਾਤ ਦਾ ਠੰਢੇ ਦਿਮਾਗ ਨਾਲ ਜਾਇਜਾ ਲਓ ਤੇ ਕੋਈ ਵੀ ਕਾਹਲ ਨਾ ਕਰੋ, ਰੱਬ ਤੇ ਭਰੋਸਾ ਰੱਖੋ। ਮੈਂ ਦੇਖਿਆ ਹੈ ਕਿ ਸਬਰ ਤੇ ਸਵੈ ਜਾਬਤਾ ਇਹੋ ਜਿਹੀਆਂ ਬਹੁਤੀਆਂ ਔਖੀਆਂ ਹਾਲਤਾਂ ਵਿੱਚੋਂ ਤੁਹਾਨੂੰ ਬਾਹਰ ਕੱਢ ਲੈਂਦਾ ਹੈ।

ਕੀਰਤਪੁਰ ਸਾਹਿਬ ਦਾ ਪਸ਼ੂ ਹਸਪਤਾਲ

ਗੁਰਪ੍ਰੀਤ ਸਿੰਘ ਵਿਰਕ ਅਤੇ ਡਾ. ਪ੍ਰੀਤਮ ਸਿੰਘ ਸੇਖੋਂ ਦਾ ਇਕ ਦੋਸਤ, ਜੋ ਓਹਨਾਂ ਦਾ ਜਮਾਤੀ ਸੀ, ਉਹ ਕੀਰਤਪੁਰ ਸਾਹਿਬ ਦੇ ਡੰਗਰ ਹਸਪਤਾਲ ਚ ਲੱਗਿਆ ਹੋਇਆ ਸੀ। ਉਸ ਦਾ ਪਿਤਾ ਵੀ ਸਰਕਾਰੀ ਅਫਸਰ ਸੀ ਅਤੇ ਉਹ ਚੰਡੀਗੜ੍ਹ ਵਿੱਚ ਰਹਿੰਦੇ ਸੀ। ਜਦੋਂ ਇਹ ਦੋਵੇਂ ਸੱਜਣ ਰੂਪੋਸ਼ ਹੋ ਗਏ ਤਾਂ ਇਹ ਆਪਣੇ ਦੋਸਤ ਕੋਲ ਗਏ ਤੇ ਉਸ ਨੂੰ ਕਹਿ ਕੇ ਰੋਪੜ ਬੱਸ ਅੱਡੇ ਕੋਲ ਇੱਕ ਕਿਰਾਏ ਦਾ ਘਰ ਲੈ ਲਿਆ। ਉੱਥੇ ਇੱਕ ਸੁਰੱਖਿਅਤ ਠਾਹਰ ਬਣਾ ਲਈ। ਇਕ ਸ਼ਾਮ ਅਸੀਂ ਤਿੰਨੇ ਉਸ ਠਾਹਰ ਤੇ ਇਕੱਠੇ ਹੋਏ ਤੇ ਰਾਤ ਨੂੰ ਰੋਪੜ ਹੀ ਰਹੇ। ਉਹ ਡਾਕਟਰ ਮੈਨੂੰ ਵੀ ਜਾਣਦਾ ਸੀ ਤੇ ਕਾਲਜ ਵਿੱਚ ਮੇਰੇ ਤੋਂ ਤਿੰਨ ਕੁ ਸਾਲ ਪਿਛੇ ਸੀ। ਉਹ ਇੱਕ ਵਧੀਆ ਇਨਸਾਨ ਤੇ ਯਾਰਾਂ ਦਾ ਯਾਰ ਸੀ। ਇਸ ਠਾਹਰ ਬਾਰੇ ਸਿਰਫ ਸਾਨੂੰ ਤਿੰਨਾਂ ਨੂੰ ਹੀ ਪਤਾ ਸੀ ਤੇ ਅਸੀਂ ਇਹ ਫੈਸਲਾ ਕੀਤਾ ਕਿ ਜੇ ਕਦੇ ਰਾਬਤਾ ਟੁੱਟ ਜਾਵੇ ਤਾਂ ਇੱਥੋਂ ਪਤਾ ਕੀਤਾ ਜਾਵੇ। ਓਹਨਾਂ ਦਿਨਾਂ ਵਿੱਚ ਗੁਰਪ੍ਰੀਤ ਸਿੰਘ ਨੇ ਕਲਕੱਤੇ ਠਾਹਰ ਬਣਾਈ ਸੀ ਤੇ ਸੇਖੋਂ ਨੇ ਬੰਗਲੌਰ ਵਿੱਚ ਅੱਡਾ ਕਾਇਮ ਕੀਤਾ ਸੀ। ਇਹ ਸੋਚਿਆ ਸੀ ਕਿ ਪੰਜਾਬ ਤੋਂ ਬਾਹਰ ਦੁਬਾਰਾ ਵੱਡੇ ਪੱਧਰ ਤੇ ਕੰਮ ਕੀਤੇ ਜਾਣ। ਬੰਗਲੌਰ ਵਿੱਚ ਕੁਝ ਵੱਡੇ ਨਿਸ਼ਾਨਿਆਂ ਦੀ ਘੋਖ ਵੀ ਕੀਤੀ ਸੀ। ਇਹ ਦੋਨੋਂ ਤਾਂ ਪੰਜਾਬ ਤੋਂ ਬਾਹਰ ਚਲੇ ਗਏ ਤੇ ਮੈਂ ਉਸ ਡਾਕਟਰ ਨਾਲ ਇੱਕ ਦਿਨ ਕੀਰਤਪੁਰ ਵਿਖੇ ਉਸ ਦੇ ਹਸਪਤਾਲ ਚਲਿਆ ਗਿਆ। ਕੀਰਤਪੁਰ ਸਾਹਿਬ ਵਿਚ ਗੁਰਦੁਆਰਾ ਪਤਾਲਪੁਰੀ ਨੂੰ ਜਾਂਦੇ ਹੋਏ, ਰੇਲਵੇ ਫਾਟਕ ਟੱਪ ਕੇ ਸੱਜੇ ਪਾਸੇ ਸਰਕਾਰੀ ਪਸ਼ੂ ਹਸਪਤਾਲ ਸੀ। ਉਹ ਉਥੋਂ ਦਾ ਮੁਖੀਆ ਸੀ। ਉਹ ਛੋਟਾ ਜਿਹਾ ਹਸਪਤਾਲ ਸੀ, ਜਿਸ ਵਿਚ ਤਿੰਨ ਕੁ ਕਮਰੇ, ਵਰਾਂਡਾ ਤੇ ਇਕ ਅੜਤਲਾ ਸੀ।

ਅਸੀਂ ਹਸਪਤਾਲ ਦੇ ਪਿਛਲੇ ਪਾਸੇ ਛਾਂ ਵਿੱਚ ਬੈਠੇ ਰਹੇ। ਗੁਰਦੁਆਰੇ ਨੂੰ ਜਾਂਦੀ ਸਾਰੀ ਸੰਗਤ ਉਥੋਂ ਦਿਖਦੀ ਸੀ। ਉਦੋਂ ਹਸਪਤਾਲ ਦੇ ਪਿਛਲੇ ਪਾਸੇ ਗੁਰਦੁਆਰੇ ਅਤੇ ਸ਼ਹਿਰ ਵਾਲੇ ਪਾਸੇ ਨੂੰ ਕੋਈ ਵੀ ਉਸਾਰੀ ਨਹੀਂ ਸੀ ਹੋਈ, ਬਸ ਖੁੱਲ੍ਹੇ ਮੈਦਾਨ ਹੀ ਸਨ।

ਤਰਨਤਾਰਨ ਨੂੰ ਮੁੱਖ ਰਸਤਾ ਤਾਂ ਸੜਕ ਰਾਹੀਂ ਅੰਮ੍ਰਿਤਸਰ ਸੀ, ਪਰ ਗੱਡੀਆਂ ਰਾਹੀਂ ਵਿੱਚ ਹੀ ਤਰਨਤਾਰਨ ਤੇ, ਦੱਸਿਆ ਕਿ ਅਫ਼ਸਰ ਖੰਡ ਤਾਂ ਇੱਕ ਗੋਇੰਦਵਾਲ ਵਿੱਚ ਵੱਲ ਗੁਰਦੁਆਰਿਆਂ ਤਕ, ਉਥੋਂ ਸਿਰਫ਼ ਗੱਡੀ ਅੰਦਰ ਨੂੰ ਅੰਮ੍ਰਿਤਸਰ ਨੂੰ, ਉਸ ਨੂੰ ਫੜ ਕੇ ਤੁਸੀਂ ਤਰਨਤਾਰਨ ਦੇ ਪਿੱਛੇ ਇਨ੍ਹਾਂ ਇਲਾਕਾ ਰਾਹੀਂ ਪਹੁੰਚ ਸਕਦੇ ਹੋ। ਇਸ ਪਰੀ ਉਹਨਾਂ ਨੂੰ ਜਾਣੀ ਵੀ ਇਸ ਰਹੀ ਸੀ। ਕਿਉਂਕਿ ਇਲਾਕਾ ਵਿੱਚ ਗੱਡੀ ਝਾੜੀਆਂ ਉਜਾੜੀਆਂ ਹੋਈਆਂ ਸਨ। ਉਸ ਪਾਸੇ ਸਿੰਘ ਦੇ ਬੰਦਾਂ ਨੇ ਗੁਫ਼ਾ ਤਰਨਤਾਰਨ ਵੀ ਘੁੰਮਿਆਂ ਹੋਇਆ ਸੀ। ਵੱਸ ਪਹਿਲੇ ਤੋਂ ਵੀ ਇਸ ਗੱਡੀ ਤੇ ਪਹੀ ਰਾਹੀਂ ਤਰਨਤਾਰਨ ਕੋਈ ੫੦੦-੭੦੦ ਗਜ਼ ਦੂਰ ਸੀ। ਉਸ ਇਸ ਨੇ ਇਨ੍ਹਾਂ ਗੱਲਾਂ ਦੇ ਘੱਟ ਬੋਲਾ, ਬਾਰ ਪੈਂਦੀ ਦੇ ਬਾਹਰ ਆ ਗਿਆ।

ਇਸ ਮਿਲਣੀ ਦਰਮਿਆਨ ਕਈ ਛੋਟੇ-ਛੋਟੇ ਉਹਨਾਂ, ਗੁਰਦੁਆਰਿਆਂ ਦੀ ਗੱਲ ਕਿੱਤਾ। ਜੋ ਉਸ ਦੇ ਪੁੱਛਿਆ ਨਹੀਂ ਸੀ। ਬਾਅਦ ਵਿੱਚ ਇਸ ਦਰਮਿਆਨ ਤਾਰਨ ਹੀ ਜੋ ਫੜੇ ਜਾਣ ਦੇ ਬਾਦ ਕਿਹਾ। ਕੱਲ ਇੱਕ ਹੋਰੀ ਕਿ ਗੁਰਮੀਤ ਸਿੰਘ ਲੁਧਿਆਣੇ ਵਿੱਚ ਫੜਿਆ ਗਿਆ। ਉਸ ਬਾਰੇ ਜਾਣ ਨਾਲ, ਮਹਿੰਦਰ ਸਿੰਘ ਸਿੰਘ ਵੀ ਫੜੇ ਗਏ, ਜਿਨ੍ਹਾਂ ਵਿੱਚੋਂ ਪ੍ਰੋਫੈਸਰ ਰਵਿੰਦਰਪਾਲ ਸਿੰਘ ਗੁਲਾਟੀ, ਜੋਗਿੰਦਰਪੁਰ ਗਾਜ਼ੀਆਬਾਦ, ਪਰਮਜੀਤ ਸਿੰਘ ਜਲਾਲੀ ਤੇ ਜਸਵੀਰ ਸਿੰਘ ਉਹਨਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਅਵਤਾਰ ਸਿੰਘ ਅੰਮ੍ਰਿਤਸਰ, ਗੁਰਬਚਨ ਸਿੰਘ ਜੈਤਪੁਰ, ਗੁਰਮੀਤ ਸਿੰਘ ਢਿੱਲੋਂ ਤੇ ਯੂਨੀਵਰਸਿਟੀ ਯੂਨੀਵਰਸਿਟੀ ਲੁਧਿਆਣਾ ਦੇ ਇਸ ਹੋਰ ਸਿੰਘ ਬਾਰੇ ਕੁਝ ਪਤਾ ਨਹੀਂ ਸੀ ਲੱਗ ਰਿਹਾ। ਇਸ ਤਾਂ ਕੁਝ ਅਖ਼ਬਾਰ ਹੋਇਆ ਤਾਂ ਪਤਾ ਨਹੀਂ ਲੱਗ ਰਿਹਾ ਸੀ ਕਿ ਕਿਵੇਂ ਹੋਇਆ। ਇਸ ਸਮੇਂ ਇੱਥੇ ਕਈ ਖ਼ਬਰੀਆਂ ਬਾਰੇ ਖ਼ਬਰਾਂ ਘਰ ਦੇ ਬਾਹਰੀਆਂ ਸਨ, ਜਲੰਧਰ ਤੇ ਚੰਡੀਗੜ੍ਹ ਵਿੱਚ ਕੁਝ ਸਿੱਖਾਂ ਨੂੰ ਘਰੋਂ ਚੁੱਕ ਲਏ ਗਏ। ਪ੍ਰੀਤਮ ਸਿੰਘ ਮੇਰੇ ਨਾਲ ਕੋਈ ਰਾਬਤਾ ਨਹੀਂ ਸੀ ਕਰ ਰਿਹਾ। ਉਸ ਨਾਲ ਰਾਬਤਾ ਸਿਰਫ਼ ਇਸ ਡਾਕਟਰ ਤੋਂ ਹੀ ਹੋ ਸਕਦਾ ਸੀ। ਜਦੋਂ ਇਸ ਤਰ੍ਹਾਂ ਕੋਈ ਫੜਿਆ ਜਾਂਦਾ ਸੀ ਤਾਂ ਹਾਲਤ ਬੜੀ ਮਾੜੀ ਸੀ ਤੇ ਸਾਡਾ ਅਸੂਲ ਵੀ ਹੁੰਦਾ ਸੀ ਕਿ ਘੱਟ ਤੋਂ ਘੱਟ ਇੱਕ ਕੁ ਹਫ਼ਤੇ ਤਾਂ ਅਸੂਲ ਹੀ ਬਿਲਕੁਲ ਗੁਪਤ ਹੋ ਜਾਵੇ ਕਿਉਂਕਿ ਇੰਨੇ ਕੁ ਸਮੇਂ ਵਿੱਚ ਪੁਲਿਸ ਨੂੰ ਜਿੰਨਾ ਕੁ ਪਤਾ ਲੱਗਣਾ ਹੈ, ਉਸ ਤੇ ਕੰਮ ਕਰ ਲੈਂਦੀ ਸੀ। ਪੁਲਿਸ ਵਾਲੇ ਬਹੁਤਾ ਲੰਮਾ ਉਡੀਕ ਨਹੀਂ ਕਰਦੇ ਸਨ ਤੇ ਛੇਤੀ ਜਾਣਕਾਰੀ ਦੀ ਖ਼ਾਤਰ ਵਿੱਚ ਜਿੱਥੇ-ਜਿੱਥੇ ਪਤਾ ਹੁੰਦਾ ਹੈ ਉੱਥੇ ਛਾਪਾ ਜਾਂ ਹਮਲਾ ਕਰ ਦਿੰਦੇ ਹਨ। ਇਸ ਤਰ੍ਹਾਂ ਸਾਨੂੰ ਅੰਦਾਜ਼ਾ ਲੱਗ ਜਾਂਦਾ ਸੀ ਕਿ ਉਹਨਾਂ ਨੂੰ ਹਾਲਤਾਂ ਅਤੇ ਬੰਦਿਆਂ ਬਾਰੇ ਕਿੰਨਾ ਕੁ ਪਤਾ ਹੈ।

ਇਹਨਾਂ ਸਿੱਖਾਂ ਦੇ ਫੜੇ ਜਾਣ ਤੋਂ ਕੋਈ ਮਹੀਨਾ ਕੁ ਬਾਅਦ ਅਸੀਂ ਜਿੰਮੇਵਾਰ ਸਿੰਘ ਇਕੱਠੇ ਹੋਏ ਤੇ ਹਾਲਾਤ ਦਾ ਜਾਇਜ਼ਾ ਲਿਆ। ਹੋਰ ਸਭ ਕੁਝ ਤਾਂ ਕਾਬੂ ਵਿੱਚ ਸੀ ਪਰ ਮੇਰੇ ਦਾ ਕੁਝ ਪਤਾ ਨਹੀਂ ਸੀ ਲੱਗ ਰਿਹਾ। ਜਲੰਧਰ ਵਾਲੀ ਥਾਂ ਸਿਰਫ਼ ਉਹ ਤੇ

ਉਸ ਦਾ ਇੱਕ ਮਿੱਤਰ ਸੀ ਜਾਣਦੇ ਸੀ। ਉਸ ਨਾਲ ਨਾਮਵਰ ਕਰਨ ਸਾਰੇ ਦੇ ਡਾਕਟਰ ਨੂੰ ਮਿਲਣਾ ਹੁੰਦਾ ਸੀ। ਇਸ ਡਾਕਟਰ ਬਾਰੇ ਗੁਰਪ੍ਰੀਤ ਸਿੰਘ ਵਿਰਕ ਨੂੰ ਪਤਾ ਸੀ ਕਿ ਉਹਨਾਂ ਸਾਡੀ ਇੰਸ ਦੀ ਟਾਸਕ ਬਾਰੇ ਪੁਲਿਸ ਨੂੰ ਕੁਝ ਨਹੀਂ ਦੱਸਿਆ। ਤਫ਼ਤੀਸ਼ ਵਿਚ ਉਸ ਤੋਂ ਮਿਲੇ ਕਾਗਜ਼-ਪੱਤਰਾਂ ਤੋਂ ਉਹਨਾਂ ਨੇ ਸੇਵਾਦਾ ਦੀ ਵੱਡੇ ਵਫ਼ਦਾਂ ਦੇ ਨਾਂ, ਜਿਸ ਵਿੱਚੋਂ ਪੁਲਿਸ ਜਾਂਚ ਇਸ ਡਾਕਟਰ ਤੱਕ ਵੀ ਪਹੁੰਚ ਗਈ। ਡਾਕਟਰ ਦੇ ਪਿਤਾ ਵੱਡੇ ਸਰਕਾਰੀ ਅਹੁਦੇ ਤੇ ਸੀ, ਇਸ ਕਰਕੇ ਉਹਨਾਂ ਦਬਾਅ ਦੇ ਜ਼ਰੀਏ ਅਤੇ ਨਾਲੇ ਪੁਲਿਸ ਨੂੰ ਦੱਸਿਆ ਕਿ ਇਸ ਨਾਲ ਦੇ ਕੁ ਸਾਥੀ, ਪੰਜਾਬ ਦੀ ਸੰਸਥਾ ਵਿਚ ਕਾਲਜ ਦੇ ਜਿਹੜੇ ਖਾੜਕੂ ਕਰਕੇ ਸੀ ਉਹਨਾਂ ਨਾਲ ਮਿਲਦਾ ਹੈ। ਉਸ ਨੂੰ ਸਾਰਾ ਪਤਾ ਕਿ ਇੱਕ ਗੁਰਪ੍ਰੀਤ ਸਿੰਘ ਵਿਰਕ, ਡਾ. ਪ੍ਰੀਤਮ ਸਿੰਘ ਨਾਲ ਮੈਂ ਵੀ ਜਾਂਦਾ ਸੀ।

ਪੁਲਿਸ ਨੇ ਉਸ ਨੂੰ ਬਹੁਤ ਕੁਝ ਨਹੀਂ ਕਿਹਾ ਤੇ ਛੱਡ ਦਿੱਤਾ। ਅਸਲ ਵਿਚ ਇਹ ਇਕ ਚਾਲ ਸੀ। ਪੁਲਿਸ ਨੇ ਉਸ ਦੇ ਘਰ ਅਤੇ ਹਸਪਤਾਲ ਵਿਚ ਪੱਕੇ ਸੂਹੀਏ ਲਾ ਦਿੱਤੇ। ਇਸ ਗੱਲ ਦਾ ਸਾਨੂੰ ਪਤਾ ਨਹੀਂ ਸੀ ਕਿ ਏਨੇ ਸਾਲ ਕੱਠੇ ਰਹਿ ਕੇ ਕੋਈ ਏਨੀ ਕਮਜ਼ੋਰੀ ਹੋ ਗਈ ਹੈ। ਉਹਨਾਂ ਘਰ ਤਾਂ ਮੈਂ ਕਦੇ ਜ਼ਿਆਦਾ ਵਿੱਚ ਨਹੀਂ ਸੀ ਜਾਂਦਾ ਕਿਉਂਕਿ ਉਹਨਾਂ ਦਾ ਪਿਤਾ ਸਰਕਾਰ ਦੇ ਵੱਡੇ ਅਹੁਦੇ ਉੱਤੇ ਸੀ। ਉਥੇ ਮੇਰਾ ਜਾਣਾ ਖ਼ਤਰਨਾਕ ਹੁੰਦਾ ਹੈ। ਇਸ ਵਾਰ ਮੈਂ ਹਸਪਤਾਲ ਵਿਚ ਜਾਣ ਬਾਰੇ ਵੀ ਮੈਂ ਬਹੁਤ ਸੋਚਿਆ ਤੇ ਮੇਰੇ ਮਨ ਨੇ ਵੀ ਕਿਹਾ ਕਿ ਨਹੀਂ ਜਾਣਾ ਚਾਹੀਦਾ। ਇੱਕ ਵਾਰ ਮੈਂ ਇਹ ਖ਼ਿਆਲ ਤਿਆਗ ਦਿੱਤਾ।

ਜਦੋਂ ਕਦੇ ਵੀ ਮੈਨੂੰ ਇਹੋ ਜਿਹੇ ਮੌਕਿਆਂ ਦਾ ਸਾਹਮਣਾ ਕਰਨਾ ਪੈਂਦਾ ਸੀ ਤਾਂ ਮੈਂ ਸਦਾ ਆਪਣੇ ਦਿਲ ਦੀ ਆਵਾਜ਼ ਸੁਣਦਾ ਸੀ ਅਤੇ ਧਿਆਨ ਨਾਲ ਉਹਨਾਂ ਉੱਤੇ ਸੋਚ ਵਿਚਾਰ ਕੇ ਅਮਲ ਕਰਦਾ ਸੀ। ਮੈਂ ਦੇਖਿਆ ਹੈ ਕਿ ਦਿਲ ਦੀ ਆਵਾਜ਼, ਅੰਦਰ ਦੀ ਆਵਾਜ਼ ਜਾਂ ਸੁਰਤ ਸਭ ਤੋਂ ਸਹੀ ਰਾਹ ਵਿਖਾਉਂਦੀ ਹੈ। ਇਸ ਦੇ ਪਿੱਛੇ ਕੋਈ ਵਿਸ਼ੇਸ਼ ਤਰਕ ਤਾਂ ਨਹੀਂ ਹੁੰਦਾ ਪਰ ਇੱਕ ਵੱਡਾ ਤਰਕ ਹੈ ਕਿ ਜੇ ਤੁਸੀਂ ਇਸ ਨੂੰ ਸਹੀ ਤਰੀਕੇ ਨਾਲ ਸੁਣਨਾ ਚਾਹੁੰਦੇ ਹੋ ਤਾਂ ਜਿੱਥੇ ਤਕ ਇਸ ਦੀ ਪਹੁੰਚ ਹੁੰਦੀ ਹੈ ਉੱਥੇ ਆਮ ਤਰਕ ਕੰਮ ਨਹੀਂ ਕਰਦੇ। ਇਹ ਕਿਸੇ ਵੱਡੇ ਤਰਕ ਨਾਲ ਜੁੜੀ ਹੋਈ ਚੀਜ਼ ਹੈ। ਚਿੰਤਾ ਵਿਚ ਪੈਦਾ ਹੋਣ ਵਾਲੇ ਖ਼ਿਆਲਾਂ ਨੂੰ ਅੰਦਰਲੀ ਆਵਾਜ਼ ਨਹੀਂ ਕਹਿੰਦੇ। ਇਹ ਆਵਾਜ਼ ਇਕਾਗਰਤਾ ਨਾਲ ਵੀ ਪੈਦਾ ਹੁੰਦੀ ਹੈ ਪਰ ਹਰ ਕੋਈ ਇਹਨੂੰ ਸੁਣ ਨਹੀਂ ਸਕਦਾ। ਜਿਹੜਾ ਸੁਣਦਾ ਹੈ ਉਹ ਵੀ ਹਰ ਸਮੇਂ ਨਹੀਂ ਸੁਣ ਸਕਦਾ। ਤੁਹਾਡੀ ਰੂਹ, ਮਨ-ਤਨ ਦੀ ਖਾਸ ਅਵਸਥਾ ਵਿੱਚ ਹੀ ਇਸ ਨਾਲ ਸੰਪਰਕ ਹੁੰਦਾ ਹੈ। ਮੈਂ ਅਨੁਭਵ ਕੀਤਾ ਹੈ ਕਿ ਜੰਗ ਦੇ ਹਾਲਾਤ ਵਿਚ ਆਹਮਣੇ-ਸਾਹਮਣੇ ਹਮਲੇ ਦੌਰਾਨ ਜਾਂ ਜਦੋਂ ਮੌਤ ਦਾ ਖਤਰਾ ਸਭ ਪਾਸੇ ਹੋਵੇ ਜਾਂ ਮਨ ਤੇ ਤਨ ਬਹੁਤ ਹੀ ਖੇਤੇ ਦੀ ਅਵਸਥਾ ਵਿੱਚ ਹੋਵੇ, ਉੱਥੇ ਜਾ ਕੇ

ਇਸ ਨਾਲ ਕੋਈ ਸਬੰਧ ਬਣਦਾ ਹੈ। ਇਹੋ ਜਿਹੀ ਹਾਲਤ ਵਿੱਚ ਖਾਸ ਕਰਕੇ ਟਾਕਰੇ ਜਾਂ ਮੌਤ ਦੇ ਸਾਹਮਣੇ ਅਸੀਂ ਆਪਣੀ ਸੋਚ ਸਮਝ ਤੇ ਸਮਰੱਥਾ ਨੂੰ ਤਿਆਗ ਦਿੰਦੇ ਹਾਂ ਤੇ ਆਪਣੇ ਆਪ ਨੂੰ ਗੁਰੂ ਦੇ ਵਸ ਕਰ ਦਿੰਦੇ ਹਾਂ ਜਾਂ ਉਸ ਦੇ ਭਾਣੇ ਵਿਚ ਸਾਰਾ ਕੁਝ ਛੱਡ ਦਿੰਦੇ ਹਾਂ ਤਾਂ ਉਸ ਵਕਤ ਤੁਹਾਨੂੰ ਨਵੀਂ ਜੁਗਤ ਤੇ ਬਲ ਮਿਲਦਾ ਹੈ, ਜਿਸ ਨੂੰ ਪੂਰੀ ਤਰ੍ਹਾਂ ਬਿਆਨ ਨਹੀਂ ਕੀਤਾ ਜਾ ਸਕਦਾ। ਆਪਾ ਸਮਰਪਣ ਨਾਲ ਅਤੇ ਸਭ ਕੁਝ ਉੱਪਰ ਵਾਲੇ ਦੇ ਹੱਥ ਛੱਡਣ ਤੇ ਤੁਹਾਡੀ ਸੁਰਤ ਰਾਹੀਂ ਮਨ ਤੇ ਤਨ ਦੇ ਨਵੇਂ ਰਾਹ ਖੁੱਲ੍ਹਦੇ ਹਨ, ਜਿਨ੍ਹਾਂ ਵਿੱਚ ਬਹੁਤ ਜਿਆਦਾ ਸੰਭਾਵਨਾ ਤੇ ਸਮਰੱਥਾ ਹੁੰਦੀ ਹੈ। ਉਸ ਵਕਤ ਸਭ ਕੁਝ ਇੰਝ ਵਾਪਰਦਾ ਹੈ ਜਿਵੇਂ ਇਹ ਬਹੁਤ ਹੀ ਕੁਦਰਤੀ ਹੈ ਪਰ ਇਹ ਉਹੋ ਜਿਹੇ ਕੰਮ ਤੇ ਕ੍ਰਿਸ਼ਮੇ ਹੁੰਦੇ ਹਨ, ਜਿਹੜੇ ਤੁਹਾਡੇ ਕਾਬੂ ਤੋਂ ਬਾਹਰ ਹੁੰਦੇ ਹਨ। ਜਦੋਂ ਇਹੋ ਜਿਹੀ ਦਸ਼ਾ ਪੂਰੇ ਇਕ ਜਥੇ ਤੇ ਵਾਪਰ ਰਹੀ ਹੋਵੇ ਤਾਂ ਉਸ ਦਾ ਬਲ ਅਤੇ ਪਹੁੰਚ ਬਹੁਤ ਵਧ ਜਾਂਦੀ ਹੈ। ਉਹ ਬਾਹਰ ਦੀ ਸਥਿਤੀ ਨੂੰ ਆਪਣੇ ਵੱਸ ਵਿਚ ਕਰ ਲੈਂਦੇ ਹਨ ਤੇ ਦੁਸ਼ਮਣ ਉੱਤੇ ਭਾਰੂ ਪੈ ਜਾਂਦੇ ਹਨ। ਗੁਰੂ ਪੰਥ ਵੱਲੋਂ ਬਖਸ਼ੀ ਇਹ ਦਾਤ ਸਾਡੀ ਚੜ੍ਹਦੀ ਕਲਾ ਤੇ ਫਤਹਿ ਦਾ ਕਾਰਨ ਬਣਦੀ ਹੈ। ਇਸ ਬਖਸ਼ਿਸ਼ ਬਾਰੇ ਦੁਸ਼ਮਣ ਨੂੰ ਕੁਝ ਵੀ ਸਮਝ ਨਹੀਂ ਪੈਂਦੀ ਤੇ ਉਹ ਹੱਕਾ ਬੱਕਾ ਰਹਿ ਜਾਂਦਾ ਹੈ। ਮੈਂ ਤਾਂ ਸਾਰੇ ਹਮਲਿਆਂ ਜਾਂ ਦੁਸ਼ਮਣ ਦੇ ਘੇਰੇ ਅਤੇ ਮੌਤ ਦੇ ਜਬਾੜ੍ਹੇ ਚੋਂ ਆਪਣੇ ਬਚ ਨਿਕਲਣ ਦਾ ਇਹੀ ਕਾਰਨ ਮੰਨਦਾ ਹਾਂ। ਗੁਰੂ ਪੰਥ ਦੀ ਬਖਸ਼ਿਸ਼ ਤੇ ਪੰਥ ਦੀ ਸਮੁੱਚੀ ਅਰਦਾਸ ਦਾ ਕ੍ਰਿਸ਼ਮਾ ਹੀ ਹੈ, ਜੇ ਕੋਈ ਇਸ ਨੂੰ ਆਪਣੀ ਕਿਸਮਤ ਜਾਂ ਆਪਣੀ ਅਕਲ ਨਾਲ ਜੋੜ ਲਵੇ ਤਾਂ ਇਹ ਭੁੱਲ ਹੀ ਹੈ।

ਤਿੰਨ ਕੁ ਮਹੀਨਿਆਂ ਬਾਅਦ ਮੈਂ ਚੰਡੀਗੜ੍ਹ ਤੋਂ ਨੰਗਲ ਨੂੰ ਬੱਸ ਤੇ ਜਾ ਰਿਹਾ ਸੀ। ਗਰਮੀਆਂ ਦੇ ਦਿਨ ਸਨ। ਮੈਂ ਆਪਣੀ ਸੁਆੜੇ ਵਾਲੀ ਪੱਕੀ ਠਾਹਰ ਤੇ ਜਾ ਰਿਹਾ ਸੀ। ਜਦੋਂ ਬੱਸ ਕੀਰਤਪੁਰ ਦੇ ਅੱਡੇ ਤੇ ਖੜ੍ਹੀ ਤਾਂ ਮੈਂ ਦੇਖਿਆ ਕਿ ਉਹ ਸਾਡਾ ਡਾਕਟਰ ਮਿਤਰ ਬਜਾਰ ਚੋਂ ਕੁਝ ਖਰੀਦ ਕੇ ਸਕੂਟਰ ਤੇ ਆਪਣੇ ਹਸਪਤਾਲ ਵੱਲ ਨੂੰ ਜਾ ਰਿਹਾ ਸੀ। ਦੇਖਦੇ-ਦੇਖਦੇ ਉਹ ਹਸਪਤਾਲ ਦਾ ਮੋੜ ਮੁੜ ਗਿਆ। ਮੈਂ ਬੱਸ ਤੋਂ ਥੱਲੇ ਉਤਰ ਆਇਆ ਤੇ ਮੈਂ ਸੋਚਿਆ ਕਿ ਇਹ ਠੀਕ ਠਾਕ ਫਿਰ ਰਿਹਾ ਹੈ, ਇਸ ਦਾ ਮਤਲਬ ਸਭ ਕੁਝ ਠੀਕ ਠਾਕ ਹੀ ਹੈ ਤੇ ਹੁਣ ਇਹ ਆਪਣੇ ਦਫਤਰ ਵਿੱਚ ਹੈ ਤੇ ਮੈਨੂੰ ਪਿਛਲੇ ਰਸਤੇ ਥਾਣੀ ਜਾ ਕੇ ਇਸ ਨੂੰ ਮਿਲ ਲੈਣਾ ਚਾਹੀਦਾ ਹੈ। ਉਸ ਵਕਤ ਮੈਨੂੰ ਇਹ ਫੈਸਲਾ ਬਿਲਕੁਲ ਠੀਕ ਲੱਗਿਆ ਕਿ ਇਸ ਤਰ੍ਹਾਂ ਡਾ. ਪ੍ਰੀਤਮ ਸਿੰਘ ਸੇਖੋਂ ਸੰਪਰਕ ਵਿੱਚ ਆ ਜਾਵੇਗਾ ਤੇ ਇਸ ਤੋਂ ਹੋਰ ਬਹੁਤ ਕੁਝ ਪਤਾ ਲੱਗ ਜਾਵੇਗਾ। ਮੈਂ ਆਪਣੇ ਪਹਿਲੇ ਕੀਤੇ ਫੈਸਲੇ ਨੂੰ ਭੁੱਲ ਹੀ ਗਿਆ। ਮੈਂ ਅੱਡੇ ਤੋਂ ਉਸ ਗਲੀ ਵਿਚਦੀ ਹੋ ਕੇ ਮੈਦਾਨ ਰਾਹੀਂ ਉਹ ਛੋਟੀ ਜਿਹੀ ਡੰਡੀ ਤੇ ਤੁਰਦਾ ਹਸਪਤਾਲ ਵੱਲ ਨੂੰ ਵਧ ਰਿਹਾ ਸੀ। ਮੈਂ ਬੜਾ ਚੌਕਸ ਵੀ

ਸੀ ਕਿਉਂਕਿ ਉਸ ਡੰਡੀ ਤੇ ਮੇਰੇ ਤੋਂ ਸਿਵਾਏ ਹੋਰ ਕੋਈ ਨਹੀਂ ਸੀ। ਜਦੋਂ ਮੈਂ ਹਸਪਤਾਲ ਤੋਂ ਸੱਤਰ ਕੁ ਮੀਟਰ ਦੀ ਦੂਰੀ ਤੇ ਪਹੁੰਚਿਆ ਤਾਂ ਮੈਨੂੰ ਉੱਚੀ ਦੇਣੀ ਕਿਸੇ ਦੇ ਹਾਸੇ ਤੇ ਝਗੜਨ ਦੀ ਆਵਾਜ ਆਈ। ਹਸਪਤਾਲ ਦੇ ਪਿਛਲੇ ਪਾਸੇ ਕੰਧ ਦੀ ਛਾਂ ਥੱਲੇ ਇੱਕ ਚੁਕਵੇਂ ਮੰਜੇ, ਇਕ ਕੁਰਸੀ ਤੇ ਦੋ ਛੋਟੇ ਬੈਠਣ ਵਾਲੇ ਮੇਜਾਂ ਤੇ ਚਾਰ ਕੁ ਬੰਦੇ ਬਹੁਤ ਖੁੱਭ ਕੇ ਤਾਸ਼ ਦੀ ਬਾਜੀ ਲਾ ਰਹੇ ਸੀ। ਕਿਸੇ ਗੱਲੋਂ ਓਹਨਾਂ ਵਿਚ ਥੋੜ੍ਹਾ ਜਿਹਾ ਰੌਲਾ ਪਿਆ। ਉਹ ਆਪਣੀ ਖੇਡ ਵਿੱਚ ਬਿਲਕੁਲ ਮਗਨ ਸਨ। ਇਕ ਦੇ ਪੱਗ ਬੰਨ੍ਹੀ ਸੀ, ਤਿੰਨ ਮੋਨੇ ਸਨ। ਗਰਮੀ ਕਾਰਨ ਦੋਹਾਂ ਨੇ ਕਮੀਜਾਂ ਲਾਹੀਆਂ ਸਨ ਤੇ ਬਨੈਣਾਂ ਵਿੱਚ ਹੀ ਸਨ।

ਓਹਨਾਂ ਨੂੰ ਦੇਖਦਿਆਂ ਹੀ ਮੈਨੂੰ ਇਕਦਮ ਝਟਕਾ ਲੱਗਿਆ ਤੇ ਮੇਰੇ ਪੈਰ ਜੋ ਉਧਰ ਨੂੰ ਵਧ ਰਹੇ ਸੀ ਉਹ ਰੁਕ ਗਏ। ਮੇਰਾ ਦਿਲ ਬਹੁਤ ਤੇਜ ਹੋ ਗਿਆ। ਮੈਂ ਓਹਨਾਂ ਤੋਂ ਅੱਖ ਨਹੀਂ ਚੁੱਕੀ ਤੇ ਉਸੇ ਤਰ੍ਹਾਂ ਪਿੱਛੇ ਨੂੰ ਮੁੜ ਕੇ ਉਸੇ ਹੀ ਰਫਤਾਰ ਵਿੱਚ ਤੁਰਨ ਲੱਗ ਪਿਆ। ਓਹਨਾਂ ਦੇ ਹਾਸੇ ਤੇ ਓਹਨਾਂ ਦੀਆਂ ਸ਼ਕਲਾਂ ਨੇ ਕੋਈ ਸ਼ੱਕ ਨਹੀਂ ਸੀ ਛੱਡੀ ਕਿ ਉਹ ਕਿਸੇ ਕਾਤਲ ਟੋਲੇ ਦੇ ਕਰਿੰਦੇ ਸਨ। ਉਹ ਹਸਪਤਾਲ ਦੇ ਪਿੱਛੇ ਬੈਠ ਕੇ ਸਮਾਂ ਬਤੀਤ ਕਰ ਰਹੇ ਹਨ। ਉਹ ਕਈ ਮਹੀਨਿਆਂ ਤੋਂ ਇਥੇ ਬੈਠੇ ਹੋਣਗੇ ਅਤੇ ਉਡੀਕ-ਉਡੀਕ ਕੇ ਓਹਨਾਂ ਨੇ ਆਪਣਾ ਵਕਤ ਲੰਘਾਉਣ ਦੇ ਸਾਧਨ ਲੱਭ ਲਏ ਹੋਣਗੇ। ਲੰਮੀ ਉਡੀਕ ਨੇ ਓਹਨਾਂ ਨੂੰ ਢਿੱਲੇ ਕਰਕੇ ਆਪਣੀ ਆਮ ਰੋਜਮਰਾ ਦੀ ਜਿੰਦਗੀ ਵਿਚ ਵਾਪਸ ਲੈ ਆਂਦਾ ਹੋਵੇਗਾ।

ਹਸਪਤਾਲ ਦਾ ਅਸਲ ਰਾਹ ਤਾਂ ਗੁਰਦੁਆਰੇ ਵਾਲੀ ਸੜਕ ਹੀ ਸੀ, ਉਸ ਤੋਂ ਉਹ ਲੁਕ ਕੇ ਬੈਠੇ ਸੀ। ਪਿਛਲੀ ਡੰਡੀ ਤੋਂ ਤਾਂ ਉਹ ਕਿਸੇ ਨੂੰ ਉਡੀਕ ਵੀ ਨਹੀਂ ਸੀ ਰਹੇ। ਓਹਨਾਂ ਨੇ ਡਾਕਟਰ ਨੂੰ ਆਪਣੀ ਆਮ ਜੀਵਨ ਚਾਲ ਵਿੱਚ ਰਹਿਣ ਦਿੱਤਾ ਅਤੇ ਉਸ ਦੀ ਰਿਹਾਇਸ਼ ਅਤੇ ਦਫਤਰ ਉਤੇ ਸਾਨੂੰ ਉਡੀਕਦੇ ਰਹੇ। ਮੈਂ ਜਿਹੜੇ ਕਦਮੀਂ ਆਇਆ ਸੀ ਓਨ੍ਹੀ ਕਦਮੀਂ ਉਸੇ ਰਫਤਾਰ ਨਾਲ ਵਾਪਸ ਚਲਿਆ ਗਿਆ। ਬੱਸ ਅੱਡੇ ਤੇ ਮੈਨੂੰ ਕੋਈ ਚਾਰ ਪੰਜ ਮਿੰਟ ਖੜ੍ਹਨਾ ਪਿਆ ਉਹ ਪਲ ਬਹੁਤ ਹੀ ਲੰਮੇ ਤੇ ਭਾਰੇ ਲੱਗੇ। ਨੰਗਲ ਨੂੰ ਜਾਂਦੀ ਬੱਸ ਰੁਕੀ ਤੇ ਮੈਂ ਉਸ ਤੇ ਚੜ੍ਹ ਗਿਆ ਤੇ ਬੱਸ ਤੁਰਨ ਤੋਂ ਬਾਅਦ ਮੈਨੂੰ ਯਕੀਨ ਹੋਇਆ ਕਿ ਮੈਂ ਹੁਣ ਖਤਰੇ ਤੋਂ ਬਾਹਰ ਹਾਂ।

ਬੱਸ ਵਿਚ ਬੈਠ ਕੇ ਮੈਨੂੰ ਗੁਰਪ੍ਰੀਤ ਸਿੰਘ ਅਤੇ ਉਸ ਦੇ ਦੋਸਤ ਦਾ ਚਿਹਰਾ ਯਾਦ ਆਇਆ। ਫੇਰ ਮੈਨੂੰ ਡਾ. ਪ੍ਰੀਤਮ ਸਿੰਘ ਸੇਖੋਂ ਦਾ ਫਿਕਰ ਲੱਗ ਗਿਆ ਕਿ ਕਿਤੇ ਉਹ ਏਥੇ ਨਾ ਆ ਜਾਵੇ। ਮੈਨੂੰ ਮੇਰਾ ਉਹ ਫੈਸਲਾ ਵੀ ਯਾਦ ਆਇਆ ਜੋ ਮੈਂ ਇੱਥੇ ਨਾ ਜਾਣ ਦਾ ਕੀਤਾ ਸੀ। ਓਹਨਾਂ ਪੁਲਿਸ ਵਾਲਿਆਂ ਦੇ ਉੱਚੇ ਠਹਾਕੇ ਨੇ ਮੈਨੂੰ ਬਚਾ ਲਿਆ, ਜਿਹੜੇ ਮੈਨੂੰ ਫੜਣ/ਮਾਰਨ ਲਈ ਬੈਠੇ ਸਨ। ਜੇ ਕਿਤੇ ਉਹ ਅੰਦਰ ਬੈਠੇ ਹੁੰਦੇ ਤਾਂ ਮੈਂ ਸਿੱਧਾ ਅੰਦਰ ਚਲੇ ਜਾਣਾ ਸੀ। ਫੇਰ ਮੈਂ ਸੋਚਣ ਲੱਗ ਪਿਆ ਕਿ ਮੈਨੂੰ ਕੁਦਰਤ ਨੇ ਇੱਕ

ਵਾਰ ਫੇਰ ਛੱਡ ਦਿੱਤਾ ਤੇ ਜਦੋਂ ਸਾਰੀਆਂ ਘਟਨਾਵਾਂ ਦੀ ਲੜੀ ਨੂੰ ਪਿੱਛੇ ਤਕ ਦੇਖਿਆ ਤਾਂ ਮੈਨੂੰ ਡਾਕਟਰ ਵੱਲੋਂ ਉਸ ਡੰਡੀ ਵਾਲੇ ਰਾਹ ਦੱਸਣ ਦਾ ਮੌਕਾ ਯਾਦ ਆ ਗਿਆ। ਉਦੋਂ ਮੈਂ ਇਸ ਤੇ ਕੋਈ ਧਿਆਨ ਨਹੀਂ ਦਿੱਤਾ ਪਰ ਮੇਰੇ ਜਿਹਨ ਵਿੱਚ ਦਰਜ ਹੋ ਗਿਆ। ਉਸ ਵਕਤ ਡਾਕਟਰ ਨੇ ਇਹ ਗੱਲ ਬਿਨਾਂ ਕਿਸੇ ਵਜ੍ਹਾ ਤੇ ਗੱਲਾਂ ਦੀ ਲੜੀ ਨੂੰ ਤੋੜ ਕੇ ਕੀਤੀ ਸੀ ਤੇ ਮੈਨੂੰ ਹੁਣ ਇੰਝ ਲੱਗਿਆ ਕਿ ਉਸ ਵਕਤ ਕੁਦਰਤ ਨੇ ਬਚਾਅ ਦਾ ਇੱਕ ਨੁਕਤਾ ਦਿੱਤਾ ਸੀ। ਫੇਰ ਮੇਰੇ ਦਿਲ ਨੇ ਉਥੇ ਜਾਣ ਤੋਂ ਰੋਕਿਆ ਤਾਂ ਮੈਂ ਰੁਕ ਗਿਆ ਪਰ ਡਾਕਟਰ ਨੂੰ ਦੇਖ ਕੇ ਮੈਂ ਫਿਰ ਆਪਣੇ ਮਨ ਪਿੱਛੇ ਲੱਗ ਕੇ ਓਧਰ ਨੂੰ ਚਲਿਆ ਗਿਆ ਪਰ ਜਿਹੜੀ ਡੰਡੀ ਦਾ ਰਸਤਾ ਉਸ ਨੇ ਦੱਸਿਆ ਸੀ, ਉਹਨੂੰ ਲੱਭ ਕੇ ਤੁਰਿਆ। ਉਹ ਡੰਡੀ ਜਾਣਨ ਕਾਰਨ ਹੀ ਮੈਂ ਮੌਤ ਦੇ ਮੂੰਹ ਚੋਂ ਨਿਕਲ ਸਕਿਆ। ਜਦੋਂ ਘਟਨਾਵਾਂ ਨੂੰ ਇਸ ਤਰ੍ਹਾਂ ਦੇਖੋ ਤਾਂ ਤੁਹਾਨੂੰ ਲੱਗਦਾ ਹੈ ਕਿ ਇਹ ਸਾਰੀਆਂ ਘਟਨਾਵਾਂ ਇੱਕ ਮਿੱਥੇ ਹੋਏ ਵੱਡੇ ਚੱਕਰ ਵਿਚ ਗਰਾਰੀਆਂ ਵਾਂਗ ਆਪਣੀ ਚਾਲ ਅਨੁਸਾਰ ਹੀ ਚੱਲਦੀਆਂ ਹਨ ਤੇ ਇਹ ਗੱਲ ਬਿਲਕੁਲ ਕੁਦਰਤੀ ਹੈ ਕਿ ਜਿਵੇਂ ਹੋਣਾ ਹੁੰਦਾ ਹੈ ਉਸੇ ਤਰ੍ਹਾਂ ਹੀ ਹੁੰਦਾ ਹੈ।

ਜਦੋਂ ਮੈਂ ੧੯੯੬ ਵਿੱਚ ਫੜਿਆ ਗਿਆ ਤਾਂ ਲੁਧਿਆਣਾ ਪੁਲਿਸ ਦੇ ਰਿਮਾਂਡ ਵਿੱਚ ਸੀ। ਇੱਕ ਰਾਤ ਨੂੰ ਪੁਲਿਸ ਇੰਸਪੈਕਟਰ ਗੁਰਮੀਤ ਪਿੰਕੀ ਨੇ ਕਿਹਾ ਕਿ ਅਸੀਂ ਵੀ ਤੁਹਾਡੇ ਲਈ ਬਹੁਤ ਘਾਲਣਾ ਘਾਲੀ ਹੈ। ਕਈ ਥਾਵਾਂ ਤੇ ਮਹੀਨਿਆਂ ਬੱਧੀ ਉੱਲੂਆਂ ਵਾਂਗ ਬੈਠੇ ਰਹੇ। ਫਿਰ ਯਾਦ ਕਰਕੇ ਕਹਿਣ ਲੱਗਾ ਉਹ ਤੁਹਾਡਾ ਇਕ ਜਿਹੜਾ ਚੰਡੀਗੜ੍ਹ ਵਾਲਾ ਡਾਕਟਰ ਦੋਸਤ ਸੀ, ਜੋ ਕੀਰਤਪੁਰ ਸਾਹਿਬ ਲੱਗਿਆ ਹੋਇਆ। ਉਸ ਦੇ ਹਸਪਤਾਲ ਵਿਚ ਸਾਡੀ ਟੋਲੀ ਛੇ ਮਹੀਨੇ ਬੈਠੀ ਰਹੀ। ਮੈਂ ਅਫਸਰਾਂ ਨੂੰ ਕਿਹਾ ਕਿ ਇੱਥੇ ਕਿਸੇ ਨੇ ਨਹੀਂ ਆਉਣਾ ਪਰ ਓਹਨਾਂ ਨੇ ਕਿਹਾ ਤੁਸੀਂ ਉਡੀਕੋ। ਮੇਰੇ ਦਿਲ ਨੂੰ ਬੜਾ ਅਚੰਭਾ ਲੱਗਿਆ ਤੇ ਨਾਲੇ ਖੁਸ਼ੀ ਵੀ ਹੋਈ ਕਿ ਪਰਮਾਤਮਾ ਨੇ ਕਿਵੇਂ ਬਚਾ ਲਿਆ। ਮੈਂ ਓਹਨਾਂ ਨੂੰ ਆਪਣੇ ਉੱਥੇ ਜਾਣ ਬਾਰੇ ਕੁਝ ਨਹੀਂ ਦੱਸਿਆ ਪਰ ਮਨੋ ਮਨ ਸੋਚਿਆ ਕਿ ਓਹਨਾਂ ਦੇ ਅਫਸਰ ਠੀਕ ਹੀ ਸੋਚਦੇ ਸਨ।

ਪੀਰਕੋਟੀਆਂ ਦੀ ਕੋਠੀ ਵਿਚ

ਇਹ ਗੱਲ ਸੰਨ ੧੯੮੬ ਦੀ ਹੈ ਹਾਲੇ ਵੈਦਿਆ ਵਾਲਾ ਕੰਮ ਨਹੀਂ ਸੀ ਹੋਇਆ ਤੇ ਹਰਜਿੰਦਰ ਸਿੰਘ ਜਿੰਦੇ ਦੇ ਫੜੇ ਜਾਣ ਨਾਲ ਸਾਡਾ ਦਿੱਲੀ ਵਿਚੋਂ ਇਕ ਵਾਰ ਅੱਡਾ ਪੱਟਿਆ ਗਿਆ। ਉਦੇਪੁਰ ਵਾਲੀ ਘਟਨਾ ਤੋਂ ਬਾਅਦ ਇੱਕ ਵਾਰ ਬੰਬਈ ਤੋਂ ਵੀ ਅੱਡਾ ਪੱਟਿਆ ਗਿਆ ਸੀ। ਇਸ ਵਕਤ ਸਾਡਾ ਮੁੱਖ ਕੇਂਦਰ ਚੰਡੀਗੜ੍ਹ, ਜਲੰਧਰ, ਅੰਮ੍ਰਿਤਸਰ ਤੇ ਪੂਨਾ ਸੀ। ਸੁਖਵਿੰਦਰ ਸਿੰਘ ਛਿੰਦੂ ਥੋੜ੍ਹਾ ਠੀਕ ਹੋ ਕੇ ਪੰਜਾਬ ਆ ਗਿਆ ਸੀ ਤੇ ਅੰਮ੍ਰਿਤਸਰ ਦੇ ਕਿਸੇ ਹਸਪਤਾਲ ਵਿੱਚ ਜੇਰੇ ਇਲਾਜ ਸੀ। ਰਣਜੀਤ ਸਿੰਘ ਕੁੱਕੀ ਤੇ ਸੁਖਵਿੰਦਰ ਸਿੰਘ ਸੁੱਖੀ ਹੁਣ ਤਕ ਅਮਰੀਕਾ ਚਲੇ ਗਏ ਸੀ।

ਪੂਨੇ ਵਿਚ ਸਾਡੇ ਕੋਲ ਫੌਜੀ ਇਲਾਕੇ ਵਿੱਚ ਇਕ ਮੇਜਰ ਦਾ ਮਕਾਨ ਕਿਰਾਏ ਤੇ ਲਿਆ ਹੋਇਆ ਸੀ। ਉੱਥੇ ਇੱਕ ੩੦ ਦਾ ਮਾਊਜਰ ਤੇ ਇੱਕ ੩੮ ਦਾ ਰਿਵਾਲਵਰ ਪਿਆ ਸੀ। ਉੱਥੇ ਅਸੀਂ ਦੱਸਿਆ ਸੀ ਕਿ ਅਸੀਂ ਦਿੱਲੀ ਤੋਂ ਹਾਂ ਤੇ ਸਾਡਾ ਬਾਹਰ ਸਮਾਨ ਭੇਜਣ, ਮੰਗਾਉਣ ਦਾ ਕਾਰੋਬਾਰ ਹੈ ਤੇ ਅਸੀਂ ਤਿੰਨ ਮਹੀਨੇ ਬਾਅਦ ਕਿਰਾਇਆ ਦਿੰਦੇ ਸੀ। ਅੰਮ੍ਰਿਤਸਰ ਹਸਪਤਾਲ ਚ ਮੈਂ ਅਤੇ ਚਾਚਾ ਮਥਰਾ ਸਿੰਘ ਸੁਖਵਿੰਦਰ ਸਿੰਘ ਛਿੰਦੂ ਦਾ ਪਤਾ ਲੈਣ ਸਮੇਂ ਇਕੱਠੇ ਹੋਏ ਤੇ ਫੈਸਲਾ ਹੋਇਆ ਕਿ ਪੂਨੇ ਵਾਲਾ ਮਕਾਨ ਬਹੁਤ ਜਰੂਰੀ ਹੈ ਕਿਉਂਕਿ ਉੱਥੇ ਸਾਡੀ ਵੈਦਿਆ ਦੀ ਸਾਰੀ ਘੋਖ ਕੀਤੀ ਹੋਈ ਸੀ। ਕਈ ਮਹੀਨਿਆਂ ਤੋਂ ਉਹ ਬੰਦ ਪਿਆ ਸੀ। ਉਹ ਇੱਕ ਅਮੀਰ ਇਲਾਕਾ ਸੀ, ਉੱਥੇ ਕੋਈ ਇੱਕ ਦੂਜੇ ਬਾਰੇ ਬਹੁਤੀ ਪੁੱਛਗਿੱਛ ਨਹੀਂ ਸੀ ਕਰਦਾ ਪਰ ਫੇਰ ਵੀ ਸਾਨੂੰ ਇੱਕ ਵਾਰ ਕੁਝ ਸਮਾਂ ਰਹਿ ਕੇ ਦੇਣਦਾਰੀਆਂ ਤੇ ਖਰਚੇ ਉਤਾਰਣੇ ਚਾਹੀਦੇ ਹਨ ਤਾਂ ਕਿ ਅੱਗੇ ਨੂੰ ਕੋਈ ਮੁਸ਼ਕਲ ਨਾ ਆਵੇ। ਮੈਂ ਜੇਹਲਮ ਐਕਸਪ੍ਰੈਸ ਗੱਡੀ ਫੜੀ ਤੇ ਕੋਈ ਛੱਤੀ ਕੁ ਘੰਟਿਆਂ ਬਾਅਦ ਉਥੇ ਪਹੁੰਚ ਗਿਆ। ਉੱਥੇ ਜਾ ਕੇ ਮਕਾਨ ਦੀ ਸਫਾਈ ਕਰਾਈ, ਕਿਰਾਇਆ ਦਿੱਤਾ, ਪਾਣੀ ਤੇ ਬਿਜਲੀ ਦਾ ਬਕਾਇਆ ਦਿੱਤਾ ਤੇ ਚਾਰ ਕੁ ਦਿਨ ਉਥੇ ਰਿਹਾ। ਮੈਂ ਸਵੇਰੇ ਮੋਟਰ ਸਾਈਕਲ ਤੇ ਨਿਕਲ ਜਾਂਦਾ ਤੇ ਹਨ੍ਹੇਰੇ ਹੋਏ

ਰੋਟੀ ਖਾ ਕੇ ਹੀ ਮੁੜਦਾ। ਉਹ ਬੜਾ ਸੋਹਣਾ ਤੇ ਵਧੀਆ ਸ਼ਹਿਰ ਹੈ। ਦਿਨੇ ਕੋਈ ਸੂਹ ਕੱਢਦੇ ਰਹਿਣਾ, ਕਿਸੇ ਲਾਇਬਰੇਰੀ ਚਲੇ ਜਾਣਾ ਜਾਂ ਕੋਈ ਹੋਰ ਕੰਮ ਫੜ ਲੈਣਾ। ਇਕ ਦਿਨ ਸਾਹਮਣੇ ਵਾਲੇ ਘਰ ਚੋਂ ਇਕ ਬੀਬੀ ਆ ਗਈ ਤੇ ਉਸ ਦੇ ਮਕਾਨ ਵਿਚ ਪਾਣੀ ਦੀ ਦਿੱਕਤ ਆ ਗਈ ਸੀ। ਉਹ ਮੈਨੂੰ ਬਾਹਰ ਖੜ੍ਹੇ ਨੂੰ ਦੇਖ ਕੇ ਪੁੱਛਣ ਲੱਗ ਪਈ, ਮੈਂ ਉਸ ਨੂੰ ਦੱਸ ਦਿੱਤਾ ਕਿ ਕਿੱਥੇ ਇਹ ਬੰਦਾ ਮਿਲ ਸਕਦਾ ਹੈ? ਫੇਰ ਉਸ ਨੇ ਪੁੱਛਿਆ ਕਿ ਤੁਸੀਂ ਬਹੁਤ ਘੱਟ ਇੱਥੇ ਆਉਂਦੇ ਹੋ। ਮੈਂ ਕਿਹਾ ਜੀ ਸਾਡਾ ਇਸ ਵਾਰ ਜਿਆਦਾ ਵਕਤ ਦਿੱਲੀ ਹੀ ਲੱਗ ਗਿਆ। ਇਹ ਗੱਲਾਂ ਮੈਂ ਇਸ ਕਰਕੇ ਲਿਖ ਰਿਹਾ ਹਾਂ ਕਿ ਇਹ ਛੋਟੀਆਂ-ਛੋਟੀਆਂ ਗੱਲਾਂ ਬਹੁਤ ਧਿਆਨ ਯੋਗ ਹੁੰਦੀਆਂ ਹਨ। ਰੂਪੋਸ਼ ਜਿੰਦਗੀ ਵਿਚ ਟਿਕਾਣਿਆਂ ਨੂੰ ਬਣਾਈ ਰੱਖਣ ਤੇ ਪਛਾਣ ਨੂੰ ਛੁਪਾਉਣ ਲਈ ਬਹੁਤ ਕੁਝ ਇਹੋ ਜਿਹਾ ਕਰਨਾ ਪੈਂਦਾ ਹੈ। ਕਿਤੇ ਛੋਟੀ ਜਿਹੀ ਭੁੱਲ ਹੀ ਸਾਰੀ ਖੇਡ ਵਿਗਾੜ ਸਕਦੀ ਹੈ।

ਲੋਕਾਂ ਨੂੰ ਵੈਦਿਆ ਦਾ ਸੋਧਾ ਤਾਂ ਸਦਾ ਹੀ ਯਾਦ ਰਹੇਗਾ ਪਰ ਉਹ ਕੰਮ ਨੂੰ ਸਿਰੇ ਤੱਕ ਲਿਜਾਣ ਲਈ ਇਹੋ ਜਿਹੀਆਂ ਛੋਟੀਆਂ-ਛੋਟੀਆਂ ਗੱਲਾਂ ਸਭ ਭੁੱਲ ਜਾਣਗੀਆਂ ਕਿ ਕੋਈ ਡੇਢ ਕੁ ਸਾਲ ਅਸੀਂ ਇੱਥੇ ਕਿਸ ਤਰ੍ਹਾਂ ਵਿਚਰਦੇ ਰਹੇ। ਮੈਂ ਫੇਰ ਉਥੋਂ ਜੇਹਲਮ ਐਕਸਪ੍ਰੈਸ ਗੱਡੀ ਫੜੀ ਤੇ ਅੰਬਾਲੇ ਆ ਕੇ ਉਤਰਿਆ। ਸਵੇਰ ੯ ਕੁ ਵਜੇ ਦਾ ਸਮਾਂ ਹੋਵੇਗਾ। ਬਸ ਫੜ ਕੇ ਮੈਂ ਚੰਡੀਗੜ੍ਹ ਆ ਗਿਆ। ਸੈਕਟਰ ੧੮-ਡੀ ਵਿਚ ਸਰਦਾਰ ਯਾਦਵਿੰਦਰ ਸਿੰਘ ਦੇ ਘਰ ਪਹੁੰਚ ਗਿਆ। ਇਸ ਕੋਠੀ ਵਿੱਚ ਸਿਰਫ ਯਾਦਵਿੰਦਰ ਸਿੰਘ ਹੀ ਰਹਿੰਦਾ ਸੀ ਤੇ ਕਦੇ-ਕਦੇ ਉਸ ਦੇ ਮਾਤਾ ਜੀ ਆਉਂਦੇ ਸਨ। ਅਮੀਰ ਪਰਿਵਾਰ ਹੋਣ ਕਰਕੇ ਉਸ ਦਾ ਚੰਡੀਗੜ੍ਹ ਵਿਚ ਦੋਸਤਾਂ ਮਿੱਤਰਾਂ ਦਾ ਕਾਫੀ ਵੱਡਾ ਦਾਇਰਾ ਸੀ। ਇਹ ਘਰ ਸਾਡੇ ਸਾਰੇ ਜਥੇ ਦੀ ਹੀ ਪੱਕੀ ਠਾਹਰ ਸੀ ਜਿਸ ਬਾਰੇ ਕਿਸੇ ਹੋਰ ਨੂੰ ਪਤਾ ਨਹੀਂ ਸੀ। ਆਮ ਤੌਰ ਤੇ ਅਸੀਂ ਇੱਥੇ ਹੀ ਇਕੱਠੇ ਹੁੰਦੇ ਸਾਂ। ਹਰਜਿੰਦਰ ਸਿੰਘ ਜਿੰਦਾ ਗੁਜਰਾਤ ਜੇਲ੍ਹ ਵਿੱਚ ਸੀ। ਉਸ ਨੂੰ ਵੀ ਇਸ ਟਿਕਾਣੇ ਦਾ ਪਤਾ ਸੀ।

ਯਾਦਵਿੰਦਰ ਸਿੰਘ ਦੇ ਦੋਸਤਾਂ ਵਿੱਚ ਉਸ ਵਕਤ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲੇ ਦਾ ਮੁੰਡਾ ਤੇ ਕਈ ਹੋਰ ਸਿਆਸਤਦਾਨਾਂ ਅਤੇ ਅਮੀਰਾਂ ਦੇ ਕਾਕੇ, ਆਈਏਐਸ ਅਫਸਰਾਂ ਅਤੇ ਹੋਰ ਵੱਡੇ ਲੋਕਾਂ ਦਾ ਵੀ ਇੱਥੇ ਆਉਣਾ ਜਾਣਾ ਸੀ। ਉੱਥੇ ਕਿਸੇ ਨੂੰ ਕੋਈ ਸ਼ੱਕ ਨਹੀਂ ਸੀ। ਸਾਡੇ ਬਾਰੇ ਕਿਸੇ ਨੂੰ ਕੁਝ ਪਤਾ ਨਹੀਂ ਸੀ। ਓਹਨਾਂ ਨੂੰ ਇੰਨੀ ਕੁ ਹੀ ਜਾਣਕਾਰੀ ਸੀ ਕਿ ਇਹ ਯਾਦਵਿੰਦਰ ਸਿੰਘ ਦੇ ਜਾਟ ਅਤੇ ਬਿਸ਼ਨੋਈ ਦੋਸਤ ਹਨ। ਉਸ ਦਿਨ ਜਦੋਂ ਮੈਂ ਘਰ ਪਹੁੰਚਿਆ ਤਾਂ ਨੌਕਰ ਦੇ ਸਿਵਾਏ ਉੱਥੇ ਕੋਈ ਵੀ ਨਹੀਂ ਸੀ। ਇਹ ਬਹੁਤ ਗਰਮੀਆਂ ਦੇ ਦਿਨ ਸਨ ਤੇ ਬਾਹਰ ਲੂ ਵਗਦੀ ਸੀ। ਮੈਂ ਸਫਰ ਦਾ ਥੱਕਿਆ ਟੁੱਟਿਆ ਤੇ ਭੁੱਖਾ ਸੀ। ਨੇਪਾਲੀ ਨੌਕਰ, ਜੋ ਮੈਨੂੰ ਚੰਗੀ ਤਰ੍ਹਾਂ

ਜਾਣਦਾ ਸੀ। ਉਸ ਨੇ ਦੱਸਿਆ ਕਿ ਯਾਦਵਿੰਦਰ ਸਿੰਘ ਤਾਂ ਆਪਣੇ ਦੋਸਤਾਂ ਨਾਲ ਕਿਤੇ ਗਿਆ ਹੈ, ਸ਼ਾਮ ਨੂੰ ਆਵੇਗਾ।

ਉਸ ਨੇ ਮੈਨੂੰ ਛੇਤੀ-ਛੇਤੀ ਦੋ ਪਰੌਂਠੇ ਅੰਬ ਦੇ ਅਚਾਰ ਨਾਲ ਬਣਾ ਦਿੱਤੇ ਅਤੇ ਨਾਲ ਲੱਸੀ ਬਣਾ ਦਿੱਤੀ। ਮੈਂ ਖਾ ਕੇ ਅੰਦਰਲੇ ਕਮਰੇ ਵਿੱਚ ਪਰਦੇ ਕਰਕੇ ਪੈ ਗਿਆ। ਛੇਤੀ ਹੀ ਗੂੜ੍ਹੀ ਨੀਂਦ ਆ ਗਈ। ਮੈਂ ਬਨੈਣ ਅਤੇ ਪਜਾਮੇ ਵਿੱਚ ਸੌਂ ਗਿਆ (ਮੈਂ ਕਦੀ ਵੀ ਕਿਤੇ ਵੀ ਕਛਹਿਰੇ ਜਾਂ ਕੱਛੇ ਵਿੱਚ ਨਹੀਂ ਵਿਚਰਿਆ, ਇਹ ਮੇਰੀ ਸ਼ੁਰੂ ਤੋਂ ਹੀ ਆਦਤ ਹੈ)। ਇਹ ਕਾਫੀ ਵੱਡੀ ਕੋਠੀ ਹੈ ਤੇ ਵਧੀਆ ਤਰੀਕੇ ਨਾਲ ਬਣੀ ਹੋਈ ਹੈ। ਇਸ ਦੇ ਬਹੁਤੇ ਦਰਵਾਜੇ ਤੇ ਬਾਰੀਆਂ ਸ਼ੀਸ਼ਿਆਂ ਦੀਆਂ ਹਨ ਤੇ ਵੱਡੇ-ਵੱਡੇ ਪਰਦੇ ਲੱਗੇ ਹੁੰਦੇ ਸੀ। ਅਗਲੇ ਪਾਸੇ ਸਦਾ ਹੀ ਪਰਦੇ ਤਣੇ ਹੁੰਦੇ ਸੀ, ਨਹੀਂ ਤਾਂ ਅੰਦਰ ਦਿਖਦਾ ਰਹਿੰਦਾ ਸੀ। ਇੱਕ ਵੱਡਾ ਦਰਵਾਜਾ ਅੱਗੇ ਹੈ ਤੇ ਸਾਰੀਆਂ ਕੋਠੀਆਂ ਵਾਂਗ ਇੱਕ ਛੋਟਾ ਬਾਰ ਪਿਛਲੇ ਵਿਹੜੇ ਵਿੱਚੋਂ ਗਲੀ ਵਿੱਚ ਖੁੱਲ੍ਹਦਾ ਸੀ।

ਗਿਆਰ੍ਹਾਂ ਕੁ ਵਜੇ ਸੁੱਤਾ ਹੋਵਾਂਗਾ। ਇੱਕ ਕੁ ਵਜੇ ਦੇ ਨੇੜੇ ਮੈਨੂੰ ਇੰਝ ਲੱਗਿਆ ਕਿ ਕਿਸੇ ਨੇ ਮੈਨੂੰ ਜੋਰ ਦੀ ਮੋਢੇ ਤੋਂ ਫੜ ਕੇ ਉਠਾਇਆ ਹੋਵੇ, ਮੈਂ ਤ੍ਰਭਕ ਕੇ ਨੰਗੇ ਪੈਰੀਂ ਹੀ ਉੱਠਿਆ। ਗੂੜ੍ਹੀ ਨੀਂਦ ਕਾਰਨ ਮੇਰੀਆਂ ਅੱਖਾਂ ਮਸੀਂ ਖੁੱਲ੍ਹ ਰਹੀਆਂ ਸਨ। ਮੈਂ ਵਿਚਕਾਰਲੇ ਵਰਾਂਡੇ ਵਿੱਚ ਆਇਆ ਤੇ ਉਹਦੇ ਬੂਹੇ ਵੱਲ ਮਹਿਮਾਨ ਖਾਨੇ ਵਿਚ ਦੀ ਮੇਰੀ ਨਿਗਾਹ ਆਪਣੇ ਆਪ ਬਾਹਰ ਨੂੰ ਖਿੱਚੀ ਚਲੀ ਗਈ। ਜੋ ਮੈਂ ਦੇਖਿਆ, ਉਸ ਨੇ ਮੇਰੀਆਂ ਅੱਖਾਂ ਪੂਰੀਆਂ ਖੋਲ੍ਹ ਦਿੱਤੀਆਂ ਤੇ ਮੈਂ ਪੂਰੀ ਤਰ੍ਹਾਂ ਫੁਰਤੀ ਵਿੱਚ ਆ ਗਿਆ। ਇਸ ਦਾ ਮਤਲਬ ਹੈ ਕਿ ਹੁਣ ਮਰੋ ਮਾਰੋ ਜਾਂ ਬਚ ਨਿਕਲੋ।

ਸਾਹਮਣੇ ਸ਼ੀਸ਼ੇ ਦੀ ਵੱਡੀ ਕੰਧ ਅਤੇ ਪਰਦੇ ਚੋਂ ਕੋਈ ਫੁੱਟ ਕੁ ਦਾ ਸੰਨ੍ਹ ਰਹਿ ਗਿਆ ਸੀ। ਬਾਹਰੋਂ ਅੰਦਰ ਕੁਝ ਨਹੀਂ ਸੀ ਦਿਸਦਾ। ਇਹ ਪਰਦੇ ਅਸੀਂ ਸਦਾ ਪੂਰੀ ਤਰ੍ਹਾਂ ਤਾਣ ਕੇ ਰੱਖੀਦੇ ਸੀ, ਇਹ ਸੰਨ੍ਹ ਪਤਾ ਨਹੀਂ ਕਿਵੇਂ ਰਹਿ ਗਿਆ। ਇਸੇ ਸੰਨ੍ਹ ਵਿਚੋਂ ਮੈਂ ਦੇਖਿਆ ਕਿ ਬਾਹਰ ਚੰਡੀਗੜ੍ਹ ਪੁਲਿਸ ਦੀਆਂ ਦੋ ਜਿਪਸੀਆਂ ਹਾਲੇ ਖੜ੍ਹੀਆਂ ਹੀ ਹਨ। ਓਹਨਾਂ ਵਿਚੋਂ ਇਕ ਘੋਨਾ ਇੰਸਪੈਕਟਰ ਕੋਠੀ ਦਾ ਬਾਹਰਲਾ ਦਰਵਾਜਾ ਖੋਲ੍ਹ ਰਿਹਾ ਸੀ ਅਤੇ ਉਸ ਦੇ ਪਿੱਛੇ ਹੋਰ ਪੁਲਿਸ ਵੀ ਅੰਦਰ ਆ ਰਹੀ ਸੀ। ਹੁਣ ਜੋ ਕੁਝ ਹੋਇਆ ਉਹ ਆਪੇ ਹੀ ਹੋ ਗਿਆ। ਮੈਂ ਬਹੁਤ ਤੇਜੀ ਨਾਲ ਪੱਖਾ ਬੰਦ ਕੀਤਾ ਤੇ ਬਿਨਾ ਕੋਈ ਆਵਾਜ ਕੀਤੇ ਕੋਠੀ ਚੋਂ ਪਿਛਲੇ ਪਾਸੇ ਨਿਕਲ ਗਿਆ ਤੇ ਬਹੁਤ ਤੇਜੀ ਨਾਲ ਕਦਮ ਪੁੱਟਦਿਆਂ ਘਰ ਦੇ ਪਿਛਲੇ ਦਰਵਾਜੇ ਨੂੰ ਖੋਲ੍ਹਿਆ ਤੇ ਫਿਰ ਉਸ ਨੂੰ ਬਾਹਰੋਂ ਬੰਦ ਕਰ ਦਿੱਤਾ। ਮੈਂ ਤੇਜੀ ਨਾਲ ਉਸ ਗਲੀ ਵਿੱਚੋਂ ਤੁਰਦਾ ਹੋਇਆ ਸੌ ਕੁ ਮੀਟਰ ਦੀ ਦੂਰੀ ਤੇ ਇੱਕ ਛੋਟੀ ਸੜਕ ਤੇ ਨਿਕਲ ਗਿਆ।

ਸਿਖਰ ਦੁਪਹਿਰੇ ਲੂ ਚੱਲ ਰਹੀ ਸੀ, ਇਸ ਕਰਕੇ ਸੜਕਾਂ ਤੇ ਬਹੁਤ ਘੱਟ

[illegible]

[illegible]

[illegible]

[illegible]

ਚੰਡੀਗੜ੍ਹ ਦੀ ਕੋਠੀ ਦੁਆਲੇ ਘਾਤ

ਇਹ ਗੱਲ ਸੰਨ ੧੯੮੯ ਵਿਚ ਚੰਡੀਗੜ੍ਹ ਸੈਕਟਰ ੨੮ ਦੇ ਇਕ ਟਿਕਾਣੇ ਨਾਲ ਸਬੰਧਤ ਹੈ। ਅਵਤਾਰ ਸਿੰਘ ਹੋਰਾਂ ਨਾਲ ਚੰਡੀਗੜ੍ਹ ਦੇ ਰਹਿਣ ਵਾਲਾ ਇਕ ਨੌਜਵਾਨ ਵਿਦਿਆਰਥੀ ਜੁੜਿਆ ਹੋਇਆ ਸੀ, ਜਿਸ ਦਾ ਨਾਂ ਸ਼ਾਇਦ ਪਰਦੀਪ ਸਿੰਘ ਸੀ। ਉਸ ਨੇ ਸਿੰਘਾਂ ਦੇ ਲਈ ਸੈਕਟਰ ਅਠਾਈ ਵਿੱਚ ਇੱਕ ਉੱਪਰਲੀ ਮੰਜਿਲ ਵਾਲਾ ਹਿੱਸਾ ਕਿਰਾਏ 'ਤੇ ਲਿਆ ਸੀ। ਉਹ ਇੱਥੇ ਇਸ ਤਰ੍ਹਾਂ ਦਿਖਾਉਂਦਾ ਸੀ ਕਿ ਕਾਲਜ ਪੜ੍ਹਨ ਵਾਲੇ ਨਵੇਂ ਜਮਾਨੇ ਦੇ ਐਸ਼ਪ੍ਰਸਤ ਨੌਜਵਾਨ ਹਨ। ਇਹ ਕੋਠੀ ਕਿਸੇ ਬ੍ਰਿਗੇਡੀਅਰ ਦੀ ਸੀ, ਜਿਸਦਾ ਜਮਾਈ ਰਮੇਸ਼ਇੰਦਰ ਸਿੰਘ ਆਈਏਐੱਸ ਅਫਸਰ ਸੀ। ਇਹ ਉਹੀ ਅਫਸਰ ਸੀ ਜਿਸ ਨੇ ੧੯੮੪ ਵੇਲੇ ਅੰਮ੍ਰਿਤਸਰ ਦੇ ਡੀਸੀ ਵਜੋਂ ਦਰਬਾਰ ਸਾਹਿਬ 'ਤੇ ਹਮਲੇ ਦੀ ਮਨਜੂਰੀ ਦਿੱਤੀ ਸੀ। ਉਸ ਤੋਂ ਪਹਿਲਾਂ ਵਾਲਾ ਡੀਸੀ ਗੁਰਦੇਵ ਸਿੰਘ ਬਰਾੜ ਹਮਲੇ ਦੀ ਮਨਜੂਰੀ ਨਾ ਦੇਣ ਕਾਰਨ ਛੁੱਟੀ 'ਤੇ ਚਲਿਆ ਗਿਆ ਸੀ। ਰਮੇਸ਼ਇੰਦਰ ਸਿੰਘ ਦਾ ਨਾਂ ਸਿੰਘਾਂ ਦੇ ਨਿਸ਼ਾਨੇ ਉਤੇ ਸੀ ਕਿਉਂਕਿ ਇਸ ਨੇ ਸਿੱਖ ਹੋ ਕੇ ਇਕ ਵੱਡਾ ਗੁਨਾਹ ਕੀਤਾ ਸੀ। ਇਹ ਮਕਾਨ ਕਿਰਾਏ 'ਤੇ ਲੈਣ ਦਾ ਇਹ ਮੰਤਵ ਸੀ ਕਿ ਉਥੇ ਰਹਿ ਕੇ ਇਹਦੇ ਬਾਰੇ ਹੋਰ ਜਾਣਕਾਰੀ ਮਿਲੇਗੀ। ਉਸ ਵਕਤ ਲੁਧਿਆਣਾ ਪੁਲਿਸ ਨੇ ਕਿਸੇ ਸੂਹ ਰਾਹੀਂ ਗੁਰਪ੍ਰੀਤ ਸਿੰਘ ਵਿਰਕ ਤੇ ਗੁਰਚਰਨ ਸਿੰਘ ਸੈਦਪੁਰ ਨੂੰ ਫੜ ਲਿਆ। ਸਾਨੂੰ ਕਿਸੇ ਨੂੰ ਇਸ ਬਾਰੇ ਕੋਈ ਜਾਣਕਾਰੀ ਨਹੀਂ ਸੀ। ਮੈਂ ਕਿਸੇ ਜਰੂਰੀ ਕੰਮ ਲਈ ਚੰਡੀਗੜ੍ਹ ਅਵਤਾਰ ਸਿੰਘ, ਚਰਨਜੀਤ ਸਿੰਘ, ਪ੍ਰੋ. ਰਜਿੰਦਰਪਾਲ ਸਿੰਘ ਤੇ ਨਵਨੀਤ ਸਿੰਘ ਕਾਦੀਆਂ ਨੂੰ ਮਿਲਣ ਆਇਆ ਸੀ।

ਇਹ ਸ਼ਾਇਦ ੨੪ ਜਨਵਰੀ ਦੀ ਗੱਲ ਹੈ ਤੇ ਓਹਨਾਂ ਦਿਨਾਂ ਚ ਬਹੁਤ ਠੰਢ ਸੀ। ਇਨ੍ਹਾਂ ਸਿੰਘਾਂ ਨੂੰ ਪ੍ਰੋਫੈਸਰ ਰਜਿੰਦਰਪਾਲ ਸਿੰਘ ਬੁਲਾਰਾ ਦੀ ਪੰਦਰਾਂ ਸੈਕਟਰ ਵਾਲੀ ਠਾਹਰ 'ਤੇ ਮਿਲੇ ਤੇ ਸ਼ਾਮ ਨੂੰ ਅਵਤਾਰ ਸਿੰਘ ਨੇ ਕਿਹਾ ਕਿ ਤੁਹਾਨੂੰ ਮੈਂ ਰਮੇਸ਼ਇੰਦਰ ਦੇ ਸਹੁਰੇ ਵਾਲਾ ਟਿਕਾਣਾ ਦਿਖਾ ਲਿਆਉਂਦਾ ਹਾਂ। ਹੋ ਸਕਦਾ ਹੈ ਕਿ ਉੱਥੇ ਡਾ. ਪ੍ਰੀਤਮ ਸਿੰਘ ਸੇਖੋਂ ਵੀ ਮਿਲ ਜਾਵੇ। ਅਸੀਂ ਕੋਈ ਸ਼ਾਮ ਨੂੰ ਛੇ ਕੁ ਵਜੇ ਜਦੋਂ ਹਨ੍ਹੇਰਾ ਪੈ ਚੁੱਕਿਆ

ਸੀ, ਇਹ ਠਾਹਰ 'ਤੇ ਆਏ। ਅਵਤਾਰ ਸਿੰਘ ਯਾਮਹਾ ਮੋਟਰਸਾਈਕਲ ਚਲਾ ਰਿਹਾ ਸੀ ਤੇ ਮੈਂ ਪਿੱਛੇ ਬੈਠਾ ਸੀ। ਸਾਡੇ ਦੋਨਾਂ ਕੋਲ ੩੦ ਦੇ ਮਾਊਜਰ ਸਨ। ਓਹਨਾਂ ਦਿਨਾਂ ਵਿੱਚ ਕੈਟਾਂ ਦੀ ਬਹੁਤਾਤ ਕਾਰਨ ਅਸੀਂ ਹਨੇਰਾ ਹੋਣ ਤੋਂ ਬਾਅਦ ਹੀ ਕਿਸੇ ਨੂੰ ਮਿਲਦੇ ਸੀ ਜਾਂ ਜਗ੍ਹਾ ਬਦਲਦੇ ਸੀ। ਅਸੀਂ ਇੱਥੇ ਇਨ੍ਹਾਂ ਸਿੰਘਾਂ ਨੂੰ ਮਿਲਣਾ ਹੀ ਸੀ ਤੇ ਰਾਤ ਅਵਤਾਰ ਸਿੰਘ ਦੇ ਦੋਸਤ ਕੋਲ ੩੭ ਸੈਕਟਰ ਵਿੱਚ ਰਹਿਣਾ ਸੀ ਤੇ ਅਗਲੇ ਦਿਨ ਸਵੇਰੇ ਮੈਂ ਇੱਥੋਂ ਚਲੇ ਜਾਣਾ ਸੀ। ਅਗਲੇ ਦੋ ਤਿੰਨ ਦਿਨਾਂ ਵਿੱਚ ਅਵਤਾਰ ਸਿੰਘ ਹੋਰਾਂ ਦੇ ਜਥੇ ਨੇ ਇੱਥੇ ਚੰਡੀਗੜ੍ਹ ਵਿੱਚ ਜਰੂਰੀ ਕੰਮ ਨਿਬੇੜਨਾ ਸੀ। ਇਹ ਕੰਮ ਦੀ ਤਿਆਰੀ ਵਿੱਚ ਅਵਤਾਰ ਸਿੰਘ, ਪਰਦੀਪ ਸਿੰਘ, ਹੈਪੀ ਤੇ ਗੁਰਪ੍ਰੀਤ ਸਿੰਘ, ਡਾ. ਪ੍ਰੀਤਮ ਸਿੰਘ ਸ਼ਾਮਲ ਸਨ। ਉਸ ਵਕਤ ਸ਼ਾਇਦ ਅੱਤਰੀ ਡੀਆਈਜੀ ਸੀ ਤੇ ਇਹ ਲੁਧਿਆਣਾ ਬੈਂਕ ਮਾਂਜੇ ਦੀ ਤਫਤੀਸ਼ ਦਾ ਮੁਖੀ ਰਿਹਾ ਸੀ। ਜਿਨ੍ਹਾਂ ਲੋਕਾਂ ਨੂੰ ਇਹਨੇ ਤਫਤੀਸ਼ ਕੀਤਾ ਸੀ ਓਹਨਾਂ ਤੋਂ ਪਤਾ ਲੱਗਾ ਸੀ ਕਿ ਇਹ ਬੜਾ ਹੀ ਤੁਅੱਸਬੀ ਤੇ ਜਾਲਮ ਅਫਸਰ ਸੀ ਤੇ ਸਿੰਘਾਂ ਨੂੰ ਬਹੁਤ ਜਲੀਲ ਕਰਦਾ ਸੀ। ਅਵਤਾਰ ਸਿੰਘ ਹੋਰਾਂ ਨੇ ਇਸ ਦੀ ਪੂਰੀ ਘੋਖ ਕੀਤੀ ਤੇ ਦੇਖਿਆ ਕਿ ਹਰ ਰੋਜ ਚੰਡੀਗੜ੍ਹ ਤੋਂ ਲੁਧਿਆਣੇ ਆਪਣੀ ਕਾਰ ਵਿਚ ਜਾਂਦਾ ਹੈ ਤੇ ਇਸ ਨਾਲ ਇੱਕ ਡਰਾਈਵਰ ਤੇ ਦੋ ਸਿਪਾਹੀ ਹੀ ਹੁੰਦੇ ਹਨ। ਚੰਡੀਗੜ੍ਹ ਤੋਂ ਰੋਪੜ ਦੇ ਵਿਚਕਾਰ ਇਨ੍ਹਾਂ ਸਿੰਘਾਂ ਨੇ ਕਾਰ ਨਾਲ ਕਾਰ ਲਾ ਕੇ ਉਸ ਨੂੰ ਸੋਧਾ ਲਾਉਣਾ ਸੀ। ਉਸ ਦੀ ਪੂਰੀ ਤਿਆਰੀ ਹੋ ਚੁੱਕੀ ਸੀ।

ਜਦੋਂ ਅਸੀਂ ੨੮ ਸੈਕਟਰ ਵਾਲੇ ਘਰ ਦੇ ਬੂਹੇ ਕੋਲ ਜਾ ਕੇ ਮੋਟਰਸਾਈਕਲ ਖੜ੍ਹਾਇਆ ਤਾਂ ਉੱਥੇ ਹਨੇਰਾ ਸੀ। ਸ਼ਾਇਦ ਹੁਣੇ ਹੀ ਬੱਤੀ ਗਈ ਸੀ। ਇਸ ਕੋਠੀ ਦੇ ਦੋ ਬੂਹੇ ਸਨ ਤੇ ਅਸੀਂ ਇਕ ਬੂਹੇ 'ਤੇ ਆ ਕੇ ਮੋਟਰਸਾਈਕਲ ਲਾਇਆ। ਹੌਲੀ ਦੇਣੇ ਬਾਰ ਖੋਲ੍ਹਿਆ ਤੇ ਬਿਨਾਂ ਆਵਾਜ ਕੀਤਿਆਂ ਅੰਦਰ ਵੜੇ ਤੇ ਪੌੜੀਆਂ ਚੜ੍ਹਨ ਲੱਗੇ। ਪੌੜੀਆਂ ਚੜ੍ਹਦਿਆਂ ਮੈਨੂੰ ਅਜੀਬ ਜਿਹੀ ਘੁਟਣ ਮਹਿਸੂਸ ਹੋਈ ਤੇ ਮੇਰੇ ਦਿਲ ਨੇ ਕਿਹਾ ਕਿ ਇੱਥੋਂ ਛੇਤੀ ਨਿਕਲਣਾ ਚਾਹੀਦਾ ਹੈ। ਅਵਤਾਰ ਸਿੰਘ ਨੂੰ ਤਾਂ ਮੈਂ ਕੁਝ ਨਹੀਂ ਕਿਹਾ ਪਰ ਆਪਣਾ ਹਥਿਆਰ ਕੱਢ ਲਿਆ। ਅਵਤਾਰ ਸਿੰਘ ਬਹੁਤ ਉੱਚੀ ਸੁਰਤ ਅਤੇ ਉੱਚੇ ਕਿਰਦਾਰ ਵਾਲਾ ਸਿੰਘ ਸੀ ਤੇ ਉਸ ਦਾ ਜੀਵਨ ਫੱਕਰਾਂ ਵਾਂਗ ਸੀ। ਉਹ ਬਿਨਾਂ ਕਿਸੇ ਪ੍ਰਵਾਹ ਉਪਰ ਚੜ੍ਹਦਾ ਗਿਆ ਤੇ ਦਰਵਾਜੇ ਕੋਲ ਗਿਆ ਤਾਂ ਦੇਖਿਆ ਕਿ ਬੰਦ ਹੈ। ਸਾਰੇ ਪਾਸੇ ਹਨ੍ਹੇਰਾ ਹੀ ਸੀ। ਉਸ ਨੇ ਇੱਕ ਗਮਲੇ ਦੇ ਥੱਲੇ ਹੱਥ ਮਾਰਿਆ ਜਿੱਥੇ ਚਾਬੀ ਰੱਖੀ ਜਾਂਦੀ ਸੀ ਪਰ ਉੱਥੇ ਚਾਬੀ ਨਹੀਂ ਸੀ ਤੇ ਉਹਨੂੰ ਕੋਈ ਸ਼ੱਕ ਨਹੀਂ ਪਈ। ਉਸ ਨੇ ਮੈਨੂੰ ਦੱਸਿਆ ਕਿ ਚਾਬੀ ਇੱਥੇ ਹੋਣੀ ਚਾਹੀਦੀ ਸੀ ਤੇ ਇੱਕ ਬੱਤੀ ਬਲਦੀ ਹੋਣੀ ਚਾਹੀਦੀ ਸੀ। ਮੈਂ ਉਸ ਨੂੰ ਕੁਝ ਕਹੇ ਬਗੈਰ ਹੀ ਉਹਦੀ ਬਾਂਹ ਫੜ ਕੇ ਉਹਨੂੰ ਥੱਲੇ ਨੂੰ ਲੈ ਆਇਆ।

ਇਹ ਕੋਠੀ ਬਹੁਤ ਵੱਡੀ ਸੀ ਪਰ ਉਹਦੇ ਵਿਚ ਕੋਈ ਹਿਲਜੁਲ ਨਹੀਂ ਸੀ ਹੋ ਰਹੀ ਤੇ ਹਨ੍ਹੇਰਾ ਸੀ। ਉਸ ਨੇ ਕਿਹਾ ਕਿ ਬੜੀ ਅਜੀਬ ਗੱਲ ਹੈ ਇੱਥੇ ਤਾਂ ਬਹੁਤ ਚਹਿਲ ਪਹਿਲ ਹੁੰਦੀ ਹੈ। ਮੈਂ ਕਿਹਾ ਕਿ ਆਪਾਂ ਹੁਣ ਇਥੋਂ ਚੱਲੀਏ, ਤੂੰ ਬਾਅਦ ਵਿੱਚ ਮਿਲ ਲਵੀਂ। ਮੈਨੂੰ ਕੁਝ ਠੀਕ ਨਹੀਂ ਲੱਗ ਰਿਹਾ। ਉਸ ਨੇ ਕੋਈ ਜਵਾਬ ਨਹੀਂ ਦਿੱਤਾ। ਉਹਨੇ ਮੋਟਰਸਾਈਕਲ ਰੋਹੜ ਕੇ ਮੋੜਿਆ ਅਤੇ ਅਗਾਂਹ ਲਿਜਾ ਕੇ ਚਾਲੂ ਕੀਤਾ। ਜਦੋਂ ਅਸੀਂ ਖੱਬੇ ਪਾਸੇ ਨੂੰ ਤੁਰਨ ਲੱਗੇ ਤਾਂ ਕੋਠੀ ਦੇ ਦੂਸਰੇ ਬੂਹੇ ਦੇ ਸਾਹਮਣੇ ਦਰੱਖਤਾਂ ਹੇਠ ਇੱਕ ਗੱਡੀ ਚੱਲਣ ਦੀ ਆਵਾਜ ਹੋਈ ਤੇ ਉਸ ਦੀਆਂ ਬੱਤੀਆਂ ਜਗੀਆਂ ਤੇ



ਫੇਰ ਬੰਦ ਹੋ ਗਈਆਂ। ਅਸੀਂ ਖੱਬੇ ਪਾਸੇ ਚਲੇ ਗਏ ਅਤੇ ਬੜੀ ਛੇਤੀ ਹੀ ਉਸ ਸੈਕਟਰ ਚੋਂ ਨਿਕਲ ਗਏ ਪਰ ਮੈਨੂੰ ਉੱਥੇ ਇੰਝ ਲੱਗਿਆ ਸੀ ਜਿਵੇਂ ਕੋਈ ਬਹੁਤ ਵੱਡਾ ਖਤਰਾ ਹੋਵੇ। ਉਹ ਰਾਤ ਅਸੀਂ ਅਵਤਾਰ ਸਿੰਘ ਦੇ ਮਿੱਤਰ ਕੋਲ ਆਏ। ਉੱਥੇ ਸੌਣ ਲੱਗੇ ਮੈਂ ਅਵਤਾਰ ਸਿੰਘ ਨੂੰ ਕਿਹਾ ਕਿ "ਤੁਸੀਂ ਖਿਆਲ ਰੱਖਿਓ" ਉਹ ਸਹਿਜੇ ਹੀ ਕਹਿੰਦਾ "ਕੋਈ ਗੱਲ ਨੀ"। ਸਵੇਰੇ ਸੱਤ ਕੁ ਵਜੇ ਅਵਤਾਰ ਸਿੰਘ ਦਾ ਦੋਸਤ ਮੈਨੂੰ ਮੁਹਾਲੀ ਤੋਂ ਬੱਸ ਤੇ ਚੜ੍ਹਾ ਗਿਆ ਤੇ ਇਹ ਮੇਰੀ ਅਵਤਾਰ ਸਿੰਘ, ਪ੍ਰੋ. ਰਾਜਿੰਦਰਪਾਲ ਸਿੰਘ ਬੁਲਾਰਾ ਨਾਲ ਆਖਰੀ ਮੁਲਾਕਾਤ ਸੀ।

ਅਵਤਾਰ ਸਿੰਘ ਅਤੇ ਉਹਦੇ ਨਾਲ ਦੇ ਸਿੰਘ ਹੋਣ ਵਾਲੇ ਕੰਮ ਲਈ ਬਹੁਤ ਜੋਸ਼ ਵਿੱਚ ਸਨ। ਦੋ ਮਹੀਨੇ ਦੀ ਮਿਹਨਤ ਤੋਂ ਬਾਅਦ ਓਹਨਾਂ ਨੇ ਇਕ ਬੜਾ ਔਖਾ ਹਮਲਾ ਅਗਲੇ ਦੋ ਤਿੰਨ ਦਿਨਾਂ ਵਿਚ ਕਰਨਾ ਸੀ ਪਰ ਕੁਦਰਤ ਨੂੰ ਕੁਝ ਹੋਰ ਮਨਜ਼ੂਰ ਸੀ। ਜਿਸ ਦਿਨ ਮੈਂ ਅਵਤਾਰ ਸਿੰਘ ਨਾਲ ਚੰਡੀਗੜ੍ਹ ਵਿੱਚ ਸਿੰਘਾਂ ਨੂੰ ਮਿਲ ਰਿਹਾ ਸੀ। ਉਸ ਵਕਤ ਗੁਰਪ੍ਰੀਤ ਸਿੰਘ, ਪਰਦੀਪ ਸਿੰਘ ਲੁਧਿਆਣੇ ਸ਼ਹਿਰ ਵਿਚ ਸੁਮੇਧ ਸੈਣੀ ਦੇ ਬੁੱਚੜਖਾਨੇ ਵਿੱਚ ਤਸ਼ੱਦਦ ਸਹਿ ਰਹੇ ਸੀ। ਅਗਲੇ ਦਿਨ ਅਵਤਾਰ ਸਿੰਘ ਮੋਰਿੰਡੇ ਤੋਂ ਫੜਿਆ ਜਾਂਦਾ ਹੈ। ਪ੍ਰੋਫੈਸਰ ਰਜਿੰਦਰਪਾਲ ਸਿੰਘ ਬੁਲਾਰਾ ਵੀ ੧੫ ਸੈਕਟਰ ਵਾਲੀ ਕੋਠੀ ਚੋਂ ਫੜੇ ਗਏ। ਇਨ੍ਹਾਂ ਵਿੱਚੋਂ ਪ੍ਰੋਫੈਸਰ ਰਜਿੰਦਰਪਾਲ ਸਿੰਘ ਬੁਲਾਰਾ, ਹੈਪੀ ਤੇ ਪਰਦੀਪ ਸਿੰਘ ਨੂੰ ਲੁਧਿਆਣਾ ਪੁਲਿਸ ਨੇ ਮੁਕਾਬਲਾ ਬਣਾ ਕੇ ੨੬ ਜਨਵਰੀ ੧੯੯੧ ਨੂੰ ਸ਼ਹੀਦ ਕੀਤਾ। ਅਵਤਾਰ ਸਿੰਘ ਨੂੰ ਮਹੀਨੇ ਕੁ ਬਾਅਦ ਜਗਰਾਉਂ ਕੋਲ ਬੇਨਾਮ ਮੁਕਾਬਲਾ ਬਣਾ ਕੇ ਸ਼ਹੀਦ ਕੀਤਾ। ਗੁਰਪ੍ਰੀਤ ਸਿੰਘ ਬਾਰੇ ਜੋ ਜਾਣਕਾਰੀ ਬਾਅਦ ਵਿਚ ਮਿਲੀ ਉਹ ਬਹੁਤ ਦੁਖਦਾਇਕ ਸੀ ਕਿ ਉਹਨੂੰ ਸਵਾ ਸਾਲ ਹਿਰਾਸਤ ਵਿਚ ਰੱਖਣ ਤੋਂ ਬਾਅਦ ਸੁਮੇਧ ਸੈਣੀ ਨੇ ਸ਼ਹੀਦ ਕੀਤਾ।

ਪੁਲਿਸ ਰਿਮਾਂਡ ਦੌਰਾਨ ਇੱਕ ਰਾਤ ਨੂੰ ਇੰਸਪੈਕਟਰ ਮਨਮੋਹਨ ਸਿੰਘ ਤੇ ਗੁਰਮੀਤ ਪਿੰਕੀ ਗੱਲਾਂ-ਗੱਲਾਂ ਵਿੱਚ ਦੱਸਣ ਲੱਗ ਪਏ ਕਿ ਅਸੀਂ ਕਿੱਥੇ-ਕਿੱਥੇ ਤੇ ਕਿਵੇਂ-ਕਿਵੇਂ ਤੁਹਾਨੂੰ ਲੱਭਦੇ ਰਹੇ। ਪੁਲਿਸ ਵਾਲੇ ਰਾਤ ਸਮੇਂ ਸ਼ਰਾਬ ਪੀ ਕੇ ਅਕਸਰ ਆਪਣੇ ਆਪ ਬਾਰੇ ਦਸਦੇ ਸਨ। ਮੇਰੇ ਫੜੇ ਜਾਣ ਤੱਕ ਲਹਿਰ ਦਾ ਦੌਰ ਖਤਮ ਹੋਣ ਕਰਕੇ ਵੀ ਉਹ ਉਹਨਾਂ ਵੇਲਿਆਂ ਦੇ ਮੁਕਾਬਲੇ ਘੱਟ ਸਤਰਕ ਸਨ। ਓਹਨਾਂ ਨੇ ਮੇਰੇ ਤੇ ਲਾਈਆਂ ਆਪਣੀਆਂ ਘਾਤਾਂ ਬਾਰੇ ਦੱਸਿਆ ਕਿ ਯਾਦ ਕਰ ਉਹ ਅਠਾਈ ਸੈਕਟਰ ਵਿਚ ਇਕ ਰਾਤ, ਜਦੋਂ ਤੂੰ ਅਤੇ ਅਵਤਾਰ ਸਿੰਘ ਮੋਟਰਸਾਈਕਲ ਤੇ ਉਹ ਅੜਬ ਬ੍ਰਿਗੇਡੀਅਰ ਦੀ ਕੋਠੀ ਆਏ ਸੀ। ਮੈਨੂੰ ਕੁਝ ਯਾਦ ਨਹੀਂ ਸੀ ਆ ਰਿਹਾ ਤੇ ਫਿਰ ਓਹਨਾਂ ਨੇ ਤਰੀਕ ਦੱਸੀ ਤੇ ਕਿਹਾ ਕਿ ਉਹ ਫੌਜੀ ਰਮੇਸ਼ਇੰਦਰ ਦਾ ਸਹੁਰਾ ਸੀ। ਹੁਣ ਮੈਨੂੰ ਬਿਲਕੁਲ ਸਭ ਕੁਝ ਯਾਦ ਆ ਗਿਆ ਕਿ ਕਿਸ ਤਰ੍ਹਾਂ ਮੈਂ ਤੇ ਅਵਤਾਰ ਸਿੰਘ

ਪੌੜੀਆਂ ਚੜ੍ਹੇ ਤੇ ਕਿਸ ਤਰ੍ਹਾਂ ਮੈਨੂੰ ਉੱਥੇ ਬਹੁਤ ਅਜੀਬ ਤੇ ਦਿਲ ਦਬਾਉਣ ਵਾਲੀ ਘੁਟਨ ਮਹਿਸੂਸ ਹੋਈ ਤੇ ਮੈਂ ਅਵਤਾਰ ਸਿੰਘ ਨੂੰ ਉਸ ਬਾਰੇ ਸੁਚੇਤ ਵੀ ਕੀਤਾ।

ਪੁਲਿਸ ਵਾਲਿਆਂ ਨੇ ਅੱਗੇ ਗੱਲ ਕੀਤੀ ਤੇ ਕਿਹਾ ਕਿ ਤੇਰੀ ਕਿਸਮਤ ਬਹੁਤ ਹੀ ਤੇਜ ਰਹੀ ਹੈ। ਉਸ ਦਿਨ ਪਤਾ ਨਹੀਂ ਤੂੰ ਕਿਵੇਂ ਬਚ ਗਿਆ? ਬਚਣ ਦੀ ਕੋਈ ਸੰਭਾਵਨਾ ਨਹੀਂ ਸੀ। ਪੁਲਿਸ ਨੇ ਸਵੇਰੇ ਹੀ ਉਥੋਂ ਪਰਦੀਪ ਸਿੰਘ ਨੂੰ ਫੜ ਲਿਆ ਅਤੇ ਅਸੀਂ ਸਾਰੇ ਪਾਸਿਓਂ ਕੋਠੀ ਨੂੰ ਘੇਰਿਆ ਸੀ। ਅਸੀਂ ਤਿੰਨ ਗੱਡੀਆਂ ਵਿਚ ਕੋਠੀ ਤੋਂ ਬਾਹਰਲੀਆਂ ਸੜਕਾਂ 'ਤੇ ਖੜ੍ਹੇ ਸੀ। ਦੋ ਗੱਡੀਆਂ ਵਿੱਚ ਕਮਾਂਡੋ ਸਨ ਤੇ ਇੱਕ ਗੱਡੀ ਕੋਠੀ ਦੇ ਸਾਹਮਣੇ ਦਰੱਖਤਾਂ ਵਿੱਚ ਖੜ੍ਹੀ ਸੀ। ਕਾਲੇ ਸ਼ੀਸ਼ਿਆਂ ਵਾਲੀ ਉਸ ਮਾਰੂਤੀ ਵੈਨ ਵਿਚ ਤੁਹਾਡਾ ਸਾਥੀ ਕੈਟ, ਗੁਰਮੀਤ ਪਿੰਕੀ, ਸੰਤ ਕੁਮਾਰ ਤੇ ਇਕ ਕਮਾਂਡੋ ਸੀ। ਉਹ ਗੱਡੀ ਨੂੰ ਇੰਸਪੈਕਟਰ ਸ਼ਮਸ਼ੇਰ ਸਿੰਘ ਗੁੱਡੂ ਚਲਾ ਰਿਹਾ ਸੀ। ਅਸੀਂ ਦੁਪਹਿਰ ਤੋਂ ਹੀ ਉੱਥੇ ਖੜ੍ਹੇ ਸੀ।

ਪੁਲਿਸ ਵਾਲਿਆਂ ਨੇ ਕਿਹਾ ਕਿ ਸਾਡੇ ਲਈ ਦਿੱਕਤ ਇਹ ਆ ਗਈ ਸੀ ਕਿ ਉਹ ਅੜਬ ਬ੍ਰਿਗੇਡੀਅਰ ਰਮੇਸ਼ਇੰਦਰ ਸਿੰਘ ਦਾ ਸਹੁਰਾ ਸੀ। ਇਸ ਕਰਕੇ ਅਸੀਂ ਉਸ ਨੂੰ ਕੁਝ ਕਹਿ ਨਹੀਂ ਸੀ ਸਕਦੇ। ਉਸਨੇ ਸਾਨੂੰ ਕੋਠੀ ਚੋਂ ਕੱਢ ਦਿੱਤਾ ਤੇ ਕਿਹਾ ਕਿ ਇੱਥੇ ਕੋਈ ਨਹੀਂ ਵੜਨਾ ਚਾਹੀਦਾ। ਇਸ ਕਰਕੇ ਅਸੀਂ ਅੰਦਰ ਨਹੀਂ ਬੈਠ ਸਕੇ। ਜੇਕਰ ਅਸੀਂ ਅੰਦਰ ਲੁਕੇ ਹੁੰਦੇ ਤਾਂ ਤੁਸੀਂ ਕਿਸੇ ਵੀ ਹਾਲਾਤ ਵਿਚ ਬਚ ਨਹੀਂ ਸੀ ਸਕਦੇ। ਅਸੀਂ ਸੈਣੀ ਸਾਹਿਬ ਨੂੰ ਉਹ ਬ੍ਰਿਗੇਡੀਅਰ ਬਾਰੇ ਦੱਸਿਆ ਪਰ ਕੁਝ ਸਮਾਂ ਕੋਸ਼ਿਸ਼ ਕਰਨ ਤੋਂ ਬਾਅਦ ਓਹਨਾਂ ਨੇ ਵੀ ਕਿਹਾ ਕਿ ਇਹ ਕੋਈ ਆਮ ਬੰਦਾ ਤਾਂ ਹੈ ਨਹੀਂ ਤੇ ਉਤੋਂ ਪੱਕਾ ਫੌਜੀ ਹੈ। ਤੁਸੀਂ ਬਾਹਰ ਹੀ ਘੇਰਾ ਲਾ ਲਵੋ ਤੇ ਇਹਨੂੰ ਪਤਾ ਨਾ ਲੱਗੇ ਕਿ ਤੁਸੀਂ ਬਾਹਰ ਖੜ੍ਹੇ ਹੋ। ਇਸ ਕਾਰਨ ਘੇਰੇ ਵਾਲੇ ਕੰਮ ਚ ਥੋੜ੍ਹਾ ਫਰਕ ਪੈ ਗਿਆ। ਇੱਕ ਤਾਂ ਹਨ੍ਹੇਰੇ ਨੇ ਤੁਹਾਡੀ ਮਦਦ ਕੀਤੀ। ਦੂਜੀ ਉਸ ਬ੍ਰਿਗੇਡੀਅਰ ਨੇ ਤੇ ਤੀਜੀ ਮਿਹਰਬਾਨੀ ਗੁੱਡੂ ਨੇ ਕਰ ਦਿੱਤੀ। ਜਦੋਂ ਤੁਸੀਂ ਮੋਟਰਸਾਈਕਲ ਤੇ ਅੰਦਰ ਗਏ ਤਾਂ ਉਦੋਂ ਸਾਡੇ ਬੰਦੇ ਨੇ ਅਵਤਾਰ ਸਿੰਘ ਨੂੰ ਪਛਾਣ ਲਿਆ ਸੀ ਪਰ ਹਨ੍ਹੇਰੇ ਕਰਕੇ ਦੂਸਰੇ ਬੰਦੇ ਬਾਰੇ ਕੁਝ ਪਤਾ ਨਾ ਲੱਗਾ। ਅਸੀਂ ਪੂਰੀ ਤਰ੍ਹਾਂ ਤਿਆਰ ਹੋ ਕੇ ਖੜ੍ਹੇ ਸੀ। ਜਦੋਂ ਤੁਹਾਡਾ ਮੋਟਰਸਾਇਕਲ ਤੁਰਨਾ ਸੀ ਤਾਂ ਅਸੀਂ ਉਸ ਵਿੱਚ ਗੱਡੀ ਦੀ ਟੱਕਰ ਮਾਰ ਕੇ ਤੁਹਾਨੂੰ ਸੁੱਟ ਲੈਣਾ ਸੀ ਤੇ ਤਿਆਰ ਖੜ੍ਹੇ ਕਮਾਂਡੋਆਂ ਨੇ ਇਕਦਮ ਕਾਬੂ ਕਰ ਲੈਣਾ ਸੀ। ਜਦੋਂ ਤੁਸੀਂ ਬਹੁਤ ਛੇਤੀ ਹੀ ਬਾਹਰ ਆ ਗਏ ਤੇ ਮੋਟਰਸਾਇਕਲ ਚਲਾਇਆ ਤਾਂ ਕਿਸੇ ਗੱਡੀ ਦੀਆਂ ਬੱਤੀਆਂ ਤੁਹਾਡੇ ਤੇ ਪਈਆਂ ਤਾਂ ਸਾਡੇ ਮੁਖਬਰ ਨੇ ਕਿਹਾ ਕਿ ਇਹ ਤਾਂ ਬਿੱਟੂ ਹੈ। ਇਹ ਸਾਡੇ ਲਈ ਬਹੁਤ ਵੱਡਾ ਝਟਕਾ ਸੀ, ਜਿਸ 'ਚੋਂ ਅਸੀਂ ਕੁਝ ਸਮਾਂ ਨਿਕਲੇ ਹੀ ਨਹੀਂ। ਕਿਸੇ ਨੇ ਤੈਨੂੰ ਦੇਖਿਆ ਤਾਂ ਨਹੀਂ ਸੀ ਪਰ ਤੁਹਾਡੀ ਦਹਿਸ਼ਤ

ਬਹੁਤ ਸੀ। ਸੰਤ ਕੁਮਾਰ ਨੇ ਗੁੱਡੂ ਨੂੰ ਕਿਹਾ ਕਿ ਗੱਡੀ ਤੋਰ ਤੇ ਮਾਰ ਵਿਚ। ਉਹ ਘਬਰਾ ਗਿਆ। ਪਹਿਲਾਂ ਉਸ ਤੋਂ ਗੱਡੀ ਸਟਾਟ ਨੀ ਹੋਈ ਤੇ ਫੇਰ ਚੱਲ ਕੇ ਬੰਦ ਹੋ ਗਈ। ਏਨੇ ਚਿਰ ਵਿਚ ਤੁਸੀਂ ਮੋੜ ਮੁੜ ਗਏ। ਫਿਰ ਸਾਰਿਆਂ ਨੇ ਗੁੱਡੂ ਨੂੰ ਬਹੁਤ ਗਾਲ੍ਹਾਂ ਕੱਢੀਆਂ ਤੇ ਫਿਰ ਅਸੀਂ ਸੋਚਿਆ ਕਿ ਜੇ ਪਿੱਛੇ ਲੱਗੇ ਤਾਂ ਪੱਕਾ ਨਹੀਂ ਕਿ ਤੁਹਾਨੂੰ ਫੜ ਸਕਾਂਗੇ ਪਰ ਤੁਹਾਨੂੰ ਸ਼ੱਕ ਜਰੂਰ ਪੈ ਜਾਵੇਗੀ। ਸਾਡੇ ਕੋਲ ਅਵਤਾਰ ਸਿੰਘ ਦਾ ਅਗਲੇ ਦਿਨ ਮੋਰਿੰਡੇ ਦਾ ਪਹੁੰਚਣ ਦਾ ਪਤਾ ਹੈ ਸੀ, ਜਿੱਥੇ ਉਹਨੇ ਜਰੂਰ ਆਉਣਾ ਸੀ। ਇਸ ਕਰਕੇ ਅਸੀਂ ਉੱਥੇ ਹੀ ਠੰਡੇ ਹੋ ਕੇ ਬੈਠੇ ਰਹੇ। ਅਗਲੇ ਦਿਨ ਉਥੇ ਅਵਤਾਰ ਸਿੰਘ ਫੜਿਆ ਗਿਆ। ਬਾਅਦ ਵਿੱਚ ਜਦੋਂ ਵੱਡੇ ਅਫਸਰਾਂ ਨੂੰ ਇਸ ਗੱਲ ਦਾ ਪਤਾ ਲੱਗਿਆ ਤਾਂ ਸਾਰੇ ਬਹੁਤ ਔਖੇ ਤੇ ਮਾਯੂਸ ਹੋਏ।

ਐਨੇ ਚਿਰ ਬਾਅਦ ਮੈਨੂੰ ਉਹ ਵਕਤ ਬਿਲਕੁਲ ਉਸੇ ਤਰ੍ਹਾਂ ਹੀ ਯਾਦ ਆ ਗਿਆ ਤੇ ਇਹ ਯਕੀਨ ਹੋਰ ਪੱਕਾ ਹੋ ਗਿਆ ਕਿ ਬਚਾਉਣ ਵਾਲਾ ਵੱਡਾ ਹੈ। ਜਿੰਨਾ ਚਿਰ ਕਿਸੇ ਦੇ ਵੀ ਸਾਹ ਲਿਖੇ ਹਨ, ਉਸ ਨੂੰ ਜਿਉਣ ਤੋਂ ਕੋਈ ਵੀ ਰੋਕ ਨਹੀਂ ਸਕਦਾ।

ਸਾਈਕਲ ਦਾ ਸਫਰ

ਰੂਪੋਸ਼ ਦੌਰ ਵਿੱਚ ਸਰੀਰ ਅਤੇ ਮਨ ਦੀ ਰੱਖਿਆ ਪ੍ਰਤੀ ਜਿਆਦਾ ਚੇਤੰਨ ਰਹਿਣਾ ਤੇ ਛੋਟੀ-ਛੋਟੀ ਗੱਲ ਵੱਲ ਧਿਆਨ ਦੇਣ ਦੀ ਲੋੜ ਅਤੇ ਸ਼ੱਕ ਕਰਨਾ ਬਹੁਤ ਜਰੂਰੀ ਹੁੰਦਾ ਹੈ।

ਸੰਨ ੧੯੮੯ ਤੋਂ ਬਾਅਦ ਜਦੋਂ ਕੈਟ ਵਰਤਾਰਾ ਬਹੁਤ ਵਧ ਗਿਆ ਸੀ ਤਾਂ ਅਸੀਂ ਦਿਨ ਨੂੰ ਬਾਹਰ ਨਹੀਂ ਸੀ ਨਿਕਲਦੇ। ਜੇ ਕਿਸੇ ਨੂੰ ਮਿਲਣਾ ਜਾਂ ਜਗ੍ਹਾ ਬਦਲਣੀ ਹੋਵੇ ਤਾਂ ਸ਼ਾਮ ਤੇ ਰਾਤ ਦੇ ਵਿਚਕਾਰਲੇ ਦੋ ਘੰਟਿਆਂ ਵਿਚ ਸਾਰੀ ਕਾਰਵਾਈ ਕਰਨੀ ਪੈਂਦੀ ਸੀ। ਮੈਂ ਚੰਡੀਗੜ੍ਹ ਵਿੱਚ ਕਿਸੇ ਕੰਮ ਲਈ ਆਇਆ ਹੋਇਆ ਸੀ। ਉਹ ਕੰਮ ਕਰਨ ਤੋਂ ਬਾਅਦ ਮੈਂ ਸਾਈਕਲ ਲੈ ਕੇ ੩੭ ਸੈਕਟਰ ਦੀ ਛੋਟੀ ਮੰਡੀ ਵਿੱਚ ਜਸਪਾਲ ਸਿੰਘ ਮਿੰਟੋ (ਜੋ ਬਾਅਦ ਵਿੱਚ ਰੂਪੋਸ਼ ਹੋ ਗਿਆ ਸੀ) ਨੂੰ ਮਿਲਣ ਗਿਆ। ਉਹਨੂੰ ਮਿਲਣ ਤੋਂ ਬਾਅਦ ਮੈਂ ੩੭ ਸੈਕਟਰ ਵਿੱਚ ਹੀ ਇੱਕ ਹੋਰ ਠਾਹਰ ਤੇ ਜਾਣਾ ਸੀ ਤੇ ਉਧਰ ਨੂੰ ਚੱਲ ਪਿਆ। ਸ਼ਹਿਰਾਂ ਵਿੱਚ ਮੈਂ ਸਦਾ ਸਾਈਕਲ ਹੀ ਵਰਤਦਾ ਸੀ, ਕਦੀ ਵੀ ਸਕੂਟਰ, ਮੋਟਰਸਾਇਕਲ ਜਾਂ ਕਾਰ ਦੀ ਇਕੱਲਿਆਂ ਸਵਾਰੀ ਨਹੀਂ ਸੀ ਕੀਤੀ। ਇਹ ਜਿਆਦਾ ਸੁਰੱਖਿਅਤ ਤਰੀਕਾ ਹੁੰਦਾ ਸੀ। ਜਦੋਂ ਮੈਂ ਉਹ ਠਾਹਰ ਵੱਲ ਨੂੰ ਜਾ ਰਿਹਾ ਸੀ ਤਾਂ ਮੇਰੇ ਕੋਲ਼ ਦੀ ਇੱਕ ਚਿੱਟੀ ਵੈਨ ਹੌਲੀ-ਹੌਲੀ ਲੰਘੀ। ਨੇੜੇ ਹੋਣ ਤੇ ਮੈਨੂੰ ਬੜੀ ਪ੍ਰੇਸ਼ਾਨੀ ਜਿਹੀ ਹੋਈ ਤੇ ਇਕ ਡਰ ਜਿਹਾ ਲੱਗਿਆ ਪਰ ਉਹ ਵੈਨ ਸਿੱਧੀ ਅੱਗੇ ਲੰਘ ਗਈ। ਮੈਂ ਜਿੱਧਰ ਨੂੰ ਜਾਣਾ ਸੀ ਉਸ ਤੋਂ ਉਲਟ ਪਾਸੇ ਨੂੰ ਸਾਈਕਲ ਮੋੜ ਲਿਆ ਤੇ ਉਵੇਂ ਹੀ ਸਾਵਧਾਨੀ ਵਜੋਂ ਗਲੀਆਂ ਵਿਚ ਕਈ ਘੁੰਮਣਘੇਰੀਆਂ ਜਿਹੀਆਂ ਪਾ ਕੇ ਆਪਣੀ ਠਾਹਰ 'ਤੇ ਚਲਿਆ ਗਿਆ। ਘਰ ਜਾ ਵੀ ਕੇ ਮੇਰੇ ਮਨ ਨੂੰ ਚੈਨ ਨਾ ਆਇਆ ਤੇ ਫੇਰ ਮੈਂ ਆਪਣਾ ਸਾਈਕਲ ਘਰ ਦੇ ਬਾਹਰ ਵਿਹੜੇ ਵਿਚੋਂ ਚੁੱਕ ਕੇ ਪਿਛਲੇ ਪਾਸੇ ਲਾ ਦਿੱਤਾ। ਕੁਝ ਸਮੇਂ ਬਾਅਦ ਉਥੇ ਮਿਲਣ ਵਾਲਾ ਇਕ ਸਾਥੀ ਆ ਗਿਆ। ਅਸੀਂ ਉੱਥੇ ਪ੍ਰਸ਼ਾਦਾ ਛਕਿਆ ਤੇ ਸੌਣ ਦੀ ਤਿਆਰੀ ਕਰਨ ਲੱਗੇ। ਮੈਨੂੰ ਫਿਰ ਅੱਚਵੀ ਜਿਹੀ

ਲੱਗ ਗਈ ਤੇ ਮੈਂ ਨਾਲ ਵਾਲੇ ਸਿੰਘ ਨੂੰ ਕਿਹਾ ਕਿ ਆਪਾਂ ਕਿਤੇ ਹੋਰ ਚਲੀਏ। ਸਿਆਲਾਂ ਦੇ ਦਿਨ ਸੀ ਤੇ ਰਾਤ ਦਸ ਕੁ ਵਜੇ ਦਾ ਸਮਾਂ ਸੀ। ਉਸ ਵਕਤ ਦਸ ਵਜੇ ਤੱਕ ਚੰਡੀਗੜ੍ਹ ਵਿੱਚ ਬਿਲਕੁਲ ਹੀ ਸੁੰਨਸਾਨ ਹੋ ਜਾਂਦਾ ਸੀ। ਉਹਨੇ ਸਲਾਹ ਵਜੋਂ ਕਿਹਾ ਕਿ ਹੁਣ ਬਹੁਤ ਕੁਵੇਲਾ ਹੋ ਗਿਆ ਇਹ ਤਾਂ ਬਹੁਤ ਖਤਰੇ ਵਾਲਾ ਕੰਮ ਹੈ। ਫੇਰ ਅਸੀਂ ਪੈਦਲ ਸੈਰ ਕਰਨ ਦੇ ਬਹਾਨੇ ਨਿਕਲ ਗਏ ਅਤੇ ਸੈਕਟਰ ੩੪ ਦੇ ਗੁਰੂ ਘਰ ਵਿੱਚ ਗਰੰਥੀ ਸਿੰਘ ਕੋਲ ਗਏ ਜੋ ਉਹਦਾ ਜਾਣਕਾਰ ਸੀ। ਉਹਦੇ ਕਮਰੇ ਵਿੱਚ ਪਹਿਲਾਂ ਹੀ ਇੱਕ ਨੌਜਵਾਨ ਸੁੱਤਾ ਪਿਆ ਸੀ ਤੇ ਮੈਂ ਉਥੇ ਰਾਤ ਕੱਟੀ। ਗਰੰਥੀ ਸਿੰਘ ਨੂੰ ਮੇਰੇ ਬਾਰੇ ਕੁਝ ਨਹੀਂ ਸੀ ਪਤਾ। ਬਾਅਦ ਵਿਚ ਸਾਨੂੰ ਪਤਾ ਲੱਗਿਆ ਕਿ ਉਸ ਰਾਤ ਸਾਰੇ ੩੭ ਸੈਕਟਰ ਵਿੱਚ ਸਾਰੀ ਰਾਤ ਤੇ ਅਗਲੇ ਦਿਨ ਤੱਕ ਬਹੁਤ ਸਖਤ ਤਲਾਸ਼ੀ ਚੱਲੀ। ਉਦੋਂ ਇਹ ਨਹੀਂ ਸੀ ਪਤਾ ਕਿ ਇਹ ਤਲਾਸ਼ੀ ਮੇਰੇ ਕਰਕੇ ਹੋਈ ਹੈ।

ਜਦੋਂ ਮੈਂ ਫੜਿਆ ਗਿਆ ਤਾਂ ਡੀਆਈਜੀ ਪੱਧਰ ਦਾ ਇਕ ਅਫਸਰ ਵੀ ਪੁਛਗਿੱਛ ਲਈ ਆਇਆ ਜੋ ਆਈਬੀ ਨਾਲ ਵੀ ਸਬੰਧਤ ਸੀ ਅਤੇ ਜਿਸ ਨੇ ਸਾਡੇ ਸੰਘਰਸ਼ ਖਿਲਾਫ ਬਹੁਤ ਕੰਮ ਕੀਤਾ। ਉਹ ਅਫਸਰ ਨੇ ਮੈਨੂੰ ਪੁੱਛਿਆ ਕਿ ਤੈਨੂੰ ਯਾਦ ਹੈ ਇੱਕ ਸਿਆਲਾਂ ਦੀ ਰਾਤ ਨੂੰ ੩੭ ਸੈਕਟਰ ਵਿੱਚ ਤੂੰ ਸਾਈਕਲ 'ਤੇ ਜਾਂਦਾ-ਜਾਂਦਾ ਹੀ ਗਾਇਬ ਹੋ ਗਿਆ। ਉਸ ਵਕਤ ਤੈਨੂੰ ਸਾਡੀ ਖਾਸ ਗਸ਼ਤੀ ਟੋਲੀ ਨੇ ਦੇਖ ਲਿਆ ਸੀ ਪਰ ਉਹ ਇੰਨੇ ਘਬਰਾ ਗਏ ਸਨ ਕਿ ਤੈਨੂੰ ਇਕਦਮ ਹੱਥ ਨਹੀਂ ਪਾ ਸਕੇ। ਓਹਨਾਂ ਸੋਚਿਆ ਕਿ ਤੇਰਾ ਪਿੱਛਾ ਕਰ ਕੇ ਠਾਹਰ ਦਾ ਪਤਾ ਕਰਾਂਗੇ ਤੇ ਫਿਰ ਰਾਤ ਨੂੰ ਮਾਰਾਂਗੇ। ਸਾਨੂੰ ਇਹ ਪਤਾ ਨਹੀਂ ਲੱਗਿਆ ਕਿ ਕੁਝ ਪਲਾਂ ਵਿੱਚ ਹੀ ਜਦੋਂ ਵੈਨ ਤੇਰੇ ਕੋਲ ਦੀ ਗਈ ਤੂੰ ਕਿੱਥੇ ਚਲਿਆ ਗਿਆ? ਐਨੇ ਸਾਲਾਂ ਬਾਅਦ ਵੀ ਉਹ ਅਫਸਰ ਇਹ ਗੱਲ ਦਾ ਉਤਰ ਲੱਭਣ ਲਈ ਬੇਚੈਨ ਸੀ। ਉਸ ਨੇ ਦੱਸਿਆ ਕਿ ਅਸੀਂ ਸਾਰੇ ੩੭ ਸੈਕਟਰ ਦੇ ਮਕਾਨਾਂ ਨੂੰ ਦੇਖਿਆ ਤੇ ਜਿਹੜੇ ਸਾਇਕਲ ਤੂੰ ਲੈ ਕੇ ਗਿਆ ਸੀ ਉਹ ਵੀ ਲੱਭਿਆ ਪਰ ਤੂੰ ਕਿਤੇ ਨਹੀਂ ਲੱਭਿਆ। ਇਹ ਗੱਲ ਪੱਕੀ ਸੀ ਕਿ ਤੂੰ ਉਹ ਇਲਾਕੇ ਵਿੱਚ ਹੀ ਕਿਤੇ ਗਾਇਬ ਹੋ ਗਿਆ। ਫਿਰ ਅਸੀਂ ਓਨੇ ਇਲਾਕੇ ਦੀ ਤਲਾਸ਼ੀ ਕਰਕੇ ਇਹ ਸੋਚ ਕੇ ਮੁੜ ਆਏ ਕਿ ਦੁਬਾਰਾ ਪੂਰੀ ਗਾਰਦ ਨਾਲ ਘੇਰਾ ਪਾ ਕੇ ਪੂਰੀ ਤਸੱਲੀ ਨਾਲ ਤਲਾਸ਼ੀ ਕਰਾਂਗੇ। ਅਸੀਂ ਸਾਰੇ ਸੈਕਟਰ ਦੀ ਬਹੁਤ ਬਰੀਕੀ ਨਾਲ ਤਲਾਸ਼ੀ ਕੀਤੀ ਪਰ ਤੂੰ ਨਹੀਂ ਲੱਭਿਆ।

ਮੈਨੂੰ ਉਹ ਸਾਰਾ ਵਾਕਿਆ ਯਾਦ ਆਇਆ ਜਦੋਂ ਵੈਨ ਕੋਲ ਦੀ ਲੰਘੀ ਤੇ ਮੈਨੂੰ ਘਬਰਾਹਟ ਹੋਈ ਫਿਰ ਘੁੰਮਣਘੇਰੀਆਂ ਤੇ ਫਿਰ ਸਾਈਕਲ ਚੁੱਕ ਕੇ ਅੰਦਰ ਕਰਨਾ ਤੇ ਫਿਰ ਸੈਕਟਰ ਬਦਲਣਾ ਯਾਦ ਆਇਆ। ਫਿਰ ਮੈਂ ਸੋਚਿਆ ਕਿ ਕਿਵੇਂ ਪਰਮਾਤਮਾ ਨੇ ਬਚਾਇਆ, ਕਿਹੋ ਜਿਹਾ ਸਬੱਬ ਬਣਾਇਆ, ਮੈਨੂੰ ਕੋਈ ਪੱਕਾ ਅੰਦਾਜਾ ਨਹੀਂ ਸੀ

ਕਿ ਵੈਨ ਵਿੱਚ ਪੁਲਿਸ ਹੈ। ਮੈਂ ਆਪਣੀ ਅੰਦਰੂਨੀ ਸੁਰਤ ਕਰਕੇ ਹੀ ਉਹ ਸਾਰੇ ਕਦਮ ਚੁੱਕੇ ਤੇ ਬਾਅਦ ਵਿੱਚ ਮੈਨੂੰ ਉਹ ਗੱਲ ਭੁੱਲ ਵੀ ਗਈ। ਐਨੇ ਚਿਰ ਬਾਅਦ ਉਹ ਸਾਰੀ ਘਟਨਾ ਦੀ ਪੁਸ਼ਟੀ ਹੋ ਗਈ ਕਿ ਉਸ ਰਾਤ ਜੋ ਮੈਂ ਸੁਤੇ ਸਿਧ ਕੀਤਾ ਉਹ ਸਭ ਕੁਝ ਐਨ ਠੀਕ ਸੀ। ਉਹ ਵੈਨ ਵਾਲੀ ਪੁਲਿਸ ਟੋਲੀ ਮੈਨੂੰ ਉਦੋਂ ਹੀ ਮਾਰ ਸਕਦੀ ਸੀ, ਉਸ ਦਿਨ ਮੇਰੇ ਕੋਲ ਕੋਈ ਹਥਿਆਰ ਵੀ ਨਹੀਂ ਸੀ। ਜੇ ਸਾਇਕਲ ਘਰ ਦੇ ਬਾਹਰ ਖੜ੍ਹਾ ਹੁੰਦਾ ਤਾਂ ਉਸੇ ਵਕਤ ਠਾਹਰ ਤੇ ਛਾਪਾ ਵੱਜ ਜਾਣਾ ਸੀ। ਰਾਤ ਦਸ ਕੁ ਵਜੇ ਤੱਕ ਪੁਲਿਸ ਦਸਤਿਆਂ ਨੇ ਗੁਪਤ ਤਰੀਕੇ ਨਾਲ ਸਾਰੀ ਭਾਲ ਕੀਤੀ ਤੇ ਫਿਰ ਉਹ ਪੂਰੇ ਇਲਾਕੇ ਦੀ ਤਲਾਸ਼ੀ ਲੈਣ ਦੀ ਯੋਜਨਾ ਕਰਕੇ ਚਲੇ ਗਏ। ਅਸੀਂ ਦਸ ਤੋਂ ਬਾਅਦ ਹੀ ਪੈਦਲ ਉੱਥੋਂ ਨਿਕਲੇ ਜੇਕਰ ਪਹਿਲਾਂ ਨਿਕਲਦੇ ਤਾਂ ਵੀ ਉਨ੍ਹਾਂ ਸਾਨੂੰ ਪਛਾਣ ਲੈਣਾ ਸੀ। ਜੇ ਰਾਤ ਉਥੇ ਰਹਿੰਦੇ ਤਾਂ ਵੀ ਪੱਕਾ ਹੀ ਫੜੇ ਜਾਣਾ ਸੀ। ਸਾਰਾ ਕੁਝ ਇਸ ਤਰ੍ਹਾਂ ਮੌਕੇ ਸਿਰ ਹੋਇਆ ਕਿ ਪਤਾ ਹੋਣ 'ਤੇ ਸੋਚ ਕੇ ਵੀ ਅਜਿਹੇ ਕਦਮ ਨਹੀਂ ਚੁੱਕੇ ਜਾਣੇ ਸਨ।

ਮੈਨੂੰ ਬਾਅਦ ਵਿਚ ਪਤਾ ਲੱਗਿਆ ਕਿ ਉਸ ਰਾਤ ਗਰੰਥੀ ਸਿੰਘ ਕੋਲ ਜੋ ਨੌਜਵਾਨ ਪਿਆ ਸੀ ਉਹ ਪਵਿੱਤਰ ਸਿੰਘ ਟੂਟੋ ਮਾਜਰਾ ਸੀ ਤੇ ਇਹ ਉਸਦੀ ਠਾਹਰ ਸੀ। ਉਸ ਵਕਤ ਨਾ ਉਸ ਨੂੰ ਮੇਰਾ ਪਤਾ ਸੀ ਨਾ ਹੀ ਮੈਨੂੰ ਉਸ ਦੀ ਪਛਾਣ ਸੀ। ਅਸੀਂ ਕਈ ਘੰਟੇ ਅਣਜਾਣ ਬੰਦਿਆਂ ਵਾਂਗ ਹੀ ਇਕ ਕਮਰੇ ਵਿਚ ਰਹੇ। ਇਹ ਸੰਘਰਸ਼ ਵਿਚ ਆਮ ਵਾਪਰਦਾ ਹੈ ਜਦੋਂ ਬੰਦੇ ਇਕ ਦੂਜੇ ਨੂੰ ਨਹੀਂ ਜਾਣਦੇ ਹੁੰਦੇ, ਜੋ ਇਕੋ ਮੰਜਲ ਦੇ ਪਾਂਧੀ ਹੁੰਦੇ ਹਨ।

ਬੱਸਾਂ ਦੀਆਂ ਤਲਾਸ਼ੀਆਂ

ਸੰਨ ੧੯੮੬-੮੭ ਵਿੱਚ ਅੰਮ੍ਰਿਤਸਰ ਵਿੱਚ ਹੀ ਸੰਘਰਸ਼ ਦੇ ਕਈ ਚੋਟੀ ਦੇ ਆਗੂ ਫੜੇ ਜਾਂ ਸ਼ਹੀਦ ਹੋ ਗਏ ਜਿਵੇ ਕਿ ਸੁਲੱਖਣ ਸਿੰਘ, ਸਵਰਨਜੀਤ ਸਿੰਘ, ਮਾਸਟਰ ਸੁਖਵਿੰਦਰ ਸਿੰਘ, ਹੀਰਾ ਸਿੰਘ। ਇਹਨਾਂ ਸਾਰਿਆਂ ਦੀ ਸ਼ਹਾਦਤ ਪਿੱਛੇ ਖਾਸ ਕੈਟ ਧੜੇ ਦਾ ਹੀ ਹੱਥ ਸੀ। ਅੰਮ੍ਰਿਤਸਰ ਵਿੱਚ ਮੈਨੂੰ ਵੀ ਦੋ ਵਾਰ ਇਨ੍ਹਾਂ ਟੋਲੀਆਂ ਨੇ ਘੇਰ ਲਿਆ ਸੀ ਇਕ ਵਾਰ ਤਾਂ ਏਦਾਂ ਲੱਗਿਆ ਕਿ ਸਮਝੋ ਕੰਮ ਖਤਮ ਹੀ ਹੈ।

ਇੱਕ ਵਾਰ ਮੈਂ ਅੰਮ੍ਰਿਤਸਰ ਤੋਂ ਫਰੀਦਕੋਟ ਜਾ ਰਿਹਾ ਸੀ। ਤਰਨਤਾਰਨ ਦੀ ਮੁੱਖ ਸੜਕ ਤੇ ਸਾਰੀ ਆਵਾਜਾਈ ਨੂੰ ਪੂਰੀ ਤਰ੍ਹਾਂ ਰੋਕਿਆ ਹੋਇਆ ਸੀ। ਸੜਕ ਦੇ ਆਸੇ ਪਾਸੇ ਦੂਰ ਦੂਰ ਤੱਕ ਸੀਆਰਪੀਐਫ ਤੇ ਪੁਲਿਸ ਲੱਗੀ ਹੋਈ ਸੀ। ਨਾਕੇ ਤੋਂ ਥੋੜ੍ਹੀ ਦੂਰ ਕੁਝ ਪੁਲਿਸ ਅਫਸਰ ਕੁਰਸੀਆਂ 'ਤੇ ਬੈਠੇ ਸਨ। ਉਨ੍ਹਾਂ ਤੋਂ ਥੋੜ੍ਹਾ ਪਾਸੇ ਕਰਕੇ ਕਾਲੇ ਸ਼ੀਸ਼ਿਆਂ ਵਾਲੀ ਨੀਲੀ ਮੈਟਾਡੋਰ ਖੜ੍ਹੀ ਸੀ। ਉਸ ਵਿੱਚ ਕੁਝ ਮੁਖਬਰ ਬੈਠੇ ਹੋਣਗੇ ਤੇ ਸਾਰੇ ਲੋਕਾਂ ਨੂੰ ਆਪਣੇ ਸਾਧਨਾਂ ਤੋਂ ਉਤਰ ਕੇ ਉਹ ਮੈਟਾਡੋਰ ਦੇ ਅੱਗੋਂ ਦੀ ਲੰਘਾ ਰਹੇ ਸਨ। ਮੈਂ ਬੱਸ ਵਿੱਚ ਸੀ, ਸਾਰੀਆਂ ਸਵਾਰੀਆਂ ਨੂੰ ਉਤਾਰ ਲਿਆ ਤੇ ਖਾਲੀ ਬੱਸ ਨੂੰ ਡਰਾਈਵਰ ਨਾਕੇ ਤੋਂ ਅੱਗੇ ਲੈ ਗਿਆ। ਸਾਰੀਆਂ ਸਵਾਰੀਆਂ ਨੇ ਉਸ ਵੈਨ ਕੋਲੋਂ ਤੁਰ ਕੇ ਬੱਸ ਵਿੱਚ ਜਾ ਕੇ ਚੜ੍ਹਨਾ ਸੀ। ਮੈਨੂੰ ਸਾਰੀ ਗੱਲ ਸਮਝ ਆ ਗਈ। ਮੈਂ ਬਿਲਕੁਲ ਅਰਾਮ ਨਾਲ ਤੁਰਦਾ ਰਿਹਾ ਤੇ ਕੋਈ ਉਚੇਚ ਨਹੀਂ ਦਿਖਾਈ। ਕੁਝ ਲੋਕਾਂ ਨੂੰ ਕੁਝ ਸਮਝ ਨਹੀਂ ਸੀ ਆ ਰਿਹਾ। ਉਹ ਆਪਸ ਵਿੱਚ ਸੁਆਲ ਜਵਾਬ ਕਰੀ ਜਾ ਰਹੇ ਸਨ। ਕੁਝ ਘਬਰਾ ਗਏ ਸਨ ਤੇ ਕੁਝ ਇਹੋ ਜਿਹੇ ਵੀ ਸਨ ਜੋ ਇਸਦੇ ਆਦੀ ਹੋ ਚੁੱਕੇ ਸਨ ਕਿਉਂਕਿ ਉਸ ਵਕਤ ਇਹ ਆਮ ਜਿਹੀ ਗੱਲ ਸੀ। ਇਕ ਬਜੁਰਗ ਨੇ ਕਿਹਾ ਕਿ ਇਸ ਨੀਲੀ ਗੱਡੀ ਵਿੱਚ ਕਾਲੀਆਂ ਬਿੱਲੀਆਂ ਬੈਠੀਆਂ ਹਨ। ਇੱਕ ਮਾਤਾ ਨੂੰ ਗੱਲ ਸਮਝ ਨਹੀਂ ਲੱਗੀ ਕਿ ਇੱਥੇ ਇਹਨਾਂ ਨੂੰ ਕਿਉਂ ਬਿਠਾਇਆ ਹੈ। ਅਸੀਂ ਅੱਗੇ ਤੁਰਦੇ ਗਏ ਤੇ ਆਪਣੀ ਬੱਸ ਤੱਕ ਪਹੁੰਚ ਗਏ। ਮੈਂ ਪਿੱਛੇ ਮੁੜ ਕੇ ਨਹੀਂ ਦੇਖਿਆ ਪਰ ਜਦ ਤੱਕ ਬਸ ਨਹੀਂ ਤੁਰੀ ਤਾਂ ਐਵੇ ਲੱਗਦਾ ਰਿਹਾ ਕਿ ਘੇਰਾ ਪਿਆ ਕਿ ਪਿਆ।

ਮੁਖਬਰਾਂ ਦੀ ਮਾਰ ਹੇਠ

ਇਹ ਗੱਲ ੧੯੯੭ ਦੇ ਅਖੀਰ ਦੀ ਹੈ ਉਸ ਵਕਤ ਕੈਟ ਵਰਤਾਰਾ ਅੰਮ੍ਰਿਤਸਰ ਵਿਚ ਹਾਵੀ ਹੋ ਚੁੱਕਾ ਸੀ। ਅਸੀਂ ਬਹੁਤ ਘੱਟ ਹੀ ਕਿਸੇ ਨੂੰ ਮਿਲਦੇ ਸੀ ਤੇ ਸਫਰ ਵੀ ਬਹੁਤ ਘੱਟ ਕਰਦੇ ਸੀ। ਕਈ ਵਾਰ ਕੋਈ ਜਰੂਰੀ ਕੰਮ ਪੈ ਜਾਂਦਾ ਤੇ ਨਿਕਲਣਾ ਹੀ ਪੈਂਦਾ ਸੀ। ਇਕ ਅਜਿਹੀ ਹੀ ਜਰੂਰਤ ਆ ਪਈ ਤੇ ਮੈਨੂੰ ਆਪ ਚੰਡੀਗੜ੍ਹ ਤੋਂ ਅੰਮ੍ਰਿਤਸਰ ਆਉਣਾ ਪਿਆ। ਮੇਰੇ ਲਈ ਜਰੂਰੀ ਸੀ ਕਿ ਮੈਂ ਪੁਤਲੀਘਰ ਵਿਖੇ ਸਾਡੇ ਮਿੱਤਰ ਨੂੰ ਇਕ ਠਾਹਰ (ਗੁਰਵਿੰਦਰ ਸਿੰਘ ਪ੍ਰਧਾਨ ਦੇ ਘਰ) ਤੇ ਜਾ ਕੇ ਮਿਲਾਂ। ਮੈਂ ਅੰਬਾਲੇ ਤੋਂ ਅੰਮ੍ਰਿਤਸਰ ਤਕ ਰੇਲ ਰਾਹੀਂ ਆਇਆ ਕਿਉਂਕਿ ਉਸ ਸਮੇ ਰੇਲ ਬਹੁਤ ਮਹਿਫੂਜ ਸਾਧਨ ਹੁੰਦੀ ਸੀ। ਸ਼ਾਮੀਂ ੫ ਕੁ ਵਜੇ ਹਰੀ ਝੰਡੀ ਹੋਣ ਤੇ ਮੈਂ ਟੇਸ਼ਣ ਤੋਂ ਬਾਹਰ ਪਟੜੀਆਂ ਵਿੱਚ ਉੱਤਰ ਕੇ ਬਾਹਰ ਸੜਕ ਤੇ ਆ ਕੇ ਆਟੋ ਰਿਕਸ਼ਾ ਲੈ ਕੇ ਪੁਤਲੀਘਰ ਚੌਂਕ ਅੱਗੇ ਆ ਉੱਤਰਿਆ, ਜਿੱਥੇ ਉਸ ਘਰ ਨੂੰ ਸੜਕ ਮੁੜਦੀ ਹੈ। ਮੇਰੇ ਕੋਲ ਕੋਈ ਹਥਿਆਰ ਨਹੀਂ ਸੀ ਤੇ ਮੈਂ ਉਸ ਰਾਤ ਇਸ ਸਿੰਘ ਕੋਲ ਠਹਿਰਣਾ ਸੀ। ਮੈਂ ਘਰ ਵੱਲ ਜਾਂਦੀ ਗਲੀ ਵੱਲ ਨੂੰ ਮੁੜਿਆ, ਕੁਝ ਦੂਰ ਅੱਗੇ ਜਾ ਕੇ ਇੱਕ ਹੋਰ ਮੋੜ ਆਉਂਦਾ ਸੀ। ਜਦ ਉਹ ਮੋੜ ਤੋਂ ਉਹਦੇ ਘਰ ਵੱਲ ਨੂੰ ਸਿੱਧਾ ਹੋਇਆ ਤਾਂ ਮੈਂ ਦੇਖਿਆ ਕਿ ਗਲੀ ਦੇ ਇਕ ਪਾਸੇ ਖਾਲੀ ਥਾਂ ਵਿੱਚ ਹਲਕੇ ਪੀਲੇ ਰੰਗ ਦੀ ਫੀਅਟ ਕਾਰ ਖੜੀ ਸੀ। ਉਸਦੇ ਨੇੜੇ ਤੇੜੇ ਕੋਈ ਵੀ ਨਹੀਂ ਸੀ ਤੇ ਇਹ ਕਾਲੇ ਸ਼ੀਸਿਆਂ ਵਾਲੀ ਗੱਡੀ ਸੀ। ਜੋ ਉਹਨਾਂ ਦਿਨਾਂ ਵਿਚ ਮੁਖਬਰ ਟੋਲਿਆਂ ਕੋਲ ਹੁੰਦੀਆਂ ਸਨ। ਇਹ ਗੱਡੀ ਨੂੰ ਦੇਖਦੇ ਸਾਰ ਹੀ ਮੈਨੂੰ ਅਜੀਬ ਕਿਸਮ ਦਾ ਡਰ ਤੇ ਖਤਰਾ ਮਹਿਸੂਸ ਹੋਣ ਲੱਗ ਪਿਆ। ਮੈਂ ਉਸ ਗੱਡੀ ਦੇ ਕੋਲ ਦੀ ਲੰਘਣਾ ਸੀ ਤੇ ਠਾਹਰ ਵਾਲਾ ਘਰ ਹਾਲੇ ੨ ਕੁ ਸੌ ਮੀਟਰ ਅੱਗੇ ਜਾ ਕੇ ਸੀ। ਮੈਂ ਪਿੱਛੇ ਨਹੀਂ ਸੀ ਮੁੜ ਸਕਦਾ ਕਿਉਂਕਿ ਇਸ ਤਰ੍ਹਾਂ ਸ਼ੱਕੀ ਹੋ ਜਾਣਾ ਸੀ। ਹਾਲੇ ਇਹ ਗੱਡੀ ਮੇਰੇ ਤੋਂ ੫੦ ਕੁ ਮੀਟਰ ਦੀ ਦੂਰੀ 'ਤੇ ਸੀ ਤੇ ਮੈਂ ਬਿਲਕੁਲ ਇੱਧਰ ਉੱਧਰ ਨਹੀਂ ਸੀ ਦੇਖਿਆ ਤੇ ਨੀਵੀਂ ਪਾਈ ਰੱਖੀ। ਮੇਰੇ ਅੰਦਰ ਬਹੁਤ ਜਿਆਦਾ ਭੂਚਾਲ ਆਇਆ ਤੇ

ਧੜਕਨ ਤੇਜ ਹੋ ਗਈ ਸੀ ਤੇ ਮੇਰੀਆਂ ਲੱਤਾਂ ਬਾਹਾਂ ਬਹੁਤ ਸਤਰਕ ਹੋ ਗਈਆਂ ਸਨ। ਪਰ ਮੈਂ ਬਾਹਰ ਇਸਦਾ ਕੋਈ ਪ੍ਰਭਾਵ ਨਹੀਂ ਆਉਣ ਦਿੱਤਾ ਤੇ ਅੱਗੇ ਨੂੰ ਤੁਰੀ ਗਿਆ। ਮੈਂ ਅੱਗੇ ਝਾਕ ਕੇ ਦੇਖਿਆ ਕਿ ਜਿੱਥੇ ਗਲੀ ਖਤਮ ਹੁੰਦੀ ਸੀ ਉਹ ਤੋਂ ਦੋ ਪਾਸੇ ਨੂੰ ਰਾਸਤਾ ਜਾਂਦਾ ਹੈ। ਉਥੇ ਵੀ ਸੀਆਰਪੀਐਫ ਵਾਲੇ ਟਹਿਲ ਰਹੇ ਸਨ। ਹੁਣ ਮੈਨੂੰ ਪੱਕਾ ਹੋ ਗਿਆ ਕਿ ਇਹ ਗੱਡੀ ਵਿਚ ਕੈਟ ਹਨ ਤੇ ਹੋ ਸਕਦਾ ਹੈ ਕਿ ਸਾਡੀ ਠਾਹਰ ਕਰਕੇ ਹੀ ਏਥੇ ਲੱਗੇ ਹੋਣ।

ਮੈਨੂੰ ਪੱਕਾ ਯਕੀਨ ਹੋ ਗਿਆ ਕਿ ਅੰਦਰ ਬੈਠਾ ਬੰਦਾ ਮੈਨੂੰ ਜਾਣਦਾ ਹੋਵੇਗਾ। ਮੈਂ ਉਸੇ ਤਰ੍ਹਾਂ ਆਪਣੇ ਸਰੀਰ ਵਿੱਚ ਕੋਈ ਬਦਲਾਅ ਲਿਆਂਦੇ ਬਿਨਾਂ ਤੁਰੀ ਗਿਆ। ਕਾਰ ਕੋਲ ਆ ਕੇ ਮੈਨੂੰ ਲੱਗਿਆ ਕਿ ਹੁਣ ਮੈਨੂੰ ਆਸੇ ਪਾਸਿਓਂ ਬੰਦੇ ਟੁੱਟ ਕੇ ਪੈਣਗੇ ਤੇ ਮੈਨੂੰ ਏਹ ਵੀ ਲੱਗਿਆ ਕਿ ਅੰਦਰੋਂ ਮੈਨੂੰ ਕੋਈ ਦੇਖ ਰਿਹਾ ਹੈ। ਮੇਰੇ ਮਨ ਦੇ ਇੱਕ ਹਿੱਸੇ ਨੇ ਜੋਰ ਪਾਇਆ ਕਿ ਭੱਜ ਕੇ ਨਾਲ ਦੀਆਂ ਕੋਠੀਆਂ ਵਿੱਚ ਵੜਕੇ ਅੱਗੇ ਦੀ ਨਿਕਲਣਾ ਚਾਹੀਦਾ ਹੈ ਪਰ ਮੈਂ ਆਪਣੇ ਆਪ ਤੇ ਕਾਬੂ ਰੱਖਿਆ। ਗੱਡੀ ਕੋਲੋਂ ਮੈਂ ਤੁਰ ਕੇ ਹੀ ਲੰਘਿਆ। ਮੈਂ ਅੱਗੇ ਤੁਰ ਕੇ ਉਸ ਠਾਹਰ ਤੋਂ ਵੀ ਅਗਾਂਹ ਲੰਘ ਗਿਆ। ਉਸ ਘਰ ਵੱਲ ਤਾਂ ਮੈਂ ਦੇਖਿਆ ਤੱਕ ਵੀ ਨਹੀਂ। ਮੇਰੇ ਅੰਦਰਲੇ ਹਿੱਸੇ ਵਿਚ ਘਮਸਾਣ ਮੱਚਿਆ ਪਿਆ ਸੀ। ਮਨ ਕਹਿ ਰਿਹਾ ਸੀ ਕਿ ਬਹੁਤ ਜਿਆਦਾ ਖਤਰਾ ਹੈ ਤੇ ਹੁਣੇ ਭੱਜੋ। ਮੇਰੇ ਸਤਰਕ ਮਨ ਦਾ ਜੋਰ ਲੱਗਾ ਹੋਇਆ ਸੀ ਕਿ ਅੰਦਰਲੀ ਹਾਲਤ ਦਾ ਸਰੀਰ ਰਾਹੀਂ ਕੁਝ ਬਾਹਰ ਪਤਾ ਨਾ ਲੱਗੇ। ਮੈਂ ਉਸੇ ਤਰ੍ਹਾਂ ਨੀਵੀਂ ਪਾ ਕੇ ਤੁਰਦਾ ਗਿਆ। ਉਸ ਵੇਲੇ ਇਹ ੨੦੦-੩੦੦ ਮੀਟਰ ਪੈਂਡਾ ਬਹੁਤ ਲੰਬਾ ਤੇ ਭਾਰਾ ਲੱਗਿਆ। ਏਵੇਂ ਜਾਪਦਾ ਸੀ ਕਿ ਏਹ ਪੈਂਡਾ ਮੁੱਕਣਾ ਨਹੀਂ ਤੇ ਮੈਂ ਏਸ ਦੇ ਵਿੱਚ ਹੀ ਖਪ ਜਾਣਾ ਹੈ। ਅੱਗੇ ਮੋੜ ਆਇਆ ਤਾਂ ਮੈਂ ਸੱਜੇ ਪਾਸੇ ਨੂੰ ਹੋ ਗਿਆ। ਜਿੱਥੇ ਸੀਆਰਪੀਐਫ ਦੀ ਜਿਪਸੀ ਖੜ੍ਹੀ ਸੀ ਤੇ ਉਸ ਵਿੱਚ ੬ ਬੰਦੇ ਬੈਠੇ ਸੀ। ਮੈਂ ਉਹਨਾਂ ਦੇ ਬਿਲਕੁਲ ਨਾਲ ਦੀ ਲੰਘਿਆ ਤੇ ਫਿਰ ਤੁਰਦਾ ਗਿਆ ਤੇ ਜਦੋਂ ਵਾਪਸ ਪੁਤਲੀਘਰ ਵਾਲੀ ਮੁੱਖ ਸੜਕ ਤੇ ਪਹੁੰਚਿਆ ਤਾਂ ਮੈਨੂੰ ਲੱਗਿਆ ਕਿ ਮੈਂ ਬਚ ਗਿਆ। ਓਥੋਂ ਆਟੋ ਰਿਕਸ਼ਾ ਲਿਆ ਤੇ ਹਰਮਿੰਦਰ ਸਿੰਘ ਸੁਲਤਾਨਵਿੰਡ ਹੋਰਾਂ ਦੀ ਠਾਹਰ ਤੇ ਚਲਿਆ ਗਿਆ।

ਮੈਂ ਕਈ ਵਾਰ ਦੇਖਿਆ ਅਤੇ ਮਹਿਸੂਸ ਕੀਤਾ ਹੈ ਕਿ ਕਿਸੇ ਹਮਲੇ ਵੇਲੇ ਜਾਂ ਕਿਸੇ ਇਹੋ ਜਿਹੀ ਹਾਲਤ ਵਿਚ ਜਿਸ ਵਿਚੋਂ ਮੈਂ ਹੁਣੇ ਲੰਘਿਆ ਸੀ, ਉਸ ਵਕਤ ਤੁਹਾਡੇ ਲਈ ਸਮੇਂ ਦੀ ਗਤੀ ਬਦਲ ਜਾਂਦੀ ਹੈ। ਸਮਾਂ ਠਹਿਰ ਜਿਹਾ ਜਾਂਦਾ ਹੈ ਜਾਂ ਬਹੁਤ ਫੈਲ ਜਾਂਦਾ ਹੈ। ਜੇ ਤੁਸੀਂ ਸਾਵਧਾਨ ਹੋਵੋ ਤਾਂ ਤੁਹਾਨੂੰ ਇਹ ਬਦਲਾਅ ਮਹਿਸੂਸ ਹੋਵੇਗਾ। ਇਸ ਠਹਿਰੇ ਹੋਏ ਸਮੇਂ ਵਿੱਚ ਹੀ ਜਿੰਦਗੀ ਦੇ ਸਭ ਤੋਂ ਕੀਮਤੀ ਤੇ ਅਹਿਮ ਅਮਲ ਹੁੰਦੇ ਹਨ। ਇੱਕ ਹੋਰ ਵੀ ਗੱਲ ਹੈ ਕਿ ਅਜਿਹੇ ਮੌਕੇ ਤੁਹਾਡਾ ਸਧਾਰਨ ਦਿਮਾਗ ਕੰਮ ਨਹੀਂ

ਕਰ ਰਿਹਾ ਹੁੰਦਾ। ਏਥੇ ਸੂਖਮ ਮਨ ਕੰਮ ਰਿਹਾ ਹੁੰਦਾ ਹੈ ਤੇ ਉਹ ਆਪਣੇ ਮੁਢ ਕਦੀਮੀ ਰਾਹਾਂ 'ਤੇ ਹੀ ਚਲਦਾ ਹੈ ਤੇ ਉਥੇ ਤੁਹਾਡੀ ਸੂਝ, ਸਿਆਣਪ ਤੇ ਤਰਬੀਅਤ ਦਾ ਕੋਈ ਬਹੁਤਾ ਮਾਇਨਾ ਨਹੀਂ ਹੁੰਦਾ।

ਬਾਅਦ ਵਿੱਚ ਮੈਨੂੰ ਪਤਾ ਲੱਗਾ ਕਿ ਵਾਕਿਆ ਹੀ ਪੁਲਿਸ ਵਾਲਿਆਂ ਨੂੰ ਸਾਡੇ ਉਸ ਮਿੱਤਰ ਬਾਰੇ ਪਤਾ ਲੱਗਾ ਸੀ ਤੇ ਉਸਤੇ ਸ਼ੱਕ ਹੋਈ ਸੀ। ਉਸਦੇ ਨੇੜਲੇ ਬੰਦਿਆਂ ਨੂੰ ਪੁਲਿਸ ਨੇ ਫੜ ਕੇ ਤਸ਼ੱਦਦ ਕੀਤਾ ਸੀ ਪਰ ਉਹਨਾਂ ਨੂੰ ਬਹੁਤਾ ਕੁਝ ਪਤਾ ਨਹੀ ਸੀ। ਇਸ ਕਰਕੇ ਉਹਨਾਂ ਨੇ ਉਹਦੇ ਘਰ ਨੂੰ ਗੁਪਤ ਨਿਗਰਾਨੀ 'ਤੇ ਲਾਇਆ ਸੀ ਤੇ ਉਥੇ ਸਾਡੇ ਨਾਲ ਸੰਬੰਧਿਤ ਕੈਟਾਂ ਨੂੰ ਲੈ ਕੇ ਆਉਂਦੇ ਸਨ। ਉਸ ਦਿਨ ਵੀ ਉਹ ਬੰਦੇ ਸਾਡੇ ਜਥੇ ਦੇ ਬੰਦਿਆਂ ਖਾਤਰ ਹੀ ਖੜ੍ਹੇ ਸਨ ਪਰ ਉਹਨਾਂ ਨੂੰ ਪੱਕੀ ਇਤਲਾਹ ਨਹੀਂ ਸੀ। ਉਸ ਦਿਨ ਜੋ ਬੰਦਾ ਉਹ ਗੱਡੀ ਵਿੱਚ ਬੈਠਾ ਸੀ ਉਹ ਸੱਚਮੁਚ ਹੀ ਮੈਨੂੰ ਜਾਣਨ ਵਾਲਾ ਸੀ। ਉਸਨੂੰ ਪੁਲਿਸ ਨੇ ਫੜਿਆ ਸੀ ਤੇ ਕਿਹਾ ਸੀ ਤੂੰ ਲੋੜੀਂਦੇ ਖਾੜਕੂਆਂ ਨੂੰ ਫੜਾ ਦੇ ਤਾਂ ਤੇਰੀ ਹਰ ਮੁਰਾਦ ਪੂਰੀ ਕੀਤੀ ਜਾਵੇਗੀ। ਉਹ ਏਥੇ ਖਾਸ ਕਰਕੇ ਚਾਚਾ ਮਥਰਾ ਸਿੰਘ, ਸੁਖਵਿੰਦਰ ਸਿੰਘ ਛਿੰਦੂ ਅਤੇ ਮੇਰੇ ਲਈ ਖੜ੍ਹੇ ਸੀ। ਉਹ ਬੰਦਾ ਬਹੁਤ ਪੱਕਾ ਤੇ ਸਿਆਣਾ ਸੀ, ਉਸਨੇ ਕਿਹਾ ਕਿ ਠੀਕ ਹੈ ਮੈਂ ਬੰਦੇ ਫੜਾ ਦਿਆਗਾਂ, ਕਈ ਮਹੀਨੇ ਉਹ ਉਹਨਾਂ ਨਾਲ ਫਿਰਦਾ ਰਿਹਾ ਤੇ ਬਾਅਦ ਵਿਚ ਉਹ ਬਾਹਰ ਨਿੱਕਲ ਗਿਆ। ਉਸ ਵਕਤ ਜੋ ਖਤਰਾ ਮੈਨੂੰ ਮਹਿਸੂਸ ਹੋ ਰਿਹਾ ਸੀ ਤੇ ਮੈਨੂੰ ਜੋ ਲੱਗ ਰਿਹਾ ਸੀ ਕਿ ਮੈਨੂੰ ਕੋਈ ਦੇਖ ਰਿਹਾ ਹੈ, ਉਹ ਬਿਲਕੁਲ ਸੱਚ ਸੀ। ਉਸ ਬੰਦੇ ਨੇ ਮੈਨੂੰ ਦੇਖ ਲਿਆ ਸੀ ਤੇ ਉਹ ਵੀ ਬਹੁਤ ਘਬਰਾ ਗਿਆ ਸੀ ਕਿ ਕਿਤੇ ਮੈਂ ਉਸ ਘਰ ਵਿੱਚ ਵੜ ਨਾ ਜਾਵਾਂ। ਜੇ ਮੈਂ ਉਸ ਵਿਚ ਵੜਦਾ ਤਾਂ ਬਚਣਾ ਸੰਭਵ ਨਹੀਂ ਸੀ। ਉਸ ਬੰਦੇ ਨੇ ਬਾਹਰ ਜਾ ਕੇ ਸਾਨੂੰ ਸੁਨੇਹਾ ਵੀ ਭੇਜਿਆ ਕਿ ਉਸ ਦਿਨ ਕਾਰ ਵਿੱਚ ਮੈਂ ਬੈਠਾ ਸੀ ਤੇ ਤੁਹਾਨੂੰ ਇਸ ਤਰ੍ਹਾਂ ਦਿਨ ਵਿੱਚ ਬਾਹਰ ਨਹੀਂ ਨਿੱਕਲਣਾ ਚਾਹੀਦਾ। ਰੱਬ ਦੀ ਮੇਹਰ ਕਰਕੇ ਸਾਰਿਆਂ ਦਾ ਬਚਾਅ ਹੋ ਗਿਆ। ਜੇ ਉਸ ਦੀ ਥਾਂ ਕੋਈ ਕਮਜੋਰ ਬੰਦਾ ਗੱਡੀ ਵਿਚ ਬੈਠਾ ਹੁੰਦਾ ਤਾਂ ਉਸ ਦਿਨ ਹੀ ਮੇਰਾ ਕੰਮ ਪੂਰਾ ਹੋ ਜਾਣਾ ਸੀ।

ਇਹ ਓਹਨਾਂ ਘਟਨਾਵਾਂ ਵਿਚੋਂ ਹੀ ਕੁਝ ਦਾ ਵਰਨਣ ਹੈ ਜੋ ਮੈਨੂੰ ਪਤਾ ਹਨ। ਹਾਲੇ ਪਤਾ ਨਹੀਂ ਕਿੰਨੀਆਂ ਹੀ ਹੋਰ ਅਜਿਹੀਆਂ ਹੋਣਗੀਆਂ ਜਿਹੜੀਆਂ ਬਾਰੇ ਸਾਨੂੰ ਪਤਾ ਨਹੀਂ ਹੈ। ਇਹ ਸਿਰਫ ਮੇਰੇ ਨਾਲ ਹੀ ਨਹੀਂ ਸਗੋਂ ਸਾਡੇ ਸਾਰਿਆਂ ਨਾਲ ਹੀ ਨਿਤ ਦਿਹਾੜੀ ਵਾਪਰਣ ਵਾਲਾ ਅਮਲ ਸੀ। ਅਕਾਲ ਪੁਰਖ ਦੀ ਰਜਾ ਬਿਨਾਂ ਏਨੇ ਸਬੱਬ ਨਹੀਂ ਬਣਦੇ ਹੁੰਦੇ। ਕੁਦਰਤੀ ਜੰਗਲਾਂ ਦੀ ਥਾਂ ਲੋਕਾਂ ਦੇ ਜੰਗਲ ਵਿਚ ਰਹਿਣ ਨਾਲ ਇਹ ਗੱਲ ਵਧੇਰੇ ਮਹਿਸੂਸ ਹੁੰਦੀ ਹੈ।

ਠਾਹਰਾਂ ਤੇ ਪੈਸੇ ਰੱਖਣ ਦਾ ਅਸਰ

ਇਹ ਕਹਾਣੀ ਬਹੁਤੀਆਂ ਕਹਾਣੀਆਂ ਦਾ ਇਕ ਨਮੂਨਾ ਹੈ। ਸਾਡੇ ਕਿਸੇ ਮਿੱਤਰ ਨੇ ਇੱਕ ਚੰਗੇ ਅਮੀਰ ਪਰਿਵਾਰ ਵਿੱਚ ਸਾਡੀ ਠਾਹਰ ਬਣਾਈ। ਉਹ ਦੋ ਭਰਾ ਸਨ ਪਰ ਇਕ ਨੂੰ ਸਾਡੇ ਬਾਰੇ ਕੁਝ ਨਹੀਂ ਸੀ ਪਤਾ। ਮੈਂ ਉੱਥੇ ਘੱਟ ਹੀ ਠਹਿਰਿਆ ਕਿਉਂਕਿ ਉਸ ਇਲਾਕੇ ਵਿੱਚ ਮੈਨੂੰ ਹੋਰ ਬਹੁਤ ਲੋਕ ਜਾਣਦੇ ਸੀ। ਮੈਂ ਉੱਥੇ ਪੰਦਰਾਂ ਲੱਖ ਰੁਪਈਆ ਰੱਖ ਦਿੱਤਾ ਜੋ ਕਿਸੇ ਲੋੜ ਸਮੇਂ ਵਰਤਿਆ ਜਾ ਸਕੇ। ਮੈਂ ਉਸ ਠਾਹਰ ਵਾਲੇ ਬਾਰੇ ਬਹੁਤਾ ਕੁਝ ਨਹੀਂ ਸੀ ਜਾਣਦਾ ਪਰ ਇਲਾਕੇ ਵਿਚ ਉਹ ਇਕ ਅਹਿਮ ਪਰਿਵਾਰ ਸੀ।

ਬਾਅਦ ਵਿੱਚ ਪਤਾ ਲੱਗਿਆ ਕਿ ਵੱਡਾ ਭਰਾ ਜਿਸ ਕੋਲ ਸਾਡੀ ਠਾਹਰ ਸੀ, ਪੈਸਾ ਉਸਦੀ ਕਮਜ਼ੋਰੀ ਸੀ ਤੇ ਪੈਸੇ ਖਾਤਰ ਪਹਿਲਾਂ ਉਹ ਅਪਰਾਧ ਵਿਚ ਵੀ ਸ਼ਾਮਲ ਰਿਹਾ ਸੀ। ਓਹਨਾਂ ਦਾ ਆਪਣਾ ਕੋਈ ਕਾਰੋਬਾਰ ਸੀ ਤੇ ਉਹਨੇ ਕੁਝ ਪੈਸਾ ਕਾਰੋਬਾਰ ਵਿੱਚ ਲਾ ਦਿੱਤਾ। ਬਾਅਦ ਵਿਚ ਓਹਨਾਂ ਦੋਵਾਂ ਭਰਾਵਾਂ ਦੀ ਆਪਸ ਵਿੱਚ ਲੜਾਈ ਹੋ ਕੇ ਘਰ-ਕਾਰੋਬਾਰ ਦੀ ਵੰਡ ਵੰਡਾਈ ਹੋ ਗਈ। ਛੋਟੇ ਭਰਾ ਨੇ ਲੁਧਿਆਣੇ ਜਾ ਕੇ ਮੌਕੇ ਦੇ ਐਸਪੀ ਰਾਜ ਕ੍ਰਿਸ਼ਨ ਬੇਦੀ ਨੂੰ ਦੱਸ ਦਿੱਤਾ ਕਿ ਉਹਦੇ ਵੱਡੇ ਭਰਾ ਕੋਲ ਦਲਜੀਤ ਸਿੰਘ ਆਉਂਦਾ ਹੈ। ਓਹਨਾਂ ਦੇ ਪੈਸੇ ਵੀ ਉਹਦੇ ਕੋਲ ਪਏ ਹਨ। ਉਸ ਵੇਲੇ ਐਸਪੀ ਰਾਜ ਕ੍ਰਿਸ਼ਨ ਬੇਦੀ ਸਾਨੂੰ ਬੁਰੀ ਤਰ੍ਹਾਂ ਭਾਲ ਰਿਹਾ ਸੀ ਜੋ ਉਹਦੇ ਵੱਡੇ ਭਰਾ ਨੂੰ ਪਹਿਲਾਂ ਹੀ ਜਾਣਦਾ ਸੀ ਕਿਉਂਕਿ ਉਹਨੇ ਉਸ ਨੂੰ ਜੁਰਮ ਵਿੱਚ ਪਹਿਲਾਂ ਵੀ ਫੜਿਆ ਸੀ। ਬੇਦੀ ਨੇ ਉਸ ਨੂੰ ਆਪਣੇ ਵਿਸ਼ਵਾਸ ਵਿੱਚ ਲੈ ਲਿਆ ਤੇ ਪੁਲਿਸੀਆ ਤਰੀਕੇ ਨਾਲ ਸਮਝਾਇਆ ਕਿ 'ਜੇ ਤੂੰ ਸਾਡਾ ਸਾਥ ਨਹੀਂ ਦਿੰਦਾ ਤਾਂ ਅੱਗੇ ਮੌਤ ਹੈ। ਜੇ ਤੂੰ ਸਾਡਾ ਸਾਥ ਦੇਵੇਂ ਤਾਂ ਤੇਰੇ ਬਾਰੇ ਕਿਸੇ ਨੂੰ ਵੀ ਪਤਾ ਨਹੀਂ ਲੱਗੇਗਾ, ਇਹ ਪੈਸਾ ਵੀ ਤੇਰਾ ਅਤੇ ਸਰਕਾਰ ਤੈਨੂੰ ਹੋਰ ਬਹੁਤ ਇਨਾਮ ਦੇਵੇਗੀ। ਤੇਰੇ ਸਾਰੇ ਕੰਮ ਹੋ ਜਾਣਗੇ, ਤੂੰ ਇਨ੍ਹਾਂ ਨੂੰ ਫੜਾ ਦੇ। ਆਪਾਂ ਫੜਾਂਗੇ ਵੀ ਇਸ ਤਰੀਕੇ ਨਾਲ ਕਿ ਕਿਸੇ ਨੂੰ ਤੇਰੇ ਉਤੇ ਸ਼ੱਕ ਵੀ ਨਹੀਂ ਹੋਊ।' ਉਹਨੇ ਕਿਸੇ ਤਰ੍ਹਾਂ ਬੇਦੀ ਦੀ ਗੱਲ ਮੰਨ ਲਈ ਤੇ ਪੂਰੀ ਤਰ੍ਹਾਂ

ਨਾਲ ਓਹਨਾਂ ਨਾਲ ਰਲ ਗਿਆ। ਸਾਨੂੰ ਇਸ ਬਾਰੇ ਕੋਈ ਪਤਾ ਨਹੀਂ ਸੀ।

ਮੈਂ ਓਹਨਾਂ ਦੇ ਘਰ ਪਹਿਲਾਂ ਹੀ ਬਹੁਤ ਘੱਟ ਜਾਂਦਾ ਸੀ ਤੇ ਠਾਹਰ ਦੇਣ ਵਾਲਾ ਮਿੱਤਰ ਵੀ ਬਾਹਰ ਚਲਾ ਗਿਆ। ਉਸ ਤੋਂ ਬਾਅਦ ਮੇਰਾ ਓਥੇ ਜਾਣ ਹੀ ਨਾ ਹੋਇਆ। ਦੂਜੇ ਪਾਸੇ ਇਹ ਬੰਦਾ ਜੋ ਲੁਕ ਕੇ ਮੈਨੂੰ ਫੜਾਉਣ ਲਈ ਸਹਿਮਤ ਹੋਇਆ ਸੀ। ਹੁਣ ਉਹ ਲੁਧਿਆਣਾ ਪੁਲਿਸ ਦੀ ਖਾਸ ਗਸ਼ਤੀ ਟੋਲੀ ਨਾਲ ਮੇਰੇ ਪਿੱਛੇ ਫਿਰਨ ਲੱਗ ਪਿਆ। ਜਿੱਥੇ ਮੇਰੇ ਹੋਣ ਬਾਰੇ ਅੰਦਾਜਾ ਹੁੰਦਾ ਕਿ ਇਸ ਇਲਾਕੇ ਵਿਚ ਹੋ ਸਕਦਾ ਹੈ ਉਥੇ ਇਹ ਕਾਲੇ ਸ਼ੀਸ਼ਿਆਂ ਵਾਲੀਆਂ ਗੱਡੀਆਂ ਵਿੱਚ ਜਾਣ ਲੱਗ ਪਿਆ।

ਮੈਂ ਇੱਕ ਵਾਰ ਮਨਜਿੰਦਰ ਸਿੰਘ ਈਸੀ ਨੂੰ ਉਥੇ ਲੈ ਕੇ ਗਿਆ ਕਿ ਤੁਸੀਂ ਇਸ ਠਾਹਰ ਨੂੰ ਵਰਤ ਸਕਦੇ ਹੋ ਤੇ ਇੱਥੇ ਪੈਸਾ ਵੀ ਪਿਆ ਹੈ। ਉਹ ਉਸ ਤੋਂ ਇੱਕ ਲੱਖ ਲੈ ਕੇ ਆ ਗਿਆ ਪਰ ਮੁੜ ਕੇ ਨਹੀਂ ਗਿਆ। ਇੱਕ ਵਾਰ ਮੈਂ ਤੇ ਅਵਤਾਰ ਸਿੰਘ ਦਾਊਮਾਜਰਾ ਰਿਕਸ਼ੇ ਵਿੱਚ ਜਾ ਰਹੇ ਸੀ ਤਾਂ ਇਹ ਬੰਦਾ ਭਾਈ ਬਾਲਾ ਚੌਂਕ ਵਿੱਚ ਕੁਦਰਤੀ ਸਾਨੂੰ ਮਿਲ ਗਿਆ। ਪੰਜ ਕੁ ਮਿੰਟ ਅਸੀਂ ਉੱਥੇ ਖੜ੍ਹ ਕੇ ਗੱਲਾਂ ਕੀਤੀਆਂ ਤੇ ਚਲੇ ਗਏ। ਕੁਝ ਦਿਨਾਂ ਬਾਅਦ ਸਾਨੂੰ ਪੁਲਿਸ ਵਿੱਚੋਂ ਸਾਡੇ ਇੱਕ ਸੂਤਰ ਰਾਹੀਂ ਪਤਾ ਚੱਲਿਆ ਕਿ ਜਿਸ ਦਿਨ ਅਸੀਂ ਉਸ ਨੂੰ ਮਿਲੇ ਸੀ ਉਸ ਰਾਤ ਸਾਡੀਆਂ ਸਾਰੀਆਂ ਪੁਰਾਣੀਆਂ ਠਾਹਰਾਂ, ਸਾਡੇ ਰਾਬਤੇ ਦੇ ਬੰਦੇ ਤੇ ਹੋਰ ਲੁਧਿਆਣੇ ਦੀਆਂ ਮੁੱਖ ਥਾਵਾਂ ਤੇ ਪੁਲਿਸ ਮੈਨੂੰ ਲੱਭਦੀ ਰਹੀ। ਉਸ ਵਕਤ ਸਾਨੂੰ ਕੋਈ ਸਮਝ ਨਾ ਲੱਗੀ ਕਿ ਇਸ ਦਾ ਮਤਲਬ ਕੀ ਹੈ ਪਰ ਮੈਂ ਇਹ ਜਰੂਰ ਯਾਦ ਕਰ ਲਿਆ ਕਿ ਉਸ ਦਿਨ ਸਾਨੂੰ ਕੌਣ-ਕੌਣ ਮਿਲਿਆ ਤੇ ਓਹਨਾਂ ਬੰਦਿਆਂ ਬਾਰੇ ਥੋੜ੍ਹਾ ਸੁਚੇਤ ਹੋ ਗਏ। ਅਸਲ ਵਿੱਚ ਇਹ ਬੰਦਾ ਉਸੇ ਵਕਤ ਬੇਦੀ ਕੋਲ ਚਲਿਆ ਗਿਆ ਤੇ ਓਹਨਾਂ ਨੇ ਮੈਨੂੰ ਲੱਭਣ ਲਈ ਜੋ ਕੁਝ ਕਰ ਸਕਦੇ ਸੀ, ਉਹ ਕੀਤਾ। ਕੁਦਰਤੀ ਹੀ ਉਸ ਵੇਲੇ ਤੱਕ ਅਸੀਂ ਕਿਸੇ ਪੁਰਾਣੇ ਸੰਪਰਕ ਵਿੱਚ ਨਹੀਂ ਰਹੇ ਸੀ।

ਇਹ ਘਟਨਾ ਤੋਂ ਕੁਝ ਮਹੀਨਿਆਂ ਬਾਅਦ ਮੈਨੂੰ ਬਾਹਰ ਵਾਲੇ ਉਹ ਸਿੰਘ ਦਾ ਸੁਨੇਹਾ ਆਇਆ, ਜਿਸ ਨੇ ਠਾਹਰ ਬਣਵਾਈ ਸੀ। ਉਹਨੇ ਕਿਹਾ ਕਿ ਉਹ ਠਾਹਰ ਹੁਣ ਬਹੁਤੇ ਬਚਾਅ ਵਾਲੀ ਨਹੀਂ ਕਿਉਂਕਿ ਭਰਾਵਾਂ ਵਿੱਚ ਲੜਾਈ ਹੋ ਗਈ ਹੈ ਤੇ ਛੋਟੇ ਭਰਾ ਨੂੰ ਤੁਹਾਡੇ ਬਾਰੇ ਪਤਾ ਹੈ। ਉਹਨੂੰ ਕੁਝ ਹੋਰ ਪਤਾ ਨਹੀਂ ਸੀ ਕਿ ਗੱਲ ਕਿੱਥੇ ਤੱਕ ਵਿਗੜ ਚੁੱਕੀ ਹੈ। ਇਹ ਕੋਈ ੧੯੮੮ ਦੀ ਗੱਲ ਹੈ, ਓਹਨਾਂ ਦਿਨਾਂ ਚ ਜਲੰਧਰ ਸ਼ਹਿਰ ਵਿਚ ਸਾਡਾ ਕਾਫੀ ਆਉਣ ਜਾਣ ਸੀ। ਇਹ ਗੱਲ ਲੁਧਿਆਣੇ ਪੁਲਿਸ ਤੱਕ ਵੀ ਪਹੁੰਚ ਗਈ ਕਿ ਹੁਣ ਸਾਡਾ ਗੇੜਾ ਲੁਧਿਆਣੇ ਦੀ ਥਾਂ ਜਲੰਧਰ ਹੈ। ਇੱਕ ਦਿਨ ਮੈਂ ਦੁਪਹਿਰ ਦੇ ਵਕਤ ਪਟਿਆਲੇ ਨੂੰ ਬੱਸ ਫੜਨ ਲਈ ਅੱਡੇ ਦੇ ਪਿਛਲੇ ਪਾਸੋਂ ਦੀ ਆ ਕੇ ਸਿੱਧਾ ਖੜ੍ਹੀ ਬੱਸ ਵਿੱਚ ਬੈਠ ਗਿਆ। ਬੱਸ ਖਾਲੀ ਸੀ ਤੇ ਤੁਰਨ ਚ ਹਾਲੇ ਪੰਦਰਾਂ ਕੁ

ਮਿੰਟ ਦਾ ਸਮਾਂ ਸੀ। ਮੈਂ ਅਖਬਾਰ ਲੈ ਕੇ ਪੜ੍ਹਨ ਲੱਗ ਪਿਆ। ਮੈਨੂੰ ਅੰਦਰ ਬੈਠੇ ਨੂੰ ਇੰਝ ਲੱਗਿਆ ਕਿ ਪਿਛਲੇ ਪਾਸੇ ਨੂੰ ਕਿਤਾਬਾਂ ਅਤੇ ਚਾਹ ਦੀਆਂ ਦੁਕਾਨਾਂ ਵੱਲ ਨੂੰ ਦੇਖਾਂ। ਇਹ ਇਸ ਤਰ੍ਹਾਂ ਹੈ ਕਿ ਕਈ ਵਾਰ ਅਚਨਚੇਤ ਬਿਨਾਂ ਕਿਸੇ ਕਾਰਨ ਤੁਸੀਂ ਕਿਸੇ ਬੰਦੇ ਜਾਂ ਦਿਸ਼ਾ ਵੱਲ ਦੇਖਣ ਲਈ ਮਜਬੂਰ ਹੋ ਜਾਂਦੇ ਹੋ। ਇਹ ਕੋਈ ਸੋਚ ਕੇ ਕੀਤਾ ਫੈਸਲਾ ਨਹੀਂ ਹੁੰਦਾ। ਜਦੋਂ ਤੁਸੀਂ ਉੱਧਰ ਦੇਖਦੇ ਹੋ ਤਾਂ ਤੁਹਾਨੂੰ ਪਤਾ ਲਗਦਾ ਹੈ ਕਿ ਉੱਥੇ ਤੁਹਾਡੇ ਵੱਲ ਕੋਈ ਦੇਖ ਰਿਹਾ ਹੈ ਜਾਂ ਕੁਝ ਐਸਾ ਹੁੰਦਾ ਹੈ ਜਿਸ ਨਾਲ ਤੁਹਾਡਾ ਸਬੰਧ ਹੈ। ਇਹਦੀ ਕੋਈ ਤਰਕਮਈ ਵਿਆਖਿਆ ਤਾਂ ਹੈ ਨਹੀਂ ਪਰ ਮੈਂ ਬਹੁਤ ਵਾਰ ਇਸ ਨੂੰ ਅਜਮਾਇਆ ਹੈ।

ਜਦੋਂ ਮੈਂ ਬੱਸ ਵਿਚੋਂ ਉਧਰ ਦੇਖਿਆ ਤਾਂ ਉਥੇ ਓਹਨਾਂ ਠਾਹਰ ਵਾਲੇ ਭਰਾਵਾਂ ਵਿਚੋਂ ਵੱਡਾ ਭਰਾ ਇੱਕ ਥਮ੍ਹਲੇ ਦੇ ਪਿੱਛੇ ਐਨਕ ਲਾਈ ਤੇ ਦਾੜ੍ਹੀ ਬੰਨ੍ਹੀ ਖੜ੍ਹਾ ਸੀ। ਮੇਰਾ ਦਿਲ ਉਸੇ ਤਰ੍ਹਾਂ ਧੜਕਿਆ, ਜਿਸ ਤਰ੍ਹਾਂ ਖਤਰੇ ਦੀ ਸੂਹ ਮਿਲਣ ਤੇ ਧੜਕਦਾ ਹੈ। ਉਸ ਨੇ ਮੈਨੂੰ ਨਹੀਂ ਸੀ ਦੇਖਿਆ। ਮੈਂ ਖੜ੍ਹੀ ਬੱਸ ਵਿੱਚ ਬੈਠਾ ਸੀ ਤੇ ਮੈਂ ਬਾਹਰ ਖੜ੍ਹੀਆਂ ਬੱਸਾਂ ਵਿਚ ਦੀ ਹੀ ਆ ਕੇ ਚੜ੍ਹਿਆ ਸੀ। ਪੂਰੇ ਅੱਡੇ ਵਿੱਚ ਨਹੀਂ ਸੀ ਵੜਿਆ। ਇਸ ਤਰ੍ਹਾਂ ਬਚਾਅ ਵਜੋਂ ਕੀਤਾ ਸੀ। ਮੈਂ ਦੇਖਿਆ ਕਿ ਉਹ ਬੰਦਾ ਅੱਡੇ ਵਿਚ ਸਭ ਪਾਸੇ ਵੱਲ ਝਾਕ ਰਿਹਾ ਸੀ ਜਿਵੇਂ ਕਿਸੇ ਨੂੰ ਲੱਭ ਰਿਹਾ ਹੋਵੇ। ਉਸ ਦੀ ਏਥੇ ਹੋਣ ਦੀ ਕੋਈ ਤੁਕ ਨਹੀਂ ਸੀ ਬਣਦੀ। ਉਹ ਤਾਂ ਕਾਰ ਵਿੱਚ ਸਫਰ ਕਰਦਾ ਸੀ। ਮੈਨੂੰ ਉਹਦੇ ਬਾਰੇ ਕੁਝ ਪੱਕਾ ਪਤਾ ਤਾਂ ਨਹੀਂ ਸੀ ਪਰ ਜੋ ਬਾਹਰ ਵਾਲੇ ਦੋਸਤ ਨੇ ਕਿਹਾ ਸੀ ਤੇ ਫਿਰ ਉਸ ਨੂੰ ਮਿਲਣ ਵਾਲੇ ਦਿਨ ਸਾਰੀਆਂ ਥਾਂਵਾਂ 'ਤੇ ਪੁਲਿਸ ਦੇ ਛਾਪੇ ਪੈਣੇ ਤੇ ਹੁਣ ਜਿਸ ਤਰ੍ਹਾਂ ਉਹ ਇੱਥੇ ਕੁਝ ਭੇਸ ਬਦਲ ਕੇ ਜਿਵੇਂ ਕੁਝ ਲੱਭਦਾ ਹੋਵੇ ਫਿਰ ਰਿਹਾ ਸੀ। ਇਹ ਸਭ ਕੁਝ ਸ਼ੱਕੀ ਸੀ। ਮੇਰੇ ਦਿਲ ਨੇ ਜੋ ਮਹਿਸੂਸ ਕੀਤਾ ਤੇ ਮੇਰੇ ਮਨ ਨੇ ਮੈਨੂੰ ਬੇਵਜ੍ਹਾ ਪਿੱਛੇ ਮੁੜਕੇ ਦੇਖਣ ਲਈ ਮਜਬੂਰ ਕੀਤਾ, ਉਸ ਦਾ ਮਤਲਬ ਸੀ ਕਿ ਕੋਈ ਗੰਭੀਰ ਖਤਰਾ ਹੈ। ਮੈਂ ਇੱਕਦਮ ਸੀਟ 'ਤੇ ਲੰਮਾ ਪੈ ਗਿਆ। ਬਸ ਵਿਚ ਥੋੜ੍ਹੀਆ ਹੀ ਸਵਾਰੀਆਂ ਸਨ ਤੇ ਦਸ ਕੁ ਮਿੰਟ ਬਾਅਦ ਉਹ ਤੁਰ ਪਈ।

ਇਸ ਘਟਨਾ ਤੋਂ ਬਾਅਦ ਮੈਂ ਉਸ ਬੰਦੇ ਨੂੰ ਸ਼ੱਕ ਦੇ ਘੇਰੇ ਵਿਚ ਲੈ ਆਂਦਾ ਤੇ ਮਨਜਿੰਦਰ ਸਿੰਘ ਈਸੀ ਨੂੰ ਵੀ ਕਹਿ ਦਿੱਤਾ ਕਿ ਉੱਥੇ ਨਹੀਂ ਜਾਣਾ। ਇਹ ਮੇਰਾ ਅੰਦਾਜਾ ਸੀ ਪਰ ਹਾਲੇ ਕੁਝ ਪੱਕਾ ਨਹੀਂ ਸੀ ਪਤਾ। ਜੇ ਅਸੀਂ ਚਾਹੁੰਦੇ ਤਾਂ ਉਸ ਨੂੰ ਕੁਝ ਵੀ ਕਰ ਸਕਦੇ ਸੀ। ਮੈਂ ਇਹਦੇ ਵਿੱਚ ਹੀ ਭਲਾ ਸਮਝਿਆ ਕਿ ਚਲੋ ਪਰਮਾਤਮਾ ਨੇ ਖਬਰਦਾਰ ਕੀਤਾ ਹੈ। ਜਦੋਂ ਪਾਰੋਂ ਆ ਕੇ ੧੯੯੨ ਵਿੱਚ ਪੈਸੇ ਦੀ ਜਰੂਰਤ ਵੀ ਪਈ ਫੇਰ ਵੀ ਮੈਂ ਉਸ ਨੂੰ ਛੱਡ ਦਿੱਤਾ ਕਿਉਂਕਿ ਮੈਨੂੰ ਪਤਾ ਸੀ ਕਿ ਜੇ ਪੈਸਾ ਲੈਣ ਗਏ ਤਾਂ ਉਸ ਨੂੰ ਮਾਰਨਾ ਪੈ ਸਕਦਾ ਹੈ। ਉਸ ਦੇ ਮਰਨ ਨਾਲ ਇਕ ਵੱਡੇ ਹਿੱਸੇ ਵਿੱਚ ਮਾੜਾ

ਪ੍ਰਭਾਵ ਪੈਣਾ ਸੀ। ਇਸ ਕਰਕੇ ਮੈਂ ਉਸ ਨੂੰ ਮਨ ਚੋਂ ਭੁਲਾ ਦਿੱਤਾ ਤੇ ਉਹਦਾ ਮਾਮਲਾ ਪਰਮਾਤਮਾ ਦੇ ਹਵਾਲੇ ਛੱਡ ਦਿੱਤਾ।

ਜਦੋਂ ਮੈਂ ੧੯੯੬ ਵਿਚ ਫੜਿਆ ਗਿਆ ਤੇ ਲੁਧਿਆਣਾ ਪੁਲਿਸ ਕੋਲ ਸੀ ਤਾਂ ਇਕ ਦਿਨ ਇਕ ਵੱਡਾ ਅਫਸਰ ਆਇਆ, ਜਿਹੜਾ ਪਹਿਲਾਂ ਕਾਫੀ ਥਾਈਂ ਲੁਧਿਆਣੇ ਤਾਇਨਾਤ ਰਿਹਾ ਸੀ। ਉਸ ਨੇ ਮੇਰੇ ਤੋਂ ਪੁੱਛਿਆ ਕਿ ਤੇਰੀ ਤਫਤੀਸ਼ ਵਿਚ ਉਹ ਬੰਦੇ ਦਾ ਨਾਂ ਕਿਤੇ ਨਹੀਂ ਆਇਆ ਜਿਸ ਨੂੰ ਤੂੰ ਪੰਦਰਾਂ ਲੱਖ ਰੁਪਿਆ ਦਿੱਤਾ ਸੀ। ਜਿਹੜਾ ਕਈ ਸਾਲ ਸਾਡੇ ਨਾਲ ਸ਼ਰਾਬ ਪੀਂਦਾ ਰਿਹਾ ਤੇ ਤੈਨੂੰ ਲੱਭਦਾ ਰਿਹਾ। ਮੈਂ ਸੱਚਮੁੱਚ ਹੀ ਉਸ ਨੂੰ ਭੁੱਲ ਚੁੱਕਿਆ ਸੀ ਤੇ ਉਸ ਦਾ ਨਾਂ ਸੁਣਦਿਆਂ ਹੀ ਉਹ ਸਾਰੇ ਖਦਸ਼ੇ ਸੱਚ ਹੋ ਗਏ। ਮੈਂ ਮੁਸਕਰਾ ਕੇ ਕਿਹਾ ਕਿ ਮੈਨੂੰ ਉਹਦੇ ਬਾਰੇ ਯਾਦ ਨਹੀਂ, ਭੁੱਲ ਹੀ ਗਿਆ ਸੀ। ਉਸ ਨੇ ਕਿਹਾ ਕਿ ਤਾਂ ਹੀ ਤੂੰ ਬਚ ਗਿਆ। ਫੇਰ ਉਸ ਨੇ ਕਿਹਾ ਕਿ "ਬੰਦਾ ਬਹੁਤ ਕਮੀਨਾ ਹੋ ਸਕਦੈ।" ਅਗਲੇ ਦਿਨ ਓਹਨਾਂ ਨੇ ਉਸ ਬੰਦੇ ਨੂੰ ਬੁਲਾਇਆ। ਉਹ ਤਾਂ ਨਹੀਂ ਆਇਆ ਪਰ ਉਹਦਾ ਲਾਚਾਰ ਪਿਉ ਕੁਝ ਘੰਟੇ ਸ਼ਰਮਿੰਦਾ ਜਿਹਾ ਹੋ ਕੇ ਉੱਥੇ ਸੀਆਈਏ ਸਟਾਫ ਵਿਚ ਬੈਠਾ ਰਿਹਾ। ਉਸ ਤੋਂ ਬਾਅਦ ਮੈਂ ਫਿਰ ਓਹਨਾਂ ਨੂੰ ਆਪਣੇ ਜਿਹਨ ਚੋਂ ਕੱਢ ਦਿੱਤਾ ਕਿ ਇਨ੍ਹਾਂ ਨਾਲ ਹਿਸਾਬ ਕਿਤਾਬ ਪਰਮਾਤਮਾ ਹੀ ਕਰੇਗਾ।

ਜਿਸ ਪੁਲਿਸ ਅਫਸਰ ਨੇ ਇਸ ਬੰਦੇ ਬਾਰੇ ਗੱਲ ਕੀਤੀ ਸੀ, ਉਹ ਆਪ ਵੀ ਸਾਡੇ ਬਹੁਤ ਬਰਖਿਲਾਫ ਰਿਹਾ ਤੇ ਉਸ ਨੇ ਚੋਟੀ ਦੇ ਸਿੰਘਾਂ ਨੂੰ ਸ਼ਹੀਦ ਕੀਤਾ। ਉਸ ਦੀ ਨਿਗਾਹ 'ਚ ਵੀ ਉਹ ਬੰਦੇ ਲਈ ਕੋਈ ਸਤਿਕਾਰ ਨਹੀਂ ਸੀ। ਗੱਦਾਰਾਂ ਤੇ ਮੁਖਬਰਾਂ ਦਾ ਇਹੋ ਹੀ ਹਾਲ ਹੁੰਦਾ ਹੈ। ਸਭ ਓਹਨਾਂ ਨੂੰ ਨਫਰਤ ਨਾਲ ਦੇਖਦੇ ਹਨ ਤੇ ਮਾੜਾ ਸਮਝਦੇ ਹਨ ਪਰ ਕੰਮ ਲੈਣ ਲਈ ਓਹਨਾਂ ਨੂੰ ਹਰ ਤਰੀਕੇ ਨਾਲ ਪਾਲਦੇ, ਪੋਸ਼ਦੇ ਤੇ ਸ਼ਿੰਗਾਰਦੇ ਹਨ। ਅਕਸਰ ਇਨ੍ਹਾਂ ਲੋਕਾਂ ਦਾ ਅੰਤ ਬਹੁਤ ਮਾੜਾ ਹੁੰਦਾ ਹੈ। ਕਈ ਵਾਰ ਤਾਂ ਸਰਕਾਰ ਹੀ ਇਨ੍ਹਾਂ ਨੂੰ ਮਾਰ ਦਿੰਦੀ ਹੈ ਤੇ ਕਈ ਵਾਰ ਇਹ ਅਪਰਾਧ ਵਿਚ ਜਾਂ ਨਸ਼ਿਆਂ ਵਿੱਚ ਡੁੱਬ ਕੇ ਮਰ ਜਾਂਦੇ ਹਨ। ਇਨ੍ਹਾਂ ਦੇ ਪਰਿਵਾਰਾਂ ਲਈ ਵੀ ਬਹੁਤ ਔਖਾ ਹੋ ਜਾਂਦਾ ਹੈ। ਪੁਲਿਸ ਵੱਲੋਂ ਕਈ ਥਾਈਂ ਇਨ੍ਹਾਂ ਦੇ ਪਰਿਵਾਰਾਂ ਦਾ ਵੀ ਸ਼ੋਸ਼ਣ ਹੁੰਦਾ ਹੈ ਕਿਉਂਕਿ ਲੋਕਾਂ ਵਿਚ ਓਹਨਾਂ ਬਾਰੇ ਗੱਲ ਫੈਲ ਗਈ ਹੁੰਦੀ ਹੈ ਤੇ ਕੋਈ ਉਹਨਾਂ ਦੀ ਮਦਦ ਲਈ ਨਹੀਂ ਬਹੁੜਦਾ ਤੇ ਪਰਿਵਾਰ ਵੀ ਮਜਬੂਰ ਹੋ ਜਾਂਦੇ ਹਨ।

ਪਾਠ : ੧੧

ਜਰਵਾਣੇ ਦਾ ਬਚਾਅ

ਜੰਮਣ ਤੇ ਮਰਨ ਕਰਤਾ ਪੁਰਖ ਦੇ ਵੱਸ ਹੈ। ਮਨੁੱਖ ਆਪਣੀ ਮਤ ਅਤੇ ਇੱਛਾ ਸ਼ਕਤੀ ਨਾਲ ਬਹੁਤ ਕੋਸ਼ਿਸ਼ ਕਰਦਾ ਹੈ ਤੇ ਕੋਸ਼ਿਸ਼ ਦੀ ਵੀ ਅਹਿਮੀਅਤ ਹੈ ਪਰ ਅੰਤ ਨੂੰ ਹੁੰਦਾ ਓਹੀ ਹੈ ਜੋ ਕਰਤੇ ਨੂੰ ਮਨਜ਼ੂਰ ਹੈ। ਅਸੀਂ ਪੰਥ ਦੇ ਕਈ ਦੁਸ਼ਮਣਾਂ ਨੂੰ ਸੋਧਣ ਦੀ ਬਹੁਤ ਕੋਸ਼ਿਸ਼ ਕੀਤੀ ਪਰ ਉਹ ਫਿਰ ਵੀ ਬਚਦੇ ਰਹੇ। ਰੱਖਣ ਵਾਲਾ ਸਦਾ ਡਾਢਾ ਹੈ। ਹੋਣੀ, ਕਿਸਮਤ ਅਤੇ ਭਾਣੇ ਦੀ ਆਪਣੀ ਹੀ ਲੀਲਾ ਹੈ ਇਹ ਪੂਰੀ ਤਰ੍ਹਾਂ ਸਮਝ ਗੋਚਰੇ ਨਹੀਂ ਹੈ ਪਰ ਜਿੰਦਗੀ ਦੇ ਕਿਸੇ ਪੜਾਅ ਤੇ ਆ ਕੇ ਇਹ ਜਰੂਰ ਸਮਝ ਆ ਜਾਂਦਾ ਹੈ ਕਿ ਇਹ ਸਾਰੀ ਖੇਡ ਨੂੰ ਕਰਤਾਰੀ ਸ਼ਕਤੀ ਦੇਖ ਅਤੇ ਚਲਾ ਰਹੀ ਹੈ। ਕੋਈ ਸਬੱਬ ਐਸਾ ਬਣਦਾ ਹੈ ਜਾਂ ਕਲਾ ਐਸੀ ਵਰਤਦੀ ਹੈ ਕਿ ਉਹ ਕੁਝ ਸਮੇਂ ਲਈ ਛਾਈ ਹੋਈ ਧੁੰਦ ਨੂੰ ਚੁੱਕ ਦਿੰਦੀ ਹੈ ਤੇ ਮਨੁੱਖੀ ਮਨ ਨੂੰ ਆਪਣੀ ਤੁਛਤਾ ਅਤੇ ਕਾਦਰ ਦੀ ਵਡਿੱਤਣ ਦੇ ਵਿਸਮਾਦੀ ਅਹਿਸਾਸ ਨਾਲ ਭਰ ਦਿੰਦੀ ਹੈ।

ਇਥੇ ਸਿਰਫ ਵੈਰੀ ਦੇ ਬਚਣ ਦੀਆਂ ਕੁਝ ਘਟਨਾਵਾਂ ਦਾ ਜਿਕਰ ਹੈ। ਉਹਦੇ ਨਾਲ ਟਾਕਰਿਆਂ ਦਾ ਜਿਕਰ ਅਗਲੇ ਭਾਗ ਵਿਚ ਕਰਨਾ ਹੈ।

ਹਰਿਆਣੇ ਦਾ ਮੁੱਖ ਮੰਤਰੀ ਭਜਨ ਲਾਲ

ਸੰਘਰਸ਼ ਵਿਚ ਦੁਸ਼ਮਣ ਧਿਰ ਦੇ ਕੁਝ ਨਾਂ ਐਸੇ ਸਨ ਜਿਹੜੇ ੧੯੮੪ ਤੋਂ ਵੀ ਪਹਿਲਾਂ ਹੀ ਸਿੰਘਾਂ ਲਈ ਰੜਕਵੇਂ ਸਨ ਪਰ ਅਕਾਲ ਪੁਰਖ ਵਲੋਂ ਉਹਨਾਂ ਦੀ ਏਵੇਂ ਹੀ ਲਿਖੀ ਹੋਈ ਸੀ ਕਿ ਉਹ ਸਿੰਘਾਂ ਦੇ ਹੱਥ ਨਹੀਂ ਆਏ ਜਾਂ ਹਾਲਾਤ ਐਸੇ ਬਣੇ ਕਿ ਉਹਨਾਂ ਨੂੰ ਸੋਧਿਆ ਨਹੀਂ ਜਾ ਸਕਿਆ। ਭਜਨ ਲਾਲ ਦਾ ਨਾਂ ਉਹਨਾਂ ਵਿਚੋਂ ਸਭ ਤੋਂ ਅਹਿਮ ਹੈ ਪਰ ਇਹ ਨਾਂ ਇਸ ਲਈ ਵੀ ਅਹਿਮ ਹੈ ਕਿ ਇਹਦੇ ਬਾਰੇ ਗਿਣਤੀ ਲਾਉਣੀ ਔਖੀ ਹੈ ਕਿ ਕਿੰਨੇ ਸਿੰਘਾਂ ਨੇ ਇਹ ਨੂੰ ਮਾਰਨ ਲਈ ਕਿੰਨੀ ਘਾਲਣਾ ਘਾਲੀ ਤੇ ਉਹ ਐਨੀ ਵਾਰ ਬਚਿਆ ਕਿ ਉਹਨੂੰ ਖੁਦ ਵੀ ਅੰਦਾਜਾ ਨਹੀਂ ਹੋਣਾ। ਕੁਝ ਸਾਲ ਪਹਿਲਾਂ ਜਦੋਂ ਭਜਨ ਲਾਲ ਇਹ ਦੁਨੀਆ ਤੋਂ ਤੁਰ ਗਿਆ ਤਾਂ ਕਈ ਸਿੰਘਾਂ ਨੂੰ ਇਹ ਗੱਲ ਦਾ ਅਫਸੋਸ ਹੋਇਆ ਕਿ ਇਹ ਸੁੱਕਾ ਹੀ ਚਲਾ ਗਿਆ।

੧੯੮੪ ਤੋਂ ਪਹਿਲਾਂ ਭਾਈ ਬਖਸ਼ੀਸ਼ ਸਿੰਘ ਮਾਲੋਵਾਲ ਅਤੇ ਲਾਭ ਸਿੰਘ ਹੁਰਾਂ ਦੇ ਜਥੇ ਨੇ ਦਿਲੀਓਂ ਆਉਂਦੇ ਭਜਨ ਲਾਲ ਤੇ ਹਮਲਾ ਕਰਨ ਦੀ ਵਿਉਂਤ ਬਣਾਈ ਸੀ। ਕਿਸੇ ਭੁਲੇਖੇ ਕਾਰਣ ਉਹਨਾਂ ਨੇ ਹਰਿਆਣਾ ਵਿਧਾਨ ਸਭਾ ਦੇ ਡਿਪਟੀ ਸਪੀਕਰ ਚੌਧਰੀ ਵੇਦਪਾਲ ਦੀ ਕਾਰ ਉਤੇ ਹਮਲਾ ਕਰ ਦਿੱਤਾ। ਇਸ ਹਮਲੇ ਵਿਚ ਉਹ ਆਪ ਵੀ ਜਖਮੀ ਹੋ ਗਏ ਤੇ ਬੜੇ ਔਖੇ ਹੋ ਕੇ ਉਥੋਂ ਨਿਕਲ ਕੇ ਪੰਜਾਬ ਵਾਪਸ ਆਏ। ਇਹਨਾਂ ਦਾ ਅਸਲ ਨਿਸ਼ਾਨਾ ਭਜਨ ਲਾਲ ਹੀ ਸੀ। ਸਪੀਕਰ ਨਾਲ ਕੋਈ ਮਸਲਾ ਨਹੀਂ ਸੀ। ਮਈ ੧੯੮੪ ਵਿਚ ਦਲਜੀਤ ਸਿੰਘ ਬਿੱਟੂ ਅਤੇ ਗੁਰਿੰਦਰ ਸਿੰਘ ਭੋਲੇ ਨੇ ਵੀ ਭਜਨ ਲਾਲ ਨੂੰ ਮਾਰਨ ਦੀ ਯੋਜਨਾ ਬਣਾਈ ਸੀ ਪਰ ਉਹ ਜੰਡਿਆਲੇ ਨੇੜੇ ਅਸਲੇ ਸਮੇਤ ਫੜੇ ਗਏ ਤੇ ਇਹ ਯੋਜਨਾ ਵੀ ਬਣੀ ਬਣਾਈ ਰਹਿ ਗਈ।

ਸਾਡੇ ਮੈਦਾਨੇ ਜੰਗ ਵਿਚ ਕੁੱਦਣ ਤੋਂ ਪਹਿਲਾਂ ਵੀ ਭਜਨ ਲਾਲ ਨੂੰ ਮਾਰਨ ਲਈ ਇੱਕ ਯੋਜਨਾਬੰਦੀ ਹੋਈ ਸੀ। ਕੋਈ ਇੱਕ ਬੰਦਾ ਇਹ ਸਾਰਾ ਕੰਮ ਕਰਨ ਨੂੰ ਤਿਆਰ ਸੀ। ਅਨੋਖ ਸਿੰਘ ਬਬਰ ਅਤੇ ਸੁਲੱਖਣ ਸਿੰਘ ਬਬਰ ਹੋਣਾਂ ਦੇ ਕਹਿਣ ਉਤੇ ਉਸ ਨੂੰ

ਉਸ ਵਕਤ (੧੯੮੫) ਵਿੱਚ ੫ ਥਾਮਸਨ ਗੰਨਾਂ, ਪੰਜ ਕੋਲਟ ਦੇ ੪੫ ਬੋਰ ਪਸਤੌਲ, ੧੦ ਓ ੩੬ ਦੇ ਹੱਥਗੋਲੇ ਅਤੇ ਤਿੰਨ ਲੱਖ ਰੁਪਿਆ ਦਿੱਤਾ ਸੀ। ਕਈ ਕਾਰਨਾਂ ਕਰਕੇ ਇਹ ਕੰਮ ਸਿਰੇ ਨਹੀਂ ਚੜ੍ਹ ਸਕਿਆ ਤੇ ਉਧਰੋਂ ਅਸੀਂ ਜੰਗੀ ਹੋ ਗਏ।

ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਜਿਉਂਦੇ ਜੀਅ ਉਹਦੇ ਲਈ ਯਤਨ ਸ਼ੁਰੂ ਹੋਏ ਸਨ ਪਰ ਸੰਤਾਂ ਦੇ ਬੋਲਾਂ ਕਾਰਣ ਹੀ ਉਹ ਬਚਦਾ ਰਿਹਾ। ਇਹਦਾ ਅੰਦਾਜ਼ਾ ਇਸ ਗੱਲ ਤੋਂ ਲੱਗ ਸਕਦਾ ਹੈ ਕਿ ਇਕ ਵਾਰ ਖਾਲਸਤਾਨ ਕਮਾਂਡੋ ਫੋਰਸ ਦੀਪ ਸਿੰਘ ਵਾਲੇ ਜਥੇ ਦੇ ਬਲਬੀਰ ਸਿੰਘ ਭੂਤਨੇ ਨੂੰ ਭਜਨ ਲਾਲ ਬਾਰੇ ਬੜੀ ਅਹਿਮ ਸੂਚਨਾ ਮਿਲੀ। ਮੱਧ ਪ੍ਰਦੇਸ਼ ਵਿੱਚ ਉਸ ਦੇ ਨਜਦੀਕੀ ਰਿਸ਼ਤੇਦਾਰ ਦੀ ਫੈਕਟਰੀ ਵਿਚ ਇਹ ਬਹੁਤ ਘੱਟ ਗਾਰਦ ਨਾਲ ਜਾਂਦਾ ਸੀ। ਉੱਥੇ ਸਿੰਘ ਸਾਮਾਨ ਲੈ ਕੇ ਭੇਸ ਬਦਲ ਕੇ ਪਹੁੰਚ ਗਏ। ਇਹ ਉੱਥੇ ਬਿਨਾ ਗਾਰਦ ਤੋਂ ਹੀ ਪਹੁੰਚ ਗਿਆ। ਓਹਨਾਂ ਦੋਵੇਂ ਸਿੰਘਾਂ ਵਿੱਚੋਂ ਇੱਕ ਨੇ ਕਿਹਾ ਕਿ ਇਹ ਤਾਂ ਬਹੁਤ ਸੌਖਾ ਕੰਮ ਹੈ ਕਿਉਂ ਨਾ ਆਪਾਂ ਇਹਨੂੰ ਕੱਲ੍ਹ ਤੇ ਛੱਡ ਦੇਈਏ ਤਾਂ ਕਿ ਸੰਤ ਜੀ ਦਾ ਕਿਹਾ ਬਚਨ ਵੀ ਪੂਰਾ ਹੋ ਜਾਵੇ। ਸੰਤ ਜੀ ਨੇ ਕਿਤੇ ਕਿਹਾ ਸੀ ਕਿ ਇਸ ਦੁਸ਼ਟ ਦਾ ਸਿਰ ਵੱਢਣਾ ਹੈ। ਓਹਨਾਂ ਨੇ ਇਹ ਅਗਲੇ ਦਿਨ ਤੇ ਪਾ ਦਿੱਤਾ। ਮੁੜ ਕੇ ਉਹ ਸਿੰਘਾਂ ਨੇ ਬਹੁਤ ਵਾਰ ਉਹਦੀ ਉਡੀਕ ਕੀਤੀ ਪਰ ਮੌਕਾ ਨਾ ਬਣਿਆ।

੧੯੮੫ ਵਿਚ ਵੀ ਜਦੋਂ ਭਜਨ ਲਾਲ ਵਿਦੇਸ਼ ਗਿਆ ਸੀ ਤਾਂ ਬਾਹਰਲੇ ਸਿੰਘਾਂ ਨੇ ਵੀ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਬੋਲ ਪੁਗਾਉਣ ਦਾ ਪੂਰਾ ਯਤਨ ਕੀਤਾ ਅਤੇ ਕੁਝ ਸਿੰਘਾਂ ਨੇ ਉਹ ਹੋਟਲ ਦਾ ਪਤਾ ਵੀ ਲਾ ਲਿਆ ਜਿਥੇ ਉਹ ਠਹਿਰਿਆ ਸੀ ਪਰ ਏਹਨਾਂ ਸਿੰਘਾਂ ਨੂੰ ਇਹ ਨਹੀਂ ਪਤਾ ਸੀ ਕਿ ਉਥੋਂ ਦੇ ਖੁਫੀਆ ਮਹਿਕਮੇ ਇਥੋਂ ਨਾਲੋਂ ਵਧੇਰੇ ਤੇਜ ਹਨ। ਉਹਨਾਂ ਨੇ ਬਹੁਤੇ ਸਿੰਘਾਂ ਨੂੰ ਕੁਝ ਕਰਨ ਤੋਂ ਪਹਿਲਾਂ ਹੀ ਐਨ ਮੌਕੇ ਉਤੇ ਗਿਰਫਤਾਰ ਕਰ ਲਿਆ ਅਤੇ ਮੁਕੱਦਮਾ ਬਣਾ ਦਿੱਤਾ।

ਇਸ ਹਮਲੇ ਕਾਰਣ ਭਾਈ ਲਾਲ ਸਿੰਘ ਰੂਪੋਸ਼ ਹੋ ਗਿਆ ਤੇ ਫਿਰ ਪਾਕਿਸਤਾਨ ਆ ਗਿਆ। ਭਾਈ ਅਮੰਦ ਸਿੰਘ ਦੀ ਅਮਰੀਕਾ ਵਿਚ ਕਾਰ ਹਾਦਸੇ ਵਿਚ ਮੌਤ ਹੋਈ ਜਿਸ ਬਾਰੇ ਸਿੱਖਾਂ ਦਾ ਯਕੀਨ ਹੈ ਕਿ ਭਾਰਤੀ ਏਜੰਸੀ ਨੇ ਕਰਵਾਇਆ ਸੀ। ਨਿਊ ਯਾਰਕ ਵਿਚ ਗੁਰਪਰਤਾਪ ਸਿੰਘ ਵਿਰਕ ਸਮੇਤ ਕਈ ਸਿੰਘਾਂ ਉਤੇ ਇਹ ਮੁਕਦਮਾ ਵੀ ਚੱਲਿਆ।

ਆਖਰੀ ਵਾਰ ਦਸਬੰਰ ੧੯੯੫ ਵਿਚ ਅੰਬਾਲੇ ਨੇੜੇ ਬਬਰ ਖਾਲਸਾ ਦੇ ਸਿੰਘ ਨੇ ਭਜਨ ਲਾਲ ਨੂੰ ਬੰਬ ਧਮਾਕੇ ਰਾਹੀਂ ਸੋਧਣ ਦੀ ਕੋਸ਼ਿਸ਼ ਕੀਤੀ ਪਰ ਉਹ ਕੋਸ਼ਿਸ਼ ਵੀ ਨਾਕਾਮ ਰਹੀ ਪਰ ਇਹਦੇ ਵਿਚ ਜਗਤਾਰ ਸਿੰਘ ਹਵਾਰੇ ਸਮੇਤ ਕਈ ਸਿੰਘਾਂ ਨੂੰ ਸਜਾ ਹੋ ਗਈ।

ੴ

ਲੁਧਿਆਣੇ ਦੇ ਐਸਐਸਪੀ ਉੱਤੇ ਹਮਲਾ

ਇਹ ਅਫਸਰ ੧੯੮੪ ਤੋਂ ਪਹਿਲਾਂ ਅੰਮ੍ਰਿਤਸਰ ਵਿਖੇ ਤਾਇਨਾਤ ਸੀ। ਇਸਨੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਸਿੰਘਾਂ ਖਿਲਾਫ ਮੁਹਿੰਮ ਚਲਾਈ ਹੋਈ ਸੀ। ਮਾਨਾਂਵਾਲਾ ਗੋਲੀ ਕਾਂਡ ਦਾ ਵੀ ਇਹੋ ਸੂਤਰਧਾਰ ਸੀ ਅਤੇ ਉਸੇ ਕਾਰਨ ਸਿੱਖਾਂ ਵਿੱਚ ਬਦਨਾਮੀ ਅਤੇ ਨਫਰਤ ਦਾ ਪਾਤਰ ਬਣ ਗਿਆ ਸੀ।

ਮਾਨਾਂਵਾਲਾ ਗੋਲੀ ਕਾਂਡ

ਐਸਐਸਪੀ ਅਮਿਤਾਬ ਪਾਂਡੇ ਦੀ ਗਿਣੀ ਮਿੱਥੀ ਸਕੀਮ ਅਧੀਨ ਪੁਲਿਸ ਨੇ ਅੰਮ੍ਰਿਤਸਰ ਜਿਲ੍ਹੇ ਦੇ ਮਾਨਾਂਵਾਲਾ ਪਿੰਡ ਦੀ ਪੁਲੀ ਉੱਤੇ ਨਾਕਾ ਲਾਇਆ ਹੋਇਆ ਸੀ। ਜਦੋਂ ਉੱਥੇ ਮੂੰਹ ਹਨੇਰੇ ਸਿੰਘਾਂ ਦੀ ਗੱਡੀ ਆਈ ਤਾਂ ਪੁਲਿਸ ਨੇ ਗੋਲੀਬਾਰੀ ਕਰ ਦਿੱਤੀ। ਇਸ ਗੱਡੀ ਵਿੱਚ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਜਥੇ ਦੇ ਸਿੰਘ ਸਨ। ਪੁਲਿਸ ਦੀ ਇਸ ਕਾਰਵਾਈ ਵਿੱਚ ਦੋ ਸਿੰਘ ਸ਼ਹੀਦ ਹੋ ਗਏ ਪਰ ਸਿੰਘ ਪੁਲਿਸ ਦੇ ਹੱਥ ਆਉਣ ਦੀ ਥਾਂ ਵਰ੍ਹਦੀਆਂ ਗੋਲੀਆਂ ਵਿੱਚੋਂ ਗੱਡੀ ਨੂੰ ਕੱਢ ਕੇ ਅੰਮ੍ਰਿਤਸਰ ਲੈ ਗਏ ਅਤੇ ਜਖਮੀ ਸਿੰਘਾਂ ਨੂੰ ਤਖਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਹਰਚਰਨ ਸਿੰਘ ਮਹਾਲੋਂ ਦੀ ਗੱਡੀ ਵਿੱਚ ਦਰਬਾਰ ਸਾਹਿਬ ਸੁਰੱਖਿਅਤ ਪਹੁੰਚਾ ਦਿੱਤਾ। ਇਹ ਉਸ ਵਕਤ ਦਾ ਸਭ ਤੋਂ ਵੱਡਾ ਵਾਕਿਆ ਸੀ। ਕਿਹਾ ਜਾਂਦਾ ਹੈ ਕਿ ਉਸ ਗੱਡੀ ਵਿੱਚ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੇ ਖੁਦ ਚੌਂਕ ਮਹਿਤਾ ਜਾਣਾ ਸੀ ਪਰ ਆਖਰੀ ਮੌਕੇ ਉਹ ਨਹੀਂ ਗਏ। ਐਸਐਸਪੀ ਅਮਿਤਾਬ ਪਾਂਡੇ ਨੂੰ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਜਾਣ ਬਾਰੇ ਸੂਹ ਸੀ, ਇਸ ਲਈ ਉਸਨੇ ਰਾਹ ਵਿੱਚ ਜਬਰਦਸਤ ਨਾਕਾ ਲਾਇਆ ਹੋਇਆ ਸੀ।

ਇਹ ਸੰਤਾਂ ਨੂੰ ਖਤਮ ਕਰਨ ਦੀ ਸਾਜਿਸ਼ ਸੀ। ਇਸ ਲਈ ਪੁਲਿਸ ਨੇ ਆਮ ਵਾਂਗ ਗੱਡੀ ਨੂੰ ਰੋਕ ਕੇ ਪੁੱਛਗਿੱਛ ਕਰਨ ਦੀ ਬਜਾਏ ਸਿੱਧੀ ਗੋਲੀਬਾਰੀ ਸ਼ੁਰੂ ਕੀਤੀ ਤਾਂ ਜੋ ਗੱਡੀ ਵਿਚ ਸਵਾਰ ਸਾਰੇ ਹੀ ਸਿੰਘਾਂ ਨੂੰ ਖਤਮ ਕਰ ਦਿੱਤਾ ਜਾਵੇ ਤੇ ਕੋਈ ਗਵਾਹ

ਤੱਕ ਨਾ ਬਚੇ। ਸੰਤਾਂ ਦੇ ਬਿਲਕੁਲ ਨੇੜਲਿਆਂ ਵਿੱਚੋਂ ਕਿਸੇ ਨੇ ਉਨ੍ਹਾਂ ਦੇ ਚੌਂਕ ਮਹਿਤਾ ਜਾਣ ਸਬੰਧੀ ਸੂਹ ਸਰਕਾਰ ਨੂੰ ਦਿੱਤੀ। ਇਹ ਘਟਨਾ ਦੇ ਬਾਅਦ ਸੰਤਾਂ ਨੇ ਇਸ ਗੱਲ ਦੀ ਬੜੀ ਬਾਰੀਕੀ ਤਫਤੀਸ ਕੀਤੀ ਤੇ ਉਨ੍ਹਾਂ ਨੂੰ ਪਤਾ ਵੀ ਲੱਗ ਗਿਆ ਸੀ ਪਰ ਉਨ੍ਹਾਂ ਨੇ ਕੋਈ ਕਾਰਵਾਈ ਨਹੀਂ ਕੀਤੀ। ਸ਼ਾਇਦ ਉਨ੍ਹਾਂ ਅੱਗੇ ਭਵਿੱਖ ਦੀ ਜੰਗ ਦਾ ਵੱਡਾ ਪਾਸਾਰ ਤੇ ਸ਼ਹਾਦਤ ਸਾਹਮਣੇ ਸੀ, ਜਿਸ ਕਰਕੇ ਉਨ੍ਹਾਂ ਨੇ ਇਸ ਸਬੰਧੀ ਕੌੜਾ ਘੁੱਟ ਭਰ ਲਿਆ। ਉਸ ਗੱਡੀ ਵਿੱਚ ਅਨੋਖ ਸਿੰਘ ਉਬੋਕੇ ਵੀ ਸੀ ਜਿਸਦਾ ਇਸ ਗੋਲੀਬਾਰੀ ਵਿੱਚ ਹੱਥ ਦਾ ਅੰਗੂਠਾ ਉੱਡ ਗਿਆ। ਅਨੋਖ ਸਿੰਘ ਉਬੋਕੇ ਦਮਦਮੀ ਟਕਸਾਲ ਦਾ ਖਾੜਕੂ ਸਿੰਘ ਸੀ, ਜਿਹੜਾ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਬਹੁਤ ਕਰੀਬੀਆਂ ਵਿੱਚੋਂ ਸੀ। ੧੯੮੪ ਤੋਂ ਬਾਅਦ ਇਸਨੇ ਫਿਰ ਹਥਿਆਰਬੰਦ ਸੰਘਰਸ਼ ਵਿੱਚ ਸ਼ਮੂਲੀਅਤ ਕੀਤੀ ਅਤੇ ਅਣਗਿਣਤ ਕੰਮ ਕੀਤੇ। ਮੈਂ ਇਸ ਸਿੰਘ ਨੂੰ ਕਦੇ ਨਹੀਂ ਮਿਲ ਸਕਿਆ ਪਰ ਸੁਖਵਿੰਦਰ ਸਿੰਘ ਛਿੰਦੂ ਇਸਦਾ ਮਿੱਤਰ ਸੀ ਤੇ ਇਸਨੂੰ ਮਿਲਦਾ ਰਹਿੰਦਾ ਸੀ। ਉਸਨੇ ਮੇਰੇ ਕੋਲ ਕਈ ਵਾਰ ਇਹ ਸਿੰਘ ਦਾ ਜਿਕਰ ਕੀਤਾ। ਕੁਝ ਸਮੇਂ ਬਾਅਦ ਇਹ ਸ਼ਹਾਦਤ ਪਾ ਗਿਆ।

੧੯੮੪ ਤੋਂ ਬਾਅਦ ਅਮਿਤਾਬ ਪਾਂਡੇ ਗੁਰਦਾਸਪੁਰ ਦਾ ਐਸਐਸਪੀ ਲੱਗ ਗਿਆ ਜਿੱਥੇ ਇਸਨੇ ਸਿੰਘਾਂ ਉੱਤੇ ਬਹੁਤ ਤਸ਼ੱਦਦ ਕੀਤਾ ਤੇ ਅਨੇਕਾਂ ਸਿੰਘਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਮਾਰ ਦਿੱਤਾ। ਉਸ ਨੇ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਗੁਰਦਾਸਪੁਰ ਜਿਲ੍ਹੇ ਦੇ ਪ੍ਰਧਾਨ ਜਸਪਾਲ ਸਿੰਘ ਨੂੰ ਗ੍ਰਿਫਤਾਰ ਕਰਕੇ ਬਹੁਤ ਤਸ਼ੱਦਦ ਕਰਕੇ ਹੌਲੀ-ਹੌਲੀ ਤੜਫਾ ਕੇ ਮਾਰਿਆ ਸੀ। ਇਹ ਤਸ਼ੱਦਦ ਦੀ ਵਾਰਤਾ ਆਮ ਲੋਕਾਂ ਵਿੱਚ ਪ੍ਰਚਲਿਤ ਹੋ ਗਈ ਸੀ।

ਜਸਪਾਲ ਸਿੰਘ, ਚਾਚਾ ਮਥਰਾ ਸਿੰਘ ਦਾ ਮਿੱਤਰ ਸੀ। ਜਸਪਾਲ ਸਿੰਘ ਬਾਰੇ ਮਥਰਾ ਸਿੰਘ ਨੇ ਮੈਨੂੰ ਦਸਿਆ ਕਿ ਉਹ ਬੜਾ ਸਿਦਕੀ ਤੇ ਸਿਰੜੀ ਯੋਧਾ ਸੀ। ਭਾਵੇਂ ਉਹ ੧੯੮੪ ਵੇਲੇ ਸਿੱਖ ਸਟੂਡੈਂਟਸ ਫੈਡਰੇਸ਼ਨ ਵਲੋਂ ਗੁਰਦਾਸਪੁਰ ਜਿਲ੍ਹੇ ਦਾ ਪ੍ਰਧਾਨ ਬਣਿਆ ਪਰ ਉਸਨੇ ੧੯੮੪ ਤੋਂ ਪਹਿਲਾਂ ਵੀ ਗੁਰਦਾਸਪੁਰ ਜਿਲ੍ਹੇ ਵਿੱਚ ਜਥੇਬੰਦੀ ਦੀ ਬਹੁਤ ਸੇਵਾ ਕੀਤੀ। ੧੯੮੪ ਤੋਂ ਬਾਅਦ ਜਦੋਂ ਸਾਰੇ ਪੰਜਾਬ ਉੱਤੇ ਫੌਜਾਂ ਦਾ ਕਬਜਾ ਸੀ ਅਤੇ ਸਰਕਾਰ ਨੇ ਹਰ ਪਾਸੇ ਦਹਿਸ਼ਤ ਫੈਲਾਈ ਹੋਈ ਸੀ, ਉਸ ਵਕਤ ਜਸਪਾਲ ਸਿੰਘ ਨੇ ਇਸ ਦਹਿਸ਼ਤ ਤੇ ਦਬਾਅ ਨੂੰ ਤੋੜਨ ਲਈ ਗੁਰਦਾਸਪੁਰ ਵਿੱਚ ਸਿੰਘ ਅਤੇ ਹਥਿਆਰਾਂ ਨੂੰ ਇਕੱਠੇ ਕਰਕੇ ਕਈ ਕੰਮ ਕੀਤੇ। ਇਸਨੇ ਕਈ ਮੁਖਬਰਾਂ, ਸਰਕਾਰੀ ਪਿੱਠੂਆਂ ਅਤੇ ਦਰਬਾਰ ਸਾਹਿਬ ਉੱਤੇ ਫੌਜ ਦੇ ਹਮਲੇ ਦੀ ਖੁਸ਼ੀ ਮਨਾਉਣ ਵਾਲਿਆਂ ਨੂੰ ਸੋਧੇ ਲਾਏ। ਥੋੜ੍ਹੇ ਚਿਰ ਵਿੱਚ ਹੀ ਪੁਲਿਸ ਨੇ ਇਸਨੂੰ ਗ੍ਰਿਫਤਾਰ ਕਰਨ ਵਿੱਚ ਕਾਮਯਾਬੀ ਹਾਸਲ ਕਰ ਲਈ। ਅਮਿਤਾਬ ਪਾਂਡੇ ਨੇ ਇਸਨੂੰ ਬਹੁਤ ਹੀ ਜਾਲਮਾਨਾ ਤਰੀਕੇ ਨਾਲ ਸ਼ਹੀਦ ਕੀਤਾ।

ਗੁਰਦਾਸਪੁਰ ਤੋਂ ਬਾਅਦ ਅਮਿਤਾਭ ਪਾਂਡੇ ਦੀ ਬਦਲੀ ਲੁਧਿਆਣੇ ਦੀ ਹੋ ਗਈ। ਇਹ ਗੱਲ ਸਾਲ ੧੯੮੫ ਦੀ ਹੈ। ਉਸ ਵਕਤ ਅਸੀਂ ਲੁਧਿਆਣੇ ਆਪਣੇ ਘਰਾਂ ਵਿਚ ਹੀ ਰਹਿੰਦੇ ਸੀ ਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿੱਚ ਪੜ੍ਹਦੇ ਸੀ ਪਰ ਸਾਡੇ ਕੋਲ ਬੱਬਰ ਖਾਲਸਾ ਦੇ ਅਨੋਖ ਸਿੰਘ, ਸੁਲੱਖਣ ਸਿੰਘ ਅਤੇ ਦੂਸਰੇ ਪਾਸਿਓਂ ਮਥਰਾ ਸਿੰਘ ਆਉਂਦੇ ਸਨ। ਉਸ ਵਕਤ ਹਥਿਆਰਾਂ ਦੀ ਬਹੁਤ ਕਮੀ ਸੀ ਪਰ ਬਬਰਾਂ ਕੋਲ ਚੰਗੇ ਹਥਿਆਰ ਸਨ ਤੇ ਉਹ ਸਾਡੇ ਕੋਲ ਵੀ ਸਾਂਭੇ ਹੁੰਦੇ ਸਨ। ਇੱਕ ਦਿਨ ਸ਼ਾਮ ਨੂੰ ਕੋਠੇ ਉਪਰ ਬਾਬਾ ਮਥਰਾ ਸਿੰਘ ਤੇ ਮੈਂ ਚਾਹ ਪੀ ਰਹੇ ਸੀ ਅਤੇ ਗੱਲਬਾਤ ਵਿੱਚ ਅਮਿਤਾਭ ਪਾਂਡੇ ਦਾ ਜਿਕਰ ਹੋ ਗਿਆ ਕਿ ਉਹ ਇੱਥੇ ਤਾਇਨਾਤ ਹੈ। ਮਥਰਾ ਸਿੰਘ ਦਾ ਚਿਹਰਾ ਇੱਕਦਮ ਲਾਲ ਹੋ ਗਿਆ ਤੇ ਬਹੁਤ ਜਲਾਲ ਵਿੱਚ ਆ ਗਿਆ। ਉਸਨੇ ਪੁੱਛਿਆ ਕਿ ਇਹ ਦੁਸ਼ਟ ਐਥੇ ਆ? ਇਸਨੇ ਤਾਂ ਸੰਤਾਂ ਨੂੰ ਜਾਨੋਂ ਮਾਰਨ ਖਾਤਰ ਮਾਨਾਂਵਾਲਾ ਵਾਲਾ ਗੋਲੀ ਕਾਂਡ ਕੀਤਾ ਸੀ। ਕਿਸੇ ਅੰਦਰਲੇ ਬੰਦੇ ਨਾਲ ਸੰਪਰਕ ਬਣਾ ਕੇ ਇਸਨੇ ਜਸਪਾਲ ਸਿੰਘ ਜਿਹੇ ਸੋਹਣੇ ਜਵਾਨ ਨੂੰ ਕੋਹ ਕੋਹ ਕੇ ਮਾਰਿਆ। ਇਸਨੂੰ ਆਪਾਂ ਹਰ ਹਾਲਤ ਵਿੱਚ ਸੋਧਾ ਲਾਉਣਾ ਹੈ। ਮੈਨੂੰ ਮਥਰਾ ਸਿੰਘ ਦਾ ਉਹ ਜਲਾਲ ਬਹੁਤ ਚੰਗਾ ਲੱਗਿਆ, ਜਿੱਥੇ ਇੱਕ ਪਾਸੇ ਰੋਹ ਸੀ ਤੇ ਦੂਸਰੇ ਪਾਸੇ ਦੁਸ਼ਮਣ ਨਾਲ ਹੱਥ ਅਜਮਾਉਣ ਦਾ ਚਾਅ ਸੀ। ਉਹ ਕੁਝ ਸਮਾਂ ਇਸ ਬਾਰੇ ਗੱਲਾਂ ਕਰਦਾ ਰਿਹਾ ਤੇ ਕੁਦਰਤੀ ਸੁਲੱਖਣ ਸਿੰਘ ਵੀ ਸਾਡੇ ਕੋਲ ਪਹੁੰਚ ਗਿਆ। (ਇਹ ਮੇਰੇ ਕੋਲ ਪਹਿਲਾਂ ਵੀ ਆਪਸ ਵਿੱਚ ਮਿਲ ਚੁੱਕੇ ਸੀ)। ਫਿਰ ਇਨ੍ਹਾਂ ਦੋਵਾਂ ਨੇ ਅਮਿਤਾਭ ਪਾਂਡੇ ਬਾਰੇ ਗੱਲਬਾਤ ਕੀਤੀ ਅਤੇ ਸੁਲੱਖਣ ਸਿੰਘ ਨੇ ਵੀ ਕਿਹਾ ਕਿ ਇਸਨੂੰ ਸੋਧਣਾ ਬਹੁਤ ਜਰੂਰੀ ਹੈ। ਇਸ ਤਰ੍ਹਾਂ ਉਸ ਦਿਨ ਅਮਿਤਾਭ ਪਾਂਡੇ ਉੱਤੇ ਹਮਲਾ ਕਰਨ ਬਾਰੇ ਤੈਅ ਹੋ ਗਿਆ। ਜਦੋਂ ਸੁਲੱਖਣ ਸਿੰਘ ਲਈ ਦੁੱਧ ਆਇਆ (ਉਹ ਚਾਹ ਨਹੀਂ ਸੀ ਪੀਂਦਾ) ਤਾਂ ਉਦੋਂ ਇਹ ਮਤਾ ਪਕਾਇਆ ਗਿਆ ਕਿ ਇਹ ਕੰਮ ਨਾਲ ਦੋਵਾਂ ਜਥੇਬੰਦੀਆਂ ਵਿੱਚ ਏਕੇ ਦੀ ਸ਼ੁਰੂਆਤ ਹੋਵੇਗੀ।

ਇਹ ਰਾਇ ਪਕਾਉਣ ਮਗਰੋਂ ਮਥਰਾ ਸਿੰਘ ਜਿਆਦਾ ਸਮਾਂ ਲੁਧਿਆਣੇ ਹੀ ਰਹਿਣ ਲੱਗ ਪਿਆ ਤੇ ਅਸੀਂ ਅਮਿਤਾਭ ਪਾਂਡੇ ਦੀ ਹਰ ਹਰਕਤ ਨੂੰ ਦੋ ਮਹੀਨੇ ਤੱਕ ਪੂਰੀ ਤਰ੍ਹਾਂ ਵਾਚਿਆ। ਉਸਦਾ ਘਰ, ਦਫਤਰ, ਪੁਲਿਸ ਲਾਈਨ, ਸਾਰੇ ਰਸਤੇ ਜੋ ਉਹ ਜਾਣ ਆਉਣ ਲਈ ਚੁਣਦਾ ਸੀ, ਕਿੰਨੀਆਂ ਗੱਡੀਆਂ, ਕਿੰਨੀ ਰਫਤਾਰ, ਕਿੰਨੇ ਸਿਪਾਹੀ, ਕਿਹੋ ਜਿਹੇ ਹਥਿਆਰ, ਆਲੇ ਦੁਆਲੇ ਕਿਹੋ ਜਿਹੇ ਸੁਰੱਖਿਆ ਨਾਕੇ, ਹਮਲੇ ਤੋਂ ਬਾਅਦ ਬਚ ਨਿਕਲਣ ਦੇ ਰਸਤੇ, ਅਸੀਂ ਇਹ ਸਭ ਕੁੱਝ ਬਹੁਤ ਬਾਰੀਕੀ ਨਾਲ ਵੇਖਿਆ ਤੇ ਵਿਚਾਰਿਆ। ਇਸ ਵਿੱਚ ਮਥਰਾ ਸਿੰਘ ਨੇ ਹੀ ਜਿਆਦਾ ਕੰਮ ਕੀਤਾ। ਸੁਲੱਖਣ ਸਿੰਘ ਨੇ ਤਾਂ ਆ ਕੇ ਸਾਰਾ ਕੁੱਝ ਵੇਖਿਆ ਹੀ ਸੀ। ਅਮਿਤਾਭ ਪਾਂਡੇ ਆਪਣੇ

ਘਰ ਤੋਂ ਦਫਤਰ ਹਰ ਰੋਜ ਸਵੇਰੇ ੯ ਤੋਂ ੧੦ ਵਜੇ ਦਰਮਿਆਨ ਇੱਕੋ ਹੀ ਰਸਤੇ ਤੋਂ ਆਉਂਦਾ ਅਤੇ ਉਸੇ ਰਸਤੇ ਤੋਂ ਵਾਪਸ ਜਾਂਦਾ ਸੀ। ਅਸੀਂ ਸੋਚਿਆ ਕਿ ਉਹਨੂੰ ਮਾਲ ਰੋਡ ਦੇ ਵਿਚਕਾਰ ਜਿਹੇ, ਜਿੱਥੇ ਪਾਸਿਆਂ ਨੂੰ ਗਲੀਆਂ ਨਿਕਲਦੀਆਂ ਹੋਣ ਉੱਥੇ ਘੇਰਿਆ ਜਾਵੇ। ਇਹ ਸਾਰਾ ਇਲਾਕਾ ਬਹੁਤ ਸੁਰੱਖਿਆ ਵਾਲਾ ਸੀ ਤੇ ਸਾਰੇ ਅਫਸਰਾਂ ਦੀਆਂ ਕੋਠੀਆਂ ਮਾਲ ਰੋਡ ਉੱਤੇ ਹੀ ਸਨ ਤੇ ਆਲੇ ਦੁਆਲੇ ਚੌਂਕਾਂ ਵਿੱਚ ਸੁਰੱਖਿਆ ਨਾਕੇ ਹੁੰਦੇ ਸਨ। ਅਮਿਤਾਬ ਪਾਂਡੇ ਦੀ ਅੰਬੈਸੇਡਰ ਕਾਰ ਵਿੱਚ ਅਤੇ ਇਸਦੇ ਪਿੱਛੇ ਇੱਕ ਜੀਪ ਵਿੱਚ ੮ ਸਿਪਾਹੀ ਹੁੰਦੇ ਸੀ।

ਅਸੀਂ ਸੋਚਿਆ ਕਿ ਜਦੋਂ ਉਹ ਦੁਪਹਿਰ ਸਮੇਂ ਘਰ ਆਵੇ ਤਾਂ ਉਦੋਂ ਨਾਕੇ ਘੱਟ ਹੁੰਦੇ ਸਨ ਅਤੇ ਗਰਮੀ ਬਹੁਤ ਹੋਣ ਕਾਰਨ ਲੋਕਾਂ ਦੀ ਆਵਾਜਾਈ ਵੀ ਆਮ ਨਾਲੋਂ ਘੱਟ ਹੁੰਦੀ ਸੀ। ਉਸ ਵਕਤ ਇਸਨੂੰ ਗਲਤ ਪਾਸਿਓਂ ਟਰੱਕ ਅੱਗੇ ਕਰਕੇ ਰੋਕਿਆ ਜਾਵੇ। ਜਦੋਂ ਇਸਦੀ ਗੱਡੀ ਟਰੱਕ ਨਾਲ ਟਕਰਾਵੇਗੀ, ਉਸ ਵਕਤ ਅਸੀਂ ਨਾਲ ਵਾਲੀ ਗਲੀ ਵਿੱਚ ਕਾਰ ਵਿੱਚ ਉਡੀਕ ਕਰ ਰਹੇ ਹੋਵਾਂਗੇ। ਇੱਕ ਦਮ ਬਾਹਰ ਨਿਕਲ ਸੜਕ ਉੱਤੇ ਆ ਕੇ ਜੋਰਦਾਰ ਗੋਲੀਬਾਰੀ ਕਰਕੇ ਉਸੇ ਗਲੀ ਰਾਹੀਂ ਵਾਪਸ ਬਾਹਰ ਨਿਕਲ ਜਾਵਾਂਗੇ। ਟਰੱਕ ਡਰਾਈਵਰ ਨੇ ਵੀ ਸਾਡੇ ਵਾਲੀ ਗਲੀ ਵਿੱਚ ਆ ਕੇ ਉਸਨੂੰ ਉਡੀਕ ਰਹੇ ਸਕੂਟਰ ਸਵਾਰ ਨਾਲ ਬੈਠਣਾ ਤੇ ਨਿਕਲ ਜਾਣਾ ਸੀ। ਇਹ ਸਾਰੀ ਵਿਉਂਤ ਚਾਚਾ ਮਥਰਾ ਸਿੰਘ ਅਤੇ ਸੁਲੱਖਣ ਸਿੰਘ ਬਬਰ ਨੇ ਹੀ ਕੀਤੀ ਸੀ। ਇਹ ਸਾਰਾ ਕੰਮ ਕਰਨ ਵਾਲੀ ਟੁਕੜੀ ਵਿੱਚ ਇੱਕ ਡਰਾਈਵਰ, ਇੱਕ ਸਕੂਟਰ ਵਾਲਾ ਉਸਨੂੰ ਪਿੱਛੇ ਬਿਠਾ ਕੇ ਕੱਢਣ ਵਾਲਾ, ਇੱਕ ਕਾਰ ਡਰਾਈਵਰ ਅਤੇ ਪੰਜ ਜਣੇ ਗੋਲੀਬਾਰੀ ਵਾਲੇ ਸ਼ਾਮਲ ਸਨ। ਕਾਰ ਡਰਾਈਵਰ ਤਾਂ ਸੁੱਖੀ ਸੀ ਅਤੇ ਅਸੀਂ ਪੰਜ ਜਣੇ ਚਾਚਾ ਮਥਰਾ ਸਿੰਘ, ਸੁਲੱਖਣ ਸਿੰਘ ਬਬਰ, ਰਣਜੀਤ ਸਿੰਘ ਕੁੱਕੀ, ਗੁਰਸ਼ਰਨ ਸਿੰਘ ਗਾਮਾ ਅਤੇ ਮੈਂ। ਸਕੂਟਰ ਵਾਲਾ ਸਾਡੇ ਵਾਂਗ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤੋਂ ਇੱਕ ਵਿਦਿਆਰਥੀ ਸੀ ਜੋ ਬਬਰ ਖਾਲਸਾ ਨਾਲ ਸਬੰਧਿਤ ਸੀ। ਟਰੱਕ ਡਰਾਈਵਰ ਬਾਰੇ ਦੋ ਰਾਵਾਂ ਸਨ। ਚਾਚਾ ਮਥਰਾ ਸਿੰਘ ਦੀ ਰਾਇ ਸੀ ਕਿ ਉਹ ਸੁਖਵਿੰਦਰ ਸਿੰਘ ਛਿੰਦੂ ਨੂੰ ਲੈ ਕੇ ਆਉਣਾ ਚਾਹੁੰਦਾ ਸੀ ਜਿਹੜਾ ਕਿ ਵਧੀਆ ਚਲਾਵਾ ਵੀ ਹੈ ਅਤੇ ਇਹੋ ਜਿਹੇ ਕੰਮ ਕਰਨ ਵਿੱਚ ਮਾਹਿਰ ਸੀ। ਸੁਲੱਖਣ ਸਿੰਘ ਉਨ੍ਹਾਂ ਨਾਲ ਸਬੰਧਿਤ ਸਰਕਾਰੀ ਮੁਲਾਜਮ ਇੱਕ ਬੱਸ ਡਰਾਈਵਰ ਪ੍ਰੇਮ ਪਾਲ ਸਿੰਘ ਸਰਹਿੰਦ ਨੂੰ ਲੈਣਾ ਚਾਹੁੰਦਾ ਸੀ। ਚਾਚਾ ਮਥਰਾ ਸਿੰਘ ਨੇ ਸੁਖਵਿੰਦਰ ਸਿੰਘ ਛਿੰਦੂ ਦੇ ਨਾਂਅ ਉੱਤੇ ਬੜਾ ਜੋਰ ਦਿੱਤਾ ਕਿ ਉਸਦਾ ਹਮਲਿਆਂ ਵਿਚ ਬਹੁਤ ਤਜਰਬਾ ਸੀ ਪਰ ਸੁਲੱਖਣ ਸਿੰਘ ਹੁਰਾਂ ਨੇ ਆਪਣੇ ਸਿੰਘ ਉੱਤੇ ਯਕੀਨ ਦਿਵਾਇਆ ਤਾਂ ਆਖਰਕਾਰ ਪ੍ਰੇਮ ਪਾਲ ਸਿੰਘ ਨੂੰ ਇਸ ਕੰਮ ਵਿੱਚ ਲੈ ਲਿਆ।

ਪ੍ਰੇਮ ਪਾਲ ਸਿੰਘ ਬਸੀ ਪਠਾਣਾਂ ਦਾ ਰਹਿਣ ਵਾਲਾ ਸੀ। ਸ਼ਾਦੀਸ਼ੁਦਾ, ਬਾਲ

ਬੱਚੇਦਾਰ ਅਤੇ ਗੁਰਸਿੱਖ ਪਰਿਵਾਰ ਸੀ। ਉਹ ਸਰਕਾਰੀ ਬੱਸ ਡਰਾਈਵਰ ਸੀ। ੧੯੮੪ ਤੋਂ ਪਹਿਲਾਂ ਦਰਬਾਰ ਸਾਹਿਬ ਵਿੱਚ ਬਬਰਾਂ ਕੋਲ ਆਉਣ ਲੱਗ ਪਿਆ ਤੇ ਉਨ੍ਹਾਂ ਨਾਲ ਜੁੜ ਗਿਆ। ੧੯੮੪ ਤੋਂ ਬਾਅਦ ਜਦੋਂ ਸੁਲੱਖਣ ਸਿੰਘ ਅਤੇ ਅਨੋਖ ਸਿੰਘ ਪਾਕਿਸਤਾਨ ਤੋਂ ਇੱਧਰ ਆਏ ਤਾਂ ਉਹ ਇਸਨੂੰ ਮਿਲੇ ਤਾਂ ਇਸ ਪਰਿਵਾਰ ਨੇ ਹਰ ਤਰ੍ਹਾਂ ਨਾਲ ਪੰਥ ਦੀ ਸੇਵਾ ਕਰਨੀ ਪ੍ਰਵਾਨ ਕੀਤੀ।

ਅਮਿਤਾਬ ਪਾਂਡੇ ਵਾਲਾ ਕੰਮ ਕਰਨ ਤੋਂ ਪਹਿਲਾਂ ਅਸੀਂ ਇਸਨੂੰ ਮਿਲੇ ਅਤੇ ਸਾਰੀ ਵਿਉਂਤ ਸਮਝਾਈ ਕਿ ਕਿਵੇਂ ਮਾਲ ਰੋਡ ਉਤੇ ਉਲਟ ਪਾਸਿਓਂ ਟਰੱਕ ਲਿਆ ਕੇ ਅਮਿਤਾਬ ਪਾਂਡੇ ਦੀ ਗੱਡੀ ਵਿੱਚ ਸਿੱਧਾ ਮਾਰਨਾ ਹੈ ਅਤੇ ਫਿਰ ਤੂੰ ਟਰੱਕ ਛੱਡ ਕੇ ਨਾਲ ਵਾਲੀ ਗਲੀ ਵਿੱਚ ਖੜ੍ਹੇ ਸਕੂਟਰ ਵਾਲੇ ਨਾਲ ਬੈਠ ਕੇ ਨਿਕਲ ਜਾਣਾ ਹੈ। ਉਸਨੇ ਸਾਰਾ ਮੌਕਾ ਦੇਖਿਆ ਅਤੇ ਬੜੇ ਜੋਸ਼ ਤੇ ਭਰੋਸੇ ਨਾਲ ਕਿਹਾ ਕਿ ਇਹ ਤਾਂ ਕੋਈ ਗੱਲ ਨਹੀਂ। ਇਸ ਤੋਂ ਬਾਅਦ ਉਹ ਕਈ ਵਾਰੀ ਟਰੱਕ ਨੂੰ ਚਲਾਉਂਦਾ ਸੀ ਅਤੇ ਰਾਤ ਵੇਲੇ ਅਲੱਗ ਅਲੱਗ ਥਾਂਵਾਂ ਉੱਤੇ ਖੜ੍ਹਾ ਕਰ ਦਿੰਦਾ ਸੀ। ਟਰੱਕ ਨੂੰ ਜਿਆਦਾਤਰ ਰਾਤ ਵੇਲੇ ਬੱਸ ਅੱਡੇ ਵਿੱਚ ਹੀ ਖੜ੍ਹਾ ਦਿੰਦੇ ਸੀ।

ਹਮਲਾ ਹੋਇਆ ਪਰ ਕਾਮਯਾਬ ਨਹੀਂ ਹੋਇਆ। ਪ੍ਰੇਮ ਪਾਲ ਸਿੰਘ ਟਰੱਕ ਨੂੰ ਕਾਰ ਵਿੱਚ ਮਾਰਨ ਦੀ ਕੋਸ਼ਿਸ਼ ਕਰਨ ਬਾਅਦ ਘਬਰਾ ਕੇ ਸਕੂਟਰ ਵਾਲੇ ਬੰਦੇ ਵੱਲ ਆਉਣ ਦੀ ਬਜਾਏ ਉਲਟ ਪਾਸੇ ਵੱਲ ਭੱਜ ਕੇ ਸ਼ੈਸ਼ਨ ਜੱਜ ਦੀ ਕੋਠੀ ਵਿੱਚ ਜਾ ਵੜਿਆ ਅਤੇ ਜਿੱਥੇ ਤਾਇਨਾਤ ਗਾਰਦ ਨੇ ਕਾਬੂ ਕਰ ਕੇ ਪੁਲਿਸ ਦੇ ਹਵਾਲੇ ਕਰ ਦਿੱਤਾ। ਉਸ ਉੱਤੇ ਕਾਫੀ ਤਸ਼ੱਦਦ ਹੋਇਆ ਅਤੇ ਫਿਰ ਇੱਕ ਮੁਕਦਮਾ ਪਾ ਕੇ ਉਹਨੂੰ ਜੇਲ੍ਹ ਭੇਜ ਦਿੱਤਾ ਗਿਆ। ਉਸ ਕੇਸ ਵਿੱਚ ਉਸਨੂੰ ੭ ਸਾਲ ਦੀ ਕੈਦ ਹੋਈ। ਜੇਲ੍ਹ ਵਿਚੋਂ ਰਿਹਾਅ ਹੋਣ ਬਾਅਦ ਉਹ ਯੂਰਪ ਚਲਿਆ ਗਿਆ। ਬਾਅਦ ਵਿੱਚ ਉਹ ਮੈਨੂੰ ਜੇਲ੍ਹ ਵਿੱਚ ਵੀ ਮਿਲਣ ਆਇਆ।

ਇਹ ਕੰਮ ਲਈ ਟਰੱਕ ਖਰੀਦਣ ਵਾਸਤੇ ਸੁਲੱਖਣ ਸਿੰਘ ਨੇ ਸਾਨੂੰ ੯੦ ਹਜਾਰ ਰੁਪਏ ਦਿੱਤੇ। ਇਹ ਪੁਰਾਣਾ ਟਰੱਕ ਅਸੀਂ ਜਾਅਲੀ ਨਾਂਅ ਉੱਤੇ ਖਰੀਦਿਆ ਜੋ ਵਧੀਆ ਹਾਲਤ ਵਿੱਚ ਸੀ। ਕਾਰ ਸੁਖਵਿੰਦਰ ਸਿੰਘ ਛਿੰਦੂ ਤੇ ਚਾਚਾ ਮਥਰਾ ਸਿੰਘ ਨੇ ਦਿੱਲੀਓਂ ਲਿਆ ਕੇ ਦਿੱਤੀ ਜਿਹੜੀ ਸਲੇਟੀ ਰੰਗ ਦੀ ਨਵੀਂ ਫੀਅਟ ਸੀ।

ਸ਼ੁਰੂ ਵਿਚ ਹਮਲਿਆਂ ਲਈ ਗੱਡੀਆਂ ਅਸੀਂ ਦਿੱਲੀ ਤੋਂ ਹੀ ਲਿਆਉਂਦੇ ਸੀ। ਅਸੀਂ ਦਿੱਲੀ ਵਿਚੋਂ ਰਾਤ ਨੂੰ ਗੱਡੀ ਚੋਰੀ ਕਰਕੇ ਅਗਲੇ ਦਿਨ ਤੱਕ ਪੰਜਾਬ ਪਹੁੰਚਾ ਦਿੰਦੇ ਸੀ। ਇਸ ਕੰਮ ਵਿੱਚ ਸੁਖਵਿੰਦਰ ਸਿੰਘ ਛਿੰਦੂ ਅਤੇ ਸੁਖਦੇਵ ਸਿੰਘ ਸੁੱਖਾ ਬਹੁਤ ਮਾਹਿਰ ਸੀ। ਜਦੋਂ ਸਾਨੂੰ ਗੱਡੀ ਦੀ ਜਰੂਰਤ ਹੁੰਦੀ ਸੀ ਉਹ ਰਾਤ ਨੂੰ ਸਕੂਟਰ ਉੱਤੇ ਨਿਕਲਦੇ ਤੇ ਕਿਸੇ ਕਾਲੋਨੀ, ਜਿੱਥੇ ਗੱਡੀਆਂ ਘਰਾਂ ਤੋਂ ਬਾਹਰ ਖੜ੍ਹੀਆਂ (ਪਾਰਕ)

ਹੁੰਦੀਆਂ, ਵਧੀਆ ਗੱਡੀ ਚੁਣਦੇ। ਸੁਖਦੇਵ ਸਿੰਘ ਆਲੇ ਦੁਆਲੇ ਨਿਗ੍ਹਾ ਰੱਖਦਾ, ਐਨੇ ਚਿਰ ਵਿੱਚ ਸੁਖਵਿੰਦਰ ਸਿੰਘ ਛਿੰਦੂ ਸਾਈਡ ਵਾਲਾ ਸ਼ੀਸ਼ਾ ਤੋੜ ਕੇ ਅੰਦਰ ਵੜਕੇ ਤਾਰਾਂ ਤੋੜ ਕਰਕੇ ਗੱਡੀ ਚਾਲੂ ਕਰ ਲੈਂਦਾ ਅਤੇ ਕਿਸੇ ਸੁੰਨਸਾਨ ਥਾਂ ਉੱਤੇ ਲਿਜਾ ਪਹਿਲਾਂ ਤੋਂ ਹੀ ਤਿਆਰ ਕੀਤੀਆਂ ਨੰਬਰ ਪਲੇਟਾਂ ਬਦਲ ਕੇ ਲਾ ਦਿੰਦਾ। ਫਿਰ ਰਾਤ ਨੂੰ ਗੱਡੀ ਨੂੰ ਦਿੱਲੀ ਦੇ ਕਿਸੇ ਹੋਰ ਥਾਂ ਪਾਰਕ ਕਰ ਦੇਣਾ। ਬਾਅਦ ਵਿੱਚ ਉਸਨੂੰ ਦਿੱਲੀਓਂ ਬਾਹਰ ਕੱਢ ਦਿੰਦੇ ਸੀ। ਇਹ ਕੰਮ ਅਕਸਰ ਰਾਤੀਂ ੧੨ ਵਜੇ ਤੋਂ ਬਾਅਦ ਹੁੰਦਾ ਸੀ। ਬੜਾ ਖਤਰੇ ਵਾਲਾ ਕੰਮ ਹੁੰਦਾ ਸੀ ਤੇ ਸਿੰਘ ਹਥਿਆਰਬੰਦ ਹੋ ਕੇ ਜਾਂਦੇ ਅਤੇ ਤੜਕੇ ਮੁੜਦੇ ਸੀ। ਸਾਨੂੰ ਪਤਾ ਲੱਗ ਜਾਂਦਾ ਸੀ ਕਿ ਗੱਡੀ ਤਿਆਰ ਹੋ ਗਈ ਤੇ ਜਦੋਂ ਅਗਲੇ ਦਿਨ ਸਵੇਰੇ ਖਾਣੇ ਉੱਤੇ ਸੁਖਵਿੰਦਰ ਸਿੰਘ ਛਿੰਦੂ ਨੇ ਮਿਲਣਾ ਤਾਂ ਕਹਿਣਾ ਕਿ ਇਸ ਵਾਰ ਗੱਡੀ ਵਿੱਚ ਬਹਿ ਕੇ ਵੇਖਿਓ, ਥਲਿਓਂ ਨਿਕਲੂ।

ਅਸੀਂ ਕਾਰਾਂ ਦੀਆਂ ਕਾਪੀਆਂ ਪਹਿਲਾਂ ਤੋਂ ਹੀ ਚੋਰੀ ਕਰਕੇ ਰੱਖੀਆਂ ਹੁੰਦੀਆਂ ਸੀ ਅਤੇ ਉਨ੍ਹਾਂ ਦੀਆਂ ਨੰਬਰ ਪਲੇਟਾਂ ਲਾ ਕੇ ਉਹਨੂੰ ਪੂਰੀ ਤਰ੍ਹਾਂ ਜਾਇਜ ਬਣਾ ਦਿੰਦੇ ਸੀ। ਦਫਤਰਾਂ ਦੇ ਬਾਹਰ ਖੜ੍ਹੀਆਂ ਗੱਡੀਆਂ ਦੀਆਂ ਕਾਪੀਆਂ ਅਸੀਂ ਕੱਢ ਲੈਂਦੇ ਸੀ ਤੇ ਫਿਰ ਉਹ ਅੱਗੇ ਵਰਤ ਲੈਂਦੇ ਸੀ।

ਸੁਖਵਿੰਦਰ ਸਿੰਘ ਛਿੰਦੂ ਨੂੰ ਇਸ ਕੰਮ ਵਿੱਚ ਬਹੁਤ ਮੁਹਾਰਤ ਸੀ ਤੇ ਉਹ ਪੰਜ ਕੁ ਮਿੰਟ ਵਿੱਚ ਹੀ ਗੱਡੀ ਦਾ ਜਿੰਦਾ ਤੋੜ ਕੇ ਆਪਣਾ ਕੰਮ ਕਰ ਲੈਂਦਾ ਸੀ। ਉਹ ਆਪਣੇ ਇਸ ਕੰਮ ਪ੍ਰਤੀ ਐਨਾ ਸਮਰਪਿਤ ਸੀ ਅਤੇ ਦਿਲਚਸਪੀ ਲੈਂਦਾ ਸੀ ਕਿ ਇੱਕ ਵਾਰ ਅਸੀਂ ਕਨਾਟ ਪਲੇਸ ਦਿੱਲੀ ਵਿੱਚ ਕੁਝ ਖਰੀਦ ਰਹੇ ਸੀ ਕਿ ਸਾਡੇ ਨਾਲੋਂ ਸੁਖਵਿੰਦਰ ਸਿੰਘ ਛਿੰਦੂ ਗਾਇਬ ਹੋ ਗਿਆ। ੧੦ ਕੁ ਮਿੰਟਾਂ ਬਾਅਦ ਮੁੜਿਆ, ਉਹਦੇ ਹੱਥ ਵਿੱਚ ਗੱਡੀ ਦੇ ਸਾਰੇ ਕਾਗਜ ਸੀ। ਉਹ ਕਹਿਣ ਲੱਗਾ ਕਿ ਕੁਝ ਖਰੀਦਣ ਦੇ ਨਾਲ ਨਾਲ ਆਪਣਾ ਕੰਮ ਕਰਦੇ ਰਹੀਦੈ। ਇੱਕ ਅਮੀਰ ਪਰਿਵਾਰ ਗੱਡੀ ਖੁੱਲ੍ਹੀ ਛੱਡ ਕੇ ਹੀ ਦੁਕਾਨ ਅੰਦਰ ਚਲਾ ਗਿਆ ਸੀ, ਮੈਂ ਸੋਚਿਆ ਕਾਗਜ ਹੀ ਕੱਢ ਲਈਏ। ਇਸ ਤਰ੍ਹਾਂ ਅਸੀਂ ਦਿੱਲੀ ਤੋਂ ਬਹੁਤ ਗੱਡੀਆਂ ਪੰਜਾਬ ਲਿਆਂਦੀਆਂ ਅਤੇ ਏਥੇ ਕਈ ਖਾੜਕੂ ਜਥਿਆਂ ਨੂੰ ਕੰਮਾਂ ਲਈ ਵੀ ਦਿੱਤੀਆਂ। ਅਸੀਂ ਇਸੇ ਤਰ੍ਹਾਂ ਹੀ ਸਕੂਟਰ ਅਤੇ ਮੋਟਰਸਾਈਕਲ ਵੀ ਉੱਥੋਂ ਲੈ ਆਉਂਦੇ ਸੀ। ਅਸੀਂ ਇਨ੍ਹਾਂ ਸਾਧਨਾਂ ਲਈ ਕਦੇ ਪੈਸਾ ਨਹੀਂ ਸੀ ਖਰਚਿਆ।

ਅਮਿਤਾਬ ਪਾਂਡੇ ਵਾਲੇ ਕੰਮ ਲਈ ਸਮਾਨ ਪੱਖੋਂ ਸੁਲੱਖਣ ਸਿੰਘ ਨੇ ੫ ਥਾਮਸਨ ਗੰਨਾਂ, ਨਾਲ ੧੦ ਮੈਗਜੀਨ ਤੇ ਕੁੱਝ ਗਰਨੇਡ ਲਿਆਂਦੇ। ਚਾਚਾ ਮਥਰਾ ਸਿੰਘ ਨੇ ੪੫ ਬੋਰ ਦੇ ਤਿੰਨ ਪਸਤੌਲ, ਦੋ ੩੦ ਦੇ ਪਸਤੌਲ ਤੇ ਇੱਕ ਸਟੇਨਗੰਨ ਲਿਆਂਦੀ। ਇਸ ਤਰ੍ਹਾਂ ਸਾਡੇ ਕੋਲ ਸਾਰਾ ਸਾਜੋ-ਸਮਾਨ ਇਕੱਠਾ ਹੋ ਗਿਆ ਅਤੇ ਹੁਣ ਅਸੀਂ ਇਸ

ਅਸਲੇ ਨੂੰ ਪਰਖ ਕੇ ਦੇਖਣਾ ਸੀ। ਇਸ ਕੰਮ ਲਈ ਅਸੀਂ ਭਾਈ ਗੁਰਸ਼ਰਨ ਸਿੰਘ ਗਾਮੇ ਦੇ ਪਿੰਡ ਰਤਨਾ ਦੇ ਦੂਰ ਖੇਤਾਂ ਵਿੱਚ ਹਥਿਆਰਾਂ ਨੂੰ ਚਲਾ ਕੇ ਵੇਖਿਆ। ਉਸ ਵੇਲੇ ਜਿਹੋ ਜਿਹੇ ਪੰਜਾਬ ਦੇ ਹਾਲਾਤ ਸਨ ਕਿ ਕੋਈ ਹਥਿਆਰ ਪਰਖਣ ਵਿੱਚ ਵੀ ਹਮਲੇ ਕਰਨ ਜਿੰਨਾ ਖਤਰਾ ਹੀ ਹੁੰਦਾ ਸੀ ਕਿਉਂਕਿ ਉਨ੍ਹੀਂ ਦਿਨੀਂ ਲੋਕ ਗੋਲੀ ਦੀ ਆਵਾਜ ਪ੍ਰਤੀ ਬਹੁਤ ਸੁਚੇਤ ਹੁੰਦੇ ਸਨ। ਦੂਜੇ ਪਾਸੇ ਉਦੋਂ ਪੁਲਿਸ ਅਤੇ ਸੀਆਰਪੀਐਫ ਦੀ ਸਭ ਥਾਈਂ ਗਸ਼ਤ ਹੁੰਦੀ ਰਹਿੰਦੀ ਸੀ ਅਤੇ ਨਾਕੇ ਵੀ ਬਹੁਤ ਹੁੰਦੇ ਸੀ। ਉਂਝ ਹੁਣ ਆਵਾਜ ਦਾ ਸ਼ੋਰ ਵਧਣ ਨਾਲ ਕਿਸੇ ਨੂੰ ਇਹ ਲੱਗੇਗਾ ਕਿ ਬੰਦੂਕ ਚਲਾ ਕੇ ਵੇਖਣੀ ਕਿਹੜੀ ਵੱਡੀ ਗੱਲ ਹੈ, ਪਰ ਉਸ ਵਕਤ ਇਹ ਬਹੁਤ ਵੱਡਾ ਮਸਲਾ ਹੁੰਦਾ ਸੀ। ਲੁਧਿਆਣੇ ਤੋਂ ੨੦-੨੫ ਕਿਲੋਮੀਟਰ ਬਾਹਰ ਨਾਕਿਆਂ ਵਿਚਦੀ ਅਸਲਾ ਲੈ ਕੇ ਜਾਣਾ ਫਿਰ ਪਿੰਡ ਦੀ ਵਸੋਂ ਤੋਂ ਦੂਰ ਖੇਤ ਵਿਚਲੀ ਕਿਸੇ ਮੋਟਰ ਦੇ ਕਮਰੇ ਨੂੰ ਪੂਰੀ ਤਰ੍ਹਾਂ ਬੰਦ ਕਰਨਾ ਕਿ ਬਾਹਰ ਕਿਸੇ ਨੂੰ ਫਾਇਰ ਦੀ ਆਵਾਜ ਨਾ ਸੁਣੇ। ਮੋਟਰ ਦੇ ਕਮਰੇ ਦੀਆਂ ਬਾਰੀਆਂ ਅਤੇ ਬੂਹੇ ਅੱਗੇ ਮਿੱਟੀ ਦੀਆਂ ਬੋਰੀਆਂ ਲਾਉਣੀਆਂ। ਫਿਰ ਇਹ ਧਿਆਨ ਵੀ ਰੱਖਣਾ ਕਿ ਜਦੋਂ ਕੋਈ ਨੇੜੇ ਨਹੀਂ ਉਦੋਂ ਵਾਰੀ ਵਾਰੀ ਸਾਰਾ ਅਸਲਾ ਵਰਤ ਕੇ ਵੇਖਣਾ। ਜਦੋਂ ਅਸੀਂ ਰਤਨਾ ਪਿੰਡ ਵਿਚ ਅਸਲਾ ਪਰਖਣ ਲਈ ਖੇਤ ਵਿੱਚ ਸਾਰੇ ਇੰਤਜਾਮ ਕਰ ਲਏ ਉਦੋਂ ਗਵਾਂਢੀਆਂ ਦੀ ਮੋਟਰ ਉੱਤੇ ਇੱਕ ਨੌਕਰ ਪੱਠੇ ਵੱਢਣ ਆ ਗਿਆ। ਉਸਨੂੰ ਪਿੰਡ ਦੇ ਅੱਡੇ ਤੋਂ ਮਠਿਆਈ ਲਿਆਉਣ ਲਈ ਭੇਜਿਆ। ਜਦੋਂ ਪੂਰੀ ਤਰ੍ਹਾਂ ਨਿਸਚਿੰਤ ਹੋ ਗਏ ਤਾਂ ਹੀ ਸਾਰਾ ਕੁੱਝ ਅਜਮਾ ਕੇ ਵੇਖ ਸਕੇ।

ਉਦੋਂ ਸਾਰੀ ਫਿਜਾ ਹੀ ਖਤਰਿਆਂ ਨਾਲ ਭਰਪੂਰ ਸੀ। ਜਿਹੜੇ ਸਿੰਘ ਘਰੋਂ ਖਤਰਿਆਂ ਨਾਲ ਖੇਡਣ ਲਈ ਤੁਰ ਪਏ ਸਨ, ਉਨ੍ਹਾਂ ਨੂੰ ਸਾਰਿਆਂ ਨੂੰ ਇਹ ਖੇਡ ਭਾਉਂਦੀ ਸੀ। ਜਿੰਨਾ ਚਿਰ ਖਤਰੇ ਵਿੱਚ ਹੋਣਾ ਬੜੇ ਇਕਾਗਰ ਅਤੇ ਸੁਚੇਤ ਰਹਿਣਾ। ਜਦੋਂ ਖਤਰੇ ਵਿਚੋਂ ਨਿਕਲ ਜਾਣਾ ਤਾਂ ਹਲਕੀ ਜਿਹੀ ਖੁਸ਼ੀ ਤੇ ਛੋਟੀ ਜਿਹੀ ਜਿੱਤ ਦਾ ਅਹਿਸਾਸ ਹੋਣਾ। ਇਹ ਇਸ ਤਰ੍ਹਾਂ ਸੀ ਕਿ ਜਿਵੇਂ ਦੋ ਵਿਰੋਧੀ ਤਾਕਤਾਂ ਲਗਾਤਾਰ ਆਪਸ ਵਿੱਚ ਭਿੜ ਰਹੀਆਂ ਹਨ ਤੇ ਹਰ ਦਮ ਕੋਈ ਨਾ ਕੋਈ ਦਾਅ ਅਪਣਾਇਆ ਜਾ ਰਿਹਾ ਹੈ। ਦੁਸ਼ਮਣ ਪ੍ਰਤੀ ਮਨ ਬੜਾ ਹੀ ਸੁਚੇਤ ਰਹਿੰਦਾ ਹੈ ਤੇ ਉਸਦੀ ਹਰ ਚਾਲ ਬਾਰੇ ਪਹਿਲੋਂ ਹੀ ਅੰਦਾਜਾ ਲੱਗ ਜਾਂਦਾ ਹੈ। ਸਾਡੇ ਮਨਾਂ ਦੀ ਵੀ ਇਹੋ ਜਿਹੀ ਹੀ ਹਾਲਤ ਸੀ, ਇਸ ਕਰਕੇ ਅਸੀਂ ਸਾਰੇ ਪੰਜਾਬ ਵਿੱਚ ਅਸਲਾ ਢੋਈ ਜਾਂਦੇ ਜਾਂ ਕਿਸੇ ਦਾ ਪਿੱਛਾ ਕਰਦੇ ਜਾਂ ਕਿਸੇ ਖਤਰੇ ਵਾਲੀ ਥਾਂ ਉੱਤੇ ਉਵੇਂ ਹੀ ਚਲੇ ਜਾਣਾ ਜਿਵੇਂ ਕੋਈ ਗੱਲ ਹੀ ਨਹੀਂ ਹੈ।

ਜਿਹੜੀਆਂ ਗੱਡੀਆਂ ਕੰਮਾਂ ਵਿੱਚ ਵਰਤਣੀਆਂ ਹੁੰਦੀਆਂ ਸਨ, ਉਨ੍ਹਾਂ ਨੂੰ ਆਪਣੇ ਘਰੇ ਜਾਂ ਕਿਸੇ ਠਾਹਰ ਉਤੇ ਨਹੀਂ ਸੀ ਰੱਖਿਆ ਜਾਂਦਾ ਕਿਉਂਕਿ ਹਮਲੇ ਤੋਂ

ਬਾਅਦ ਉਨ੍ਹਾਂ ਬਾਰੇ ਬਹੁਤ ਚਰਚਾ ਹੁੰਦੀ ਹੈ। ਇਸ ਕੰਮ ਵਿੱਚ ਵਰਤੀ ਗਈ ਕਾਰ ਤੇ ਟਰੱਕ ਨੂੰ ਅਸੀਂ ਮਹੀਨਾ ਭਰ ਐਸੇ ਤਰ੍ਹਾਂ ਕਦੀ ਕਿਸੇ ਜਨਤਕ ਥਾਂ ਉੱਤੇ ਲਾ ਦੇਣਾ, ਕਦੇ ਕਿਸੇ ਅੱਡੇ ਜਾਂ ਕਿਸੇ ਮੁਹੱਲੇ ਗਲੀ ਵਿੱਚ ਲਾ ਦੇਣਾ। ਕਈ ਵਾਰ ਰਾਤ ਨੂੰ ਆਪਣੇ ਘਰ ਹੀ ਖੜ੍ਹੀ ਕਰਕੇ ਤਰਪਾਲ ਪਾ ਦੇਣੀ। ਫਿਰ ਅਗਲੇ ਦਿਨ ਗੱਡੀ ਦੀ ਥਾਂ ਬਦਲਣੀ। ਇੱਕ ਥਾਂ ਤੋਂ ਦੂਸਰੇ ਥਾਂ ਤੇ ਜਦੋਂ ਵੀ ਜਾਣਾ ਦੋ ਤਿੰਨ ਜਣਿਆਂ ਨੇ ਹਥਿਆਰਬੰਦ ਹੋ ਕੇ ਜਾਣਾ। ਪਹਿਲਾਂ ਕੁੱਝ ਸਮਾਂ ਵੇਖਣਾ ਕਿ ਕਿਤੇ ਕੋਈ ਗੜਬੜ ਤਾਂ ਨਹੀਂ, ਕਿਸੇ ਨੂੰ ਕੋਈ ਸ਼ੱਕ ਤਾਂ ਨਹੀਂ ਪਈ। ਫਿਰ ਗੱਡੀ ਨੂੰ ਘੁਮਾ ਫਿਰਾ ਕੇ ਨਵੀਂ ਜਗ੍ਹਾ ਉੱਤੇ ਲਾ ਕੇ ਆਉਣਾ, ਇਹ ਕੰਮ ਵੀ ਖਤਰੇ ਭਰਪੂਰ ਹੁੰਦਾ ਸੀ। ਹੁਣ ਮੈਂ ਸੋਚਦਾ ਹੁੰਦਾਂ ਕਿ ਇੱਕ ਹਮਲੇ ਨੂੰ ਸਿਰੇ ਚਾੜ੍ਹਣ ਲਈ ਹੋਰ ਕਿੰਨੇ ਹੀ ਇਹੋ ਜਿਹੇ ਖਤਰਿਆਂ ਦੀ ਇੱਕ ਲੰਮੀ ਲੜੀ ਹੁੰਦੀ ਸੀ। ਉਨ੍ਹਾਂ ਦਿਨਾਂ ਵਿੱਚ ਲੋਕ ਕਿਸੇ ਵੀ ਗੱਡੀ ਜਾਂ ਸਾਧਨ ਦੇ ਕਿਸੇ ਥਾਂ ਜਿਆਦਾ ਸਮਾਂ ਖੜ੍ਹੇ ਰਹਿਣ ਉੱਤੇ ਸ਼ੱਕ ਕਰ ਲੈਂਦੇ ਅਤੇ ਪੁਲਿਸ ਨੂੰ ਇਤਲਾਹ ਵੀ ਕਰ ਦਿੰਦੇ ਸੀ। ਅਸੀਂ ਸਾਰੇ ਹੀ ਅੰਮ੍ਰਿਤਧਾਰੀ ਸੀ ਤੇ ਸ਼ਹਿਰਾਂ ਵਿੱਚ ਓਪਰੇ ਗੁਰਸਿੱਖ ਨੌਜਵਾਨਾਂ ਨੂੰ ਦੇਖ ਕੇ ਹੀ ਲੋਕ ਸ਼ੱਕ ਕਰ ਜਾਂਦੇ ਸੀ। ਸਾਡੇ ਨਾਲ ਕਈ ਵਾਰ ਇਸ ਤਰ੍ਹਾਂ ਵੀ ਹੋਇਆ ਸੀ।

ਇਸ ਕੰਮ ਲਈ ਪਹਿਲਾਂ ਸਾਨੂੰ ਕਾਰ ਸੁਲੱਖਣ ਸਿੰਘ ਅਤੇ ਮਾਸਟਰ ਸੁਖਵਿੰਦਰ ਸਿੰਘ ਨੇ ਚੰਡੀਗੜ੍ਹ ਤੋਂ ਖਰੀਦ ਕੇ ਦਿੱਤੀ। ਅਸੀਂ ਉਸਨੂੰ ਇਸੇ ਤਰੀਕੇ ਨਾਲ ਕਈ ਦਿਨ ਸੰਭਾਲਦੇ ਰਹੇ। ਇੱਕ ਦਿਨ ਸ਼ਾਮ ਨੂੰ ਅਸੀਂ ਉਹ ਕਾਰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਪਿਛਲੇ ਪਾਸੇ ਕਿਚਲੂ ਨਗਰ ਵਿੱਚ ਹੋਰਨਾਂ ਗੱਡੀਆਂ ਵਿਚ ਖੜ੍ਹੀ ਕਰ ਦਿੱਤੀ। ਉੱਥੇ ਇੱਕ ਸ਼ੱਕੀ ਜਿਹਾ ਬਜੁਰਗ ਸੀ ਜਿਸਨੂੰ ਉਸ ਗੱਡੀ ਉੱਤੇ ਸ਼ੱਕ ਹੋ ਗਿਆ। ਜਦੋਂ ਅਗਲੇ ਦਿਨ ਚਾਚਾ ਮਥਰਾ ਸਿੰਘ ਅਤੇ ਰਣਜੀਤ ਸਿੰਘ ਕੁੱਕੀ ਲੈਣ ਗਏ ਤਾਂ ਉਨ੍ਹਾਂ ਨੂੰ ਸ਼ੱਕ ਪੈ ਗਈ। ਉਨ੍ਹਾਂ ਨੇ ਦੂਰ ਖੜ੍ਹ ਕੇ ਵੇਖਿਆ ਤਾਂ ਉਸ ਬਜੁਰਗ ਨੇ ਪਹਿਲਾਂ ਸਾਰੇ ਮਹੱਲੇ ਵਾਲਿਆਂ ਨੂੰ ਬੁਲਾਇਆ ਤੇ ਫਿਰ ਪੁਲਿਸ ਨੂੰ ਬੁਲਾ ਲਿਆ। ਇਸ ਤਰ੍ਹਾਂ ਦੋਵੇਂ ਸਿੰਘ ਵਾਲ-ਵਾਲ ਬਚ ਗਏ। ਉਹ ਗੱਡੀ ਪੁਲਿਸ ਵਾਲੇ ਲੈ ਗਏ ਪਰ ਉਨ੍ਹਾਂ ਨੂੰ ਕੋਈ ਸ਼ੱਕ ਨਾ ਹੋਈ, ਉਨ੍ਹਾਂ ਸੋਚਿਆ ਇਹ ਕੋਈ ਚੋਰੀ ਦਾ ਮਾਮਲਾ ਹੈ। ਸਾਨੂੰ ਬੜਾ ਦੁੱਖ ਲੱਗਿਆ ਪਰ ਸੁਖਵਿੰਦਰ ਸਿੰਘ ਛਿੰਦੂ ਹੋਰੀਂ ਦੋ ਦਿਨ ਬਾਅਦ ਦਿੱਲੀ ਤੋਂ ਉਸ ਕਾਰ ਤੋਂ ਵੀ ਵਧੀਆ ਕਾਰ ਲੈ ਆਏ।

ਹੁਣ ਅਮਿਤਾਬ ਪਾਂਡੇ ਉੱਤੇ ਹਮਲੇ ਦੀ ਪੂਰੀ ਤਿਆਰੀ ਹੋ ਗਈ ਸੀ ਅਤੇ ਸਾਰੇ ਸਿੰਘਾਂ ਨੇ ਅਭਿਆਸ ਵਜੋਂ ਇੱਕ ਦਿਨ ਪਹਿਲਾਂ ਸਾਰਿਆਂ ਨੇ ਹਥਿਆਰਬੰਦ ਹੋ ਕੇ ਗੇੜਾ ਦਿੱਤਾ।

ਜੁਲਾਈ ੧੯੮੫ ਦੇ ਸਮੇਂ ਵਿਚ ਇਹ ਬਹੁਤ ਵੱਡਾ ਹਮਲਾ ਹੋਣਾ ਸੀ। ਹਾਲੇ

ਸਾਲ ਪਹਿਲਾਂ ਹੀ ਸਰਕਾਰ ਨੇ ਆਪਣੇ ਵਲੋਂ ਪੂਰਾ ਜੋਰ ਲਾ ਕੇ ਸਿੱਖ ਤਾਕਤ ਨੂੰ ਪੂਰੀ ਤਰ੍ਹਾਂ ਮਸਲ ਦਿੱਤਾ ਸੀ। ਪੰਜਾਬ ਦੇ ਇੱਕ ਬਹੁਤ ਵੱਡੇ ਸ਼ਹਿਰ ਦੇ ਬੇਹੱਦ ਸੁਰੱਖਿਅਤ ਇਲਾਕੇ ਵਿੱਚ ਜਿਲ੍ਹੇ ਦੇ ਪੁਲਿਸ ਮੁਖੀ ਨੂੰ ਸ਼ਰੇਆਮ ਘੇਰ ਕੇ ਮਾਰਨਾ, ਇਸ ਬਾਰੇ ਸਰਕਾਰ ਸੋਚ ਵੀ ਨਹੀਂ ਸੀ ਸਕਦੀ।

ਇਸ ਕੰਮ ਲਈ ਅਸੀਂ ਸਾਰਿਆਂ ਨੇ ਬਹੁਤ ਖਤਰੇ ਉਠਾ ਕੇ ਅਤੇ ਮਿਹਨਤ ਕਰਕੇ ਪੂਰੀ ਤਿਆਰੀ ਕੀਤੀ ਹੋਈ ਸੀ ਪਰ ਹੁੰਦਾ ਉਹੀ ਹੈ ਜੋ ਪਰਮਾਤਮਾ ਨੂੰ ਮਨਜ਼ੂਰ ਹੁੰਦਾ ਹੈ। ਕਈ ਵਾਰ ਕਠਿਨ ਤਪੱਸਿਆ ਬਾਅਦ ਵੀ ਫਲ ਨਹੀਂ ਮਿਲਦਾ ਤੇ ਕਈ ਵਾਰ ਬਿਨਾ ਕੋਈ ਖਾਸ ਤਰੱਦਦ ਕੀਤਿਆਂ ਅਚਨਚੇਤ ਫਲ ਤੁਹਾਡੇ ਪੈਰਾਂ ਵਿੱਚ ਡਿੱਗ ਪੈਂਦਾ ਹੈ। ਇਸ ਕੰਮ ਵਿੱਚ ਅਸੀਂ ੬ ਜਣੇ ਤਾਂ ਸਿਖਾਂਦਰੂ ਸੀ ਪਰ ਸੁਲੱਖਣ ਸਿੰਘ ਅਤੇ ਚਾਚਾ ਮਥਰਾ ਸਿੰਘ ਪੂਰੇ ਮਾਹਿਰ ਸਨ ਅਤੇ ਸਾਨੂੰ ਉਨ੍ਹਾਂ ਉੱਤੇ ਮਾਣ ਸੀ।

ਉਸ ਦਿਨ ਸਾਰਾ ਕੁੱਝ ਵਿਉਂਤ ਅਨੁਸਾਰ ਹੋਇਆ। ਸਕੂਟਰ ਵਾਲਾ ਸਿੰਘ ਹੱਸਦਾ ਹੋਇਆ ਬੜੀ ਤੇਜੀ ਨਾਲ ਇਸ਼ਾਰਾ ਕਰਕੇ ਸਾਡੇ ਵਾਲੀ ਗਲੀ ਵਿੱਚ ਜਾ ਕੇ ਖੜ੍ਹ ਗਿਆ। ਅਸੀਂ ਆਪਣੀਆਂ ਬੰਦੂਕਾਂ ਬੀੜ ਲਈਆਂ। ਸੁਲੱਖਣ ਸਿੰਘ ਤੇ ਰਣਜੀਤ ਸਿੰਘ ਗੱਡੀ ਦੇ ਬਾਹਰ ਖੜ੍ਹੇ ਸਨ। ਅਸੀਂ ਹਾਲੇ ਸਾਰੇ ਗੱਡੀ ਦੇ ਵਿੱਚ ਹੀ ਸਾਂ ਤੇ ਗੱਡੀ ਦੇ ਸ਼ੀਸ਼ੇ ਪਰਦਿਆਂ ਵਾਲੇ ਸਨ। ਅਮਿਤਾਬ ਪਾਂਡੇ ਦੀ ਗੱਡੀ ਸਾਡੇ ਸਾਹਮਣੇ ਦੀ ਲੰਘੀ। ਟਰੱਕ ਉਹਦੇ ਵਲ ਨੂੰ ਮੁੜਿਆ ਪਰ ਉਸਨੂੰ ਰੋਕ ਨਾ ਸਕਿਆ ਤੇ ਗੱਡੀ ਦੀ ਸਾਈਡ ਵਿੱਚ ਵੱਜਿਆ। ਗੱਡੀ ਅੱਗੇ ਲੰਘ ਗਈ, ਜੀਪ ਵਿੱਚ ੬ ਪੁਲਿਸ ਵਾਲੇ ਸਨ। ਉਹ ਸਾਡੇ ਸਾਹਮਣੇ ਗੱਡੀ ਵਿਚੋਂ ਉਤਰੇ ਅਤੇ ਹੱਕੇ ਬੱਕੇ ਹੋਏ ਟਰੱਕ ਵਲ ਵੇਖ ਰਹੇ ਸੀ। ਉਨ੍ਹਾਂ ਨੂੰ ਸਾਡੇ ਬਾਰੇ ਕੁੱਝ ਪਤਾ ਨਹੀਂ ਸੀ ਅਤੇ ਇਸਨੂੰ ਟੱਕਰ ਹੀ ਸਮਝ ਰਹੇ ਸੀ। ਪ੍ਰੇਮ ਪਾਲ ਸਿੰਘ ਟਰੱਕ ਵਿਚੋਂ ਨਿਕਲ ਕੇ ਸੜਕ ਪਾਰ ਕਰਕੇ ਪਰਲੇ ਪਾਸੇ ਜੱਜ ਦੀ ਕੋਠੀ ਵੱਲ ਨੂੰ ਭੱਜ ਗਿਆ।ਸਭ ਕੁੱਝ ਉਲਟ ਪੁਲਟ ਹੋ ਗਿਆ।

ਚਾਚਾ ਮਥਰਾ ਸਿੰਘ ਤੇ ਸੁਲੱਖਣ ਸਿੰਘ ਨੇ ਇਕਦਮ ਫੈਸਲਾ ਲਿਆ ਕਿ ਗੱਡੀ ਵਿੱਚ ਬੈਠੋ ਅਤੇ ਆਪਾਂ ਇੱਥੋਂ ਨਿਕਲ ਚੱਲੀਏ ਕਿਉਂਕਿ ਪੁਲਿਸ ਨੂੰ ਕੋਈ ਸ਼ੱਕ ਨਹੀਂ, ਉਹ ਇਸਨੂੰ ਟੱਕਰ ਹੀ ਸਮਝ ਰਹੀ ਹੈ। ਹੋ ਸਕਦਾ ਹੈ ਕਿ ਟਰੱਕ ਡਰਾਈਵਰ ਭੱਜ ਕੇ ਨਿਕਲ ਜਾਵੇ। ਅਸੀਂ ਉਨ੍ਹਾਂ ੬ ਪੁਲਿਸ ਵਾਲਿਆਂ ਨੂੰ ਸੌਖਿਆਂ ਹੀ ਮਾਰ ਸਕਦੇ ਸੀ ਕਿਉਂਕਿ ਉਹ ਸਾਡੇ ਵਲੋਂ ਪੂਰੀ ਤਰ੍ਹਾਂ ਅਵੇਸਲੇ ਅਤੇ ਪਿੱਠਾਂ ਕਰੀਂ ਖੜ੍ਹੇ ਸੀ ਪਰ ਸਾਡੇ ਦੋਵਾਂ ਆਗੂਆਂ ਨੇ ਕਿਹਾ ਕਿ ਇਨ੍ਹਾਂ ਨੂੰ ਮਾਰਨਾ ਸਾਡਾ ਮਕਸਦ ਨਹੀਂ। ਇਹ ਪਰਿਵਾਰਾਂ ਵਾਲੇ ਹੋਣਗੇ ਅਤੇ ਅਸਲ ਦੋਸ਼ੀ ਤਾਂ ਨਿਕਲ ਗਿਆ। ਅਸੀਂ ਵੀ ਉੱਥੋਂ ਨਿਕਲ ਗਏ। ਸਾਨੂੰ ਬਾਅਦ ਵਿੱਚ ਪਤਾ ਲੱਗਾ ਕਿ ਅਮਿਤਾਬ ਪਾਂਡੇ ਦੀ ਗੱਡੀ ਦਾ ਖੱਬਾ ਪਹੀਆ ੧੦੦ ਕੁ ਮੀਟਰ ਅਗਾਂਹ ਜਾ ਕੇ ਗੱਡੀ ਨਾਲੋਂ ਲਹਿ ਗਿਆ ਅਤੇ

ਅਮਿਤਾਬ ਪਾਂਡੇ ਖੁਦ ਵੀ ਗੱਡੀ ਵਿਚੋਂ ਬਾਹਰ ਆ ਗਿਆ। ਪੁਲਿਸ ਨੇ ਮੌਕੇ ਉੱਤੇ ਇਹੀ ਸੋਚਿਆ ਕਿ ਕਿਸੇ ਕਮਲੇ ਟਰੱਕ ਵਾਲੇ ਨੇ ਗਲਤ ਪਾਸੇ ਤੋਂ ਆ ਕੇ ਘਬਰਾ ਕੇ ਵਿਚ ਮਾਰਿਆ ਹੈ। ਪ੍ਰੇਮ ਪਾਲ ਸਿੰਘ ਘਬਰਾਹਟ ਵਿੱਚ ਸਾਡੇ ਵਾਲੇ ਪਾਸੇ ਆਉਣ ਦੀ ਬਜਾਏ ਦੂਜੇ ਪਾਸੇ ਸ਼ੈਸ਼ਨ ਜੱਜ ਦੇ ਘਰ ਜਾ ਵੜਿਆ ਤੇ ਉੱਥੇ ਉਸਦੀ ਗਾਰਦ ਨੇ ਫੜ ਲਿਆ ਕਿ ਇਹ ਅਜਨਬੀ ਕਿਵੇਂ ਅੰਦਰ ਵੜ ਗਿਆ। ਟੱਕਰ ਦਾ ਪਤਾ ਲੱਗਣ ਉੱਤੇ ਉਨ੍ਹਾਂ ਨੇ ਉਸਨੂੰ ਪੁਲਿਸ ਦੇ ਹਵਾਲੇ ਕਰ ਦਿੱਤਾ। ਉਸ ਵਕਤ ਲੁਧਿਆਣੇ ਸੀਆਈਏ ਸਟਾਫ ਦਾ ਇੰਚਾਰਜ ਰਾਜ ਕਿਸ਼ਨ ਬੇਦੀ ਸੀ। ਉਸਨੇ ਬਹੁਤ ਛੇਤੀ ਹੀ ਸਾਰਾ ਕੁੱਝ ਉਗਲਵਾ ਲਿਆ। ਡਰਾਈਵਰ ਨੂੰ ਸਾਡੇ ਬਾਰੇ ਕੁਝ ਪਤਾ ਨਹੀਂ ਸੀ ਕਿ ਅਸੀਂ ਕੌਣ ਹਾਂ। ਅਸੀਂ ਤਾਂ ਉਸਨੂੰ ਇਹ ਹੀ ਦੱਸਿਆ ਸੀ ਅਸੀਂ ਜੰਗਜੂ ਹਾਂ ਤੇ ਪਾਕਿਸਤਾਨੋਂ ਆਏ ਹਾਂ। ਉਹ ਸਿਰਫ ਸੁਲੱਖਣ ਸਿੰਘ ਨੂੰ ਜਾਣਦਾ ਸੀ ਪਰ ਉਹ ਕੁੱਝ ਘੰਟਿਆਂ ਬਾਅਦ ਹੀ ਸਾਡੇ ਦੋਸਤ ਦੇ ਮਾਡਲ ਗਰਾਮ ਵਿਚਲੇ ਮਕਾਨ ਵਿੱਚ ਪੁਲਿਸ ਨੂੰ ਲੈ ਕੇ ਆ ਗਿਆ। ਮੈਂ ਕਾਰ ਵਿਚੋਂ ਉੱਤਰ ਕੇ ਉਸ ਮਕਾਨ ਵਿੱਚ ਚਲਾ ਗਿਆ ਸੀ ਪਰ ਉੱਥੇ ਘੰਟਾ ਕੁ ਠਹਿਰਣ ਬਾਅਦ ਸਕੂਟਰ ਲੈ ਕੇ ਗੁਰਸ਼ਰਨ ਸਿੰਘ ਦੇ ਪਿੰਡ ਰਤਨਾ ਚਲਾ ਗਿਆ। ਮੇਰੇ ਉਸ ਮਕਾਨ ਵਿਚੋਂ ਨਿਲਕਣ ਤੋਂ ਅੱਧਾ ਕੁ ਘੰਟਾ ਬਾਅਦ ਪੁਲਿਸ ਡਰਾਈਵਰ ਸਮੇਤ ਉੱਥੇ ਪਹੁੰਚ ਗਈ ਸੀ। ਪੁਲਿਸ ਨੇ ਸਾਡੇ ਉਸ ਦੋਸਤ ਨੂੰ ਫੜ ਕੇ ਉਸ ਉੱਤੇ ਬਹੁਤ ਤਸ਼ੱਦਦ ਕੀਤਾ ਪਰ ਉਸਨੂੰ ਇਸ ਹਮਲੇ ਬਾਰੇ ਕੁਝ ਪਤਾ ਹੀ ਨਹੀਂ ਸੀ। ਫਿਰ ਉਸ ਉੱਤੇ ਕੇਸ ਚਲਿਆ ਅਤੇ ਦੋ ਕੁ ਸਾਲ ਬਾਅਦ ਉਹ ਬਰੀ ਹੋ ਗਿਆ। ਉਸ ਨਾਲ ਨਜਾਇਜ ਹੋ ਗਈ। ਇਸਦਾ ਸਾਨੂੰ ਅਫਸੋਸ ਰਿਹਾ ਪਰ ਕਿਸੇ ਵੀ ਜੰਗ ਵਿੱਚ ਇਸ ਤਰ੍ਹਾਂ ਨਜਾਇਜ ਹੋ ਜਾਣਾ ਲਾਜਮੀ ਵਰਤਾਰਾ ਹੀ ਹੈ।

ਇਹ ਹਮਲੇ ਤੋਂ ਪੁਲਿਸ ਨੂੰ ਸਾਡੇ ਬਾਰੇ ਪਤਾ ਲੱਗ ਗਿਆ ਅਤੇ ਅਸੀਂ ਤਿੰਨੋ (ਸੁੱਖੀ, ਕੁੱਕੀ ਅਤੇ ਮੈਂ) ਰੂਪੋਸ਼ ਹੋ ਗਏ। ਸਰਕਾਰ ਲਈ ਇਹ ਬੜੀ ਹੈਰਾਨ-ਪ੍ਰੇਸ਼ਾਨ ਅਤੇ ਫਿਕਰ ਵਾਲੀ ਗੱਲ ਸੀ ਕਿ ਇਹੋ ਜਿਹਾ ਬਹੁਤ ਹੀ ਯੋਜਨਾਬੱਧ ਹਮਲਾ ਕਰਨ ਦੀ ਕੋਸ਼ਿਸ਼ ਕੀਤੀ ਗਈ। ਅਜਿਹੇ ਹਥਿਆਰ ਕਿੱਥੋਂ ਆ ਗਏ ਅਤੇ ਸਭ ਤੋਂ ਵੱਡੀ ਗੱਲ ਇਹ ਕਿ ਯੂਨੀਵਰਸਿਟੀ ਦੇ ਵਿਦਿਆਰਥੀ ਖਾੜਕੂ ਕਾਰਵਾਈਆਂ ਵਿੱਚ ਸ਼ਾਮਲ ਹੋ ਗਏ। ਉਨ੍ਹਾਂ ਨੇ ਸਾਨੂੰ ਬਹੁਤ ਲੱਭਿਆ ਪਰ ਅਸੀਂ ਹਮਲੇ ਤੋਂ ਪਹਿਲਾਂ ਹੀ ਮੈਦਾਨੇ ਜੰਗ ਵਿਚ ਕੁੱਦਣ ਦਾ ਪੂਰਾ ਪ੍ਰਬੰਧ ਕੀਤਾ ਹੋਇਆ ਸੀ। ਇਸ ਕਰਕੇ ਉਨ੍ਹਾਂ ਦੇ ਹੱਥ ਪੱਲੇ ਕੁਝ ਨਹੀਂ ਪਿਆ।

ਬਾਅਦ ਵਿੱਚ ਪ੍ਰੇਮ ਪਾਲ ਸਿੰਘ ਨੇ ਜੇਲ੍ਹ ਵਿੱਚ ਸਾਨੂੰ ਦੱਸਿਆ ਕਿ ਜਦੋਂ ਉਹ ਟਰੱਕ ਨੂੰ ਅਮਿਤਾਬ ਪਾਂਡੇ ਦੀ ਕਾਰ ਵਿੱਚ ਮਾਰਨ ਲਗਾ ਤਾਂ ਅਚਾਨਕ ਸਕੂਲ ਦੇ ਬੱਚਿਆਂ ਨਾਲ ਭਰਿਆ ਰਿਕਸ਼ਾ ਵਿਚਾਲੇ ਆ ਗਿਆ। ਇਸ ਸਥਿਤੀ ਵਿੱਚ ਉਹ

ਮੰਨ ਕੇ ਗਿਆ। ਐਨੇ ਨੂੰ ਮਾਮਲੇ ਦੇ ਸੰਬੰਧ ਨਾਲ ਅਮਿਤਾਭ ਪਾਂਡੇ ਦੀ ਜਾਂਚ ਅੱਗੇ ਤੋਰ ਜਾਣੀ। ਫਿਰ ਉਹ ਆਸਾਨ ਕਿਹਾ, ਕੋਈ ਖ਼ਾਸ ਖ਼ਾਸ ਨਾ ਰਹੀ। ਪਾਂਡੇ ਵਲ ਆਉਂਦਾ ਦੀ ਜਾਣਾਂ ਉਸਨੇ ਦਿੱਤਾ ਵਿੱਚ ਮਹਿਕਮੇ ਲੋਕਾਂ ਵਿੱਚ ਨਾ ਵਧਿਆ। ਮੈਨੂੰ ਸਾਹਮਣੇ ਵਿੱਚ ਪਾਂਡੇ ਅਤੇ ਮਨਜੀਤ ਸਿੰਘ ਤੇ ਗੁਰਪ੍ਰੀਤ ਸਿੰਘ ਵਿਚਕਾਰ ਗੱਲਬਾਤ ਦੀ ਗੱਲ ਸਮੁੱਚੀ ਜਾਣਕਾਰੀ ਸਾਹਮਣੇ ਆ ਜਾਣੀ ਸਨ। ਮਨਜੀਤ ਸਿੰਘ ਨੇ ਕਿਹਾ ਸੀ ਕਿ ਗੁਰਪ੍ਰੀਤ ਨੂੰ ਜਾਣਕੇ ਦਾ ਤਜਰਬਾ ਹੋਣਾ ਚਾਹੀਦਾ ਅਤੇ ਪ੍ਰਮਜੀਤ ਸਿੰਘ ਕਿਉਂ ਪੂਰਾ ਤਜਰਬੇਕਾਰ ਸੀ। ਇਸ ਵਕਤ ਗੁਰਪ੍ਰੀਤ ਸਿੰਘ ਨੇ ਪ੍ਰੇਮ ਪਾਲ ਸਿੰਘ ਉੱਤੇ ਵਿਸ਼ਵਾਸ ਕਰਕੇ ਉਸਨੂੰ ਦੱਸ ਦਿੱਤਾ ਕਿ ਪੂਰਾ ਕੰਮ ਗੁਰਪ੍ਰੀਤ ਅਤੇ ਸਾਡਾ ਖ਼ਾਸ ਕਰੀਬੀਆਂ ਹੈ। ਸਾਹਮਣੇ ਵਿੱਚ ਪਤਾ ਲੱਗਾ ਕਿ ਪ੍ਰੇਮ ਪਾਲ ਸਿੰਘ ਦਾ ਤਜਰਬਾ ਕਰਨ ਦਾ ਕੋਈ ਤਜਰਬਾ ਨਹੀਂ ਸੀ। ਉਸ ਸਿਰਫ਼ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਗੁਰਪ੍ਰੀਤ ਸਿੰਘ ਨਾਲ ਕੰਮ ਆਉਂਦਾ ਜਾਂਦਾ ਸੀ ਤੇ ਉਨ੍ਹਾਂ ਤੋਂ ਤਜਰਬਿਆਂ ਦੀ ਜਾਣਕਾਰੀ ਲੈਂਦਾ ਸੀ।

ਅਮਿਤਾਭ ਪਾਂਡੇ ਨੇ ਇਸ ਤੋਂ ਬਾਅਦ ਸਾਰੀ ਨੌਕਰੀ ਪੰਜਾਬ ਵਿੱਚ ਹੀ ਕੀਤੀ ਅਤੇ ਐਸੀ ਤਰੱਕੀ ਹੋਣ ਤਕ ਵੀ ਆਇਆ ਤੇ ਕੁਝ ਸਮਾਂ ਵੀ ਪੁੱਛੇ ਪਰ ਉਸਦਾ ਰਵੱਈਆ ਠੀਕ ਹੀ ਸੀ। ਇਸ ਮਾਮਲੇ ਤੋਂ ਬਾਅਦ ਉਸਦੇ ਬਾਰੇ ਸੰਬੰਧ ਪ੍ਰਤੀ ਆਪਣਾ ਰਵੱਈਆ ਕਾਫ਼ੀ ਬਦਲ ਲਿਆ ਸੀ। ਪਹਿਲਾਂ ਵਾਂਗ ਖੁੱਲ੍ਹੇ ਹੋ ਕੇ ਟੋਕਣ ਲੈਣੀ ਛੱਡ ਦਿੱਤੀ ਸੀ। ੧੯੯੫ ਤੋਂ ਬਾਅਦ ਉਸਦਾ ਇਹੋ ਜਿਹਾ ਕੋਈ ਕਿੱਤੇ ਨਜ਼ਰ ਨਹੀਂ ਆਇਆ। ਇਸ ਫ਼ਰਕ ਦਾ ਕਾਰਨ ਜਾਣਨਾ ਹੀ ਸੀ ਜਾਂ ਕੋਈ ਹੋਰ ਕਾਰਨ, ਇਸ ਬਾਰੇ ਕੁਝ ਕਿਹਾ ਨਹੀਂ ਜਾ ਸਕਦਾ।

ਜਨਰਲ ਕੁਲਦੀਪ ਬਰਾੜ ਦਾ ਬਚਣਾ

ਉਸ ਵਕਤ ਅਸੀਂ ਦਿੱਲੀ ਵਿਚ ਸਾਂ ਤੇ ਸਾਡਾ ਕੰਮ ਪੂਰੀ ਤਰ੍ਹਾਂ ਸਮਾਪਤ ਸੀ। ਲਲਿਤ ਮਾਕਨ ਤੇ ਅਰਜਨ ਦਾਸ ਦਾ ਸੋਧਾ ਲੱਗ ਚੁੱਕਾ ਸੀ, ਜਿਸ ਨਾਲ ਸਰਕਾਰ ਦਹਿਲ ਗਈ ਸੀ। ਉਸ ਨੂੰ ਪਤਾ ਨਹੀਂ ਸੀ ਲੱਗ ਰਿਹਾ ਕਿ ਇਹ ਕੰਮ ਕਿਸ ਨੇ ਕੀਤਾ ਹੈ ਕਿਉਂਕਿ ਅਸੀਂ ਜ਼ਿੰਮੇਵਾਰੀ ਨਹੀਂ ਸੀ ਲਈ। ਦਿੱਲੀ ਵਿਚ ਥਾਂ-ਥਾਂ ਤੇ ਸਿੰਘਾਂ ਦੇ ਸਾਡੀਆਂ ਸ਼ਕਲਾਂ ਦੇ ਸੰਬੰਧੀ ਨਕਸ਼ਾ ਛਾਪ ਕੇ ਲਗਾਏ ਸੀ ਤੇ ਹੋਟਲਾਂ ਅਤੇ ਟੈਕਸੀਆਂ ਤੇ ਹਰ ਰੋਜ਼ ਜਾਣਕਾਰੀ ਦਿੱਤੀ ਜਾਂਦੀ ਸੀ ਪਰ ਇਸ ਸਭ ਕੁਝ ਦੇ ਬਾਵਜੂਦ ਵੀ ਅਸੀਂ ਸੁਰੱਖਿਅਤ ਸੀ। ਉਸ ਵਕਤ ਉੱਥੇ ਅਸੀਂ ਸੁਖਵਿੰਦਰ ਸਿੰਘ ਕਿੰਡੂ, ਲਾਲਾ ਅਜੈਬ ਸਿੰਘ, ਹਰਜਿੰਦਰ ਸਿੰਘ ਜਿੰਦਾ, ਸੁਖਦੇਵ ਸਿੰਘ ਸੁੱਖਾ, ਰਣਜੀਤ ਸਿੰਘ ਕੁੱਕੀ, ਸੁਖਮਿੰਦਰ ਸਿੰਘ ਸੁੱਖੀ ਤੇ ਬਲਜਿੰਦਰ ਸਿੰਘ ਰਾਜੂ ਸੀ। ਸੁਖਵਿੰਦਰ ਸਿੰਘ ਕਿੰਡੂ ਪੰਜਾਬ ਗਿਆ ਤਾਂ ਉਥੇ ਉਸ ਨੂੰ ਮੇਰਠ ਛਾਉਣੀ ਦੇ ਕੁਝ ਫ਼ੌਜੀ ਮਿਲੇ। ਜਿਨ੍ਹਾਂ ਨੇ ਦੱਸਿਆ ਕਿ ਬਰਾੜ ਜਿਹੜਾ ਦਰਬਾਰ ਸਾਹਿਬ ਤੇ ਹਮਲੇ ਦਾ ਮੋਹਰੀ ਸੀ, ਉਹ ਅੱਜ ਕੱਲ੍ਹ ਮੇਰਠ ਤਾਇਨਾਤ ਹੈ। ਸਿੰਘਾਂ ਨੇ ਦੱਸਿਆ ਕਿ ਉਸ ਦੀ ਰਾਖੀ ਜ਼ਬਰਦਸਤ ਹੁੰਦੀ ਹੈ ਪਰ ਕੰਮ ਹੋ ਸਕਦਾ ਹੈ ਤੇ ਉਹ ਮਦਦ ਕਰਨਗੇ। ਜਦੋਂ ਸੁਖਵਿੰਦਰ ਸਿੰਘ ਕਿੰਡੂ ਨੇ ਆ ਕੇ ਇਹ ਜਾਣਕਾਰੀ ਦਿੱਤੀ ਤਾਂ ਅਸੀਂ ਸਾਰੇ ਖ਼ੁਸ਼ ਤੇ ਆਸਵੰਦ ਹੋ ਗਏ।

ਸਾਡੇ ਵਿਚੋਂ ਹਰਜਿੰਦਰ ਸਿੰਘ ਜਿੰਦਾ, ਸੁਖਦੇਵ ਸਿੰਘ ਸੁੱਖਾ ਤੇ ਸੁਖਵਿੰਦਰ ਸਿੰਘ ਕਿੰਡੂ ਬਹੁਤ ਉਤਸ਼ਾਹ ਤੇ ਜੋਸ਼ ਨਾਲ ਕੰਮ ਕਰਨ ਵਾਸਤੇ ਤਿਆਰ ਸਨ। ਸਿੰਘਾਂ ਦੇ ਆਉਣ ਵਾਲੇ ਦਿਨ ਤੋਂ ਹੀ ਇਸ ਇਰਾਦੇ ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸੁਖਵਿੰਦਰ ਸਿੰਘ ਕਿੰਡੂ, ਹਰਜਿੰਦਰ ਸਿੰਘ ਜਿੰਦਾ ਤੇ ਲਾਲਾ ਅਜੈਬ ਸਿੰਘ ਮੇਰਠ ਸਿੰਘਾਂ ਫ਼ੌਜੀਆਂ ਨੂੰ ਮਿਲੇ। ਛਾਉਣੀ ਦੇ ਅੰਦਰ ਗਏ ਤੇ ਬਰਾੜ ਦਾ ਘਰ ਦੇਖਿਆ। ਸਾਡੇ ਲਈ ਇਹ ਕੰਮ ਬਹੁਤ ਜ਼ਰੂਰੀ ਸੀ। ਹਰਜਿੰਦਰ ਸਿੰਘ ਜਿੰਦਾ ਅਤੇ ਬਲਜਿੰਦਰ ਸਿੰਘ ਰਾਜੂ ਮੇਰਠ ਕਾਲਜ ਦੇ ਪਹਿਲਾਂ ਹੀ ਵਾਕਫ਼ ਸਨ। ਕਰਤੇ ਨੂੰ ਫਿਰ ਅਸੀਂ ਦਿੱਲੀ ਵਾਪਸ ਹੀ ਮੇਰਠ ਜਾਣ ਲੱਗ

ਮਕਾਨ ਕਿਰਾਏ ਤੇ ਲੈ ਲਿਆ ਅਤੇ ਦੋ ਬੰਦੇ ਉੱਥੇ ਰਹਿਣ ਲੱਗ ਪਏ ਅਤੇ ਹੋਰ ਲੋੜੀਂਦਾ ਸਾਮਾਨ ਵੀ ਇਕੱਠਾ ਕਰ ਲਿਆ। ਇੱਕ ਨਵੀਂ ਚਿੱਟੀ ਮਾਰੂਤੀ ਕਾਰ ਤੇ ਇਕ ਸਕੂਟਰ ਅਸੀਂ ਖਰੀਦ ਕੇ ਉੱਥੇ ਪਹੁੰਚਾ ਦਿੱਤਾ। ਹੁਣ ਇਹ ਬਰਾੜ ਦੀ ਖੋਜ ਕਰਨ ਦਾ ਮਸਲਾ ਸੀ, ਜੋ ਉੱਥੇ ਰਹਿ ਕੇ ਹੀ ਹੋਣੀ ਸੀ। ਸਾਡੇ ਦੋ ਦੋ ਤਿੰਨ ਬੰਦੇ ਸਦਾ ਮੇਰਠ ਰਹਿਣ ਲਈ ਤਿਆਰ ਹੋ ਗਏ। ਜਦੋਂ ਬਰਾੜ ਛਾਉਣੀ ਵਿੱਚ ਘਰੋਂ ਬਾਹਰ ਜਾਂ ਛਾਉਣੀ ਤੋਂ ਬਾਹਰ ਜਾਂਦਾ ਸੀ ਤਾਂ ਉਸ ਨਾਲ ਫੌਜ ਦੀਆਂ ਦੋ ਗੱਡੀਆਂ ਹੁੰਦੀਆਂ ਸਨ। ਹਾਲੇ ਅਸੀਂ ਉਸ ਨੂੰ ਦੋ ਤਿੰਨ ਵਾਰ ਹੀ ਦੇਖਿਆ ਸੀ ਤੇ ਸਾਡੀ ਜਿਆਦਾ ਮਦਦ ਛਾਉਣੀ ਵਾਲੇ ਸੱਜਣ ਹੀ ਕਰ ਰਹੇ ਸੀ।

ਖੋਜ ਕਰਨਾ ਲੁਕਵੇਂ ਹਮਲਿਆਂ ਦੇ ਸਭ ਤੋਂ ਔਖੇ ਕੰਮਾਂ ਵਿੱਚੋਂ ਹੁੰਦਾ ਹੈ। ਤੁਸੀਂ ਕਿਸੇ ਬੰਦੇ ਨੂੰ ਵਾਰ-ਵਾਰ ਦੇਖਣਾ ਤੇ ਪਿੱਛਾ ਕਰਨਾ ਹੁੰਦਾ ਹੈ। ਕਈ ਵਾਰ ਸਖ਼ਤ ਪਹਿਰੇਦਾਰੀ ਵੀ ਹੁੰਦੀ ਹੈ। ਇਹ ਕੰਮ ਤੁਹਾਨੂੰ ਕਈ ਤਰੀਕਿਆਂ ਤੇ ਕਈ ਭੇਸਾਂ ਵਿੱਚ ਕਈ ਬਹਾਨੇ ਬਣਾ ਕੇ ਲੰਮੇ ਸਮੇਂ ਤਕ ਕਰਨਾ ਪੈਂਦਾ ਹੈ। ਇਹ ਬੜਾ ਅਣਪਿੱਖ ਜਿਹਾ ਕੰਮ ਹੈ ਤੇ ਇਸ ਵਿੱਚ ਖਤਰਾ ਵੀ ਬਹੁਤ ਹੁੰਦਾ ਹੈ। ਸ਼ੱਕ ਪੈਣ ਤੇ ਸ਼ਿਕਾਰ ਚੌਕੰਨਾ ਹੋ ਜਾਂਦਾ ਹੈ ਤੇ ਤੁਸੀਂ ਫੜੇ ਵੀ ਜਾ ਸਕਦੇ ਹੋ। ਇਸ ਕੰਮ ਲਈ ਬੜੇ ਸਿਦਕ ਤੇ ਸਬਰ ਦੀ ਜਰੂਰਤ ਹੁੰਦੀ ਹੈ। ਜਿੰਨੀ ਵੀ ਜਾਣਕਾਰੀ ਹੋਵੇ, ਓਨਾ ਹੀ ਫਾਇਦਾ ਹੁੰਦਾ ਹੈ। ਸਾਡੇ ਵਿਚੋਂ ਇਹ ਕੰਮ ਜਿਆਦਾਤਰ ਸੁਖਦੇਵ ਸਿੰਘ ਸੁੱਖਾ, ਚਾਚਾ ਮਥਰਾ ਸਿੰਘ ਅਤੇ ਮੈਂ ਕਰਦੇ ਸੀ।

ਜਦੋਂ ਚਾਚਾ ਮਥਰਾ ਸਿੰਘ ਤੇ ਹਰਜਿੰਦਰ ਸਿੰਘ ਜਿੰਦਾ ਪਿੱਛਾ ਕਰ ਰਹੇ ਸਨ ਤਾਂ ਸਮਾਂ ਲੰਘਾਉਣ ਲਈ ਉਹ ਛਾਉਣੀ ਵਿਚ ਬਣੇ ਛੋਟੇ ਬਜਾਰ ਵਿਚ ਚਲੇ ਗਏ ਅਤੇ ਉੱਥੇ ਘੁੰਮ ਕੇ ਚੀਜਾਂ ਵਗੈਰਾ ਦੇਖਣ ਲੱਗੇ। ਉਸ ਵਕਤ ਇਨ੍ਹਾਂ ਕੋਲ ਕੋਈ ਹਥਿਆਰ ਨਹੀਂ ਸੀ। ਅਚਾਨਕ ਇਹ ਕੀ ਦੇਖਦੇ ਹਨ ਕਿ ਇਕ ਕਾਰ ਆ ਕੇ ਰੁਕਦੀ ਹੈ ਤੇ ਉਸ ਵਿਚੋਂ ਸਾਦੇ ਕੱਪੜਿਆਂ ਵਿੱਚ ਜਨਰਲ ਬਰਾੜ ਤੇ ਉਸਦੀ ਬੇਟੀ ਉਤਰਦੇ ਹਨ ਤੇ ਉਹ ਕਿਤਾਬਾਂ ਦੀ ਦੁਕਾਨ ਤੇ ਖਰੀਦਦਾਰੀ ਕਰਨ ਲੱਗ ਜਾਂਦੇ ਹਨ। ਗੱਡੀ ਵਿੱਚ ਸਿਰਫ ਇੱਕ ਡਰਾਈਵਰ ਹੀ ਸੀ। ਜਿਸ ਕੋਲ ਪਸਤੌਲ ਤੇ ਸਟੇਨਗੰਨ ਸੀ। ਬਰਾੜ ਨੇ ਵੀ ਪਸਤੌਲ ਪਾਇਆ ਸੀ। ਬਰਾੜ ਨੂੰ ਅਸੀਂ ਪਹਿਚਾਣਦੇ ਸੀ। ਆਮ ਤੌਰ ਤੇ ਉਹ ਇਸ ਤਰ੍ਹਾਂ ਬਾਹਰ ਨਹੀਂ ਸੀ ਨਿਕਲਦਾ। ਉਸ ਦੇ ਘਰ ਵੀ ਫੌਜ ਤਾਇਨਾਤ ਰਹਿੰਦੀ ਸੀ ਤੇ ਉਹਦੇ ਨਾਲ ਸਦਾ ਫੌਜੀ ਕਮਾਂਡੋਆਂ ਦੀਆਂ ਦੋ ਗੱਡੀਆਂ ਅੱਗੇ ਪਿੱਛੇ ਰਹਿੰਦੀਆਂ ਸਨ। ਸ਼ਾਇਦ ਘਰ ਨੇੜੇ ਅਤੇ ਛਾਉਣੀ ਵਿੱਚ ਹੋਣ ਕਰਕੇ ਉਹ ਇਸ ਤਰ੍ਹਾਂ ਆ ਗਿਆ ਹੋਵੇ। ਪਰ ਇਹ ਹਿਫਾਜਤੀ ਪੱਖ ਦੀ ਬਹੁਤ ਵੱਡੀ ਘਾਟ ਸੀ। ਸਾਡੇ ਸਿੰਘ ਬਹੁਤ ਹੈਰਾਨ ਹੋਏ ਕਿ ਦੁਸ਼ਮਣ ਇਸ ਤਰ੍ਹਾਂ ਸਾਹਮਣੇ ਹੈ ਜਿਵੇਂ ਕਿ ਤੁਹਾਨੂੰ ਕਿਸੇ ਨੇ

ਕੁਝ ਥਾਲੀ ਵਿਚ ਪਰੋਸ ਕੇ ਦਿੱਤਾ ਹੋਵੇ ਪਰ ਉਹ ਪਰੇਸ਼ਾਨ ਵੀ ਹੋਏ ਕਿ ਇਹਨਾਂ ਕੋਲ ਕੁਝ ਵੀ ਨਹੀਂ ਹੈ ਤੇ ਜਗ੍ਹਾ ਵੀ ਫੌਜੀ ਛਾਉਣੀ ਹੈ।

ਪਹਿਲਾਂ ਤਾਂ ਇਨ੍ਹਾਂ ਨੇ ਵਿਸ਼ਵਾਸ ਨਹੀਂ ਕੀਤਾ ਕਿ ਉਹ ਇਸ ਤਰ੍ਹਾਂ ਵੀ ਆ ਸਕਦਾ ਹੈ। ਜਦੋਂ ਇਹ ਵੀ ਦੁਕਾਨ ਤੋਂ ਕੁਝ ਖਰੀਦਣ ਲੱਗਾ ਪਏ ਤਾਂ ਪੱਕਾ ਹੋ ਗਿਆ ਕਿ ਇਹ ਉਹੀ ਹੀ ਹੈ। ਉਹ ਪਿਓ ਧੀ ਬੜੇ ਆਰਾਮ ਨਾਲ ਖਰੀਦਦਾਰੀ ਕਰ ਰਹੇ ਸੀ। ਕੁਝ ਕੁ ਮਿੰਟ ਉਸ ਦੁਕਾਨ ਵਿੱਚ ਰਹੇ ਤੇ ਫਿਰ ਚਲੇ ਗਏ। ਹਰਜਿੰਦਰ ਸਿੰਘ ਜਿੰਦਾ ਆਪਣੇ ਸੁਭਾਅ ਮੁਤਾਬਕ ਬਹੁਤ ਜੋਸ਼ ਵਿਚ ਆ ਗਿਆ, ਮੂੰਹ ਲਾਲ ਹੋ ਗਿਆ ਤੇ ਸਰੀਰ ਤਣਾਅ ਚ ਹੋ ਗਿਆ। ਪੰਥ ਦਾ ਵੱਡਾ ਦੁਸ਼ਮਣ ਉਹਦੇ ਸਾਹਮਣੇ ਸੀ ਪਰ ਉਹ ਬੇਵੱਸ ਸੀ। ਦਾਦਾ ਮਥਰਾ ਸਿੰਘ ਆਪਣੇ ਸੁਭਾਅ ਮੁਤਾਬਕ ਹੋਰ ਗੰਭੀਰ ਤੇ ਸਾਵਧਾਨ ਹੋ ਗਿਆ ਤੇ ਉਸ ਨੇ ਹਰਜਿੰਦਰ ਸਿੰਘ ਜਿੰਦੇ ਨੂੰ ਸ਼ਾਂਤ ਕੀਤਾ। ਹਰਜਿੰਦਰ ਸਿੰਘ ਜਿੰਦੇ ਨੇ ਸਲਾਹ ਦਿੱਤੀ ਕਿ ਆਪਾਂ ਪਹਿਰੇਦਾਰ ਤੇ ਇੱਕਦਮ ਹਮਲਾ ਕਰਕੇ ਸਟੇਨਗੰਨ ਖੋਹ ਲਈਏ ਤੇ ਇਸ ਨੂੰ ਮਾਰ ਕੇ ਨਿਕਲ ਚੱਲੀਏ। ਦਾਦਾ ਮਥਰਾ ਸਿੰਘ ਨੇ ਕਿਹਾ ਕਿ ਇਸ ਤਰ੍ਹਾਂ ਨਹੀਂ ਹੋਣਾ। ਇਹ ਸਿੱਖਿਅਤ ਫੌਜੀ ਖੜੇ ਹਨ ਤੇ ਆਪਾਂ ਇਨ੍ਹਾਂ ਦੇ ਕਿਲ੍ਹੇ ਵਿੱਚ ਖੜ੍ਹੇ ਹਾਂ। ਬਾਹਰ ਨਿਕਲਣ ਦੀ ਤਾਂ ਗੱਲ ਹੋਰ ਹੈ, ਜੇ ਆਪਾਂ ਇਸ ਤਰ੍ਹਾਂ ਕੀਤਾ ਤਾਂ ਹੋ ਸਕਦਾ ਹੈ ਕਿ ਆਪਾਂ ਇਸ ਨੂੰ ਕੋਈ ਨੁਕਸਾਨ ਵੀ ਨਾ ਪਹੁੰਚਾ ਸਕੀਏ। ਇਸ ਤਰ੍ਹਾਂ ਉਹ ਆਪਣੀ ਕਾਰ ਵਿੱਚ ਆ ਗਏ ਤੇ ਦੋਨੋਂ ਆਪਣੇ ਆਪਣੇ ਵਿਚਾਰਾਂ ਦੇ ਪੱਕੇ ਸਨ, ਜਦ ਤਕ ਉਹ ਚਲਦੇ ਬਣੇ।

ਜਦੋਂ ਅਸੀਂ ਸ਼ਾਮ ਨੂੰ ਸਾਰੇ ਇਕੱਠੇ ਹੋਏ ਤਾਂ ਇਸ ਟਾਕਰੇ ਬਾਰੇ ਬਹੁਤ ਗਰਮਾ ਗਰਮ ਚਰਚਾ ਹੋਈ। ਸੁਖਵਿੰਦਰ ਸਿੰਘ ਛਿੰਦੂ ਦਾ ਕਹਿਣਾ ਸੀ ਕਿ ਜੇ ਉਹ ਹੁੰਦਾ ਤਾਂ ਉਹਨਾਂ ਨੇ ਸਿਪਾਹੀ ਨੂੰ ਪੈ ਜਾਣਾ ਸੀ ਤੇ ਕੰਮ ਕਰ ਦੇਣਾ ਸੀ। ਜੇ ਇਹਨਾਂ ਕੋਲ ਇੱਕ ਵੀ ਸ਼ਸਤਰ ਹੁੰਦਾ ਤਾਂ ਹਮਲੇ ਦੀ ਕੋਸ਼ਿਸ਼ ਕੀਤੀ ਜਾਣੀ ਸੀ। ਉਸ ਵਕਤ ਸਾਡਾ ਇੰਨਾ ਤਜਰਬਾ ਅਤੇ ਆਤਮ ਵਿਸ਼ਵਾਸ ਸੀ ਕਿ ਅਸੀਂ ਇਹ ਕੰਮ ਸਿਰੇ ਚਾੜ੍ਹ ਦੇਣਾ ਸੀ। ਫਿਰ ਸਾਨੂੰ ਇਹ ਵੀ ਯਕੀਨ ਸੀ ਕਿ ਥੋੜ੍ਹੇ ਚਿਰ ਬਾਅਦ ਜਦੋਂ ਇਸ ਦੀ ਪੂਰੀ ਘੋਖ ਹੋ ਗਈ ਤੇ ਪੰਜਾਬ ਤੋਂ ਸਮਾਨ ਆ ਗਿਆ ਤਾਂ ਅਸੀਂ ਇਸਦਾ ਕੰਮ ਕਰ ਹੀ ਦੇਣਾ ਹੈ। ਬਰਾੜ ਨੂੰ ਇਸ ਗੱਲ ਦਾ ਕੋਈ ਪਤਾ ਨਹੀਂ ਹੋਵੇਗਾ ਕਿ ਉਹ ਇਸ ਤਰ੍ਹਾਂ ਸ਼ਿਕਾਰ ਬਣ ਗਿਆ ਸੀ। ਇਹ ਕੋਈ ਪਰਮਾਤਮਾ ਦੀ ਹੀ ਖੇਡ ਸੀ ਕਿ ਸਾਡਾ ਉਸ ਨਾਲ ਇਸ ਤਰ੍ਹਾਂ ਟਾਕਰਾ ਹੋਇਆ। ਜਨਰਲ ਵੈਦਿਆ ਨੂੰ ਨਿਸ਼ਾਨਾ ਬਣਾਉਣ ਸਮੇਂ ਵੀ ਸਭ ਕੁਝ ਇਸੇ ਤਰ੍ਹਾਂ ਹੀ ਚੱਲ ਰਿਹਾ ਸੀ। ਉਸ ਦੀ ਰਖਵਾਲੀ ਵੀ ਇਸੇ ਤਰ੍ਹਾਂ ਹੀ ਸੀ। ਉੱਥੇ ਵੀ ਅਸੀਂ ਉਸ ਦੇ ਨੇੜੇ ਹੀ ਫੌਜੀ ਇਲਾਕੇ ਵਿਚ ਘਰ ਲੈ ਲਿਆ ਸੀ। ਉਸਦਾ ਪਿੱਛਾ ਕਰ ਰਹੇ ਸੀ ਤੇ ਪੰਜਾਬ ਤੋਂ ਸਮਾਨ ਅਤੇ ਬੰਦਿਆਂ ਦੀ ਉਡੀਕ ਕਰ ਰਹੇ ਸੀ। ਹਰਜਿੰਦਰ ਸਿੰਘ

ਜਿੰਦਾ ਤੇ ਸੁਖਦੇਵ ਸਿੰਘ ਸੁੱਖਾ ਉੱਥੇ ਛੋਟੇ ਸਸ਼ਤਰ ਲੈਣ ਗਏ ਸੀ ਓਹਨਾਂ ਨੇ ਸਾਨੂੰ ਮੱਧ ਪ੍ਰਦੇਸ਼ ਵਿੱਚ ਮਿਲਣਾ ਸੀ। ਇਸ ਤਰ੍ਹਾਂ ਪੂਨਾ ਵਿਚ ਮੁੱਖ ਬਜਾਰ ਵਿਚ ਖਰੀਦਦਾਰੀ ਕਰਦਾ ਵੈਦਿਆ ਆਪਣੀ ਘਰ ਵਾਲੀ ਅਤੇ ਇਕ ਸਿਪਾਹੀ ਨਾਲ ਅਚਨਚੇਤ ਮਿਲ ਗਿਆ ਸੀ। ਉਸ ਨੇ ਵੀ ਬਰਾੜ ਵਾਲੀ ਹੀ ਗਲਤੀ ਕੀਤੀ ਸੀ। ਫਰਕ ਇਹ ਸੀ ਕਿ ਉਹ ਪੂਨੇ ਦਾ ਆਮ ਇਲਾਕਾ ਸੀ ਅਤੇ ਸਿੰਘਾਂ ਕੋਲ ਇੱਕ ਸਸ਼ਤਰ ਸੀ ਤੇ ਓਹਨਾਂ ਨੇ ਮੌਕਾ ਸਾਂਭ ਲਿਆ।

ਬਰਾੜ ਵਾਲੀ ਘਟਨਾ ਤੋਂ ਹਫਤਾ ਕੁ ਬਾਅਦ ਹੀ ਹਰਜਿੰਦਰ ਸਿੰਘ ਜਿੰਦਾ ਕਰੋਲ ਬਾਗ ਤੋਂ ਫੜ ਹੋ ਗਿਆ। ਉਹਦੇ ਨਾਲ ਦਿੱਲੀ ਚ ਸਾਡੇ ਕੁਝ ਮਦਾਦੀ ਵੀ ਫੜੇ ਗਏ ਤੇ ਇਸ ਕਰਕੇ ਇੱਕ ਵਾਰ ਦਿੱਲੀ ਤੋਂ ਸਾਡਾ ਸਾਰਾ ਅੱਡਾ ਪੁੱਟਿਆ ਗਿਆ ਸੀ। ਕੁਝ ਸਮੇਂ ਲਈ ਦਿੱਲੀ ਸਾਡੇ ਲਈ ਖਤਰੇ ਵਾਲੀ ਥਾਂ ਹੋ ਗਈ ਤੇ ਇਸ ਕਾਰਨ ਇਹ ਕੰਮ ਅਧਵਾਟੇ ਹੀ ਰਹਿ ਗਿਆ। ਜਨਰਲ ਬਰਾੜ ਨੂੰ ਬਾਅਦ ਇੰਗਲੈਂਡ ਵਿਚ ਵੀ ਮਾਰਨ ਦੀ ਕੋਸ਼ਿਸ਼ ਕੀਤੀ ਗਈ ਜੋ ਸਫਲ ਨਹੀਂ ਹੋਈ। ਇੰਗਲੈਂਡ ਦੇ ਕੁਝ ਨੌਜਵਾਨਾਂ ਅਤੇ ਇਕ ਬੀਬੀ ਤੇ ਇਸ ਸਬੰਧੀ ਮੁਕੱਦਮਾ ਚੱਲਿਆ ਤੇ ਸਜਾ ਵੀ ਹੋਈ।

ਮਿਜ਼ਾਇਲ ਹਮਲੇ ਦੀ ਯੋਜਨਾ

ਜਿਸ ਦਿਨ ਰਿਬੈਰੋ ’ਤੇ ਹਮਲਾ ਹੋਇਆ ਸੀ ਤਾਂ ਉਸ ਦਿਨ ਇਕ ਹੋਰ ਵੀ ਵੱਡਾ ਹਮਲਾ ਹੋਇਆ ਤੇ ਉਹ ਵੀ ਨਾਕਾਮਯਾਬ ਰਿਹਾ। ਸੁਨਾਮ ਤੋਂ ਇੱਕ ਨੌਜਵਾਨ ਕਰਮਜੀਤ ਸਿੰਘ ਨੇ ਸਰਦਾਰ ਊਧਮ ਸਿੰਘ ਤੋਂ ਪ੍ਰੇਰਨਾ ਲੈਂਦਿਆਂ ਇਕੱਲਿਆਂ ਹੀ ਜਾ ਕੇ ਰਾਜੀਵ ਗਾਂਧੀ ਤੇ ਹਮਲਾ ਕਰ ਦਿੱਤਾ। ਇਹ ਗੱਲ ੧੯੮੬ ਦੀਆਂ ਗਰਮੀਆਂ ਦੀ ਹੈ। ਕਰਮਜੀਤ ਸਿੰਘ ਨੂੰ ਪਤਾ ਲੱਗਿਆ ਕਿ ਲਾਲ ਬਹਾਦੁਰ ਸ਼ਾਸਤਰੀ ਦੀ ਸਮਾਧੀ ਤੇ ਉਸ ਦੀ ਮੌਤ ਦੇ ਦਿਨ ਪਰਧਾਨ ਮੰਤਰੀ ਸ਼ਰਧਾਂਜਲੀ ਦੇਣ ਆਉਂਦਾ ਹੈ। ਸਮਾਧ ਨੇੜੇ ਇਕ ਥਾਂ ਤੇ ਵੇਲਾਂ ਦਾ ਬਹੁਤ ਜਿਆਦਾ ਸੰਘਣਾ ਝੁਰਮਟ ਸੀ। ਇਹ ਸਿੰਘ ਓਥੇ ੩ ਦਿਨ ਪਹਿਲਾਂ ਜਾ ਕੇ ਲੁਕ ਗਿਆ ਸੀ ਤੇ ਉਸ ਦਿਨ ਤੱਕ ਉਡੀਕ ਦਾ ਰਿਹਾ। ਓਥੇ ਗਾਰਦ ਨੇ ਗੇੜਾ ਤਾਂ ਮਾਰਿਆ ਪਰ ਕਿਸੇ ਨੇ ਉਥੇ ਨਹੀਂ ਦੇਖਿਆ ਜਾਂ ਇਹ ਦਿਖਿਆ ਹੀ ਨਹੀਂ।

ਜਦੋਂ ਰਾਜੀਵ ਗਾਂਧੀ ਸ਼ਰਧਾਂਜਲੀ ਦੇਣ ਆਇਆ ਤਾਂ ਉਹ ਬਿਲਕੁਲ ਇਹ ਦੀ ਮਾਰ ਦੇ ਥੱਲੇ ਸੀ। ਉਸ ਨੇ ਗੋਲੀ ਚਲਾ ਦਿੱਤੀ ਪਰ ਇੰਨੇ ਸਿਰੜ ਤੇ ਸਖਤ ਘਾਲਣਾ ਕਰਨ ਵਾਲੇ ਸਿੰਘ ਕੋਲ ਹਥਿਆਰ ਇਕ ੧੨ ਬੋਰ ਦਾ ਕੱਟਾ ਸੀ। ਗੋਲੀ ਦਾ ਖੜਕਾ ਹੋਇਆ ਤੇ ਸ਼ਾਇਦ ਕਿਸੇ ਬੰਦੇ ਨੂੰ ਇਕ ਅੱਧਾ ਦਾਣਾ ਵੱਜਿਆ ਵੀ। ਤੀਜੀ ਗੋਲੀ ਮਗਰੋਂ ਓਹਨਾਂ ਨੇ ਉਹਨੂੰ ਉੱਪਰੋਂ ਲਾਹ ਲਿਆ। ਇਹ ਸਿੰਘ ਵੱਲੋਂ ਤਾਂ ਕੋਈ ਕਸਰ ਨਹੀਂ ਸੀ ਛੱਡੀ ਗਈ ਪਰ ਉਹਦੇ ਕੋਲ ਲੋੜੀਂਦਾ ਅਸਲਾ ਹੀ ਨਹੀਂ ਸੀ। ਬਾਅਦ ਵਿਚ ਉਸ ਨੇ ਦੱਸਿਆ ਕਿ ਸਮਾਨ ਲਈ ਉਹਨੇ ਬਹੁਤ ਲੋਕਾਂ ਤੱਕ ਪਹੁੰਚ ਕੀਤੀ। ਦਰਬਾਰ ਸਾਹਿਬ ਵਿੱਚ ਬੈਠੇ ਸਿੰਘਾਂ ਨੂੰ ਵੀ ਮਿਲਿਆ ਪਰ ਕਿਸੇ ਨੇ ਉਸ ਤੇ ਵਿਸ਼ਵਾਸ਼ ਨਹੀਂ ਕੀਤਾ ਅਤੇ ਉਸਨੇ ਦੇਸੀ ਕੱਟੇ ਨਾਲ ਹੀ ਚੜ੍ਹਾਈ ਕਰ ਦਿੱਤੀ।

ਅਗਲੇ ਦਿਨ ਦੇਸ਼ ਦੀਆਂ ਸਾਰੀਆਂ ਅਖਬਾਰਾਂ ਇਨ੍ਹਾਂ ਦੇ ਕਾਰਨਾਮਿਆਂ ਨਾਲ ਹੀ ਭਰੀਆਂ ਪਈਆਂ ਸਨ। ਦੇਸ਼ ਦੇ ਦੋ ਅਹਿਮ ਵਿਅਕਤੀ ਬਾਲ ਬਾਲ ਬਚੇ ਤੇ ਰਾਖੀ ਉਤੇ ਵੱਡੇ ਸਵਾਲ ਉਠੇ। ਰਿਬੈਰੋ ਤੇ ਹਮਲਾਵਰ ਪੁਲਿਸ ਵਾਲੇ ਹੋਣ ਕਰਕੇ ਸਰਕਾਰ

ਬਿਲਕੁਲ ਹਿੱਲ ਗਈ ਪਰ ਸਿੱਖ ਕੌਮ ਵਿੱਚ ਖੁਸ਼ੀ ਦੇ ਨਾਲ ਨਾਲ ਅਫਸੋਸ ਜਿਹਾ ਰਹਿ ਗਿਆ। ਅਗਲੇ ਦਿਨ ਚਰਨਜੀਤ ਸਿੰਘ ਤਲਵੰਡੀ, ਚਾਚਾ ਮਥਰਾ ਸਿੰਘ, ਮੈਂ ਅਤੇ ਹਰਜਿੰਦਰ ਸਿੰਘ ਜਿੰਦਾ ਅਖਬਾਰਾਂ ਪੜ੍ਹ ਰਹੇ ਸੀ ਤਾਂ ਸਾਨੂੰ ਬੜਾ ਅਫਸੋਸ ਸੀ ਕਿ ਇੰਨੀ ਮਿਹਨਤ ਕਰਕੇ ਵੀ ਕੰਮ ਸਿਰੇ ਨਹੀਂ ਚੜ੍ਹੇ।

ਇਹ ਗੱਲ ਵੀ ੧੯੮੬ ਦੀ ਹੈ, ਜਦੋਂ ਅਸੀਂ ਦਿੱਲੀ ਵਿੱਚ ਰਹਿ ਰਹੇ ਸਾਂ ਤੇ ਪੂਰੀ ਤਰ੍ਹਾਂ ਸਥਾਪਤ ਸੀ। ਸਾਡੇ ਲਗਾਤਾਰ ਅਮਰੀਕਾ ਤੇ ਯੂਰਪ ਵਿੱਚ ਸਾਡੇ ਸਾਥੀਆਂ ਨਾਲ ਟੈਲੀਫੋਨ ਰਾਹੀਂ ਸੰਬੰਧ ਬਣੇ ਰਹਿੰਦੇ ਸੀ। ਯੂਰਪ ਤੋਂ ਵਿਸ਼ੇਸ਼ ਕਰਕੇ ਸਾਨੂੰ ਮਿਲਣ ਲਈ ਇਕ ਘੋਨ ਮੋਨ ਨੌਜਵਾਨ ਆਇਆ ਸੀ। ਉਸ ਦਾ ਪਾਕਿਸਤਾਨ ਵਿਚਲੇ ਸਿੰਘਾਂ ਨਾਲ ਵੀ ਸੰਬੰਧ ਸੀ ਤੇ ਉੱਥੇ ਆਉਂਦਾ ਜਾਂਦਾ ਸੀ। ਉਹ ਸਿੰਘ ਦਿੱਲੀ ਦੇ ਇਕ ਵੱਡੇ ਹੋਟਲ ਵਿੱਚ ਤਿੰਨ ਚਾਰ ਦਿਨ ਰਿਹਾ ਅਤੇ ਅਸੀਂ ਹਰ ਰੋਜ ਉਸ ਨੂੰ ਮਿਲਦੇ ਰਹੇ। ਬਹੁਤ ਗੱਲਾਂ ਬਾਤਾਂ ਹੋਈਆਂ ਏਧਰਲੀਆਂ ਤੇ ਓਧਰਲੀਆਂ। ਸੰਘਰਸ਼ ਨੂੰ ਹੋਰ ਅੱਗੇ ਵਧਾਉਣ ਲਈ ਵਿਚਾਰ ਵਟਾਂਦਰਾ ਹੋਇਆ। ਉਸ ਨੇ ਸਾਨੂੰ ਕੁਝ ਪੈਸੇ ਵੀ ਦਿੱਤੇ, ਜੋ ਅਸੀਂ ਰੱਖ ਲਏ ਪਰ ਉਸ ਨੂੰ ਦੱਸਿਆ ਕਿ ਅਸੀਂ ਪੈਸੇ ਦਾ ਆਪਣਾ ਇੰਤਜਾਮ ਇੱਥੋਂ ਵੀ ਕਰ ਲੈਂਦੇ ਹਾਂ। ਤੁਸੀਂ ਇਹ ਪੈਸਾ ਪਾਰ ਵਾਲੇ ਸਿੰਘਾਂ ਕੋਲ ਭੇਜੋ। ਉਹ ਸਿੰਘ ਅਫਗਾਨਿਸਤਾਨ ਦੱਰੇ ਵਿੱਚ ਮੁਜਾਹਦੀਨਾਂ ਕੋਲ ਵੀ ਰਹਿ ਕੇ ਆਇਆ ਸੀ ਤੇ ਸਾਰੀ ਤਰ੍ਹਾਂ ਦੇ ਹਥਿਆਰਾਂ ਬਾਰੇ ਜਾਣਦਾ ਸੀ। ਉੱਥੇ ਵਰਤੇ ਜਾਂਦੇ ਹਥਿਆਰਾਂ ਬਾਰੇ ਸੁਣ ਕੇ ਅਸੀਂ ਬੜੇ ਹੈਰਾਨ ਹੋਏ। ਅਸੀਂ ਉਹਨੂੰ ਦੱਸਿਆ ਕਿ ਅਸੀਂ ਤਾਂ ਇੱਥੇ ਰਿਵਾਲਵਰਾਂ ਅਤੇ ਸਟੇਨਗੰਨਾਂ ਨਾਲ ਹੀ ਸਾਰਦੇ ਹਾਂ। ਇਹ ਵੀ ਸਾਨੂੰ ਕੰਮ ਕਰਨ ਖਾਤਰ ਇੱਕ ਥਾਂ ਤੋਂ ਦੂਸਰੀ ਥਾਂ ਤੇ ਲਿਜਾਣੇ ਪੈਂਦੇ ਹਨ।

ਉਸ ਨੇ ਦੱਸਿਆ ਕਿ ਦਿੱਲੀ ਵਾਲੇ ਕੰਮਾਂ ਤੋਂ ਸਾਰੀ ਦੁਨੀਆ ਦੇ ਸਿੰਘ ਬਹੁਤ ਖੁਸ਼ ਹਨ, ਜੇ ਕਿਤੇ ਰਾਜੀਵ ਗਾਂਧੀ ਨੂੰ ਨਿਸ਼ਾਨਾ ਕੀਤਾ ਜਾਵੇ ਤਾਂ ਗੱਲ ਬਣਦੀ ਹੈ। ਅਸੀਂ ਦੱਸਿਆ ਕਿ ਪਰਧਾਨ ਮੰਤਰੀ ਹੋਣ ਕਰਕੇ ਉਹਦੀ ਬਹੁਤ ਜਿਆਦਾ ਰਾਖੀ ਹੁੰਦੀ ਹੈ। ਫਿਰ ਉਸ ਨੇ ਕਿਹਾ ਕਿ ਮੈਂ ਇੱਕ ਯੋਜਨਾ ਲੈ ਕੇ ਆਇਆ ਹਾਂ, ਤੁਸੀਂ ਦੱਸੋ ਕਿ ਇਹ ਹੋ ਸਕਦਾ ਹੈ ਕਿ ਨਹੀਂ। ਉਸ ਨੇ ਦੱਸਿਆ ਕਿ ਅਮਰੀਕਾ ਨੇ ਮੁਜਾਹਦੀਨਾਂ ਨੂੰ ਰੂਸ ਦੇ ਜਹਾਜ ਤੇ ਹੈਲੀਕਾਪਟਰ ਸਿੱਟਣ ਲਈ 'ਸਟਰਿੰਗਰ ਮਿਜਾਇਲ' ਦਿੱਤੀਆਂ ਹਨ, ਜੋ ਬਹੁਤ ਕਾਰਗਰ ਹਨ। ਰੂਸ ਦੇ ਪਿੱਛੇ ਹਟਣ ਦਾ ਮੁੱਖ ਕਾਰਨ ਇਹ ਹਥਿਆਰ ਹਨ। ਇਹ ਬਹੁਤ ਛੋਟੀ ਜਿਹੀ ਮਿਜਾਇਲ ਹੈ ਤੇ ਇਸ ਨੂੰ ਤੁਸੀਂ ਕਾਰ ਵਿੱਚ ਰੱਖ ਕੇ ਕਿਤੇ ਵੀ ਲਿਜਾ ਸਕਦੇ ਹੋ ਤੇ ਇੱਕ ਜਣਾ ਹੀ ਮੋਢੇ ਤੇ ਰੱਖ ਕੇ ਚਲਾ ਸਕਦਾ ਹੈ ਤੇ ਇਹ ਪੰਜ ਕਿਲੋਮੀਟਰ ਤਕ ਕਿਸੇ ਵੀ ਉੱਡਦੀ ਚੀਜ ਨੂੰ ਯਕੀਨਨ ਸੁੱਟ ਦਿੰਦੀ ਹੈ। ਉਸ ਨੇ ਕਿਹਾ ਕਿ ਚਲਾਉਣੀ ਬਹੁਤ ਸੌਖੀ ਹੈ ਤੇ ਮੈਂ ਇਸ ਨੂੰ ਚੱਲਦਿਆਂ ਦੇਖਿਆ ਹੈ ਤੇ ਮੈਂ ਵੀ

ਚਲਾ ਸਕਦਾ ਹਾਂ। ਸਾਡੇ ਲਈ ਬਹੁਤ ਵੱਡੀ ਖਬਰ ਸੀ ਕਿਉਂਕਿ ਦੋ ਕੁ ਮਹੀਨੇ ਪਹਿਲਾਂ ਹੀ ਅਸੀਂ ਜਦੋਂ ਜੈਪੁਰ ਵੱਲ ਨੂੰ ਜਾ ਰਹੇ ਸੀ ਤਾਂ ਹਵਾਈ ਅੱਡੇ (ਏਅਰਪੋਰਟ) ਦੇ ਪਿਛਲੇ ਪਾਸੇ ਰੁਕ ਕੇ ਪਿਸ਼ਾਬ ਕਰਦਿਆਂ ਵਕਤ ਅਸੀਂ ਦੇਖਿਆ ਸੀ ਕਿ ਸਾਰੇ ਜਹਾਜ ਉਡਣ ਵੇਲੇ ਉਧਰ ਆਉਂਦੇ ਹਨ ਤੇ ਉਸ ਸਮੇਂ ਸੜਕ ਤੋਂ ਬਹੁਤ ਥੋੜ੍ਹੀ ਉਚਾਈ ਤੇ ਹੁੰਦੇ ਹਨ, ਵੱਧ ਤੋਂ ਵੱਧ ਡੇਢ ਕਿਲੋਮੀਟਰ, ਇਸ ਤੋਂ ਬਾਅਦ ਹੀ ਉਹ ਉਚਾਈ ਫੜਦੇ ਹਨ। ਅਸੀਂ ਉਹ ਸੱਜਣ ਨੂੰ ਉਹ ਜਗ੍ਹਾ ਦਿਖਾਈ ਤਾਂ ਉਹ ਬਹੁਤ ਖੁਸ਼ ਹੋਇਆ ਅਤੇ ਉਸਨੇ ਕਿਹਾ ਕਿ ਇੱਥੇ ਤਾਂ ਕੋਈ ਵੀ ਜਹਾਜ ਬਚ ਹੀ ਨਹੀਂ ਸਕਦਾ। ਉਸ ਵਕਤ ਭਾਰਤ ਸਰਕਾਰ ਦੇ ਜਹਾਜ ਤੇ ਪਰਧਾਨ ਮੰਤਰੀ ਦਾ ਜਹਾਜ ਵੀ ਇੱਥੋਂ ਹੀ ਉੱਡਦੇ ਸਨ ਤੇ

ਰੋਜ਼ ਹੀ ਮੈਦਾਨ ਦੇ ਉੱਪਰ ਦੀ ਲੰਘਦੇ ਸਨ।

ਉਹਦੀ ਯੋਜਨਾ ਅਤੇ ਤਜਰਬੇ ਦੇ ਯਕੀਨੀ ਹੋਣ ਨਾਲ ਅਸੀਂ ਸਾਰੇ ਹੀ ਬਹੁਤ ਜੋਸ਼ ਅਤੇ ਖ਼ੁਸ਼ੀ ਵਿੱਚ ਸਾਂ ਕਿ ਹੁਣ ਅਸੀਂ ਸਿੱਖਾਂ ਦੇ ਸਭ ਤੋਂ ਵੱਡੇ ਕਾਤਲ ਦੁਸ਼ਮਣ ਨੂੰ ਝੋਲੇ ਬੂਟ ਲਵਾਂਗੇ ਤੇ ਇਹ ਕੰਮ ਕਰਨ ਨੂੰ ਬਹੁਤ ਹੀ ਸੌਖਾ ਲੱਗਦਾ ਸੀ। ਪਰਧਾਨ ਮੰਤਰੀ ਦੀ ਸਾਰੀ ਰਾਖੀ ਧਰੀ ਧਰਾਈ ਹੀ ਰਹਿ ਜਾਣੀ ਹੈ, ਜਦੋਂ ਉਹ ਉਡਾਣ ਭਰਕੇ ਸਾਡੇ ਉੱਪਰ ਦੀ ਲੰਘਦਾ ਹੈ ਤਾਂ ਇੱਕ ਛੋਟੀ ਜਿਹੀ ਮਿਜ਼ਾਇਲ ਨਾਲ ਇਸ ਮੈਦਾਨ ਚੋਂ ਬੈਠੇ ਵੀ ਉਹਦੇ ਜਹਾਜ ਨੂੰ ਸੁੱਟ ਸਕਦਾ ਸੀ। ਅਸਲ ਗੱਲ ਤਾਂ ਮਿਜਾਇਲ ਦਾ ਸਰਹੱਦ ਪਾਰ ਕਰਕੇ ਦਿੱਲੀ ਲਿਆਉਣਾ ਤੇ ਪਰਧਾਨ ਮੰਤਰੀ ਦੇ ਜਹਾਜ ਦੀ ਪਛਾਣ ਅਤੇ ਉਡਣ ਸਮੇਂ ਦੀ ਜਾਣਕਾਰੀ ਹਾਸਲ ਕਰਨ ਦੀ ਸੀ। ਉਸ ਨੇ ਕਿਹਾ ਕਿ ਮੈਂ ਵਾਪਸ ਯੂਰਪ ਜਾ ਕੇ ਅਫਗਾਨਿਸਤਾਨ ਤੋਂ ਇਹਦਾ ਪ੍ਰਬੰਧ ਕਰਦਾ ਹਾਂ। ਅਸੀਂ ਕਿਹਾ ਕਿ ਅਸੀਂ ਇੱਥੇ ਪਰਧਾਨ ਮੰਤਰੀ ਦੇ ਜਹਾਜ ਬਾਰੇ ਸਾਰੀ ਜਾਣਕਾਰੀ ਇਕੱਠੀ ਕਰ ਲੈਂਦੇ ਹਨ। ਜੋ ਸਾਡੇ ਲਈ ਕੋਈ ਖਾਸ ਗੱਲ ਨਹੀਂ ਸੀ ਕਿਉਂਕਿ ਪਰਧਾਨ ਮੰਤਰੀ ਦੇ ਦਿੱਲੀ ਤੋਂ ਬਾਹਰ ਜਾਣ ਦੇ ਵੇਰਵੇ ਤਾਂ ਆਮ ਲੋਕਾਂ ਵਿਚ ਨਸ਼ਰ ਹੀ ਹੁੰਦੇ ਸੀ। ਕੀਮਤੀ ਗੱਲ ਤਾਂ ਸਾਰੀ ਏਨੀ ਸੀ ਕਿ ਜਹਾਜ ਦੀ ਨਿਸ਼ਾਨੀ ਤੇ ਰਨਵੇਅ ਦਾ ਪਤਾ ਹੋਵੇ।

ਉਹ ਸਿੰਘ ਵਾਪਸ ਚਲਿਆ ਗਿਆ ਤੇ ਅਸੀਂ ਹਵਾਈ ਅੱਡੇ ਦੇ ਅੰਦਰ ਜਾ ਕੇ ਸਭ ਕੁਝ ਦੇਖਿਆ। ਬਲਜਿੰਦਰ ਸਿੰਘ ਰਾਜੂ ਦਾ ਇੱਕ ਜਾਣਕਾਰ ਸੀ ਜਿਸ ਨੇ ਸਾਨੂੰ ਹੋਰ ਵੀ ਜਾਣਕਾਰੀ ਦਿੱਤੀ। ਕੁਝ ਮਹੀਨਿਆਂ ਵਿਚ ਅਸੀਂ ਸਾਰੀ ਜਾਣਕਾਰੀ ਤੇ ਸੰਭਾਵੀ ਹਾਲਤ ਦੀ ਕਲਪਨਾ ਇਕੱਠੀ ਕਰ ਲਈ। ਉਸ ਸਿੰਘ ਨੇ ਮਿਜਾਇਲ ਹਾਸਿਲ ਕਰਨ ਦੀ ਬਹੁਤ ਕੋਸ਼ਿਸ਼ ਕੀਤੀ। ਸਭ ਤੋਂ ਵੱਡੀ ਔਕੜ ਇਹ ਸੀ ਕਿ ਪਾਕਿਸਤਾਨ ਵਾਲੇ ਅਜਿਹਾ ਕੁਝ ਨਹੀਂ ਸੀ ਹੋਣ ਦਿੰਦੇ। ਉਸ ਵਕਤ ਤਾਂ ਓਹਨਾਂ ਨੇ ਅਸਾਲਟਾਂ ਵੀ ਨਹੀਂ ਸੀ ਦਿੱਤੀਆਂ ਅਤੇ ਸਾਡੇ ਸਿੰਘ ਅਸਾਲਟਾਂ, ਪਸਤੌਲ, ਹੱਥਗੋਲੇ ਤੇ ਬਾਰੂਦ ਵੀ ਦਰੇ ਵਾਲੇ ਬਜਾਰ ਵਿਚੋਂ ਹੀ ਖਰੀਦਦੇ ਸਨ। ਉਹ ਪੂਰਾ ਖਿਆਲ ਰੱਖਦੇ ਸਨ ਕਿ ਸਿੰਘਾਂ ਨੇ ਕਿੰਨਾ ਸਮਾਂ ਸਾਮਾਨ ਖਰੀਦਿਆ ਹੈ ਤੇ ਕੋਈ ਵੱਡਾ ਹਥਿਆਰ ਨਹੀਂ ਸੀ ਖਰੀਦਣ ਦਿੰਦੇ। ਮਿਜਾਇਲ ਬਾਰੇ ਤਾਂ ਸੋਚਿਆ ਵੀ ਨਹੀਂ ਸੀ ਜਾ ਸਕਦਾ। ਉਸ ਸਿੰਘ ਨੇ ਮੁਜਾਹਦੀਨਾਂ ਨਾਲ ਸਿੱਧਾ ਰਾਬਤਾ ਕਰਨ ਦੀ ਕੋਸ਼ਿਸ਼ ਕੀਤੀ। ਮੁਜਾਹਦੀਨਾਂ ਵਿੱਚੋਂ ਕਿਸੇ ਨੇ ਮਿਜਾਇਲ ਦੇਣ ਦੀ ਹਾਮੀ ਵੀ ਭਰੀ, ਸਿੰਘਾਂ ਨੇ ਪੈਸਾ ਵੀ ਇਕੱਠਾ ਕਰ ਲਿਆ ਪਰ ਐਨ ਮੌਕੇ ਤੇ ਮਿਜਾਇਲ ਹੱਥ ਨਹੀਂ ਆ ਸਕੀ। ਕਿਸੇ ਤਰ੍ਹਾਂ ਪਾਕਿਸਤਾਨ ਵਾਲਿਆਂ ਨੂੰ ਪਤਾ ਲੱਗ ਗਿਆ ਤਾਂ ਉਹ ਬਹੁਤ ਖਫਾ ਹੋਏ। ਨਤੀਜਾ ਇਹ ਨਿਕਲਿਆ ਕਿ ਪਾਕਿਸਤਾਨ ਵਾਲਿਆਂ ਨੇ ਉਸ ਸੱਜਣ ਸਮੇਤ ਬਾਹਰੋਂ ਆਏ ਕੁਝ ਕੁ ਸਿੰਘਾਂ ਨੂੰ ਜਬਰੀ ਵਾਪਸ ਘੱਲ ਦਿੱਤਾ। ਇਸ ਤਰ੍ਹਾਂ ਇਹ ਯੋਜਨਾ ਸਿਰੇ

ਨਾ ਚੜ੍ਹ ਸਕੀ। ਸਾਡੀ ਪੂਰੀ ਤਿਆਰੀ ਸੀ, ਸਿੰਘਾਂ ਨੇ ਵੀ ਉੱਧਰੋਂ ਪੂਰੀ ਕੋਸ਼ਿਸ਼ ਕੀਤੀ ਪਰ ਵਿਚ ਵਿਚਾਲੇ ਬਹੁਤ ਰੋਕਾਂ ਸਨ। ਦੇਖੋ ਕਈ ਵਾਰ ਦੁਸ਼ਮਣ ਵੀ ਅਣਜਾਣੇ ਵਿਚ ਜਾਂ ਆਪਣੇ ਮੁਫਾਦਾਂ ਲਈ ਇਕ ਦੂਸਰੇ ਦਾ ਫਾਇਦਾ ਕਰ ਜਾਂਦੇ ਹਨ। ਜੇ ਮਿਜ਼ਾਇਲ ਆ ਜਾਂਦੀ ਤਾਂ ਇਤਿਹਾਸ ਹੋਰ ਹੋਣਾ ਸੀ। ਲਿੱਟਿਆਂ ਦੀ ਬਜਾਏ ਉਹਦੀ ਭਾਜੀ ਸਿੰਘਾਂ ਨੇ ਮੋੜਨੀ ਸੀ। ਸਾਡੇ ਜਥੇ ਤੋਂ ਬਿਨਾ ਹੋਰ ਵੀ ਬਹੁਤ ਸਿੰਘਾਂ ਨੇ ਰਾਜੀਵ ਗਾਂਧੀ ਦੀ ਭਾਜੀ ਮੋੜਣ ਲਈ ਸਖਤ ਮਿਹਨਤ ਕੀਤੀ।

ਡੀਜੀਪੀ ਰਿਬੈਰੋ 'ਤੇ ਜਲੰਧਰ ਵਿਚ ਹਮਲਾ

ਰਿਬੈਰੋ ਨੇ ਬੰਬਈ ਵਿੱਚ ਮਾਫੀਆ ਵਿਰੁੱਧ ਕੰਮ ਕੀਤਾ ਸੀ। ਉਸ ਦਾ ਤਰੀਕਾ ਸੀ ਕਿ ਚੋਣਵੇਂ ਬੰਦਿਆਂ ਨੂੰ ਨਾਮਜਦ ਕਰੋ ਤੇ ਫਿਰ ਓਹਨਾਂ ਨੂੰ ਗੋਲੀ ਮਾਰ ਦਿਓ। ਕਿਸੇ ਨੂੰ ਫੜਣ ਅਤੇ ਅਦਾਲਤੀ ਕਾਰਵਾਈ ਕਰਨ ਦੀ ਕੋਈ ਜਰੂਰਤ ਨਹੀਂ ਹੈ। ਇਹੀ ਉਸਦੀ 'ਗੋਲੀ ਬਦਲੇ ਗੋਲੀ' ਦੀ ਨੀਤੀ ਸੀ। ਇਸ ਲਈ ਸਰਕਾਰ ਨੇ ਅਜਿਹੇ ਅਫਸਰਾਂ ਨੂੰ ਚੁਣ ਕੇ ਤਿਆਰ ਕੀਤਾ ਅਤੇ ਓਹਨਾਂ ਨੂੰ ਤਰੱਕੀਆਂ ਦਿੱਤੀਆਂ। ਰਿਬੈਰੋ ਇਸੇ ਤਰ੍ਹਾਂ ਦੇਸ਼ ਵਿਚ ਮਸ਼ਹੂਰ ਹੋ ਗਿਆ। ਸਰਕਾਰ ਨੇ ਉਸ ਨੂੰ ਪੰਜਾਬ ਵਿੱਚ ਡੀਜੀਪੀ ਲਾਇਆ। ਪ੍ਰੈਸ ਅਤੇ ਹਕੂਮਤ ਨੇ ਉਸ ਨੂੰ ਬਹੁਤ ਚੁੱਕਿਆ ਅਤੇ ਉਹਨੇ ਇਹੀ ਨੀਤੀ ਇੱਥੇ ਲਾਗੂ ਕਰ ਦਿੱਤੀ। ਉਹ ਬੜਬੋਲਾ ਬੰਦਾ ਸੀ ਤੇ ਇਥੇ ਆ ਕੇ ਖਾੜਕੂਆਂ ਨੂੰ ਵੰਗਾਰਿਆ ਤੇ ਕਿਹਾ ਕਿ ਹੁਣ ਅਸੀਂ ਤੁਹਾਨੂੰ ਮਾਰਾਂਗੇ। ਇੱਥੇ ਤਾਂ ਸਿੰਘਾਂ ਨੂੰ ਮਾਰਨ ਦਾ ਕੰਮ ਕਈ ਸਾਲਾਂ ਤੋਂ ਹੋ ਰਿਹਾ ਸੀ। ਉਹਨੇ ਖਾੜਕੂਆਂ ਦੀ ਦਰਜਾਬੰਦੀ ਕੀਤੀ, ਇਨਾਮ ਰੱਖੇ ਤੇ ਚੋਣਵੇਂ ਪੁਲਿਸ ਅਫਸਰਾਂ ਨੂੰ ਇਸ ਲਈ ਤਿਆਰ ਕੀਤਾ। ਉਸਦੀ ਇਹ ਨੀਤੀ ਦਾ ਪੰਜਾਬ ਵਿੱਚ ਕੋਈ ਅਸਰ ਨਹੀਂ ਹੋਇਆ ਤੇ ਬਾਅਦ ਵਿੱਚ ਉਸਨੇ ਇਹ ਗੱਲ ਮੰਨ ਲਈ ਕਿ ਇੱਥੇ ਗੱਲ ਹੋਰ ਹੈ। ਇੱਥੇ ਬੰਬਈ ਵਾਂਗ ਕੋਈ ਅਪਰਾਧੀ ਨਹੀਂ ਇਹ ਧਾਰਮਿਕ ਲੋਕ ਹਨ ਤੇ ਇਨ੍ਹਾਂ ਤੇ ਇਹ ਨੀਤੀ ਕੰਮ ਨਹੀਂ ਕਰੇਗੀ।

ਉਸ ਵਕਤ ਪੰਜਾਬ ਵਿੱਚ ਉਹਦੀ ਇਹ ਨੀਤੀ ਪ੍ਰਤੀ ਬਹੁਤ ਰੋਹ ਸੀ। ਸਭ ਖਾੜਕੂ ਸਿੰਘਾਂ ਵਿੱਚ ਇਹ ਗੱਲ ਘਰ ਕਰ ਗਈ ਕਿ ਇਹਤੇ ਹਮਲਾ ਹੋਣਾ ਚਾਹੀਦਾ ਹੈ। ਬਾਬਾ ਧੰਨਾ ਸਿੰਘ ਤੇ ਬਾਬਾ ਅਜੀਤ ਸਿੰਘ ਹੁਰਾਂ ਦੇ ਜਥੇ ਨੇ ਇਸ ਸਬੰਧੀ ਪੂਰੀ ਤਿਆਰੀ ਕੀਤੀ। ਇਹਨਾਂ ਕੋਲ ਸਾਰੀਆਂ ਹੀ ਜਥੇਬੰਦੀਆਂ ਦੇ ਸਿੰਘ ਆਉਂਦੇ ਸਨ ਤੇ ਇਹ ਖਾੜਕੂ ਸਮਰਥਕਾਂ ਵਜੋਂ ਹੀ ਮਸ਼ਹੂਰ ਸਨ। ਖਾੜਕੂ ਸਫਾਂ ਤੇ ਪੀਏਪੀ ਵਿੱਚ ਬਹੁਤ ਬੰਦਿਆਂ ਨੂੰ ਪਤਾ ਸੀ ਕਿ ਇਨ੍ਹਾਂ ਸਿੰਘਾਂ ਨੇ ਰਿਬੈਰੋ ਤੇ ਹਮਲਾ ਕਰਨਾ ਹੈ ਪਰ ਪਰਮਾਤਮਾ ਨੇ ਇਹ ਗੱਲ ਢਕੀ ਰੱਖੀ ਕਿ ਇਸ ਦਾ ਪਹਿਲਾਂ ਪਤਾ ਨਹੀਂ ਲੱਗਿਆ।

ਮਨਵੀਰ ਸਿੰਘ ਚਹੇੜੂ ਤੇ ਲਾਭ ਸਿੰਘ ਹੁਰਾਂ ਨਾਲ ਇਨ੍ਹਾਂ ਦਾ ਮੇਲ ਹੋਇਆ ਤੇ

ਇਨ੍ਹਾਂ ਸਿੰਘਾਂ ਨੇ ਕਿਹਾ ਕਿ ਅਸੀਂ ਹੀ ਉਸ ਦਾ ਕੰਮ ਕਰਨਾ ਹੈ। ਪੰਨ੍ਹੇ ਵਿਚ ਸ਼ਾਇਦ ਹੀ ਰਿਬੈਰੋ ਪੀਏਪੀ ਆ ਕੇ ਠਹਿਰਦਾ ਸੀ ਤੇ ਸਵੇਰੇ ਲਾਜ਼ਮੀ ਸੈਰ ਕਰਕੇ ਆਪਣੀ ਘਰ ਵਾਲੀ ਨਾਲ ਚਾਹ ਪੀਂਦਾ ਸੀ। ਉਸ ਵਕਤ ਇਸ ਦੀ ਰਾਖੀ ਉੱਤੇ ਕਈ ਚਾਰ ਪੰਜ ਬੰਦੇ ਪੰਜਾਬ ਪੁਲਿਸ ਅਤੇ ਸੀਆਰਪੀਐਫ ਦੇ ਹੁੰਦੇ ਸਨ। ਇਹ ਸਿੰਘ ਉੱਥੋਂ ਦੇ ਭੇਤੀ ਸਨ ਤੇ ਇਨ੍ਹਾਂ ਨੂੰ ਯਕੀਨ ਸੀ ਕਿ ਇਹ ਸੌਖਿਆਂ ਹੀ ਉਹਨਾਂ ਸਿਪਾਹੀਆਂ ਨੂੰ ਕਾਬੂ ਕਰਕੇ ਰਿਬੈਰੋ ਦਾ ਸਿਰ ਵੱਢ ਕੇ ਲੈ ਆਉਣਗੇ। ਬਾਬਾ ਧੰਨਾ ਸਿੰਘ ਤੇ ਬਾਬਾ ਅਜੀਤ ਸਿੰਘ ਹੋਰਾਂ ਦੀ ਇਹ ਪ੍ਰਬਲ ਇੱਛਾ ਸੀ ਕੀ ਇਹ ਕੰਮ ਓਹਨਾਂ ਨੇ ਹੀ ਕਰਨਾ ਹੈ। ਉਹ ਹਥਿਆਰ ਚਲਾਉਣ ਦੇ ਪੂਰੇ ਤਜਰਬੇਕਾਰ ਸਨ ਤੇ ਇਰਾਦੇ ਦ੍ਰਿੜ੍ਹ ਸਨ। ਇਸ ਕਰਕੇ ਉਹਨਾਂ ਨੂੰ ਇਹ ਲੱਗਦਾ ਸੀ ਕਿ ਹੋਰ ਕਿਸੇ ਦੀ ਬਹੁਤੀ ਜਰੂਰਤ ਨਹੀਂ ਹੈ। ਉਹ ਚੰਗਾ ਸਮਾਨ ਹੀ ਮੰਗ ਰਹੇ ਸੀ ਤੇ ਬਾਅਦ ਵਿਚ ਓਹਨਾਂ ਨੂੰ ਸਾਂਭਣ ਦਾ ਪ੍ਰਬੰਧ। ਇਹਨਾਂ ਸਿੰਘਾਂ ਨਾਲ ਮਨਵੀਰ ਸਿੰਘ ਚਹੇੜੂ, ਲਾਭ ਸਿੰਘ ਤੇ ਮਥਰਾ ਸਿੰਘ ਹੋਰਾਂ ਦੀਆਂ ਕਈ ਮੁਲਾਕਾਤਾਂ ਹੋਈਆਂ ਅਤੇ ਇਨ੍ਹਾਂ ਨੇ ਓਹਨਾਂ ਦੇ ਇਰਾਦੇ ਅੱਗੇ ਸਿਰ ਨਿਵਾਇਆ ਤੇ ਜਜਬਾਤਾਂ ਦੀ ਕਦਰ ਕੀਤੀ ਪਰ ਕਿਹਾ ਕਿ ਇਹ ਕਾਰਨਾਮਾ ਬਹੁਤ ਅਹਿਮ ਤੇ ਵੱਡਾ ਹੈ ਪਰ ਬਹੁਤ ਜੋਖਮ ਭਰਿਆ ਵੀ ਹੈ। ਅਸੀਂ ਤੁਹਾਨੂੰ ਸਮਾਨ ਤੇ ਸਾਧਨ ਤਾਂ ਦੇਵਾਂਗੇ ਹੀ ਪਰ ਤੁਸੀਂ ਕੁਝ ਤਜਰਬੇਕਾਰ ਸਿੰਘਾਂ ਨੂੰ ਵੀ ਨਾਲ ਲੈ ਲਓ। ਗੁਰੀਲਾ ਹਮਲਿਆਂ ਵਿੱਚ ਤਜਰਬਾ ਬਹੁਤ ਅਹਿਮੀਅਤ ਰੱਖਦਾ ਹੈ। ਆਖਰ ਉਹ ਕੁੱਝ ਸਿੰਘਾਂ ਨੂੰ ਨਾਲ ਲੈਣ ਲਈ ਮੰਨ ਗਏ ਪਰ ਰਿਬੈਰੋ ਤੇ ਗੋਲੀ ਚਲਾਉਣ ਦਾ ਜਿੰਮਾ ਉਹਨਾਂ ਦੋਨਾਂ ਸਿੰਘਾਂ ਨੇ ਆਪਣੇ ਕੋਲ ਹੀ ਰੱਖਿਆ। ਇਹਨਾਂ ਨੇ ਇਹ ਕੰਮ ਪੁਲਿਸ ਵਰਦੀ ਵਿੱਚ ਕਰਨਾ ਸੀ। ਇਨ੍ਹਾਂ ਨੂੰ ਸਾਰੇ ਹਥਿਆਰ ਤੇ ਸਾਧਨ ਮੁਹੱਈਆ ਕਰਵਾ ਦਿੱਤੇ ਤੇ ਨਾਲ ਜਾਣ ਵਾਲੇ ਸਿੰਘਾਂ ਨੂੰ ਵੀ ਮਿਲਾ ਦਿੱਤਾ। ਕੰਵਰਜੀਤ ਸਿੰਘ ਸੁਲਤਾਨਵਿੰਡ ਅਤੇ ਬਾਬਾ ਦਲਵਿੰਦਰ ਸਿੰਘ ਨੂੰ ਸੀਆਰਪੀਐਫ ਵਾਲਿਆਂ ਨੂੰ ਸਾਂਭਣ ਲਈ ਜਿੰਮੇਵਾਰੀ ਦਿੱਤੀ ਗਈ। ਡਰਾਈਵਰੀ ਸ਼ਾਇਦ ਵਿਜੈਪਾਲ ਸਿੰਘ ਨੇ ਕੀਤੀ। ਚਰਨਜੀਤ ਸਿੰਘ ਤਲਵੰਡੀ ਨੇ ਪੁਲਿਸ ਲਾਈਨ ਦੇ ਬਾਹਰ ਇਨ੍ਹਾਂ ਨੂੰ ਟਰੱਕ ਵਿਚ ਬੈਠਾ ਕੇ ਲਿਜਾਣਾ ਸੀ। ਲਾਭ ਸਿੰਘ ਹੋਰਾਂ ਦੀ ਇੱਛਾ ਸੀ ਕਿ ਰਿਬੈਰੋ ਤੇ ਹਮਲਾ ਕਰਨ ਵਿਚ ਕੋਈ ਤਜਰਬੇ ਵਾਲਾ ਪੁਰਾਣਾ ਸਿੰਘ ਹੋਵੇ। ਓਹਨਾਂ ਨੇ ਚਾਚਾ ਮਥਰਾ ਸਿੰਘ ਦਾ ਸੁਝਾਓ ਦਿੱਤਾ। ਮਥਰਾ ਸਿੰਘ, ਚਰਨਜੀਤ ਸਿੰਘ ਤੇ ਮੈਂ ਓਹਨਾਂ ਦਿਨਾਂ ਵਿੱਚ ਹੁਸ਼ਿਆਰਪੁਰ ਕੋਲ ਹੀ ੧੫-੨੦ ਦਿਨ ਲਗਾਤਾਰ ਰਹੇ ਸੀ ਤੇ ਕਈ ਕੰਮ ਸਿਰੇ ਚਾੜ੍ਹੇ। ਦੂਜੇ ਪਾਸੇ ਧੰਨਾ ਸਿੰਘ ਹੋਰੀਂ ਇਹ ਗੱਲ ਨਾ ਮੰਨੇ ਓਹਨਾਂ ਨੇ ਕਿਹਾ ਕਿ ਉਸਨੂੰ ਤਾਂ ਅਸੀਂ ਹੀ ਸੋਧਾਂਗੇ।

ਮਿਥੇ ਹੋਏ ਸਮੇਂ ਤੇ ਰਿਬੈਰੋ ਆ ਗਿਆ ਤੇ ਘੜੀ ਹੋਈ ਰਣਨੀਤੀ ਮੁਤਾਬਕ ਇਹ ਸਿੰਘ ਇਕ ਜੀਪ ਵਿਚ ਡੀਐਸਪੀ ਤੇ ਉਸ ਦੀ ਗਾਰਦ ਬਣ ਕੇ ਉਹਦੀ ਰਿਹਾਇਸ਼ ਉਤੇ ਨਿਗਰਾਨੀ ਗੇੜਾ ਮਾਰਨ ਗਏ। ਰਿਬੈਰੋ ਤੇ ਉਸ ਦੀ ਘਰਵਾਲੀ ਤੜਕੇ-ਤੜਕੇ

[illegible] ਕੰਵਰਜੀਤ ਸਿੰਘ ਸੁਲਤਾਨਵਿੰਡ ਹੁਰਾਂ ਨੇ ਗਾਰਦ ਵਾਲਾ ਪਾਸਾ [illegible] ਨੂੰ ਸੋਧ ਦਿੱਤਾ ਅਤੇ ਬਾਬਾ ਧੰਨਾ ਸਿੰਘ ਹੁਰਾਂ ਨੇ ਮੈਦਾਨ [illegible] ਗੋਲੀ ਚਲਾ ਦਿੱਤੀ। ਇਹਨਾਂ ਕੋਲ ੧ ਥਾਮਸਨ ਗੰਨ [illegible] ਇਹਨਾਂ ਦੋਵਾਂ ਨੇ ੨੦-੨੫ ਫੁਟ ਦੀ ਦੂਰੀ ਤੋਂ ੫੦ ਦੇ ਕਰੀਬ ਗੋਲੀਆਂ ਚਲਾਈਆਂ। ਰਿਬੈਰੋ ਤੇ ਉਹਦੀ ਘਰਵਾਲੀ ਘਾਹ ਤੇ ਲੰਮੇ ਡਿੱਗ ਪਏ। ਇਹਨਾਂ ਨੇ ਸੋਚਿਆ ਉਹ ਮਰ ਗਿਆ ਜਦ ਕਿ ਉਹ ਆਪਣੀ ਸਿਖਲਾਈ [illegible] ਇਹਨਾਂ ਨੇ ਕਿਹਾ ਕਿ ਕੰਮ ਹੋ ਗਿਆ ਤੇ ਸਾਰੇ [illegible] ਪੁਲਿਸ ਲਾਈਨ ਵਿਚ ਉਸੇ ਵੇਲੇ ਕਿਸੇ ਹੋਰ [illegible] ਸਾਰਿਆਂ ਨੇ ਇਨ੍ਹਾਂ ਨੂੰ ਪੁਲਿਸ ਵਾਲੇ ਹੀ ਸਮਝ ਕੇ [illegible] ਕੰਵਰਜੀਤ ਸਿੰਘ ਨਾਲ ਟਰੱਕ ਵਿੱਚ ਬੈਠ [illegible]

ਬਹੁਤ ਵੱਡਾ ਹਮਲਾ ਸੀ ਪਰ ਰਿਬੈਰੋ ਦੀ ਘਰਵਾਲੀ ਦੀ ਅੱਡੀ ਤੇ ਇਕ ਗੋਲੀ ਲੱਗੀ ਤੇ ਹੋਰ ਕੋਈ ਨੁਕਸਾਨ ਨਾ ਹੋਇਆ। ਮੈਂ ਅਤੇ ਚਾਚਾ ਮਥਰਾ ਸਿੰਘ ਹੁਸ਼ਿਆਰਪੁਰ ਵਿੱਚ ਠਾਕਰ ਵਾਲਿਆਂ ਦੇ ਨਾਲ ਖਬਰਾਂ ਉਡੀਕ ਰਹੇ ਸਾਂ ਕਿ ਹੁਣ ਮਰੇ ਦੀ ਖਬਰ ਆਈ ਕਿ ਆਈ। ਪਰ ਹਮਲੇ ਦੀ ਖਬਰ ਆਈ ਕਿ ਕਿਹਾ ਪੁਲਿਸ ਮੁਖੀ ਸੁਰੱਖਿਅਤ ਹਨ ਤੇ ਦੋ-ਤਿੰਨ ਸਿਪਾਹੀ ਮਾਰੇ ਗਏ।

ਜਦੋਂ ਕੁਝ ਮਹੀਨਿਆਂ ਪਿੱਛੋਂ ਦੋਵੇਂ ਬਾਬੇ ਸਾਡੇ ਨਾਲ ਪੂਰੀ ਤਰ੍ਹਾਂ ਖੁੱਲ੍ਹ ਗਏ ਤਾਂ ਉਦੋਂ ਓਹਨਾਂ ਨੇ ਇਹ ਗੱਲ ਮੰਨੀ ਅਤੇ ਕਿਹਾ ਕਿ ਰਿਬੈਰੋ ਵਾਲਾ ਕੰਮ ਸਾਡੀ ਜਿੱਦ ਕਰ ਕੇ ਨਾਕਾਮ ਹੋਇਆ। ਲਾਭ ਸਿੰਘ ਦੀ ਗੱਲ ਠੀਕ ਸੀ ਕਿ ਰਿਬੈਰੋ ਤੇ ਗੋਲੀ ਚਲਾਉਣ ਲਈ ਸਾਡੀ ਥਾਂ ਤੇ ਕੋਈ ਤਜਰਬੇਕਾਰ ਸਿੰਘ ਚਾਹੀਦਾ ਸੀ। ਅਸੀਂ ਆਪਣੇ ਆਪ ਨੂੰ ਬਹੁਤ ਸਿੱਖਿਅਤ ਅਤੇ ਤਜਰਬੇਕਾਰ ਸਮਝਦੇ ਸੀ। ਅਸੀਂ ਗੋਲੀਆਂ ਸਿਖਲਾਈ ਦੌਰਾਨ ਹੀ ਚਲਾਈਆਂ ਸਨ ਪਰ ਕਦੇ ਅਸਲੀ ਮੁਕਾਬਲੇ ਵਿਚ ਨਹੀਂ ਚਲਾਈਆਂ ਸਨ। ਅਸਲੀ ਹਮਲੇ ਵਿਚ ਤਾਂ ਸਭ ਕੁਝ ਹੀ ਬਦਲ ਗਿਆ ਤੇ ਜਿਵੇਂ ਅਸੀਂ ਸੋਚਿਆ ਸੀ ਉਸ ਤਰ੍ਹਾਂ ਨਹੀਂ ਕਰ ਸਕੇ, ਸਾਡਾ ਧਿਆਨ ਖਿੰਡ ਗਿਆ। ਸਾਰੇ ਪਾਸੇ ਗੋਲੀ ਚੱਲ ਰਹੀ ਸੀ ਸਾਨੂੰ ਲੱਗਿਆ ਕਿ ਸਾਡੇ ਪਿੱਛੇ ਵੀ ਕੋਈ ਗੋਲੀ ਚਲਾ ਰਿਹਾ ਹੈ। ਅਸਾਂ ਓਸ ਤਰ੍ਹਾਂ ਹੀ ਕੰਧ ਤੇ ਬੁਛਾੜ ਮਾਰ ਦਿੱਤੇ। ਰਿਬੈਰੋ ਜਦੋਂ ਥੱਲੇ ਡਿੱਗਿਆ ਤਾਂ ਸਾਨੂੰ ਲੱਗਿਆ ਕਿ ਓਹਨਾਂ ਦੇ ਗੋਲੀ ਲੱਗ ਗਈ। ਕੰਧ ਟੱਪ ਕੇ ਸਿਰ ਵੱਢਣ ਵਾਲੀ ਗੱਲ ਤਾਂ ਅਸੀਂ ਭੁੱਲ ਹੀ ਗਏ। ਇਹ ਤਾਂ ਕੰਵਰਜੀਤ ਸਿੰਘ ਹੁਰਾਂ ਨੇ ਸੀਆਰਪੀਐਫ ਵਾਲੇ ਸੰਭਾਲ ਲਏ ਨਹੀਂ ਤਾਂ ਸਾਡੇ ਤੋਂ ਓਥੋਂ ਬਾਹਰ ਵੀ ਨਹੀਂ ਸੀ ਨਿਕਲਿਆ ਜਾਣਾ।

ਚੰਡੀਗੜ੍ਹ ਵਿਚ ਰਿਬੈਰੋ 'ਤੇ ਹਮਲੇ ਦੀ ਵਿਉਂਤ

ਡੀਜੀਪੀ ਰਿਬੈਰੋ 'ਤੇ ਹੋਏ ਦੋ ਹਮਲਿਆਂ ਬਾਰੇ ਅਸੀਂ ਸਾਰੇ ਜਾਣਦੇ ਹਾਂ। ਦੋਵੇਂ ਹੀ ਅਸਫਲ ਰਹੇ। ਇੱਕ ਪੁਲਿਸ ਲਾਈਨ ਜਲੰਧਰ ਵਿਚ ਹੋਇਆ ਸੀ ਤੇ ਇੱਕ ਰੋਮਾਨੀਆ ਵਿੱਚ। ਇਕ ਹੋਰ ਹਮਲੇ ਦੀ ਤਿਆਰੀ ਸਿੰਘਾਂ ਨੇ ਪੀਜੀਆਈ ਚੰਡੀਗੜ੍ਹ ਵਿਖੇ ਕੀਤੀ ਸੀ ਜਿਸ ਬਾਰੇ ਕੋਈ ਨਹੀਂ ਜਾਣਦਾ ਪਰ ਇਸ ਹਮਲੇ ਦੀ ਤਿਆਰੀ ਲਈ ਬੰਦਿਆਂ ਨੇ ਮਿਹਨਤ ਬਹੁਤ ਕੀਤੀ ਸੀ। ਕਈ ਕਾਰਨਾਂ ਕਰਕੇ ਇਹ ਸਿਰੇ ਨਹੀਂ ਚੜ੍ਹਿਆ ਤੇ ਵਿਚੇ ਹੀ ਛੱਡਣਾ ਪਿਆ।

ਇਹ ਗੱਲ ੧੯੮੭-੮੮ ਦੀ ਹੈ, ਜਦੋਂ ਚੰਡੀਗੜ੍ਹ ਵਿੱਚ ਚਰਨਜੀਤ ਸਿੰਘ ਤਲਵੰਡੀ, ਸੁਖਵਿੰਦਰ ਸਿੰਘ ਛਿੰਦੂ, ਅਵਤਾਰ ਸਿੰਘ ਦਾਊਮਾਜਰਾ, ਹਰਪਾਲ ਸਿੰਘ ਪਾਲੀ, ਗੁਰਮੀਤ ਸਿੰਘ ਟੋਨੀ, ਹਰਜੀਤ ਸਿੰਘ ਉਰਫ ਪਰਗਟ ਸਿੰਘ ਤੇ ਹੋਰ ਸਿੰਘਾਂ ਦਾ ਜਥਾ ਪੂਰੀ ਤਰ੍ਹਾਂ ਸਰਗਰਮ ਤੇ ਸਥਾਪਤ ਸੀ। ਚੰਡੀਗੜ੍ਹ ਅਤੇ ਇਸ ਦੇ ਆਲੇ ਦੁਆਲੇ ਮੁਹਾਲੀ, ਰੋਪੜ, ਪਟਿਆਲਾ ਦੇ ਜਿਲ੍ਹਿਆਂ ਵਿੱਚ ਉਸ ਵਕਤ ਸਿੰਘਾਂ ਦਾ ਚੰਗਾ ਪ੍ਰਬੰਧ ਸੀ। ਪੀਜੀਆਈ ਵਿੱਚ ਵੀ ਸਿੰਘਾਂ ਦੇ ਚੰਗੇ ਸਬੰਧ ਸਨ। ਜਿੱਥੋਂ ਸਾਨੂੰ ਇਹ ਪਤਾ ਲੱਗਿਆ ਕਿ ਚੰਡੀਗੜ੍ਹ ਜਾਂ ਇਸ ਦੇ ਆਲੇ ਦੁਆਲੇ ਤੋਂ ਜਦੋਂ ਵੀ ਕੋਈ ਪੁਲਿਸ ਵਾਲਾ ਜਖਮੀ ਹੋ ਕੇ ਇਹ ਹਸਪਤਾਲ ਵਿਚ ਆਉਂਦਾ ਹੈ ਤਾਂ ਰਿਬੈਰੋ ਅਗਲੇ ਦਿਨ ਐਮਰਜੈਂਸੀ ਵਿੱਚ ਜਖਮੀਆਂ ਦਾ ਹਾਲ ਪੁੱਛਣ ਜਰੂਰ ਜਾਂਦਾ ਹੈ। ਪੀਜੀਆਈ ਵਿੱਚ ਐਮਰਜੈਂਸੀ ਵਾਰਡ ਇਸ ਤਰ੍ਹਾਂ ਬਣਿਆ ਸੀ ਕਿ ਇਕ ਚੱਕਵੇਂ ਪੁਲ ਰਾਹੀਂ ਤੁਹਾਨੂੰ ਉਸ ਵਿਚ ਦਾਖਿਲ ਹੋਣਾ ਪੈਂਦਾ ਸੀ। ਜਦੋਂ ਕੋਈ ਵੀ ਵੱਡਾ ਅਧਿਕਾਰੀ ਫੌਰੀ ਇਲਾਜ ਅਹਾਤੇ ਵਿਚ ਆਉਂਦਾ ਸੀ ਤਾਂ ਉਸ ਦੀ ਆਪਣੀ ਗਾਰਦ ਤੇ ਚੰਡੀਗੜ੍ਹ ਪੁਲਿਸ ਦੀ ਰਾਖੀ ਪੀਜੀਆਈ ਦੇ ਮੁੱਖ ਦਰਵਾਜਿਆਂ, ਚੌਂਕਾਂ ਤੇ ਫੌਰੀ ਇਲਾਜ ਦੇ ਬੂਹੇ ਤੱਕ ਹੀ ਹੁੰਦੀ ਸੀ। ਇਹ ਅਹਾਤੇ ਤੋਂ ਪਿਛਲੇ ਪਾਸੇ ਨੂੰ ਜੋ ਹੋਰ ਇਮਾਰਤਾਂ ਸਨ, ਉੱਧਰ ਕੋਈ ਪਹਿਰੇਦਾਰੀ ਨਹੀਂ ਸੀ ਹੁੰਦੀ।

ਵੱਡੀ ਇਮਾਨਦਾਰ, ਦੀ ਪੰਜਾਬੀ ਮੰਡਲ ਦੇ ਫਾਜ਼ਲਕਾ [illegible] [illegible] [illegible] [illegible]
[illegible] [illegible], ਕਈ ਇਸ [illegible] ਦੀ [illegible] ਵਾਲੀ ਕੁਝ [illegible], [illegible] ਵਿੱਚ
[illegible] ਜਾਂਦੇ ਸੀ ਤੇ ਉਸ [illegible] [illegible] [illegible] [illegible] ਵਿੱਚ ਤੇ ਇਹ ਕੁਝ [illegible]
ਦੇ ਬਾਹਰ [illegible] ਤੇ [illegible] [illegible] [illegible] ਜਾਂਦੇ ਸੀ। ਜਿਵੇਂ ਕੁਝ [illegible] [illegible] [illegible]
ਇਸ [illegible], ਵਾਲੀ [illegible] [illegible] [illegible] ਦੀ [illegible] [illegible] [illegible] [illegible],
[illegible] ਸਕਦੇ ਸੀ। [illegible] ਦੀ [illegible] [illegible] ਦੇ ਕੁਝ [illegible] [illegible] [illegible], ਵਾਲੀ
[illegible] ਦੀ [illegible] [illegible] [illegible] [illegible], ਜਾਂਦੇ ਸੀ। ਉਸ [illegible] ਨੇ, ਇਸ [illegible]
ਤੇ [illegible] [illegible] [illegible] [illegible] [illegible] [illegible] [illegible] [illegible] ਸੀ। ਉਸ ਕੁਝ
[illegible] ਦੇ ਬਾਹਰ [illegible] ਸਕਦੇ ਸੀ ਤੇ ਇੱਥੇ [illegible] [illegible] [illegible] ਦੇ
[illegible] ਵਾਲੀ ਕੁਝ [illegible] [illegible] ਜਾਂਦੇ ਸੀ ਤੇ [illegible] [illegible] [illegible] ਵਾਲੀ [illegible]
[illegible] ਦੇ [illegible] [illegible] [illegible] [illegible] ਵਿੱਚ [illegible] ਜਾਂਦੇ ਸੀ। ਉਨ੍ਹਾਂ [illegible] ਵਿੱਚ
ਇਸ [illegible] [illegible] [illegible] ਸੀ ਤੇ [illegible] [illegible] [illegible] [illegible] [illegible]
ਕੀ [illegible] ਸੀ। [illegible] ਇਸ [illegible] [illegible] ਦੀ [illegible] [illegible] ਸੀ ਤੇ [illegible] [illegible] ਸੀ। ਇਸ
[illegible] ਕੁਝ [illegible] [illegible] [illegible] ਜਾਂ [illegible] ਦੇ [illegible] [illegible] [illegible] ਸਕਦੇ ਸੀ। [illegible]
ਵਾਲੀ [illegible] ਦੇ ਇਸ [illegible] ਦੀ [illegible] [illegible] [illegible] ਸੀ। [illegible] [illegible] ਕੀ [illegible] [illegible] ਕਿ
[illegible] [illegible] [illegible] [illegible] ਵਿੱਚ [illegible], [illegible] ਸੀ ਜਾਂ [illegible] [illegible] [illegible]
[illegible] ਦਾ [illegible] ਉਸ [illegible] ਦੇ [illegible] [illegible] ਹੀ ਜਾਂਦਾ ਸੀ। [illegible] ਵਿੱਚ
[illegible] ਦਾ [illegible] [illegible] [illegible] ਦੇ ਇਕ ਇਸੇ ਕਰ੍ਹਾਂ [illegible] [illegible] ਜਾਂਦਾ ਸੀ।
[illegible] ਸਿੰਘ [illegible], [illegible] ਸਿੰਘ ਅਤੇ [illegible] ਸਿੰਘ ਨੇ, [illegible] ਅਤੇ
[illegible] ਦੇ ਇਸ [illegible] ਦੀ [illegible] ਕਰ੍ਹਾਂ [illegible] [illegible] [illegible] ਸੀ ਕਿ ਉਸ ਇਸੇ ਕਰ੍ਹਾਂ ਹੀ
[illegible] ਹੈ।

ਜਿਨ੍ਹਾਂ ਸਿੰਘਾਂ ਨੇ ਆਪਣੇ ਗੁਰਦੇ ਵਾਲੀ [illegible] [illegible] [illegible] [illegible], [illegible]
ਪੰਜਾਬੀਆਂ ਬਾਰੇ ਅਤੇ [illegible] [illegible] ਦੇ [illegible] ਦੇ [illegible] ਵਾਲਾ ਦੀ
[illegible] [illegible] ਤੇ [illegible] [illegible] [illegible] [illegible] ਕਿ ਇਸ [illegible] [illegible] ਇਸ ਤੇ [illegible] [illegible]
ਕੀਤਾ ਜਾ ਸਕਦਾ ਹੈ। ਉਨ੍ਹਾਂ ਦੀ ਸਮੱਗਰੀ [illegible] ਇਸ ਸੀ ਕਿ [illegible] [illegible] ਵਿੱਚ
[illegible] [illegible] ਸੀ, [illegible] ਸਿੰਘਾਂ ਦੇ [illegible] 'ਤੇ ਸੀ। ਉਸ [illegible] ਵਿੱਚ
[illegible] ਹੀ ਸੀ ਤੇ [illegible] [illegible] 'ਤੇ ਉਸ [illegible] 'ਤੇ [illegible] ਸੀ। ਸਿੰਘਾਂ ਨੇ [illegible] [illegible]
[illegible] ਨੂੰ ਜਿਨ੍ਹਾਂ 'ਤੇ [illegible] [illegible] 'ਤੇ [illegible] [illegible] ਇਸ ਕਰ੍ਹਾਂ [illegible] [illegible]
[illegible] ਕਿ ਜਿਨ੍ਹਾਂ ਦੀ [illegible] [illegible] [illegible] [illegible] [illegible] ਜਾਣ। [illegible] [illegible] ਜਿਨ੍ਹਾਂ ਨੂੰ
ਪੰਜਾਬੀਆਂ ਦੀ [illegible] ਵਿਚ [illegible] [illegible] ਤੇ [illegible] ਜਾ ਕੀ ਇਸ

ਪੈਂਦਾ ਹੈ ਸੀ, ਜਿਸਦਾ ਸਾਰ ਸੁਰਗ ਹੈ, ਕਈ ਬਾਰ ਮਰੀਜ਼ਾਂ ਵੀ ਕਿ ਉਹ ਮਰੀਜ਼ਾਂ ਵਿਚ ਰਹਿਣੀ ਹੋਰ ਮੁੱਖ ਮਰੀਜ਼ਾਂ ਦਾ ਨਾਮ, ਸਾਮ, ਇਕੱਲਾ ਪਾਗਲ ਦਰਦ ਸਮਝਦਾ ਸੀ। ਉਨ੍ਹਾਂ ਰਹਿਣ ਦੇ ਇੱਕ ਸਮਾਨਤਾ, ਕਈ ਦਿਨ, ਦੇ ਦਿਨ ਮੀਟਰ ਦਾ ਹੀ ਕਰਦਾ ਸੀ। ਇਹ 40 ਦੇ 45 ਸਾਲ ਦੇ ਵਿਚ ਵਿਚ ਮਰੀਜ਼ਾਂ ਮਰੀਜ਼ਾਂ ਸੀ। ਇਸ ਦੇ ਮਰੀਜ਼ਾਂ ਦੇ ਮੰਗਿਆ ਕੈਦੀਆਂ ਮੁੱਖ ਦੀ ਮੰਗ ਉਹ ਸਭ ਜਾਂਦੀ ਸੀ।

ਸਾਡੀ ਜਿਸਮਾਂ ਦੇ ਜਿਸ ਵਿਚ ਇਸ ਸੀ ਕਿ ਦੇ ਇੱਕ ਦੇ ਦਿਨ ਇੱਕਲੀ ਡਾਕਟਰ ਟੈਸਟ ਦੀ ਕਰਨੀ ਵਿਚ ਰੋਜ਼ਾਨਾ ਹੀ ਬਾਹਰ ਵਿਚ ਰਹਿਣਾ। ਥੋੜੀ ਬਾਹਰ ਦੇ ਹੋਰ ਸਰਕਾਰੀ ਨਾਲ, ਰਹਿਣੀ ਜਿਸ ਅੰਦਰ ਕਰ, ਮਰੀਜ਼ ਬੈਠੇ ਜਿਨਸੇ ਸਨ। ਦੋ ਇੰਚ ਡਾਕਟਰਾਂ ਬਾਰੇ, ਕਮਰੇ ਵਿਚ ਰਹਿਣ ਦੇ ਉਨ੍ਹਾਂ ਨਾਲ, ਡਾਕਟਰ ਸਰਜਰੀ ਰਹਿਣ, ਜਿਨ੍ਹਾਂ ਵਿਚ ਫਟੀਆਂ ਉਹਦੀ ਕੀਤਾ ਰਹਿੰਦੀਆਂ। ਅਸੀਂ ਇੱਕ ਸੌ ਦੇ ਲੋਕ ਦੇ ਵਾਸਤੇ, ਦੋ ਰਹਿਣਾ ਦਾ ਡਾਕਟਰ ਥੋੜੀ ਵੱਡੀ ਜਿਸਮ ਮਰੀਜ਼ ਵਿਚ ਦਿਨਾਂ, ਕੇ ਡਾਕਟਰਾਂ ਦੇ ਕਮਰੇ ਵਿਚ ਜਾਣਾ, ਰਹਿਣੀ ਦੇ ਇਲਾਜ, ਨਾਮ, ਸੱਭ ਮਰੀਜ਼ ਮਰੀਜ਼ ਬਾਰੇ, ਕਮਰੇ ਕਰ, ਨੂੰ ਹੀ ਪੁੱਛਣਾ ਸੀ। ਕਈ ਇੱਕ ਦੇ ਥੋੜੀ ਜਿਨਸਨ ਬਾਹਰ ਦਿਨਾਂ, ਦੇ ਮਾਮਲੇ ਕਮਿਸ਼ਨਾਂ ਦੀ ਸੁਣਵਾਈ ਜਾਂਦੀ। ਉਸ ਵਕਤ ਕਰ ਇਲਾਜ ਸਮਾਂ ੨-੩ ਮਹੀਨੇ ਦੇ ਵਾਸਤੇ, ਦੇ ਰਹਿਣਾ ਦੇ ਇਸ ਕਦੋਂ ਉਨ੍ਹਾਂ ਨੂੰ ਇਲਾਜ ਹੀ ਕੁਝ ਪਤਾ ਨਹੀਂ ਮਹੀਨਿਆਂ ਕਿ ਇਸ ਇਲਾਜੀ ਉਨ੍ਹਾਂ 'ਤੇ ਕਿਸ ਢਿੱਲ ਪਈ। ਇੱਕ ਟੀਚਰ ਨਾਲਿਆਂ ਕਰਕੇ ਉਸ ਬਾਹਰ ਉਸ ਕਮਰੇ ਵਿਚ ਬਣ ਜਾਂਦਾ ਦੇ ਅੰਦਰ ਰਹਿਣਾ ਸਮਾਂ ਦੇਖਦਾ। ਫਿਰ ਉਸ ਬੁਰੀ ਨਾਮ, ਨਾਲ ਸਮੂਹਦਾ ਕੰਮ, ਦੀ ਪਰਚਾ ਦੀ ਜਾਣੀ ਪਈ ਨੂੰ ਮਹੀਨੇ ਕੁਝ ਦੇ ਅੰਦਰ ਇੱਕ ਕਮਰੇ ਵਿਚ ਫਾਈਲ, ਸਾਰ ਦੇ ਬਹੁਤ ਜਾਂਦਾ ਫਿਰ ਇਸ ਦੇ ਜਾਣੀ ਅੰਦਰ ਸੁਣਨਾ ਸੋਚ ਕਮਰੇ ਫੋਨ ਪਹੁੰਚ ਜਾਂਦਾ ਤੇ ਫਿਰ ਅੰਦਰ ਇਲਾਕਾ ਦੇ ਜ਼ਿਲ੍ਹੇ ਰਹਿਣਾਂ ਬਣ ਪੱਕੇ ਜਾਂਦਾ। ਇਸ ਸਾਰੇ ਇਲਾਕੇ ਵਿਚ ਪੁਲਿਸ ਦਾ ਕੋਈ ਥੋੜਾ ਨਹੀਂ ਸੀ ਹੁੰਦਾ ਤੇ ਇਸ ਕਰਕੇ ਮੁਲਾਜ਼ਮ ਵੀ ਬਹੁਤ ਘੱਟ ਹੀ ਹੁੰਦੇ ਸਨ। ਇਲਾਕੇ ਦੇ ਰਹਿਣ ਤੇ ਬਾਹਰ ਨਿਕਲ ਕੇ ਪੰਜਾਬ ਨੂੰ ਮਹੀਨੇ ਅੰਦਰ ਇੱਕ ਫੇਰੀ ਜਿੰਨੀ ਸਮਝ, ਜਿਸ ਇੱਕ ਇੰਚ ਗੱਡੀ ਵਿਚ ਉਡੀਕ ਕਿਹਾ ਰਹਿੰਦਾ। ਇਹ ਗੱਡੀ ਜਾਣੀ ਇੱਕ ਦੋ ਵਿਸ਼ੇਸ਼ ਦਾ ਵਾਸਤਾ ਤੋਂ ਕਰਕੇ ਇੰਨੀਆਂ ਥਾਵਾਂ ਦੀ ਦੇਖ ਫੋਨ ਪਹੁੰਚ ਜਾਂਦੀ। ਉਹ ਗੱਡੀ ਛੱਡ ਦਿੱਤੀ ਜਾਂਦੀ। ਇਸ ਵਿਚ ਹੀ ਕਰਦੀਆਂ ਅਤੇ ਹੋਰ ਡਾਕਟਰੀ ਕੰਮ ਦਾ ਸਾਮਾਨ ਛੱਡ ਦਿੱਤਾ ਜਾਂਦਾ। ਦੇਖ ਟਾਪ ਕੇ ਮਹੀਨੇ ਥੋੜੀ ਜਿੰਨੀ ਦੂਰ ਇੱਕੀਆਂ ਥਾਵਾਂ ਵਿਚ ਦੇ ਸਰਕਾਰੀਆਂ ਪਹੁੰ ਰਹਿੰਦਾ। ਉਹਨਾਂ ਤੇ ਬਹੁਤ ਦੇ ਦੇ ਦਿਨਾਂ ਵਿਚ ਵਾਸਤ ਦੇ ਜ਼ਿਲ੍ਹੇ ਪਾਸ ਦੇਖ ਕੇ

ਚਲੀ ਜਾਂਦੀ, ਜਿੱਥੇ ਪਹਿਲਾਂ ਹੀ ਮੋਟਰਸਾਈਕਲ ਲੰਘਣ ਜੋਗਾ ਰਸਤਾ ਬਣਿਆ ਹੋਇਆ ਸੀ। ਇੱਥੋਂ ਦੀ ਲੰਘ ਕੇ ਇਹ ਕੱਚੇ ਰਸਤਿਆਂ, ਪਹੀਆਂ ਅਤੇ ਸੜਕਾਂ ਰਾਹੀਂ ਥੱਲੇ ਮਸਾਣੀ ਤੋਂ ਅੱਗੇ ਕਰਾਲੀ ਤੱਕ ਪਹੁੰਚ ਸਕਦੇ ਹਨ।

ਇਨ੍ਹਾਂ ਦਿਨਾਂ ਵਿੱਚ ਕਿਸ਼ੋਰ 'ਤੇ ਹਮਲਾ ਕਰਨ ਵਾਲੇ ਸਿੰਘ ਬਾਬਾ ਅਜੀਤ ਸਿੰਘ, ਬਾਬਾ ਪੰਨਾ ਸਿੰਘ ਤੇ ਬਾਬਾ ਦਲਵਿੰਦਰ ਸਿੰਘ ਠਹਿਰੇ ਹੋਏ ਸਨ। ਬਾਬਾ ਗੁਰਦੇਵ ਸਿੰਘ ਉਸਮਾਨ ਵਾਲਾ ਵੀ ਉੱਥੇ ਹੀ ਸੀ। ਇਸ ਵਿਉਂਤ ਬਾਰੇ ਇਨ੍ਹਾਂ ਸਿੰਘਾਂ ਨਾਲ ਵੀ ਸਲਾਹ ਮਸ਼ਵਰਾ ਕੀਤਾ ਗਿਆ। ਸਾਰੇ ਬੜੇ ਉਤਸ਼ਾਹਿਤ ਸਨ। ਉਨ੍ਹਾਂ ਸਿੰਘਾਂ ਦਾ ਤਾਂ ਕਹਿਣਾ ਸੀ ਕਿ ਸਾਡੇ ਤੋਂ ਇਹ ਕੰਮ ਅਧੂਰਾ ਰਹਿ ਗਿਆ ਤੇ ਹੁਣ ਸਾਨੂੰ ਹੀ ਇਹ ਪੂਰਾ ਕਰਨ ਦਾ ਮੌਕਾ ਦਿਉ। ਪਰ ਪੀਜੀਆਈ ਵਾਲੇ ਕੰਮ ਵਿੱਚ ਸਾਰਿਆਂ ਨੂੰ ਪਤਾ ਸੀ ਕਿ ਹੋਰ ਸਿੰਘ ਚਾਹੀਦੇ ਹਨ। ਜਿਹੜੇ ਡਾਕਟਰ ਭਾਈਚਾਰੇ ਤੇ ਪੀਜੀਆਈ ਦੇ ਮਾਹੌਲ ਵਿੱਚ ਬਿਲਕੁਲ ਘੁਲ ਮਿਲ ਜਾਣ। ਉਨ੍ਹਾਂ ਦਿਨਾਂ ਵਿੱਚ ਤਿੰਨ ਫੇਜ਼ ਮੁਹਾਲੀ ਵਿਚ ਚਰਨਜੀਤ ਸਿੰਘ ਦੀ ਠਾਹਰ ਤੇ ਮਹਾਰਾਜ ਦਾ ਪ੍ਰਕਾਸ਼ ਕੀਤਾ ਹੋਇਆ ਸੀ। ਬਾਬਾ ਅਜੀਤ ਸਿੰਘ ਤੇ ਪੰਨਾ ਸਿੰਘ ਨੇ ਗੁਰੂ ਤੋਂ ਹੁਕਮ ਲੈ ਕੇ ਹਮਲੇ ਦੀ ਸਕੀਮ ਨੂੰ ਪੱਕਿਆਂ ਕੀਤਾ।

ਕੁਝ ਦਿਨ ਪਹਿਲਾਂ ਬਾਬਾ ਪੰਨਾ ਸਿੰਘ, ਸੁਖਵਿੰਦਰ ਸਿੰਘ ਛਿੰਦੂ, ਅਵਤਾਰ ਸਿੰਘ, ਚਰਨਜੀਤ ਸਿੰਘ ਤਲਵੰਡੀ ਤੇ ਮੈਂ ਸਾਰੇ ਹੀ ਪੱਖਾਂ ਨੂੰ ਬਹੁਤ ਬਰੀਕੀ ਨਾਲ ਘੋਖਿਆ ਪੜਤਾਲਿਆ ਸੀ ਤੇ ਫੇਰ ਉਸ ਏਐਸਆਈ ਦੀ ਕੋਠੀ ਦੇਖੀ, ਕਿਸ਼ੋਰ ਦੀ ਕੋਠੀ ਦੇਖੀ ਤੇ ਉਸ ਦੀ ਗਾਰਦ ਵੀ ਦੇਖੀ। ਪੀਜੀਆਈ, ਇੰਜੀਨੀਅਰਿੰਗ ਕਾਲਜ ਦੇ ਪਿੱਛੇ ਦੇ ਰਸਤੇ ਦੇਖੇ, ਫ਼ੌਰੀ ਇਲਾਜ ਅਹਾਤਾ, ਡਾਕਟਰਾਂ ਦਾ ਕਮਰਾ ਤੇ ਪਿੱਛੇ ਮੁਰਦਾ ਘਾਟ ਕਮਰੇ ਸਮੇਤ ਸਾਰੇ ਕੁਝ ਦਾ ਮੁਆਇਨਾ ਕੀਤਾ ਅਤੇ ਇਸ ਨਤੀਜੇ 'ਤੇ ਪਹੁੰਚੇ ਸੀ ਕਿ ਨਿਸ਼ਾਨਾ ਬਹੁਤ ਅਹਿਮ ਤੇ ਜ਼ਰੂਰੀ ਹੈ। ਇਹ ਕੰਮ ਬਹੁਤ ਔਖਾ ਹੈ ਤੇ ਇਸ ਵਿਚ ਕਈ ਅਜਿਹੀਆਂ ਗੱਲਾਂ ਹਨ, ਜਿਨ੍ਹਾਂ 'ਤੇ ਇਹ ਕੰਮ ਨਿਰਭਰ ਕਰਦਾ ਹੈ। ਏਹਨਾਂ ਕਾਰਨਾਂ ਕਰਕੇ ਹੋ ਸਕਦਾ ਹੈ ਕਿ ਆਖ਼ਰੀ ਮੌਕੇ ਤੇ ਨਤੀਜੇ ਉਲਟ ਵੀ ਸਕਦੇ ਹਨ। ਫੇਰ ਸੋਚਿਆ ਕਿ ਕੰਮ ਕਰਨਾ ਚਾਹੀਦਾ ਹੈ, ਅੱਗੇ ਰੱਬ ਦੀ ਰਜ਼ਾ। ਅਵਤਾਰ ਸਿੰਘ, ਚਰਨਜੀਤ ਸਿੰਘ ਤੇ ਪੰਨਾ ਸਿੰਘ ਦ੍ਰਿੜ੍ਹਤਾ ਨਾਲ ਕੰਮ ਕਰਨ ਦੇ ਹੱਕ ਵਿੱਚ ਸਨ। ਸਾਨੂੰ ਇਹ ਲੱਗਦਾ ਸੀ ਕਿ ਕੰਮ ਬੜਾ ਔਖਾ ਅਤੇ ਕਈ ਪੜਾਵਾਂ ਵਾਲਾ ਹੈ ਅਤੇ ਸਾਡਾ ਨੁਕਸਾਨ ਵੀ ਬਹੁਤ ਹੋ ਸਕਦਾ ਹੈ। ਪਰ ਫੇਰ ਜਦੋਂ ਸਾਰੇ ਸਿੰਘਾਂ ਨੇ ਕੋਠੀ ਵਿੱਚ ਆ ਕੇ ਸਲਾਹ ਕੀਤੀ ਤੇ ਬਾਬਾ ਗੁਰਦੇਵ ਸਿੰਘ ਹੋਰਾਂ ਨੇ ਹਾਂ ਕਹਿ ਦਿੱਤੀ ਤਾਂ ਅਸੀਂ ਇਕ ਰਾਇ ਹੋ ਗਏ।

ਹਮਲਾ ਨਾ ਕਰਨ ਵਿਚ ਇੱਕ ਨੁਕਤਾ ਹੋਰ ਸੀ ਕਿ ਸਾਨੂੰ ਹਸਪਤਾਲ ਵਿੱਚ

ਕਿਸੇ ਉੱਤੇ ਹਮਲਾ ਨਹੀਂ ਕਰਨਾ ਚਾਹੀਦਾ ਤੇ ਸਾਡੇ ਹਮਲੇ ਨਾਲ ਡਾਕਟਰਾਂ ਤੇ ਆਮ ਮਰੀਜ਼ਾਂ ਨੂੰ ਨੁਕਸਾਨ ਪਹੁੰਚ ਸਕਦਾ ਹੈ। ਹਮਲੇ ਮਗਰੋਂ ਹਸਪਤਾਲ ਵਿਚ ਹਾਜ਼ਰ ਬੇਗੁਨਾਹਾਂ ਨਾਲ ਧੱਕਾ ਹੋਣ ਦੀ ਸੰਭਾਵਨਾ ਸੀ ਪਰ ਬਾਬਾ ਧੰਨਾ ਸਿੰਘ, ਚਰਨਜੀਤ ਸਿੰਘ ਤੇ ਅਜੀਤ ਸਿੰਘ ਹੋਰਾਂ ਨੇ ਕਿਹਾ ਕਿ ਅਸੀਂ ਏਡੇ ਵੱਡੇ ਦੁਸ਼ਟ ਨੂੰ ਸੋਧਣਾ ਹੈ ਅਤੇ ਸਾਡੀ ਨੀਤ ਸਾਫ਼ ਹੈ। ਅਸੀਂ ਕਿਸੇ ਹੋਰ ਵੱਲ ਨੂੰ ਗੋਲੀ ਨਹੀਂ ਚਲਾਉਣੀ, ਅੱਗੋਂ ਗੁਰੂ ਬਖਸ਼ਣਹਾਰ ਹੈ। ਉਸ ਵਕਤ ਅਵਤਾਰ ਸਿੰਘ ਤੇ ਚਰਨਜੀਤ ਹੁਰਾਂ ਦੇ ਸੰਪਰਕ ਵਿੱਚ ਇੱਕ ਚੜ੍ਹਦੀ ਕਲਾ ਵਾਲੀ ਬੀਬੀ ਸੀ, ਜੋ ਬਹੁਤ ਦਲੇਰ, ਆਪਾਵਾਰੂ ਤੇ ਹਥਿਆਰਾਂ ਵਿਚ ਤਜਰਬੇਕਾਰ ਸੀ। ਉਸ ਨੂੰ ਵੀ ਵਿੱਚ ਸ਼ਾਮਿਲ ਕੀਤਾ ਗਿਆ।

ਹਮਲੇ ਦੀ ਵਿਉਂਤਬੰਦੀ ਇਸ ਤਰ੍ਹਾਂ ਹੋਈ ਕਿ ਸ਼ਾਮ ਨੂੰ ਗੁਰਮੀਤ ਸਿੰਘ ਟੋਨੀ, ਬਾਬਾ ਅਜੀਤ ਸਿੰਘ ਤੇ ਸਰਬਪਰੀਤ ਸਿੰਘ ਹੋਰੀਂ ਉਸ ਏਐਸਆਈ 'ਤੇ ਹਮਲਾ ਕਰਨਗੇ। ਪੀਜੀਆਈ ਦੇ ਫੌਰੀ ਇਲਾਜ ਵਾਰਡ ਵਿਚ ਅਵਤਾਰ ਸਿੰਘ ਦੇ ਸੰਪਰਕ ਵਾਲੀ ਬੀਬੀ, ਚਰਨਜੀਤ ਸਿੰਘ ਅਤੇ ਮੈਂ ਹੋਵਾਂਗਾ। ਮੇਰੇ ਅਤੇ ਚਰਨਜੀਤ ਸਿੰਘ ਕੋਲ ਡਾਕਟਰਾਂ ਵਾਲੇ ਛੋਟੇ-ਛੋਟੇ ਬਰੀਫਕੇਸ ਵਿੱਚ ਇਜ਼ਰਾਈਲੀ ਉਜ਼ੀ ਬੰਦੂਕਾਂ ਹੋਣਗੀਆਂ। ਮੁਰਦਾ ਜਾਂਚ ਅਹਾਤੇ ਦੇ ਬਾਹਰ ਕਾਰ ਵਿੱਚ ਅਵਤਾਰ ਸਿੰਘ ਖੜ੍ਹਾ ਹੋਵੇਗਾ ਅਤੇ ਇੰਜੀਨੀਅਰਿੰਗ ਕਾਲਜ ਵਿਚ ਮੋਟਰਸਾਈਕਲਾਂ ਕੋਲ ਗੁਰਮੀਤ ਸਿੰਘ ਟੋਨੀ ਖੜ੍ਹਾ ਹੋਵੇਗਾ। ਬਾਅਦ ਵਿੱਚ ਦੋਵੇਂ ਅੰਦਰ ਮੋਟਰਸਾਈਕਲ ਤੇ ਸਮਾਨ ਅਵਤਾਰ ਸਿੰਘ ਹੋਰਾਂ ਨੇ ਸੰਭਾਲ ਲੈਣਾ ਸੀ। ਮੈਂ ਤੇ ਹੋਰ ਸਿੰਘਾਂ ਨੇ ਕੰਮ ਕਰਕੇ ਕੁਰਾਲੀ ਦੇ ਨੇੜੇ ਕਿਤੇ ਬੱਸਾਂ ਤੇ ਚੜ੍ਹ ਜਾਣਾ ਸੀ।

ਸਾਡੇ ਕੋਲ ਅਜਿਹੀਆਂ ਛੋਟੀਆਂ ਬੰਦੂਕਾਂ ਨਹੀਂ ਸਨ ਜੋ ਡਾਕਟਰੀ ਝੋਲੇ ਵਿਚ ਪੈ ਸਕਦੀਆਂ ਅਤੇ ਵਧੀਆ ਮਾਰ ਕਰਨ। ਅਸੀਂ ਕੰਵਰਜੀਤ ਸਿੰਘ ਸੁਲਤਾਨਵਿੰਡ ਹੋਰਾਂ ਨੂੰ ਦੋ ਛੋਟੀਆਂ ਬੰਦੂਕਾਂ ਦਾ ਪਰਬੰਧ ਕਰਨ ਲਈ ਕਿਹਾ। ਉਨ੍ਹਾਂ ਨੇ ਕਿਹਾ ਕਿ ਛੇਤੀ ਹੀ ਪਰਬੰਧ ਕਰ ਲਵਾਂਗੇ ਪਰ ਜਦੋਂ ਕਾਫ਼ੀ ਸਮਾਂ ਪਰਬੰਧ ਨਾ ਹੋਇਆ ਤਾਂ ਬਾਬਾ ਧੰਨਾ ਸਿੰਘ ਅਤੇ ਬਾਬਾ ਅਜੀਤ ਸਿੰਘ ਹੁਰਾਂ ਨੇ ਮੁਸ਼ਕਲ ਦਾ ਹੱਲ ਲੱਭਣ ਲਈ ਦੋ ਅਸਾਲਟਾਂ ਨੂੰ ਇਸ ਹਿਸਾਬ ਨਾਲ ਵੱਢ ਦਿੱਤਾ ਕਿ ਉਹ ਛੋਟੇ ਬਰੀਫ਼ ਕੇਸ ਵਿੱਚ ਪੈ ਜਾਣ। ਉਹ ਵਿਚ ਤਾਂ ਪੈ ਗਈਆਂ ਪਰ ਜਦੋਂ ਉਨ੍ਹਾਂ ਨੂੰ ਚਲਾ ਕੇ ਦੇਖਿਆ ਤਾਂ ਹੁਣ ਉਹ ਆਟੋਮੈਟਿਕ ਤੋਂ ਸਿੰਗਲ ਹੋ ਕੇ ਰਹਿ ਗਈਆਂ ਕਿਉਂਕਿ ਨਾਲੀ ਦੀ ਲੰਬਾਈ ਘਟਣ ਨਾਲ ਦਾਬ ਘੱਟ ਗਈ ਸੀ। ਇਸ ਤਰ੍ਹਾਂ ਸਾਡੇ ਦੋ ਸ਼ਸਤਰ ਖ਼ਰਾਬ ਹੋ ਗਏ। ਹੋਰ ਸਾਰਾ ਅਸਲਾ, ਕਾਰ ਤੇ ਮੋਟਰ ਸਾਇਕਲ ਅਸੀਂ ਇਕੱਠੇ ਕਰ ਲਏ। ਅਵਤਾਰ ਸਿੰਘ ਹੁਰਾਂ ਦੇ ਸੂਤਰਾਂ ਨੇ ਸਾਨੂੰ ਪੀਜੀਆਈ ਵਿੱਚ ਬਹੁਤ ਮਦਦ ਕੀਤੀ। ਇਸ ਹਮਲੇ ਦੀ ਤਿਆਰੀ ਵਿੱਚ ਅਸੀਂ ਕੋਈ ਛੇ ਮਹੀਨੇ ਲੱਗੇ ਰਹੇ। ਮੈਂ, ਚਰਨਜੀਤ ਸਿੰਘ, ਅਵਤਾਰ ਸਿੰਘ,

ਸੁਖਵਿੰਦਰ ਸਿੰਘ ਛਿੰਦੂ, ਉਹ ਬੀਬੀ, ਗੁਰਮੀਤ ਸਿੰਘ ਟੋਨੀ ਅਸੀਂ ਤਕਰੀਬਨ ਬਹੁਤ-ਬਹੁਤ ਸਮਾਂ ਪੀਜੀਆਈ ਅਤੇ ਇੰਜੀਨੀਅਰਿੰਗ ਕਾਲਜ ਰਹਿਣ ਲੱਗ ਪਏ। ਮੇਰੇ ਉਸ ਵਕਤ ਵਾਲ ਕੱਟੇ ਹੋਏ ਸਨ ਤੇ ਮੇਰਾ ਡਾਕਟਰ ਹੋਣ ਦਾ ਪਛਾਣਾ ਵੀ ਬਣ ਗਿਆ ਸੀ। ਉਸ ਬੀਬੀ ਦੀ ਵੀ ਸਿਖਾਂਦਰੂ ਦਾ ਪਛਾਣਾ ਬਣ ਗਿਆ ਸੀ। ਚਰਨਜੀਤ ਸਿੰਘ ਵੀ ਪੂਰੀ ਤਰ੍ਹਾਂ ਦਾੜ੍ਹੀ ਬੰਨ੍ਹ ਕੇ ਮੁੱਛਾਂ ਥੱਲੇ ਨੂੰ ਕਰਕੇ ਸ਼ਹਿਰੀ ਸਿੱਖਾਂ ਵਾਲੀ ਪੱਗ ਬੰਨ੍ਹ ਕੇ ਡਾਕਟਰ ਹੀ ਲੱਗਦਾ ਸੀ।

ਅਸੀਂ ਇਹ ਕੰਮ ਲਈ ਬੜੀ ਵਾਰ ਸਵੇਰੇ ਹੀ ਵਰਦੀਆਂ ਪਾ ਕੇ ਡਾਕਟਰਾਂ ਵਾਲਾ ਸਮਾਨ ਲੈ ਕੇ, ਡੱਬਾਂ ਵਿਚ ਪਸਤੌਲ ਤੇ ਹੱਥਾਂ ਵਿੱਚ ਬਰੀਫ਼ਕੇਸ ਫੜ ਕੇ ਫੌਜੀ ਇਲਾਜ ਅਹਾਤੇ ਵਿਚ ਪਹੁੰਚ ਜਾਣਾ। ਡਾਕਟਰਾਂ ਵਾਲੇ ਕਮਰੇ ਵਿੱਚ ਬੈਠੇ ਰਹਿਣਾ, ਕੰਟੀਨ ਵਿੱਚ ਬੈਠੇ ਰਹਿਣਾ ਜਾਂ ਬਾਹਰ ਘਾਹ ਤੇ ਬੈਠੇ ਰਹਿਣਾ। ਅਸੀਂ ਤਿੰਨਾਂ ਨੇ ਹੀ ਕਈ ਵਾਰ ਪੂਰੀ ਨਕਲੋ ਹਰਕਤ ਕੀਤੀ। ਸਾਰੇ ਰਾਹ ਤੇ ਸਾਰੇ ਤਰੀਕੇ ਨਜ਼ਰ ਹੇਠ ਕੀਤੇ। ਉੱਥੇ ਫੌਜੀ ਇਲਾਜ ਅਹਾਤੇ ਵਿੱਚ ਹਰ ਮਹਿਕਮੇ ਤੇ ਹਰ ਤਰ੍ਹਾਂ ਦੇ ਡਾਕਟਰ ਤੇ ਹੋਰ ਅਮਲਾ ਆਉਂਦਾ ਜਾਂਦਾ ਰਹਿੰਦਾ ਸੀ। ਉਸ ਵਕਤ ਉੱਥੇ ਸਾਡੇ ਤੇ ਕਿਸੇ ਨੇ ਕੋਈ ਸ਼ੱਕ ਨਹੀਂ ਸੀ ਕੀਤੀ। ਕਈ ਵਾਰ ਸਾਨੂੰ ਹੋਰਨਾਂ ਡਾਕਟਰਾਂ ਨੇ ਪੁੱਛਿਆ ਜ਼ਰੂਰ ਪਰ ਸਾਡੇ ਕੋਲ ਸਦਾ ਜਵਾਬ ਘੜੇ ਹੋਏ ਹੁੰਦੇ ਸਨ। ਅਸੀਂ ਆਪਣੀ ਤਿੰਨ ਚਾਰ ਦੀ ਟੋਲੀ ਬਣਾ ਕੇ ਤੁਰਦੇ ਰਹਿੰਦੇ ਸੀ। ਮੇਰੀ ਤਾਂ ਕੁਝ ਡਾਕਟਰਾਂ ਨਾਲ ਚੰਗੀ ਜਾਣ ਪਛਾਣ ਹੋ ਗਈ ਸੀ। ਉਨ੍ਹਾਂ ਨੂੰ ਲੱਗਦਾ ਸੀ ਕਿ ਇਹ ਵੀ ਕੋਈ ਮੁਕਾਮੀ ਡਾਕਟਰ ਹੀ ਹੈ। ਹੁਣ ਜਦੋਂ ਮੈਂ ਸੋਚਦਾ ਹਾਂ ਕਿ ਅਸੀਂ ਕਈ-ਕਈ ਘੰਟੇ ਡਾਕਟਰਾਂ ਦੇ ਭੇਸ ਵਿੱਚ ਪੂਰੇ ਹਥਿਆਰਬੰਦ ਹੋ ਕੇ ਉੱਥੇ ਕਿੰਨੇ ਖ਼ਤਰੇ ਵਿੱਚ ਤੁਰਦੇ ਫਿਰਦੇ ਰਹਿੰਦੇ ਸੀ ਤਾਂ ਹੁਣ ਬੜਾ ਅਜੀਬ ਜਿਹਾ ਲੱਗਦਾ ਹੈ। ਉਸ ਵਕਤ ਸਾਡੀ ਅਵਸਥਾ ਹੀ ਇਹੋ ਜਿਹੀ ਸੀ ਕਿ ਅਸੀਂ ਪੂਰੀ ਤਰ੍ਹਾਂ ਆਪਣੇ ਕੰਮ ਵਿੱਚ ਖੁੱਭੇ ਹੋਏ ਸੀ। ਇਸ ਤਰ੍ਹਾਂ ਦੇ ਸਮਰਪਣ ਵਿੱਚ ਖ਼ਤਰੇ ਬਾਰੇ ਕੋਈ ਜਗ੍ਹਾ ਨਹੀਂ ਹੁੰਦੀ। ਸਾਨੂੰ ਹਰ ਵਕਤ ਆਪਣਾ ਕੰਮ ਤੇ ਮਕਸਦ ਹੀ ਦਿਸਦੇ ਸਨ। ਸਾਡੇ ਸਰੀਰ ਤੇ ਹੋਰ ਸਭ ਕੁਝ ਉਸ ਕੰਮ ਤੋਂ ਬਾਅਦ ਵਿਚ ਆਉਂਦੇ ਸੀ। ਗੱਲ ਤਾਂ ਸਾਰੀ ਉਸ ਕੰਮ ਨੂੰ ਅੰਜਾਮ ਦੇਣ ਤੇ ਉਹਦੇ ਵਿੱਚ ਰੁੱਝੇ ਰਹਿਣਾ ਸੀ। ਇਹੋ ਜਿਹੀ ਮਨ ਅਵਸਥਾ ਵਿਚ ਬੰਦੇ ਵਿੱਚ ਆਤਮ ਵਿਸ਼ਵਾਸ, ਦ੍ਰਿੜ੍ਹਤਾ, ਬਲ, ਕਠੋਰਤਾ, ਫੁਰਤੀ ਤੇ ਚੇਤੰਨਤਾ ਬਹੁਤ ਆ ਜਾਂਦੀ ਹੈ। ਉਹ ਸਦਾ ਇੱਕ ਸ਼ਿਕਾਰੀ ਵਾਂਗ ਹੀ ਵਿਚਰਦਾ ਹੈ। ਮਨ ਤਨ ਪੂਰਾ ਸਾਵਧਾਨ ਤੇ ਸੁਚੇਤ ਹੁੰਦਾ ਹੈ ਭਾਵੇਂ ਕਿ ਬਾਹਰੋਂ ਲੋਕਾਂ ਨੂੰ ਦਿਖਾਉਣ ਲਈ ਬੰਦਾ ਜੋ ਮਰਜ਼ੀ ਕਰਦਾ ਹੋਵੇ।

ਰਿਬੈਰੋ ਨੂੰ ਉੱਥੇ ਨਿਸ਼ਾਨਿਆਂ ਦਾ ਪਤਾ ਲੈਂਦਿਆਂ ਇੱਕ ਦਿਨ ਚਰਨਜੀਤ ਸਿੰਘ ਤਲਵੰਡੀ ਤੇ ਅਵਤਾਰ ਸਿੰਘ ਰਾਉਆਣਾ ਨੇ ਆਪ ਜਾ ਕੇ ਵੀ ਦੇਖਿਆ ਸੀ। ਇਹ

ਵੀ ਬਹੁਤ ਵੱਡਾ ਖਤਰਾ ਸੀ ਕਿਉਂਕਿ ਚਰਨਜੀਤ ਸਿੰਘ ਦੀ ਬਹੁਤ ਪਹਿਚਾਣ ਸੀ ਪਰ ਉਸ ਨੂੰ ਖਤਰਾ ਲੈਣ ਦਾ ਚਾਅ ਸੀ ਅਤੇ ਖੌਫ ਦਾ ਤਾਂ ਕੋਈ ਪਤਾ ਨਹੀਂ ਸੀ। ਜੇ ਹਮਲਾ ਸਾਡੀ ਵਿਉਂਤ ਅਨੁਸਾਰ ਹੁੰਦਾ ਤਾਂ ਕੰਮ ਕਰਕੇ ਅਸੀਂ ਇਕ ਮਿੰਟ ਤੋਂ ਪਹਿਲਾਂ ਹੀ ਪੀਜੀਆਈ ਤੋਂ ਬਾਹਰ ਹੋ ਜਾਣਾ ਸੀ ਤੇ ਚਾਰ ਕੁ ਮਿੰਟਾਂ ਵਿਚ ਅਸੀਂ ਕਾਲਜ ਦੀ ਕੰਧ ਕੋਲ ਪਹੁੰਚ ਜਾਣਾ ਸੀ ਤੇ ਅਗਲੇ ਪੰਜ ਮਿੰਟਾਂ ਵਿੱਚ ਪੰਜਾਬ ਦੇ ਪਿੰਡਾਂ ਵਿੱਚ ਦਾਖਿਲ ਹੋ ਜਾਣਾ ਸੀ। ਉਹ ਬੀਬੀ ਵੀ ਬੜੀ ਦ੍ਰਿੜ੍ਹਤਾ ਵਾਲੀ ਸੀ। ਉਸ ਨੇ ਵੀ ਪੂਰਾ ਰੋਲ ਨਿਭਾਇਆ। ਉਸ ਨੂੰ ਸਿਰਫ ਅਵਤਾਰ ਸਿੰਘ ਹੀ ਜਾਣਦਾ ਸੀ।

ਅਸੀਂ ਕਈ ਹੋਰ ਐਸੇ ਹਮਲੇ ਕੀਤੇ ਸਨ ਜਿਨ੍ਹਾਂ ਦੀ ਬਹੁਤ ਚਰਚਾ ਹੋਈ ਤੇ ਬੜੇ ਸਨਸਨੀਖੇਜ ਤਰੀਕੇ ਨਾਲ ਪੇਸ਼ ਵੀ ਹੋਏ ਹਨ ਪਰ ਉਨ੍ਹਾਂ ਵਿੱਚ ਨਾ ਤਾਂ ਅਸੀਂ ਇੰਨੀ ਮਿਹਨਤ ਤੇ ਨਾ ਹੀ ਇੰਨਾ ਖਤਰਾ ਸਹੇੜਿਆ ਸੀ, ਜਿੰਨਾ ਇਸ ਕੰਮ ਲਈ। ਕਈ ਬਹੁਤ ਮਸ਼ਹੂਰ ਕੰਮ ਵੀ ਬਹੁਤ ਸੌਖਿਆਂ ਹੋ ਗਏ ਸੀ। ਪਹਿਲੀ ਜਾਂ ਦੂਜੀ ਵਾਰ ਵਿਚ ਹੀ ਕੰਮ ਸਫਲ ਹੋ ਗਿਆ। ਇੱਥੇ ਅਸੀਂ ਕਈ ਮਹੀਨੇ ਲਾਏ ਤੇ ਕਈ ਦਿਨ ਨਕਲੀ ਹਰਕਤ ਵੀ ਕਰਦੇ ਰਹੇ ਪਰ ਹਮਲਾ ਹੋ ਹੀ ਨਹੀਂ ਸਕਿਆ।

ਰਿਬੈਰੋ ਉਤੇ ਪੀਜੀਆਈ ਵਾਲੇ ਹਮਲੇ ਲਈ ਸਾਡਾ ਪੰਦਰਾਂ ਵੀਹ ਬੰਦਿਆਂ ਦਾ ਬਹੁਤ ਵਕਤ, ਸਾਧਨ ਤੇ ਊਰਜਾ ਖਰਚ ਹੋਈ ਪਰ ਸਾਡੇ ਤੋਂ ਇਕ ਵੀ ਘਾਤ ਨਹੀਂ ਲਾਈ ਗਈ। ਇਹ ਮੈਂ ਇਸ ਕਰਕੇ ਲਿਖ ਰਿਹਾ ਹਾਂ ਕਿ ਅਣਹੋਏ ਕੰਮਾਂ ਪਿੱਛੇ ਵੀ ਮਿਹਨਤ, ਲਗਨ ਵੀ ਬਹੁਤ ਅਹਿਮੀਅਤ ਰੱਖਦੀ ਹੈ। ਕਿਸੇ ਇੱਕ ਸਫਲ ਕੰਮ ਦੇ ਬਰੋਬਰ ਹੀ ਅਧੂਰੇ ਜਾਂ ਕਈ ਅਸਫਲ ਕੰਮ ਵੀ ਹੁੰਦੇ ਹਨ। ਅਸਫਲ ਜਾਂ ਅਣਹੋਏ ਕੰਮਾਂ ਦੀ ਕਹਾਣੀ ਬਾਰੇ ਵੀ ਸਾਨੂੰ ਗਿਆਨ ਹੋਣਾ ਚਾਹੀਦਾ ਹੈ। ਜਦੋਂ ਸਾਡੇ ਕੋਲ ਬਹੁਤ ਛੋਟੀਆਂ ਜੋ ਤੇਜ਼ ਗੋਲੀਬਾਰੀ ਕਰਦੀਆਂ ਬੰਦੂਕਾਂ ਆਈਆਂ, ਤਾਂ ਉਸੇ ਹੀ ਵਕਤ ਸਰਬਜੀਤ ਸਿੰਘ ਫੜ ਹੋ ਗਿਆ। ਉਸ ਨੂੰ ਇਸ ਹਮਲੇ ਬਾਰੇ ਪਤਾ ਸੀ ਤੇ ਕਈ ਨਾਵਾਂ ਬਾਰੇ ਵੀ ਪਤਾ ਸੀ। ਇਸ ਕਰਕੇ ਅਸੀਂ ਕੁਝ ਸਮਾਂ ਲਈ ਇਹ ਹਮਲਾ ਅੱਗੇ ਪਾ ਦਿੱਤਾ। ਸਰਬਜੀਤ ਸਿੰਘ ਨੂੰ ਪੁਲਿਸ ਨੇ ਸ਼ਹੀਦ ਕਰ ਦਿੱਤਾ ਪਰ ਉਸ ਨੇ ਹਮਲੇ ਦੀ ਵਿਉਂਤ ਬਾਰੇ ਕੁਝ ਨਹੀਂ ਸੀ ਦੱਸਿਆ। ਇੱਕ ਵਾਰ ਲੜੀ ਟੁੱਟਣ ਨਾਲ ਜੋ ਹਮਲਾ ਅੱਗੇ ਪਾਉਣ ਨਾਲ ਦੁਬਾਰਾ ਉਹ ਲੜੀ ਜੁੜ ਹੀ ਨਹੀਂ ਸਕੀ। ਸਾਰੇ ਬੰਦੇ ਜੋ ਸਾਧਨ ਦੁਬਾਰਾ ਇਕੱਠੇ ਹੀ ਨਹੀਂ ਹੋਏ ਜੋ ਕੋਈ ਨਾ ਕੋਈ ਵਿਘਨ ਪੈ ਗਿਆ। ਇਸ ਤਰ੍ਹਾਂ ਇੰਨੀ ਲਗਨ ਤੇ ਮਿਹਨਤ ਦੇ ਬਾਵਜੂਦ ਵੀ ਇਹ ਕਾਰਜ ਸਿਰੇ ਨਾ ਚੜ੍ਹ ਸਕਿਆ।

ਰੋਮਾਨੀਆ ਵਿਚ ਰਿਬੈਰੋ 'ਤੇ ਹਮਲਾ

ਜਦੋਂ ਮੈਂ ਪਾਕਿਸਤਾਨ ਵਿਚ ਸਾਂ ਤਾਂ ਰਿਬੈਰੋ ਰੋਮਾਨੀਆ ਵਿਚ ਰਾਜਦੂਤ ਬਣ ਕੇ ਚਲਾ ਗਿਆ ਸੀ। ਯੂਰਪ ਦੇ ਕੁਝ ਸਿੰਘਾਂ ਨੇ ਓਥੇ ਜਾ ਕੇ ਉਹਦੀ ਪੈੜ ਕੱਢੀ ਤੇ ਉਹਦੇ ਉਤੇ ਹਮਲਾ ਕਰਨ ਦੀ ਯੋਜਨਾ ਬਣਾਈ। ਉਹ ਹਰ ਰੋਜ ਸੈਰ ਕਰਨ ਜਾਂਦਾ ਸੀ ਉਸ ਕੋਲ ਪਹਿਰੇਦਾਰ ਹੁੰਦੇ ਸੀ। ਸਿੰਘਾਂ ਨੇ ਛੇ ਮਹੀਨੇ ਸਖਤ ਮਿਹਨਤ ਕਰਕੇ ਉਸ ਬਾਰੇ ਸਾਰੀ ਜਾਣਕਾਰੀ ਤੇ ਅਸਲਾ ਇਕੱਠਾ ਕੀਤਾ ਫਿਰ ਓਹਨਾਂ ਨੇ ਓਸ ਉਤੇ ਹਮਲਾ ਕੀਤਾ ਪਰ ਕਿਸੇ ਕਾਰਨ ਉਹ ਬਚ ਗਿਆ ਤੇ ਹਮਲੇ ਵਿਚ ਜੁਗਰਾਜ ਸਿੰਘ ਸਮਾਲਸਰ ਸ਼ਹੀਦ ਹੋ ਗਿਆ। ਜੁਗਵਿੰਦਰ ਸਿੰਘ ਰਕਬਾ ਨੂੰ ਇੰਡੀਆ ਦੇ ਖੁਫੀਆ ਮਹਿਕਮੇ ਨੇ ਬਾਅਦ ਵਿਚ ਖਤਮ ਕਰਵਾ ਦਿੱਤਾ। ਪਰਗਟ ਸਿੰਘ ਤੇ ਇਹ ਮੁਕੱਦਮਾ ਚੱਲਿਆ ਤੇ ਓਸ ਨੇ ਸਜਾ ਵੀ ਕੱਟੀ। ਸਿੰਘਾਂ ਨੇ ਤਾਂ ਸੱਤ ਸਮੁੰਦਰੋਂ ਪਾਰ ਜਾ ਕੇ ਵੀ ਦੁਸ਼ਮਣ ਨੂੰ ਲੱਭ ਲਿਆ ਸੀ ਪਰ ਹੁੰਦਾ ਉਹ ਹੀ ਹੈ ਜੋ ਰੱਬ ਨੂੰ ਮਨਜੂਰ ਹੋਵੇ।

ਰਿਬੈਰੋ ਹੁਣ

ਅੱਜਕਲ ਰਿਬੈਰੋ ਕਾਫੀ ਬਦਲਿਆ ਹੋਇਆ ਲੱਗਦਾ ਹੈ। ਮੈਂ ਉਸਦੀ ਕਿਤਾਬ ਵੀ ਪੜ੍ਹੀ ਤੇ ਅਖਬਾਰਾਂ ਵਿਚ ਉਸ ਦੇ ਲੇਖ ਵੀ ਆਉਂਦੇ ਰਹਿੰਦੇ ਹਨ। ਉਹ ਭਾਰਤੀ ਹਕੂਮਤ ਅਤੇ ਖਾਸ ਕਰਕੇ ਭਾਰਤੀ ਪੁਲਿਸ ਦੀ ਅਜੋਕੀ ਸਥਿਤੀ ਤੋਂ ਚਿੰਤਤ ਹੈ ਅਤੇ ਨਿਰਾਸ਼ ਵੀ ਹੈ। ਉਸ ਦੇ ਲੇਖਾਂ ਤੋਂ ਲੱਗਦਾ ਹੈ ਜਿਵੇਂ ਉਹ ਮਨੁੱਖੀ ਹੱਕਾਂ ਦਾ ਮੁਦਈ ਹੋਵੇ। ਸ਼ਾਇਦ ਰਿਬੈਰੋ ਹੁਣ ਜਰੂਰ ਚੰਗੇ ਲੋਕਾਂ ਵਾਂਗ ਲੋਕ ਭਲਾਈ ਦੇ ਰਾਹ ਤੇ ਚੱਲਣ ਦੀ ਕੋਸ਼ਿਸ਼ ਕਰ ਰਿਹਾ ਹੋਵੇ ਪਰ ਆਪਣੀ ਪਹਿਲੀ ਜਿੰਦਗੀ ਵਿੱਚ ਇਹ ਹਕੂਮਤ ਦੀ ਜੁਲਮ ਕਰਨ ਵਾਲੀ ਬਣਤਰ ਦਾ ਹਿੱਸਾ ਰਿਹਾ ਹੈ। ਬੰਬੇ ਵਿੱਚ ਅਪਰਾਧ ਤਾਣੇ ਬਾਣੇ ਨੂੰ ਖਤਮ ਕਰਨ ਲਈ ਇਸ ਨੇ ਉਥੇ ਫਰਜੀ ਮੁਕਾਬਲਿਆਂ ਰਾਹੀਂ ਤੁਰੰਤ ਨਿਆਂ ਦੇਣ ਦੀ ਨੀਤੀ ਨੂੰ ਅਮਲ ਵਿਚ ਲਿਆਂਦਾ। ਬਾਅਦ ਵਿੱਚ ਇਹ ਸਾਰੇ ਭਾਰਤ ਵਿਚ ਲਾਗੂ ਹੋਈ। ਇਸ ਨੀਤੀ ਲਈ ਉੱਚ ਵਰਗ ਅਤੇ ਮੱਧ ਵਰਗ ਦੇ ਲੋਕਾਂ ਨੂੰ ਆਪਣੇ ਨਾਲ

ਲਾਇਆ ਅਤੇ ਹਕੂਮਤ ਦੇ ਵਿਰੋਧੀਆਂ ਨੂੰ ਇਸ ਤਰੀਕੇ ਨਾਲ ਖਤਮ ਕਰਨ ਦਾ ਰਾਹ ਖੋਲ੍ਹਿਆ। ਹਕੂਮਤ ਨੂੰ ਜਿਹੜਾ ਵੀ ਹਿੰਸਾ ਆਪਣੇ ਲਈ ਖਤਰਾ ਲਗਦਾ ਹੈ ਉਵੇਂ ਹੀ ਇਹ ਨੀਤੀ ਲਾਗੂ ਕਰ ਦਿੱਤੀ ਜਾਂਦੀ ਹੈ। ਉਸ ਵਕਤ ਰਿਬੈਰੋ ਇੱਕ ਚੰਗਾ ਤੇ ਇਮਾਨਦਾਰ ਅਫਸਰ ਮੰਨਿਆ ਜਾਂਦਾ ਸੀ। ਸ਼ਾਇਦ ਉਹਨੇ ਸੋਚਿਆ ਹੋਵੇ ਕਿ ਇਸ ਤਰੀਕੇ ਜੁਰਮ ਨੂੰ ਖਤਮ ਕੀਤਾ ਜਾ ਸਕਦਾ ਹੈ। ਉਸ ਵਿਚ ਹੀਰੋ ਬਣਨ ਦੀ ਲਾਲਸਾ ਅਤੇ ਸਾਰਿਆਂ ਤੋਂ ਅੱਗੇ ਲੰਘ ਜਾਣ ਦੀ ਇੱਛਾ ਨੇ ਵੀ ਇਹ ਕੰਮ ਕਰਾਇਆ। ਉੱਚ ਅਤੇ ਮੱਧ ਵਰਗ ਦੀ ਹਮਾਇਤ ਅਤੇ ਮੀਡੀਆ ਦੀ ਹੱਲਾਸ਼ੇਰੀ ਨੇ ਇਹ ਕੰਮ ਸੌਖਾ ਕਰ ਦਿੱਤਾ। ਉਹਦੀ ਇਹ ਦਿੱਖ ਹੀ ਓਦੋਂ ਉਸ ਨੂੰ ਪੰਜਾਬ ਵਿਚ ਲੈ ਆਈ। ਹਕੂਮਤ ਇਸ ਦੀਆਂ ਕਮਜ਼ੋਰੀਆਂ ਨੂੰ ਸਿੱਖੀ ਵਿਰੁੱਧ ਵਰਤਣਾ ਚਾਹੁੰਦੀ ਸੀ ਪਰ ਇੱਥੇ ਆ ਕੇ ਇਸ ਨੂੰ ਛੇਤੀ ਹੀ ਸਮਝ ਆ ਗਈ ਕਿ ਇੱਥੇ ਕੋਈ ਜੁਰਮ ਜਾਂ ਅਮਨ ਕਾਨੂੰਨ ਦੀ ਸਮੱਸਿਆ ਨਹੀਂ ਹੈ ਇਥੇ ਗੱਲ ਹੋਰ ਹੈ। ਇਸੇ ਕਰਕੇ ਉਹਨੂੰ ਪੁਲਿਸ ਮੁਖੀ ਦੇ ਅਹੁਦੇ ਤੋਂ ਹਟਾ ਕੇ ਸਲਾਹਕਾਰ ਲਾਇਆ ਗਿਆ ਤੇ ਫਿਰ ਰਾਜਦੂਤ ਵਜੋਂ ਬਾਹਰ ਭੇਜ ਦਿੱਤਾ।

ਖੁਫੀਆ ਸਿਖਲਾਈ ਕੇਂਦਰ 'ਤੇ ਹਮਲਾ

ਇਹ ਘਟਨਾ ਸ਼ਾਇਦ ਸੰਨ ੧੯੯੯ ਦੀ ਹੈ। ਚੰਡੀਗੜ੍ਹ, ਮੁਹਾਲੀ, ਰੋਪੜ ਵਿਚ ਚਰਨਜੀਤ ਸਿੰਘ ਤਲਵੰਡੀ ਅਤੇ ਅਵਤਾਰ ਸਿੰਘ ਦਾਊਮਾਜਰਾ ਹੁਰਾਂ ਦੀਆਂ ਬਹੁਤ ਸਾਰੀਆਂ ਠਾਹਰਾਂ ਸਨ ਅਤੇ ਇਹਨਾਂ ਦਾ ਉਥੇ ਤਕੜਾ ਤਾਣਾ ਬਾਣਾ ਸੀ। ਮੁਹਾਲੀ ੭ ਫੇਜ ਵਿਚ ਇਨ੍ਹਾਂ ਨੇ ਇੱਕ ਘਰ ਲਿਆ ਹੋਇਆ ਸੀ ਤੇ ਉਥੇ ਇਹ ਟਰੱਕਾਂ ਦੇ ਮਾਲਕ ਬਣਕੇ ਰਹਿੰਦੇ ਸਨ। ਬੜੀ ਚੜ੍ਹਦੀ ਕਲਾ ਵਾਲਾ ਮਾਹੌਲ ਸੀ ਤੇ ਸਿੰਘਾਂ ਨੇ ਬੇ-ਪ੍ਰਵਾਹੀ ਦੇ ਆਲਮ ਵਿੱਚ ਕੋਠੀ ਦੇ ਉਪਰਲੇ ਕਮਰੇ ਵਿਚ ਮਹਾਰਾਜ ਦਾ ਪ੍ਰਕਾਸ਼ ਵੀ ਕੀਤਾ ਹੋਇਆ ਸੀ ਤੇ ਹਰ ਰੋਜ ਸਵੇਰੇ ਦੇਗ ਵੀ ਸਜਦੀ ਸੀ। ਮੈਂ ਇਹਨਾਂ ਕੋਲ ਆਕੇ ਟਿਕ ਗਿਆ। ਪਹਿਲਾਂ-ਪਹਿਲਾਂ ਤਾਂ ਮੈਨੂੰ ਲੱਗਿਆ ਕਿ ਲੋਕੀਂ ਸ਼ੱਕ ਨਾ ਕਰਦੇ ਹੋਣ ਫਿਰ ਮੈਂ ਵੀ ਉਸੇ ਤਰ੍ਹਾਂ ਦਾ ਆਦੀ ਹੋ ਗਿਆ। ਸਿੰਘਾਂ ਨੇ ਨਾਮ ਬਾਣੀ ਦਾ ਪ੍ਰਵਾਹ ਚਲਾਇਆ ਹੋਇਆ ਸੀ ਤੇ ਸਾਰਾ ਦਿਨ ਪਾਠ ਜਾਂ ਸਿਮਰਨ ਤੇ ਹੀ ਜੋਰ ਰਹਿੰਦਾ ਸੀ।

ਚੰਡੀਗੜ੍ਹ ਦੇ ੩੫ ਸੈਕਟਰ ਵਿੱਚ ਕੇਂਦਰੀ ਜਾਸੂਸੀ ਮਹਿਕਮੇ ਦਾ ਦਫਤਰ ਸੀ। ਆਮ ਤੌਰ ਤੇ ਉਥੇ ਚਾਰ ਕੁ ਬੰਦਿਆਂ ਦੀ ਗਾਰਦ ਹੁੰਦੀ ਸੀ ਤੇ ਅੰਦਰ ਹੋਰ ਮੁਲਾਜਮ ਅਤੇ ਅਫਸਰ ਹੁੰਦੇ ਸਨ। ਸਿੰਘਾਂ ਨੂੰ ਸੂਚਨਾ ਮਿਲੀ ਸੀ ਕਿ ਇਥੇ ਸਾਰੇ ਇੰਡੀਆ ਦੇ ਚੋਣਵੇਂ ਇੰਸਪੈਕਟਰਾਂ ਦੀ ਸਿਖਲਾਈ ਚੱਲ ਰਹੀ ਹੈ ਜਿਥੇ ਹਰ ਸੂਬੇ ਤੋਂ ਤਿੰਨ-ਚਾਰ ਇੰਸਪੈਕਟਰ ਆਏ ਹੋਏ ਹਨ। ਕੁੱਲ ਮਿਲਾ ਕੇ ਇਨ੍ਹਾਂ ਦੀ ਗਿਣਤੀ ਸੌ ਦੇ ਕਰੀਬ ਬਣਦੀ ਸੀ। ਏਹ ਸਾਰਾ ਦਿਨ ਅੰਦਰ ਹੀ ਪੜ੍ਹਦੇ-ਲਿਖਦੇ ਸਨ ਤੇ ਸਿਰਫ ਸਵੇਰੇ ਹੀ ਕੋਈ ਚਾਰ ਵਜੇ ਇਹ ਦਫਤਰ ਦੇ ਸਾਹਮਣੇ ਵੱਡੇ ਖਾਲੀ ਮੈਦਾਨ ਵਿੱਚ ਕਸਰਤ ਲਈ ਇਕੱਠੇ ਹੁੰਦੇ ਸਨ। ਦੋ ਘੰਟੇ ਕਸਰਤ ਕਰਦੇ ਤੇ ਅਭਿਆਸ ਕਰਦੇ ਸਨ। ਇਹਨਾਂ ਕੋਲ ਕੋਈ ਹਥਿਆਰ ਨਹੀਂ ਸੀ ਹੁੰਦਾ। ਹਥਿਆਰਾਂ ਵਾਲੀ ਗਾਰਦ ੪-੫ ਜਣੇ ਹੀ ਹੁੰਦੇ ਸੀ। ਕਈ ਵਾਰ ਆਸ-ਪਾਸ ਦੇ ਚੌਂਕਾਂ ਵਿੱਚ ਨਾਕੇ ਲੱਗੇ ਹੁੰਦੇ ਸੀ। ਇਹ ਸਾਰੇ ਸਿਖਾਂਦਰੂ ਸੀਆਈਏ ਦੇ ਇੰਸਪੈਕਟਰ ਸਨ। ਜਦੋਂ ਸਿੰਘਾਂ ਨੂੰ ਇਸ ਗੱਲ ਦਾ ਪਤਾ ਲੱਗਿਆ ਤਾਂ ਉਨ੍ਹਾਂ ਨੂੰ ਚਾਅ ਚੜ੍ਹ ਗਿਆ। ਸੀਆਈਏ ਦਾ ਇੱਕ ਅਫਸਰ ਵੀ ਬਹੁਤ ਔਖਾ ਲੱਭਦਾ

ਹੈ ਇਥੇ ਇਹ ਇੰਨੇ ਜਣੇ ਇਕੱਠੇ ਸਨ ਤੇ ਕੋਈ ਖਾਸ ਰਾਖੀ ਵੀ ਨਹੀਂ ਸੀ। ਬਾਬਾ ਅਜੀਤ ਸਿੰਘ (ਰਿਬੈਰੋ ਕਾਂਡ) ਇਹਨਾਂ ਬਾਰੇ ਚੰਗੀ ਤਰ੍ਹਾਂ ਜਾਣਦਾ ਸੀ ਉਹਨਾਂ ਨੇ ਦੋ ਤਿੰਨ ਦਿਨ ਪਿੱਛਾ ਵੀ ਕੀਤਾ ਤੇ ਕਿਹਾ ਕਿ ਛੇਤੀ ਤੋਂ ਛੇਤੀ ਕੰਮ ਕਰ ਦੇਈਏ, ਇਹ ਬਹੁਤ ਵੱਡਾ ਕੰਮ ਹੋਵੇਗਾ। ਉਸ ਵਕਤ ਓਹਨਾਂ ਕੋਲ ਚਾਰ ਏਕੇ-੪੭ ਪਈਆਂ ਸਨ। ਅਸੀਂ ਇਹ ਹਮਲਾ ਮਿਥ ਲਿਆ ਤੇ ਗੱਡੀ ਚਲਾਉਣ ਲਈ ਇਕ ਸਿੰਘ ਅੰਮ੍ਰਿਤਸਰ ਤੋਂ ਮੰਗਵਾ ਲਿਆ ਜੋ ਇਕ ਨਵੀਂ ਫੀਅਟ ਗੱਡੀ ਲੈ ਕੇ ਆ ਗਿਆ। ਉਹ ਬਹੁਤ ਦਲੇਰ ਸਿੰਘ ਸੀ ਤੇ ਤਕੜਾ ਚਲਾਵਾ ਸੀ (ਮੈਨੂੰ ਉਸ ਦਾ ਨਾਂ ਭੁੱਲ ਗਿਆ ਸ਼ਾਇਦ ਉਸ ਦਾ ਨਾਂ ਬਿੱਟੂ ਸੀ)। ਉਹ ਸਤਨਾਮ ਸਿੰਘ ਬਾਵੇ ਦੇ ਜਥੇ ਦਾ ਸਿੰਘ ਸੀ ਤੇ ਸ਼ਹਿਰ ਵਿਚ ਹੀ ਰਹਿੰਦਾ ਸੀ। ਉਸ ਵਕਤ ਉਹ ਰੂਪੋਸ਼ ਨਹੀਂ ਸੀ ਪਰ ਮੈਨੂੰ ਪਤਾ ਲੱਗਾ ਕਿ ਬਾਅਦ ਵਿੱਚ ਉਹ ਰੂਪੋਸ਼ ਹੋ ਗਿਆ ਅਤੇ ਪੁਲਿਸ ਨੇ ਉਸ ਨੂੰ ਸ਼ਹੀਦ ਕਰ ਦਿੱਤਾ।

ਉਸ ਵਕਤ ਸਿੰਘਾਂ ਨੇ ਸਿੱਖ ਸਟੂਡੈਂਟਸ ਫੈਡਰੇਸ਼ਨ ਦਾ ਪ੍ਰਧਾਨ ਹੋਣ ਦੇ ਨਾਤੇ ਹੁਕਮ ਕੀਤਾ ਹੋਇਆ ਸੀ ਕਿ ਮੈਂ ਹਮਲੇ ਵਿਚ ਨਹੀਂ ਜਾਣਾ। ਪੰਥਕ ਕਮੇਟੀ ਨੇ ਫੈਸਲਾ ਕਰ ਲਿਆ ਸੀ ਕੋਈ ਵੀ ਮੁਖੀ ਕਿਸੇ ਹਮਲੇ ਵਿੱਚ ਨਹੀਂ ਜਾਵੇਗਾ। ਪੰਜ ਬੰਦਿਆਂ ਦੀ ਜ਼ਰੂਰਤ ਸੀ ਗੱਡੀ ਚਲਾਵੇ ਤੋਂ ਬਿਨਾ ਚਰਨਜੀਤ ਸਿੰਘ ਤਲਵੰਡੀ, ਬਾਬਾ ਅਜੀਤ ਸਿੰਘ ਤੇ ਅਵਤਾਰ ਸਿੰਘ ਦਾਊਮਾਜਰਾ ਤਿਆਰ ਹੋਏ। ਪੰਜਵਾਂ ਬੰਦਾ ਚਰਨਜੀਤ ਸਿੰਘ ਨਾਲ ਹੀ ਪੱਕੇ ਤੌਰ ਤੇ ਰਹਿਣ ਵਾਲਾ ਸਿੰਘ ਸੀ ਜੋ ਜਲੰਧਰ ਸ਼ਹਿਰ ਦਾ ਰਹਿਣ ਵਾਲਾ ਸੀ, ਇਸ ਸਿੰਘ ਨੂੰ ਨਾਲ ਲੈ ਲਿਆ। ਇਹ ਸਿੰਘ ਚਰਨਜੀਤ ਸਿੰਘ ਦੇ ਨਾਲ ਰਹਿੰਦਾ ਸੀ। ਬੜੇ ਚੰਗੇ ਸੁਭਾਅ ਦਾ ਹਸਮੁੱਖ ਅਤੇ ਸੇਵਾ ਭਾਵਨਾ ਵਾਲਾ ਸਿੰਘ ਸੀ। ਇਸ ਨੂੰ ਹਮਲਿਆਂ ਬਾਰੇ ਬਹੁਤੀ ਜਾਣਕਾਰੀ ਨਹੀਂ ਸੀ ਪਰ ਬਹੁਤ ਚਿਰ ਤੋਂ ਇਹ ਦੀ ਮੰਗ ਸੀ ਕਿ ਮੈਨੂੰ ਵੀ ਹਮਲੇ ਵਿਚ ਲੈ ਕੇ ਜਾਵੋ। ਇਸ ਤੋਂ ਪਹਿਲਾਂ ਜਲੰਧਰ ਵਿੱਚ ਛੋਟੇ ਸ਼ਸ਼ਤਰ ਨਾਲ ਕਈ ਕੰਮ ਕੀਤੇ ਸੀ ਪਰ ਕਿਸੇ ਵੱਡੇ ਹਮਲੇ ਦਾ ਕੋਈ ਤਜਰਬਾ ਨਹੀਂ ਸੀ। ਸਾਨੂੰ ਹਮਲਾ ਕਰਨ ਦੀ ਬੜੀ ਕਾਹਲ ਸੀ ਕਿ ਕਿਤੇ ਸਿਖਲਾਈ ਖਤਮ ਨਾ ਹੋ ਜਾਵੇ। ਅਜਿਹੀਆਂ ਵੱਡੇ ਪੱਧਰ ਤੇ ਹੋਣ ਵਾਲੀਆਂ ਸਿਖਲਾਈਆਂ ਥੋਹੜੇ ਸਮੇਂ ਲਈ ਹੀ ਹੁੰਦੀਆਂ ਹਨ। ਇਸ ਕਰਕੇ ਕਿਸੇ ਹੋਰ ਸਿੰਘ ਦਾ ਪ੍ਰਬੰਧ ਕੀਤੇ ਬਗੈਰ ਹੀ ਇਸ ਨੂੰ ਪੰਜਵਾਂ ਬੰਦਾ ਪਾ ਲਿਆ ਅਤੇ ਅਸਾਲਟ ਫੜਾ ਦਿੱਤੀ। ਅਵਤਾਰ ਸਿੰਘ ਅਤੇ ਮੈਨੂੰ ਇਹ ਗੱਲ ਠੀਕ ਨਾ ਲੱਗੀ ਤੇ ਅਸੀਂ ਉਸ ਨੂੰ ਪੁੱਛਿਆ ਕਿ ਪਹਿਲਾਂ ਕਦੀ ਅਸਾਲਟ ਚਲਾਈ ਹੈ। ਕਦੇ ਆਹਮੋ-ਸਾਹਮਣੇ ਗੋਲੀ ਚਲਾਈ ਹੈ। ਉਸ ਨੇ ਹੱਸਦਿਆਂ ਕਿਹਾ ਕਿ ਜੇ ਬਾਬਾ ਜੀ ਚਾਹੁਣਗੇ, ਧੂੜਾਂ ਪੱਟ ਦਿਆਂਗੇ। ਅਸਲ ਵਿਚ ਉਹ ਸਿੰਘ ਚਰਨਜੀਤ ਸਿੰਘ ਤੇ ਬਾਬਾ ਅਜੀਤ ਸਿੰਘ ਨਾਲ ਬਹੁਤ ਰਿਹਾ ਸੀ ਤੇ ਉਹ ਇਸਦਾ ਬਹੁਤ ਖਿਆਲ ਰੱਖਦੇ ਸਨ। ਉਹਨਾਂ ਦੋਵਾਂ ਨੇ ਕਿਹਾ ਕਿ ਕੋਈ ਗੱਲ ਨਹੀਂ ਚੜ੍ਹਦੀ ਕਲਾ ਹੋਵੇਗੀ, ਆਪਾਂ ਕਿਤੇ ਕੰਮ ਤੋਂ ਖੁੰਝ ਨਾ ਜਾਈਏ।

ਮਤਾ ਇਹ ਬਣਿਆ ਕਿ ਜਿਸ ਵਕਤ ਸਾਰੇ ਅਫਸਰ ਮੈਦਾਨ ਵਿਚ ਕਸਰਤ ਲਈ ਇਕੱਠੇ ਹੋ ਜਾਣ, ਉਸ ਵਕਤ ਇਕ ਪਾਸੇ ਤੋਂ ਬੱਤੀਆਂ ਬੰਦ ਕਰਕੇ ਗੱਡੀ ਮੈਦਾਨ ਵਿਚ ਵਾੜ ਦਿਆਂਗੇ। ਸਿੰਘਾਂ ਨੂੰ ਉਤਾਰ ਕੇ ਗੱਡੀ ਬਾਹਰ ਆ ਕੇ ਰੁਕ ਜਾਵੇ ਜਿਥੇ ਬਾਹਰ ਆ ਕੇ ਸਿੰਘ ਚੜ੍ਹ ਜਾਣਗੇ। ਗੱਡੀ ਵਿਚੋਂ ਉਤਰ ਕੇ ਚਰਨਜੀਤ ਸਿੰਘ, ਬਾਬਾ ਜੀ ਤੇ ਓਹਨਾਂ ਦਾ ਸਾਥੀ ਸਿੰਘ ਅਸਾਲਟਾਂ ਨਾਲ ਭੱਜ ਕੇ ਅਫਸਰਾਂ ਵੱਲ ਗੋਲੀਬਾਰੀ ਕਰਦੇ ਜਾਣਗੇ ਤੇ ਕੋਲ ਜਾ ਕੇ ਗੋਲੀਆਂ ਮਾਰਨਗੇ। ਅਵਤਾਰ ਸਿੰਘ ਦੀ ਜਿੰਮੇਵਾਰੀ ਸੀ ਕਿ ਉਸ ਨੇ ਇਕ ਥਾਂ ਤੇ ਘਾਤ ਲਾ ਕੇ, ਜਿਥੇ ਕੁਝ ਗਾਰਦ ਵਾਲੇ ਸਿਪਾਹੀ ਹੁੰਦੇ ਸਨ ਉਹਨਾਂ ਵੱਲ ਲਗਾਤਾਰ ਅਸਾਲਟ ਨਾਲ ਕੱਲੀ ਕੱਲੀ ਗੋਲੀ ਚਲਾਈ ਜਾਣੀ ਹੈ ਤਾਂ ਕਿ ਕੋਈ ਉਥੋਂ ਬਾਹਰ ਨਾ ਨਿਕਲ ਸਕੇ। ਰਣਨੀਤੀ ਬਹੁਤ ਠੀਕ ਸੀ ਕਿ ਹਨੇਰੇ ਵਿਚ ਕੋਲ ਜਾ ਕੇ ਤਿੰਨੋ ਸਿੰਘ ਇਕੱਠੇ ਹੀ ਗੋਲੀ ਚਲਾ ਦੇਣਗੇ। ਇਸ ਤਰ੍ਹਾਂ ਮੱਧਮ ਰੋਸ਼ਨੀ ਵਿੱਚ ਅੱਗੇ ਖੜ੍ਹੇ ਸੌ ਕੁ ਬੰਦਿਆਂ ਵਿੱਚੋਂ ਜਿਆਦਾ ਨੂੰ ਗੋਲੀਆਂ ਲੱਗ ਜਾਣਗੀਆਂ। ਇੰਨੀ ਵੱਡੀ ਗਿਣਤੀ ਵਿਚ ਸੀਆਈਏ ਇੰਸਪੈਕਟਰਾਂ ਦਾ ਮਰਨਾ ਸਰਕਾਰ ਲਈ ਬਹੁਤ ਵੱਡੀ ਸੱਟ ਹੋਵੇਗੀ ਤੇ ਇਹ ਕੰਮ ਇਵੇਂ ਹੀ ਹੋਣਾ ਸੀ ਪਰ ਇਕ ਗਲਤੀ ਕਰਕੇ ਉਸ ਤਰ੍ਹਾਂ ਨਾ ਹੋਇਆ।

ਇਕ ਅਣਜਾਣ ਅਤੇ ਬਿਨਾ ਪਰਖੇ ਹੋਏ ਬੰਦੇ ਨੂੰ ਕਾਹਲੀ ਵਿਚ ਨਾਲ ਲੈ ਲਿਆ ਜਿਸਨੇ ਸਾਰੀ ਘਾਤ ਹੀ ਉਥਲ ਪੁਥਲ ਕਰ ਦਿੱਤੀ। ਕਿਸੇ ਨਿਹੱਥੇ ਬੰਦੇ ਨੂੰ ਗੋਲੀ ਮਾਰਨੀ ਹੋਰ ਗੱਲ ਹੈ ਤੇ ਪੂਰੀ ਤਰ੍ਹਾਂ ਤਜਰਬੇਕਾਰ ਦੁਸ਼ਮਣ ਤੇ ਹਮਲਾ ਕਰਨਾ, ਜਿੱਥੇ ਅੱਗੋਂ ਵੀ ਗੋਲੀ ਚਲਦੀ ਹੈ ਕਿਸੇ ਵੀ ਨਾਕੇ ਉਤੇ ਟਾਕਰਾ ਹੋ ਸਕਦਾ ਹੈ ਉਹ ਹੋਰ ਗੱਲ ਹੈ। ਗੱਡੀ ਵਾਲੇ ਸਿੰਘ ਨੇ ਬਿਲਕੁਲ ਸਹੀ ਤਰੀਕੇ ਨਾਲ ਚਲਾਉਂਦੇ ਗੱਡੀ ਮੈਦਾਨ ਵਿੱਚ ਵਾੜੀ। ਚਾਰੇ ਸਿੰਘ ਉਤਰ ਗਏ ਅਤੇ ਗੱਡੀ ਵਾਪਸ ਸੜਕ ਤੇ ਤਿਆਰ-ਬਰ-ਤਿਆਰ ਖੜ੍ਹ ਗਈ। ਅਵਤਾਰ ਸਿੰਘ ਨੇ ਇਕ ਓਟ ਲੈ ਕੇ ਗਾਰਦ ਨੂੰ ਰੋਕ ਲਿਆ। ਬਾਬਾ ਅਜੀਤ ਸਿੰਘ ਤੇ ਚਰਨਜੀਤ ਸਿੰਘ ਇੰਸਪੈਕਟਰਾਂ ਵੱਲ ਨੂੰ ਗੋਲੀ ਚਲਾਉਂਦੇ ਹੋਏ ਜਾਣ ਲੱਗੇ ਪਰ ਉਹ ਨਵਾਂ ਬੰਦਾ ਉਥੇ ਹੀ ਖੜ੍ਹਾ ਰਿਹਾ ਤੇ ਉਥੋਂ ਹੀ ਮੈਦਾਨ ਵੱਲ ਗੋਲੀ ਚਲਾਈ ਗਿਆ। ਉਹਨੇ ਚਰਨਜੀਤ ਸਿੰਘ ਹੁਰਾਂ ਦੇ ਨਾਲ ਜਾਣਾ ਸੀ ਪਰ ਉਹ ਇੰਨਾ ਹਫਲ ਗਿਆ ਕਿ ਉਹ ਬੰਦੂਕ ਨੂੰ ਇਕਹਿਰੇ ਟੋਕੇ ਤੇ ਲਾ ਕੇ ਗੋਲੀ ਚਲਾਈ ਗਿਆ। ਉਸਨੇ ਇਹ ਵੀ ਨਹੀਂ ਖਿਆਲ ਕੀਤਾ ਕਿ ਬਾਬਾ ਜੀ ਤੇ ਚਰਨਜੀਤ ਸਿੰਘ ਉਸਦੇ ਅੱਗੇ ਹੋ ਗਏ ਹਨ। ਬਾਬਾ ਜੀ ਤੇ ਚਰਨਜੀਤ ਸਿੰਘ ਨੂੰ ਲੰਮੇ ਪੈ ਕੇ ਉਸ ਦੀਆਂ ਗੋਲੀਆਂ ਤੋਂ ਬਚਣਾ ਪਿਆ। ਇਕ ਗੋਲੀ ਬਾਬਾ ਅਜੀਤ ਸਿੰਘ ਦੇ ਬਿਲਕੁੱਲ ਕੰਨ ਕੋਲ ਦੀ ਲੰਘ ਗਈ। ਦੋਵਾਂ ਸਿੰਘਾਂ ਦੇ ਲੰਮੇ ਪੈਣ ਨਾਲ ਅੱਗੇ ਖੜ੍ਹੇ ਇੰਸਪੈਕਟਰਾਂ ਨੂੰ ਲੰਮੇ ਪੈਣ ਅਤੇ ਭੱਜਣ ਦਾ ਮੌਕਾ ਮਿਲ ਗਿਆ। ਆਪਣੇ ਸਾਥੀ ਦੀ ਗਲਤੀ ਕਾਰਣ ਇਹ ਸਿੰਘ ਵੀ ਓਹਨਾਂ ਦੇ ਨੇੜੇ ਨਹੀਂ ਜਾ ਸਕੇ। ਕੁਝ ਪਲਾਂ ਵਿਚ ਗਾਰਦ ਵੱਲੋਂ ਵੀ

ਅੱਗੋਂ ਗੋਲੀ ਚੱਲਣੀ ਸ਼ੁਰੂ ਹੋ ਗਈ ਭਾਵੇਂ ਕੋਈ ਬਾਹਰ ਨਹੀਂ ਨਿਕਲਿਆ ਕਿਉਂਕਿ ਅਵਤਾਰ ਸਿੰਘ ਲਗਾਤਾਰ ਓਹਨਾਂ ਨੂੰ ਨਿਸ਼ਾਨਾ ਬਣਾ ਰਿਹਾ ਸੀ।

ਸਿੰਘਾਂ ਦੀ ਪਹਿਲੀ ਬੁਛਾੜ ਨਾਲ ਹੀ ਪ ਕੁ ਇੰਸਪੈਕਟਰ ਮਾਰੇ ਗਏ ਅਤੇ ਏਨੇ ਹੀ ਜਖਮੀਂ ਹੋਏ। ਬਾਕੀ ਸਾਰੇ ਲੰਮੇ ਪੈ ਗਏ ਜਾਂ ਭੱਜ ਗਏ। ਨਵੇਂ ਸਿੰਘ ਵਲੋਂ ਇਕੋ ਥਾਂ ਤੇ ਖੜ ਕੇ ਗੋਲੀਆਂ ਚਲਾਉਣ ਨਾਲ ਸਾਰਾ ਹਮਲਾ ਬੇਅਰਥ ਹੋ ਗਿਆ। ਚਰਨਜੀਤ ਸਿੰਘ ਹੋਰੀਂ ਰੁੜ ਰੁੜ ਕੇ ਓਹਦੀ ਬੰਦੂਕ ਦੀ ਮਾਰ ਤੋਂ ਬਾਹਰ ਨਿਕਲੇ ਅਤੇ ਕੋਲ ਆ ਕੇ ਉਸ ਦੇ ਤਿੰਨ ਚਾਰ ਥੱਪੜ ਮਾਰੇ ਅਤੇ ਬੰਦੂਕ ਫੜ ਕੇ ਉਹਨੂੰ ਕਾਰ ਵੱਲ ਧੱਕੇ ਮਾਰੇ। ਉਹ ਇੰਨਾ ਬੇਸੁਧ ਸੀ ਕਿ ਹੁਣ ਕੁਝ ਵੀ ਪਤਾ ਨਹੀਂ ਸੀ ਲੱਗ ਰਿਹਾ ਕਿ ਕੀ ਹੋ ਰਿਹਾ ਹੈ। ਹੁਣ ਤੱਕ ਅੱਗੋਂ ਐਸਐਲਆਰ ਦੀਆਂ ਗੋਲੀਆਂ ਆਉਣ ਲੱਗ ਪਈਆਂ ਸੀ ਤੇ ਇਹ ਸਾਰੇ ਛੇਤੀ ਛੇਤੀ ਕਾਰ ਵੱਲ ਆਏ ਅਤੇ ਸਹੀ ਸਲਾਮਤ ਉਥੋਂ ਨਿਕਲ ਗਏ।

ਅਗਲੇ ਦਿਨ ਸਾਰੇ ਪਾਸੇ ਬਹੁਤ ਰੌਲਾ ਪਿਆ ਕੇ ਚੰਡੀਗੜ੍ਹ ਵਿੱਚ ਹਮਲਾ ਕਿਵੇਂ ਹੋ ਗਿਆ ਪਰ ਓਹਨਾਂ ਨੂੰ ਇਹ ਨਹੀਂ ਸੀ ਪਤਾ ਕਿ ਜੇਕਰ ਇੱਕ ਬੰਦਾ ਗਲਤੀ ਨਾ ਕਰਦਾ ਤਾਂ ਇਹ ਹਮਲਾ ਕਈ ਗੁਣਾ ਵੱਡਾ ਹੋਣਾ ਸੀ। ਬਾਬਾ ਜੀ ਤੇ ਚਰਨਜੀਤ ਸਿੰਘ ਬਹੁਤ ਗੁੱਸੇ ਵੀ ਹੋਏ ਅਤੇ ਉਹ ਬਹੁਤ ਉਦਾਸ ਸਨ ਕਿ ਐਡਾ ਵੱਡਾ ਹਮਲਾ ਬੇਕਾਰ ਹੋ ਗਿਆ। ਉਹ ਸਿੰਘ ਵੀ ਬੜਾ ਸ਼ਰਮਿੰਦਾ ਸੀ। ਹੁਣ ਉਸ ਨੂੰ ਕਹਿ ਵੀ ਕੀ ਸਕਦੇ ਸਨ ਕਿ ਉਸ ਨੇ ਦੁਸ਼ਮਣ ਦੀਆਂ ਧੂੜਾਂ ਪੁੱਟਣ ਦੀ ਬਜਾਏ ਸਿੰਘਾਂ ਦੀਆਂ ਧੂੜਾਂ ਹੀ ਪੁੱਟ ਦਿੱਤੀਆਂ ਸਨ। ਬਾਬਾ ਜੀ ਅਤੇ ਚਰਨਜੀਤ ਸਿੰਘ ਹੁਰਾਂ ਨੇ ਦੱਸਿਆ ਕਿ ਅਸੀਂ ਅੱਗੇ ਦੁਸ਼ਮਣ ਵੱਲ ਤਾਂ ਗੋਲੀ ਕੀ ਮਾਰਨੀ ਸੀ, ਅਸੀਂ ਤਾਂ ਆਪਣੇ ਸਿੰਘ ਦੀਆਂ ਗੋਲੀਆਂ ਤੋਂ ਹੀ ਬਚਦੇ ਰਹੇ। ਪਰਮਾਤਮਾ ਦਾ ਸ਼ੁਕਰ ਹੈ ਕਿ ਸਹੀ-ਸਲਾਮਤ ਆ ਗਏ। ਬਾਅਦ ਵਿੱਚ ਸਾਨੂੰ ਪਤਾ ਲੱਗ ਗਿਆ ਕਿ ਅੰਮ੍ਰਿਤਸਰ ਵਾਲਾ ਡਰਾਈਵਰ ਸਿੰਘ ਬਹੁਤ ਦਲੇਰ ਤੇ ਸਬਰ ਵਾਲਾ ਸੀ ਜੇ ਉਸਨੂੰ ਹੀ ਬੰਦੂਕ ਫੜਾਈ ਹੁੰਦੀ ਤਾਂ ਹਮਲਾ ਸਫਲ ਹੋ ਜਾਣਾ ਸੀ। ਉਸ ਸਿੰਘ ਨੂੰ ਵੀ ਬੜਾ ਅਫਸੋਸ ਹੋਇਆ ਕਿ ਇਹ ਕੰਮ ਪੂਰਾ ਕਾਮਯਾਬ ਨਹੀਂ ਹੋਇਆ ਜਦਕਿ ਉਹ ਖੁਦ ਇਹ ਕੰਮ ਬਹੁਤ ਸਫਾਈ ਨਾਲ ਕਰ ਸਕਦਾ ਸੀ।

ਕੇਪੀਐਸ ਗਿੱਲ 'ਤੇ ਘਾਤਾਂ

ਸੰਘਰਸ਼ ਦੌਰਾਨ ਕੇਪੀਐਸ ਗਿੱਲ ਦਾ ਬਚਣਾ ਵੀ ਜ਼ਿਕਰਯੋਗ ਹੈ। ਸਿੰਘਾਂ ਨੇ ਬਹੁਤ ਵਾਰ ਉਸ ਨੂੰ ਨਿਸ਼ਾਨਾ ਬਣਾਇਆ ਪਰ ਉਹ ਹਰ ਵਾਰ ਸਾਫ਼ ਬਚ ਜਾਂਦਾ ਰਿਹਾ। ਇੱਕ ਵਾਰ ਬਿਆਸ ਦਰਿਆ ਦੇ ਨਾਲ ਲੱਗਦੇ ਮੰਡ ਇਲਾਕੇ ਨੂੰ ਘੇਰਾ ਪਾ ਕੇ ਤਲਾਸ਼ੀ ਲਈ ਜਾ ਰਹੀ ਸੀ। ਗਿੱਲ ਆਪ ਵੀ ਉਸ ਵਿੱਚ ਸ਼ਾਮਿਲ ਸੀ। ਤਲਾਸ਼ੀ ਦੌਰਾਨ ਸਰਕੰਡੇ ਵਿਚ ਛੁਪੇ ਹੋਏ ਇੱਕ ਸਿੰਘ ਨੇ ਬਿਲਕੁਲ ਹੀ ਉਹਦੇ ਸਾਹਮਣੇ ਤੋਂ ਅਸਾਲਟ ਨਾਲ ਹਮਲਾ ਕੀਤਾ, ਪਰ ਮੌਕੇ ਤੇ ਸਿੰਘ ਦੀ ਬੰਦੂਕ ਅੜ ਗਈ ਤੇ ਇਹ ਬਚ ਗਿਆ।

੨੦੦੬ ਵਿਚ ਜੇਲ੍ਹ ਤੋਂ ਬਾਹਰ ਆਉਣ ਮਗਰੋਂ ਇਕ ਪੁਲਿਸ ਵਾਲਾ ਮੈਨੂੰ ਮਿਲਿਆ। ਉਹ ਬੜੇ ਅਫ਼ਸੋਸ ਨਾਲ ਕਹਿ ਰਿਹਾ ਸੀ ਕਿ ਜਦੋਂ ਅਜੀਤ ਸੰਧੂ ਦੀ ਮੌਤ ਹੋਈ ਤਾਂ ਉੱਥੇ ਬਹੁਤ ਗਾਰਦ ਲੱਗੀ ਹੋਈ ਸੀ। ਕੇਪੀਐਸ ਗਿੱਲ ਬਿਲਕੁਲ ਸਾਡੇ ਕੋਲ ਖੜ੍ਹਾ ਰਿਹਾ। ਮੇਰਾ ਮਨ ਬੜਾ ਹੀ ਦੁਚਿੱਤੀ ਵਿੱਚ ਰਿਹਾ ਕਿ ਮੈਂ ਕੀ ਕਰਾਂ ਪਰ ਮੈਂ ਕੁਝ ਨਹੀਂ ਕਰ ਸਕਿਆ। ਉਸ ਪੁਲਿਸ ਵਾਲੇ ਬੰਦੇ ਦਾ ਨਾ ਤਾਂ ਕਿਸੇ ਜਥੇਬੰਦੀ ਨਾਲ ਸਬੰਧ ਸੀ ਤੇ ਨਾ ਹੀ ਖਾੜਕੂਆਂ ਨਾਲ ਤੇ ਨਾ ਹੀ ਮੈਂ ਉਸ ਨੂੰ ਜਾਣਦਾ ਸੀ। ਮੇਰੀ ਇੱਕ ਪੇਸ਼ੀ ਦੌਰਾਨ ਉਹ ਥੋੜ੍ਹੀ ਪੀ ਕੇ ਆਇਆ ਸੀ। ਉਸ ਨੇ ਮੈਨੂੰ ਪਰ੍ਹਾਂ ਲਿਜਾ ਕੇ ਮੇਰੇ ਨਾਲ ਗੱਲ ਕੀਤੀ ਤੇ ਫੇਰ ਚਲਿਆ ਗਿਆ। ਪੰਜਾਬ 'ਚ ਅਜਿਹੇ ਕਿੰਨੇ ਹੀ ਬੰਦੇ ਹੋਣਗੇ ਜਿਹੜੇ ਪੰਥ ਦੇ ਦੁਸ਼ਮਣਾਂ ਨੂੰ ਮਾਰਨ ਦੇ ਮੌਕਿਆਂ ਨੂੰ ਵਰਤਣ ਦੀ ਦੁਬਿਧਾ ਝੱਲਦੇ ਰਹੇ।

ਪੰਜਾਬ ਦੇ ਮੁੱਖ ਮੰਤਰੀ ਬੇਅੰਤ ਨੂੰ ੩੧ ਅਗਸਤ ੧੯੯੫ ਨੂੰ ਪੰਜਾਬ ਵਿਧਾਨ ਸਭਾ ਤੋਂ ਬਾਹਰ ਨਿਕਲ ਕੇ ਆਪਣੀ ਗੱਡੀ ਵਿਚ ਬੈਠਦੇ ਨੂੰ ਸ਼ਹੀਦ ਦਿਲਾਵਰ ਸਿੰਘ ਨੇ ਮਨੁੱਖੀ ਬੰਬ ਬਣ ਕੇ ਉਡਾ ਦਿੱਤਾ ਸੀ। ਬਿਲਕੁੱਲ ਇਸੇ ਥਾਂ ਤੇ ਸੰਨ ੧੯੯੦ ਵਿੱਚ ਪੰਜਾਬ ਪੁਲਿਸ ਮੁਖੀ ਗਿੱਲ ਨੂੰ ਰਿਮੋਟ ਕੰਟਰੋਲ ਬੰਬ ਨਾਲ ਉਡਾਉਣ ਦੀ ਕੋਸ਼ਿਸ਼ ਹੋਈ ਸੀ। ਉਸ ਦਿਨ ਮੈਂ ਵੀ ਉੱਥੇ ਨੇੜੇ ਹੀ ਐਮਐਲਏ ਹੋਸਟਲ ਦੀ ਕੰਟੀਨ ਵਿੱਚ ਬੈਠਾ

ਹਮਲੇ ਦੀ ਖੁਸ਼ਖਬਰੀ ਨੂੰ ਉਡੀਕ ਰਿਹਾ ਪਰ ਉਹ ਧਮਾਕਾ ਨਹੀਂ ਹੋਇਆ। ਗਿੱਲ ਵੀ ਮੁੱਖ ਮੰਤਰੀ ਵਾਂਗ ਹੀ ਦਫਤਰ ਚੋਂ ਨਿਕਲ ਕੇ ਆਪਣੀ ਕਾਰ ਵਿੱਚ ਬੈਠਾ ਅਤੇ ਸਾਡੇ ਵੱਲੋਂ ਉੱਥੇ ਖੜ੍ਹੀ ਕੀਤੀ ਹੋਈ ਚਿੱਟੀ ਅੰਬੈਸਡਰ ਕਾਰ, ਜਿਸ ਵਿਚ ਤੀਹ ਕਿੱਲੋ ਆਰਡੀਐਕਸ ਲਾਈ ਹੋਈ ਸੀ, ਉਹਦੇ ਨਾਲ ਦੀ ਲੰਘ ਗਿਆ। ਉਥੇ ਖੜ੍ਹੇ ਦੋਵੇਂ ਸਿੰਘਾਂ ਨੇ ਰਿਮੋਟ ਦਾ ਬਟਨ ਦੱਬਿਆ ਪਰ ਕਿਸੇ ਕਾਰਨ ਨਹੀਂ ਚੱਲਿਆ। ਜਦੋਂ ਮੈਂ ੧੯੯੬ ਵਿੱਚ ਲੁਧਿਆਣੇ ਫੜ ਹੋਇਆ ਤਾਂ ਇਕ ਆਈਜੀ ਪੱਧਰ ਦੇ ਬੰਦੇ ਨੇ ਪੁੱਛਿਆ ਕਿ ਤੁਸੀਂ ਗਿੱਲ ਸਾਹਿਬ ਤੇ ਹਮਲਾ ਕਿਉਂ ਨਹੀਂ ਕੀਤਾ ਤਾਂ ਮੈਂ ਉਹਨਾਂ ਨੂੰ ਇਸ ਕੋਸ਼ਿਸ਼ ਬਾਰੇ ਦੱਸਿਆ ਤਾਂ ਉੱਥੇ ਬੈਠੇ ਸਾਰੇ ਅਫਸਰਾਂ ਦੇ ਮੂੰਹ ਉੱਡ ਗਏ ਤੇ ਓਹਨਾਂ ਨੇ ਕੇਪੀਐਸ ਗਿੱਲ ਨਾਲ ਗੱਲ ਕੀਤੀ ਅਤੇ ਕੋਈ ਘੰਟਾ ਕੁ ਇਸ ਮਸਲੇ ਤੇ ਗੱਲਾਂ ਕਰਦੇ ਰਹੇ। ਫਿਰ ਓਹਨਾਂ ਨੂੰ ਵਿਸ਼ਵਾਸ ਹੋ ਗਿਆ ਕਿ ਮੈਂ ਸਹੀ ਕਹਿ ਰਿਹਾ ਹਾਂ।

ਇਹ ਹਮਲੇ ਦੀ ਪੂਰੀ ਗੱਲ ਇਸ ਤਰ੍ਹਾਂ ਹੈ ਕਿ ਭਾਰਤ ਦੇ ਖੁਫੀਆ ਮਹਿਕਮੇ (ਆਈਬੀ) ਵੱਲੋਂ ਖੜ੍ਹੀ ਕੀਤੀ ਹੋਈ ਭਾਰਤੀ ਲਾਇਨਜ ਨਾਂ ਦੀ ਜਥੇਬੰਦੀ, ਜਿਸ ਦਾ ਮਕਸਦ ਖਾੜਕੂਆਂ ਦੇ ਪਰਿਵਾਰਾਂ ਅਤੇ ਸੰਘਰਸ਼ ਦੇ ਹਮਦਰਦਾਂ ਨੂੰ ਮਾਰਨਾ ਸੀ। ਉਹ ਟੋਲੇ ਨੇ ਹਾਲੇ ਆਪਣਾ ਕੰਮ ਸ਼ੁਰੂ ਹੀ ਕੀਤਾ ਸੀ ਕਿ ਖਾਲਸਤਾਨ ਲਿਬਰੇਸ਼ਨ ਫੋਰਸ ਅਤੇ ਖਾਲਸਤਾਨ ਕਮਾਂਡੋ ਫੋਰਸ ਦੇ ਸਾਂਝੇ ਜਥੇ ਨੇ ਕੋਈ ਮਹੀਨੇ ਕੁ ਵਿੱਚ ਹੀ ਜਲੰਧਰ ਵਿਖੇ ਭਾਰਤੀ ਸ਼ੇਰਾਂ (ਇੰਡੀਅਨ ਲਾਇਨਜ) ਦੇ ਪਰਧਾਨ ਪਰਗਣ ਸਿੰਘ ਤੇ ਉਸਦੇ ਨਾਲ ਸੱਤ ਅੱਠ ਸਾਥੀਆਂ ਨੂੰ ਬਿਲਕੁਲ ਉਸੇ ਤਰ੍ਹਾਂ ਮਾਰ ਦਿੱਤਾ ਜਿਵੇਂ ਕਿ ਕਾਲੇ ਸ਼ੀਸ਼ਿਆਂ ਵਾਲੀਆਂ ਗੱਡੀਆਂ ਰਾਹੀਂ ਉਹ ਕਰਦੇ ਸੀ। ਹਕੂਮਤ ਲਈ ਇਹ ਬਹੁਤ ਵੱਡਾ ਝਟਕਾ ਸੀ ਤੇ ਸੰਘਰਸ਼ ਲਈ ਇੱਕ ਵੱਡਾ ਹੁਲਾਰਾ ਸੀ। ਉਸ ਸਾਂਝੇ ਜਥੇ ਵਿਚ ਚੋਟੀ ਦੇ ਕਾਰਨਾਮੇ ਕਰਨ ਵਾਲੇ ਸਿੰਘ ਸਨ। ਇਹ ਕੰਮ ਤੋਂ ਬਾਅਦ ਜਦੋਂ ਲੁਧਿਆਣੇ ਖਾਲਸਤਾਨ ਕਮਾਂਡੋ ਫੋਰਸ, ਖਾਲਸਤਾਨ ਲਿਬਰੇਸ਼ਨ ਫੋਰਸ ਤੇ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਆਗੂ ਸਿੰਘ ਇਕੱਠੇ ਹੋਏ ਤਾਂ ਸਾਰਿਆਂ ਨੇ ਇਸ ਕਾਰਜ ਲਈ ਉਹਨਾਂ ਸਿੰਘਾਂ ਨੂੰ ਵਧਾਈ ਦਿੱਤੀ। ਉਥੇ ਹੀ ਭਾਈ ਸੁਰਿੰਦਰ ਸਿੰਘ ਛਿੰਦੇ ਨੇ ਸੁਝਾਅ ਦਿੱਤਾ ਕਿ ਆਪਣੇ ਕੋਲ ਚੰਡੀਗੜ੍ਹ ਵਿਧਾਨ ਸਭਾ ਵਿਚ ਕੁਝ ਸਬੰਧ ਹਨ, ਜਿਹੜੇ ਕੇਪੀਐਸ ਗਿੱਲ ਦਾ ਕੰਮ ਕਰਵਾਉਣਾ ਚਾਹੁੰਦੇ ਹਨ। ਕਿਉਂ ਨਾ ਆਪਾਂ ਇਹ ਵੀ ਕੰਡਾ ਕੱਢ ਦੇਈਏ। ਹਰਮਿੰਦਰ ਸਿੰਘ ਸੁਲਤਾਨਵਿੰਡ, ਗੁਰਜੰਟ ਸਿੰਘ ਬੁੱਧਸਿੰਘਵਾਲਾ ਤੇ ਮੇਰੇ ਸਮੇਤ ਸਾਰਿਆਂ ਨੇ ਕਿਹਾ ਕਿ ਤੁਹਾਡਾ ਇਹ ਸਾਂਝਾ ਹਮਲਾ ਬਹੁਤ ਖੂਬ ਰਿਹਾ। ਤੁਸੀਂ ਇਸੇ ਤਰ੍ਹਾਂ ਚੰਡੀਗੜ੍ਹ ਵਾਲਾ ਕੰਮ ਵੀ ਸਾਂਝੇ ਰੂਪ ਵਿਚ ਹੀ ਕਰ ਦਿਓ। ਇਸ ਤਰ੍ਹਾਂ ਇਹ ਵਿਉਂਤ ਸ਼ੁਰੂ ਹੋਈ। ਉਸ ਸਾਂਝੀ ਟੀਮ ਵਿਚ ਭਾਈ ਸੁਰਿੰਦਰ ਸਿੰਘ ਛਿੰਦਾ, ਮਨਜੀਤ ਸਿੰਘ (ਡਾ. ਹਰੀ ਸਿੰਘ), ਅਮਰਪਾਲ ਸਿੰਘ ਵਿਦੇਸ਼ੀ, ਮਨੋਹਰ ਸਿੰਘ ਧੀਰਾ,

[illegible] ਸਿੰਘ [illegible], [illegible] ਸਿੰਘ [illegible] ਸਿੰਘ, [illegible] ਸਿੰਘ [illegible] ਸਿੰਘ [illegible]

[illegible] ਸਿੰਘ [illegible] ਸਿੰਘ [illegible] ਸਿੰਘ [illegible] ਸਿੰਘ [illegible] ਸਿੰਘ [illegible] ਸਿੰਘ [illegible] ਸਿੰਘ [illegible]

[illegible] ਸਿੰਘ [illegible]

ਇਹ ਵਾਰਦਾਤ ਕਰਨੀ [illegible] ਦੀ ਇਜਾਜ਼ਤ ਨਹੀਂ ਸੀ। ਜਿਸ ਦਿਨ ਉਸ ਤੇ ਹਮਲੇ ਦੀ ਕੋਸ਼ਿਸ਼ ਕੀਤੀ ਗਈ, ਸਭ ਕੁਝ ਸਹੀ ਸੀ ਤੇ ਉਸਨੇ [illegible] ਉਸ ਸਿੰਘ ਨੇ ਫੇਰ ਬਟਨ ਦਬਾਇਆ, ਪਰ ਧਮਾਕਾ ਹੋਇਆ ਨਹੀਂ। ਅਸੀਂ ਰੇਡੀਓ ਦੀ [illegible] ਬਦਲਣ ਦੀ ਕੋਸ਼ਿਸ਼ ਵਿੱਚ ਬੈਠੇ ਸੀ। ਪੰਜ ਕੁ ਵਜੇ ਉਹ ਸਿੰਘ ਆਇਆ ਬੜਾ ਉਦਾਸ ਸੀ। ਉਹਨੇ ਸਾਰੀ ਗੱਲ ਦੱਸੀ। ਫਿਰ ਗੱਡੀ ਨੂੰ ਬਾਹਰ [illegible] ਕਿਨਾਰੇ ਤੇ ਲਿਜਾਇਆ। ਚੈੱਕ ਕੀਤਾ, ਸਭ ਠੀਕ ਸੀ, ਕੁਝ ਵੀ ਸਮਝ ਨਹੀਂ ਆਈ। ਕੁਝ ਚਿਰ ਬਾਅਦ ਗੱਡੀ ਨੂੰ ਥੋੜ੍ਹਾ ਜਿਹਾ ਪਿੱਛੇ ਕਰਕੇ ਫਿਰ ਲਾਇਆ ਗਿਆ ਤੇ ਇਕ ਹੋਰ ਗੱਡੀ ਚ ਦੂਰੋਂ ਖੜ੍ਹ ਕੇ ਰਿਮੋਟ ਚਲਾਇਆ ਗਿਆ। ਪਰ ਫੇਰ ਵੀ ਕੁਝ ਨਹੀਂ ਹੋਇਆ। ਫਿਰ ਸਾਰੇ ਸਿੰਘਾਂ ਦੀ ਇਹ ਰਾਇ ਬਣੀ ਕਿ ਹੋ ਸਕਦਾ ਹੈ ਕਿ [illegible] ਦੇ ਵਿੱਚ ਕੋਈ [illegible] ਹੋਵੇ ਜਾਂ ਰਿਮੋਟ ਦੀ ਗੱਡੀ ਵਿੱਚ ਕੁਝ [illegible] ਹੋਵੇ। ਫਿਰ ਤਕਰੀਬਨ ੧੦ [illegible] ਦੇ [illegible], ਜਿੱਥੇ ਦੀ [illegible] ਸੀ, ਉੱਥੇ ਗੱਡੀ ਖੜ੍ਹਾਈ ਗਈ। ਰਿਮੋਟ ਦਾ ਬਟਨ ਦਬਾਇਆ, ਗੱਡੀ ਦਾ ਰਿਮੋਟ ਚਲਾਇਆ, ਪਰ ਫਿਰ ਵੀ ਬੰਬ ਨਹੀਂ ਚੱਲਿਆ। ਇਸ ਤੋਂ ਬਾਅਦ ਸਾਰੇ ਸਿੰਘਾਂ ਨੂੰ ਲੱਗਿਆ ਕਿ [illegible] ਤੋਂ ਬਚਾ ਦਾ ਹੀ ਹੈ। ਇਹ [illegible] ਪਾ ਦਿੱਤਾ।

ਸਾਰੇ ਸਿੰਘਾਂ ਕਰਕੇ [illegible] ਇੱਕ ਦੂਜੇ ਨਾਲ ਸੀ। ਅਸੀਂ ਉਸ ਕੁਲਵੰਤ ਸਿੰਘ ਦੀ [illegible] ਸਿੰਘਾਂ ਦੇ ਵੱਡੇ [illegible] ਨੂੰ ਇਹ [illegible] ਸੀ ਕਿ ਉਸ ਕੁਲਵੰਤ ਸਿੰਘ ਨਹੀਂ ਸੀ ਮਰਨਾ ਚਾਹੀਦਾ। ਇਹ ਗੱਲ ਕਾਫ਼ੀ ਲੋਕਾਂ ਨੂੰ ਪਤਾ ਹੈ ਕਿ [illegible] ਉਹਦੇ ਸਿੰਘਾਂ ਨੇ [illegible] ਕਿੰਨੇ ਹਮਲੇ ਕੀਤੇ ਪਰ ਕੁਲਵੰਤ ਨੂੰ ਉਸ ਦੀ ਇਸ ਤਰ੍ਹਾਂ ਮੌਤ ਮਨਜ਼ੂਰ ਨਹੀਂ ਸੀ। ਉਹ ਸਦਾ ਹੀ ਬਚਦਾ ਰਿਹਾ। ਹੋ ਸਕਦਾ ਹੈ ਕਿ ਉਸ ਨੂੰ ਵੀ ਨਾ ਪਤਾ ਹੋਵੇ ਕਿ ਉਸ ਉੱਪਰ ਕਿੰਨੇ ਹਮਲਿਆਂ ਦੀ ਕੋਸ਼ਿਸ਼ ਹੋਈ ਹੈ। ਇੰਨਾ ਹੀ ਜ਼ਿਕਰ ਕਰਨਾ ਹੀ [illegible] ਹੈ ਕਿ [illegible] [illegible] [illegible] ਵੇਲੇ ਦੇ ਸਿੰਘਾਂ ਨੇ [illegible]। ਉਹ ਸਾਰੀਆਂ ਕਾਰਵਾਈਆਂ [illegible] ਸੀ ਤੇ ਜਿਨ੍ਹਾਂ [illegible] ਵਾਲੇ ਸਿੰਘ ਵੀ ਕੋਈ ਦੇ [illegible] ਸਨ। ਸਿੰਘਾਂ ਨੇ [illegible] ਦੀ ਕਾਫ਼ੀ ਕੀਤੀ ਤੇ ਧਮਾਕਾ ਵੀ [illegible] ਪਰ ਉਹ ਹਰ ਵਾਰ ਹੀ ਬਚ ਗਿਆ। ਕਾਫ਼ੀ ਵਾਰ [illegible] ਨੂੰ ਪਤਾ ਵੀ ਨਹੀਂ ਲੱਗਿਆ ਕਿ ਹਮਲੇ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਜਿਸ ਦੀ ਹਕੀਕੀ ਰਾਖੀ [illegible] ਤੇ ਨਾ ਕੀਤੀ ਗਈ ਹੋਵੇ, ਉਸ ਨੂੰ ਕੋਈ ਨਹੀਂ ਮਾਰ ਸਕਦਾ। [illegible] ਨੂੰ ਮਾਰਨ ਦੀ ਅਸੀਂ ਕਾਫ਼ੀ ਕੋਸ਼ਿਸ਼ ਕੀਤੀ ਤੇ [illegible] ਸਿੰਘ ਵੀ [illegible] ਸਨ, ਪਰ ਉਸ ਦਾ ਅਸੀਂ ਕੁਝ ਨਹੀਂ ਕਰ ਸਕੇ।

ਜਿਸ ਨੂੰ ਮਾਰਨ ਕਰਕੇ ਕਿੰਨੇ ਵੱਡੇ-ਵੱਡੇ ਹਮਲੇ [illegible] ਬਾਰੇ [illegible] ਇਕ ਮਿਸਾਲ ਗੁਰਜੰਟ ਸਿੰਘ ਬੁਧ ਦੇ ਸਬੰਧ ਦੀ ਹੈ। [illegible] ਇਲਾਕੇ ਵਿੱਚ [illegible] ਗੁਰਜੰਟ ਸਿੰਘ [illegible] ਨੇ ਇਲਾਕੇ ਦੇ ਵੱਡੇ ਪਿੰਡਾਂ ਚ ਰਾਤ ਨੂੰ ਕੋਈ ੩੦ ਕੁ ਸਿੰਘਾਂ ਨੂੰ

ਅਗਵਾ ਕਰ ਲਿਆ। ਇਕ ਮਸ਼ਹੂਰ ਪਿੰਡ ਦੇ ਚੁਰਾਹੇ ਵਿੱਚ ਖ਼ੂਨ ਵਰਗਾ ਰੰਗ ਡੋਲ੍ਹ ਦਿੱਤਾ। ਮਕਸਦ ਇਹ ਸੀ ਕਿ ਇੰਨੀ ਵੱਡੀ ਵਾਰਦਾਤ ਤੋਂ ਬਾਅਦ ਅਗਲੇ ਦਿਨ ਗਿੱਲ ਉਸ ਪਿੰਡ ਦਾ ਮੌਕਾ ਦੇਖਣ ਆਵੇਗਾ ਜਿਵੇਂ ਕਿ ਉਹ ਵੱਡੀਆਂ ਵਾਰਦਾਤਾਂ ਵਾਲੀ ਥਾਂ ਤੇ ਆਇਆ ਹੀ ਕਰਦਾ ਸੀ। ਉਸ ਪਿੰਡ ਨੂੰ ਦੋ ਮੁੱਖ ਰਸਤੇ ਲੱਗਦੇ ਸਨ। ਓਹਨਾਂ ਤੇ ਐਂਟੀ ਟੈਂਕ ਮਾਈਨਜ ਤੇ ਹੋਰ ਬਾਰੂਦ ਲਾ ਦਿੱਤਾ ਗਿਆ। ਅਖਬਾਰਾਂ ਵਿਚ ਸਾਰੇ ਪਾਸੇ ਰੌਲਾ ਪੈ ਗਿਆ ਕਿ ਐਨੇ ਹਿੰਦੂ ਮਾਰ ਦਿੱਤੇ ਗਏ। ਹੋਰ ਅਫਸਰਾਂ ਨਾਲ ਦੁਪਹਿਰ ਵੇਲੇ ਗਿੱਲ ਵੀ ਆ ਗਿਆ ਪਰ ਉਹ ਇਹੋ ਜਿਹੇ ਰਸਤੇ ਥਾਣੀ ਆਇਆ, ਜਿਹੜਾ ਟੁੱਟਾ ਸੀ ਤੇ ਕੋਈ ਵੀ ਵਰਤਦਾ ਨਹੀਂ ਸੀ ਤੇ ਉਸੇ ਰਸਤੇ ਤੋਂ ਹੀ ਮੌਕਾ ਦੇਖ ਕੇ ਵਾਪਸ ਚਲਿਆ ਗਿਆ। ਅਗਲੇ ਕੁਝ ਦਿਨ ਬਾਅਦ ਹਿੰਦੂਆਂ ਨੂੰ ਛੱਡ ਦਿੱਤਾ ਗਿਆ ਤੇ ਓਹਨਾਂ ਨੇ ਦੱਸਿਆ ਕਿ ਸਾਡੇ ਨਾਲ ਤਾਂ ਬਹੁਤ ਚੰਗਾ ਸਲੂਕ ਕੀਤਾ ਗਿਆ। ਪੁਲਿਸ ਨੂੰ ਸ਼ੱਕ ਜਰੂਰ ਪੈ ਗਈ ਕਿ ਦਾਲ ਵਿੱਚ ਕੁਝ ਕਾਲਾ ਹੈ ਪਰ ਕਾਫੀ ਦੇਰ ਬਾਅਦ ਪਤਾ ਲੱਗਿਆ ਕਿ ਇਹ ਇੱਕ ਜਾਲ ਵਿਛਾਇਆ ਸੀ ਜਿਸ 'ਚੋਂ ਉਹ ਕੁਦਰਤੀ ਹੀ ਬਚ ਗਿਆ।

ਜਹਾਨ ਖੇਲਾਂ ਵਾਲੇ ਹਮਲੇ ਦੀ ਯੋਜਨਾ

ਪੁਲਿਸ ਸਿਖਲਾਈ ਕੇਂਦਰ ਜਹਾਨ ਖੇਲਾਂ ਵਿਚ ਸਿਖਲਾਈ ਪੂਰੀ ਹੋਣ ਦੇ ਸਲਾਨਾ ਜਲਸੇ ਵਿਚ ਪੰਜਾਬ ਪੁਲਿਸ ਦਾ ਮੁਖੀ ਆਪ ਆ ਕੇ ਸਲਾਮੀ ਲੈਂਦਾ ਹੈ। ਇਹਦੇ ਲਈ ਵੱਡੇ ਮੈਦਾਨ ਵਿੱਚ ਇੱਕ ਪੱਕਾ ਥੜ੍ਹਾ ਬਣਿਆ ਹੋਇਆ ਹੈ। ਇਹ ਥੜੇ ਦੇ ਉਪਰ ਸੀਮਿੰਟ ਦੇ ਬਾਗੜ ਵਾਲੀ ਇਕਹਿਰੀ ਜਿਹੀ ਛੱਤ ਹੈ।

ਗੁਰਜੰਟ ਸਿੰਘ ਨੂੰ ਜਹਾਨ ਖੇਲਾਂ ਵਿਚਲੇ ਕਿਸੇ ਪੁਲਿਸ ਮੁਲਾਜਮ ਵਲੋਂ ਖਬਰ ਮਿਲੀ ਕਿ ਏਨੀ ਤਾਰੀਕ ਨੂੰ ਕੇਪੀਐਸ ਗਿੱਲ ਸਲਾਮੀ ਲਵੇਗਾ। ਗੁਰਜੰਟ ਸਿੰਘ ਨੇ ਫਿਰ ਮਨਜੀਤ ਸਿੰਘ ਪਲਾਹੀ (ਡਾਕਟਰ ਹਰੀ ਸਿੰਘ) ਨੂੰ ਕੰਮ ਸੌਂਪਿਆ ਕਿਉਂਕਿ ਇਹੋ ਜਿਹੇ ਮੁਸ਼ਕਲ ਅਤੇ ਸਬਰ ਵਾਲੇ ਕੰਮ ਨੂੰ ਉਹ ਸਭ ਤੋਂ ਬੇਹਤਰ ਤਰੀਕੇ ਨਾਲ ਕਰ ਸਕਦਾ ਸੀ। ਮਨਜੀਤ ਸਿੰਘ ਸੋਹਣਾ ਸੁਨੱਖਾ, ੬ ਫੁੱਟ ਉੱਚਾ, ਗੋਰਾ ਅਤੇ ਬਹੁਤ ਹੀ ਸਾਧਿਆ ਹੋਇਆ ਸਰੀਰ ਸੀ। ਉਹ ਪੁਲਿਸ ਵਾਲਾ ਬਣ ਕੇ ਜਹਾਨ ਖੇਲਾਂ ਗਿਆ ਤੇ ਸਾਰੇ ਹਾਲਾਤ ਦਾ ਜਾਇਜਾ ਲਿਆ। ਖੁਲ੍ਹੇ ਮੈਦਾਨ ਵਿੱਚ ਸਲਾਮੀ ਹੁੰਦੀ ਹੈ ਤੇ ਉਸ ਵਿਚਾਲੇ ਥੜ੍ਹੇ ਉੱਤੇ ਜਿਥੇ ਮੁਖ ਮਹਿਮਾਨ ਨੇ ਬੈਠਣਾ ਸੀ ਉਥੇ ਬਾਰੂਦ ਲੱਗ ਸਕਦਾ ਸੀ ਪਰ ਇਹ ਬੜਾ ਔਖਾ ਅਤੇ ਖਤਰੇ ਵਾਲਾ ਕੰਮ ਸੀ। ਬਾਰੂਦ ਨੂੰ ਫੈਲਾਅ ਕੇ ਚਾਦਰ ਵਿਛਾਉਣ ਵਾਂਗ ਲਾਉਣਾ ਸੀ ਤਾਂਕਿ ਬਾਹਰੋਂ ਨਜਰ ਨਾ ਆਏ। ਫਿਰ ਉਸ ਉੱਤੇ ਸੀਮਿੰਟ ਲੇਪ ਲਾਉਣਾ ਪੈਣਾ ਸੀ ਕਿ ਕੋਈ ਪਛਾਣ ਨਾ ਲਵੇ। ਇਹ ਸਾਰਾ ਕੁਝ ਸਲਾਮੀ ਵਾਲੇ ਦਿਨ ਤੋਂ ਕਈ ਦਿਨ ਪਹਿਲਾਂ ਕਰਨਾ ਪੈਣਾ ਸੀ ਤਾਂ ਕਿ ਨਵੇਂਪਣ ਕਾਰਨ ਸ਼ੱਕ ਨਾ ਪਵੇ। ਉਸ ਨਵੀਂ ਤਹਿ ਵਿਚੋਂ ਤਾਰ ਦਾ ਸਿਰਾ ਵੀ ਬਾਹਰ ਕੱਢਣਾ ਸੀ ਜਿਹੜਾ ਦਿਸੇ ਨਾ। ਪਰੇਡ ਤੋਂ ਕਈ ਦਿਨ ਪਹਿਲਾਂ ਸਾਰੇ ਮੈਦਾਨ ਦੁਆਲੇ ਖਾਸ ਪਹਿਰਾ ਲੱਗ ਜਾਂਦਾ ਸੀ। ਰਾਖੀ ਵਾਲਿਆਂ ਨੇ ਉਸ ਥੜ੍ਹੇ ਨੂੰ ਵੀ ਘੋਖਣਾ ਸੀ, ਇਸ ਲਈ ਸਿੰਘਾਂ ਨੂੰ ਸਾਰਾ ਕੰਮ ਪਹਿਲਾਂ ਹੀ ਮੁਕਾਉਣਾ ਪੈਣਾ ਸੀ।

ਮਨਜੀਤ ਸਿੰਘ ਅੰਦਰ ਵਾਲੇ ਸਿੰਘ ਦੀ ਮਦਦ ਨਾਲ ਕੰਮ ਕਰਨ ਲੱਗ ਗਿਆ।

ਉਹ ਰਾਤ ਨੂੰ ਸੀਮਿੰਟ ਅਤੇ ਬਾਰੂਦ ਆਪਣੀ ਪਿੱਠ ਉੱਤੇ ਬੰਨ੍ਹ ਕੇ ਰੜ ਸੀਂਘ ਦੇ ਬੜ੍ਹ ਵਾਲੀ ਥਾਂ ਪਹੁੰਚਿਆ। ਅੰਦਰ ਵਾਲਾ ਸਿੰਘ ਵੀ ਉਸਦੇ ਨਾਲ ਸੀ। ਉਸ ਵਕਤ ਪਹਿਰਾ ਲੱਗ ਚੁੱਕਾ ਸੀ। ਪਹਿਲੇ ਦਿਨ ਪੁਲਿਸ ਦੇ ਸੂਹੀਆ ਕੁੱਤੇ ਨਾਲ ਟਾਕਰਾ ਹੋ ਗਿਆ। ਉਸਨੇ ਆਪਣੀ ਬਾਂਹ, ਜਿਸ ਉੱਤੇ ਪਹਿਲਾਂ ਹੀ ਬਹੁਤ ਪੱਟੀਆਂ ਲਪੇਟੀਆਂ ਹੋਈਆਂ ਸਨ ਕੁੱਤੇ ਦੇ ਮੂੰਹ ਵਿੱਚ ਦੇ ਦਿੱਤੀ। ਕੁੱਤੇ ਨੇ ਭੌਂਕਣਾ ਤਾਂ ਕੀ ਸੀ ਕਿਉਂਕਿ ਉਸਦੇ ਦੰਦ ਵਿੱਚ ਫਸ ਗਏ। ਮਨਜੀਤ ਸਿੰਘ ਨੇ ਕੁੱਤੇ ਨੂੰ ਉਸਦਾ ਗਲਾ ਘੁੱਟ ਕੇ ਥਾਏਂ ਮਾਰ ਦਿੱਤਾ। ਉਸ ਦਿਨ ਹੋਰ ਕੰਮ ਨਹੀਂ ਹੋ ਸਕਿਆ ਪਰ ਇਸ ਗੱਲ ਦਾ ਵਿਸ਼ਵਾਸ਼ ਹੋ ਗਿਆ ਕਿ ਕੁੱਤੇ ਦੇ ਇਸ ਤਰ੍ਹਾਂ ਮਰਨ ਉੱਤੇ ਕਿਸੇ ਨੂੰ ਕੋਈ ਕਰੜੀ ਸ਼ੱਕ ਵੀ ਨਹੀਂ ਹੋਈ। ਦੋ ਕੁ ਦਿਨ ਛੱਡ ਕੇ ਫਿਰ ਕੋਸ਼ਿਸ਼ ਕੀਤੀ। ਮੈਦਾਨ ਵਿਚੋਂ ਬੜ੍ਹ ਵਾਲੇ ਪਾਸੇ ਦੇ ਖੰਭਿਆਂ ਦੀ ਬਿਜਲੀ ਉਹ ਅੰਦਰ ਵਾਲੇ ਸਿੰਘ ਨੇ ਖਰਾਬ ਕਰ ਦਿੱਤੀ। ਇਸ ਤਰ੍ਹਾਂ ਰਾਤ ਵੇਲੇ ਮਨਜੀਤ ਸਿੰਘ ਬੜ੍ਹ ਉੱਤੇ ਚੜ੍ਹ ਗਿਆ ਅਤੇ ਬਾਰੂਦ ਜੋ ਪੂਰੀ ਤਰ੍ਹਾਂ ਕਾਗਜ਼ ਵਾਂਗ ਪੱਧਰਾ ਕੀਤਾ ਹੋਇਆ ਸੀ, ਐਨ ਉਸ ਥਾਂ ਉੱਤੇ ਲਾ ਦਿੱਤਾ ਜਿੱਥੇ ਪੁਲਿਸ ਮੁਖੀ ਨੇ ਖੜ੍ਹਨਾ ਸੀ। ਉਸਤੋਂ ਬਾਅਦ ਬੜੀ ਹੀ ਕਾਰੀਗਰੀ ਨਾਲ ਸੀਮਿੰਟ ਦੀ ਪਤਲੀ ਜਿਹੀ ਤਹਿ ਚਾੜ੍ਹ ਦਿੱਤੀ। ਉਸਨੇ ਪਹਿਲਾਂ ਇੱਕ ਇੱਟ ਜਿੰਨੀ ਹੀ ਥਾਂ ਉੱਤੇ ਬਾਰੂਦ ਵਿਛਾ ਕੇ ਸੀਮਿੰਟ ਲਾਉਣ ਅਤੇ ਸਿਗਨਲ ਬਾਹਰ ਕੱਢਣ ਦਾ ਤਜਰਬਾ ਵੀ ਕੀਤਾ। ਇਸ ਲਈ ਉਸਨੇ ਬੜੀ ਛੇਤੀ ਇਹ ਕੰਮ ਕਰ ਦਿੱਤਾ ਅਤੇ ਸਹੀ ਸਲਾਮਤ ਵਾਪਸ ਆ ਗਿਆ। ਅੰਦਰ ਵਾਲੇ ਸਿੰਘ ਨੇ ਅਗਲੇ ਦਿਨ ਸਾਰਾ ਕੁਝ ਵੇਖਿਆ, ਸਭ ਕੁਝ ਠੀਕ ਠਾਕ ਸੀ। ਕਿਸੇ ਨੂੰ ਕੋਈ ਸ਼ੱਕ ਨਹੀਂ ਸੀ।

ਜਿਉਂ ਜਿਉਂ ਸਾਲਾਨਾ ਸਲਾਮੀ ਦਾ ਦਿਨ ਨੇੜੇ ਆਉਂਦਾ ਗਿਆ, ਪਹਿਰਾ ਹੋਰ ਸਖਤ ਹੋ ਗਿਆ। ਇਧਰ ਉਧਰ ਸਾਰਾ ਮੈਦਾਨ ਅਤੇ ਬੜ੍ਹ ਸਮੇਤ ਸਾਰਾ ਕੁਝ ਤਲਾਸ਼ਿਆ ਗਿਆ। ਸੂਹੀਆ ਕੁੱਤੇ ਵੀ ਲਿਆਂਦੇ ਗਏ ਪਰ ਉਹਨਾਂ ਨੂੰ ਵੀ ਬਾਰੂਦ ਦਾ ਪਤਾ ਨਹੀਂ ਲੱਗਿਆ ਕਿਉਂਕਿ ਉਹ ਸੰਘੀ ਕਾਗਜ਼ ਤੇ ਕਾਰਬਨ ਦੀਆਂ ਸ਼ੀਟਾਂ ਵਿੱਚ ਐਨ ਤਕਨੀਕੀ ਤਰੀਕੇ ਨਾਲ ਲਪੇਟਿਆ ਹੋਇਆ ਸੀ। ਫਿਰ ਉਹ ਦਿਨ ਆ ਗਿਆ ਜਦੋਂ ਸਲਾਮੀ ਹੋਣੀ ਸੀ ਪਰ ਜਿਵੇਂ ਕਿ ਕੁਦਰਤ ਨੂੰ ਭਾਉਂਦਾ ਹੈ ਕਿ ਉਸ ਦਿਨ ਕੇ.ਪੀ.ਐਸ. ਗਿੱਲ ਨਹੀਂ ਆਇਆ। ਉਸਨੂੰ ਐਨ ਮੌਕੇ ਉੱਤੇ ਕੋਈ ਜਰੂਰੀ ਕੰਮ ਹੋ ਗਿਆ ਅਤੇ ਉਸਨੇ ਆਪਣੀ ਥਾਂ ਐਸ.ਐਸ.ਐਸ. ਬੁੱਲਰ ਨੂੰ ਭੇਜ ਦਿੱਤਾ। ਜਦੋਂ ਸਿੰਘਾਂ ਨੂੰ ਪਤਾ ਲੱਗਾ ਤਾਂ ਉਹਨਾਂ ਨੇ ਜਥੇਬੰਦੀ ਨੂੰ ਪੁੱਛਿਆ ਕਿ ਹੁਣ ਕੀ ਕਰਨਾ ਹੈ ਅਤੇ ਜਥੇਬੰਦੀ ਨੇ ਫੈਸਲਾ ਕੀਤਾ ਕਿ ਐਸ.ਐਸ.ਐਸ. ਬੁੱਲਰ ਖਿਲਾਫ ਤਾਂ ਕੋਈ ਗੱਲ ਨਹੀਂ ਹੈ ਇਸ ਕਰਕੇ ਧਮਾਕਾ ਕਰਨ ਦਾ ਖਿਆਲ ਛੱਡ ਦਿੱਤਾ। ਸਲਾਮੀ ਤੋਂ ਬਾਅਦ ਮਨਜੀਤ ਸਿੰਘ ਨੇ ਮੁੜ ਰਾਤ ਨੂੰ ਉਸੇ ਤਰ੍ਹਾਂ ਜਾ ਕੇ ਸੀਮਿੰਟ ਤੋੜ ਕੇ ਬਾਰੂਦ ਆਦਿ

[illegible] ਜਾਵੇ।

[illegible]

[illegible] ਜਿਨ੍ਹਾਂ ਨੂੰ ਵੀ ਪਤਾ ਹੈ।

ਸਵਰਨ ਘੋਟਣੇ 'ਤੇ ਹਮਲਾ

ਬਹੁਤ ਬਦਨਾਮ ਪੁਲਿਸ ਅਫਸਰ ਸਵਰਨ ਘੋਟਣਾ ਉਤੇ ਵੀ ਕਈ ਵਾਰੀ ਘਾਤਾਂ ਲਾਈਆਂ ਪਰ ਉਹ ਵੀ ਗਿੱਲ ਵਾਂਗ ਬਚਦਾ ਹੀ ਰਿਹਾ। ਇੱਕ ਵਾਰ ੧੯੮੫ ਦੇ ਸ਼ੁਰੂ ਵਿੱਚ ਇੱਕ ਸਿੰਘ ਉਹਦੇ ਘਰ ਵਿੱਚ ਦਾਖਲ ਹੋ ਗਿਆ ਸੀ ਪਰ ਅੱਗੋਂ ਉਹ ਪਾਠ ਕਰ ਰਿਹਾ ਸੀ। ਇਸ ਕਰਕੇ ਸਿੰਘ ਨੇ ਇਸ ਨੂੰ ਛੱਡ ਦਿੱਤਾ। ਇਹ ਕੰਮ ਹੀਰਾ ਸਿੰਘ ਬਬਰ ਹੋਰਾਂ ਦੇ ਜਥੇ ਦਾ ਸੀ। ਜਦੋਂ ਇਹ ਮੋਗੇ ਵਿੱਚ ਜਿਲ੍ਹਾ ਪੁਲਿਸ ਮੁਖੀ ਸੀ ਉਸ ਵਕਤ ਗੁਰਜੰਟ ਸਿੰਘ ਹੁਰਾਂ ਨੇ ਬਾਰੂਦ ਨਾਲ ਇਸ ਤੇ ਘਾਤ ਲਾਈ ਸੀ ਪਰ ਉਸ ਦਿਨ ਇਸ ਦੀ ਥਾਂ ਮੋਗੇ ਦਾ ਐਸਪੀ ਕੇਹਰ ਸਿੰਘ ਹਮਲੇ ਦਾ ਨਿਸ਼ਾਨਾ ਬਣ ਗਿਆ ਅਤੇ ਉਸਦੀ ਗੱਡੀ ਬਾਰੂਦ ਨਾਲ ਉੱਡ ਗਈ। ਉਹ ਸਦਾ ਲਈ ਲੱਤਾਂ ਤੋਂ ਨਕਾਰਾ ਹੋ ਗਿਆ। ਕੇਹਰ ਸਿੰਘ ਵੀ ਸਿੰਘਾਂ ਦੇ ਨਿਸ਼ਾਨੇ ਤੇ ਹੀ ਸੀ।

ਜਦੋਂ ਸਵਰਨ ਘੋਟਣਾ ਜਗਰਾਉਂ ਐਸਐਸਪੀ ਸੀ, ਉਸ ਵਕਤ ਵੀ ਖਾਲਸਤਾਨ ਲਿਬਰੇਸ਼ਨ ਫੋਰਸ ਨੇ ਇਸ ਤੇ ਬਾਰੂਦ ਨਾਲ ਕਈ ਘਾਤਾਂ ਲਾਈਆਂ। ਜਦੋਂ ਇਹ ੧੯੮੬-੮੭ ਵਿੱਚ ਜਲੰਧਰ ਐਸਪੀ ਸੀ, ਉਦੋਂ ਖਾਲਸਤਾਨ ਕਮਾਂਡੋ ਫੋਰਸ ਦੇ ਸਿੰਘਾਂ ਨੇ ਇਸ ਨੂੰ ਸ਼ਹਿਰ ਵਿੱਚ ਹੀ ਘੇਰ ਕੇ ਮਾਰਨ ਦੀ ਵਿਉਂਤ ਬਣਾਈ ਸੀ, ਜਿਸ ਵਿੱਚ ਮੈਂ ਵੀ ਸ਼ਾਮਲ ਸੀ। ਉਦੋਂ ਲਾਭ ਸਿੰਘ ਖਾਲਸਤਾਨ ਕਮਾਂਡੋ ਫੋਰਸ ਦਾ ਮੁਖੀ ਸੀ। ਸਾਡੇ ਕੋਲ ਨਵੀਆਂ ਅਸਾਲਟਾਂ ਤੇ ਐਮਐਮਜੀ ਬੰਦੂਕਾਂ ਆਈਆਂ ਸਨ। ਜਲੰਧਰ ਪੁਲਿਸ ਵਿਚ ਖਾਲਸਤਾਨ ਕਮਾਂਡੋ ਫੋਰਸ ਦੇ ਕਾਫੀ ਚੰਗੇ ਸੰਬੰਧ ਸਨ, ਜੋ ਜਾਣਕਾਰੀ ਦਿੰਦੇ ਸਨ। ਲਾਭ ਸਿੰਘ ਦੀ ਬੜੀ ਰੀਝ ਸੀ ਕਿ ਇਸ ਦੁਸ਼ਟ ਨੂੰ ਸ਼ਰ੍ਹੇਆਮ ਘੇਰ ਕੇ ਮਾਰਿਆ ਜਾਵੇ। ਇਹ ਸਵੇਰੇ, ਦੁਪਹਿਰੇ ਤੇ ਸ਼ਾਮ ਨੂੰ ਦਫਤਰ ਆਉਂਦਿਆਂ ਜਾਂਦਿਆਂ ਖਾਲਸਾ ਕਾਲਜ ਸਾਹਮਣੇ ਦੀ ਆਪਣੀ ਕਾਰ ਤੇ ਖੁੱਲ੍ਹੀ ਜੀਪ ਵਿੱਚ ਕੁਝ ਸਿਪਾਹੀਆਂ ਨਾਲ ਜਾਇਆ ਕਰਦਾ ਸੀ। ਕਾਲਜ ਦੇ ਸਾਹਮਣੇ ਹੀ ਟਰੱਕ ਲਾ ਕੇ ਇੱਥੇ ਹੋਰ ਗੱਡੀਆਂ ਲਾ ਕੇ ਇਸ ਦੀਆਂ ਦੋਵੇਂ ਗੱਡੀਆਂ ਨੂੰ ਘੇਰਨ ਦੀ ਵਿਉਂਤ ਬਣਾਈ ਗਈ। ਟਰੱਕ ਅਤੇ

ਗੱਡੀਆਂ ਦਾ ਵੀ ਪ੍ਰਬੰਧ ਕਰ ਲਿਆ ਸੀ ਤੇ ਸਾਮਾਨ ਦਾ ਵੀ। ਲਾਭ ਸਿੰਘ ਦੇ ਨਾਲ ਬਾਬਾ ਧੰਨਾ ਸਿੰਘ, ਬਾਬਾ ਅਜੀਤ ਸਿੰਘ, ਬਾਪੂ ਮਲਕੀਅਤ ਸਿੰਘ, ਬਾਬਾ ਬਲਵਿੰਦਰ ਸਿੰਘ, ਕੰਵਰਜੀਤ ਸਿੰਘ ਸੁਲਤਾਨਵਿੰਡ, ਗੁਰਦੇਵ ਸਿੰਘ ਉਸਮਾਨ ਵਾਲਾ, ਗੁਰਦੇਵ ਸਿੰਘ ਦੇਬੂ, ਗੁਰਦੇਵ ਸਿੰਘ ਸਤੀਏ ਵਾਲਾ, ਚਰਨਜੀਤ ਸਿੰਘ ਤਲਵੰਡੀ, ਚਾਚਾ ਮਥਰਾ ਸਿੰਘ ਤੇ ਮੈਂ ਇਸ ਕੰਮ ਲਈ ਤਿਆਰ ਸਾਂ। ਬਾਪੂ ਮਲਕੀਅਤ ਸਿੰਘ ਨੇ ਮਥਰਾ ਸਿੰਘ ਤੇ ਮੈਨੂੰ ਸਾਰਾ ਮੌਕਾ ਤੇ ਨਿਸ਼ਾਨੇ ਦੀ ਥਾਂ ਦਿਖਾਈ। ਸਾਡੀ ਰਾਇ ਸੀ ਕਿ ਇਹ ਕੰਮ ਹੋ ਸਕਦਾ ਹੈ ਪਰ ਔਖਾ ਹੈ। ਉਸ ਵਕਤ ਖੁੱਲੀ ਜੀਪ ਵਿੱਚ ਬੈਠੇ ਛੇ ਸਿਪਾਹੀ ਸੌਖਿਆਂ ਹੀ ਮਾਰ ਵਿੱਚ ਆ ਸਕਦੇ ਸੀ ਪਰ ਜਗ੍ਹਾ ਬਹੁਤ ਖਤਰੇ ਵਾਲੀ ਸੀ। ਸਾਹਮਣੇ ਬੀਐਸਐਫ ਦਾ ਕੈਂਪ ਸੀ ਤੇ ਘੋਟਣੇ ਦੀ ਗੱਡੀ ਦੇ ਬਚ ਨਿਕਲਣ ਦਾ ਵੀ ਖਦਸ਼ਾ ਸੀ। ਅਸੀਂ ਉਹਨਾਂ ਨੂੰ ਕਿਹਾ ਕਿ ਆਪਾਂ ਨੂੰ ਜਗ੍ਹਾ ਬਦਲ ਲੈਣੀ ਜਰੂਰੀ ਹੈ ਪਰ ਲਾਭ ਸਿੰਘ, ਚਰਨਜੀਤ ਸਿੰਘ, ਬਾਪੂ ਮਲਕੀਅਤ ਸਿੰਘ ਤੇ ਰਿਬੈਰੋ ਹਮਲੇ ਵਾਲੇ ਬਾਬਾ ਧੰਨਾ ਸਿੰਘ ਤੇ ਅਜੀਤ ਸਿੰਘ ਦ੍ਰਿੜ੍ਹ ਸਨ ਕਿ ਇਥੇ ਹੀ ਖੜ੍ਹ ਕੇ ਹਮਲਾ ਕਰਨਾ ਹੈ। ਸੋ ਅਸੀਂ ਵੀ ਮੰਨ ਗਏ। ਅਸੀਂ ਇੱਕ ਦਿਨ ਪੂਰੀ ਤਿਆਰੀ ਵਿੱਚ ਉੱਥੇ ਖੜ੍ਹੇ ਰਹੇ ਪਰ ਉਸ ਦਿਨ ਕੰਮ ਨਹੀਂ ਬਣਿਆ। ਜਿਵੇਂ ਰੱਬ ਦੀ ਰਜ਼ਾ ਹੁੰਦੀ ਹੈ ਕਿ ਉਸ ਦਿਨ ਉਹਦੀ ਪਹਿਰੇਦਾਰੀ ਬਹੁਤ ਜਿਆਦਾ ਸੀ। ਸਾਨੂੰ ਸਾਡੇ ਪੁਲਿਸ ਵਿਚਲੇ ਸੂਤਰਾਂ ਤੋਂ ਖਬਰ ਮਿਲੀ ਕਿ ਤੁਹਾਡੇ ਹਮਲੇ ਦੀ ਯੋਜਨਾ ਬਾਰੇ ਪੁਲਿਸ ਨੂੰ ਪਤਾ ਲੱਗ ਗਿਆ ਹੈ ਤੇ ਉਹ ਉਲਟਾ ਤੁਹਾਨੂੰ ਹੀ ਘੇਰਨ ਲਈ ਯੋਜਨਾਬੰਦੀ ਕਰ ਰਹੇ ਹਨ। ਫਿਰ ਅਸੀਂ ਇਹ ਹਮਲੇ ਦਾ ਥਾਂ ਅਤੇ ਖਿਆਲ ਛੱਡ ਦਿੱਤਾ ਤੇ ਕੁਝ ਸਮੇਂ ਲਈ ਜਲੰਧਰ ਵੀ ਛੱਡ ਦਿੱਤਾ। ਜਿਵੇਂ ਸਾਡੇ ਬੰਦੇ ਉਹਨਾਂ ਵਿੱਚ ਸੀ, ਉਸ ਤਰ੍ਹਾਂ ਸਾਡੇ ਵਿੱਚ ਵੀ ਕੋਈ ਉਹਨਾਂ ਦਾ ਬੰਦਾ ਸੀ ਪਰ ਅਸੀਂ ਉਸ ਵਕਤ ਸ਼ਿਕਾਰ ਕਰਦਿਆਂ ਖੁਦ ਸ਼ਿਕਾਰ ਹੋਣ ਤੋਂ ਬਚ ਗਏ।

ਸੰਤ ਕੁਮਾਰ 'ਤੇ ਹਮਲਾ

[illegible]

[illegible]

[illegible]
[illegible]
[illegible]
[illegible]
[illegible]
[illegible]
[illegible]
[illegible]
[illegible]
[illegible]

ਲੁਧਿਆਣੇ ਦੇ ਪੁਲਿਸ ਅਫਸਰਾਂ ਦਾ ਬਚਣਾ

ਇੱਕ ਵਾਰ ਲੁਧਿਆਣੇ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਦੇ ਕੋਲ ਖਾਲਸਤਾਨ ਲਿਬਰੇਸ਼ਨ ਫੋਰਸ ਵਾਲਿਆਂ ਨੇ ਪੁਲਿਸ ਵਾਲਿਆਂ ਲਈ ਬੰਬ ਲਾਇਆ ਸੀ। ਸੜਕ ਤੇ ਇਕ ਪੁਲੀ ਦੇ ਹੇਠ ਬਾਰੂਦ ਲਾਇਆ ਗਿਆ ਤੇ ਤਾਰ ਰਾਹੀਂ ਬੈਟਰੀ ਨਾਲ ਜੋੜਿਆ ਗਿਆ। ਪੁਲਿਸ ਬਿਲਕੁਲ ਸਿੰਘਾਂ ਦੇ ਜਾਲ ਵਿੱਚ ਫਸ ਗਈ ਸੀ। ਐਸਐਸਪੀ ਸੈਣੀ, ਇੰਸਪੈਕਟਰ ਮਨਮੋਹਨ ਸਿੰਘ ਤੇ ਗੁਰਮੀਤ ਪਿੰਕੀ ਉਸ ਥਾਂ ਤੇ ਆ ਕੇ ਕਾਫੀ ਸਮਾਂ ਖੜ੍ਹੇ ਰਹੇ ਪਰ ਓਹਨਾਂ ਦੀ ਕਿਸਮਤ ਚੰਗੀ ਸੀ ਕਿ ਰਾਤ ਨੂੰ ਕੋਈ ਚੂਹਾ ਤਾਰ ਕੁਤਰ ਗਿਆ ਅਤੇ ਬਾਰੂਦ ਨੂੰ ਕਰੰਟ ਨਹੀਂ ਮਿਲਿਆ। ਇਸ ਤਰ੍ਹਾਂ ਇਹ ਤਿੰਨੋਂ ਹੀ ਅਫਸਰ ਉਸ ਦਿਨ ਬਚ ਗਏ। ਬਾਅਦ ਵਿੱਚ ਓਹਨਾਂ ਨੂੰ ਇਸ ਜਾਲ ਬਾਰੇ ਪਤਾ ਵੀ ਲੱਗ ਗਿਆ ਸੀ।

ਲੁਧਿਆਣੇ ਵਿੱਚ ਪੁਲਿਸ ਦਾ ਇੱਕ ਹੋਰ ਐਸਪੀ, ਬੀਐਸ ਗਿੱਲ ਸਿੰਘਾਂ ਖਿਲਾਫ ਬਹੁਤ ਵਧ ਚੜ੍ਹ ਕੇ ਕੰਮ ਕਰ ਰਿਹਾ ਸੀ। ਉਸਨੇ ਕਈ ਸਿੰਘਾਂ ਨੂੰ ਸ਼ਹੀਦ ਕਰ ਦਿੱਤਾ ਸੀ। ਖਾਲਸਤਾਨ ਲਿਬਰੇਸ਼ਨ ਫੋਰਸ ਦੇ ਰਣਧੀਰ ਸਿੰਘ ਧੀਰਾ, ਸੁਰਿੰਦਰਪਾਲ ਸਿੰਘ ਠਰੂਆ, ਮਨਜਿੰਦਰ ਸਿੰਘ ਈਸੀ, ਡਾ ਹਰੀ ਸਿੰਘ ਅਤੇ ਡਾ. ਪ੍ਰੀਤਮ ਸਿੰਘ ਸੇਖੋਂ ਅਤੇ ਹੋਰ ਸਿੰਘਾਂ ਨੂੰ ਉਸ ਦੇ ਬਾਰੇ ਇੱਕ ਅਹਿਮ ਸੂਹ ਮਿਲੀ। ਉਹ ਮਹੀਨੇ ਵਿੱਚ ਇੱਕ ਵਾਰ ਦਿੱਲੀ ਆਪਣੇ ਰਿਸ਼ਤੇਦਾਰ ਕੋਲ ਸਿਰਫ ਇੱਕ ਸਿਪਾਹੀ ਨਾਲ ਹੀ ਮਾਰੂਤੀ ਕਾਰ ਵਿੱਚ ਜਾਂਦਾ ਸੀ। ਉੱਥੇ ਜਾ ਕੇ ਉਹ ਪਹਿਰੇ ਤੋਂ ਪਰ੍ਹੇ ਹੋ ਕੇ ਇਕ ਦੋ ਦਿਨ ਮੌਜ-ਮਸਤੀ ਕਰਦਾ ਸੀ ਤੇ ਫਿਰ ਵਾਪਸ ਆ ਜਾਂਦਾ ਸੀ। ਜਿੱਥੇ ਜਾਂਦਾ ਸੀ, ਉਸ ਥਾਂ ਇਨ੍ਹਾਂ ਸਿੰਘਾਂ ਦਾ ਕੋਈ ਸੂਤਰ ਸੀ ਜੋ ਇਨ੍ਹਾਂ ਨੂੰ ਦੱਸ ਦਿੰਦਾ ਸੀ। ਕਈ ਵਾਰ ਇਹ ਸਿੰਘ ਟਰੱਕ ਲੈ ਕੇ ਜੀਟੀ ਰੋਡ ਤੇ ਖੜ੍ਹਦੇ ਰਹੇ ਕਿ ਦਿੱਲੀ ਤੋਂ ਆਉਣ ਬਾਰੇ ਫੋਨ ਤੇ ਖਬਰ ਆਏਗੀ ਪਰ ਹਰ ਵਾਰ ਕੋਈ ਨਾ ਕੋਈ ਵਿਘਨ ਪੈਂਦਾ ਰਿਹਾ। ਇਹ ਅਫਸਰ ਕਈ ਵਾਰ ਉੱਥੇ ਗਿਆ ਤੇ ਸਿੰਘ ਰਾਹ ਵਿਚ ਵਾਪਸ ਆਉਂਦੇ ਨੂੰ ਘੇਰਨ ਲਈ ਸਾਰਾ-ਸਾਰਾ ਦਿਨ ਖੜ੍ਹੇ ਰਹਿੰਦੇ ਪਰ ਓਹਨਾਂ ਨੂੰ ਸਹੀ ਮੌਕਾ ਹੀ ਨਹੀਂ ਮਿਲਿਆ।

ਰਾਜ ਕ੍ਰਿਸ਼ਨ ਬੇਦੀ ਦਾ ਪਿੱਛਾ ਕਰਨਾ

ਇਹ ਗੱਲ ਦਸੰਬਰ ੧੯੮੪ ਦੀ ਹੈ, ਜਦੋਂ ਸਖਤ ਠੰਢ ਅਤੇ ਧੁੰਦ ਪੈ ਰਹੀ ਸੀ। ਜੂਨ ੧੯੮੪ ਅਤੇ ਨਵੰਬਰ ੧੯੮੪ ਸਿੱਖਾਂ ਉਪਰ ਇਹ ਦੋ ਵੱਡੇ ਹਮਲੇ ਹੋ ਚੁੱਕੇ ਸਨ। ਸਿੱਖਾਂ ਵਿੱਚ ਰੋਹ ਅਤੇ ਗੁੱਸੇ ਦੇ ਨਾਲ ਹੀ ਬੇਇਜਤੀ ਦਾ ਦਰਦ ਤੇ ਇਕ ਖੌਫ ਜਿਹਾ ਵੀ ਸੀ। ੧੯੮੪ ਤੋਂ ਬਾਅਦ ਹੀ ਅਸੀਂ ਤਿੰਨਾਂ ਦੋਸਤਾਂ ਨੇ ਹਥਿਆਰਬੰਦ ਲੜਾਈ ਦਾ ਰਾਹ ਚੁਣ ਲਿਆ ਸੀ ਤੇ ਦਸੰਬਰ ਤੱਕ ਸਾਡਾ ਬਬਰ ਖਾਲਸਾ ਦੇ ਭਾਈ ਅਨੋਖ ਸਿੰਘ, ਸੁਲੱਖਣ ਸਿੰਘ, ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਚਰਨਜੀਤ ਸਿੰਘ ਤੇ ਚਾਚਾ ਮਥਰਾ ਸਿੰਘ ਨਾਲ ਸੰਪਰਕ ਹੋ ਚੁੱਕਿਆ ਸੀ। ਸਾਡੇ ਕੋਲ ਕਾਫੀ ਅਸਲਾ ਇਕੱਠਾ ਹੋ ਚੁੱਕਿਆ ਸੀ। ਉਸ ਵਕਤ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ, ਦਮਦਮੀ ਟਕਸਾਲ ਤੇ ਸਿੱਖ ਸਟੂਡੈਂਟਸ ਫੈਡਰੇਸ਼ਨ ਨਾਲ ਸਬੰਧਿਤ ਸਿੰਘ ਜਥੇਬੰਦ ਹੋਣ ਦੀ ਕੋਸ਼ਿਸ਼ ਕਰ ਰਹੇ ਸਨ ਤੇ ਬਬਰ ਖਾਲਸਾ ਵਾਲੇ ਵੀ ਜਥੇਬੰਦ ਹੋ ਰਹੇ ਸੀ। ਹਾਲੇ ਕਿਸੇ ਕੋਲ ਵੀ ਵੱਡੇ ਕਾਰਨਾਮੇ ਕਰਨ ਲਈ ਨਾ ਤਾਂ ਬੰਦੇ ਸਨ ਅਤੇ ਨਾ ਹੀ ਸਾਮਾਨ ਸੀ। ਸਾਡਾ ਇਨ੍ਹਾਂ ਦੋਨਾਂ ਹਿੱਸਿਆਂ ਨਾਲ ਸੰਪਰਕ ਹੋਣ ਕਾਰਨ ਅਸੀਂ ਸਾਮਾਨ ਅਤੇ ਬੰਦੇ ਦੋਵੇਂ ਹੀ ਇਕੱਠੇ ਕਰ ਸਕਦੇ ਸੀ।

ਬਬਰਾਂ ਨੂੰ ਅਸੀਂ ਰਾਜ ਕ੍ਰਿਸ਼ਨ ਬੇਦੀ, ਜੋ ਉਸ ਵਕਤ ਸੀਆਈਏ ਇੰਸਪੈਕਟਰ ਸੀ, ਬਾਰੇ ਦੱਸਿਆ। ਬੇਦੀ ਪਹਿਲਾਂ ਹੀ ਬੜਾ ਬਦਨਾਮ ਅਫਸਰ ਸੀ। ਇਹ ਤਸ਼ੱਦਦ ਵਿੱਚ ਮਾਹਰ ਅਤੇ ਭ੍ਰਿਸ਼ਟ ਅਫਸਰ ਸੀ। ਡੀਆਰ ਭੱਟੀ ਉੱਪਰ ਹੋਏ ਹਮਲੇ ਵਿਚ ਇਸਨੇ ਸਿੰਘਾਂ ਦੀ ਜਲਾਲਤ ਭਰੀ ਤਫਤੀਸ਼ ਕੀਤੀ ਸੀ। ਸੰਘਰਸ਼ ਤੋਂ ਪਹਿਲਾਂ ਵੀ ਉਸ ਨੇ ਪੈਸੇ ਦੇ ਲਾਲਚ ਵਿੱਚ ਦੀਪੇ ਅਤੇ ਮਹਿੰਦਰ ਆਜਾਦ ਦੇ ਝੂਠੇ ਮੁਕਾਬਲੇ ਬਣਾਏ ਸਨ। ਭਾਈ ਅਨੋਖ ਸਿੰਘ ਹੋਰਾਂ ਨੇ ਕਿਹਾ ਕਿ ਇਹ ਕੰਮ ਹੋ ਜਾਵੇ ਤਾਂ ਸਿੱਖਾਂ ਨੂੰ ਬਹੁਤ ਹੌਸਲਾ ਮਿਲੇਗਾ। ਅਸੀਂ ਇਸ ਕੰਮ ਉਪਰ ਲੱਗ ਗਏ। ਅਸੀਂ ਰਾਜ ਕ੍ਰਿਸ਼ਨ ਬੇਦੀ ਨੂੰ ਨਿੱਜੀ ਤੌਰ ਤੇ ਵੀ ਜਾਣਦੇ ਸੀ। ਉਹ ਉਸ ਵਕਤ ਸੀਆਈਏ ਸਟਾਫ ਦੇ ਪਿਛਲੇ ਪਾਸੇ ਬਣੇ ਮਕਾਨਾਂ ਵਿੱਚ ਹੀ ਰਹਿੰਦਾ ਸੀ। ਉਸ ਵਕਤ ਸੀਆਈਏ ਦਾ

ਪਿਛਲੇ ਪਾਸੇ ਨੂੰ ਇੱਕ ਦਰਵਾਜਾ ਵੀ ਸੀ, ਜੋ ਟੁੱਟੀ ਹੋਈ ਸੜਕ ਤੇ ਖੁੱਲ੍ਹਦਾ ਸੀ। ਇਸ ਸੜਕ ਤੇ ਕੋਈ ਬੱਤੀ ਨਹੀਂ ਸੀ। ਰਾਤ ਨੂੰ ਪਿਛਲੇ ਪਾਸੇ ਪੂਰਾ ਹਨੇਰਾ ਹੀ ਹੁੰਦਾ ਸੀ। ਉਦੋਂ ਤਕ ਫਿਰੋਜ ਗਾਂਧੀ ਬਜਾਰ ਵਾਲਾ ਸਾਰਾ ਇਲਾਕਾ ਇਕ ਮੈਦਾਨ ਹੀ ਸੀ। ਜਿੱਥੇ ਕੋਈ-ਕੋਈ ਦੁਕਾਨ ਬਣਨੀ ਸ਼ੁਰੂ ਹੋਈ ਸੀ। ਇਸ ਮੈਦਾਨ ਵਿੱਚ ਓਹਨਾਂ ਦਿਨਾਂ ਵਿੱਚ ਸੰਤ ਰਾੜੇ ਵਾਲਿਆਂ ਦੇ ਦੀਵਾਨ ਲੱਗਦੇ ਸਨ ਤੇ ਇਹ ਕਾਫੀ ਰਾਤ ਤਕ ਚਲਦੇ ਸਨ। ਠਾਣੇ ਦੇ ਪਿਛਲੇ ਪਾਸੇ ਸਭ ਤੋਂ ਪਹਿਲੇ ਕੋਨੇ ਵਿੱਚ ਇਕ ਹੋਟਲ ਦੀ ਤਿਆਰੀ ਹੋ ਰਹੀ ਸੀ, ਜੋ ਹੁਣ ਗਰੇਵਾਲ ਹੋਟਲ ਵਜੋਂ ਜਾਣਿਆ ਜਾਂਦਾ ਹੈ। ਰਾਤ ਨੂੰ ਇਹ ਇਲਾਕਾ ਸੁੰਨਸਾਨ ਤੇ ਡਰੌਂਦੇ ਵਾਲਾ ਹੁੰਦਾ ਸੀ। ਦੀਵਾਨ ਵਾਲੇ ਦਿਨਾਂ ਵਿਚ ਅਸੀਂ ਹੋਟਲ ਦੀ ਉਪਰਲੀ ਮੰਜ਼ਿਲ ਤੇ ਚੜ੍ਹ ਕੇ ਦੇਖਿਆ ਤਾਂ ਸੀਆਈਏ ਸਟਾਫ ਵਿਚ ਬੇਦੀ ਦੀ ਰਿਹਾਇਸ਼ ਸਪੱਸ਼ਟ ਦਿੱਖ ਰਹੀ ਸੀ। ਉਸ ਦੀ ਘਰਵਾਲੀ, ਕੁੜੀ, ਮੁੰਡਾ ਤੇ ਉਸ ਨੂੰ ਰੋਟੀ ਖਾਂਦਿਆਂ ਨੂੰ ਅਸੀਂ ਦੇਖ ਸਕਦੇ ਸੀ। ਜਦੋਂ ਇਹ ਦ੍ਰਿਸ਼ ਸੁਲੱਖਣ ਸਿੰਘ ਬੱਬਰ ਤੇ ਅਨੋਖ ਸਿੰਘ ਬੱਬਰ ਨੇ ਦੇਖਿਆ ਤਾਂ ਬੜੇ ਹੈਰਾਨ ਹੋਏ ਤੇ ਕਿਹਾ ਕਿ ਇਹ ਤਾਂ ਬਹੁਤ ਸੌਖਾ ਹੀ ਇਵੇਂ ਮਾਰਿਆ ਜਾ ਸਕਦਾ ਹੈ। ਸਾਨੂੰ ਇੱਕ ਦੂਰਬੀਨੀ ਬੰਦੂਕ ਚਾਹੀਦੀ ਸੀ। ਕੋਈ ਵੀ ਪੱਕੀ ਬੰਦੂਕ ਇੰਨੇ ਫਾਸਲੇ ਤੋਂ ਸੌਖਿਆਂ ਮਾਰ ਕਰਦੀ ਸੀ। ਉਹ ਚਾਨਣ ਵਿਚ ਸੀ ਤੇ ਅਸੀਂ ਹਨੇਰੇ ਵਿੱਚ।

ਸੀਆਈਏ ਸਟਾਫ ਵਿਚ ਕਾਫੀ ਪਹਿਰੇਦਾਰੀ ਸੀ ਪਰ ਸਾਰੀ ਦਰਵਾਜੇ ਉੱਤੇ ਸੀ। ਸ਼ਾਇਦ ਪਿੱਛੇ ਵਾਰੇ ਉਹਨੂੰ ਕੋਈ ਚਿੱਤ ਚੇਤਾ ਵੀ ਨਹੀਂ ਸੀ। ਠਾਣੇ ਦੇ ਸਾਰੇ ਖੂੰਜਿਆਂ ਉੱਤੇ ਮੋਰਚੇ ਬਣੇ ਹੋਏ ਸਨ ਪਰ ਰਾਤ ਨੂੰ ਇੱਥੇ ਕੋਈ ਸੰਤਰੀ ਨਹੀਂ ਸੀ ਹੁੰਦਾ। ਬੇਦੀ ਦੇ ਘਰ ਦੀ ਛੱਤ ਉੱਪਰ ਇੱਕ ਕੁਰਸੀ ਰੱਖੀ ਹੋਈ ਸੀ। ਜਿੱਥੇ ਰਾਤ ਨੂੰ ਕਦੀ-ਕਦੀ ਕੁਝ ਸਮੇਂ ਲਈ ਪਹਿਰੇਦਾਰ ਬੈਠਦਾ ਸੀ। ਪਹਿਲਾਂ ਇਨ੍ਹਾਂ ਮੋਰਚਿਆਂ ਤੇ ਸੀਆਰਪੀਐਫ ਲੱਗੀ ਹੋਈ ਸੀ ਪਰ ਹੁਣ ਹਟ ਗਈ ਸੀ। ਸੁਲੱਖਣ ਸਿੰਘ ਚੰਗਾ ਦੂਰਬੀਨੀ ਨਿਸ਼ਾਨੇਬਾਜ ਸੀ ਤੇ ਉਸ ਨੇ ਦੇਖ ਕੇ ਕਿਹਾ ਕਿ ਹਥਿਆਰ ਹੋਵੇ ਤਾਂ ਇਹ ਕੰਮ ਪੱਕਾ ਹੈ। ਕੁਝ ਦਿਨਾਂ ਬਾਅਦ ਦੀਵਾਨ ਲੱਗ ਗਏ। ਅਸੀਂ ਫੇਰ ਵੀ ਉੱਥੇ ਰਾਤ ਨੂੰ ਆਉਣਾ ਜਾਣਾ ਰੱਖਿਆ ਤੇ ਸਭ ਕੁਝ ਦੇਖਦੇ ਰਹੇ। ਘਰੋਂ ਰਾਤ ਨੂੰ ਚੋਰੀ ਸਾਈਕਲ ਤੇ ਪਸਤੌਲ ਲੈ ਕੇ ਜਾਣਾ। ਵੀਰਾਨ ਸੁੰਨਸਾਨ ਇਮਾਰਤ ਵਿਚ ਚੜ੍ਹਨਾ ਤੇ ਸੀਆਈਏ ਸਟਾਫ ਨੂੰ ਕਈ-ਕਈ ਘੰਟੇ ਦੇਖੀ ਜਾਣਾ ਤੇ ਫਿਰ ਉਸੇ ਤਰ੍ਹਾਂ ਹੀ ਵਾਪਸ ਘਰਦਿਆਂ ਤੋਂ ਚੋਰੀ ਘਰ ਆਉਣਾ। ਇੱਕ ਦੋ ਵਾਰੀ ਰਾਤ ਨੂੰ ਚੌਕੀਦਾਰ ਤੇ ਪੁਲਿਸ ਵਾਲੇ ਵੀ ਮਿਲੇ ਪਰ ਸਾਡੇ ਕੋਲ ਸਾਰੇ ਜਵਾਬ ਬਣਾਏ ਹੁੰਦੇ ਸੀ ਤੇ ਅਸੀਂ ਇਸ ਇਲਾਕੇ ਦੇ ਜਾਣਕਾਰ ਸੀ।

ਇੱਕ ਦਿਨ ਸੁਲੱਖਣ ਸਿੰਘ, ਮੈਂ ਅਤੇ ਬਾਣੀ (ਗੁਰਸ਼ਰਨ ਸਿੰਘ) ਗਾਮਾ ਇਸੇ ਤਰ੍ਹਾਂ ਬੈਠੇ ਸੀ ਕਿ ਰਾਤ ਨੂੰ ਸਾਢੇ ਗਿਆਰਾਂ ਕੁ ਵਜੇ ਇੱਕ ਫੀਅਟ ਕਾਰ ਆ ਕੇ ਸਟਾਫ

ਦੇ ਪਿਛਲੇ ਦਰਵਾਜੇ ਕੋਲ ਰੁਕੀ। ਇੱਕ ਬੰਦੇ ਨੇ ਉਤਰ ਕੇ ਦਰਵਾਜੇ ਤੇ ਖਾਸ ਤਰੀਕੇ ਨਾਲ ਦਸਤਕ ਦਿੱਤੀ। ਅੰਦਰੋਂ ਬੇਦੀ ਨਿਕਲਿਆ ਤੇ ਉਹ ਓਹਨਾਂ ਦੋਵਾਂ ਬੰਦਿਆਂ ਨੂੰ ਹੱਥ ਮਿਲਾ ਕੇ ਮਿਲਿਆ। ਚਾਰ ਪੰਜ ਮਿੰਟ ਗੱਲਾਂ ਕਰਦੇ ਰਹੇ। ਫਿਰ ਓਹਨਾਂ ਨੇ ਕਾਰ ਵਿਚੋਂ ਇਕ ਲਿਫਾਫਾ ਕੱਢ ਕੇ ਬੇਦੀ ਨੂੰ ਦਿੱਤਾ ਤੇ ਚਲੇ ਗਏ। ਭਾਈ ਗਾਮਾ ਉਹ ਬੰਦੇ ਨੂੰ ਪਛਾਣਦਾ ਸੀ ਜੋ ਉਸ ਵਕਤ ਲੁਧਿਆਣੇ ਦਾ ਵੱਡਾ ਨਸ਼ਾ ਸੌਦਾਗਰ ਸੀ। ਸਾਨੂੰ ਪਤਾ ਸੀ ਕਿ ਏਹ ਧੰਦਾ ਇਸ ਇਲਾਕੇ ਵਿਚ ਬੇਦੀ ਨਾਲ ਰਲਕੇ ਹੁੰਦਾ ਸੀ।

ਦੂਰਬੀਨੀ ਬੰਦੂਕ ਹਾਸਲ ਕਰਨ ਵਿੱਚ ਸਾਨੂੰ ਬਹੁਤ ਦਿੱਕਤ ਆਈ। ਬੱਬਰਾਂ ਨੇ ਪੂਰੀ ਕੋਸ਼ਿਸ਼ ਕੀਤੀ ਪਰ ਓਹਨਾਂ ਨੂੰ ਵੀ ਓਦੋਂ ਨਹੀਂ ਮਿਲੀ। ਹਾਂ, ਓਹਨਾਂ ਨੂੰ ਇੱਕ ਦੂਰਬੀਨ ਜਰੂਰ ਮਿਲ ਗਈ ਸੀ। ਭਾਈ ਗਾਮੇ ਨੇ ਸਾਨੂੰ ਦੱਸਿਆ ਕਿ ਓਹਨਾਂ ਦੇ ਚਾਚੇ ਕੋਲ ਨਜਾਇਜ ਸਪਰਿੰਗ ਫੀਲਡ ਬੰਦੂਕ ਹੈ ਪਰ ਉਹ ਤਾਂ ਹੀ ਦੇਵੇਗਾ ਜੇ ਚਰਨਜੀਤ ਸਿੰਘ ਤਲਵੰਡੀ ਦੇ ਪਿਤਾ ਦੇਵ ਰਾਜ ਸਿੰਘ ਤਲਵੰਡੀ ਓਹਨਾਂ ਨੂੰ ਕਹਿਣ। ਕੁਝ ਸਮਾਂ ਅਸੀਂ ਇਹ ਯਤਨ ਕੀਤਾ ਪਰ ਗੱਲ ਨਹੀਂ ਬਣੀ।

ਫਿਰ ਅਸੀਂ ਸੋਚਿਆ ਕਿ ਸਾਡੇ ਕੋਲ ਥਾਮਸਨ ਗੰਨ ਤਾਂ ਹੈ ਹੀ, ਕਿਉਂ ਨਾ ਇੱਕ ਬੰਦਾ ਰਾਤ ਨੂੰ ਬੇਦੀ ਦੇ ਮਕਾਨ ਦੀ ਛੱਤ ਉੱਪਰ ਚੜ੍ਹ ਜਾਵੇ ਤੇ ਉੱਥੇ ਉਹਦੀ ਉਡੀਕ ਕਰੇ। ਜਦੋਂ ਦਫਤਰ ਵਾਲੇ ਪਾਸਿਓਂ ਆਪਣੇ ਘਰ ਵਿੱਚ ਦਾਖਲ ਹੋਵੇ, ਉਦੋਂ ਬਿਲਕੁਲ ਉੱਪਰੋਂ ਉਸ ਤੇ ਹਮਲਾ ਕਰ ਦੇਵੇ। ਇਹ ਕੰਮ ਹੋਰ ਵੀ ਪੱਕਾ ਸੀ ਪਰ ਖਤਰਾ ਵੀ ਜਿਆਦਾ ਸੀ। ਕੋਠੇ ਚੜ੍ਹਦਿਆਂ ਨੂੰ ਕੋਈ ਦੇਖ ਸਕਦਾ ਸੀ ਤੇ ਕੋਠੇ ਉਪਰ ਕੋਈ ਆ ਸਕਦਾ ਸੀ। ਬੇਦੀ ਰਾਤ ਨੂੰ ਇੱਕ ਵਾਰ ਅੱਠ ਕੁ ਵਜੇ ਤਫਤੀਸ਼ ਕਰਕੇ ਘਰ ਆਉਂਦਾ ਸੀ। ਫਿਰ ਰੋਟੀ ਖਾ ਕੇ ਕੁਝ ਸਮੇਂ ਬਾਅਦ ਦੁਬਾਰਾ ਤਫਤੀਸ਼ ਕਰਨ ਲਈ ਚਲਿਆ ਜਾਂਦਾ ਸੀ। ਫੇਰ ਦੇਰ ਰਾਤ ਨੂੰ ਵਾਪਸ ਆਉਂਦਾ ਸੀ। ਇਹ ਸਾਰਾ ਕੁਝ ਅਸੀਂ ਕਈ ਵਾਰ ਦੇਖਿਆ ਸੀ। ਅਸੀਂ ਇਹ ਯੋਜਨਾ ਤਿਆਰ ਕਰ ਲਈ ਤੇ ਸੁਲੱਖਣ ਸਿੰਘ ਤੇ ਮੈਂ ਤੇ ਦੋ ਹੋਰ ਸਿੰਘ ਇਸ ਉੱਪਰ ਲੱਗ ਗਏ। ਸਾਡਾ ਇੱਕ ਬੰਦਾ ਟਰਾਲੀ ਟਰੈਕਟਰ ਤੇ ਦਿਨੇ ਇੱਕ ਟੁੱਟੀ ਜਿਹੀ ਪੌੜੀ ਕੰਧ ਕੋਲ ਸੁੱਟ ਗਿਆ। ਰਾਤ ਨੂੰ ਅਸੀਂ ਇੱਕ ਸਕੂਟਰ ਤੇ ਇਕ ਗੱਡੀ ਜੋ ਸਾਡੇ ਆਪਣੇ ਹੀ ਸਨ ਉਹਨਾਂ ਤੇ ਨੰਬਰ ਬਦਲ ਕੇ ਹਨ੍ਹੇਰੇ ਵਿੱਚ ਖੜ੍ਹੇ ਕਰ ਦਿੱਤੇ ਤੇ ਇਕ ਬੰਦਾ ਹਨ੍ਹੇਰੇ ਵਿੱਚ ਪੌੜੀ ਲਾ ਕੇ ਥਾਮਸਨ ਗੰਨ ਲੈ ਕੇ ਥਾਣੇ ਦੀ ਛੱਤ ਤੇ ਚੜ੍ਹ ਗਿਆ ਤੇ ਲੰਮਾ ਪੈ ਗਿਆ। ਕਈ ਘੰਟੇ ਅਸੀਂ ਉਸ ਨੂੰ ਉਡੀਕਦੇ ਰਹੇ ਪਰ ਉਸ ਦਿਨ ਉਹ ਦੀ ਕੋਈ ਉੱਘ-ਸੁੱਘ ਹੀ ਨਹੀਂ ਮਿਲੀ। ਫੇਰ ਅਸੀਂ ਉਸੇ ਤਰ੍ਹਾਂ ਸਿੰਘ ਨੂੰ ਥੱਲੇ ਉਤਾਰਿਆ ਤੇ ਪੌੜੀ ਝਾੜੀਆਂ ਵਿਚ ਲੁਕੋ ਦਿੱਤੀ। ਥਾਮਸਨ ਗੰਨਾਂ ਅਤੇ ਹੋਰ ਅਸਲੇ ਸਮੇਤ ਅਸੀਂ ਭਾਈ ਗਾਮੇ ਦੇ ਪਿੰਡ ਉਸਦੀ ਕਿਸੇ ਮੋਟਰ ਤੇ ਸ਼ਸ਼ਤਰ ਲੁਕਾਉਣੇ ਅਤੇ ਫਿਰ ਕਿਸੇ ਹੋਰ ਮੋਟਰ ਉੱਪਰ ਜਾ ਕੇ ਸੌਣਾ। ਫਿਰ ਗੱਡੀਆਂ ਦੇ ਨੰਬਰ

ਸਹੀ ਕਰਨੇ ਤੇ ਫਿਰ ਦਿਨੇ ਘਰ ਆ ਜਾਣਾ। ਇਸ ਤਰ੍ਹਾਂ ਅਸੀਂ ਤਿੰਨ ਵਾਰ ਕੀਤਾ। ਜਿਥੇ ਅੱਗੇ ਬੇਦੀ ਆਮ ਹੀ ਦਿਖਦਾ ਰਹਿੰਦਾ ਸੀ। ਓਹਨਾਂ ਤਿੰਨ ਦਿਨਾਂ ਵਿੱਚ ਸਾਡੇ ਬੰਦੇ ਦੇ ਕਈ-ਕਈ ਘੰਟੇ ਛੱਤ ਤੇ ਲੰਮੇ ਪੈ ਕੇ ਉਡੀਕਣ ਦੇ ਬਾਵਜੂਦ ਉਹ ਨਹੀਂ ਆਇਆ। ਇੱਕ ਵਾਰ ਉਹਦੀ ਜਗ੍ਹਾ ਕੋਈ ਹੋਰ ਹੀ ਮੁਲਾਜਮ ਆ ਗਿਆ। ਉਹ ਤਾਂ ਸੁਲੱਖਣ ਸਿੰਘ ਨੇ ਦੇਖ ਲਿਆ, ਨਹੀਂ ਤਾਂ ਇਸ ਉੱਪਰ ਹੀ ਗੋਲੀ ਚਲਾ ਦੇਣੀ ਸੀ।

ਉਸ ਤੋਂ ਬਾਅਦ ਫੇਰ ਇਕਦਮ ਧੁੰਦ ਪੈਣੋਂ ਹਟ ਗਈ ਤੇ ਸਾਡਾ ਕੰਮ ਔਖਾ ਹੋ ਗਿਆ। ਪਹਿਲਾਂ ਠੰਢ ਤੇ ਧੁੰਦ ਵਿੱਚ ਸਭ ਆਸਾਨ ਸੀ। ਧੁੰਦ ਹਟਣ ਕਰਕੇ ਅਸੀਂ ਰਾਤ ਨੂੰ ਨਹੀਂ ਸੀ ਵਿਚਰ ਸਕਦੇ ਤੇ ਨਾ ਹੀ ਉਪਰ ਚੜ੍ਹ ਸਕਦੇ ਸੀ। ਉਸ ਤਰ੍ਹਾਂ ਵੀ ਇਹ ਕੰਮ ਬਹੁਤ ਜਿਆਦਾ ਮਿਹਨਤ ਤੇ ਖਤਰੇ ਵਾਲਾ ਸੀ, ਖਾਸ ਕਰਕੇ ਸਾਡੀ ਪਹਿਚਾਣ ਦਾ। ਸਾਨੂੰ ਲੁਧਿਆਣੇ ਵਿੱਚ ਬਹੁਤ ਜਿਆਦਾ ਲੋਕ ਜਾਣਦੇ ਸੀ। ਫਿਰ ਅਨੋਖ ਸਿੰਘ ਹੋਰਾਂ ਨੇ ਕਿਹਾ ਕਿ ਗੁਰੂ ਨੂੰ ਹਾਲੇ ਇਹ ਮਨਜੂਰ ਨਹੀਂ ਤੇ ਤੁਹਾਡੇ ਲਈ ਖਤਰਾ ਵੀ ਬਹੁਤ ਹੈ। ਫਿਲਹਾਲ ਆਪਾਂ ਇਹ ਕੰਮ ਛੱਡ ਦੇਈਏ ਫਿਰ ਇਹ ਵਿਉਂਤ ਅੱਗੇ ਪਾ ਦਿੱਤੀ। ਕੁਦਰਤੀ ਤੌਰ ਤੇ ਕੁਝ ਸਮੇਂ ਬਾਅਦ ਲੁਧਿਆਣੇ ਵਿਚ ਅਮਿਤਾਬ ਪਾਂਡੇ ਐਸਐਸਪੀ ਬਣ ਕੇ ਆ ਗਿਆ ਤੇ ਅਸੀਂ ਸਾਰੇ ਉਸ ਤੇ ਕੇਂਦਰਤ ਹੋ ਗਏ।

ਹੁਣ ਐਨੇ ਸਾਲਾਂ ਬਾਅਦ ਜਦੋਂ ਮੈਂ ਉਹ ਸਮਾਂ ਯਾਦ ਕਰਦਾ ਹਾਂ ਤਾਂ ਹੈਰਾਨੀ ਹੁੰਦੀ ਹੈ ਕਿ ਅਸੀਂ ਕਿਸ ਤਰ੍ਹਾਂ ਖਤਰਾ ਮੁੱਲ ਲੈ ਕੇ ਇਹ ਸਭ ਕੁਝ ਕਰਦੇ ਰਹੇ ਅਤੇ ਬਚਦੇ ਰਹੇ। ਦਸੰਬਰ ੧੯੮੪ ਵਿੱਚ ਤਾਂ ਸਿੱਖ ਆਪਣੇ ਉਪਰ ਹੋਏ ਹਮਲਿਆਂ ਦੇ ਦੁੱਖ ਵਿੱਚੋਂ ਨਹੀਂ ਸੀ ਨਿਕਲੇ। ਅਸੀਂ ਗੁਰੂ ਦੀ ਕਿਰਪਾ ਨਾਲ ਕਿਸੇ ਤਰ੍ਹਾਂ ਸਿੰਘਾਂ ਦੇ ਸੰਪਰਕ ਵਿੱਚ ਆਏ ਤੇ ਇਹ ਸਾਰੇ ਯਤਨ ਆਰੰਭ ਕੀਤੇ। ਠੰਢ, ਧੁੰਦ ਅਤੇ ਘੁੱਪ ਹਨ੍ਹੇਰੇ ਦੇ ਉਹ ਦਿਨ, ਜਦੋਂ ਘਰੋਂ ਚੋਰੀ ਕੰਧ ਟੱਪ ਕੇ ਹਥਿਆਰਬੰਦ ਹੋ ਕੇ ਜਾਣਾ ਤੇ ਰਾਤ ਨੂੰ ਸੀਆਈਏ ਸਟਾਫ ਦੀ ਸੂਹ ਕੱਢਣੀ ਤੇ ਉਸ ਦੀ ਛੱਤ ਉੱਪਰ ਸ਼ਸ਼ਤਰ ਲੈ ਕੇ ਪਏ ਰਹਿਣਾ। ਜਿਹੜਾ ਅਹਿਸਾਸ ਇਨ੍ਹਾਂ ਪਲਾਂ ਵਿੱਚ ਹੁੰਦਾ ਸੀ ਉਹ ਬੜਾ ਕੀਮਤੀ ਸੀ। ਸਾਨੂੰ ਆਪਣੇ ਤੇ ਮਾਣ ਮਹਿਸੂਸ ਹੁੰਦਾ ਸੀ। ਸ਼ਸ਼ਤਰਾਂ ਦੀ ਠੰਢੀ ਸਪਰਸ਼, ਕਿਸੇ ਅਮੁੱਕ ਤੇ ਜੋਰਾਵਰ ਸ਼ਕਤੀ ਵਾਂਗ ਸਾਡੇ ਵਿਚ ਜਾਨ ਭਰਦੀ ਸੀ। ਅਸੀਂ ਆਪਣੇ ਆਪ ਨੂੰ ਅਜਿੱਤ ਸਿਪਾਹੀਆਂ ਵਾਂਗ ਮਹਿਸੂਸ ਕਰਦੇ ਸੀ। ਜੋ ਸਭ ਕੁਝ ਹੀ ਕਰ ਸਕਦੇ ਹਨ। ਅਸੀਂ ਇਹ ਉਡੀਕ ਨੂੰ ਗੁਰਬਾਣੀ ਦੇ ਪਾਠ ਨਾਲ ਭਰਦੇ ਸੀ।

ਹੋਰ ਬਚਣ ਵਾਲੇ

ਪੰਥ ਦੇ ਪਰਮੁੱਖ ਦੁਸ਼ਮਣ ਸਦਾ ਹੀ ਸਾਡੀਆਂ ਅੱਖਾਂ ਵਿੱਚ ਰੜਕਦੇ ਰਹੇ ਸਨ। ਉਸ ਸਮੇਂ ਦੌਰਾਨ ਇਹੋ ਜਿਹੇ ਬੰਦਿਆਂ ਉਤੇ ਬਹੁਤ ਸਿੰਘਾਂ ਨੇ ਕੋਸ਼ਿਸ਼ਾਂ ਕੀਤੀਆਂ ਹੋਣਗੀਆਂ ਜਿਵੇਂ ਕਿ ਅਸੀਂ ਕੀਤੀਆਂ। ਜਦੋਂ ਹਰਜਿੰਦਰ ਸਿੰਘ ਜਿੰਦਾ ਤੇ ਸਤਨਾਮ ਸਿੰਘ ਬਾਵਾ ਦੂਸਰੀ ਵਾਰ ਸੰਨ ੧੯੮੭ ਵਿਚ ਦਿੱਲੀ ਤੋਂ ਫੜੇ ਗਏ ਉਦੋਂ ਵੀ ਓਹ ਇਹੋ ਜਿਹੇ ਹਮਲੇ ਲਈ ਹੀ ਕੰਮ ਕਰ ਰਹੇ ਸੀ। ਜਿਹੜਾ ਓਹਨਾਂ ਦੇ ਫੜੇ ਜਾਣ ਨਾਲ ਵਿੱਚੇ ਹੀ ਰਹਿ ਗਿਆ। ਸੰਨ ੧੯੮੭ ਵਿੱਚ ਸਾਡੀਆਂ ਉੱਥੇ ਕਾਫੀ ਠਾਹਰਾਂ ਤੇ ਹੋਰ ਪਰਬੰਧ ਬਣ ਚੁੱਕੇ ਸਨ। ਓਹਨਾਂ ਦੇ ਫੜੇ ਜਾਣ ਤੋਂ ਇਕ ਦਿਨ ਪਹਿਲਾਂ ਮੈਂ ਓਹਨਾਂ ਕੋਲੋਂ ਪੰਜਾਬ ਆ ਗਿਆ ਸੀ। ਉਸ ਰਾਤ ਓਹਨਾਂ ਨੇ ਦੱਸਿਆ ਸੀ ਕਿ ਓਹਨਾਂ ਨੇ ਉਹ ਦੋਖੀ ਦਾ ਪਤਾ ਕਰ ਲਿਆ ਹੈ, ਜਿੱਥੇ ਉਹ ਇਕ ਔਰਤ ਕੋਲ ਸਿਰਫ ਦੋ ਸਿਪਾਹੀਆਂ ਨਾਲ ਆਉਂਦਾ ਸੀ। ਇਲਾਕੇ ਵਿੱਚ ਉਸ ਬਾਰੇ ਕਿਸੇ ਨੂੰ ਕੁਝ ਪਤਾ ਨਹੀਂ ਸੀ। ਇਹ ਗੁਪਤ ਮਿਲਣੀ ਹੀ ਹੁੰਦੀ ਸੀ। ਸਾਡੇ ਦਿੱਲੀ ਵਾਲੇ ਸੂਤਰਾਂ ਨੇ ਓਹਨਾਂ ਨੂੰ ਦੱਸਣਾ ਸੀ ਕਿ ਕਿਸ ਦਿਨ ਉਹ ਔਰਤ ਉੱਥੇ ਜਾਵੇਗੀ, ਜਿੱਥੇ ਉਸ ਨੂੰ ਉਹ ਦੋਖੀ ਮਿਲਦਾ ਸੀ। ਇਸ ਮਾਮਲੇ ਉੱਪਰ ਸਿੰਘਾਂ ਨੇ ਕਾਫੀ ਕੰਮ ਕਰ ਲਿਆ ਸੀ ਤੇ ਓਹਨਾਂ ਨੂੰ ਬਹੁਤ ਉਮੀਦ ਸੀ ਕਿ ਛੇਤੀ ਹੀ ਇਹ ਕੰਮ ਸਿਰੇ ਚੜ੍ਹ ਜਾਵੇਗਾ। ਉਹ ਦੋਖੀ ਅਰੁਣ ਨਹਿਰੂ ਸੀ। ਨਵੰਬਰ ੧੯੮੪ ਦੀ ਨਸਲਕੁਸ਼ੀ ਲਈ ਜੇ ਕੋਈ ਇੱਕ ਬੰਦਾ ਸਭ ਤੋਂ ਜਿਆਦਾ ਜਿੰਮੇਵਾਰ ਸੀ ਤਾਂ ਉਹ ਅਰੁਣ ਨਹਿਰੂ ਸੀ ਪਰ ਉਸ ਬਾਰੇ ਕੁਝ ਪਤਾ ਨਹੀਂ ਸੀ ਲੱਗਦਾ। ਇਸ ਵਾਰ ਦਿੱਲੀ ਵਿੱਚੋਂ ਸਾਡੇ ਬਹੁਤ ਪੱਕੇ ਸਬੰਧਾਂ ਰਾਹੀਂ ਬਾਵੇ ਤੱਕ ਪਹੁੰਚ ਕੀਤੀ ਤੇ ਇਸ ਬਾਰੇ ਦੱਸਿਆ ਸੀ। ਕਾਫੀ ਸੂਝਵਾਨ ਬੰਦਿਆਂ ਦਾ ਇਹ ਵਿਚਾਰ ਸੀ ਕਿ ਇਹ ਬੰਦਾ ਸਭ ਤੋਂ ਜਿਆਦਾ ਦੋਸ਼ੀ ਹੈ ਪਰ ਇਹ ਨਾ ਤਾਂ ਬਦਨਾਮ ਹੋਇਆ ਤੇ ਨਾ ਹੀ ਨਿਸ਼ਾਨਾ ਬਣਿਆ। ਇਸ ਗੱਲ ਬਾਰੇ ਮੈਨੂੰ ੧੯੮੫ ਵਿਚ ਵੀ ਪਤਾ ਸੀ, ੧੯੮੭ ਵਿੱਚ ਸਿੰਘਾਂ ਨੇ ਆਪਣੇ ਵੱਲੋਂ ਕੋਸ਼ਿਸ਼ ਕੀਤੀ ਪਰ ਹੋਣਾ ਤਾਂ ਉਹੋ

ਹੀ ਹੈ ਜੋ ਰੱਬ ਨੂੰ ਮਨਜ਼ੂਰ ਹੈ। ਉਹ ਫੜੇ ਗਏ ਤੇ ਫਿਰ ਕੁਲਦੀਪ ਬਰਾੜ ਵਾਂਗ ਇੱਕ ਹੋਰ ਦੋਸ਼ੀ ਸਿੰਘਾਂ ਦੀ ਮਾਰ ਵਿੱਚੋਂ ਨਿਕਲ ਗਿਆ।

ਜਦੋਂ ਅਸੀਂ ਪਹਿਲੀ ਵਾਰ ਦਿੱਲੀ ਰਹੇ ਤਾਂ ਸਿੱਖ ਨਸਲਕੁਸ਼ੀ ਨਾਲ ਸਬੰਧਿਤ ਦੋ ਦੋਖੀਆਂ ਨੂੰ ਸੋਧਣ ਦੇ ਨਾਲ-ਨਾਲ ਅਸੀਂ ਹੋਰ ਵੀ ਕਈ ਦੋਖੀਆਂ ਦਾ ਪਿੱਛਾ ਵੀ ਕੀਤਾ ਸੀ ਤੇ ਉਹਨਾਂ ਦੀ ਖੋਜ ਕੀਤੀ ਸੀ। ਇਨ੍ਹਾਂ ਵਿੱਚ ਇੱਕ ਤਾਂ ਦੱਖਣੀ ਦਿੱਲੀ ਦਾ ਯੂਥ ਕਾਂਗਰਸ ਆਗੂ ਸੀ। ਸ਼ਾਇਦ ਉਸ ਦਾ ਨਾਂ ਸਤਵੀਰ ਸਿੰਘ ਸੀ। ਉਸ ਨੇ ਉਸ ਇਲਾਕੇ ਵਿਚ ਕਤਲੇਆਮ ਵਿਚ ਵੱਡੀ ਭੂਮਿਕਾ ਨਿਭਾਈ ਸੀ। ਉਸ ਵਕਤ ਇਸ ਦੀ ਉਮਰ ਕੋਈ ਪੱਚੀ ਛੱਬੀ ਸਾਲ ਹੋਵੇਗੀ ਤੇ ਇਲਾਕੇ ਵਿੱਚ ਇਸ ਦੀ ਕਾਫੀ ਚਰਚਾ ਸੀ। ਇਸ ਬਾਰੇ ਸਾਨੂੰ ਸੁਰਜੀਤ ਸਿੰਘ ਪੈਂਟੇ ਨੇ ਦੱਸਿਆ ਸੀ। ਲਲਿਤ ਮਾਕਨ ਅਤੇ ਅਰਜਨ ਦਾਸ ਉਤੇ ਹਮਲੇ ਵਿਚ ਵੀ ਸੁਰਜੀਤ ਸਿੰਘ ਤੇ ਉਸ ਦੇ ਪਰਿਵਾਰ ਦਾ ਬਹੁਤ ਯੋਗਦਾਨ ਰਿਹਾ ਸੀ ਤੇ ਉਨ੍ਹਾਂ ਦੇ ਭਰਵੇਂ ਯੋਗਦਾਨ ਕਾਰਨ ਹੀ ਇਹ ਕੰਮ ਸਿਰੇ ਚੜ੍ਹ ਸਕਿਆ। ਪੈਂਟੇ ਦੀ ਮਾਤਾ ਨਿਰਮਲ ਸਿੰਘ ਨਿੰਮਾ ਦੀ ਭੈਣ ਹੈ ਤੇ ਹਰਜਿੰਦਰ ਸਿੰਘ ਜਿੰਦੇ ਦੀ ਵੀ ਭੈਣ ਲੱਗਦੀ ਸੀ, ਸਾਡੀ ਸਾਰਿਆਂ ਦੀ ਵੀ ਭੈਣ ਬਣ ਗਈ ਸੀ। ਸੁਰਜੀਤ ਸਿੰਘ ਪੈਂਟਾ ਉਦੋਂ ਨੌਵੀਂ-ਦਸਵੀਂ ਵਿੱਚ ਪੜ੍ਹਦਾ ਸੀ। ਇਸ ਦੇ ਰਾਹੀਂ ਖਾਲਸਾ ਕਾਲਜ ਦਾ ਇੱਕ ਨੌਜਵਾਨ ਸਾਡੇ ਸੰਪਰਕ ਵਿੱਚ ਆਇਆ ਜਿਸ ਨੇ ਸਾਨੂੰ ਇਸ ਕਾਂਗਰਸੀ ਆਗੂ ਬਾਰੇ ਦੱਸਿਆ, ਜੋ ਖਾਲਸਾ ਕਾਲਜ ਵਿੱਚ ਆਇਆ ਕਰਦਾ ਸੀ ਤੇ ਇਸ ਨਾਲ ਦੋ ਸਿਪਾਹੀ ਹੁੰਦੇ ਸੀ। ਉਸ ਕੋਲ ਪਸਤੌਲ ਵੀ ਹੁੰਦਾ ਸੀ। ਅਸੀਂ ਇਸ ਨੂੰ ਕਈ ਵਾਰ ਵੇਖਿਆ ਸੀ ਤੇ ਇੱਕ ਦਿਨ ਹਰਜਿੰਦਰ ਸਿੰਘ ਜਿੰਦਾ, ਸੁਖਦੇਵ ਸਿੰਘ ਸੁੱਖਾ, ਮੈਂ ਅਤੇ ਬਲਜਿੰਦਰ ਸਿੰਘ ਰਾਜੂ ਅਸੀਂ ਛੋਟੇ ਹਥਿਆਰ ਤੇ ਇਕ ਸਟੇਨ ਲੈ ਕੇ ਉਥੇ ਚਲੇ ਗਏ। ਉਸ ਦਿਨ ਉਹ ਨੇ ਉੱਥੇ ਆਉਣਾ ਸੀ। ਸਿਆਲਾਂ ਦੇ ਦਿਨ ਸੀ। ਅਸੀਂ ਚਾਰੇ ਬਾਹਰ ਮੈਦਾਨ ਵਿੱਚ ਬੈਠ ਗਏ। ਸਟੇਨ ਸਾਡੀ ਗੱਡੀ ਵਿੱਚ ਸੀ। ਉਹ ਬੰਦਾ ਆਇਆ ਤੇ ਉਸ ਨਾਲ ਇੱਕ ਪਸਤੌਲ ਵਾਲਾ ਬੰਦਾ ਵੀ ਅੰਦਰ ਆਇਆ। ਉਹ ਮੈਦਾਨ ਵਿੱਚ ਹੀ ਕੁਝ ਮੁੰਡੇ ਕੁੜੀਆਂ ਨੂੰ ਲੈ ਕੇ ਬੈਠ ਗਿਆ ਅਤੇ ਚਾਹ ਪੀਣ ਲੱਗ ਪਿਆ। ਅਸੀਂ ਵੀ ਚਾਹ ਮੰਗਵਾ ਲਈ ਤੇ ਉਨ੍ਹਾਂ ਦੇ ਨੇੜੇ ਜਾ ਕੇ ਬੈਠ ਗਏ। ਕੰਮ ਬਹੁਤ ਸੌਖਾ ਹੋ ਗਿਆ ਸੀ। ਸਟੇਨ ਦੀ ਕੋਈ ਜਰੂਰਤ ਨਹੀਂ ਸੀ ਪੈਣੀ। ਸਾਡੇ ਚਾਰਾਂ ਕੋਲ ਸ਼ਸਤਰ ਸਨ। ਅਸੀਂ ਕਾਰ ਪਹਿਲਾਂ ਹੀ ਇੱਕ ਗਲੀ ਵਿੱਚ ਲਗਾ ਦਿੱਤੀ ਸੀ, ਜਿਥੇ ਅਸੀਂ ਕਾਲਜ ਦੀ ਕੰਧ ਟੱਪ ਕੇ ਸੌਖਿਆਂ ਹੀ ਪਹੁੰਚ ਜਾਂਦੇ ਸੀ। ਅਸੀਂ ਚਾਹ ਖਤਮ ਕਰ ਲਈ। ਮੌਸਮ ਕਾਫੀ ਠੰਡਾ ਸੀ। ਧੁੱਪੇ ਮੈਦਾਨ ਵਿੱਚ ਕਾਫੀ ਵਿਦਿਆਰਥੀ ਬੈਠੇ ਸਨ ਤੇ ਅਸੀਂ ਵੀ ਉਨ੍ਹਾਂ ਵਿਚ ਵਿਦਿਆਰਥੀ ਹੀ ਲੱਗ ਰਹੇ ਸੀ। ਸੁਖਦੇਵ ਸਿੰਘ ਸੁੱਖਾ ਉੱਠ ਕੇ ਚਾਹ ਵਾਲੇ ਨੂੰ ਪੈਸੇ ਦੇਣ ਗਿਆ ਤੇ ਉਸ ਨੇ ਵਾਪਸ ਆਉਂਦਿਆਂ

ਸਿਪਾਹੀ ਕੋਲ ਆ ਕੇ ਉਸ ਨੂੰ ਕਾਬੂ ਕਰਨਾ ਸੀ ਤੇ ਅਸੀਂ ਇਕਦਮ ਸਤਵੀਰ ਨੂੰ ਕਾਬੂ ਕਰ ਲੈਣਾ ਸੀ। ਬਾਕੀ ਲੋਕਾਂ ਨੇ ਤਾਂ ਭੱਜ ਹੀ ਜਾਣਾ ਸੀ। ਸਾਡੇ ਵਿੱਚੋਂ ਹਮਲਾ ਸਦਾ ਹੀ ਸੁਖਦੇਵ ਸਿੰਘ ਸੁੱਖਾ ਜਾਂ ਸੁਖਵਿੰਦਰ ਸਿੰਘ ਛਿੰਦੂ ਸ਼ੁਰੂ ਕਰਦੇ ਹੁੰਦੇ ਸੀ। ਸੁਖਦੇਵ ਸਿੰਘ ਸੁੱਖਾ ਵਾਪਸ ਆ ਰਿਹਾ ਸੀ ਕਿ ਪੁਲਿਸ ਦੀ ਗੱਡੀ, ਜਿਸ ਵਿਚ ਹਥਿਆਰਬੰਦ ਪੁਲਿਸ ਵਾਲੇ ਸਨ, ਕਾਲਜ ਦੇ ਅੰਦਰ ਆ ਕੇ ਖੜ੍ਹ ਗਈ। ਉਹ ਪਤਾ ਨਹੀਂ ਕਿਉਂ ਆਏ ਤੇ ਕਾਫੀ ਸਮਾਂ ਉੱਥੇ ਹੀ ਖੜ੍ਹੇ ਰਹੇ। ਅਸੀਂ ਵੀ ਉਵੇਂ ਹੀ ਬੈਠੇ ਰਹੇ ਪਰ ਇਸ ਦੌਰਾਨ ਉਹ ਦੁਸ਼ਟ ਉੱਠ ਕੇ ਚਲਿਆ ਗਿਆ। ਇਸ ਤਰ੍ਹਾਂ ਕੁਦਰਤ ਨੇ ਉਸ ਨੂੰ ਮੌਤ ਦੇ ਬਹੁਤ ਨੇੜਿਓਂ ਬਚਾ ਲਿਆ। ਫਿਰ ਅਸੀਂ ਇਹ ਕੰਮ ਅੱਗੇ ਪਾ ਦਿੱਤਾ ਕਿ ਪਹਿਲਾਂ ਮੇਰਠ ਵਾਲਾ ਕੰਮ ਕਰੀਏ ਇਸ ਨੂੰ ਤਾਂ ਜਦੋਂ ਮਰਜੀ ਲੈ ਲਈਏ ਪਰ ਮੁੜਕੇ ਇਹ ਬਚ ਹੀ ਗਿਆ।

ਏਦਾਂ ਹੀ ਦਿੱਲੀ ਵਿੱਚ ਜਮਨਾ ਪਾਰ ਦੇ ਇਲਾਕੇ ਵਿਚ ਇਕ ਹੋਰ ਕਾਂਗਰਸੀ ਆਗੂ ਸੀ ਜੋ ਡਾਕਟਰ ਵੀ ਸੀ। ਉਸ ਨੇ ਉਸ ਇਲਾਕੇ ਵਿੱਚ ਜੋ ਕਤਲੇਆਮ ਹੋਇਆ ਉਸ ਵਿੱਚ ਮੁੱਖ ਭੂਮਿਕਾ ਨਿਭਾਈ ਸੀ। ਇੱਥੇ ਜਮਨਾ ਪਾਰ ਯੋਜਨਾਬੱਧ ਤਰੀਕੇ ਨਾਲ ਸਿੱਖਾਂ ਨੂੰ ਘੇਰਿਆ, ਮਾਰਿਆ ਗਿਆ ਤੇ ਜਨਾਨੀਆਂ ਦੀਆਂ ਇੱਜਤਾਂ ਲੁੱਟੀਆਂ ਗਈਆਂ ਸੀ। ਇਹ ਡਾਕਟਰ ਇਸ ਸਭ ਕੁਝ ਦਾ ਸੂਤਰਧਾਰ ਸੀ। ਵੈਸੇ ਲੋਕਾਂ ਵਿਚ ਇਹਦਾ ਕੋਈ ਬਹੁਤਾ ਨਾਮ ਨਹੀਂ ਸੀ ਆਇਆ ਕਿਉਂਕਿ ਇਹ ਉਥੇ ਦਾ ਛੋਟਾ ਆਗੂ ਸੀ ਤੇ ਨਾਮ ਐਚਕੇਐਲ ਭਗਤ ਦਾ ਆਇਆ, ਜੋ ਵੱਡਾ ਆਗੂ ਸੀ। ਦਿੱਲੀ ਵਾਲੇ ਲੋਕਾਂ ਨੂੰ ਇਸ ਦੇ ਜੁਰਮ ਬਾਰੇ ਪਤਾ ਸੀ। ਸਾਡੇ ਦਿੱਲੀ ਵਾਲੇ ਸੰਪਰਕਾਂ ਨੇ ਸਾਨੂੰ ਇਸ ਨੂੰ ਸੋਧਣ ਲਈ ਜੋਰ ਦਿੱਤਾ। ਇਹਦੀ ਡਾਕਟਰੀ ਦੀ ਦੁਕਾਨ ਬਜਾਰ ਵਿੱਚ ਸੀ ਤੇ ਘਰ ਦੇ ਨੇੜੇ-ਤੇੜੇ ਹੀ ਸੀ। ਉਨ੍ਹਾਂ ਦਿਨਾਂ ਵਿੱਚ ਇਸ ਨੂੰ ਸੁਰੱਖਿਆ ਮਿਲੀ ਹੋਈ ਸੀ ਤੇ ਬਜਾਰ ਵਿੱਚ ਵੀ ਸਦਾ ਪੁਲਿਸ ਰਹਿੰਦੀ ਸੀ। ਡਾਕਟਰ ਦਾ ਉਸ ਇਲਾਕੇ ਵਿਚ ਬਦਮਾਸ਼ੀ ਵਾਲਾ ਦਬਦਬਾ ਸੀ। ਬਹੁਤ ਲੋਕ ਇਸ ਨਾਲ ਜੁੜੇ ਹੋਏ ਸੀ। ਉਸ ਵਕਤ ਅਸੀਂ ਇਸ ਉੱਪਰ ਵੀ ਕਾਫੀ ਸਮਾਂ ਲਾਇਆ। ਇਹਦੇ ਘਰ ਤੇ ਦੁਕਾਨ ਨੂੰ ਦੇਖਿਆ। ਉਹਦੀ ਰਾਖੀ ਕਰਨ ਵਾਲੇ ਬੰਦਿਆਂ ਨੂੰ ਦੇਖਿਆ ਤੇ ਇਸ ਨਤੀਜੇ ਤੇ ਪਹੁੰਚੇ ਕਿ ਇਸ ਦਾ ਕੰਮ ਕਰਨਾ ਕਾਫੀ ਔਖਾ ਹੈ, ਕਿਉਂਕਿ ਉਹ ਸਦਾ ਲੋਕਾਂ ਵਿਚ ਰਹਿੰਦਾ ਸੀ। ਜਿਹੜੇ ਹਥਿਆਰਬੰਦ ਵੀ ਸਨ ਅਤੇ ਇਸਦੇ ਵਫਾਦਾਰ ਵੀ। ਇਸ ਦੇ ਨਾਲ ਹੋਰ ਕਈਆਂ ਨੂੰ ਮਾਰਨਾ ਪਵੇਗਾ ਤੇ ਇੱਥੇ ਬੰਦੇ ਵੀ ਜਿਆਦਾ ਤੇ ਹਥਿਆਰ ਵੀ ਹੋਰ ਚਾਹੀਦੇ ਹਨ। ਇਸ ਕਰਕੇ ਅਸੀਂ ਕੁਝ ਸਮੇਂ ਲਈ ਇਸ ਦਾ ਮਸਲਾ ਅੱਗੇ ਪਾ ਦਿੱਤਾ।

ਦੇਖੋ ਕੁਦਰਤ ਦੀ ਅਜੀਬ ਲੀਲਾ ਕਿ ੨੦-੨੫ ਸਾਲਾ ਬਾਅਦ ਇਸ ਨੂੰ ਹਰਮਿੰਦਰ ਸਿੰਘ ਮਿੰਟੂ ਦੇ ਜਥੇ ਦੇ ਸਿੰਘਾ ਨੇ ਇਹਦੀ ਦੁਕਾਨ ਵਿੱਚ ਜਾ ਕੇ ਖੰਜਰ

ਨਾਲ ਪਾਰ ਬੁਲਾ ਦਿੱਤਾ। ਅਖਬਾਰਾਂ ਵਿੱਚ ਕੋਈ ਬਹੁਤੀ ਖਬਰ ਨਹੀਂ ਆਈ। ਜੇ ਇਹੋ ਕੰਮ ੧੯੮੬ ਵਿੱਚ ਸਾਡੇ ਹੱਥੋਂ ਹੋਇਆ ਹੁੰਦਾ ਤਾਂ ਇਹਦਾ ਓਨਾ ਹੀ ਰੌਲਾ ਪੈਣਾ ਸੀ ਜਿੰਨਾਂ ਅਰਜਨ ਦਾਸ ਦਾ ਪਿਆ। ਇਸ ਬੰਦੇ ਦੀ ਹਕੂਮਤ ਲਈ ਅਹਿਮੀਅਤ ਵੀ ਘਟ ਗਈ ਸੀ। ਕੋਈ ਸੁਰੱਖਿਆ ਵੀ ਨਹੀਂ ਸੀ। ਅੱਗੇ ਵਾਲਾ ਅਸਰ ਰਸੂਖ ਵੀ ਨਹੀਂ ਸੀ। ਲੋਕ ਭੁੱਲ ਭੁਲਾ ਗਏ ਸੀ। ਜਦੋਂ ਮੈਨੂੰ ਜੇਲ੍ਹ ਵਿਚ ਇਸ ਬਾਰੇ ਪਤਾ ਲੱਗਿਆ ਤਾਂ ਮੈਨੂੰ ਬੜੀ ਹੈਰਾਨੀ ਹੋਈ ਤੇ ਚੰਗਾ ਵੀ ਲੱਗਿਆ ਕਿ ਇਸ ਦੁਸ਼ਟ ਨੂੰ ਕਿਸੇ ਨੇ ਤਾਂ ਸਜਾ ਦਿੱਤੀ ਹੈ। ਇਸ ਇਕੱਲੇ ਬੰਦੇ ਨੇ ਸੈਂਕੜਿਆਂ ਦੀ ਤਦਾਦ ਵਿਚ ਬੱਚੇ, ਬੁੱਢੇ ਅਤੇ ਬੀਬੀਆਂ ਕਤਲ ਕੀਤੇ ਕਰਾਏ ਸਨ। ਖਾਲਸੇ ਨੇ ਆਪਣੀ ਰਵਾਇਤ ਅਨੁਸਾਰ ਉਸ ਨੂੰ ਸਜਾ ਦਿੱਤੀ, ਉਹ ਵੀ ਇੱਕ ਖੰਜਰ ਨਾਲ। ਫਿਰ ਕੁਝ ਸਾਲ ਬਾਅਦ ਮੈਨੂੰ ਪਤਾ ਲੱਗਿਆ ਕਿ ਉਸ ਕੇਸ ਵਿਚ ਪੁਲਿਸ ਨੇ ਇੰਗਲੈਂਡ ਦੇ ਇਕ ਨੌਜਵਾਨ ਨੂੰ ਨਾਮਜਦ ਕੀਤਾ ਹੈ ਕਿ ਉਸ ਨੇ ਇਕ ਫਰਜੀ ਪਾਸਪੋਰਟ ਤੇ ਇੰਗਲੈਂਡ ਤੋਂ ਇੱਥੇ ਆ ਕੇ ਇਸ ਦੁਸ਼ਟ ਨੂੰ ਸੋਧਿਆ ਤੇ ਨਾਲੇ ਆਰਐੱਸਐੱਸ ਦੇ ਰੁਲਦਾ ਸਿੰਘ ਨੂੰ ਮਾਰਿਆ। ਫਿਰ ਮੈਨੂੰ ਹੋਰ ਵੀ ਖੁਸ਼ੀ ਉਸ ਸਮੇਂ ਹੋਈ ਜਦੋਂ ਇਹ ਪਤਾ ਲੱਗਿਆ ਕਿ ਉਹ ਸਿੰਘ ਬਲਜਿੰਦਰ ਸਿੰਘ ਰਾਜੂ ਦੇ ਭਰਾ ਦਾ ਜਵਾਈ ਹੈ। ਮੈਂ ਉਸ ਦੇ ਅਨੰਦ ਕਾਰਜ ਵਿੱਚ ਸ਼ਾਮਿਲ ਹੋਇਆ ਸੀ। ਇਹ ਕਿਹੋ ਜਿਹਾ ਮੇਲ ਹੈ ਕਿ ਉਸ ਡਾਕਟਰ ਦੀ ਉਸ ਵਕਤ ਸਭ ਤੋਂ ਜਿਆਦਾ ਘੋਖ ਰਾਜੂ ਨੇ ਹੀ ਕੀਤੀ। ਉਹ ਹੀ ਇਸ ਬੰਦੇ ਨੂੰ ਮਾਰਨ ਤੇ ਸਭ ਤੋਂ ਜਿਆਦਾ ਜੋਰ ਦੇ ਰਿਹਾ ਸੀ। ਦੇਖੋ ਕਿਸ ਤਰ੍ਹਾਂ ਦਿਸਦੀਆਂ ਘਟਨਾਵਾਂ ਦੇ ਪਿੱਛੇ ਸੰਜੋਗ ਵਿਯੋਗ ਦੀ ਕੋਈ ਕੜੀ ਚੱਲ ਰਹੀ ਹੁੰਦੀ ਹੈ। ਬਲਜਿੰਦਰ ਸਿੰਘ ਰਾਜੂ ਦੀ ਰੀਝ ਨੂੰ ਓਹਨਾਂ ਦੇ ਜਵਾਈ ਨੇ ਪੂਰਿਆਂ ਕੀਤਾ।

ਤਫਤੀਸ਼ੀ ਬੁੱਚੜਖਾਨੇ

ਤਫਤੀਸ਼ੀ ਠਾਣਿਆਂ ਦਾ ਖਾੜਕੂ ਸੰਘਰਸ਼ ਨਾਲ ਗੂੜ੍ਹਾ ਰਿਸ਼ਤਾ ਰਿਹਾ ਹੈ। ਹਰ ਜਿਲ੍ਹੇ ਦੇ ਇਹ ਬੁਚੜਖਾਨੇ ਇੱਕੋ ਜਿਹੇ ਹੀ ਹੁੰਦੇ ਹਨ। ਬਣਤਰ ਪੱਖੋਂ, ਸੁਭਾਅ ਪੱਖੋਂ, ਅਤੇ ਆਬੋ ਹਵਾ ਦੇ ਪੱਖੋਂ ਵੀ, ਖਾੜਕੂ ਸੰਘਰਸ਼ ਨਾਲ ਸਬੰਧਿਤ, ਜਿਹੜਾ ਵੀ ਸਿੰਘ ਪੰਜਾਬ ਵਿੱਚ ਫੜਿਆ ਗਿਆ ਉਸ ਨੇ ਆਖਰ ਨੂੰ ਇੱਥੇ ਹੀ ਆਉਣਾ ਹੁੰਦਾ ਹੈ। ਇੱਥੋਂ ਹੀ ਜਲਾਲਤ ਅਤੇ ਤਸ਼ੱਦਦ ਦਾ ਸਫਰ ਸ਼ੁਰੂ ਹੁੰਦਾ ਹੈ। ਪੁੱਛਗਿੱਛ ਤੋਂ ਲੈ ਕੇ ਹਰ ਤਰ੍ਹਾਂ ਦੇ ਕਿਆਸ ਕੀਤੇ ਜਾ ਸਕਣ ਵਾਲੇ ਤਸੀਹਿਆਂ ਨਾਲ ਜਾਣ ਪਹਿਚਾਣ ਇੱਥੇ ਹੀ ਹੁੰਦੀ ਹੈ। ਬਹੁਤਿਆਂ ਲਈ ਇਹ ਓਹਨਾਂ ਦਾ ਆਖਰੀ ਮੁਕਾਮ ਬਣ ਜਾਂਦਾ ਸੀ।

ਦੁਨੀਆ ਭਰ ਦੇ ਇਤਿਹਾਸ ਵਿੱਚ ਜੋ ਤਸੀਹੇ ਅਤੇ ਤਸ਼ੱਦਦ ਦਾ ਵਰਣਨ ਮਿਲਦਾ ਹੈ, ਬਿਪਰਵਾਦੀ ਕੇਂਦਰ ਸਰਕਾਰ ਨੇ ਉਹ ਸਭ ਇੱਥੇ ਇੱਕੋ ਥਾਂ ਤੇ ਇਕੱਠਾ ਕਰ ਲਿਆ ਸੀ। ਇੱਥੇ ਮੁਲਾਜਮ ਅਤੇ ਅਫਸਰ ਵੀ ਇੱਕੋ ਕਿਸਮ ਦੇ ਹੁੰਦੇ ਹਨ, ਜਿਹੜੇ ਕਿਸੇ ਹੋਰ ਠਾਣੇ ਵਿੱਚ ਬਹੁਤਾ ਸਮਾਂ ਨਹੀਂ ਕੱਟ ਸਕਦੇ। ਜਾਲਮ, ਬੁੱਚੜ ਅਤੇ ਨਿਰਦਈ ਬੰਦੇ ਇੱਥੇ ਵੱਡੀ ਗਿਣਤੀ ਵਿੱਚ ਹੋਣ ਕਰਕੇ ਇੱਥੋਂ ਦਾ ਮਾਹੌਲ ਨਰਕ ਵਰਗਾ ਬਣ ਜਾਂਦਾ ਹੈ। ਅਪਰਾਧੀ ਅਤੇ ਸਿੱਖ ਵਿਰੋਧੀ ਸੋਚ ਇੱਥੇ ਪ੍ਰਧਾਨ ਹੁੰਦੀ ਹੈ। ਇਹ ਸਿੱਖਾਂ ਵਿਰੁੱਧ ਲੜਾਈ ਦੇ ਵੱਡੇ ਕੇਂਦਰ ਸਨ, ਜਿੱਥੋਂ ਸਾਰਾ ਕੁਝ ਕਾਬੂ ਤੇ ਪ੍ਰਭਾਵਤ ਕੀਤਾ ਜਾਂਦਾ ਸੀ। ਖਾੜਕੂਆਂ ਵਿੱਚੋਂ ਬਹੁਤਿਆਂ ਨੇ ਇੱਥੋਂ ਦੇ ਦਰਸ਼ਨ ਕੀਤੇ ਹੁੰਦੇ ਸੀ।

ਕਈ ਵਾਰ ਵਿਚਾਰ ਵਟਾਂਦਰੇ ਦੌਰਾਨ ਇਸ ਬਾਰੇ ਗੱਲ ਹੁੰਦੀ ਸੀ ਤੇ ਕਈ ਵਾਰੀ ਸਲਾਹ ਬਣੀ ਕਿ ਕਿਸੇ ਸੀਆਈਏ ਸਟਾਫ ਤੇ ਹਮਲਾ ਕਰਕੇ ਉਥੋਂ ਦੇ ਸਾਰੇ ਮੁਲਾਜਮ ਮਾਰ ਦਿੱਤੇ ਜਾਣ, ਅਸਲਾ ਲੁੱਟ ਲਿਆ ਜਾਵੇ ਤੇ ਬੰਦੀ ਛੁਡਾ ਲਏ ਜਾਣ। ਇਸ ਸਬੰਧੀ ਸਾਡੇ ਵਿੱਚ ਕਈ ਵਾਰ ਗੱਲ ਹੋਈ ਤੇ ਯੋਜਨਾ ਵੀ ਬਣੀ ਤੇ ਕਈ ਵਾਰ ਸਾਮਾਨ ਤੇ ਬੰਦੇ ਵੀ ਇਕੱਠੇ ਕੀਤੇ ਪਰ ਗੱਲ ਕਦੀ ਸਿਰੇ ਨਾ ਲੱਗੀ। ਸੀਆਈਏ

ਸਟਾਫ ਦੇ ਬਾਹਰੋਂ ਤਾਂ ਕਈ ਵਾਰ ਸਿੰਘਾਂ ਨੇ ਹਮਲੇ ਕੀਤੇ ਸਨ, ਜਿਵੇਂ ਤਰਨਤਾਰਨ, ਮਖੂ, ਜੰਡਿਆਲਾ ਗੁਰੂ, ਥਾਣਾ ਮਹਿਣਾ ਤੇ ਕੁਝ ਹੋਰ ਤੱਕ ਹੀ ਸੀਮਿਤ ਰਹੇ।

ਜਦੋਂ ਲੁਧਿਆਣੇ ਬੈਂਕ ਦਾ ਕੰਮ ਸਫਲ ਹੋਇਆ ਤਾਂ ਉਸ ਤੋਂ ਬਾਅਦ ਲਾਭ ਸਿੰਘ, ਹਰਜਿੰਦਰ ਸਿੰਘ ਜਿੰਦਾ ਤੇ ਚਰਨਜੀਤ ਸਿੰਘ ਨੇ ਇਸ ਯੋਜਨਾ ਤੇ ਕਾਫੀ ਕੰਮ ਕੀਤਾ। ਸਾਮਾਨ ਤੇ ਬੰਦੇ ਵੀ ਇਕੱਠੇ ਕੀਤੇ ਪਰ ਕੰਮ ਨਹੀਂ ਬਣਿਆ। ਫੇਰ ਕੰਵਰਜੀਤ ਸਿੰਘ ਸੁਲਤਾਨਵਿੰਡ, ਗੁਰਜੰਟ ਸਿੰਘ ਤੇ ਚਰਨਜੀਤ ਸਿੰਘ ਨੇ ਵੀ ਇਸ ਸਬੰਧੀ ਵਿਉਂਤਬੰਦੀ ਕੀਤੀ ਕਿ ਇਹ ਕੰਮ ਰਲ ਮਿਲ ਕੇ ਕੀਤਾ ਜਾਵੇ। ਇਸ ਬਾਰੇ ਵੀ ਕਈ ਬੈਠਕਾਂ ਤੇ ਕੋਸ਼ਿਸ਼ਾਂ ਹੋਈਆਂ ਪਰ ਪਤਾ ਨਹੀਂ ਕਿਉਂ ਇਹ ਕੰਮ ਕਿਤੇ ਵੀ ਅੰਜਾਮ ਨੂੰ ਨਹੀਂ ਪਹੁੰਚਿਆ। ਯੋਜਨਾ ਇਹ ਸੀ ਕਿ ਪੁਲਿਸ ਦੀ ਵਰਦੀ ਵਿੱਚ ਦੋ ਤਿੰਨ ਗੱਡੀਆਂ ਵਿਚ ਤਫਤੀਸ਼ੀ ਕੇਂਦਰ ਵਿੱਚ ਜਾਇਆ ਜਾਵੇ ਤੇ ਫਿਰ ਇਕਦਮ ਸਭ ਪਾਸੇ ਹਮਲਾ ਕਰ ਦਿੱਤਾ ਜਾਵੇ। ਕੁਝ ਮਿੰਟਾਂ ਵਿੱਚ ਹੀ ਗੋਲੀਬਾਰੀ ਕਰਕੇ ਫੇਰ ਉਥੋਂ ਨਿਕਲਿਆ ਜਾਵੇ। ਗੁਰਜੰਟ ਸਿੰਘ ਹੋਰਾਂ ਨੇ ਲੁਧਿਆਣੇ ਸੀਆਈਏ ਸਟਾਫ ਦੀ ਕਾਫੀ ਘੋਖ ਕਰਵਾਈ ਸੀ। ਇਹ ਕੰਮ ਓਹਦਾ ਮਨਪਸੰਦ ਸੀ ਤੇ ਉਹ ਆਪ ਕਰਨਾ ਚਾਹੁੰਦਾ ਸੀ। ਪਰ ਇੱਕ ਆਗੂ ਵਜੋਂ ਉਸ ਦੀ ਅਹਿਮੀਅਤ ਕਰਕੇ ਕੋਈ ਉਸ ਨੂੰ ਇਸ ਵਿੱਚ ਸ਼ਾਮਿਲ ਨਹੀਂ ਕਰਨਾ ਚਾਹੁੰਦਾ ਸੀ। ਮੇਰੇ ਨਾਲ ਉਸਨੇ ਕਈ ਵਾਰੀ ਗੱਲ ਕੀਤੀ ਕਿ ਇਹ ਕੰਮ ਬਿਲਕੁਲ ਮੁਮਕਿਨ ਹੈ ਤੇ ਉਹ ਸੌਖਿਆਂ ਹੀ ਇਸ ਨੂੰ ਸਿਰੇ ਚੜ੍ਹਾ ਸਕਦੇ ਹਨ। ਜਿਸ ਤਰੀਕੇ ਨਾਲ ਅਸੀਂ ਇਹ ਕੰਮ ਕਰਨਾ ਚਾਹੁੰਦੇ ਸੀ, ਉਸ ਤਰ੍ਹਾਂ ਅਸੀਂ ਕਰ ਨਾ ਸਕੇ। ਇਹ ਮਨ ਦੀ ਰੀਝ ਉਵੇਂ ਹੀ ਰਹਿ ਗਈ। ਗੁਰਜੰਟ ਸਿੰਘ ਜਦੋਂ ਲੁਧਿਆਣੇ ਵਿੱਚ ਸ਼ਹੀਦ ਹੋਇਆ ਉਦੋਂ ਵੀ ਉਹ ਲੁਧਿਆਣੇ ਸੀਆਈਏ ਸਟਾਫ ਉਤੇ ਹਮਲੇ ਬਾਰੇ ਹੀ ਵਿਉਂਤਬੰਦੀ ਕਰ ਰਿਹਾ ਸੀ ਭਾਵੇਂ ਕਿ ਇਸ ਵਾਰ ਉਹ ਬਾਰੂਦ ਨਾਲ ਲੱਦਿਆ ਟਰੱਕ ਧੱਕੇ ਨਾਲ ਅੰਦਰ ਵਾੜਨ ਦੀ ਵਿਉਂਤ ਬਣਾ ਰਹੇ ਸੀ।

ਜਦੋਂ ਸਾਡੇ ਅਤੇ ਦੁਸ਼ਮਣ ਦੇ ਬਚਣ ਦੀਆਂ ਘਟਨਾਵਾਂ ਨੂੰ ਉਸ ਵੇਲੇ ਦੀ ਥਾਂ ਇਕ ਦੂਰੀ ਤੋਂ ਵੇਖਦੇ ਹਾਂ ਤਾਂ ਮੁੜ ਇਹੋ ਮਹਿਸੂਸ ਹੁੰਦਾ ਹੈ ਕਿ ਦੁਨੀਆ ਦੀ ਨਜਰ ਵਿਚ ਭਾਵੇਂ ਇਹਨਾਂ ਘਟਨਾਵਾਂ ਦੀਆਂ ਸੌ ਵਿਆਖਿਆਵਾਂ ਹੋਣ ਪਰ ਅਸਲ ਵਿਚ ਇਹੋ ਗੱਲ ਮੂਲ ਹੈ ਕਿ ਮਾਰਨ-ਰੱਖਣ ਵਾਲਾ ਓਹੀ ਹੈ ਜਿਸ ਤੇ ਨਿਸ਼ਚੇ ਨਾਲ ਅਸੀਂ ਜੰਗ ਲੜ ਰਹੇ ਸੀ।

ਮੌਤ ਦੇ ਮੌਕਾ ਮੇਲ

ਸੰਘਰਸ਼ ਦੌਰਾਨ ਕੁਝ ਅਜਿਹੇ ਕੰਮ ਹੋਏ ਜਿਹੜੇ ਸੌਖੇ ਵੀ ਹੋਏ ਤੇ ਸਫਲ ਵੀ ਹੋਏ ਏਹਨਾਂ ਬਾਰੇ ਲਗਭਗ ਸਭ ਨੂੰ ਪਤਾ ਹੈ, ਕੁਝ ਕੰਮ ਅਜਿਹੇ ਸਨ ਜਿਨ੍ਹਾਂ ਉਤੇ ਸਾਡੀ ਬਹੁਤ ਊਰਜਾ ਅਤੇ ਸਮਾਂ ਲੱਗਿਆ ਪਰ ਉਹ ਹੋਏ ਨਹੀਂ ਜਾਂ ਸਫਲ ਨਹੀਂ ਹੋਏ ਪਰ ਕੁਝ ਕੰਮ ਅਜਿਹੇ ਸਨ ਜਿਹੜਿਆਂ ਦੇ ਨਤੀਜੇ ਸਾਡੀ ਸੋਚ ਤੋਂ ਉਲਟ ਨਿਕਲੇ ਜਾਂ ਨਿਸ਼ਾਨਾ ਕੋਈ ਹੋਰ ਸੀ ਤੇ ਉਹਦੀ ਥਾਂ ਕੋਈ ਹੋਰ ਹੀ ਮਾਰਿਆ ਗਿਆ।

ਮੋਗੇ ਨੇੜੇ ਖਾਲਸਤਾਨ ਲਿਬਰੇਸ਼ਨ ਫੋਰਸ ਦੇ ਸਿੰਘਾਂ ਨੇ ਇਕ ਪੁਲੀ ਕੋਲ ਜਿਥੋ ਸਵਰਨ ਘੋਟਣਾ ਹਰ ਰੋਜ ਲੰਘਦਾ ਸੀ ਉਥੇ ਕਾਫੀ ਬਾਰੂਦ ਲਾਇਆ। ਜਦੋਂ ਗੱਡੀ ਨਿਸ਼ਾਨੇ ਉਤੇ ਆਈ ਤੇ ਧਮਾਕਾ ਹੋ ਗਿਆ ਪਰ ਬਾਅਦ ਵਿਚ ਪਤਾ ਲੱਗਿਆ ਕਿ ਉਹ ਗੱਡੀ ਵਿਚ ਘੋਟਣਾ ਨਹੀਂ ਸੀ ਸਗੋਂ ਐਸਪੀ ਕੇਹਰ ਸਿੰਘ ਸੀ। ਸਾਡੇ ਲਈ ਭਾਵੇਂ ਉਹ ਵੀ ਨਿਸ਼ਾਨੇ ਉਤੇ ਸੀ ਪਰ ਇਹ ਮੌਕੇ ਬਾਰੂਦ ਕਿਸੇ ਹੋਰ ਲਈ ਲਾਇਆ ਗਿਆ ਸੀ।

ਉਸ ਵੇਲੇ ਮੋਰਿੰਡੇ ਕੋਲ ਸਤਲੁਜ-ਯਮਨਾ ਲਿੰਕ ਨਹਿਰ ਉਤੇ ਪੁਲ ਬਣਦਾ ਸੀ ਉਥੇ ਭਿੰਡਰਾਂਵਾਲੇ ਟਾਈਗਰ ਫੋਰਸ ਦੇ ਜਸਮੇਰ ਸਿੰਘ ਲਾਲੀ ਖੰਟ ਹੁਰਾਂ ਦੇ ਜਥੇ ਨੇ ਰਾਤ ਨੂੰ ਘਾਤ ਲਾਈ ਹੋਈ ਸੀ ਕਿ ਕਿਸੇ ਲਾਲ ਬੱਤੀ ਵਾਲੇ ਨੂੰ ਸੋਧ ਦੇਣਾ ਹੈ। ਲੁਧਿਆਣੇ ਵਾਲੇ ਪਾਸਿਓਂ ਐਸਪੀ ਉਪਰੇਸ਼ਨ ਜੋਗਿੰਦਰ ਖਹਿਰੇ ਦੀ ਗੱਡੀ ਸਮੇਤ ਗਾਰਦ ਆ ਗਈ। ਇਸ ਹਮਲੇ ਵਿਚ ਉਹ ਮਾਰਿਆ ਗਿਆ। ਇਥੇ ਉਹਦੀ ਮੌਤ ਵੀ ਕੁਦਰਤੀ ਹੀ ਸੀ ਜਦਕਿ ਇਸ ਤੋਂ ਪਹਿਲਾਂ ਕਈ ਜਥੇਬੰਦੀਆਂ ਨੇ ਉਹਨੂੰ ਮਾਰਨ ਦੀ ਕੋਸ਼ਿਸ਼ ਕੀਤੀ ਸੀ। ਇਹ ਵੇਖਣ ਨੂੰ ਬੜਾ ਸਾਊ ਪਰ ਅੰਦਰੋਂ ਬੜਾ ਜਾਲਮ ਅਤੇ ਹੰਕਾਰੀ ਬੰਦਾ ਸੀ। ਇਸਨੇ ਕਈ ਸਿੰਘਾਂ ਨੂੰ ਆਪਣੇ ਹੱਥੀਂ ਗੋਲੀ ਮਾਰੀ ਸੀ। ਇਹਦਾ ਆਪਣਾ ਹੀ ਤਰੀਕਾ ਸੀ। ਇਹ ਫੜੇ ਹੋਏ ਬੰਦੇ ਨੂੰ ਕੰਧ ਵੱਲ ਮੂੰਹ ਕਰਕੇ ਖੜ੍ਹਾ ਕਰ ਦਿੰਦਾ ਸੀ। ਕਹਿੰਦਾ ਸੀ ਕਿ ਤੇਰੇ ਕੋਲ ਜੋ ਵੀ ਹੈ ਇਹ ਕੰਧ ਨੂੰ ਦੱਸ ਦੇ। ਜਿਹੜਾ ਬੰਦਾ ਕੁਝ ਨਹੀਂ ਬੋਲਦਾ ਸੀ ਜਾਂ ਅੜਦਾ ਸੀ ਉਹਨੂੰ ਉਥੇ ਹੀ ਆਪਣੇ ਰਿਵਾਲਵਰ ਨਾਲ ਗੋਲੀ ਮਾਰ ਦਿੰਦਾ ਸੀ।

ਖਾਲਸਤਾਨ ਕਮਾਂਡੋ ਫੋਰਸ ਦੇ ਇਕ ਜਥੇ ਨੇ ਇਸ ਤਰ੍ਹਾਂ ਕਮਾਦ ਵਿਚ ਰੋਪੜ ਦੇ ਡੀਸੀ ਅਤੇ ਐਸਐਸਪੀ ਉਤੇ ਘਾਤ ਲਾਈ ਹੋਈ ਸੀ। ਇਹ ਦੋਵੇਂ ਅਫਸਰ ਰੋਜ ਦੇਰ ਰਾਤ ਨੂੰ ਆਪਣੇ ਘਰ ਚੰਡੀਗੜ੍ਹ ਜਾਂਦੇ ਸਨ। ਜਦੋਂ ਰਾਤ ਨੂੰ ਰੋਪੜ ਵਲੋਂ ਲਾਲ ਬੱਤੀ ਵਾਲੀ ਗੱਡੀ ਆਈ ਤਾਂ ਇਹਨਾਂ ਸਿੰਘਾਂ ਨੇ ਸੋਚਿਆ ਕਿ ਡੀਸੀ ਜਾਂ ਐਸਐਸਪੀ ਹੋਏਗਾ ਇਸ ਕਰਕੇ ਬਿਨਾ ਦੇਰ ਕੀਤਿਆਂ ਉਹਨਾਂ ਨੇ ਹਮਲਾ ਕਰ ਦਿੱਤਾ ਅਤੇ ਸਾਰੇ ਬੰਦੇ ਮਾਰ ਦਿੱਤੇ। ਜਦੋਂ ਸ਼ਨਾਖਤ ਲਈ ਗੱਡੀ ਦੇ ਨੇੜੇ ਜਾ ਕੇ ਵੇਖਿਆ ਤਾਂ ਉਹ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਦੀ ਗੱਡੀ ਸੀ। ਉਹਨਾਂ ਨੂੰ ਗੱਡੀ ਅਤੇ ਪਹਿਰੇਦਾਰ ਮਿਲੇ ਹੋਏ ਸਨ। ਲਾਲ ਬੱਤੀ ਅਤੇ ਪਹਿਰੇਦਾਰ ਹੀ ਜਥੇਦਾਰ ਦੀ ਮੌਤ ਦਾ ਕਾਰਣ ਬਣ ਗਏ। ਉਹਨਾਂ ਸਿੰਘਾਂ ਨੇ ਜਦੋਂ ਬਾਹਰ ਆ ਕੇ ਵੇਖਿਆ ਕਿ ਇਹ ਤਾਂ ਬਹੁਤ ਵੱਡੀ ਭੁੱਲ ਹੋ ਗਈ ਪਰ ਹੁਣ ਕੀ ਹੋ ਸਕਦਾ ਸੀ? ਇਹ ਘਟਨਾ ਬਾਰੇ ਉਸ ਵੇਲੇ ਬਹੁਤ ਚਰਚਾ ਹੋਈ ਪਰ ਪਤਾ ਨਹੀਂ ਲੱਗਿਆ ਕਿਸ ਨੇ ਜਥੇਦਾਰ ਨੂੰ ਕਿਉਂ ਮਾਰਿਆ। ਉਸ ਜਥੇ ਵਾਲੇ ਸਿੰਘਾਂ ਨੇ ਵੀ ਕਿਸੇ ਕੋਲ ਇਸ ਗੱਲ ਦੀ ਸੂਹ ਨਹੀਂ ਕੱਢੀ ਕਿ ਇਹ ਭੁੱਲ ਉਹਨਾਂ ਤੋਂ ਹੋਈ ਹੈ। ਬਹੁਤ ਬਾਅਦ ਵਿਚ ਸਾਨੂੰ ਪਤਾ ਲੱਗਿਆ ਕਿ ਇਹ ਘਟਨਾ ਇਸ ਤਰ੍ਹਾਂ ਵਾਪਰੀ ਸੀ।

ਸਰਹੱਦ ਨੇੜੇ ਦੀ ਗੱਲ ਹੈ ਕਿ ਇਕ ਬੀਐਸਐਫ ਦੇ ਕਮਾਂਡਰ ਨੇ ਬਹੁਤ ਅੱਤ ਚੁੱਕੀ ਹੋਈ ਸੀ। ਖਾਲਸਤਾਨ ਕਮਾਂਡੋ ਫੋਰਸ ਦੇ ਰਾਮ ਸਿੰਘ ਮਨਿਆਲੇ ਦੇ ਜਥੇ ਨੇ ਉਥੇ ਇਕ ਕੱਚੇ ਪਹੇ ਵਿਚ ਹੀ ਸੁਰੰਗ ਵਿਛਾ ਦਿੱਤੀ ਜਿਥੋਂ ਉਹ ਕਮਾਂਡਰ ਹਰ ਰੋਜ ਵਾਂਗ ਹੀ ਲੰਘਦਾ ਸੀ। ਕੁਦਰਤ ਦੀ ਖੇਡ ਵੇਖੋ ਕਿ ਜਦੋਂ ਉਹ ਅਫਸਰ ਦੀਆਂ ਗੱਡੀਆਂ ਦਾ ਕਾਫਲਾ ਉਥੋਂ ਲੰਘਣ ਲੱਗਿਆ ਤਾਂ ਉਸ ਵੇਲੇ ਮੱਝਾਂ ਦਾ ਵੱਗ ਉਹਨਾਂ ਦੀਆਂ ਗੱਡੀਆਂ ਦੇ ਅੱਗੇ ਆ ਗਿਆ। ਇਕ ਮੱਝ ਦਾ ਪੈਰ ਉਹ ਪਾਥੀ ਉਤੇ ਪਿਆ ਤਾਂ ਧਮਾਕਾ ਹੋ ਗਿਆ। ਉਹ ਮੱਝ ਸਮੇਤ ਕੁਝ ਮੱਝਾਂ ਮਰ ਗਈਆਂ ਤੇ ਉਹ ਅਫਸਰ ਬਚ ਗਿਆ।

ਦਿੱਲੀ ਵਿਚ ਲਲਿਤ ਮਾਕਨ ਨੂੰ ਮਾਰਨ ਵੇਲੇ ਉਸ ਦੀ ਘਰ ਵਾਲੀ ਵੀ ਧੱਕੇ ਨਾਲ ਗੋਲੀਆਂ ਦੀ ਮਾਰ ਵਿਚ ਆ ਗਈ ਜਦਕਿ ਉਹਨੂੰ ਮਾਰਨਾ ਕਦੇ ਵੀ ਨਹੀਂ ਸੋਚਿਆ ਸੀ। ਸਾਡੇ ਸਿੰਘ ਉਸ ਨੂੰ ਬਚਾ ਨਹੀਂ ਸਕੇ ਪਰ ਉਹਦਾ ਇਹ ਕਦਮ ਬਹੁਤ ਆਪਾ ਵਾਰੂ ਅਤੇ ਦਲੇਰਾਨਾ ਸੀ। ਇਸ ਤਰ੍ਹਾਂ ਪਟਿਆਲੇ ਦੇ ਐਸਐਸਪੀ ਬਰਾੜ ਨੂੰ ਮਾਰਨ ਸਮੇਂ ਇਕ ਹੋਰ ਅਫਸਰ ਵੀ ਆਪਣੀ ਦਲੇਰੀ ਕਾਰਨ ਅੱਗੇ ਆ ਕੇ ਮਾਰਿਆ ਗਿਆ ਸੀ ਜਦਕਿ ਉਹ ਸਾਡੇ ਨਿਸ਼ਾਨੇ ਉਤੇ ਨਹੀਂ ਸੀ। ਜੇ ਉਹ ਅੱਗੇ ਵਧ ਕੇ ਸਾਹਮਣੇ ਨਾ ਆਉਂਦਾ ਤਾਂ ਉਸ ਨੂੰ ਕੁਝ ਨਹੀਂ ਹੋਣਾ ਸੀ।

ਇਕ ਵਾਰ ਲੁਧਿਆਣੇ ਸ਼ਹਿਰ ਵਿਚ ਦਰਸ਼ਨ ਸਿੰਘ ਤਖਾਣਬੱਧ ਅਤੇ ਮਨੋਹਰ ਸਿੰਘ ਧੀਰੇ ਹੋਰੀਂ ਇਕ ਭੀੜ ਵਿਚ ਫਸ ਗਏ। ਉਹ ਉਸ ਵੇਲੇ ਟਾਟਾ ੪੦੭ ਗੱਡੀ

ਵਿਚ ਸਨ। ਉਹ ਗੱਡੀ ਵਿਚ ਰਖਨਾ ਬਣਾਇਆ ਹੋਇਆ ਸੀ ਜਿਸ ਵਿਚ ਹਥਿਆਰ ਹੁੰਦੇ ਸਨ। ਭੀੜ ਬਹੁਤ ਦੂਰ ਤੱਕ ਸੀ ਤੇ ਲੋਕ ਪਰੇਸ਼ਾਨ ਸਨ। ਐਨੇ ਚਿਰ ਨੂੰ ਮਾਰੂਤੀ ਵੈਨ ਵਿਚ ਉਥੇ ਦਾ ਕਾਂਗਰਸੀ ਆਗੂ ਆਪਣੇ ਰਾਖਿਆਂ ਸਮੇਤ ਆ ਗਿਆ। ਪੁਲਿਸ ਨੇ ਆਪਣੀ ਧੌਂਸ ਨਾਲ ਗੱਡੀ ਅੱਗੇ ਕੱਢ ਲਿਆਂਦੀ। ਉਹ ਸਿੰਘ ਉਸਨੂੰ ਜਾਣਦੇ ਵੀ ਨਹੀਂ ਸੀ ਤੇ ਉਹ ਸਿੰਘਾਂ ਦੇ ਨਿਸ਼ਾਨੇ ਉਤੇ ਵੀ ਨਹੀਂ ਸੀ ਪਰ ਉਸ ਮੌਕੇ ਧੱਕੇ ਦੇ ਵਤੀਰੇ ਨੇ ਉਸ ਨੂੰ ਉਹਨਾਂ ਸਿੰਘਾਂ ਦਾ ਨਿਸ਼ਾਨਾ ਬਣਾ ਦਿੱਤਾ। ਜਦੋਂ ਭੀੜ ਦਾ ਰਸਤਾ ਖੁੱਲ੍ਹਿਆ ਤਾਂ ਸਿੰਘਾਂ ਨੇ ਉਹਦੀ ਗੱਡੀ ਪਿਛੇ ਹੀ ਗੱਡੀ ਲਾ ਲਈ ਤੇ ਜਿਥੇ ਕੁ ਜਾ ਕੇ ਭੀੜ ਘਟੀ ਉਹਨਾਂ ਨੇ ਉਹਦੇ ਉਤੇ ਹਮਲਾ ਕਰ ਦਿੱਤਾ। ਇਹ ਕਿਸਮਤ ਦਾ ਗੇੜ ਹੀ ਸੀ ਕਿ ਮੌਤ ਉਹਨੂੰ ਭੀੜ ਚੀਰ ਕੇ ਸਿੰਘਾਂ ਦੇ ਬਰਾਬਰ ਲੈ ਆਈ। ਇਸ ਤਰ੍ਹਾਂ ਹੋਰ ਵੀ ਵਾਕਿਆਤ ਹਨ ਜਿਨ੍ਹਾਂ ਬਾਰੇ ਬਾਅਦ ਵਿਚ ਗੱਲਾਂ ਹੋਰ ਤਰ੍ਹਾਂ ਬਣ ਜਾਂਦੀਆਂ ਹਨ ਪਰ ਉਹ ਵਾਪਰੇ ਹੋਰ ਤਰੀਕੇ ਹੀ ਹੁੰਦੇ ਹਨ।

ਮੌਤ ਦੇ ਮੌਕਾ ਮੇਲ ਸਿਰਫ ਦੁਸ਼ਮਣ ਨਾਲ ਹੀ ਨਹੀਂ ਹੋਏ ਸਗੋਂ ਸਾਡੇ ਸਿੰਘਾਂ ਨਾਲ ਵੀ ਹੋਏ।

ਮੁੱਖ ਮੰਤਰੀ ਬੇਅੰਤ ਨੂੰ ਭਾਵੇਂ ਸਿੰਘਾਂ ਨੇ ਸੋਧਾ ਲਾ ਦਿੱਤਾ ਪਰ ਉਹਦੇ ਲਈ ਪਹਿਲਾਂ ਵੀ ਕਈ ਕੋਸ਼ਿਸ਼ਾਂ ਹੋਈਆਂ ਸਨ ਜੋ ਸਿਰੇ ਨਹੀਂ ਚੜ੍ਹ ਸਕੀਆਂ। ਇਕ ਘਟਨਾ ਉਹਦੇ ਮੁੱਖ ਮੰਤਰੀ ਬਣਨ ਤੋਂ ਪਹਿਲਾਂ ਦੀ ਹੈ। ਸੰਗਰੂਰ ਜਿਲ੍ਹੇ ਵਿਚ ਅਮਰਗੜ੍ਹ ਦੇ ਨੇੜੇ ਇਕ ਪਿੰਡ ਦੇ ਸਰਪੰਚ ਨੂੰ ਸਿੰਘਾਂ ਨੇ ਸੋਧਾ ਲਾਇਆ ਜੋ ਬੇਅੰਤ ਦਾ ਖਾਸ ਸੀ। ਇਹ ਬੰਦੇ ਦੇ ਭੋਗ ਉਤੇ ਬੇਅੰਤ ਨੇ ਆਉਣਾ ਸੀ ਤੇ ਸਿੰਘਾਂ ਨੇ ਬਾਰੂਦ ਲਾਉਣਾ ਸੀ। ਉਹਦੇ ਉਤੇ ਹਮਲੇ ਦੀ ਥਾਂ ਜੌੜੇ ਪੁਲ ਮਿਥਿਆ ਸੀ। ਸਿੰਘਾਂ ਨੇ ਬੰਬ ਸਕੂਟਰ ਵਿਚ ਜੜਿਆ ਹੋਇਆ ਸੀ। ਦੋ ਸਿੰਘ ਉਹ ਸਕੂਟਰ ਲੈ ਕੇ ਜੌੜੇ ਪੁਲਾਂ ਵੱਲ ਜਾ ਰਹੇ ਸਨ ਤਾਂ ਲਾਡੇਵਾਲ ਦੀ ਪੁਲੀ ਕੋਲ ਰਸਤੇ ਵਿਚ ਉਹਨਾਂ ਦੀ ਟੱਕਰ ਹੋ ਗਈ ਤੇ ਜਿਸ ਨਾਲ ਉਹ ਬੰਬ ਚਲ ਗਿਆ ਤੇ ਦੋਵੇਂ ਸਿੰਘ ਬੁਰੀ ਤਰ੍ਹਾਂ ਜਖਮੀ ਹੋ ਗਏ ਤੇ ਉਥੇ ਹੀ ਮੌਤ ਨੂੰ ਪਿਆਰੇ ਹੋ ਗਏ। ਇਨ੍ਹਾਂ ਦੇ ਨਾਂ ਬਲਵਿੰਦਰ ਸਿੰਘ ਗਵਾਰਾ, ਦਪਿੰਦਰ ਸਿੰਘ ਬਨਭੌਰਾ ਸਨ।

ਸ਼ਾਇਦ ਇਹ ਗੱਲ ੧੯੯੯ ਦੀ ਹੈ ਓਹਨਾਂ ਦਿਨਾਂ ਵਿੱਚ ਚੰਡੀਗੜ੍ਹ ਵਿਖੇ ਐਸਐਸਪੀ ਸੁਮੇਧ ਸੈਣੀ ਸੀ। ਇਥੇ ਖਾਲਸਤਾਨ ਕਮਾਂਡੋ ਫੋਰਸ ਅਤੇ ਬਬਰ ਖਾਲਸਾ ਦੇ ਸਿੰਘਾਂ ਦਾ ਦਬਦਬਾ ਸੀ। ਏਹਨਾਂ ਕੋਲ ਇਥੇ ਬਹੁਤ ਸਿੰਘ ਤੇ ਬਹੁਤ ਟਿਕਾਣੇ ਸਨ। ਆਪਸ ਵਿੱਚ ਬਹੁਤ ਵਧੀਆ ਤਾਲਮੇਲ ਸੀ। ਖਾਲਸਤਾਨ ਲਿਬਰੇਸ਼ਨ ਫੋਰਸ ਦੇ ਸਿੰਘ ਵੀ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸਿੰਘਾਂ ਨਾਲ ਇਥੇ ਠਹਿਰਦੇ ਸਨ। ੪ ਜਥੇਬੰਦੀਆਂ ਦੀ ਏਕਤਾ ਅਤੇ ਪੰਥਕ ਕਮੇਟੀ ਦੇ ਪੁਨਰ ਗਠਨ ਪਿੱਛੋਂ ਸਿੰਘਾਂ ਦਾ ਜੋਰ ਵੱਧ ਗਿਆ ਸੀ। ਬੱਬਰ ਖਾਲਸਾ ਤੋਂ ਬਲਵਿੰਦਰ ਸਿੰਘ ਜਟਾਣਾ, ਸੰਤ ਸਿੰਘ

ਗੀਗੇਮਾਜਰਾ, ਵਿਸ਼ੇਸ਼ਰ ਸਿੰਘ ਫੌਜੀ ਪ੍ਰਮੁੱਖ ਸਨ। ਸਿੱਖ ਸਟੂਡੈਂਟਸ ਫੈਡਰੇਸ਼ਨ, ਖਾਲਸਤਾਨ ਕਮਾਂਡੋ ਫੋਰਸ, ਖਾਲਸਤਾਨ ਲਿਬਰੇਸ਼ਨ ਫੋਰਸ ਵਿਚੋਂ ਚਰਨਜੀਤ ਸਿੰਘ ਤਲਵੰਡੀ, ਅਵਤਾਰ ਸਿੰਘ, ਦਵਿੰਦਰਪਾਲ ਸਿੰਘ ਹੈਪੀ, ਹਰਪਾਲ ਸਿੰਘ ਪਾਲੀ, ਹਰਜੀਤ ਸਿੰਘ ਮੁੱਖ ਰੂਪ ਵਿੱਚ ਸਨ। ਉਸ ਵਕਤ ਪੰਥਕ ਕਮੇਟੀ ਵੱਲੋਂ ਪਰਮਜੀਤ ਸਿੰਘ, ਅਵਤਾਰ ਸਿੰਘ, ਚਰਨਜੀਤ ਸਿੰਘ, ਹਰਪਾਲ ਸਿੰਘ ਪਾਲੀ ਨੇ ਇਕ ਕਿਤਾਬਚੇ ਵਰਗਾ ਮਹੀਨਾਵਾਰ ਪਰਚਾ ਕੱਢਣਾ ਸ਼ੁਰੂ ਕੀਤਾ ਸੀ ਜਿਸ ਦਾ ਨਾਂ ਆਵਾਜ-ਏ-ਖਾਲਸਤਾਨ ਸੀ। ਅੱਠ ਸਫਿਆਂ ਵਿੱਚੋਂ ਕੰਪਿਊਟਰ ਤੇ ਕੱਢੇ ਹੋਏ ਪਰਚੇ ਦੀਆਂ ਫੋਟੋ ਕਾਪੀਆਂ ਕੀਤੀਆਂ ਜਾਂਦੀਆਂ ਸੀ ਅਤੇ ਫਿਰ ਵੱਖ ਵੱਖ ਥਾਈਂ ਡਾਕ, ਬੱਸਾਂ ਜਾਂ ਹੋਰ ਤਰੀਕੇ ਨਾਲ ਪਹੁੰਚਾਈਆਂ ਜਾਂਦੀਆਂ ਸਨ। ਇਸ ਵਿਚ ਸੰਘਰਸ਼ ਦੀਆਂ ਸਿਧਾਂਤਕ ਯੋਜਨਾਵਾਂ, ਨੀਤੀਆਂ, ਜਿੰਮੇਵਾਰੀਆਂ ਤੇ ਸਪੱਸ਼ਟੀਕਰਨ ਹੁੰਦੇ ਸਨ। ਇਸ ਦਾ ਜਿਆਦਾ ਕੰਮ ਅਵਤਾਰ ਸਿੰਘ ਅਤੇ ਹਰਪਾਲ ਸਿੰਘ ਪਾਲੀ ਹੀ ਕਰਦੇ ਸਨ। ਇਹਨਾਂ ਨੇ ਆਪਣੀਆਂ ਠਾਹਰਾਂ ਤੇ ਛਾਪਣ ਅਤੇ ਫੋਟੋ ਸਟੇਟ ਵਾਲੀਆਂ ਮਸ਼ੀਨਾਂ ਰੱਖੀਆਂ ਸਨ ਜਿੱਥੇ ਇਹ ਬੜੀ ਮਿਹਨਤ ਨਾਲ ਪਹਿਲਾਂ ਕੰਪਿਊਟਰ ਤੇ ਪ੍ਰਿੰਟ ਕਰਕੇ ਅਤੇ ਫਿਰ ਉਸ ਦੀਆਂ ਨਕਲਾਂ ਕਰਕੇ ਅੱਗੇ ਭੇਜਦੇ ਸਨ। ਇਹ ਜਥੇ ਦਾ ਇਹ ਕੰਮ ਬਹੁਤ ਅਹਿਮ ਤੇ ਨਿਵੇਕਲਾ ਸੀ ਕਿਉਂਕਿ ਚੰਡੀਗੜ੍ਹ ਦੇ ਆਲੇ ਦੁਆਲੇ ਵਿੱਚ ਕਾਰਵਾਈਆਂ ਦੇ ਨਾਲ ਨਾਲ ਵਿਚਾਰ ਦਾ ਪਰਵਾਹ ਚਲਾਉਂਦੇ ਸਨ। ਚੰਡੀਗੜ੍ਹ ਵਿਚ ਬੱਬਰਾਂ ਵੱਲੋਂ ਆਮ ਤੌਰ ਤੇ ਬਲਵਿੰਦਰ ਸਿੰਘ ਜਟਾਣਾ ਅਤੇ ਸੰਤ ਸਿੰਘ ਗੀਗੇਮਾਜਰਾ ਹੀ ਸਾਨੂੰ ਮਿਲਦੇ ਹੁੰਦੇ ਸਨ। ਉਸ ਸਮੇਂ ਕੰਮਾਂ ਦੀ ਜਿੰਮੇਵਾਰੀ ਸਾਂਝੇ ਤੌਰ ਤੇ ਚਾਰ ਜਥੇਬੰਦੀਆਂ ਵੱਲੋਂ ਹੀ ਲਈ ਜਾਂਦੀ ਸੀ।

ਇਕ ਦਿਨ ਮੈਂ ਚੰਡੀਗੜ੍ਹ ਠਹਿਰਿਆ ਅਤੇ ਉਥੇ ਸ਼ਾਮ ਨੂੰ ਬਲਵਿੰਦਰ ਸਿੰਘ ਤੇ ਸੰਤ ਸਿੰਘ ਆ ਗਏ, ਓਦੋਂ ਪਾਲੀ ਨੇ ੩੬ ਸੈਕਟਰ ਵਿਚ ਕਿਰਾਏ ਤੇ ਉਪਰਲਾ ਹਿੱਸਾ ਲਿਆ ਹੋਇਆ ਸੀ ਅਤੇ ਅਵਤਾਰ ਸਿੰਘ ਦਾਊਮਾਜਰਾ ਤੇ ਹਰਜੀਤ ਸਿੰਘ (ਪਰਗਟ ਸਿੰਘ) ਵੀ ਉੱਥੇ ਹੀ ਸੀ। ਸੰਤ ਸਿੰਘ ਗੀਗੇਮਾਜਰਾ ਰੋਪੜ ਜਿਲ੍ਹੇ ਦਾ ਸਿੱਖ ਸਟੂਡੈਂਟਸ ਫੈਡਰੇਸ਼ਨ ਦਾ ਪ੍ਰਧਾਨ ਵੀ ਸੀ। ਇਹ ਬੜਾ ਲਾਇਕ ਤੇ ਸੂਝਵਾਨ ਨੌਜਵਾਨ ਸੀ। ਬੈਠਿਆਂ ਬੈਠਿਆਂ ਏਹਨਾਂ ਨੇ ਦੱਸਿਆ ਕਿ ਸਾਡੇ ਕੋਲ ਨਿਰੰਜਨ ਸਿੰਘ ਆਈਏਐਸ (ਜਿਸ ਉੱਪਰ ੧੯੮੪ ਤੋਂ ਪਹਿਲਾਂ ਵੀ ਹਮਲਾ ਹੋਇਆ ਸੀ ਤੇ ਉਹ ਨਿਰੰਕਾਰੀਆਂ ਦਾ ਅਹਿਮ ਬੰਦਾ ਸੀ) ਬਾਰੇ ਜਾਣਕਾਰੀ ਆਈ ਹੈ ਕਿ ਅੱਜ ਕੱਲ੍ਹ ਉਹ ਕਿਸੇ ਮਹਿਕਮੇ ਦਾ ਸਕੱਤਰ ਹੈ ਤੇ ਉਸ ਦਾ ਦਫਤਰ ੨੨ ਸੈਕਟਰ ਵਿੱਚ ਹੈ। ਉਸ ਨਾਲ ਚਾਰ ਪੰਜ ਬੰਦੇ ਪਹਿਰੇਦਾਰ ਹੁੰਦੇ ਹਨ। ਅਸੀਂ ਉਸ ਦਾ ਪਿੱਛਾ ਕਰ ਰਹੇ ਹਾਂ ਕਿ ਜਲਦੀ ਹੀ ਤੁਹਾਨੂੰ ਖੁਸ਼ਖਬਰੀ ਸੁਣਾਵਾਂਗੇ।

ਇਸ ਤੋਂ ਬਾਅਦ ਮੈਂ ਕਾਫੀ ਚਿਰ ਚੰਡੀਗੜ੍ਹ ਨਹੀਂ ਗਿਆ ਤੇ ਏਹਨਾਂ ਸਿੰਘਾਂ ਨੂੰ

ਨਹੀਂ ਮਿਲ ਸਕਿਆ। ਫਿਰ ਇਕ ਦਿਨ ਬਹੁਤ ਹੀ ਦੁੱਖ ਭਰੀ ਖਬਰ ਆਈ ਕਿ ਚੰਡੀਗੜ੍ਹ ਵਿਚ ੧ ਸਕੂਟਰ ਵਿੱਚ ਰੱਖੇ ਬੰਬ ਦੇ ਚੱਲਣ ਨਾਲ ੩ ਸਿੰਘ ਮਾਰੇ ਗਏ। ਬੰਬ ਐਨਾ ਤਾਕਤਵਰ ਸੀ ਕਿ ਸਾਰੇ ਸਿੰਘਾਂ ਦੇ ਚੀਥੜੇ ਉੱਡੇ ਤੇ ਬੇਪਛਾਣ ਹੋ ਗਏ। ਓਹਨਾਂ ਕੋਲ ਹੀ ਮਿਲੇ ਪਸਤੌਲਾਂ ਤੋਂ ਪਤਾ ਲੱਗਿਆ ਕਿ ਇਹ ਤਾਂ ਕੋਈ ਖਾੜਕੂ ਸਨ। ਜੋ ਆਪਣੇ ਹੀ ਬੰਬ ਦਾ ਸ਼ਿਕਾਰ ਹੋ ਗਏ। ਮੈਨੂੰ ਇਕ ਦਮ ਹੌਲ ਜਿਹਾ ਪਿਆ ਕਿਉਂਕਿ ਓਹਨਾਂ ਦਿਨਾਂ ਚ ਚੰਡੀਗੜ੍ਹ ਦੇ ਇਲਾਕੇ ਵਿੱਚ ਕਾਫੀ ਗਿਣਤੀ ਵਿੱਚ ਚੜ੍ਹਦੀ ਕਲਾ ਵਾਲੇ ਸਿੰਘ ਮੌਜੂਦ ਸੀ ਤੇ ਉਹ ਸਭ ੪ ਜਥੇਬੰਦੀਆਂ ਨਾਲ ਹੀ ਸਬੰਧਤ ਸਨ। ਭਾਈ ਹਰਜੀਤ ਸਿੰਘ ਲੁਧਿਆਣੇ ਆਇਆ ਤੇ ਉਸ ਦਾ ਮੂੰਹ ਉਡਿਆ ਹੋਇਆ ਸੀ ਉਸਨੇ ਦੱਸਿਆ ਕਿ ਬਹੁਤ ਭਾਰੀ ਨੁਕਸਾਨ ਹੋ ਗਿਆ ਹੈ। ਪਾਲੀ, ਸੰਤ ਸਿੰਘ ਅਤੇ ਫੌਜੀ ਬੰਬ ਧਮਾਕੇ ਵਿੱਚ ਮਾਰੇ ਗਏ। ਮੈਨੂੰ ਤਾਂ ਪਹਿਲਾਂ ਹੀ ਕੁਝ ਬੁਰਾ ਹੋਣ ਬਾਰੇ ਮਹਿਸੂਸ ਹੁੰਦਾ ਸੀ।

ਸੰਤ ਸਿੰਘ ਹੁਰਾਂ ਨੂੰ ਮੌਕਾ ਨਹੀਂ ਮਿਲ ਰਿਹਾ ਸੀ ਕਿਉਂਕਿ ਗਾਰਦ ਬਹੁਤ ਜਿਆਦਾ ਸੀ। ਉਨ੍ਹਾਂ ਨੇ ਪਾਲੀ ਨਾਲ ਗੱਲ ਕੀਤੀ। ਚੰਡੀਗੜ੍ਹ ਵਿਚ ਪਲੀਤੇ ਅਤੇ ਬਾਰੂਦ ਪਹਿਲਾਂ ਹੀ ਪਿਆ ਸੀ। ਏਹਨਾਂ ਨੇ ਸੋਚਿਆ ਕਿ ਉਸ ਨਿਰੰਕਾਰੀ ਨੂੰ ਬਾਰੂਦ ਨਾਲ ਹੀ ਹੁਣੇ ਸੋਧਿਆ ਜਾਵੇ। ਜਿਥੋਂ ਉਹ ਕਾਰ ਤੋਂ ਉਤਰ ਕੇ ਦਫਤਰ ਵੜਦਾ ਸੀ ਓਥੇ ਏਹਨਾਂ ਨੇ ਸਕੂਟਰ ਖੜ੍ਹਾ ਕਰਨਾ ਸੀ। ਜਦੋਂ ਉਹ ਬਿਲਕੁਲ ਨੇੜੇ ਆਉਂਦਾ ਤਾਂ ਰਿਮੋਟ ਕੰਟਰੋਲ ਨਾਲ ਬੰਬ ਚਲਾ ਦੇਣਾ ਸੀ। ਪਾਲੀ ਬਿਜਲੀ ਵਾਲੇ ਸੰਦਾਂ ਦਾ ਬਹੁਤ ਮਾਹਿਰ ਸੀ। ਮੁਹਾਲੀ ਵਿਖੇ ਤਕਨੀਕੀ ਖੋਜ ਕੇਂਦਰ (ਪੰਜਾਬ ਸੈਮੀ ਕੰਡਕਟਰਸ) ਵਿੱਚ ਉਹ ਕੰਮ ਕਰਦਾ ਸੀ। ਉਸਨੇ ਰਿਮੋਟ ਨਾਲ ਚੱਲਣ ਵਾਲੀ ਘੰਟੀ ਬਣਾਈ ਸੀ ਤੇ ਇਹ ਪੂਰੀ ਕਾਮਯਾਬ ਸੀ। ਉਨ੍ਹਾਂ ਨੇ ਸਕੂਟਰ ਵਿੱਚ ਕੋਈ ੧੦-੧੨ ਕਿਲੋ ਬਾਰੂਦ ਨਾਲ ਰਿਮੋਟ ਲਾ ਦਿੱਤਾ ਅਤੇ ਆਪਣੀ ਠਾਹਰ ਤੋਂ ੨੨ ਸੈਕਟਰ ਵੱਲ ਸਕੂਟਰ ਖੜਾਉਣ ਜਾ ਰਹੇ ਸੀ। ਇਹ ਪਤਾ ਨਹੀਂ ਇਹ ਤਿੰਨੋਂ ਜਣੇ ਉਸੇ ਸਕੂਟਰ ਉੱਪਰ ਕਿਉਂ ਬੈਠ ਗਏ। ਓਥੇ ਸਾਧਨਾਂ ਦੀ ਤਾਂ ਕਮੀ ਨਹੀਂ ਸੀ ਪਰ ਜਿਵੇਂ ਮੌਤ ਖਿੱਚ ਕੇ ਲੈ ਗਈ ਹੋਵੇ। ਜਾਣ ਵੇਲੇ ਉਨ੍ਹਾਂ ਦੇ ਸਕੂਟਰ ਦੀ ਕਿਸੇ ਹੋਰ ਸਾਧਨ ਨਾਲ ਟੱਕਰ ਹੋ ਗਈ ਤੇ ਬੰਬ ਫਟ ਗਿਆ। ਤਿੰਨੋਂ ਬੰਦੇ ਬਹੁਤ ਸਮਝਦਾਰ, ਸਬਰ ਵਾਲੇ ਅਤੇ ਆਪਣੇ ਕੰਮ ਵਿੱਚ ਮਾਹਰ ਸਨ। ਏਡੀ ਵੱਡੀ ਗਲਤੀ ਓਹਨਾਂ ਤੋਂ ਕਿਵੇਂ ਹੋ ਗਈ? ਪਹਿਲਾਂ ਤਾਂ ਉਹ ਇਕ ਸਕੂਟਰ ਤੇ ਬੈਠ ਗਏ ਅਤੇ ਫਿਰ ਉਸ ਦੀ ਟੱਕਰ ਹੋ ਗਈ। ਇਹ ਸਭ ਕੁਝ ਸਮਝ ਤੋਂ ਬਾਹਰ ਸੀ। ਬੱਸ ਇਹੋ ਕੁਝ ਹੋਣਾ ਸੀ। ਇਸ ਤਰ੍ਹਾਂ ਖਾੜਕੂ ਸੰਘਰਸ਼ ਨੂੰ ਇਹ ਬਹੁਤ ਵੱਡਾ ਘਾਟਾ ਪਿਆ। ਤਿੰਨੋਂ ਹੀ ਆਪਣੇ ਆਪ ਵਿੱਚ ਬਹੁਤ ਅਹਿਮ ਸਨ ਤੇ ਓਹਨਾਂ ਤੇ ਬਹੁਤ ਕੁਝ ਨਿਰਭਰ ਕਰਦਾ ਸੀ। ਸੰਤ ਸਿੰਘ ਵਿਚ ਇਕ ਵੱਡੇ ਖਾੜਕੂ ਜਰਨੈਲ ਵਾਲੇ ਸਾਰੇ ਗੁਣ ਸਨ ਉਹ ਸਿਰਕੱਢ ਮਾਹਰ ਅਤੇ ਸਿਰੜੀ ਯੋਧਾ ਸੀ। ਹਰਪਾਲ ਸਿੰਘ

ਪਾਲੀ ਵੀ ਬਹੁਤ ਲਾਇਕ ਤੇ ਨੇਕ ਸੀ ਅਤੇ ਹਰ ਕੰਮ ਸਾਂਭ ਲੈਣ ਵਾਲਾ ਸਿੰਘ ਸੀ।

ਅੰਮ੍ਰਿਤਸਰ ਵਿਚ ਇਕ ਬੰਬ ਹਮਲੇ ਵਿਚ ਹਮਲਾ ਕਰਨ ਵਾਲੇ ਜਥੇ ਦਾ ਸਿੰਘ ਵੀ ਚੜ੍ਹਾਈ ਕਰ ਗਿਆ। ਚੰਡੀਗੜ੍ਹ ਕੋਲ ਗੁਰਮੀਤ ਸਿੰਘ ਟੋਨੀ ਅਤੇ ਮਨਜੀਤ ਸਿੰਘ ਮੰਜੂ ਦੋਵੇਂ ਹੀ ਆਪਣੇ ਸਾਥੀਆਂ ਤੋਂ ਹੀ ਗਲਤੀ ਨਾਲ ਗੋਲੀ ਲੱਗਣ ਕਾਰਣ ਚੜ੍ਹਾਈ ਕਰ ਗਏ ਸਨ। ਫਗਵਾੜੇ ਕੋਲ ਜਗਜੀਤ ਸਿੰਘ ਗਿੱਲ ਵੀ ਇਸੇ ਤਰ੍ਹਾਂ ਹੀ ਆਪਣੇ ਸਾਥੀ ਤੋਂ ਗਲਤੀ ਨਾਲ ਗੋਲੀ ਚਲਣ ਕਰਕੇ ਚੜ੍ਹਾਈ ਕਰ ਗਿਆ ਸੀ। ਇਕ ਹੋਣਹਾਰ ਸਿੰਘ ਸਨ ਸੁਖਜਿੰਦਰ ਸਿੰਘ ਬਰਾੜ ਵੀ ਇਸੇ ਤਰ੍ਹਾਂ ਆਪਣੇ ਬਣਾਏ ਬੰਬ ਦੇ ਚੱਲਣ ਨਾਲ ਸ਼ਹੀਦ ਹੋ ਗਿਆ ਸੀ।

ਭਾਗ ਚੌਥਾ

ਸ਼ਹਾਦਤ

ਪਾਠ : ੧੨

ਤਸ਼ੱਦਦ ਦੇ ਸਨਮੁਖ

ਕੁਝ ਸਾਲ ਪਹਿਲਾਂ ਜਦੋਂ ਬਲਵੰਤ ਸਿੰਘ ਰਾਜੋਆਣੇ ਨੂੰ ਫਾਂਸੀ ਤੋਂ ਛੁਡਾਉਣ ਲਈ ਮੁਹਿੰਮ ਚਲੀ ਤਾਂ ਉਸ ਵੇਲੇ ਪੁਲਿਸ ਨੇ ਸਾਰੇ ਪੰਜਾਬ ਵਿਚ ਗ੍ਰਿਫਤਾਰੀਆਂ ਕੀਤੀਆਂ ਸੀ ਅਤੇ ਮੈਨੂੰ ਵੀ ਗ੍ਰਿਫਤਾਰ ਕਰ ਲਿਆ। ਜੇਲ੍ਹ ਭੇਜਣ ਤੋਂ ਪਹਿਲਾਂ ਪੁਲਿਸ ਨੇ ਮੈਨੂੰ ਕੁਝ ਘੰਟੇ ਸੀਆਈਏ ਸਟਾਫ ਵਿਚ ਰੱਖਿਆ। ਉਥੇ ਮੈਨੂੰ ਸੀਆਈਏ ਸਟਾਫ ਦਾ ਇੰਸਪੈਕਟਰ ਮਿਲਿਆ। ਇਹ ਮੁਲਾਜਮ ਮੈਨੂੰ ਲੰਮੇ ਸਮੇਂ ਬਾਅਦ ਮਿਲਿਆ ਕਿਉਂਕਿ ਜਦੋਂ ੧੯੯੬ ਵਿੱਚ ਮੈਂ ਫੜ ਹੋਇਆ ਸੀ ਤਾਂ ਓਦੋਂ ਇਹ ਸੀਆਈਏ ਸਟਾਫ ਲੁਧਿਆਣੇ ਵਿੱਚ ਤਾਇਨਾਤ ਸੀ। ਇਸ ਦੌਰਾਨ ਇਹਦੀ ਹੋਰ ਕਈ ਥਾਂ ਬਦਲੀ ਹੋਈ ਪਰ ਜਿਹੜੇ ਮੁਲਾਜਮ ਸੀਆਈਏ ਦੇ ਰੰਗ ਵਿਚ ਰੰਗੇ ਜਾਂਦੇ ਹਨ ਉਹ ਹੋਰ ਕਿਤੇ ਬਹੁਤਾ ਸਮਾਂ ਨਹੀਂ ਟਿਕਦੇ ਮੁੜ ਉਥੇ ਹੀ ਆ ਜਾਂਦੇ ਹਨ। ਸੰਘਰਸ਼ ਦੇ ਸਮੇਂ ਦੌਰਾਨ ਇਹ ਲੁਧਿਆਣੇ ਅਤੇ ਜਗਰਾਓਂ ਦੇ ਤਸੀਹਾ ਕੇਂਦਰਾਂ ਵਿੱਚ ਹੀ ਤਾਇਨਾਤ ਰਿਹਾ। ਇਸ ਨੇ ਜੁਲਮਾਂ ਦੀ ਕਹਾਣੀ ਆਪਣੇ ਅੱਖੀਂ ਦੇਖੀ ਵੀ ਤੇ ਉਸ ਵਿੱਚ ਪੂਰਾ ਰੱਜ ਕੇ ਹਿੱਸਾ ਵੀ ਪਾਇਆ। ਸੈਂਕੜੇ ਹੀ ਸਿੰਘ ਉਸ ਨੇ ਹੱਥੀਂ ਕੋਹੇ ਤੇ ਅਨੇਕਾਂ ਹੀ ਸਿੰਘਾਂ ਨੂੰ ਇਸ ਦੁਨੀਆ ਤੋਂ ਤੋਰ ਦਿੱਤਾ।

ਉਸ ਵੇਲੇ ਪੁਲਿਸ ਹਲਕਿਆਂ ਵਿਚ ਅਤੇ ਖਾੜਕੂਆਂ ਵਿੱਚ ਤਸ਼ੱਦਦ ਲਈ ਉਹ ਮੰਨਿਆ-ਪ੍ਰਮੰਨਿਆ ਨਾਂ ਸੀ। ਉਹ ੬ ਫੁੱਟ ਤੋਂ ਉੱਚੇ ਭਾਰੀ ਮਜਬੂਤ ਸਰੀਰ ਦਾ ਮਾਲਕ ਸੀ ਤੇ ਉਹਦੀ ਦੇਖਣੀ ਅਤੇ ਚਾਲ ਇਕ ਵਜਨ ਰੱਖਦੀ ਸੀ ਪਰ ਹੁਣ ਉਹ ਬਹੁਤ ਬਦਲ ਚੁੱਕਿਆ ਸੀ ਅਤੇ ਆਪਣੇ ਆਪ ਨੂੰ ਤਸ਼ੱਦਦ ਤੋਂ ਦੂਰ ਰੱਖਣ ਦੀ ਕੋਸ਼ਿਸ਼ ਕਰਦਾ ਸੀ। ਜਦੋਂ ਅਸੀਂ ਇਕੱਲੇ ਸੀ ਤਾਂ ਉਹਦੀਆਂ ਗੱਲਾਂ ਤੋਂ ਇੰਝ ਲੱਗਦਾ ਹੁੰਦਾ ਸੀ ਕਿ ਉਹ ਜਿਸ ਕਹਾਣੀ ਚੋਂ ਲੰਘਿਆ ਹੈ ਉਸ ਤੋਂ ਡਾਢਾ ਪਰੇਸ਼ਾਨ ਔਖਾ ਹੈ।

ਉਸਨੇ ਕਿਹਾ ਕਿ ਤੁਸੀਂ ਵੀ ਲੜੇ ਓ ਤੇ ਅਸੀਂ ਵੀ ਬਹੁਤ ਲੜੇ। ਸਾਡੇ ਪਿਛੇ ਏਨੀ ਵੱਡੀ ਸਰਕਾਰ ਸੀ ਤੇ ਸਾਡੀ ਟੀਮ ਜਿੱਤ ਗਈ ਪਰ ਤੁਸੀਂ ਲੜੇ ਤਾਂ ਵਧੀਆ। ਉਹਨੇ

ਬਹੁਤ ਚੋਟੀ ਦੇ ਸਿੰਘਾਂ ਨੂੰ ਸ਼ਹੀਦ ਕੀਤਾ ਸੀ ਪਰ ਉਹਨਾਂ ਦਾ ਸਤਿਕਾਰ ਕਰਦਾ ਸੀ। ਹੁਣ ਉਸ ਦੇ ਪਰਿਵਾਰ ਦੀ ਹਾਲਤ ਠੀਕ ਨਹੀਂ ਸੀ ਅਤੇ ਉਹ ਦੀ ਸੋਚਣੀ ਵਿੱਚ ਕੁੱਝ ਫਰਕ ਪੈ ਗਿਆ ਸੀ। ਉਹਨੇ ਡਾਢੇ ਦੁੱਖ ਅਤੇ ਚਿੰਤਾ ਵਿਚ ਕਿਹਾ ਕਿ ਹੁਣ ਪੰਜਾਬ ਦੀ ਜਵਾਨੀ ਨੂੰ ਕੀ ਹੋ ਗਿਆ ਇਹਨਾਂ ਵਿੱਚ ਅਣਖ ਵੀ ਨਹੀਂ ਰਹੀ ਤੇ ਬਿਲਕੁਲ ਫੋਸੜ ਸਰੀਰ। ਉਹ ਆਪ ਮੁਹਾਰਾ ਬੋਲਣ ਲੱਗ ਪਿਆ ਸ਼ਾਇਦ ਉਹਨੂੰ ਲਗਦਾ ਸੀ ਕਿ ਇਹ ਗੱਲ ਇਥੇ ਹੀ ਕਹੀ ਜਾ ਸਕਦੀ ਹੈ।

ਉਹਨੇ ਕਿਹਾ ਦੁਬਾਰਾ ਆ ਕੇ ਇਥੇ ਜਿੰਨ੍ਹੇ ਬਦਮਾਸ਼ਾਂ ਅਤੇ ਅੱਜ ਕੱਲ ਦੇ ਨਵੇਂ ਖਾੜਕੂਆਂ ਨਾਲ ਮੇਰਾ ਵਾਹ ਪਿਆ ਹੈ, ਮੈਨੂੰ ਬੜਾ ਦੁੱਖ ਹੁੰਦਾ ਹੈ ਕਿ ਇਨ੍ਹਾਂ ਵਿੱਚੋਂ ਕੋਈ ਹੀ ਔਗਿਓਂ ਅੜਦਾ ਹੈ। ਇਹ ਮੁੰਡੇ ਕੁਝ ਵੀ ਨਹੀਂ ਲੁਕਾਉਂਦੇ। ਸਾਰਾ ਕੁਝ ਇੱਕ ਦੂਸਰੇ ਦੇ ਸਾਹਮਣੇ ਹੀ ਦੱਸੀ ਜਾਂਦੇ ਹਨ, ਜਦੋਂ ਇਹਨਾਂ ਨੂੰ ਮੇਰੇ ਬਾਰੇ ਦੱਸਿਆ ਜਾਂਦਾ ਹੈ ਕਿ ਮੈਂ ਕੌਣ ਹਾਂ ਤੇ ਕੀ ਕਰਦਾ ਹਾਂ ਤਾਂ ਇਹ ਬਿਨਾ ਪੁੱਛਿਆ ਹੀ ਸਾਰਾ ਕੁਝ ਦੱਸ ਦਿੰਦੇ ਹਨ। ਹੁਣ ਤਾਂ ਸਾਨੂੰ ਕੁਝ ਕਰਨਾ ਹੀ ਨਹੀਂ ਪੈਂਦਾ। ਇਹ ਪੰਜਾਬ ਦੀ ਅਣਖ ਨੂੰ ਕੀ ਹੋ ਗਿਆ?

ਫੇਰ ਉਹ ਯਾਦ ਕਰਕੇ ਦੱਸਣ ਲੱਗਾ ਕਿ ਉਹ ਵੀ ਵੇਲਾ ਸੀ ਜਦੋਂ ਕਈ ਸਿੰਘ ਸਾਰੀ ਸਾਰੀ ਰਾਤ ਤਸ਼ੱਦਦ ਦੇ ਵਿੱਚ ਵੀ ਪਾਠ ਕਰੀ ਜਾਂਦੇ ਸੀ, ਕਈ ਸਾਨੂੰ ਗਾਲਾਂ ਕੱਢਦੇ ਸਨ। ਕਈ ਤਾਂ ਆਪਣਾ ਨਾਂ ਵੀ ਨਹੀਂ ਦਸਦੇ ਸਨ। ਅਸੀਂ ਸ਼ਰਾਬ ਪੀ ਕੇ ਪੂਰੀ ਪੂਰੀ ਰਾਤ ਹਰ ਤਰ੍ਹਾਂ ਦਾ ਤਸ਼ੱਦਦ ਕਰਦੇ ਸੀ ਪਰ ਉਹ ਆਪਣੀ ਅਣਖ ਨਹੀਂ ਛੱਡਦੇ ਸਨ ਅਤੇ ਐਨ ਬੇਬਸ ਹੋ ਕੇ ਵੀ ਈਨ ਨਾ ਮੰਨਦੇ। ਉਦੋਂ ਅਸੀਂ ਉਹਨਾਂ ਨੂੰ ਨਫਰਤ ਕਰਦੇ ਸੀ ਤੇ ਮਾਰ ਦਿੰਦੇ ਸਾਂ ਪਰ ਹੁਣ ਫਰਕ ਦਾ ਪਤਾ ਲਗਦਾ ਹੈ ਕਿ ਕਿੱਥੇ ਉਹ ਜੁਆਨ ਸਨ ਤੇ ਕਿੱਥੇ ਆਹ ਹੁਣ ਵਾਲੇ। ਉਹਨਾਂ ਤੋਂ ਕਈ ਵਾਰੀ ਡਰ ਵੀ ਲਗਦਾ ਪਰ ਲੜਨ ਦਾ ਸੁਆਦ ਵੀ ਆਉਂਦਾ ਸੀ ਪਰ ਇਥੇ ਹੁਣ ਸਿਰਫ ਮੇਰਾ ਨਾਂ ਈ ਸਭ ਕੁਝ ਕਰ ਦਿੰਦਾ ਹੈ।

ਉਸ ਵਕਤ ਉਹ ਪੁਲਿਸ ਵਾਲੇ ਨੂੰ ਮੈਂ ਇਹ ਤਾਂ ਨਹੀਂ ਕਿਹਾ ਕਿ ਇਹ ਸਭ ਤੁਹਾਡੇ ਵਰਗੇ ਗਦਾਰਾਂ ਤੇ ਅਣਜਾਣ ਸਿੱਖਾਂ ਦੀ ਦੇਣ ਹੈ ਜੋ ਸਰਕਾਰ ਦੇ ਹੁਕਮ ਤੋਂ ਵੀ ਵਧ ਕੇ ਸਾਡੇ ਖਿਲਾਫ ਚਲਦੇ ਸਨ ਪਰ ਇਹ ਸੱਚ ਸੀ ਕਿ ਮੈਨੂੰ ਉਹਦੇ ਬਿਆਨ ਨੇ ਝੰਜੋੜ ਦਿੱਤਾ। ਉਹ ਬੰਦਾ ਹੁਣ ਦਿਲ ਦੀ ਗੱਲ ਕਹਿ ਰਿਹਾ ਸੀ ਤੇ ਉਹ ਵਾਕਿਆ ਹੀ ਪੰਜਾਬ ਦੀ ਜਵਾਨੀ ਦੀ ਮਾੜੀ ਹਾਲਤ ਤੇ ਦੁਖੀ ਸੀ।

ਵਕਤ ਦਾ ਗੇੜ ਵੇਖੋ ਕਿ ਕੁਝ ਸਮਾਂ ਬਾਅਦ ਮੈਨੂੰ ਇਕ ਵੱਡੇ ਪੁਲਿਸ ਅਫਸਰ ਨੇ ਵੀ ਇਸੇ ਤਰ੍ਹਾਂ ਦੇ ਉਲਾਂਭੇ ਭਰੇ ਸ਼ਬਦ ਕਹੇ ਕਿ ਜਿਹੜੇ ਇਹ ਅੱਜ ਕੱਲ੍ਹ ਖਾੜਕੂ ਆ ਰਹੇ ਹਨ ਇਹਨਾਂ ਵਿਚੋਂ ਬਹੁਤਿਆਂ ਨੂੰ ਸਿੱਖੀ ਤੇ ਪੰਜਾਬ ਬਾਰੇ ਕੁਝ ਵੀ ਨਹੀਂ ਪਤਾ।

ਪਹਿਲਿਆਂ ਦੇ ਮੁਕਾਬਲੇ ਸਿਦਕ ਦਾ ਪਲੜਾ ਵੀ ਖਾਲੀ ਹੁੰਦਾ ਹੈ। ਇਹ ਪਤਾ ਨਹੀਂ ਗੱਲਾਂ ਬਾਤਾਂ ਵਿੱਚ ਹੀ ਜਾਂ ਸਿਰਫ ਜੋਸ਼ ਵਿਚ ਹੀ ਇਧਰ ਨੂੰ ਤੁਰ ਪੈਂਦੇ ਹਨ। ਇਹ ਬੋਲਦੇ ਬਹੁਤ ਹਨ। ਫਿਰ ਗੱਲ ਮੁਕਾਉਣ ਦੇ ਅੰਦਾਜ ਨਾਲ ਮੈਨੂੰ ਕਹਿਣ ਲੱਗਾ, ਦੇਖ ਲਓ ਤੁਹਾਡੀ ਅਗਲੀ ਭਰਤੀ ਕਿਹੋ ਜਿਹੀ ਹੈ?

ਮੈਂ ਵੀ ੨੦੦੯ ਤੋਂ ੨੦੧੩ ਤੱਕ ਦੁਬਾਰਾ ਜੇਲ੍ਹ ਵਿੱਚ ਰਿਹਾ ਅਤੇ ਹੋਰ ਮਾਮਲਿਆਂ ਵਿਚ ਫੜੇ ਕਾਫੀ ਨੌਜਵਾਨਾਂ ਨੂੰ ਮਿਲਿਆ ਹਾਂ, ਮੈਨੂੰ ਵੀ ਫਰਕ ਮਹਿਸੂਸ ਹੋਇਆ। ਉਦੋਂ ਨੌਜਵਾਨ ਪੰਥ ਲਈ ਆਪਣਾ ਜੀਵਨ ਵਾਰ ਰਹੇ ਸੀ ਤੇ ਹਰ ਕਸ਼ਟ ਚਾਅ ਨਾਲ ਝੱਲ ਰਹੇ ਸੀ ਅਤੇ ਸ਼ਹਾਦਤ ਓਹਨਾਂ ਲਈ ਬਖਸ਼ਿਸ਼ ਵਾਂਗ ਸੀ। ਪੰਥ ਦੀ ਸ਼ਕਤੀ ਤੇ ਅਰਦਾਸ ਉਹਨਾਂ ਦੀ ਪਿੱਠ 'ਤੇ ਸੀ ਤੇ ਇਤਿਹਾਸ ਦੇ ਸ਼ਹੀਦ ਓਹਨਾਂ ਦੀ ਪ੍ਰੇਰਨਾ ਸਨ। ਉਦੋਂ ਪੰਥ ਜੰਗ ਦੇ ਅੰਦਾਜ ਵਿਚ ਸੀ ਹੁਣ ਇਸ ਵਕਤ ਸੰਘਰਸ਼ ਨੂੰ ਪੰਥ ਦੀ ਅਰਦਾਸ ਤੇ ਪੰਥਕ ਪਰਵਾਨਗੀ ਨਹੀਂ ਹੈ। ਹੁਣ ਪੰਥ ਜੰਗ ਦੇ ਓਹੋ ਜਿਹੇ ਮਾਹੌਲ ਵਿੱਚ ਨਹੀਂ ਹੈ। ਹੁਣ ਜਿਹੜੇ ਸਿੰਘ ਆਪਣੇ ਆਪ ਜਾਂ ਕਿਸੇ ਦੇ ਕਹੇ ਤੇ ਹਥਿਆਰ ਚੁੱਕਦੇ ਹਨ ਤਾਂ ਉਹਨਾਂ ਲਈ ਡਾਢੀ ਔਖਿਆਈ ਦਾ ਸਮਾਂ ਹੈ। ਜੇ ਓਹਨਾਂ ਵਿੱਚ ਸਿੱਖੀ ਜਜਬਾ ਜਾਂ ਕੁਰਬਾਨੀ ਦਾ ਮਾਦਾ ਨਾ ਹੋਵੇ ਤਾਂ ਫਿਰ ਉਹ ਹੀ ਹਾਲਾਤ ਹੋਣਗੇ ਜੋ ਉਹ ਇੰਸਪੈਕਟਰ ਨੇ ਕਹੇ ਸਨ। ਹੁਣ ਇਸ ਪਾਸੇ ਤੁਰਨ ਵਾਲੇ ਸਿੰਘਾਂ ਦੇ ਕਿਰਦਾਰ ਪਹਿਲਾਂ ਵਾਲੇ ਸਿੰਘਾਂ ਤੋਂ ਵੀ ਤਕੜੇ ਹੋਣੇ ਚਾਹੀਦੇ ਹਨ। ਜਿਸ ਸੰਘਰਸ਼ ਦੌਰਾਨ ਸਿੰਘਾਂ ਨੇ ਆਪਣੇ ਕਿਰਦਾਰ ਦੀਆਂ ਉਚਾਈਆਂ ਨੂੰ ਛੂਹਿਆ ਤੇ ਓਹਨਾਂ ਨੇ ਆਪਣੇ ਅਮਲ ਰਾਹੀਂ ਖਾਲਸਾਈ ਕਿਰਦਾਰ ਦੀ ਮੋਹਰ ਲਾਈ। ਓਹਨਾਂ ਸਿੰਘਾਂ ਸਿੰਘਣੀਆਂ ਤੇ ਸਮੁੱਚੇ ਪਰਿਵਾਰਾਂ ਨੇ ਦਰਦ ਤੇ ਪੀੜ ਦੀ ਘੜੀ ਵਿੱਚ ਸੰਘਰਸ਼ ਦਾ ਸਫਰ ਕਰਦਿਆਂ ਸੀ ਤੱਕ ਨਹੀਂ ਕੀਤੀ, ਦੁਸ਼ਮਣ ਦੀ ਕਦੇ ਈਨ ਨਹੀਂ ਮੰਨੀ ਤੇ ਆਪਣੇ ਆਪ ਨੂੰ ਹੱਸਦਿਆਂ-ਹੱਸਦਿਆਂ ਪੰਥ ਦੇ ਉੱਪਰ ਵਾਰ ਦਿੱਤਾ।

ਦੁਸ਼ਮਣ ਦੀ ਕੈਦ ਤੇ ਤਸੀਹਾ ਕੇਂਦਰਾਂ ਵਿਚ ਤਸ਼ੱਦਦ ਦੇ ਸਭ ਨਵੇਂ ਤੇ ਪੁਰਾਣੇ ਤਰੀਕੇ ਵੀ ਸਿੰਘਾਂ ਨੂੰ ਆਪਣੇ ਕੌਲ ਤੋਂ ਤੋੜ ਨਾ ਸਕੇ। ਹਰ ਰੋਜ ਦੀ ਅਰਦਾਸ ਵਿਚਲੇ ਉਹ ਸ਼ਬਦ "ਆਰਿਆਂ ਨਾਲ ਚਿਰਾਏ ਗਏ, ਗੋਲੀਆਂ ਨਾਲ ਉਡਾਇਆ, ਫਾਂਸੀਆਂ ਤੇ ਚੜ੍ਹਾਏ ਗਏ, ਚਰਖੜੀਆਂ ਤੇ ਚੜ੍ਹੇ, ਉਬਲਦੀਆਂ ਦੇਗਾਂ ਵਿੱਚ ਉਬਾਲੇ ਗਏ" ਦੇ ਵਾਕਿਆਤ ਅੱਜ ਫਿਰ ਸਿੰਘਾਂ ਨੇ ਆਪਣੀਆਂ ਸ਼ਹਾਦਤਾਂ ਨਾਲ ਜਿਉਂਦੇ ਕਰ ਦਿੱਤੇ।

ਸਿੱਖੀ ਵਿੱਚ ਸਭ ਤੋਂ ਵੱਡਾ ਸਥਾਨ ਸ਼ਹੀਦ ਦਾ ਹੈ ਅਤੇ ਪੁਰਾਣੇ ਸਿੱਖ ਸ਼ਹੀਦ ਤੇ ਹੁਣ ਦੇ ਸਿੱਖ ਸ਼ਹੀਦ ਇਕੋ ਹੀ ਸੂਤ ਵਿੱਚ ਪ੍ਰੋਏ ਹੋਏ ਮਣਕੇ ਹਨ। ਤਸ਼ੱਦਦ ਕੇਂਦਰਾਂ ਵਿੱਚ ਗੁਰੂ ਦੀ ਬਖਸ਼ਿਸ਼ ਅਤੇ ਸ਼ਹੀਦਾਂ ਦਾ ਪਹਿਰਾ ਹੀ ਸਿੰਘਾਂ ਨੂੰ ਅਜਮਾਇਸ਼ ਤੇ ਪੂਰੇ ਖਰੇ ਹੋ ਕੇ ਨਿਕਲਣ ਦਾ ਬਲ ਬਖਸ਼ਦਾ ਸੀ। ਇਹ ਕਿਸੇ ਬੰਦੇ ਦੀ ਅੜੀ, ਹੱਠ ਜਾਂ

ਦਲੇਰੀ ਦਾ ਮਾਮਲਾ ਨਹੀਂ ਬਲਕਿ ਪੰਥਕ ਪਰੰਪਰਾ ਦੀ ਛਤਰ ਛਾਇਆ ਸੀ। ਜਦੋਂ ਅਸੀਂ ਇਸ ਰਾਹ ਤੇ ਤੁਰੇ ਤਾਂ ਅਨੇਕਾਂ ਸਿੰਘਾਂ ਨਾਲ ਮਿਲਾਪ ਹੋਇਆ ਜਿਨ੍ਹਾਂ ਨੇ ਸ਼ਾਨ ਨਾਲ ਸ਼ਹਾਦਤਾਂ ਦਿੱਤੀਆਂ। ਮੈਂ ਅੱਜ ਤੱਕ ਸਲਾਮਤ ਰਿਹਾ, ਇਹ ਵੀ ਕੋਈ ਗੁਰੂ ਦੀ ਰਜਾ ਹੈ। ਕਿਸ ਨੇ ਸ਼ਹਾਦਤ ਪ੍ਰਾਪਤ ਕਰਨੀ ਹੈ ਅਤੇ ਕਿਸ ਨੇ ਕਿਹੜੇ ਤਰੀਕੇ ਨਾਲ ਦੁਨੀਆ ਤੋਂ ਜਾਣਾ ਹੈ ਇਹ ਵੀ ਪਰਮਾਤਮਾ ਦੇ ਹੀ ਹੱਥ ਹੈ। ਹੁਣ ਮੈਂ ਜਦੋਂ ਪਿਛੇ ਝਾਤ ਮਾਰਦਾ ਹਾਂ ਤਾਂ ਦੇਖਦਾ ਹਾਂ ਕਿ ਅਨੇਕਾਂ ਸਿੰਘਾਂ ਨੇ ਆਪਣੇ ਸਰੀਰਾਂ ਦਾ ਤੂੰਬਾ-ਤੂੰਬਾ ਉਡਾ ਲਿਆ, ਦੁਸ਼ਮਣ ਨੂੰ ਕੋਈ ਵੀ ਰਾਜ ਨਹੀਂ ਦਿੱਤਾ ਜਦ ਕਿ ਉਹ ਸਭ ਕੁਝ ਜਾਣਦੇ ਸੀ। ਅਜਿਹੇ ਸ਼ਹੀਦਾਂ ਦੀ ਬਦੌਲਤ ਹੀ ਅਸੀਂ ਅੱਜ ਮਾਣ ਨਾਲ ਜਿਉਂਦੇ ਹਾਂ ਜਿਹੜੇ ਉੱਚੀਆਂ ਸ਼ਾਨਾਂ ਨਾਲ ਸ਼ਹਾਦਤ ਪ੍ਰਾਪਤ ਕਰ ਗਏ।

ਤਸ਼ੱਦਦ ਰਾਹੀਂ ਸ਼ਹੀਦ ਹੋਣ ਵਾਲੇ ਅਨੇਕਾਂ ਸਿੰਘਾਂ ਨੂੰ ਮੇਰੇ ਜਾਂ ਸਾਡੇ ਜਥੇ ਬਾਰੇ ਸਭ ਕੁਝ ਪਤਾ ਹੀ ਸੀ ਪਰ ਉਹਨਾਂ ਨੇ ਕੁਝ ਨਾ ਦੱਸਿਆ। ਇਹਨਾਂ ਵਿਚ ਸਭ ਤੋਂ ਪਹਿਲਾਂ ਹਰਜਿੰਦਰ ਸਿੰਘ ਜਿੰਦਾ ਅਤੇ ਸੁਖਦੇਵ ਸਿੰਘ ਸੁੱਖਾ ਸਨ। ਇਹਨਾਂ ਦੇ ਫੜੇ ਜਾਣ ਤੋਂ ਬਾਅਦ ਪੁਲਿਸ ਤਸ਼ੱਦਦ ਤੇ ਜੇਲ੍ਹ ਵਿਚ ਰਹਿੰਦਿਆਂ ਇਨ੍ਹਾਂ ਨੂੰ ਸੰਘਰਸ਼ ਦੇ ਤਕਰੀਬਨ ਬਹੁਤੇ ਭੇਦ ਪਤਾ ਸਨ। ਇਹ ਸਿੰਘ ਸਿਰਫ ਸਾਡੇ ਜਥੇ ਦੇ ਹੀ ਨਹੀਂ ਹੋਰ ਵੀ ਕਈ ਜਥੇਬੰਦੀਆਂ ਦੇ ਰਾਜਾਂ ਤੋਂ ਵਾਕਿਫ ਸਨ। ਕਿਸੇ ਨੇ ਵੀ ਏਹਨਾਂ ਤੋਂ ਕੁਝ ਨਹੀਂ ਲੁਕੋਇਆ ਸੀ। ਸੁਖਦੇਵ ਸਿੰਘ ਤਾਂ ਇਕ ਵੱਡੇ ਪਰਬਤ ਵਾਂਗੂੰ ਸੀ ਇਸਨੂੰ ਕੋਈ ਹਿਲਾ ਨਹੀਂ ਸੀ ਸਕਦਾ, ਉਹ ਬਹੁਤ ਦ੍ਰਿੜ੍ਹ ਤੇ ਜਾਬਤੇ ਵਿੱਚ ਰਹਿਣ ਵਾਲਾ ਗੰਭੀਰ ਸਿੰਘ ਸੀ। ਇਕ ਵਾਰ ਤਸ਼ੱਦਦ ਸਹਿਣ ਵਾਰੇ ਹਾਸਾ-ਮਜਾਕ ਹੋ ਰਿਹਾ ਸੀ ਤੇ ਚਾਚਾ ਮਥਰਾ ਸਿੰਘ ਨੇ ਕਿਹਾ ਕਿ ਜਦੋਂ ਵੀ ਕੋਈ ਸਿੰਘ ਫੜਿਆ ਜਾਵੇ ਤਾਂ ਉਹ ਸਿੰਘ ਨੂੰ ਜਿਹੜੀਆਂ ਵੀ ਥਾਵਾਂ ਦਾ ਪਤਾ ਹੋਵੇ ਤਾਂ ਉਹ ਬਿਲਕੁਲ ਛੱਡ ਦਿਓ। ਬਲਜਿੰਦਰ ਸਿੰਘ ਰਾਜੂ ਨੇ ਸਹਿਮਤੀ ਪ੍ਰਗਟ ਕੀਤੀ ਤੇ ਕਿਹਾ ਕਿ ਮੈਂ ਤਸੀਹੇ ਕੇਂਦਰ ਦੇਖੇ ਹਨ ਉਥੇ ਰੱਬ ਈ ਰੱਖ ਸਕਦਾ ਹੈ ਬੰਦੇ ਦੇ ਕੋਈ ਵੱਸ ਨਹੀਂ ਹੁੰਦਾ। ਇਸ ਗੱਲ ਤੇ ਤਕਰੀਬਨ ਸਹਿਮਤ ਸਨ। ਸੁਖਦੇਵ ਸਿੰਘ ਜੋ ਬਹੁਤ ਘੱਟ ਬੋਲਦਾ ਸੀ ਉਹਨੇ ਉਸ ਵੇਲੇ ਹਾਸੇ ਵਿੱਚ ਹੀ ਕਿਹਾ ਕਿ ਤੁਹਾਡੀ ਇਹ ਗੱਲ ਤਾਂ ਠੀਕ ਹੈ ਪਰ ਮੇਰੇ ਤੋਂ ਤੁਸੀਂ ਨਿਸ਼ਚਿੰਤ ਰਹਿਓ, ਮੈਂ ਤੁਹਾਨੂੰ ਨਹੀਂ ਫੜਾ ਸਕਦਾ।

ਇਥੇ ਮੈਂ ਉਹਨਾਂ ਸਿੰਘਾਂ ਦਾ ਜਿਕਰ ਕਰ ਰਿਹਾ ਹਾਂ ਜਿੰਨਾਂ ਨੂੰ ਮੈਂ ਜਾਣਦਾ ਸੀ, ਮਿਲਿਆ ਹਾਂ ਤੇ ਸਾਂਝੀਆਂ ਠਾਹਰਾਂ ਉਤੇ ਰਿਹਾ। ਤਸ਼ੱਦਦ ਅਤੇ ਸ਼ਹਾਦਤ ਦੀ ਕਮਾਈ ਬਹੁਤ ਲੰਮੀ ਅਤੇ ਦੁੱਖਾਂ ਭਰੀ ਹੈ। ਕਿਸੇ ਦੇ ਵੱਸ ਦੀ ਗੱਲ ਨਹੀਂ ਹੁੰਦੀ ਕਿ ਉਹ ਸਾਰੀ ਗੱਲ ਕਹਿ ਸਕੇ ਕਿਉਂਕਿ ਇਹ ਬਹੁਤ ਵਡੇਰੀ ਸੀ। ਇਸ ਦਾ ਕੁਝ ਕੁ ਹਿੱਸਾ ਦਿਸਦਾ ਸੀ ਤੇ ਬਾਕੀ ਹਿੱਸਾ ਦੁਨੀਆ ਨੂੰ ਦਿਸਦਾ ਨਹੀਂ ਹੈ। ਉਸ ਹਨ੍ਹੇਰੇ ਹਿੱਸੇ ਵਿਚੋਂ ਕੁਝ ਕੁ

ਪਰਤਾਂ ਤੇ ਹੀ ਹਾਲੇ ਚਾਨਣਾ ਪਿਆ ਹੈ। ਗੁਰੂ ਖਾਲਸਾ ਪੰਥ ਨੇ ਇਸ ਦੌਰ ਵਿਚ ਵੀ ਆਪਣੀ ਵਿਰਾਸਤ ਅਤੇ ਪਰੰਪਰਾ ਨੂੰ ਸ਼ਾਨ ਨਾਲ ਦੁਹਰਾਇਆ। ਇਸ ਵਾਰ ਦੁਸ਼ਮਣ ਕੋਲ ਪਰਚਾਰ ਦਾ ਬਹੁਤ ਵੱਡਾ ਸਾਧਨ ਹੈ ਜਿਸ ਨਾਲ ਲੋਕਾਂ ਦੇ ਦਿਮਾਗਾਂ ਨੂੰ ਕਾਬੂ ਕਰਨ ਦੀ ਤਕੜੀ ਕਾਮਯਾਬੀ ਹਾਸਲ ਕੀਤੀ ਹੈ। ਉਸਨੇ ਬਹੁਤ ਭੰਡੀ ਪਰਚਾਰ ਕੀਤਾ ਹੈ ਤੇ ਝੂਠ ਦੀਆਂ ਇਮਾਰਤਾਂ ਖੜ੍ਹੀਆਂ ਕੀਤੀਆਂ ਹਨ ਪਰ ਸੱਚ ਨੇ ਹੌਲੀ-ਹੌਲੀ ਆਪਣੇ ਨੇਮਾਂ ਅਨੁਸਾਰ ਉਜਾਗਰ ਹੋ ਹੀ ਜਾਣਾ ਹੈ।

ਜਥੇਦਾਰ ਗੁਰਦੇਵ ਸਿੰਘ ਕਾਉਂਕੇ

ਜਥੇਦਾਰ ਗੁਰਦੇਵ ਸਿੰਘ ਕਾਉਂਕੇ ਨਾਲ ਮੇਰਾ ਸਿੱਧਾ ਮੇਲ-ਮਿਲਾਪ ਦੋ-ਤਿੰਨ ਵਾਰ ਹੋਇਆ ਹੈ, ਜਦੋਂ ਸਾਂਝੇ ਪੰਥਕ ਢਾਂਚੇ ਨੂੰ ਖੜ੍ਹਾ ਕਰਨ ਵਾਸਤੇ ਜਥੇਬੰਦੀਆਂ ਦੀ ਇਕੱਤਰਤਾ ਸੀ। ਉਹ ਆਪਣੇ ਇਲਾਕੇ ਵਿਚ ਪੰਥਕ ਸਰਗਰਮੀਆਂ ਕਰਦੇ ਸਨ ਹਕੂਮਤ ਓਹਨਾਂ ਦੇ ਇਸ ਤਰੀਕੇ ਤੋਂ ਵੀ ਪ੍ਰੇਸ਼ਾਨ ਸੀ ਅਤੇ ਸਿੰਘਾਂ ਦਾ ਸਾਥ ਦੇਣ ਕਰਕੇ ਹੋਰ ਵਧੇਰੇ ਪ੍ਰੇਸ਼ਾਨ ਸੀ। ਓਹਨਾਂ ਨੂੰ ਸਿੰਘਾਂ ਨੂੰ ਪਨਾਹ ਦੇਣ ਲਈ ਕਈ ਵਾਰ ਫੜਿਆ ਤੇ ਉਨ੍ਹਾਂ ਤੇ ਹਰ ਤਰ੍ਹਾਂ ਦਾ ਤਸ਼ੱਦਦ ਕੀਤਾ ਗਿਆ ਤੇ ਹਰ ਪਰਖ ਵਿਚੋਂ ਦੀ ਲੰਘਾਇਆ ਗਿਆ। ਉਹ ਹਮੇਸ਼ਾ ਵਾਂਗ ਅਡੋਲ ਤੇ ਚੜ੍ਹਦੀਕਲਾ ਵਿਚ ਰਹੇ ਤੇ ਇਸੇ ਤਰ੍ਹਾਂ ਹੀ ਸ਼ਹਾਦਤ ਨੂੰ ਪ੍ਰਾਪਤ ਹੋ ਗਏ। ਉਹ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਵੀ ਰਹੇ ਸਨ। ਉਨ੍ਹਾਂ ਨੇ ਉਸ ਪਦਵੀ ਦਾ ਸਨਮਾਨ ਪੂਰਾ ਕਾਇਮ ਰੱਖਿਆ ਪਰ ਪੰਥ ਵਿਚ ਹਾਲੇ ਉਹਨਾਂ ਦੀ ਸ਼ਹਾਦਤ ਨੂੰ ਪੂਰਾ ਸਨਮਾਨ ਨਹੀਂ ਮਿਲਿਆ। ਉਹਨਾਂ ਦੀ ਘਾਲਣਾ ਸਿਰਫ ਖਾੜਕੂ ਸੰਘਰਸ਼ ਦੇ ਪਰਸੰਗ ਵਿਚ ਨਹੀਂ, ਇਸ ਤੋਂ ਜ਼ਿਆਦਾ ਅਕਾਲ ਤਖਤ ਸਾਹਿਬ ਦੀ ਜਿੰਮੇਵਾਰੀ ਵਾਲੀ ਸੇਵਾ ਵਜੋਂ ਹੈ। ਇਨ੍ਹਾਂ ਨੂੰ ਜਦੋਂ ਵੀ ਫੜਿਆ ਜਾਂਦਾ ਸੀ ਉਹ ਅਡੋਲ ਰਹਿੰਦੇ ਤੇ ਪੁਲਿਸ ਵਾਲਿਆਂ ਨੂੰ ਦੁਸ਼ਟ ਕਰਕੇ ਹੀ ਪੁਕਾਰਦੇ ਸਨ। ਆਖਰੀ ਵਾਰ ਬਦਨਾਮ ਅਫਸਰ ਸਵਰਨ ਘੋਟਣੇ, ਹਰਿੰਦਰ ਚਹਿਲ ਦੇ ਟੋਲੇ ਨੇ ਓਹਨਾਂ ਤੇ ਲੰਮਾ ਸਮਾਂ ਹਰ ਤਰ੍ਹਾਂ ਦਾ ਤਸ਼ੱਦਦ ਢਾਹਿਆ ਸਾਰਾ ਸਰੀਰ ਤੋੜ ਦਿੱਤਾ ਪਰ ਉਹ ਅਡੋਲ ਤੇ ਅਜਿੱਤ ਹੀ ਰਹੇ। ਫਿਰ ਓਹਨਾਂ ਦੇ ਸਰੀਰ ਨੂੰ ਹਕੂਮਤ ਦੇ ਕਰਿੰਦਿਆਂ ਨੇ ਦਰਿਆ ਵਿਚ ਰੋੜ ਦਿੱਤਾ।

ਭਾਈ ਅਨੋਖ ਸਿੰਘ ਬੱਬਰ

ਇਹਨਾਂ ਨੂੰ ਪਹਿਲੀ ਵਾਰ ਲੁਧਿਆਣੇ ਤੋਂ ਫੜਿਆ ਗਿਆ। ਕਈ ਮਹੀਨੇ ਦੀ ਸਖਤ ਪੁੱਛਗਿੱਛ ਅਤੇ ਤਸ਼ੱਦਦ ਦੌਰਾਨ ਵੀ ਲਗਾਤਾਰ ਚੜ੍ਹਦੀ ਕਲਾ ਵਿਚ ਰਹੇ। ਆਖਰ ਜੇਲ੍ਹ ਭੇਜ ਦਿੱਤਾ ਗਿਆ। ਇਹਨਾਂ ਨੂੰ ਸਿੰਘਾਂ ਨੇ ੧੨ ਫਰਵਰੀ ੧੯੮੭ ਨੂੰ ਲੁਧਿਆਣੇ ਕਚਿਹਰੀਆਂ ਵਿਚ ਪੁਲਿਸ ਹਿਰਾਸਤ ਵਿਚੋਂ ਛੁਡਾ ਲਿਆ ਇਸੇ ਦਿਨ ਅਸੀਂ ਲੁਧਿਆਣੇ ਦਾ ਬੈਂਕ ਮਾਂਜਿਆ ਸੀ।

ਕੁਝ ਮਹੀਨਿਆਂ ਬਾਅਦ ਇਹ ਦੁਬਾਰਾ ਕਪੂਰਥਲੇ ਤੋਂ ਫੜੇ ਗਏ। ਇਹ ਬੜੀ ਉਚੀ ਸੁਰਤ ਅਤੇ ਸੇਵਾ ਸਿਮਰਨ ਵਾਲੇ ਸਿੰਘ ਸਨ। ਦੁਸ਼ਮਣ ਨੂੰ ਪਤਾ ਸੀ ਕਿ ਇਹਨਾਂ ਤੋਂ ਕੋਈ ਭੇਤ ਨਹੀਂ ਕਢਾਇਆ ਜਾ ਸਕਦਾ। ਇਸ ਕਰਕੇ ਘੋਰ ਤਸ਼ੱਦਦ ਦਾ ਦੌਰ ਚਲਾਇਆ ਗਿਆ, ਜਿਸ ਵਿਚ ਹੌਲੀ-ਹੌਲੀ ਸਰੀਰ ਦੇ ਹਰ ਅੰਗ ਨੂੰ ਤੋੜ ਦਿੱਤਾ ਗਿਆ। ਇਹਨਾਂ ਉਤੇ ਹੋਏ ਤਸ਼ੱਦਦ ਅਤੇ ਇਹਨਾਂ ਦੀ ਸਹਿਜ ਅਡੋਲਤਾ ਦੀ ਕਹਾਣੀ ਪੁਲਿਸ ਵਾਲਿਆਂ ਰਾਹੀਂ ਹੀ ਬਾਹਰ ਆਈ। ਉਹਨਾਂ ਨੇ ਆਪਣੇ ਸਰੀਰ ਦਾ ਠੀਕਰ ਸੱਚ ਦੀ ਦਹਿਲੀਜ ਉਤੇ ਭੰਨ ਦਿੱਤਾ ਪਰ ਸੱਚ ਨੂੰ ਕੋਈ ਆਂਚ ਨਹੀਂ ਆਉਣ ਦਿੱਤੀ।

ਪਿਛੇ ਜਿਹੇ ਇਕ ਪੁਲਿਸ ਮੁਲਾਜਮ ਜੋ ਉਸ ਵਕਤ ਤਸ਼ੱਦਦ ਕਰਨ ਵਿਚ ਹਾਜਰ ਸੀ, ਉਹਨੇ ਦੱਸਿਆ ਕਿ ਭਾਈ ਅਨੋਖ ਸਿੰਘ ਬੱਬਰ ਦੇ ਸਰੀਰ ਦੇ ਅੰਗਾਂ ਨੂੰ ਕਿਵੇਂ ਤੋੜਿਆ ਅਤੇ ਕੱਟਿਆ ਗਿਆ। ਕਿਵੇਂ ਉਹ ਹਰ ਵਕਤ ਸਿਮਰਨ ਹੀ ਕਰਦੇ ਰਹੇ। ਮੈਂ ਓਹਨਾਂ ਦੀ ਕਾਫੀ ਸੰਗਤ ਮਾਣੀ ਹੈ ਤੇ ਮੈਨੂੰ ਪਤਾ ਹੈ ਕਿ ਉਹਨਾਂ ਦੀ ਅਵਸਥਾ ਇਹੋ ਜਿਹੀ ਹੀ ਸੀ।

ਹਰਮਿੰਦਰ ਸਿੰਘ ਸੁਲਤਾਨਵਿੰਡ

ਇਹ ਸਿੰਘ ਨੂੰ ਆਈਬੀ ਨੇ ਜਾਲ ਵਿਛਾ ਕੇ ਦਿੱਲੀ ਵਿਚ ਕਾਬੂ ਕਰ ਲਿਆ। ਦਿੱਲੀ ਵਿਚ ਹੀ ਇਹਨਾਂ ਉਤੇ ਹਰ ਤਰ੍ਹਾਂ ਦਾ ਜ਼ੋਰ ਅਜਮਾਇਆ ਗਿਆ ਪਰ ਕੋਈ ਤਰੀਕਾ ਵੀ ਇਸ ਨੂੰ ਡੁਲਾ ਨਹੀਂ ਸਕਿਆ। ਸਾਨੂੰ ਜੋ ਪਤਾ ਲੱਗਿਆ ਕਿ ਇਹ ਸਿੰਘ ਨੇ ਇਹੋ ਗੱਲ ਰੱਖੀ ਕਿ ਮੈਂ ਪੰਥਕ ਕਮੇਟੀ ਦਾ ਜਿੰਮੇਵਾਰ ਬੰਦਾ ਹਾਂ ਤੇ ਸਿੱਖ ਸੰਘਰਸ਼ ਦੀ ਨੁਮਾਇੰਦਗੀ ਕਰਦਾ ਹਾਂ। ਮੇਰੇ ਨਾਲ ਉਸ ਪੱਧਰ ਦੀ ਗੱਲ ਕਰਨੀ ਹੈ ਤਾਂ ਕਰੋ ਪਰ ਬਿਪਰ ਦੇ ਤਖਤ ਵਿਚ ਐਨਾ ਇਖਲਾਕੀ ਦਮ ਨਹੀਂ ਸੀ ਕਿ ਉਹ ਇਸ ਤਰ੍ਹਾਂ ਕਰ ਸਕਦੇ।

ਹਰਮਿੰਦਰ ਸਿੰਘ ਸੁਲਤਾਨਵਿੰਡ ਨੂੰ ਐਸਐਸ ਵਿਰਕ ਨੇ ਆਪਣੀ ਹਿਰਾਸਤ ਵਿਚ ਰੱਖਿਆ, ਜਿਸ ਨੇ ਬਾਅਦ ਵਿਚ ਖੰਨੇ ਦੇ ਐਸਐਸਪੀ ਬੇਦੀ ਨੂੰ ਦੇ ਦਿੱਤਾ। ਜਿਸ ਨੇ ਅੰਨ੍ਹੇ ਤਸ਼ੱਦਦ ਦਾ ਦੌਰ ਚਲਾ ਕੇ ਆਖਰ ਉਹਨਾਂ ਨੂੰ ਸ਼ਹੀਦ ਕਰ ਦਿੱਤਾ। ਇਹਨਾਂ ਨੇ ਵੀ ਸੰਘਰਸ਼ ਦਾ ਕੋਈ ਰਾਜ ਦੁਸ਼ਮਣ ਨੂੰ ਨਹੀਂ ਦਿੱਤਾ। ਇਹਨਾਂ ਨੂੰ ਪਰਿਵਾਰ ਵਿਚੋਂ ਹੀ ਅਗਵਾਈ, ਦ੍ਰਿੜ੍ਹਤਾ ਅਤੇ ਦਲੇਰੀ ਦੀ ਵਿਰਾਸਤ ਮਿਲੀ ਸੀ। ਆਪਣੇ ਦਾਦੇ ਅਤੇ ਚਾਚੇ ਵਾਂਗ ਇਹਨਾਂ ਨੇ ਵੀ ਉਸੇ ਵਿਰਾਸਤ ਨੂੰ ਅੱਗੇ ਤੋਰਿਆ।

ਗੁਰਜੰਟ ਸਿੰਘ ਦੀ ਸ਼ਹਾਦਤ ਵਾਲੇ ਦਿਨ ਅਸੀਂ ਆਖਰੀ ਵਾਰ ਚੰਡੀਗੜ੍ਹ ਵਿਚ ਮਿਲੇ ਸੀ ਤਾਂ ਇਹਨਾਂ ਨੇ ਮੈਨੂੰ ਅੰਮ੍ਰਿਤਸਰ ਦਾ ਇਕ ਟੈਲੀਫੋਨ ਨੰਬਰ ਦਿੱਤਾ ਸੀ ਕਿ ਜੇ ਕਿਤੇ ਸਾਰੇ ਪਾਸਿਓਂ ਪੁਰਾਣੀਆਂ ਠਾਹਰਾਂ ਫੜੀਆਂ ਜਾਂਦੀਆਂ ਹਨ ਤਾਂ ਇਸ ਨੰਬਰ ਤੇ ਨਵਾਂ ਸੰਪਰਕ ਬਣਾ ਸਕਦੇ ਹਾਂ। ਬਹੁਤ ਸਾਲਾਂ ਬਾਅਦ ਮੈਨੂੰ ਅੰਮ੍ਰਿਤਸਰ ਵਿਚ ਉਸ ਨੰਬਰ ਵਾਲਾ ਸਿੰਘ ਮਿਲਿਆ ਤੇ ਉਹਨੇ ਦੱਸਿਆ ਕਿ ਅਸੀਂ ਤੁਹਾਨੂੰ ਸਦਾ ਉਡੀਕਦੇ ਰਹੇ ਪਰ ਤੁਸੀਂ ਨਹੀਂ ਆਏ।

ਸੁਖਦੇਵ ਸਿੰਘ ਬੱਬਰ

ਬੱਬਰ ਖਾਲਸਾ ਦੇ ਮੁੱਖ ਸੇਵਾਦਾਰ ਜਿਨ੍ਹਾਂ ਦਾ ਨਾਂ ਮੌਜੂਦਾ ਸੰਘਰਸ਼ ਨੂੰ ਸ਼ੁਰੂ ਕਰਨ ਵਾਲਿਆਂ ਵਿਚ ਆਉਂਦਾ ਹੈ, ਉਹ ਪੰਥ ਦੀ ਲੰਮਾ ਸਮਾਂ ਸੇਵਾ ਕਰਨ ਤੋਂ ਬਾਅਦ ਪਟਿਆਲੇ ਸ਼ਹਿਰ ਵਿਚੋਂ ਗਿਰਫਤਾਰ ਹੋ ਗਏ। ਲੁਧਿਆਣਾ ਪੁਲਿਸ ਨੇ ਕਿਸੇ ਮੁਖਬਰ ਦੀ ਇਤਲਾਹ ਤੇ ਇਹਨਾਂ ਨੂੰ ਕਾਬੂ ਕਰ ਲਿਆ। ਲੁਧਿਆਣੇ ਵਿਚ ਹੀ ਪੰਜਾਬ ਅਤੇ ਦਿੱਲੀ ਦੇ ਸਿਖਰਲੇ ਅਧਿਕਾਰੀਆਂ ਨੇ ਇਹਨਾਂ ਦੀ ਪੁਛਗਿਛ ਕੀਤੀ। ਦਸਦੇ ਹਨ ਕਿ ਉਹ ਫੜੇ ਜਾਣ ਤੋਂ ਬਾਅਦ ਬਿਲਕੁਲ ਸ਼ਾਂਤ ਅਤੇ ਸਹਿਜ ਅਵਸਥਾ ਵਿਚ ਰਹੇ। ਇਕ ਸਿਰਕੱਢ ਆਗੂ ਹੋਣ ਦੇ ਨਾਤੇ ਇਹਨਾਂ ਨੇ ਦੁਸ਼ਮਣ ਨਾਲ ਉਸੇ ਹੈਸੀਅਤ ਵਿਚ ਗੱਲ ਕੀਤੀ। ਭਾਰਤ ਦੀ ਅਫਸਰਸ਼ਾਹੀ ਤੇ ਕੀ ਅਸਰ ਪੈਣਾ ਸੀ ਉਹਨਾਂ ਦਾ ਰਵੱਈਆ ਓਹੀ ਰਿਹਾ। ਇਹਨਾਂ ਤੋਂ ਤਕਰੀਬਨ ੨੪ ਘੰਟੇ ਪੁਛਗਿਛ ਕੀਤੀ, ਜੋ ਕੁਝ ਕਰ ਸਕਦੇ ਸਨ, ਦੁਸ਼ਮਣ ਨੇ ਉਹ ਕੀਤਾ। ਸੁਖਦੇਵ ਸਿੰਘ ਦਾ ਇਹੋ ਜੁਆਬ ਰਿਹਾ ਕਿ ਇਹਨਾਂ ਛੋਟੀਆਂ ਮੋਟੀਆਂ ਗੱਲਾਂ ਬਾਰੇ ਮੈਨੂੰ ਨਹੀਂ ਪਤਾ। ਤੁਸੀਂ ਮੇਰੇ ਨਾਲ ਖਾਲਸਤਾਨ ਬਾਰੇ ਗੱਲ ਕਰ ਲਵੋ। ਉਹਨਾਂ ਦੀ ਤਫਤੀਸ਼ ਕਰਨ ਵਾਲੇ ਅਫਸਰਾਂ ਵਿਚੋਂ ਇਕ ਅਫਸਰ ਮੇਰੀ ਤਫਤੀਸ਼ ਲਈ ਵੀ ਆਇਆ ਸੀ ਉਹਨੇ ਵੀ ਇਹੋ ਦੱਸਿਆ ਕਿ ਸੁਖਦੇਵ ਸਿੰਘ ਨੇ ਸ਼ਾਂਤ ਰਹਿ ਕੇ ਸਹਿਜ ਅਵਸਥਾ ਵਿਚ ਤਸ਼ੱਦਦ ਝੱਲਿਆ। ਆਖਰ ਵਿਚ ਉਹਨਾਂ ਨੂੰ ਅਗਲੇ ਦਿਨ ਸਾਹਨੇਵਾਲ (ਲੁਧਿਆਣਾ) ਕੋਲ ਮੁਕਾਬਲਾ ਵਿਖਾ ਕੇ ਸ਼ਹੀਦ ਕਰ ਦਿੱਤਾ।

ਇਕ ਹੋਰ ਖੁਫੀਆ ਮਹਿਕਮੇ ਦਾ ਅਧਿਕਾਰੀ ਜੋ ਹਰਮਿੰਦਰ ਸਿੰਘ ਸੁਲਤਾਨਵਿੰਡ ਅਤੇ ਸੁਖਦੇਵ ਸਿੰਘ ਦੋਵਾਂ ਦੀ ਤਫਤੀਸ਼ ਵਿਚ ਸ਼ਾਮਲ ਸੀ, ਉਹਨੇ ਦੱਸਿਆ ਕਿ ਇਹਨਾਂ ਦੋਵਾਂ ਸਿੰਘਾਂ ਦੇ ਜੁਆਬ ਇਕੋ ਜਿਹੇ ਸਨ। ਦੋਵਾਂ ਨੇ ਕਿਹਾ ਕਿ ਅਸੀਂ ਫੌਜਾਂ ਦੇ ਜਰਨੈਲ ਹਾਂ ਤੇ ਸਾਡੇ ਨਾਲ ਜਰਨੈਲਾਂ ਵਾਂਗ ਗੱਲ ਕਰੋ। ਰਾਜਨੀਤਿਕ ਤਰੀਕੇ ਨਾਲ ਖਾਲਸਤਾਨ ਬਾਰੇ ਗੱਲ ਕਰੋ। ਜੇ ਇੰਝ ਨਹੀਂ ਕਰਨਾ ਤਾਂ ਆਪਾਂ ਦੁਸ਼ਮਣ ਹਾਂ ਜਿੰਨਾ ਚਿਰ ਅਸੀਂ ਜਿਉਂਦੇ ਹਾਂ ਤੁਹਾਡੇ ਖਿਲਾਫ ਲੜੇ ਹਾਂ ਤੇ ਆਖਰੀ ਸਾਹ ਤੱਕ ਲੜਾਂਗੇ

ਭਾਵੇਂ ਅਸੀਂ ਤੁਹਾਡੀ ਕੈਦ ਵਿਚ ਆ ਗਏ ਹਾਂ। ਜੇ ਤੁਸੀਂ ਬਰਾਬਰ ਦੀ ਹੈਸੀਅਤ ਵਿਚ ਗੱਲ ਨਹੀਂ ਕਰਨੀ ਤਾਂ ਅਸੀਂ ਕਿਸੇ ਸਵਾਲ ਦਾ ਜੁਆਬ ਨਹੀਂ ਦੇਣਾ। ਸਾਨੂੰ ਗੋਲੀ ਮਾਰ ਦਿਓ ਐਵੇ ਫਾਲਤੂ ਗੱਲਾਂ ਨਾ ਕਰੋ।

ਸੁਖਦੇਵ ਸਿੰਘ ਸੁੱਖਾ ਅਤੇ ਹਰਜਿੰਦਰ ਸਿੰਘ ਜਿੰਦਾ

ਸੁਖਦੇਵ ਸਿੰਘ ਸੁੱਖਾ ਵੈਦਿਆ ਕਤਲ ਤੋਂ ਛੇਤੀ ਬਾਅਦ ਫੜਿਆ ਗਿਆ। ਪੂਨੇ ਤੋਂ ਬਾਅਦ ਫੇਰ ਉਸ ਨੂੰ ਦਿੱਲੀ ਅਤੇ ਪੰਜਾਬ ਪੁਲਿਸ ਨੇ ਵੀ ਤਸ਼ੱਦਦ ਦੀ ਭੱਠੀ ਵਿਚੋਂ ਲੰਘਾਇਆ ਪਰ ਉਸਨੇ ਜੋ ਕੁਝ ਪੁਲਿਸ ਨੂੰ ਪਹਿਲਾਂ ਪਤਾ ਸੀ ਉਸ ਤੋਂ ਵੱਧ ਕਿਸੇ ਚੀਜ ਬਾਰੇ ਗੱਲ ਨਹੀਂ ਕੀਤੀ। ਕੋਈ ਵੀ ਕਿਤੇ ਵੀ ਛਾਪਾ ਨਹੀਂ ਪਿਆ।

ਜਦੋਂ ਹਰਜਿੰਦਰ ਸਿੰਘ ਜਿੰਦਾ ਪਹਿਲੀ ਵਾਰ ਦਿੱਲੀ ਵਿਚ ਫੜਿਆ ਗਿਆ ਉਦੋਂ ਗੁਜਰਾਤ ਪੁਲਿਸ ਨੇ ਇਕ ਮਾਂਜੇ ਦੇ ਸਬੰਧ ਵਿਚ ਇਹਨੂੰ ਫੜਿਆ ਸੀ। ਪਹਿਲਾਂ ਦਿੱਲੀ ਅਤੇ ਫਿਰ ਗੁਜਰਾਤ ਵਿਚ ਉਹਦੀ ਬਹੁਤ ਤਫਤੀਸ਼ ਹੋਈ ਪਰ ਉਹਨੇ ਸਾਰੀਆਂ ਏਜੰਸੀਆਂ ਨੂੰ ਇਸ ਤਰ੍ਹਾਂ ਕਹਾਣੀ ਸੁਣਾਈ ਕਿ ਕਿਸੇ ਨੂੰ ਇਹ ਸ਼ੱਕ ਹੀ ਨਾ ਹੋਇਆ ਕਿ ਦਿੱਲੀ ਵਿਚ ਕਾਰਨਾਮੇ ਕਰਨ ਵਾਲੇ ਬੰਦੇ ਇਹੋ ਹਨ। ਉਹਨਾਂ ਕਤਲਾਂ ਕਰਕੇ ਅਸੀਂ ਸਭ ਤੋਂ ਲੋੜੀਂਦੇ ਬੰਦੇ ਸੀ ਪਰ ਜਿੰਦੇ ਨੇ ਓਧਰ ਨੂੰ ਗੱਲ ਜਾਣ ਹੀ ਨਹੀਂ ਦਿੱਤੀ। ਉਹਨਾਂ ਨੂੰ ਇਹੋ ਹੀ ਦੱਸਿਆ ਕਿ ਅਸੀਂ ਤਾਂ ਡਕੈਤ ਹਾਂ।

ਹਰਜਿੰਦਰ ਸਿੰਘ ਜਿੰਦੇ ਦਾ ਤਾਂ ਅੰਦਾਜ ਹੀ ਸ਼ਾਨ ਵਾਲਾ ਸੀ। ਦਿੱਲੀ ਵਿਚ ਉਹਨੂੰ ਪੱਟ ਵਿਚ ਗੋਲੀ ਮਾਰ ਕੇ ਜਖਮੀ ਕੀਤਾ ਤਾਂ ਫੜਿਆ ਗਿਆ। ਪਹਿਲਾਂ ਦਿੱਲੀ ਫਿਰ ਪੰਜਾਬ ਅਤੇ ਫਿਰ ਸੁਖਦੇਵ ਸਿੰਘ ਸੁੱਖਾ ਕੋਲ ਪੂਨੇ ਲਿਜਾਇਆ ਗਿਆ। ਜਿੰਦੇ ਦਾ ਤਾਂ ਸਾਰੀ ਤਫਤੀਸ਼ ਅਤੇ ਕੈਦ ਵਿਚ ਇਕੋ ਹੀ ਜਵਾਬ ਰਿਹਾ ਕਿ ਮੈਨੂੰ ਸਭ ਕੁਝ ਪਤਾ ਹੈ ਪਰ ਦੱਸਣਾ ਨਹੀਂ, ਜੇ ਪੁੱਛ ਸਕਦੇ ਹੋ ਤਾਂ ਪੁੱਛ ਲਓ। ਅਖੀਰ ਤੱਕ ਉਹਦਾ ਇਹ ਪੈਂਤੜਾ ਰਿਹਾ ਤੇ ਇਸ ਹਾਲ ਵਿਚ ਵੀ ਉਹਨੇ ਸਾਰੀ ਕੈਦ ਤੇ ਤਸੀਹੇ ਕੱਟੇ। ਜਦੋਂ ਮੈਂ ਫੜਿਆ ਗਿਆ ਤਾਂ ਦਿੱਲੀਓਂ ਆਈਬੀ ਦਾ ਇੱਕ ਵੱਡਾ ਅਫਸਰ ਆਇਆ ਅਤੇ ਮੇਰੇ ਤੋਂ ਦੋ ਕੁ ਦਿਨ ਪੁਛਗਿੱਛ ਕਰਦਾ ਰਿਹਾ। ਆਪਣੀ ਕਾਰਵਾਈ ਪੂਰੀ ਕਰਨ ਤੋਂ ਬਾਅਦ ਉਸ ਨੇ ਕੁਝ ਗੱਲਾਂ ਸਹਿਜੇ ਵੀ ਕੀਤੀਆਂ। ਉਹਨੇ ਮੈਨੂੰ ਸੰਘਰਸ਼ ਬਾਰੇ ਤਜਰਬਾ ਦੱਸਦਿਆਂ ਕਿਹਾ ਕਿ ਜਿੰਦੇ ਤੋਂ ਸਾਰੀਆਂ ਹੀ ਏਜੰਸੀਆਂ ਬਹੁਤ ਪ੍ਰਭਾਵਿਤ

ਸਨ। ਉਹ ਕਹਿੰਦਾ ਕਿ ਮੈਂ ਸਾਰੇ ਦੇਸ਼ ਵਿਚ ਬਹੁਤ ਵੱਡੇ ਜੰਗਜੂਆਂ ਦੀ ਤਫਤੀਸ਼ ਕੀਤੀ ਹੈ ਪਰ ਕੋਈ ਇਹੋ ਜਿਹਾ ਹਾਜਰ ਜਵਾਬ ਅਤੇ ਤੇਜ ਹੋਵੇ, ਉਹਦੇ ਵਰਗਾ ਕੋਈ ਸ਼ਖਸ਼ ਨਹੀ ਦੇਖਿਆ ਜਿਹੜਾ ਕਹਿੰਦਾ ਹੋਵੇ 'ਪਤਾ ਹੈ ਪਰ ਦੱਸਣਾ ਨਹੀਂ।'

ਸਾਡੇ ਜਥੇ ਬਾਰੇ ਤਾਂ ਇਨ੍ਹਾਂ ਦੋਵਾਂ ਸਿੰਘਾਂ ਨੂੰ ਸਾਰੀਆਂ ਹੀ ਠਾਹਰਾਂ ਦਾ ਪਤਾ ਸੀ ਇਥੋਂ ਤੱਕ ਕਿ ਜਿਹੜੀ ਠਾਹਰ ਤੋਂ ਮੈਂ ਫੜਿਆ ਗਿਆ ਉਸ ਬਾਰੇ ਵੀ ਜਿੰਦੇ ਨੂੰ ਪਤਾ ਸੀ ਭਾਵੇਂ ਕਿ ਉਹ ਉੱਥੇ ਕਦੇ ਨਹੀਂ ਆਇਆ ਸੀ। ਜਿਸ ਦਿਨ ਇਹਨਾਂ ਨੂੰ ਫਾਂਸੀ ਦਿੱਤੀ ਗਈ ਉਸ ਵਕਤ ਮੈਂ ਉਸੇ ਠਾਹਰ ਤੇ ਸੀ ਜਿਥੋਂ ਮੈਂ ਬਾਅਦ ਵਿੱਚ ਫੜਿਆ ਗਿਆ। ਮੈਂ ੮ ਅਕਤੂਬਰ ਦੀ ਰਾਤ ਸੁੱਤਾ ਨਹੀਂ ਤੇ ਜਾਗਦਾ ਰਿਹਾ, ਇਸ਼ਨਾਨ ਕੀਤਾ ਨਿਤਨੇਮ ਕੀਤਾ, ਸਿਮਰਨ ਕੀਤਾ ਪਰ ਮੁੜ-ਮੁੜ ਮਨ ਦੋਵੇਂ ਮਿੱਤਰ ਪਿਆਰਿਆਂ ਵੱਲ ਜਾਂਦਾ ਰਿਹਾ। ਜਿਹੜੇ ਉਸੀ ਵਕਤ ਇਸ਼ਨਾਨ ਕਰਕੇ ਨਿਤਨੇਮ ਕਰਕੇ ਫਾਂਸੀ ਲਈ ਤਿਆਰ ਹੋ ਰਹੇ ਸਨ। ਮੈਂ ਚੁਬਾਰੇ ਵਿਚ ਰਿਹਾ ਕਰਦਾ ਸੀ ਪਰ ਉਸ ਦੀਆਂ ਬਾਰੀਆਂ ਖੁੱਲ੍ਹੀਆਂ ਸਨ। ਉਹ ਰਾਤ ਬਹੁਤ ਭਾਰੀ ਸੀ ਪਰ ਸਵੇਰ ਬੜੀ ਪ੍ਰਤਾਪ ਵਾਲੀ ਸੀ। ਇੱਕ ਲੰਮੀ ਰਾਤ ਤੋਂ ਬਾਅਦ ਕਮਾਈ ਵਾਲੀਆਂ ਰੂਹਾਂ ਆਪਣੇ ਕੌਲ ਪੁਗਾਕੇ ਗੁਰੂ ਦੇ ਚਰਨਾਂ ਵਿਚ ਜਾ ਰਹੀਆਂ ਸਨ। ਮੈਂ ਜਦੋਂ ਧਿਆਨ ਵਾਹਿਗੁਰੂ ਵੱਲ ਲਾਉਂਦਾ ਹਾਂ ਕੁਝ ਪਲਾਂ ਬਾਅਦ ਹੀ ਮੈਨੂੰ ਇੱਕ ਬਹੁਤ ਖੁਸ਼ੀ ਭਰਿਆ ਅਹਿਸਾਸ ਹੁੰਦਾ ਹੈ ਜਿਵੇਂ ਦੋਵੇਂ ਵੀਰਾਂ ਦੇ ਚਿਹਰੇ ਬਹੁਤ ਅਨੰਦ ਵਿਚ ਝੂਮਦੇ ਹਨ ਇਕ ਹੋ ਰਹੇ ਹਨ ਫਿਰ ਬਿਲਕੁਲ ਹੀ ਅਲੋਪ ਹੋ ਗਏ ਹਨ ਅਤੇ ਫਿਰ ਉਹਨਾਂ ਦਾ ਸਦਾ ਮਿੱਠਾ ਅਨੁਭਵ ਹੀ ਰਹਿ ਗਿਆ ਹੋਵੇ।

ਇਨ੍ਹਾਂ ਸਿੰਘਾਂ ਨੇ ਬਹੁਤ ਹੀ ਚੜ੍ਹਦੀ ਕਲਾ ਵਿੱਚ ਜੈਕਾਰੇ ਛੱਡ ਕੇ, ਖਾਲਸਤਾਨ ਦੇ ਨਾਹਰੇ ਲਾਉਣ ਤੋਂ ਬਾਅਦ ਸ਼ਹਾਦਤ ਦਿੱਤੀ। ਉਹਨਾਂ ਨੂੰ ਫਾਂਸੀ ਦੀ ਸਜਾ ਦੇਣ ਵਾਲੇ ਜੱਜ, ਜੇਲ੍ਹਰ ਤੇ ਬਹੁਤ ਸਾਰੇ ਮੁਲਾਜਮ ਵੀ ਇਹਨਾਂ ਦੇ ਇਸ ਵਕਤ ਤੱਕ ਭਗਤ ਹੋ ਚੁੱਕੇ ਸੀ ਤੇ ਦਿਲੋਂ ਕਦਰ ਕਰਦੇ ਸਨ। ਉਸ ਦਿਨ ਅਸੀਂ ਚੁੱਲ੍ਹਾ ਨਹੀਂ ਬਾਲਿਆ। ਇਸ ਠਾਹਰ ਤੇ ਅਸੀਂ ਚੁੱਲ੍ਹਾ ਹੀ ਵਰਤਦੇ ਸੀ ਤੇ ਬਾਅਦ ਵਿੱਚ ਸਾਨੂੰ ਪਤਾ ਲੱਗਾ ਕਿ ਪੰਥ ਵਿੱਚ ਬਹੁਤ ਵੱਡੇ ਹਿੱਸੇ ਨੇ ਆਪ ਮੁਹਾਰੇ ਇੰਝ ਹੀ ਕੀਤਾ ਸੀ।

ਚਾਚਾ ਮਥਰਾ ਸਿੰਘ

ਚਾਚਾ ਮਥਰਾ ਸਿੰਘ ਜੰਡਿਆਲਾ ਗੁਰੂ ਦੇ ਪਿੰਡ ਝੀਤੇ ਕਲਾਂ ਕੋਲ ਫੜਿਆ ਗਿਆ। ਉਥੇ ਉਸ ਨੂੰ ਕੁਝ ਸਿੰਘਾਂ ਨੇ ਮਿਲਣਾ ਸੀ ਜਿਨ੍ਹਾਂ ਵਿਚੋਂ ਕੋਈ ਸਿੰਘ ਅੱਗੋਂ ਫੜਿਆ ਗਿਆ ਤੇ ਪੁਲਿਸ ਦੇ ਜਬਰ ਸਾਹਮਣੇ ਟੁੱਟ ਗਿਆ ਤੇ ਉਹਨੇ ਪੁਲਿਸ ਇੰਸਪੈਕਟਰ ਹਰਚਰਨ ਸੂਰੀ ਨੂੰ ਦੱਸਿਆ ਕਿ ਮੈਨੂੰ ਇੱਥੇ ਮਥਰਾ ਸਿੰਘ ਨੇ ਮਿਲਣ ਆਉਣਾ ਹੈ। ਪੁਲਿਸ ਨੂੰ ਉਸ ਤੇ ਵਿਸ਼ਵਾਸ਼ ਨਾ ਆਇਆ ਕਿ ਐਨਾ ਲੋੜੀਂਦਾ ਖਾੜਕੂ ਜਿਸ ਦੀ ਪੁਲਿਸ ਕੋਲ ਫੋਟੋ ਵੀ ਨਹੀਂ ਹੈ ਉਹ ਇਸ ਬੰਦੇ ਨੂੰ ਕਿਵੇਂ ਮਿਲਣ ਆ ਸਕਦਾ ਹੈ। ਸੂਰੀ ਨੇ ਉੱਪਰ ਵੱਡੇ ਅਫਸਰਾਂ ਇਜਹਾਰ ਆਲਮ ਅਤੇ ਐਸਐਸ ਵਿਰਕ ਨੂੰ ਦੱਸ ਦਿੱਤਾ। ਚਾਚਾ ਮਥਰਾ ਸਿੰਘ ਆਪਣੇ ਸੁਭਾਅ ਮੁਤਾਬਕ ਸਾਈਕਲ ਤੇ ਹੀ ਉਥੇ ਗਿਆ। ਉਸ ਦਿਨ ਉਸ ਕੋਲ ਕੋਈ ਹਥਿਆਰ ਵੀ ਨਹੀਂ ਸੀ। ਜਦੋਂ ਉਹ ਕਮਰੇ ਵਿਚ ਗਿਆ ਅਤੇ ਅੰਦਰ ਵੜਦਿਆਂ ਹੀ ਸਾਦੇ ਕਪੜਿਆਂ ਵਿੱਚ ਬੈਠੀ ਪੁਲਿਸ ਨੇ ਫੜ ਲਿਆ।

ਉਹਦੇ ਸ਼ਹੀਦ ਹੋਣ ਤੋਂ ਬਾਅਦ ਵਿੱਚ ਸਾਨੂੰ ਇੱਕ ਮੁਲਾਕਾਤ ਤੇ ਪਿੰਡ ਦੇ ਬੰਦਿਆਂ ਨੇ ਦੱਸਿਆ ਕਿ ਉਹਨਾਂ ਦੇ ਬੈਠਿਆਂ ਹੀ ਇਕ ਬੰਦਾ ਸਾਈਕਲ ਤੇ ਸਾਡੇ ਕੋਲ ਦੀ ਲੰਘਿਆ। ਸਾਨੂੰ ਪਤਾ ਸੀ ਕਿ ਉੱਥੇ ਪੁਲਿਸ ਬੈਠੀ ਹੈ ਪਰ ਅਸੀਂ ਸੋਚਿਆ ਹੀ ਨਹੀਂ ਕਿ ਏਨੀ ਕੁ ਉਮਰ ਦਾ ਨੌਜਵਾਨ ਐਨਾ ਵੱਡਾ ਖਾੜਕੂ ਹੋਏਗਾ ਤੇ ਇਸ ਤਰ੍ਹਾਂ ਸਾਈਕਲ ਤੇ ਜਾਂਦਾ ਹੋਵੇਗਾ।

ਪੁਲਿਸ ਨੇ ਉਹਦੇ ਤੇ ਅੰਨ੍ਹਾ ਤਸ਼ੱਦਦ ਕੀਤਾ ਕਿਉਂਕਿ ਉਹਨਾਂ ਨੂੰ ਪਤਾ ਸੀ ਕਿ ਇਹ ਸਾਰਿਆਂ ਦਾ ਸੂਤਰਧਾਰ ਹੈ ਅਤੇ ਇਸ ਕੋਲ ਬਹੁਤ ਅਹਿਮ ਰਾਜ ਹਨ। ਬਾਅਦ ਵਿੱਚ ਪੁਲਿਸ ਵਾਲਿਆਂ ਰਾਹੀਂ ਹੀ ਸਾਨੂੰ ਪਤਾ ਚੱਲਿਆ ਕਿ ਜਦੋਂ ਪੁਲਿਸ ਵਾਲੇ ਕੁੱਟਣ ਦੇ ਸਾਰੇ ਢੰਗ ਅਪਣਾ ਕੇ ਥੱਕ ਗਏ ਤਾਂ ਉਹ ਸਰੀਰ ਦੇ ਹਿੱਸਿਆਂ ਨੂੰ ਕੱਟਣ ਲੱਗ ਪਏ। ਹੌਲੀ-ਹੌਲੀ ਉਹ ਸਰੀਰ ਦੇ ਕਈ ਹਿੱਸਿਆਂ ਤੋਂ ਮਾਸ ਖੁਰੇਦਣ ਲੱਗੇ ਤਾਂ

ਸਾਰਾ ਕਮਰਾ ਲਹੂ-ਲੁਹਾਣ ਹੋ ਗਿਆ। ਉਦੋਂ ਤਕ ਜੀਭ, ਕੰਨ, ਪੈਰ ਤੇ ਇੰਦ੍ਰੀ ਕੱਟੇ ਜਾ ਚੁੱਕੇ ਸੀ। ਜਿਆਦਾ ਖ਼ੂਨ ਬਹਿਣ ਕਰਕੇ ਅਤੇ ਬੇਹਿਸਾਬ ਦਰਦ ਕਰਕੇ ਮਥਰਾ ਸਿੰਘ ਬੇਹੋਸ਼ ਹੋ ਗਿਆ। ਇੰਸਪੈਕਟਰ ਸੂਰੀ ਆਪ ਇਹ ਕੱਟ ਵੱਢ ਕਰ ਰਿਹਾ ਸੀ ਤਾਂ ਉਸ ਦੇ ਕੱਪੜੇ ਵੀ ਖ਼ੂਨ ਨਾਲ ਭਰ ਗਏ। ਉਹ ਉੱਥੇ ਹੀ ਕੱਪੜੇ ਬਦਲਣ ਲੱਗਿਆ ਤੇ ਆਪਣਾ ਪਸਤੌਲ ਕੱਢ ਕੇ ਮੇਜ ਤੇ ਰੱਖ ਦਿੱਤਾ। ਚਾਚਾ ਮਥਰਾ ਸਿੰਘ ਥੋੜ੍ਹੀ ਦੂਰੀ ਤੇ ਬੇਹੋਸ਼ ਪਿਆ ਸੀ। ਕਹਿੰਦੇ ਹਨ ਕਿ ਚਾਚੇ ਦੀ ਜਰਾ ਹੋਸ਼ ਪਰਤੀ ਤਾਂ ਉਹਨੇ ਇਕ ਦਮ ਬਾਜ ਵਾਂਗ ਝਪਟ ਕੇ ਉਹ ਪਸਤੌਲ ਚੁੱਕ ਲਿਆ ਅਤੇ ਅਨਲਾਕ ਕਰਨ ਲੱਗਾ ਪਰ ਉਹਦੀਆਂ ਉਂਗਲਾਂ ਏਨੀਆਂ ਸਲਾਮਤ ਨਹੀਂ ਸਨ ਕਿ ਉਹ ਗੋਲੀ ਚਲਾ ਸਕਦਾ। ਏਨੇ ਵਿਚ ਹੀ ਉਹਨੂੰ ੨ ਹੋਰ ਸਿਪਾਹੀਆਂ ਨੇ ਜੱਫਾ ਮਾਰ ਲਿਆ। ਬਾਕੀ ਜਣੇ ਉਹਦੇ ਮੁੱਕੇ ਤੇ ਠੁੱਡੇ ਮਾਰਨ ਲੱਗੇ। ਪਸਤੌਲ ਚੁੱਕਣ ਵੇਲੇ ਉਹ ਦੇ ਸਰੀਰ ਵਿੱਚ ਐਨੀ ਤਾਕਤ ਨਹੀਂ ਸੀ ਉਹ ਹਥੋਹਥੀ ਲੜ ਸਕਦਾ। ਉਹ ਸੂਰੀ ਨੂੰ ਤਾਂ ਨਹੀਂ ਮਾਰ ਸਕਿਆ ਪਰ ਗੁੱਥਮ-ਗੁੱਥਾ ਵਿੱਚ ਗੋਲੀ ਚੱਲ ਗਈ ਤੇ ਉਹ ਸ਼ਹੀਦ ਹੋ ਗਿਆ।

ਚਾਚਾ ਮਥਰਾ ਸਿੰਘ ਬੜਾ ਸੋਹਲ ਅਤੇ ਨਾਜਕ ਸਰੀਰ ਵਾਲਾ ਸੀ। ਇਕ ਵਾਰ ਸੁਖਦੇਵ ਸਿੰਘ ਸੁੱਖੇ ਨੇ ਉਹਨੂੰ ਬਾਂਹ ਤੋਂ ਫੜ ਕੇ ਮਜਾਕ ਨਾਲ ਕਿਹਾ ਹੈ ਕਿ ਸਰਕਾਰ ਵਿਚ ਚਾਚਾ ਮਥਰਾ ਸਿੰਘ ਦੀ ਬਹੁਤ ਦਹਿਸ਼ਤ ਹੈ ਪਰ ਜਦੋਂ ਤੈਨੂੰ ਉਹ ਫੜਨਗੇ ਤਾਂ ਬਹੁਤ ਹੱਸਣਗੇ। ਇਸ ਤੇ ਚਾਚੇ ਨੇ ਹਾਸੇ ਵਿਚ ਜੁਆਬ ਦਿੱਤਾ ਕਿ ਮੌਕਾ ਆਉਣ ਤੇ ਇਹ ਸਰੀਰ ਸ਼ੁੱਧ ਫੌਲਾਦ ਬਣ ਜਾਏਗਾ ਤੇ ਸੱਚਮੁੱਚ ਇਵੇਂ ਹੋਇਆ। ਸੁਖਦੇਵ ਸਿੰਘ ਸੁੱਖੇ ਦੀ ਗੱਲ ਦੇ ਜੁਆਬ ਤੋਂ ਬਿਨਾ ਉਹਨੇ ਕਦੇ ਐਸੀ ਗੱਲ ਨਹੀਂ ਕਹੀ ਸੀ। ਸਗੋਂ ਉਹ ਸਾਨੂੰ ਕਹਿੰਦਾ ਹੁੰਦਾ ਸੀ ਕਿ ਮੈਨੂੰ ਤਸ਼ੱਦਦ ਤੋਂ ਬਹੁਤ ਡਰ ਲੱਗਦਾ ਹੈ। ਇਹਨਾਂ ਬੁੱਚੜਾਂ ਦੀ ਚੀਰ ਫਾੜ ਝੱਲਣੀ ਬਹੁਤ ਔਖੀ ਹੁੰਦੀ ਹੈ ਜੇ ਮੈਂ ਫੜਿਆ ਜਾਵਾਂ ਤਾਂ ਸਾਰੇ ਸਾਰੀਆਂ ਥਾਂਵਾਂ ਛੱਡ ਦਿਓ।

ਉਹ ਹਮੇਸ਼ਾ ਆਪਣੇ ਕੋਲ ਪਸਤੌਲ ਜਾਂ ਸਾਈਨਾਈਡ ਰੱਖਦਾ ਹੁੰਦਾ ਸੀ ਪਰ ਉਸ ਦਿਨ ਉਸ ਕੋਲ ਕੁਝ ਵੀ ਨਹੀਂ ਸੀ। ਬਾਅਦ ਵਿਚ ਅਸੀਂ ਮਹਿਸੂਸ ਕੀਤਾ ਕਿ ਦੂਜਿਆਂ ਨੂੰ ਸਦਾ ਸੁਚੇਤ ਕਰਨ ਵਾਲੇ ਸਿੰਘ ਨਾਲ ਅਜਿਹਾ ਤਾਂ ਹੀ ਹੋਇਆ ਕਿਉਂਕਿ ਹੁਣ ਉਹਦੀ ਪਰਖ ਹੋਣੀ ਸੀ ਤੇ ਗੁਰੂ ਦੇ ਇਸ ਅਨਮੋਲ ਸਿੰਘ ਨੇ ਪਰਖ ਚੋਂ ਪੂਰਨ ਨਿਕਲਣਾ ਸੀ।

ਕੁਝ ਮਹੀਨੇ ਪਹਿਲਾਂ ਹੀ ਚਾਚੇ ਦੇ ਮਾਤਾ ਜੀ ਚੜ੍ਹਾਈ ਕਰ ਗਏ ਤੇ ਮੈਂ ਭੋਗ ਤੇ ਗਿਆ। ਓਥੇ ਸਾਰੇ ਬੁਲਾਰਿਆਂ ਨੇ ਚਾਚਾ ਮਥਰਾ ਸਿੰਘ ਬਾਰੇ ਜਾਣਕਾਰੀ ਦਿੱਤੀ। ਬਾਅਦ ਵਿੱਚ ਉਸ ਇਲਾਕੇ ਦਾ ਸਾਬਕਾ ਐਮਐਲਏ ਅਤੇ ਮੰਤਰੀ ਬੋਲਿਆ। ਉਹਦੇ ਸ਼ਬਦ ਮੇਰੇ ਦਿਲ ਨੂੰ ਬੜੇ ਪੋਹੇ ਕਿਉਂਕਿ ਉਹ ਦਿਲੋਂ ਮਾਸੂਮੀਅਤ ਵਿੱਚ ਬੋਲ ਰਿਹਾ

ਸੀ। ਉਹ ਨੇ ਕਿਹਾ ਕਿ ਮੈਨੂੰ ਇਹ ਤਾਂ ਪਤਾ ਸੀ ਕਿ ਇਹ ਬਹੁਤ ਵੱਡਾ ਖਾੜਕੂ ਸੀ, ਬਹੁਤ ਸਿਆਣਾ ਸੀ, ਬਹੁਤ ਦਲੇਰ ਸੀ ਅਤੇ ਬਹੁਤ ਚੰਗੇ ਪਰਿਵਾਰ ਵਿਚੋਂ ਸੀ ਪਰ ਜਿਸ ਤਰ੍ਹਾਂ ਅੱਜ ਮੈਨੂੰ ਇਸ ਬਾਰੇ ਗੱਲਾਂ ਸੁਣ ਕੇ ਸਮਝ ਆਈ ਹੈ ਤਾਂ ਮੈਨੂੰ ਬੜੀ ਸ਼ਰਮ ਮਹਿਸੂਸ ਹੁੰਦੀ ਹੈ ਕਿ ਸਾਡੇ ਇਲਾਕੇ ਦਾ ਐਡਾ ਵੱਡਾ ਸਿੰਘ ਹੋ ਗਿਆ ਤੇ ਸਾਨੂੰ ਸਿਰਫ ਆਮ ਜਿਹੀ ਹੀ ਜਾਣਕਾਰੀ ਹੈ। ਇਥੇ ਵੱਡਾ ਇਕੱਠ ਤੇ ਯਾਦਗਾਰ ਤੇ ਬਰਸੀ ਹੋਣੀ ਚਾਹੀਦੀ ਹੈ।

ਉਹਦੀ ਭਾਵਨਾ ਤੇ ਗੱਲਾਂ ਸੱਚੀਆਂ ਸਨ ਪਰ ਹਾਲੇ ਖਾਲਸਾ ਪੰਥ ਆਪਣੀ ਅਸਲ ਨੁਹਾਰ ਵਿੱਚ ਨਹੀਂ ਆਇਆ ਤੇ ਜਦੋਂ ਪੰਥ ਆਪਣੇ ਅਸਲ ਰੂਪ ਵਿੱਚ ਆਵੇਗਾ, ਆਪਣੇ ਅਸਲ ਨਾਇਕਾਂ ਨੂੰ ਪਛਾਣ ਲਵੇਗਾ। ਸਰਕਾਰਾਂ ਦਾ ਪ੍ਰਚਾਰ ਪੰਥ ਦੇ ਸਦੀਵੀ ਹੀਰਿਆਂ ਦੀ ਰੌਸ਼ਨੀ ਨੂੰ ਮੱਧਮ ਨਹੀਂ ਕਰ ਸਕਦਾ। ਮਥਰਾ ਸਿੰਘ ਨੂੰ ਸਾਡੀਆਂ ਸਭ ਠਾਹਰਾਂ ਦਾ ਪਤਾ ਸੀ ਖਾਸ ਕਰਕੇ ਮੇਰੇ ਤਾਂ ਸਾਰੇ ਹੀ ਟਿਕਾਣੇ ਪਤਾ ਸੀ ਕਿਉਂਕਿ ਅਸੀਂ ਬਹੁਤ ਇਕੱਠੇ ਰਹਿੰਦੇ ਸੀ। ਬਹੁਤੀਆਂ ਮਹਿਫੂਜ ਥਾਵਾਂ ਉਸ ਨੇ ਹੀ ਪੈਦਾ ਕੀਤੀਆਂ ਸਨ ਕਿਉਂਕਿ ਉਹ ਸੁਰੱਖਿਆ ਪੱਖੋਂ ਬਹੁਤ ਚੇਤੰਨ ਰਹਿੰਦਾ ਸੀ।

ਹਰਚਰਨ ਸੂਰੀ ਜਿਸ ਨੇ ਮਾਝੇ ਵਿੱਚ ਬਹੁਤ ਸਿੰਘਾਂ ਨੂੰ ਕੋਹ-ਕੋਹ ਕੇ ਸ਼ਹੀਦ ਕੀਤਾ ਸੀ ਕੁਝ ਸਮੇਂ ਬਾਅਦ ਉਸ ਨੂੰ ਤੇ ਇਕ ਹੋਰ ਬਦਨਾਮ ਥਾਣੇਦਾਰ ਰਾਮ ਮੂਰਤੀ ਨੂੰ ਇਕੱਠਿਆਂ ਹੀ ਫਿਲੌਰ ਕਿਲੇ ਵਿੱਚ ਓਹਨਾਂ ਦੇ ਕਮਰੇ ਵਿਚ ਬੰਬ ਲਾ ਕੇ ਮਾਰ ਦਿੱਤਾ ਗਿਆ ਸੀ। ਉਹਨਾਂ ਦੋਹਾਂ ਦੇ ਸਰੀਰਾਂ ਨੂੰ ਬੰਬ ਨੇ ਤੂੰਬਾ-ਤੂੰਬਾ ਕਰ ਦਿੱਤਾ। ਇਹ ਧਮਾਕਾ ਧਰਮ ਸਿੰਘ ਕਾਸ਼ਤੀਵਾਲ ਦੇ ਜਥੇ ਨੇ ਪੁਲਿਸ ਮਹਿਕਮੇ ਵਿਚਲੇ ਹਮਦਰਦਾਂ ਦੀ ਮਦਦ ਨਾਲ ਹੀ ਕੀਤਾ ਸੀ।

ਨੋਟ: ਉਸ ਦਿਨ ਮੈਂ ਵੀ ਫਿਲੌਰ ਨੇੜੇ ਭਾਰ ਸਿੰਘਪੁਰਾ ਵਿਖੇ ਸੱਤਪਾਲ ਸਿੰਘ ਢਿੱਲੋਂ (ਜੋ ਨਾਭਾ ਜੇਲ੍ਹ ਤੋਂ ਰਿਹਾਅ ਹੋ ਕੇ ਆਇਆ ਹੀ ਸੀ) ਨੂੰ ਮਿਲਣ ਗਿਆ ਸੀ। ਉਥੇ ਸੱਤਪਾਲ ਸਿੰਘ, ਗੁਰਦੀਪ ਸਿੰਘ ਦੀਪਾ, ਸੁਰਿੰਦਰ ਸਿੰਘ ਛਿੰਦਾ, ਭਾਈ ਪਰਮਜੀਤ ਸਿੰਘ ਤੇ ਹਰਮਿੰਦਰ ਸਿੰਘ ਸੁਲਤਾਨਵਿੰਡ ਹਾਜਰ ਸਨ। ਉਥੇ ਭਾਈ ਛਿੰਦੇ ਨੇ ਗੱਲ ਕੀਤੀ ਕਿ ਅੱਜ ਇਨ੍ਹਾਂ ਦੋਵਾਂ ਬੁੱਚੜਾਂ ਦਾ ਕੰਮ ਹੋ ਜਾਣਾ ਹੈ। ਉਸ ਦਾ ਵੀ ਉਹਨਾਂ ਪੁਲਿਸ ਮੁਲਾਜਮਾਂ ਨਾਲ ਸੰਪਰਕ ਸੀ। ਜਦੋਂ ਸ਼ਾਮ ਨੂੰ ਭਾਈ ਛਿੰਦਾ, ਹਰਮਿੰਦਰ ਸਿੰਘ ਸੁਲਤਾਨਵਿੰਡ ਤੇ ਮੈਂ ਲੁਧਿਆਣੇ ਇਕ ਦੁਕਾਨ ਤੇ ਬੈਠੇ ਸੀ ਤਾਂ ਉਥੇ ਟੀਵੀ ਵਿੱਚ ਖਬਰ ਸੁਣੀ ਤਾਂ ਸਾਨੂੰ ਚੰਗਾ ਲੱਗਿਆ ਕਿਉਂਕਿ ਇਨ੍ਹਾਂ ਦੋਨਾਂ ਨੇ ਸਾਡੇ ਬਹੁਤ ਕੀਮਤੀ ਸਿੰਘਾਂ ਨੂੰ ਕੋਹ ਕੋਹ ਕੇ ਸ਼ਹੀਦ ਕੀਤਾ ਸੀ। ਇਹਨਾਂ ਨਾਲ ਸਹੀ ਇਨਸਾਫ ਹੋਇਆ। ਸਿਰਫ ਦੋਵੇਂ ਹੀ ਮਾਰੇ ਗਏ ਹੋਰ ਕੋਈ ਨੁਕਸਾਨ ਨਹੀਂ ਹੋਇਆ। ਜਿਵੇਂ ਇਹ ਸਿੰਘਾਂ ਦੇ ਸਰੀਰ ਨੂੰ ਤੋੜਦੇ ਸਨ ਇਨ੍ਹਾਂ ਦੇ ਸਰੀਰਾਂ ਦਾ ਵੀ ਤੂੰਬਾ-ਤੂੰਬਾ ਹੋ ਗਿਆ। ਜਦੋਂ ਇਹੋ ਜਿਹੇ ਤਰੀਕੇ ਨਾਲ ਜਾਲਮ ਮਾਰੇ ਜਾਂਦੇ ਸਨ ਤੇ ਹੋਰ ਕੋਈ ਨੁਕਸਾਨ ਨਹੀਂ ਸੀ ਹੁੰਦਾ ਤਾਂ ਉਹਨਾਂ ਕੰਮਾਂ ਦੀ ਬਹੁਤ ਸਰਾਹਣਾ ਹੁੰਦੀ ਸੀ।

ਬਲਜਿੰਦਰ ਸਿੰਘ ਰਾਜੂ

ਇਹ ਸਿੰਘ ਨੂੰ ੧੯੮੯ ਵਿੱਚ ਜਲੰਧਰ ਤੋਂ ਕਿਸੇ ਭੇਤੀ ਰਾਹੀਂ ਸੀਆਰਪੀਐਫ ਦੇ ਆਈਜੀ ਚਰਨਜੀਤ ਸਿੰਘ ਨੇ ਗਿਰਫਤਾਰ ਕੀਤਾ ਸੀ। ਇਸ ਉੱਤੇ ਪੰਜਾਬ ਤੇ ਦਿੱਲੀ ਵਿੱਚ ਵੱਖ-ਵੱਖ ਏਜੰਸੀਆਂ ਦੁਆਰਾ ਹਰ ਤਰ੍ਹਾਂ ਦਾ ਤਸ਼ੱਦਦ ਢਾਇਆ ਗਿਆ ਤਾਂ ਕਿ ਇਹ ਸਿੰਘਾਂ ਦੇ ਰਾਜ ਦੱਸੇ। ਇਹ ਸਿੰਘ ਦੀ ਸਾਰੇ ਪ੍ਰਮੁੱਖ ਸਿੰਘਾਂ ਨਾਲ ਨੇੜਤਾ ਸੀ ਤੇ ਇਹ ਹੁਣੇ ਹੁਣੇ ਅਮਰੀਕਾ ਤੋਂ ਵਾਪਸ ਆਇਆ ਸੀ ਪਰ ਇਸ ਨੇ ਕੋਈ ਭੇਦ ਨਹੀਂ ਦਿੱਤਾ। ਸਾਡੀਆਂ ਸਾਰੀਆਂ ਠਾਹਰਾਂ ਸਾਂਝੀਆਂ ਸਨ ਤੇ ਉਹ ਹੁਣ ਵੀ ਉਸੇ ਤਰ੍ਹਾਂ ਕਾਇਮ ਸਨ।

ਮੈਂ ਇਸ ਨੂੰ ਆਖਰੀ ਵਾਰ ਸੰਨ ੧੯੮੮ ਵਿੱਚ ਅੰਮ੍ਰਿਤਸਰ ਵਿੱਚ ਮਿਲਿਆ ਤੇ ਏਹਨਾਂ ਕੋਲ ਦੋ ਰਾਤਾਂ ਰਿਹਾ ਸੀ। ਹਰਜਿੰਦਰ ਸਿੰਘ ਜਿੰਦਾ, ਸੁਖਦੇਵ ਸਿੰਘ ਸੁੱਖਾ ਤੇ ਬਲਜਿੰਦਰ ਸਿੰਘ ਰਾਜੂ ਰਿਸ਼ਤੇਦਾਰ ਵੀ ਸਨ ਅਤੇ ਦੋਸਤ ਵੀ। ਏਹਨਾਂ ਦਾ ਆਪਸ ਵਿੱਚ ਬਹੁਤ ਪਿਆਰ ਸੀ। ਇਹ ਸੰਨ ੧੯੮੪ ਤੋਂ ਬਾਅਦ ਇਕੱਠੇ ਸੰਘਰਸ਼ ਦੇ ਰਾਹ ਤੇ ਤੁਰੇ ਸਨ।

ਬਲਜਿੰਦਰ ਸਿੰਘ ਰਾਜੂ ਦੀ ਮਾਤਾ ਸੁਰਜੀਤ ਕੌਰ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਵਾਕ ਲੈ ਕੇ ਏਹਨਾਂ ਤਿੰਨਾਂ ਨੂੰ ਇਕੱਠਿਆਂ ਹੀ ਇਹ ਰਾਹ ਤੇ ਤੋਰਿਆ ਸੀ। ਜਾਣ ਲੱਗੇ ਆਖਰੀ ਨਸੀਹਤ ਦਿੱਤੀ ਸੀ ਕਿ ਦੇਖਿਉ ਕਿਤੇ ਦੁੱਧ ਨੂੰ ਲਾਜ ਨਾ ਲਾਇਓ। ਏਹਨਾਂ ਤਿੰਨਾਂ ਸਿੰਘਾਂ ਨੇ ਪੰਥ ਦੀ ਬਹੁਤ ਸੇਵਾ ਕੀਤੀ। ਵੱਡੀਆਂ ਕਾਰਵਾਈਆਂ ਕੀਤੀਆਂ ਅਤੇ ਫੜੇ ਜਾਣ ਤੇ ਲੰਮਾ ਸਮਾਂ ਕੈਦ ਵਿੱਚ ਰਹਿ ਕੇ ਹਰ ਸੋਚਿਆ ਜਾਣ ਵਾਲਾ ਤਸ਼ੱਦਦ ਆਪਣੇ ਪਿੰਡੇ ਤੇ ਝੱਲਿਆ। ਅਖੀਰ ਤੱਕ ਗਰਜਦੇ ਤੇ ਜੂਝਦੇ ਰਹੇ ਪਰ ਇਹ ਐਨੇ ਲੰਮੇ ਸਮੇਂ ਵਿਚ ਵੀ ਇੱਕ ਪਲ ਲਈ ਵੀ ਢਹਿੰਦੀ ਕਲਾ ਵਿੱਚ ਨਹੀਂ ਆਏ। ਏਹਨਾਂ ਨੂੰ ਸਰਕਾਰ ਦੇ ਸਾਰੇ ਖੁਫੀਆ ਮਹਿਕਮਿਆਂ ਨੇ ਲੰਮਾ ਸਮਾਂ ਪੁੱਛਗਿਛ ਕੀਤੀ ਪਰ ਕਮਾਲ ਹੈ ਕਿ ਏਹਨਾਂ ਤਿੰਨਾਂ ਨੇ ਸਭ ਕੁਝ ਜਾਣਦਿਆਂ ਹੋਇਆ ਕੁਝ ਨਹੀਂ

ਦੱਸਿਆ। ਪੂਰੀ ਤਰ੍ਹਾਂ ਵੱਡੇ ਅਫਸਰਾਂ ਨਾਲ ਅੜਦੇ ਤੇ ਲੜਦੇ ਰਹੇ ਅਤੇ ਓਹਨਾਂ ਦੀ ਹਰ ਦਲੀਲ ਕੱਟਦੇ ਰਹੇ।

ਇਹ ਤਿੰਨੋਂ ਆਪਸ ਵਿੱਚ ਬਹੁਤ ਹਾਸਾ ਮਜਾਕ ਵੀ ਕਰਦੇ ਸੀ ਤੇ ਕਈ ਵਾਰ ਇੱਕ ਦੂਜੇ ਨੂੰ ਕਈ ਤਰੀਕੇ ਨਾਲ ਪੁਰਾਣੀ ਜਿੰਦਗੀ ਦੇ ਵਾਕਿਆਂ ਬਾਰੇ ਛੇੜਦੇ ਹੁੰਦੇ ਸੀ। ਕਈ ਵਾਰ ਆਪਸ ਵਿੱਚ ਲੜ ਵੀ ਪੈਂਦੇ ਤੇ ਕਈ ਚਿਰ ਬੋਲਦੇ ਨਹੀਂ ਸੀ। ਫਿਰ ਇਕੱਠੇ ਹੋ ਜਾਣਾ ਅਤੇ ਬਹੁਤ ਖੁਸ਼ੀ ਮਨਾਉਣੀ ਤੇ ਜੋਰ ਜੋਰ ਦੀ ਜੱਫੀ ਪਾ ਕੇ ਹੱਸਣਾ। ਇਕ ਵਾਰ ਦਿੱਲੀ ਵਿਚ ਇਸ ਤਰ੍ਹਾਂ ਹੀ ਹੋਇਆ ਜਦੋਂ ਮੁੜ ਮਿਲੇ ਤਾਂ ਸੁਖਦੇਵ ਸਿੰਘ ਨੇ ਕਿਹਾ ਕਿ ਹੁਣ ਇਸ ਜਸ਼ਨ ਨੂੰ ਕਿਵੇਂ ਮਨਾਈਏ। ਸਲਾਹ ਹੋਈ ਕਿ ਸਿੰਘਾਂ ਦਾ ਖਜਾਨਾ ਮਸਤ ਹੈ ਤੇ ਕੋਈ ਸਰਕਾਰੀ ਖਜਾਨਾ ਸੋਧਿਆ ਜਾਵੇ। ਅਗਲੇ ਦਿਨ ਹੀ ਸਿੰਘਾਂ ਨੇ ਗਰੇਟਰ ਕੈਲਾਸ਼ ਵਿਚ ਇੱਕ ਬੈਂਕ ਮਾਂਜਿਆ ਅਤੇ ਫਿਰ ਉਸ ਰਾਤ ਨੂੰ ਸੁੱਖੇ ਨੇ ਕਿਹਾ ਕਿ ਹੁਣ ਤਸੱਲੀ ਹੋਈ ਹੈ। ਇਸ ਤਰ੍ਹਾਂ ਏਹਨਾਂ ਨੇ ਆਪਣੀ ਦੋਸਤੀ ਦਾ ਅਤੇ ਸੰਘਰਸ਼ ਦਾ ਸਫਰ ਤੇ ਅੰਤ ਨੂੰ ਸ਼ਹਾਦਤ ਦਾ ਸਫਰ ਵੀ ਇਕੱਠਿਆਂ ਹੀ ਇਕੋ ਤਰੀਕੇ ਨਾਲ ਸਰ ਕੀਤਾ। ਮਾਤਾ ਸੁਰਜੀਤ ਕੌਰ ਦੀ ਪਾਕ ਅਰਦਾਸ ਤੇ ਫੁੱਲ ਚੜ੍ਹਾਉਂਦੇ ਓਹਨਾਂ ਦੀ ਆਖਰੀ ਨਸੀਹਤ ਤੇ ਪਹਿਰਾ ਦਿੰਦੇ ਹੋਏ ਬੇਮਿਸਾਲ ਸ਼ਹਾਦਤਾਂ ਦਿੱਤੀਆਂ।

ਅੱਜ ਤੱਕ ਇਹ ਨਹੀਂ ਪਤਾ ਲੱਗਿਆ ਕਿ ਇਹ ਸਿੰਘ ਨੂੰ ਫੜਾਓਣ ਵਾਲਾ ਕੌਣ ਸੀ। ਇਹ ਪਤਾ ਨਾ ਲੱਗਿਆ ਕਿ ਬਲਜਿੰਦਰ ਸਿੰਘ ਦਾ ਅੰਤ ਸਮਾਂ ਕਦੋਂ ਤੇ ਕਿੱਥੇ ਹੋਇਆ। ਆਪਣੇ ਦੋਵਾਂ ਮਿੱਤਰਾਂ ਤੋਂ ਇੱਕ ਗੱਲ ਦਾ ਫਰਕ ਪਿਆ ਕਿ ਬਲਜਿੰਦਰ ਸਿੰਘ ਰਾਜੂ ਦੀ ਦੇਹ ਪੰਥ ਨੂੰ ਨਹੀਂ ਦਿੱਤੀ ਗਈ। ਹੋਰ ਹਜਾਰਾਂ ਸਿੰਘ ਸਿੰਘਣੀਆਂ ਵਾਂਗ ਇਸ ਸਰੀਰ ਨੂੰ ਸਰਕਾਰ ਦੇ ਕੂੜ ਪਰਬੰਧ ਨੇ ਕਿਤੇ ਖੁਰਦ-ਬੁਰਦ ਕਰ ਦਿੱਤਾ।

ਜਦੋਂ ਰਾਜੂ ਫੜਿਆ ਗਿਆ ਤਾਂ ਉਸ ਨੂੰ ਸਤਨਾਮ ਸਿੰਘ ਬਾਵੇ ਨਾਲ ਮਿਲਾਇਆ ਗਿਆ, ਜੋ ਕਿ ਪਹਿਲਾਂ ਹੀ ਆਈਬੀ ਵਾਲਿਆਂ ਕੋਲ ਜਲੰਧਰ ਸੀਆਰਪੀਐਫ ਦੀ ੩੨ ਬਟਾਲੀਅਨ ਵਿੱਚ ਕੈਦ ਸੀ। ਉਸ ਵਕਤ ਉਥੋਂ ਦਾ ਕਰਤਾ-ਧਰਤਾ ਸੁਰੇਸ਼ ਅਰੋੜਾ, ਆਈਪੀਐਸ ਸੀ। ਬਾਵੇ ਦੀ ਘਰਵਾਲੀ ਤੇ ਬੱਚਾ ਵੀ ਇੱਥੇ ਕੈਂਪ ਵਿੱਚ ਹੀ ਕੈਦ ਸੀ। ਏਜੰਸੀਆਂ ਦੇ ਗਸ਼ਤੀ ਟੋਲੇ ਉਸ ਨੂੰ ਹੁਣ ਸੀਆਰਪੀਐਫ ਦੀ ਵਰਦੀ ਪਵਾ ਕੇ ਬਾਹਰ ਆਪਣੇ ਨਾਲ ਲੈ ਜਾਂਦੇ ਸਨ। ਸਤਨਾਮ ਸਿੰਘ ਬਾਵਾ ਬਹੁਤ ਤੇਜ ਤੇ ਸੂਝਵਾਨ ਬੰਦਾ ਸੀ। ਹੁਣ ਤੱਕ ਉਹ ਅਫਸਰਾਂ ਵਿਚ ਆਪਣਾ ਵਿਸ਼ਵਾਸ ਬਣਾ ਚੁੱਕਾ ਸੀ। ਉਹ ਕਿਸੇ ਵੀ ਤਰੀਕੇ ਆਪਣੇ ਪਰਿਵਾਰ ਨੂੰ ਲੈ ਕੇ ਇਸ ਨਰਕ ਵਿੱਚੋਂ ਨਿਕਲਣਾ ਚਾਹੁੰਦਾ ਸੀ।

ਜਦੋਂ ਸੁਰੇਸ਼ ਅਰੋੜਾ ਨੇ ਰਾਜੂ ਨੂੰ ਬਾਵੇ ਸਾਹਮਣੇ ਉਨ੍ਹਾਂ ਨਾਲ ਰਲਣ ਦੀ ਪੇਸ਼ਕਸ਼

ਕੀਤੀ ਤਾਂ ਰਾਜੂ ਨੇ ਅੱਗੋਂ ਬਹੁਤ ਗਾਲ੍ਹਾਂ ਕੱਢੀਆਂ ਤੇ ਬੁਰਾ ਭਲਾ ਕਿਹਾ। ਰਾਜੂ ਦੀ ਜੁਰਅਤ ਅਤੇ ਦਲੀਲ ਦੇਖ ਕੇ ਬਾਵੇ ਦਾ ਮਨ ਹੋਰ ਪੱਕਾ ਹੋ ਗਿਆ। ਇਸ ਤੋਂ ਬਾਅਦ ਰਾਜੂ ਉਤੇ ਹਰ ਤਰੀਕੇ ਦਾ ਤਸ਼ੱਦਦ ਢਾਹਿਆ ਗਿਆ। ਬਾਵੇ ਦੇ ਕਹਿਣ ਅਨੁਸਾਰ ਉਸ ਨੇ ਕਦੇ ਈਨ ਨਹੀਂ ਮੰਨੀ। ਜਾਲਮ ਨੂੰ ਕਦੀ ਬਸ ਕਰਨ ਲਈ ਨਹੀਂ ਕਿਹਾ। ਉਹ ਸਦਾ ਹੀ ਉਨ੍ਹਾਂ ਨਾਲ ਪਿੰਜਰੇ ਵਿੱਚ ਨੂੜੇ ਸ਼ੇਰ ਵਾਂਗ ਲੜਦਾ ਤੇ ਜੂਝਦਾ ਰਿਹਾ। ਜਦੋਂ ਕਿਤੇ ਵੱਡੇ ਅਫਸਰ ਕੋਈ ਗੱਲਬਾਤ ਕਰਦੇ ਤਾਂ ਉਹ ਵੀ ਬੜੀ ਜੁਰਅਤ ਤੇ ਦਲੀਲ ਨਾਲ ਉਨ੍ਹਾਂ ਨੂੰ ਨਿਰ-ਉਤਰ ਕਰ ਦਿੰਦਾ ਸੀ। ਜਦੋਂ ਤਸ਼ੱਦਦ ਦਾ ਇਕ ਹੋਰ ਦੌਰ ਸ਼ੁਰੂ ਹੋਣ ਲੱਗਦਾ ਤੇ ਆਪ ਹੀ ਵੰਗਾਰ ਦਿੰਦਾ ਸੀ ਕਿ 'ਆ ਜਾਓ ਸਿੰਘ ਤਿਆਰ ਹੈ'। ਇਸ ਸਾਰੇ ਕੁਝ ਨੂੰ ਦੇਖ ਕੇ ਇੱਕ ਦਿਨ ਮੌਕਾ ਮਿਲਣ ਤੇ ਬਾਵਾ ਆਪਣੇ ਪਰਿਵਾਰ ਨੂੰ ਪਿੱਛੇ ਛੱਡ ਕੇ ਹੀ ਸੀਆਰਪੀਐਫ ਵਾਲਿਆਂ ਨੂੰ ਚਕਮਾ ਦੇ ਕੇ ਫਰਾਰ ਹੋ ਗਿਆ।

ਕੈਦ ਵਿਚੋਂ ਭੱਜਣ ਤੋਂ ਬਾਅਦ ਬਾਵਾ ਸਿੱਧਾ ਰਾਜੂ ਦੀ ਮਾਤਾ ਅਤੇ ਜਿੰਦੇ ਦੇ ਭਰਾ ਨੂੰ ਮਿਲਿਆ। ਉਹਨਾਂ ਨੂੰ ਰਾਜੂ ਬਾਰੇ ਸਭ ਕੁਝ ਦੱਸਿਆ। ਇਸ ਤੋਂ ਬਾਅਦ ਉਨ੍ਹਾਂ ਸਾਰਿਆਂ ਨੇ ਇਕੱਠੇ ਹੋ ਕੇ ਰਾਜੂ ਨੂੰ ਛੁਡਾਉਣ ਦੀ ਬਹੁਤ ਕੋਸ਼ਿਸ਼ ਕੀਤੀ ਪਰ ਸਫਲ ਨਹੀਂ ਹੋਏ। ਇਸ ਕੋਸ਼ਿਸ਼ ਦੌਰਾਨ ਥੋੜ੍ਹੇ ਦਿਨਾਂ ਬਾਅਦ ਬਾਵੇ ਦੀ ਸ਼ਹਾਦਤ ਦੀ ਖਬਰ ਆ ਗਈ ਪਰ ਬਲਜਿੰਦਰ ਸਿੰਘ ਰਾਜੂ ਦਾ ਮੁੜ ਕੋਈ ਥਹੁ ਪਤਾ ਨਹੀਂ ਲੱਗਿਆ। ਇਹ ਵੀ ਗੁਰੂ ਦਾ ਭਾਣਾ ਹੀ ਸੀ ਕਿ ਸਤਨਾਮ ਸਿੰਘ ਬਾਵਾ ਓਹਦੀ ਜਾਲਮਾਂ ਨਾਲ ਜੂਝਣ ਦੀ ਬੇਮਿਸਾਲ ਗਾਥਾ ਦੱਸਣ ਲਈ ਛੁੱਟ ਗਿਆ।

ਰਾਜਵਿੰਦਰ ਸਿੰਘ ਰਾਜੀ

ਇਹ ਸਿੰਘ ਗੰਗਾਨਗਰ, ਰਾਜਸਥਾਨ ਤੋਂ ਸੀ। ਇਸਨੂੰ ਗੁਰਜੰਟ ਸਿੰਘ ਰਾਜਸਥਾਨੀ ਦੇ ਨਾਲ ਜੇਲ੍ਹ ਵਿੱਚੋਂ ਖਾਲਸਤਾਨ ਕਮਾਂਡੋ ਫੋਰਸ ਦੇ ਸਿੰਘਾਂ ਨੇ ਛੁਡਾਇਆ ਸੀ। ਗੁਰਜੰਟ ਸਿੰਘ ਰਾਜਸਥਾਨੀ, ਬਾਪੂ ਮਲਕੀਅਤ ਸਿੰਘ ਤੇ ਗੁਰਦੇਵ ਸਿੰਘ ਸਤੀਏਵਾਲਾ ਨਾਲ ਫਿਰੋਜਪੁਰ ਨੂੰ ਚਲਾ ਗਿਆ ਅਤੇ ਰਾਜਵਿੰਦਰ ਸਿੰਘ ਰਾਜੀ ਨੂੰ ਸਾਡੇ ਕੋਲ ਛੱਡ ਗਏ। ਲੁਧਿਆਣਾ ਬੈਂਕ ਡਕੈਤੀ ਵਿੱਚ ਇਹ ਸਾਡੇ ਨਾਲ ਪੁਲਿਸ ਮੁਲਾਜਮ ਬਣ ਕੇ ਗਿਆ ਸੀ। ਕੁਝ ਦਿਨਾਂ ਬਾਅਦ ਹੀ ਰਾਜੀ ਫਿਰੋਜਪੁਰ ਸਰਹੱਦ ਤੇ ਸਮਾਨ ਲੈਣ ਗਿਆ ਅਤੇ ਟਰੱਕ ਵਿਚ ਸਮਾਨ ਲਿਆਉਂਦਾ ਮੱਖੂ-ਜਲੰਧਰ ਸੜਕ ਤੇ ਦਰਿਆ ਕੋਲ ਨਾਕੇ ਤੇ ਫੜਿਆ ਗਿਆ। ਇਹਦੇ ਨਾਲ ਵਾਲੇ ਸਿੰਘ ਨੂੰ ਬਚ ਕੇ ਨਿਕਲਣ ਦਾ ਮੌਕਾ ਮਿਲ ਗਿਆ ਪਰ ਇਹ ਟਰੱਕ ਸਮੇਤ ਫੜਿਆ ਗਿਆ। ਕਾਫੀ ਸਮਾਨ ਵੀ ਟਰੱਕ ਵਿਚ ਫੜਿਆ ਗਿਆ। ਪੁਲਿਸ ਅਫਸਰ ਇੰਨਾ ਸਮਾਨ ਦੇਖ ਕੇ ਹੈਰਾਨ ਹੋ ਗਏ ਅਤੇ ਇਸ ਨੂੰ ਫਿਰੋਜਪੁਰ ਲੈ ਗਏ। ਉਸ ਵਕਤ ਉਥੇ ਮਹਿੰਦਰ ਬਾਬਾ ਹੌਲਦਾਰ ਜਿਸ ਨੂੰ ਜਲਾਦ ਕਹਿੰਦੇ ਸਨ, ਉਹ ਤਾਇਨਾਤ ਸੀ। ਤਸ਼ੱਦਦ ਦਾ ਦੌਰ ਸ਼ੁਰੂ ਹੋ ਗਿਆ ਸੀ।

ਇਹ ੧੯੮੭ ਦੀ ਹੀ ਗੱਲ ਹੈ ਤੇ ਉਦੋਂ ਤੱਕ ਐਨਾ ਸਮਾਨ ਇਕੱਠਾ ਨਹੀਂ ਸੀ ਫੜ ਹੋਇਆ। ਵੱਡੇ ਅਫਸਰ ਆ ਗਏ ਤੇ ਪੁੱਛਣ ਲੱਗੇ ਕਿ ਕੀ ਕਰਦਾ ਹੈਂ ਤੇ ਕਿਥੋਂ ਆਇਆ ਹੈਂ? ਰਾਜੀ ਦਾ ਪੰਜਾਬ ਪੁਲਿਸ ਵਿੱਚ ਹਾਲੇ ਕੋਈ ਵੇਰਵਾ ਹੀ ਨਹੀਂ ਸੀ ਤੇ ਉਸ ਤਰ੍ਹਾਂ ਵੀ ਓਹਨੂੰ ਕੋਈ ਵੀ ਮੁਖਬਰ ਜਾਂ ਪੁਲਿਸੀਆ ਨਹੀਂ ਜਾਣਦਾ ਸੀ। ਹਾਲੇ ਇਹ ਦੇ ਸਿਰ ਦੇ ਵਾਲ ਤੇ ਦਾੜ੍ਹੀ ਵੀ ਪੂਰੀ ਨਹੀਂ ਵਧੀ ਸੀ ਕਿਉਂਕਿ ਤਿੰਨ ਕੁ ਮਹੀਨੇ ਪਹਿਲਾਂ ਹੀ ਜੇਲ੍ਹ ਤੋਂ ਛੁਡਵਾਇਆ ਸੀ। ਉਹ ਬਹੁਤ ਘੱਟ ਬੋਲਦਾ ਸੀ ਤੇ ਬੜਾ ਨਿਮਰ ਸੀ ਪਰ ਅੰਦਰੋਂ ਉਹ ਬਹੁਤ ਸ਼ੇਰ ਦਿਲ ਇਨਸਾਨ ਸੀ। ਉਹ ਕੁਝ ਵੀ ਨਹੀਂ ਬੋਲਿਆ ਅਤੇ ਦੋ ਤਿੰਨ ਦਿਨ ਪੁਲਿਸ ਦੇ ਚੋਟੀ ਦੇ ਜਲਾਦਾਂ ਨੇ ਸਾਰੇ ਹੀਲੇ ਵਰਤੇ ਪਰ ਉਸ ਤੋਂ

ਓਹਦਾ ਨਾ ਨਹੀਂ ਪਤਾ ਕਰ ਸਕੇ। ਟਰੱਕ ਰਾਹੀਂ ਵੀ ਪੁਲਿਸ ਨੂੰ ਕੋਈ ਜਾਣਕਾਰੀ ਨਾ ਮਿਲੀ। ਹਕੂਮਤ ਦੇ ਛੋਟੇ ਵੱਡੇ ਕਰਿੰਦੇ ਹੈਰਾਨ ਪਰੇਸ਼ਾਨ ਸਨ ਕਿ ਸਰਹੱਦ ਤੋਂ ਨਵੀਆਂ ਨਕੋਰ ਅਸਾਲਟਾਂ ਟਰੱਕ ਵਿੱਚ ਆ ਰਹੀਆਂ ਹਨ ਤੇ ਜਿਹੜਾ ਬੰਦਾ ਦੇਖਣ ਨੂੰ ਮੁਸਲਮਾਨ ਲੱਗਦਾ ਹੈ (ਉਸ ਦੇ ਵਾਲ ਤੇ ਦਾਹੜੀ ਥੋੜ੍ਹੀ-ਥੋੜ੍ਹੀ ਵਧੇ ਸੀ) ਆਪਣਾ ਨਾ ਤੱਕ ਨਹੀਂ ਦੱਸ ਰਿਹਾ।

ਡੀਜੀਪੀ ਤਕ ਦੇ ਅਫਸਰ ਉਥੇ ਪਹੁੰਚ ਗਏ ਓਹਨਾਂ ਉਹ ਦੇ ਸਰੀਰ ਦਾ ਤੂੰਬਾ-ਤੂੰਬਾ ਕਰ ਦਿੱਤਾ। ਜਮੂਰਾਂ ਨਾਲ ਅੰਗ ਨੋਚ ਲਏ, ਨਹੁੰ ਕੱਢ ਦਿੱਤੇ ਗਏ, ਜਖਮਾਂ ਉਤੇ ਮਿਰਚਾਂ ਤੇ ਪੈਟਰੋਲ ਛਿੜਕਿਆ ਗਿਆ। ਹੱਥਾਂ-ਪੈਰਾਂ ਤੇ ਆਰੀ ਚਲਾਈ ਗਈ ਤੇ ਅਖੀਰ ਵਿੱਚ ਵੱਡੀ ਪ੍ਰੈਸ ਲੈ ਕੇ ਸਾਰਾ ਚੰਮ ਲਾਹ ਦਿੱਤਾ ਗਿਆ ਪਰ ਉਸ ਜਾਂਬਾਜ ਨੇ ਕੁਝ ਨਹੀਂ ਬੋਲਿਆ। ਅੱਜ ਤੱਕ ਪੁਲਿਸ ਵਾਲੇ ਸਿਪਾਹੀ, ਜਿਨ੍ਹਾਂ ਨੇ ਉਹ ਮੰਜਰ ਦੇਖਿਆ ਹੈ, ਉਸ ਬਾਰੇ ਗੱਲ ਕਰਦੇ ਹਨ ਕਿ ਉਹਨੇ ਚੁੱਪ ਹੀ ਵੱਟ ਲਈ ਤੇ ਸਾਰਾ ਦਰਦ ਹੀ ਪੀ ਗਿਆ, ਮੂੰਹੋਂ ਸੀ ਤੱਕ ਨਹੀਂ ਆਖੀ। ਇਕ ਵੱਡੇ ਸਬਰ ਤੇ ਸਹਿਜ ਵਿੱਚ ਸ਼ਹਾਦਤ ਨੂੰ ਪ੍ਰਾਪਤ ਹੋ ਗਿਆ ਅਤੇ ਹਕੂਮਤ ਦੀ ਸਾਰੀ ਤਾਕਤ ਨੂੰ ਝੂਠਾ ਸਿੱਧ ਕਰ ਗਿਆ। ਉਸਨੇ ਸਿੱਖ ਇਤਿਹਾਸ ਵਿਚਲੇ ਸ਼ਹੀਦਾਂ ਦੀ ਕਹਾਣੀ ਫੇਰ ਦੁਹਰਾ ਦਿੱਤੀ।

ਇਹ ਗੱਲ ਮੈਨੂੰ ਮੇਰੀ ਤਫਤੀਸ਼ ਕਰਨ ਵਾਲੇ ਇਕ ਬਦਨਾਮ ਪੁਲਿਸ ਅਫਸਰ ਨੇ ਸੁਣਾਈ ਸੀ। ਉਹ ਸਿੰਘ ਦੀ ਹੈਰਾਨ ਕਰਨ ਵਾਲੀ ਸ਼ਹਾਦਤ ਨੇ ਪੁਲਿਸ ਨੂੰ ਵੀ ਹਿਲਾ ਕੇ ਰੱਖ ਦਿੱਤਾ ਸੀ। ਇਹ ਗੱਲ ਥੋੜ੍ਹੇ ਚਿਰ ਬਾਅਦ ਹੀ ਆਮ ਲੋਕਾਂ ਵਿੱਚ ਵੀ ਫੈਲ ਗਈ ਕਿ ਇਕ ਸਿੰਘ ਇਸ ਤਰ੍ਹਾਂ ਸ਼ਹੀਦ ਹੋ ਗਿਆ ਕਿ ਉਸ ਦੇ ਨਾਂ ਦਾ ਪਤਾ ਹੀ ਨਹੀਂ ਸੀ ਕਿ ਉਹ ਕੌਣ ਹੈ। ਕਾਫੀ ਚਿਰ ਬਾਅਦ ਫਿਰੋਜਪੁਰ ਵਿਚ ਖਾਲਸਤਾਨ ਕਮਾਂਡੋ ਫੋਰਸ ਦੇ ਕਿਸੇ ਹੋਰ ਸਿੰਘਾਂ ਦੀ ਤਫਤੀਸ਼ ਹੋਈ ਤਾਂ ਇਹ ਗੱਲ ਪੁਲਿਸ ਨੂੰ ਪਤਾ ਲੱਗੀ ਕਿ ਇਹ ਨੌਜਵਾਨ ਤਾਂ ਰਾਜਸਥਾਨ ਤੋਂ ਛੁਡਵਾਇਆ ਹੋਇਆ ਕੈਦੀ ਰਾਜਵਿੰਦਰ ਸਿੰਘ ਰਾਜੀ ਸੀ।

ਉਸ ਦਿਨ ਰਾਜਵਿੰਦਰ ਸਿੰਘ ਰਾਜੀ ਸਮਾਨ ਲੈ ਕੇ ਸਾਡੇ ਕੋਲ ਜਲੰਧਰ ਦੇ ਬਾਹਰਵਾਰ ਇਕ ਠਾਹਰ ਤੇ ਆ ਰਿਹਾ ਸੀ। ਓਥੇ ਓਸ ਥਾਂ ਤੇ ਮੈਂ, ਸਤਪਾਲ ਸਿੰਘ ਢਿੱਲੋਂ ਅਤੇ ਸ਼ੇਰ ਸਿੰਘ ਸ਼ੇਰ ਦੋ ਦਿਨ ਉਸ ਨੂੰ ਉਡੀਕਦੇ ਰਹੇ ਅਤੇ ਫਿਰ ਸਾਨੂੰ ਪਤਾ ਲੱਗਿਆ ਕਿ ਜਿਹੜੇ ਸੂਰਮੇ ਨੂੰ ਅਸੀਂ ਓਥੇ ਉਡੀਕਦੇ ਰਹੇ ਉਹ ਸਿੰਘ ਨੇ ਹਰ ਕਿਸਮ ਦੇ ਤਸ਼ੱਦਦ ਨੂੰ ਸਰ ਕਰਕੇ ਆਪਣੀ ਅਣਖ ਤੇ ਆਜਾਦੀ ਦਾ ਝੰਡਾ ਗੱਡਿਆ ਹੈ।

ਰਾਜਵਿੰਦਰ ਸਿੰਘ ਰਾਜੀ ਨੂੰ ਹਾਲੇ ਪਾਠ ਵੀ ਪੂਰੀ ਤਰ੍ਹਾਂ ਨਹੀਂ ਕਰਨਾ ਆਉਂਦਾ ਸੀ। ਉਹ ਹੌਲੀ-ਹੌਲੀ ਬਹੁਤ ਭੈਅ ਅਦਬ ਨਾਲ ਜਪੁਜੀ ਸਾਹਿਬ ਦਾ ਪਾਠ ਕਰਨਾ ਸਿੱਖ ਰਿਹਾ ਸੀ। ਜਿਸ ਤਰੀਕੇ ਨਾਲ ਉਸ ਨੇ ਸ਼ਹਾਦਤ ਦਾ ਜਾਮ ਪੀਤਾ, ਉਸ ਨਾਲ

ਸਾਡੇ ਸੰਘਰਸ਼ ਨੂੰ ਬਹੁਤ ਬਲ ਮਿਲਿਆ। ਇਹ ਸ਼ਹਾਦਤ ਸਾਡੇ ਸਫਰ ਨੂੰ ਪੁਰਾਤਨ ਸਿੰਘਾਂ ਦੀਆਂ ਜੰਗਾਂ ਨਾਲ ਜੋੜਦੀ ਹੈ। ਗੁਰੂ ਨੇ ਉਸ ਸਿੰਘ ਉੱਤੇ ਸਿਦਕ ਅਤੇ ਸਬਰ ਦੀ ਬਖਸ਼ਿਸ਼ ਕੀਤੀ। ਉਹ ਆਉਣ ਵਾਲੀਆਂ ਪੀੜ੍ਹੀਆਂ ਲਈ ਇਕ ਮਿਸਾਲ ਬਣ ਕੇ ਆਪਣੀ ਸ਼ਹਾਦਤ ਨਾਲ ਆਜਾਦੀ ਦੇ ਸਿੱਖ ਸੰਘਰਸ਼ ਦਾ ਝੰਡਾ ਹੋਰ ਉੱਚਾ ਕਰ ਗਿਆ।

ਹੌਲਦਾਰ ਮਹਿੰਦਰ ਬਾਬਾ, ਜਿਸ ਨੇ ਰਾਜਵਿੰਦਰ ਸਿੰਘ ਰਾਜੀ ਉਤੇ ਮੁੱਖ ਰੂਪ ਵਿੱਚ ਤਸ਼ੱਦਦ ਕੀਤਾ ਸੀ ਤੇ ਹੋਰ ਅਨੇਕਾਂ ਸਿੰਘਾਂ ਨੂੰ ਮਾਰ ਮੁਕਾਇਆ ਸੀ, ਉਹਨੂੰ ਕੁਝ ਮਹੀਨਿਆਂ ਬਾਅਦ, ਪੰਜ ਸਿਪਾਹੀਆਂ ਸਮੇਤ ਘਾਤ ਲਗਾ ਕੇ ਬਾਪੂ ਮਲਕੀਅਤ ਸਿੰਘ ਤੇ ਗੁਰਦੇਵ ਸਿੰਘ ਸਤੀਏਵਾਲੇ ਦੇ ਜਥੇ ਨੇ ਸੋਧਾ ਲਾ ਦਿੱਤਾ।

ਚਰਨਜੀਤ ਸਿੰਘ ਤਲਵੰਡੀ

ਇਸ ਜਰਨੈਲ ਨੂੰ ਸੰਘਰਸ਼ ਦੇ ਬਹੁਤੇ ਰਾਜ ਪਤਾ ਸਨ। ਤਕਰੀਬਨ ਸਾਰੀਆਂ ਹੀ ਜਥੇਬੰਦੀਆਂ ਨਾਲ ਇਹਦਾ ਰਾਬਤਾ ਸੀ। ਸਾਡੀਆਂ ਬਹੁਤੀਆਂ ਠਾਹਰਾਂ ਵੀ ਸਾਂਝੀਆਂ ਸਨ ਕਿਉਂਕਿ ਇਹਨਾਂ ਵਿਚੋਂ ਜਿਆਦਾ ਠਾਹਰਾਂ ਇਸ ਨੇ ਹੀ ਬਣਾਈਆਂ ਸਨ। ਇਸ ਨੂੰ ੧੯੯੧ ਜੂਨ ਮਹੀਨੇ ਦੇ ਸ਼ੁਰੂ ਵਿੱਚ ਮੁਹਾਲੀ ਤੋਂ ਸਵੇਰੇ ਸਕੂਟਰ ਤੇ ਜਾਂਦਿਆਂ ਗ੍ਰਿਫਤਾਰ ਕਰ ਲਿਆ ਗਿਆ ਸੀ ਇਸ ਨੂੰ ਸ਼ਾਮ ਤੱਕ ਸ਼ਹੀਦ ਕਰ ਦਿੱਤਾ ਗਿਆ ਸੀ। ਪੁਲਿਸ ਓਹਨਾਂ ਦਿਨਾਂ ਵਿਚ ਵੱਡੇ ਖਾੜਕੂ ਜਰਨੈਲਾਂ ਨੂੰ ਬਹੁਤਾ ਚਿਰ ਨਹੀਂ ਸੀ ਰੱਖਦੀ ਕਿਉਂਕਿ ਖਾੜਕੂਆਂ ਵੱਲੋਂ ਪੈਂਤੜੇ ਵਜੋਂ ਸਿਆਸੀ ਬੰਦਿਆਂ ਨੂੰ ਚੁੱਕ ਲਿਆ ਜਾਂਦਾ ਸੀ ਅਤੇ ਆਪਣੇ ਜਰਨੈਲ ਨੂੰ ਛੱਡਣ ਲਈ ਦਬਾਅ ਪਾਇਆ ਜਾਂਦਾ ਸੀ। ਇਸ ਕਰਕੇ ਓਹ ਸਮੇਂ ਤੱਕ ਪੁਲਿਸ ਨੇ ਇਹ ਮਿਥ ਲਿਆ ਕਿ ਵੱਡੇ ਜਰਨੈਲਾਂ ਨੂੰ ਫੜਣ ਤੋਂ ਬਾਅਦ ਇੱਕ ਜਾਂ ਵੱਧ ਤੋਂ ਵੱਧ ੨ ਦਿਨਾਂ ਵਿਚ ਸ਼ਹੀਦ ਕਰ ਦਿਓ।

ਚਰਨਜੀਤ ਸਿੰਘ ਤਲਵੰਡੀ ਨੂੰ ਤਾਂ ਛੇਤੀ ਸ਼ਹੀਦ ਕਰਨ ਦਾ ਹੋਰ ਵੀ ਪਹਿਲੂ ਸੀ ਕਿਉਂਕਿ ਉਹ ਇੱਕ ਰਾਜਨੀਤਕ ਪਰਿਵਾਰ ਵਿਚੋਂ ਸੀ ਤੇ ਜਗਦੇਵ ਸਿੰਘ ਤਲਵੰਡੀ ਉਸ ਦਾ ਸਕਾ ਚਾਚਾ ਸੀ। ਚਰਨਜੀਤ ਸਿੰਘ ਆਖਰੀ ਦਮ ਤੱਕ ਪੁਲਿਸ ਅਫਸਰਾਂ ਨਾਲ ਬਹਿਸਦਾ ਰਿਹਾ। ਸਰਕਾਰ ਨੇ ਆਪਣਾ ਸਾਰਾ ਜੋਰ ਲਾਇਆ ਕਿ ਉਹ ਆਪਣਾ ਮੂੰਹ ਖੋਲੇ। ਰਾਜਨੀਤਕ ਪਿਛੋਕੜ ਹੋਣ ਕਾਰਨ ਓਹਨੂੰ ਸੱਤਾ ਦਾ ਲਾਲਚ ਵੀ ਦਿੱਤਾ ਗਿਆ ਪਰ ਉਹ ਆਪਣੇ ਸੁਭਾਅ ਤੇ ਅਕੀਦੇ ਅਨੁਸਾਰ ਅਡੋਲ ਰਿਹਾ। ਉਸਦੀ ਤਫਤੀਸ਼ ਕਰਨ ਵਿੱਚ ਐਸਪੀ ਬਖਸ਼ੀਸ਼ ਪੰਡਤ ਸ਼ਾਮਿਲ ਸੀ। ਤਸ਼ੱਦਦ ਹੋਣ ਮਗਰੋਂ ਟੁਟਿਆ ਹੋਇਆ ਸਮਝ ਕੇ ਬਦਕਲਾਮੀ ਕੀਤੀ। ਚਰਨਜੀਤ ਸਿੰਘ ਨੇ ਆਖਰੀ ਹੀਲੇ ਵਜੋਂ ਆਪਣਾ ਸਾਰਾ ਤਾਣ ਇਕੱਠਾ ਕਰਕੇ ਝਪਟਾ ਮਾਰਿਆ ਤੇ ਦੋਵੇਂ ਹੱਥਾਂ ਨਾਲ ਬਖਸ਼ੀਸ਼ ਪੰਡਤ ਦਾ ਗਲਾਵਾਂ ਫੜ ਲਿਆ ਅਤੇ ਪੁਲਿਸ ਵਾਲੇ ਉਸ ਦਾ ਗਲਾ ਘੁੱਟਣ ਲੱਗ ਪਏ ਤੇ ਨਾਲ ਹੀ ਡੂੰਘੀਆਂ ਸੱਟਾਂ ਮਾਰੀਆਂ। ਤਸ਼ੱਦਦ ਕਾਰਣ ਉਹ ਪਹਿਲਾਂ ਹੀ

ਸਰੀਰਕ ਪੱਖੋਂ ਟੁੱਟ ਚੁੱਕਿਆ ਸੀ ਤੇ ਅੰਤ ਨੇੜੇ ਹੀ ਸੀ ਪਰ ਇਸ ਘੋਲ ਤੇ ਇਹਨਾਂ ਸੱਟਾਂ ਕਾਰਨ ਉਹ ਬੇਹੋਸ਼ ਹੋ ਗਿਆ ਤੇ ਫਿਰ ਹੋਸ਼ ਵਿੱਚ ਨਹੀਂ ਆਇਆ। ਜਿਸ ਸ਼ਾਨ ਅਤੇ ਜੁਰਅਤ ਨਾਲ ਉਹ ਜਿਉਂਦਾ ਸੀ ਉਸੇ ਤਰੀਕੇ ਨਾਲ ਹੀ ਸ਼ਹਾਦਤ ਦਿੱਤੀ। ਆਪਣੇ ਸਵੈਮਾਣ ਦਾ ਨਿਸ਼ਾਨ ਦੁਸ਼ਮਣ ਦੇ ਦਿਲਾਂ ਉੱਤੇ ਗੱਡ ਦਿੱਤਾ। ਉਨ੍ਹਾਂ ਦਿਨਾਂ ਵਿੱਚ ਚਰਨਜੀਤ ਸਿੰਘ ਨੇ ੭ ਫੇਜ ਮੁਹਾਲੀ ਵਿੱਚ ਇੱਕ ਘਰ ਲਿਆ ਹੋਇਆ ਸੀ ਤੇ ਅਸੀਂ ਇੱਕ ਦਿਨ ਪਹਿਲਾਂ ਉਸ ਕੋਲੋਂ ਹੀ ਸਰਹੱਦ ਪਾਰ ਜਾਣ ਲਈ ਤੁਰੇ ਸੀ।

ਸਾਡਾ ਪਾਰ ਜਾਣ ਦਾ ਸਬੱਬ ਨਾ ਬਣਿਆ ਤਾਂ ਮੈਂ ਤੇ ਡਾਕਟਰ ਸੋਹਣ ਸਿੰਘ ਅਗਲੀ ਸ਼ਾਮ ਨੂੰ ਮੁੜ ਇਸੇ ਟਿਕਾਣੇ ਤੇ ਆਏ ਤਾਂ ਉਥੇ ਕੋਈ ਨਹੀਂ ਸੀ। ਅਸੀਂ ਕੁਝ ਚਿਰ ਉਡੀਕ ਕੇ ਰਾਤ ਡਾਕਟਰ ਸਾਹਬ ਦੇ ਘਰ ਕੱਟੀ। ਸਵੇਰੇ ਸਾਝਰੇ ਨਾਸ਼ਤਾ ਕਰ ਕੇ ਮੈਂ ਤਾਂ ਨੰਗਲ ਵਾਲੀ ਠਾਹਰ ਵੱਲ ਨੂੰ ਤੁਰ ਪਿਆ ਹੈ ਅਤੇ ਡਾਕਟਰ ਸਾਹਿਬ ਕਿਸੇ ਹੋਰ ਠਾਹਰ ਵੱਲ ਨੂੰ ਚਲੇ ਗਏ। ਰੋਪੜ ਅੱਡੇ ਤੋਂ ਜਦੋਂ ਮੈਂ ਨੂਰਪੁਰ ਬੇਦੀ ਵਾਲੀ ਬੱਸ ਫੜੀ ਤਾਂ ਅਜੀਤ ਅਖਬਾਰ ਵੀ ਫੜ ਲਈ। ਰਾਹ ਵਿਚ ਟੱਪਰੀਆਂ ਪਿੰਡ ਕੋਲ ਜਾ ਕੇ ਮੈਂ ਅਖਬਾਰ ਖੋਲ੍ਹ ਕੇ ਦੇਖੀ ਤਾਂ ਸੁੰਨ ਰਹਿ ਗਿਆ। ਅਖਬਾਰ ਦਾ ਪਹਿਲਾ ਪੰਨਾ ਚਰਨਜੀਤ ਸਿੰਘ ਤਲਵੰਡੀ ਦੀਆਂ ਫੋਟੋਆਂ ਤੇ ਖਬਰਾਂ ਨਾਲ ਭਰਿਆ ਪਿਆ ਸੀ। ਚਰਨਜੀਤ ਸਿੰਘ ਨੂੰ ਸਾਡੀ ਪੱਕੀ ਠਾਹਰ ਦਾ ਵੀ ਪਤਾ ਸੀ ਜਿੱਥੋਂ ਅਸੀਂ ਬਾਅਦ ਵਿੱਚ ਫੜ੍ਹੇ ਗਏ।

ਇਕ ਵਾਰ ਦਿਲ ਗਮ ਵਿਚ ਡੁੱਬ ਗਿਆ। ਏਨੇ ਤਕੜੇ ਜਰਨੈਲ ਤੇ ਨੇੜਲੇ ਸਾਥੀ ਦੇ ਵਿਛੋੜੇ ਨਾਲ ਕੁਝ ਸਮਾਂ ਸਰੀਰ ਸੁੰਨ ਜਿਹਾ ਹੋ ਗਿਆ। ਅੱਖਾਂ ਵਿਚ ਕੁਝ ਨਮੀ ਆ ਗਈ ਪਰ ਅੱਧੇ ਕੁ ਘੰਟੇ ਬਾਅਦ ਜਦੋਂ ਨੂਰਪੁਰ ਨੇੜੇ ਪਹੁੰਚਿਆ ਤਾਂ ਮਨ ਫਿਰ ਆਪਣੀ ਪਹਿਲਾਂ ਵਾਲੀ ਸਥਿਤੀ ਵਿੱਚ ਆ ਗਿਆ। ਚੱਲ ਰਹੀ ਜੰਗ ਵਿਚ ਜਿਵੇਂ ਇੱਕ ਸਾਥੀ ਡਿੱਗ ਪੈਂਦਾ ਹੈ ਤਾਂ ਦੂਸਰਾ ਉਸ ਦੇ ਹਥਿਆਰ ਚੁੱਕ ਕੇ ਉਸ ਦੀ ਜਗ੍ਹਾ ਲੈ ਲੈਂਦਾ ਹੈ। ਉਸ ਵਕਤ ਖਾਲਸਤਾਨ ਦੀ ਜੰਗ ਹੀ ਸਾਡੀ ਜਿੰਦਗੀ ਸੀ ਤੇ ਇਹ ਜਿੰਦਗੀ ਦਾ ਸਭ ਤੋਂ ਵੱਡਾ ਸੱਚ ਸੀ। ਸਾਡੇ ਜਿਉਂਦੇ ਜੀ ਇਹ ਮੁੱਕਣਾ ਨਹੀਂ ਚਾਹੀਦਾ ਗੋਲੀ ਚੱਲਦੀ ਰਹਿਣੀ ਚਾਹੀਦੀ ਹੈ।

ਬਖਸ਼ੀਸ਼ ਸਿੰਘ ਐਸਪੀ ਇਸ ਤੋਂ ਬਾਅਦ ਤਰਨਤਾਰਨ ਤਬਦੀਲ ਹੋ ਗਿਆ ਤੇ ਉਥੇ ਖਾਲਸਤਾਨ ਕਮਾਂਡੋ ਫੋਰਸ ਦੇ ਮੇਜਰ ਸਿੰਘ ਸ਼ਹੀਦ ਅਤੇ ਭਿੰਡਰਾਂਵਾਲੇ ਟਾਈਗਰ ਫੋਰਸ ਦੇ ਸੁਖਵਿੰਦਰ ਸਿੰਘ ਸੰਘਾ ਦੇ ਜਥਿਆਂ ਨੇ ਉਸ ਦੀ ਜੀਪ ਨੂੰ ਬੰਬ ਨਾਲ ਉਡਾ ਦਿੱਤਾ।

ਤਿੰਨ ਸ਼ਹਾਦਤਾਂ

ਵਕੀਲ ਬਖਤਾਵਰ ਸਿੰਘ ਸਰਾਂ, ਸ਼ੇਰ ਸਿੰਘ ਸ਼ੇਰ ਅਤੇ ਅਜਮੇਰ ਸਿੰਘ ਲੋਧੀਵਾਲ

ਇੱਕ ਦਿਨ ਬਖਤਾਵਰ ਸਿੰਘ ਸਰਾਂ, ਸ਼ੇਰ ਸਿੰਘ ਸ਼ੇਰ ਅਤੇ ਅਜਮੇਰ ਸਿੰਘ ਲੋਧੀਵਾਲ ਲੁਧਿਆਣੇ ਰੇਲਵੇ ਸਟੇਸ਼ਨ ਦੇ ਨੇੜੇ ਕਿਤੇ ਇਕੱਠੇ ਹੋਏ ਤੇ ਕਾਲੇ ਸ਼ੀਸ਼ਿਆਂ ਵਾਲੀ ਗੱਡੀ ਵਿੱਚ ਬੈਠੇ ਕਿਸੇ ਮੁਖਬਰ ਨੇ ਇਨ੍ਹਾਂ ਨੂੰ ਫੜਵਾ ਦਿੱਤਾ। ਬਖਤਾਵਰ ਸਿੰਘ ਅਤੇ ਅਜਮੇਰ ਸਿੰਘ ਤਾਂ ਇਕੱਠੇ ਫੜੇ ਗਏ, ਸ਼ੇਰ ਸਿੰਘ ਸ਼ੇਰ ਬਾਰੇ ਪਤਾ ਨਹੀਂ ਇਨ੍ਹਾਂ ਦੇ ਨਾਲ ਜਾਂ ਕਿਸੇ ਹੋਰ ਥਾਂ ਤੋਂ ਪਰ ਫੜਿਆ ਉਸੇ ਦਿਨ ਹੀ ਤੇ ਉਸੇ ਪੁਲਿਸ ਟੋਲੀ ਨੇ ਸੀ। ਇਨ੍ਹਾਂ ਤਿੰਨਾਂ ਦੀ ਸ਼ਹਾਦਤ ਦੇ ਘਟਨਾਕ੍ਰਮ ਦਾ ਓਦੋਂ ਸਾਨੂੰ ਪੂਰਾ ਪਤਾ ਨਹੀਂ ਲੱਗਿਆ ਪਰ ਬਾਅਦ ਵਿਚ ਸ਼ਨਾਖਤ ਹੋ ਗਈ ਸੀ।

ਹਕੂਮਤ ਲਈ ਇਹ ਬਹੁਤ ਸੁਭਾਗਾ ਦਿਨ ਸੀ ਅਤੇ ਬਹੁਤ ਵੱਡੀ ਸਫਲਤਾ ਸੀ ਕਿ ਅਚਨਚੇਤ ਹੀ ਖਾੜਕੂ ਸੰਘਰਸ਼ ਦੇ ਤਿੰਨ ਉਭਰਦੇ ਆਗੂ ਅਤੇ ਚੋਟੀ ਦੇ ਯੋਧੇ ਇਕੱਠੇ ਹੀ ਹੱਥ ਆ ਗਏ। ਸਾਡੀ ਬਹੁਤ ਵੱਡੀ ਨਾਲਾਇਕੀ ਸੀ ਕਿ ਇਸ ਤਰ੍ਹਾਂ ਤਿੰਨ ਐਨੇ ਸੁਲਝੇ ਹੋਏ ਅਤੇ ਵੱਡੀਆਂ ਸ਼ਖਸੀਅਤਾਂ ਵਾਲੇ ਜਾਂਬਾਜ ਸਿੰਘ ਐਨੀ ਸੌਖੀ ਤਰ੍ਹਾਂ ਦੁਸ਼ਮਣ ਦੇ ਹੱਥ ਜਾਣ ਦਿੱਤੇ। ਖਾੜਕੂ ਸੰਘਰਸ਼ ਲਈ ਇਹ ਅਸਹਿ ਘਾਟਾ ਸੀ। ਅਜਮੇਰ ਸਿੰਘ ਅਤੇ ਸ਼ੇਰ ਸਿੰਘ ਸ਼ੇਰ ਨੂੰ ਤਾਂ ਸਾਰੇ ਹੀ ਜਾਣਦੇ ਸਨ ਪਰ ਬਖਤਾਵਰ ਸਿੰਘ ਨੂੰ ਹਾਲੇ ਕੋਈ ਇਸ ਤਰ੍ਹਾਂ ਨਹੀਂ ਸੀ ਜਾਣਦਾ। ਇਹ ਕਹਿ ਲਓ ਸੰਘਰਸ਼ ਦੇ ਵੱਡੇ ਥੰਮ ਜਾਂ ਉਸਦੀ ਬਿਹਤਰ ਲੜਾਕੂ ਅਤੇ ਸੁਲਝੀ ਹੋਈ ਅਗਵਾਈ ਕਰਨ ਵਾਲੇ ਉੱਚ ਕਿਰਦਾਰੀ ਨੁਮਾਇੰਦੇ ਅੱਜ ਇੱਕੋ ਸਾਰ ਡਿੱਗ ਗਏ। ਕੁਝ ਦਿਨਾਂ ਬਾਅਦ ਜਦੋਂ ਗੁਰਜੰਟ ਸਿੰਘ ਬੁੱਧ ਸਿੰਘ ਵਾਲਾ, ਹਰਮਿੰਦਰ ਸਿੰਘ ਸੁਲਤਾਨਵਿੰਡ, ਹਰਜੀਤ ਸਿੰਘ ਅਤੇ ਮੈਂ ਇੱਕ ਥਾਂ ਇਕੱਠੇ ਹੋਏ ਤਾਂ ਸਭ ਦੀਆਂ ਅੱਖਾਂ ਨਮ ਹੋ ਗਈਆਂ ਤੇ ਕਾਫੀ ਚਿਰ ਕੋਈ ਨਹੀਂ ਬੋਲਿਆ। ਸਭ ਨੂੰ ਪਤਾ ਸੀ ਕਿ ਬਹੁਤ ਭਾਰੀ ਨੁਕਸਾਨ ਹੋਇਆ ਹੈ।

ਬਾਅਦ ਵਿੱਚ ਇਹ ਗੱਲ ਪਤਾ ਲੱਗੀ ਕਿ ਅਜਮੇਰ ਸਿੰਘ ਤੇ ਤਾਂ ਕੈਟ ਟੋਲੇ ਦੇ

ਨਾਲ ਪੰਜਾਬ ਪੁਲਿਸ ਅਤੇ ਸੀਆਰਪੀਐਫ ਨੇ ਬਹੁਤ ਫੁਰਤੀ ਨਾਲ ਵਾਰ ਕੀਤਾ। ਸਿੰਘਾਂ ਤੋਂ ਆਪਣੇ ਹਥਿਆਰ ਕੱਢੇ ਹੀ ਨਹੀਂ ਗਏ। ਅਜਮੇਰ ਸਿੰਘ ਕੋਲ ਪਸਤੌਲ ਸੀ। ਪੁਲਿਸ ਵਾਲਿਆਂ ਨੇ ਬਹੁਤ ਤੇਜੀ ਨਾਲ ਇਨ੍ਹਾਂ ਦੇ ਗੰਭੀਰ ਸੱਟਾਂ ਮਾਰੀਆਂ ਤੇ ਜੱਫੇ ਮਾਰ ਲਏ ਪਰ ਇਸ ਜਫੋਜਫੀ ਵਿੱਚ ਅਜਮੇਰ ਸਿੰਘ ਸਾਈਨਾਈਡ ਖਾਣ ਵਿੱਚ ਕਾਮਯਾਬ ਹੋ ਗਿਆ ਤੇ ਥਾਏਂ ਸ਼ਹੀਦ ਹੋ ਗਿਆ। ਬਾਕੀਆਂ ਦੋਵਾਂ ਨੂੰ ਉਹ ਸੀਆਈਏ ਸਟਾਫ ਲੁਧਿਆਣੇ ਲੈ ਆਏ। ਉੱਥੇ ਉਸ ਦਿਨ ਜਸ਼ਨ ਦਾ ਮਾਹੌਲ ਸੀ। ਸਿੰਘਾਂ ਦਾ ਵੱਡੇ ਤੋਂ ਵੱਡਾ ਦੁਸ਼ਮਣ ਉਸ ਦਿਨ ਉੱਥੇ ਹਾਜਰ ਸੀ। ਕੇਪੀਐਸ ਗਿੱਲ ਵੀ ਪਹੁੰਚ ਗਿਆ। ਜਿਸ ਅਜਮੇਰ ਸਿੰਘ ਦੇ ਨਾਂਅ ਤੋਂ ਪੁਲਿਸ ਵਾਲੇ ਕੰਬ ਜਾਂਦੇ ਸਨ, ਉਸਦੀ ਮ੍ਰਿਤਕ ਦੇਹ ਉੱਤੇ ਪੁਲਿਸ ਵਾਲਿਆਂ ਨੇ ਲਲਕਾਰੇ ਮਾਰੇ ਅਤੇ ਸ਼ਰਾਬ ਦਾ ਖੁੱਲ੍ਹਾ ਦੌਰ ਚੱਲਿਆ।

ਦਸਵੇਂ ਗੁਰੂ ਦੇ ਦੋਵਾਂ ਸਿੰਘਾਂ ਦੀ ਪਰਖ ਸ਼ੁਰੂ ਹੋ ਗਈ। ਇਹ ਘਟਨਾ ਸਵੇਰੇ ੯-੧੦ ਵਜੇ ਦੀ ਹੈ। ਜੋ ਵੱਧ ਤੋਂ ਵੱਧ ਤਸ਼ੱਦਦ ਦਾ ਢੰਗ ਸੋਚਿਆ ਜਾ ਸਕਦਾ ਸੀ ਇਨ੍ਹਾਂ ਦੋਵਾਂ ਉੱਤੇ ਅਪਣਾਇਆ ਗਿਆ ਕਿਉਂਕਿ ਪੁਲਿਸ ਨੂੰ ਪਤਾ ਸੀ ਕਿ ਇਨ੍ਹਾਂ ਸਿੰਘਾਂ ਨੂੰ ਖਾੜਕੂ ਜੰਗ ਦੇ ਪ੍ਰਮੁੱਖ ਸਿੰਘਾਂ ਅਤੇ ਅਗਲੇ ਕੰਮਾਂ ਬਾਰੇ ਜਾਣਕਾਰੀ ਸੀ। ਵੱਡੇ ਅਫਸਰਾਂ ਨੇ ਕੋਲ ਖੜ੍ਹ ਕੇ ਸਭ ਤਰ੍ਹਾਂ ਦਾ ਤਸ਼ੱਦਦ ਕਰਵਾਇਆ ਤੇ ਆਖਰ ਰਾਤ ਤੱਕ ਦੋਵਾਂ ਨੂੰ ਖਤਮ ਕਰ ਦਿੱਤਾ। ਦੱਸਣ ਵਾਲਿਆਂ ਅਨੁਸਾਰ ਓਹਨਾਂ ਦੇ ਸਰੀਰਾਂ ਦਾ ਕੋਈ ਵੀ ਹਿੱਸਾ ਸਲਾਮਤ ਨਹੀਂ ਸੀ, ਸਾਰੇ ਅੰਗ ਤੋੜੇ, ਭੰਨੇ ਅਤੇ ਚੀਰੇ ਪਏ ਸੀ। ਇਨ੍ਹਾਂ ਦੋਵਾਂ ਸਿੰਘਾਂ ਨੂੰ ਵਾਕਈ ਸਭ ਕੁਝ ਪਤਾ ਸੀ ਪਰ ਉਹ ਅਡੋਲ ਰਹੇ। ਬਖਤਾਵਰ ਸਿੰਘ ਸਰਾਂ ਬੜੀ ਅਣਖ, ਜਾਬਤੇ ਅਤੇ ਜੁਰੱਅਤ ਵਾਲਾ ਬੰਦਾ ਸੀ। ਉਹ ਇੱਕ ਗੰਭੀਰ ਤੇ ਸਬਰ ਵਾਲੀ ਸ਼ਖਸੀਅਤ ਸੀ। ਉਹ ਕਿਹਾ ਕਰਦਾ ਸੀ ਜਦੋਂ ਪਰਖ ਹੋਵੇਗੀ ਉਦੋਂ ਹੀ ਪਤਾ ਚੱਲੇਗਾ ਕੌਣ ਕੀ ਹੈ। ਹੁਣ ਪਰਖ ਸ਼ੁਰੂ ਹੋ ਗਈ ਦੁਸ਼ਮਣ ਨੇ ਆਪਣਾ ਪੂਰਾ ਜੋਰ ਲਾਇਆ। ਉਸ ਨੇ ਆਪਣੇ ਸਬਰ ਤੇ ਸਿਦਕ ਦਾ ਜੌਹਰ ਦਿਖਾਇਆ। ਆਖਰੀ ਸਮੇਂ, ਦੱਸਦੇ ਹਨ ਕਿ ਕੇਪੀਐਸ ਗਿੱਲ ਬਹੁਤ ਖਿੱਝ ਗਿਆ, ਬਖਤਾਵਰ ਸਿੰਘ ਸਰਾਂ ਦਾ ਚੂਲਾ ਟੁੱਟ ਗਿਆ ਉਹ ਹੌਲੀ-ਹੌਲੀ ਸ਼ਾਂਤ ਹੋ ਗਿਆ। ਪਰਖ ਵਿਚੋਂ ਉਹ ਸਿੰਘ ਪੂਰਾ ਉਤਰਿਆ ਅਤੇ ਆਪਣੇ ਅਗਲੇ ਸਫਰ ਵੱਲ ਨੂੰ ਤੁਰ ਪਿਆ। ਬਖਤਾਵਰ ਸਿੰਘ ਸਰਾਂ ਜਿਹੜੀ ਪਰਖ ਦੀ ਗੱਲ ਕਰਿਆ ਕਰਦਾ ਸੀ ਉਹਨੇ ਆਪ ਸਿਰੜ ਅਤੇ ਸਿਦਕ ਨਾਲ ਸ਼ਹੀਦੀ ਪਾ ਕੇ ਵਿਖਾ ਦਿੱਤਾ ਕਿ ਕਿਹੜੇ ਰਾਹਾਂ ਤੋਂ ਲੰਘਣਾ ਪੈਂਦਾ ਹੈ।

ਅਗਲੇ ਦਿਨ ਪੁਲਿਸ ਵਾਲਿਆਂ ਨੇ ਅਜਮੇਰ ਸਿੰਘ ਲੋਧੀਵਾਲ ਅਤੇ ਬਖਤਾਵਰ ਸਿੰਘ ਸਰਾਂ ਦਾ ਇਕੱਠਿਆਂ ਮੁਕਾਬਲਾ ਦਿਖਾ ਦਿੱਤਾ ਅਤੇ ਸ਼ੇਰ ਸਿੰਘ ਸ਼ੇਰ ਦਾ ਇਕੱਲੇ ਦਾ ਮੁਕਾਬਲਾ ਕਿਤੇ ਹੋਰ ਦਿਖਾ ਦਿੱਤਾ।

ਸ਼ੇਰ ਸਿੰਘ ਸ਼ੇਰ: ਇਹ ਸਿੰਘ ਵੀ ਲੁਧਿਆਣੇ ਵਿਖੇ ਫੜ ਹੋਇਆ ਸੀ ਅਤੇ ਉਸਨੂੰ

ਵੀ ਸ਼ਹਾਦਤ ਤੋਂ ਪਹਿਲਾਂ ਬਹੁਤ ਤਸ਼ੱਦਦ ਵਿਚੋਂ ਦੀ ਲੰਘਣਾ ਪਿਆ। ਉਸ ਨੇ ਦੁਸ਼ਮਣ ਨੂੰ ਕੋਈ ਵੀ ਰਾਜ ਨਹੀਂ ਦਿੱਤਾ। ਉਸ ਨਾਲ ਸਾਂਝੀਆਂ ਠਾਹਰਾਂ ਹਾਲੇ ਤੱਕ ਸਲਾਮਤ ਹਨ ਤੇ ਮੈਂ ਪਿਛੋਂ ਲਗਾਤਾਰ ਓਥੇ ਰਹਿੰਦਾ ਰਿਹਾ। ਖਾਲਸਤਾਨ ਦਾ ਸੰਘਰਸ਼ ਇਸ ਕਰਕੇ ਹੀ ਸਰਕਾਰ ਦਾ ਮੁਕਾਬਲਾ ਕਰ ਸਕਿਆ ਕਿਉਂਕਿ ਉਸ ਕੋਲ ਅਜਿਹੇ ਸਿੰਘ ਸਨ ਜਿਨ੍ਹਾਂ ਨੇ ਕਿਸੇ ਵੀ ਹਾਲਤ ਵਿੱਚ ਕੋਈ ਭੇਦ ਨਹੀਂ ਦਿੱਤਾ। ਅਜਿਹੇ ਸਿੰਘਾਂ ਨੇ ਸੰਘਰਸ਼ ਦੀ ਅਤੇ ਸਾਡੀ ਉਮਰ ਨੂੰ ਲੰਮਿਆਂ ਕੀਤਾ। ਜਦੋਂ ਕੋਈ ਸਿੰਘ ਫੜੇ ਜਾਣ ਉਤੇ ਇਸ ਤਰ੍ਹਾਂ ਤਸ਼ੱਦਦ ਸਹਿ ਕੇ ਸ਼ਹਾਦਤ ਦਿੰਦਾ ਸੀ ਪਰ ਪਰਿਵਾਰਾਂ ਬਾਰੇ ਮੂੰਹੋਂ ਕੁਝ ਨਹੀਂ ਬੋਲਦਾ ਸੀ ਤਾਂ ਠਾਹਰਾਂ ਵਾਲਿਆਂ ਪਰਿਵਾਰਾਂ ਉਤੇ ਵੀ ਇਸ ਗੱਲ ਦਾ ਬੜਾ ਹੀ ਚੰਗਾ ਅਸਰ ਪੈਂਦਾ ਸੀ। ਮੈਂ ਜੇਕਰ ਪਿੱਛੇ ਝਾਤੀ ਮਾਰਾਂ ਤਾਂ ਕਈ ਇਹੋ ਜਿਹੀਆਂ ਠਾਹਰਾਂ ਦਿਸਦੀਆਂ ਹਨ ਜਿਨ੍ਹਾਂ ਤੇ ਦਰਜਨਾਂ ਸਿੰਘ ਆਉਂਦੇ ਰਹੇ ਪਰ ਕਿਸੇ ਨੇ ਫੜੇ ਜਾਣ ਤੇ ਵੀ ਇਹਨਾਂ ਬਾਰੇ ਦੁਸ਼ਮਣ ਨੂੰ ਕੁਝ ਨਹੀਂ ਦੱਸਿਆ।

ਬਾਅਦ ਵਿਚ ਸਾਨੂੰ ਪਤਾ ਲੱਗ ਗਿਆ ਕਿ ਉਹ ਸਿੰਘ ਨੂੰ ਕਿਸੇ ਨੇ ਫੜਵਾਇਆ ਸੀ ਤੇ ਹੁਣ ਉਹ ਕਿੱਥੇ ਰਹਿ ਰਿਹਾ ਹੈ। ਇਹ ਹਾਲੇ ਵੀ ਬੁਝਾਰਤ ਹੀ ਹੈ ਕਿ ਉਹ ਸਿੰਘ ਸ਼ਹਾਦਤ ਨੂੰ ਕਿਸ ਤਰ੍ਹਾਂ ਪ੍ਰਾਪਤ ਹੋਇਆ? ਲੁਧਿਆਣਾ ਪੁਲਿਸ ਨੇ ਉਸ ਨੂੰ ਥੋੜ੍ਹਾ ਚਿਰ ਹੀ ਆਪਣੇ ਕੋਲ ਰੱਖਿਆ। ਉਹ ਇੱਕ ਸ਼ੇਰ ਸੀ ਤੇ ਉਹ ਸ਼ੇਰ ਦੀ ਮੌਤ ਹੀ ਇਸ ਸੰਸਾਰ ਤੋਂ ਗਿਆ। ਪੁਲਿਸ ਨੇ ਉਸ ਦਾ ਮੁਕਾਬਲਾ ਡੇਹਲੋਂ ਦੇ ਕੋਲ ਦਿਖਾਇਆ ਸੀ। ਕੁਝ ਦਿਨ ਪਹਿਲਾਂ ਜਦੋਂ ਉਹ ਮੈਨੂੰ ਮਿਲਿਆ ਸੀ ਤਾਂ ਉਸਨੇ ਆਪਣੇ ਕੈਨੇਡਾ ਜਾਣ ਦੇ ਕਾਗਜਾਂ ਨੂੰ ਰੱਦ ਕਰਦਿਆਂ ਕਿਹਾ ਸੀ 'ਹੁਣ ਭਰਾਵਾਂ ਨੂੰ ਰਣ ਵਿੱਚ ਛੱਡ ਕੇ ਕਿਵੇਂ ਪਰਦੇਸ ਵਿੱਚ ਵਸ ਸਕਦੇ ਹਾਂ, ਹੁਣ ਜੰਗ ਹੀ ਸਾਡਾ ਵਸੇਬਾ ਹੈ ਤੇ ਦੇਖਦੇ ਹਾਂ ਮੌਤ ਲਾੜੀ ਨਾਲ ਕਦੋਂ ਟਾਕਰਾ ਹੁੰਦਾ ਹੈ'।

ਅਵਤਾਰ ਸਿੰਘ ਦਾਊਮਾਜਰਾ

ਇਹ ਸਿੰਘ ਨੇ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਲੁਧਿਆਣੇ ਤੋਂ ਡਿਗਰੀ ਕੀਤੀ ਹੋਈ ਸੀ। ਸਾਡੀ ਇਸ ਕੋਲ ਠਾਹਰ ਸੀ। ਲੁਧਿਆਣੇ ਬੈਂਕ ਮਾਂਜੇ ਤੋਂ ਬਾਅਦ ਇਹਨੂੰ ਰੂਪੋਸ਼ ਹੋਣਾ ਪਿਆ। ਆਪਣੇ ਸੱਚੇ ਸੁੱਚੇ ਇਖਲਾਕ ਅਤੇ ਲਿਆਕਤ ਕਾਰਨ ਜਲਦੀ ਹੀ ਇਹ ਸਾਰੇ ਸਿੰਘਾਂ ਵਿੱਚ ਅਹਿਮ ਕੜੀ ਬਣ ਗਿਆ। ਇਸ ਦੀ ਦ੍ਰਿੜਤਾ ਤੇ ਡੂੰਘੀ ਸੋਚ ਕਰਕੇ ਇਸਨੂੰ ਅਹਿਮ ਜਿੰਮੇਵਾਰੀਆਂ ਨਿਭਾਉਣੀਆਂ ਪਈਆਂ। ਇਹ ਸਿੱਖ ਸਟੂਡੈਂਟਸ ਫੈਡਰੇਸ਼ਨ ਦੀ ਐਡਹਾਕ ਕਮੇਟੀ ਵਿਚ ਜਸਪਾਲ ਸਿੰਘ ਦੇ ਨਾਂ ਹੇਠ ਵੀ ਵਿਚਰਦਾ ਸੀ। ਇਹ ਪੰਥਕ ਕਮੇਟੀ, ਚਾਰੇ ਜਥੇਬੰਦੀਆਂ ਦੀ ਲੀਡਰਸ਼ਿੱਪ ਦੇ ਵਿਚ ਅਹਿਮ ਕੜੀ ਸੀ। ਜਦੋਂ ਤੱਕ ਫੜ ਨਹੀਂ ਸੀ ਹੋਇਆ ਓਦੋਂ ਤੱਕ ਜਥੇਬੰਦੀਆਂ ਦੀਆਂ ਬੈਠਕਾਂ ਕਰਵਾਉਣੀਆਂ ਅਤੇ ਪੰਥਕ ਕਮੇਟੀ ਤੇ ਚਾਰੇ ਜਥੇਬੰਦੀਆਂ ਦੇ ਬਿਆਨ ਵੀ ਇਹੋ ਹੀ ਤਿਆਰ ਕਰਦਾ ਸੀ।

ਇਹ ਸਿੰਘ ਜਨਵਰੀ ੧੯੯੯ ਨੂੰ ਮੋਰਿੰਡੇ ਤੋਂ ਫੜਿਆ ਗਿਆ ਜਿੱਥੇ ਕਿਸੇ ਨੂੰ ਮਿਲਣ ਗਿਆ ਸੀ। ਪੁਲਿਸ ਅਤੇ ਖੁਫੀਆ ਮਹਿਕਮੇ ਨੂੰ ਇਸ ਬਾਰੇ ਪਹਿਲਾਂ ਹੀ ਪਤਾ ਸੀ ਕਿ ਭਾਵੇਂ ਆਮ ਲੋਕਾਂ ਵਿਚ ਇਹਨੂੰ ਕੋਈ ਨਹੀਂ ਜਾਣਦਾ ਪਰ ਇਹ ਸਿੰਘ ਸਾਰੀਆਂ ਜਥੇਬੰਦੀਆਂ ਵਿਚ ਅਹਿਮ ਸੂਤਰਧਾਰ ਸੀ। ਇਸ ਕਰਕੇ ਜਦੋਂ ਉਹ ਫੜਿਆ ਗਿਆ ਫਿਰ ਇਕ ਪਾਸੇ ਤਸ਼ੱਦਦ ਤੇ ਦੂਜੇ ਪਾਸੇ ਇਰਾਦਿਆਂ ਨੂੰ ਤੋੜਨ ਦਾ ਦੌਰ ਸ਼ੁਰੂ ਕਰ ਦਿੱਤਾ। ਇਸ ਸਿੰਘ ਨੂੰ ਕੋਈ ਮਹੀਨਾ ਕੁ ਕੈਦ ਰੱਖ ਕੇ ਦੁਸ਼ਮਣ ਨੇ ਹਰ ਤਰੀਕੇ ਨਾਲ ਪਰਖਿਆ ਤੇ ਹਰ ਤਰ੍ਹਾਂ ਦੇ ਵਾਰ ਕੀਤੇ। ਸਮਝਾਇਆ ਬੁਝਾਇਆ, ਲਾਲਚ ਦਿੱਤੇ ਤੇ ਅੰਤ ਨੂੰ ਜਿਸਮ ਦਾ ਤੂੰਬਾ-ਤੂੰਬਾ ਕਰ ਦਿੱਤਾ।

ਇਹ ਬਹੁਤ ਘੱਟ ਬੋਲਦਾ ਸੀ ਪਰ ਜੋ ਬੋਲਦਾ ਸੀ ਉਹ ਤੱਤ ਸਾਰ ਹੀ ਹੁੰਦਾ ਸੀ। ਨੇਕ-ਦਿਲ ਅਤੇ ਨਿਮਰਤਾ ਦੀ ਮੂਰਤ ਸੀ ਤੇ ਪੜ੍ਹਾਈ ਤੇ ਸਮਝ ਪੱਖੋਂ ਵੀ ਬਹੁਤ ਡੂੰਘਾਈ ਸੀ। ਸਾਨੂੰ ਬਾਅਦ ਵਿਚ ਪਤਾ ਲੱਗਿਆ ਕਿ ਵੱਡੇ ਅਫਸਰ ਉਸ ਦੀ

ਸ਼ਖਸੀਅਤ ਤੋਂ ਬਹੁਤ ਪ੍ਰਭਾਵਿਤ ਹੋਏ। ਇਕ ਨੇ ਤਾਂ ਇਹ ਵੀ ਕਿਹਾ ਕਿ ਬੰਦਾ ਮਾਰਨਾ ਨਹੀਂ ਚਾਹੀਦਾ, ਬੜਾ ਵਧੀਆ ਬੰਦਾ ਹੈ। ਉਸਨੇ ਸਾਰੀ ਤਫਤੀਸ਼ ਵਿਚ ਸਵੈਮਾਣ ਕਾਇਮ ਰੱਖਿਆ। ਵਿਚਾਰ ਚਰਚਾ ਅਤੇ ਬਹਿਸ ਵਿੱਚ ਸੰਘਰਸ਼ ਬਾਰੇ ਪੂਰੀ ਦ੍ਰਿੜ੍ਹਤਾ ਤੇ ਸਫਾਈ ਨਾਲ ਆਪਣਾ ਪੱਖ ਰੱਖਿਆ ਅਤੇ ਇਹ ਕਿਹਾ ਕਿ ਮੈਂ ਜਿਸ ਸਿੱਖੀ ਲਈ ਤੇ ਪੰਥ ਦੀ ਆਜਾਦੀ ਲਈ ਘਰ ਛੱਡਿਆ ਹੈ ਮੈਨੂੰ ਉਸ ਤੇ ਬਹੁਤ ਮਾਣ ਹੈ ਤੇ ਇਹ ਮੇਰਾ ਪਵਿੱਤਰ ਫਰਜ ਹੈ। ਹੁਣ ਤੁਸੀਂ ਮੈਨੂੰ ਫੜ ਲਿਆ ਤੇ ਮੈਂ ਤੁਹਾਡੇ ਤੋਂ ਕੁੱਝ ਨਹੀਂ ਚਾਹੁੰਦਾ ਪਰ ਮੈਂ ਸੰਘਰਸ਼ ਬਾਰੇ ਕੁੱਝ ਨਹੀਂ ਦੱਸ ਸਕਦਾ ਤੁਸੀਂ ਮੈਨੂੰ ਖਤਮ ਕਰਨਾ ਹੈ ਤਾਂ ਕਰ ਦੇਵੋ।

ਅਵਤਾਰ ਸਿੰਘ ਦਾ ਪਿੰਡ ਦਾਊਮਾਜਰਾ ਮੁੱਖ ਮੰਤਰੀ (ਉਦੋਂ ਕਾਂਗਰਸੀ ਆਗੂ) ਬੇਅੰਤ ਦੇ ਪਿੰਡ ਦੇ ਬਿਲਕੁਲ ਨਾਲ ਲਗਦਾ ਹੈ। ਅਵਤਾਰ ਸਿੰਘ ਦਾ ਬਾਪੂ ਉਸਦਾ ਪੁਰਾਣਾ ਜਾਣੂ ਸੀ। ਬੇਅੰਤ ਨੇ ਸਿੱਖਾਂ ਦਾ ਬਹੁਤ ਨੁਕਸਾਨ ਕੀਤਾ ਤੇ ਕਿਸੇ ਨੂੰ ਨਹੀਂ ਛੱਡਿਆ ਪਰ ਇਸ ਖਾਤਰ ਉਸ ਨੇ ਇਹ ਸ਼ਰਤ ਰੱਖੀ ਕਿ ਇਹ ਕਿਸੇ ਇੱਕ ਪ੍ਰਮੁੱਖ ਸਿੰਘ ਨੂੰ ਫੜਾ ਦੇਵੇ ਤਾਂ ਮੈਂ ਇਹਨੂੰ ਬਚਾ ਲਵਾਂਗਾ। ਬੇਅੰਤ ਦੀ ਪਹਿਰੇਦਾਰੀ ਵਿੱਚ ਇੱਕ ਮੁਲਾਜਮ ਵੀ ਸੀ ਜੋ ਅਵਤਾਰ ਸਿੰਘ ਦਾ ਮਿੱਤਰ ਸੀ। ਉਸ ਨੇ ਵੀ ਆ ਕੇ ਇਸ ਨੂੰ ਬਹੁਤ ਸਮਝਾਇਆ ਕਿ "ਹੁਣ ਤੂੰ ਕੁਝ ਤਾਂ ਦੇਹ ਤਾਂ ਹੀ ਤੈਨੂੰ ਅਸੀਂ ਛੁਡਾ ਸਕਦੇ ਹਾਂ। ਦਿੱਲੀ ਤੱਕ ਸਾਰੇ ਖੁਫੀਆ ਮਹਿਕਮਿਆਂ ਨੂੰ ਪਤਾ ਹੈ ਕਿ ਤੂੰ ਸਾਰਿਆਂ ਬਾਰੇ ਜਾਣਦਾ ਹੈ। ਆਪਣੇ ਮਾਂ ਬਾਪ ਦਾ ਇਕੱਲਾ ਪੁੱਤ ਏਂ। ਤੇਰੇ ਬਾਅਦ ਤੇਰੇ ਘਰ ਵਿੱਚ ਕੋਈ ਵੀ ਨਹੀਂ"।

ਪੁਲਿਸ ਦੇ ਇੱਕ ਵੱਡੇ ਅਫਸਰ ਨੇ ਵੀ ਇਸ ਗੱਲ ਤੇ ਬਹੁਤ ਜੋਰ ਪਾਇਆ ਕਿ "ਤੂੰ ਕੋਈ ਇੱਕ ਸਿੰਘ ਦੇ ਦੇ, ਫਿਰ ਅਸੀਂ ਤੈਨੂੰ ਛੱਡ ਦੇਵਾਂਗੇ ਤੂੰ ਜਿੱਥੇ ਮਰਜੀ ਚਲਿਆ ਜਾਵੀਂ"। ਉਸ ਨੇ ਕਿਹਾ ਕਿ ਤੁਹਾਡਾ ਬਹੁਤ ਸ਼ੁਕਰੀਆ ਕਿ ਤੁਸੀਂ ਮੇਰੇ ਲਈ ਇਸ ਹੱਦ ਤਕ ਆਏ ਪਰ ਮੈਂ ਆਪਣੇ ਗੁਰੂ ਨੂੰ ਜਵਾਬਦੇਹ ਹਾਂ ਹੁਣ ਮੈਨੂੰ ਗੁਰੂ ਦਰਬਾਰ ਦੀ ਖੁਸ਼ੀ ਚਾਹੀਦੀ ਹੈ। ਬਾਕੀ ਪਰਿਵਾਰ ਬਾਰੇ ਪਰਮਾਤਮਾ ਹੀ ਸਭ ਨੂੰ ਰੱਖਣ ਵਾਲਾ ਹੈ। ਉਹ ਬੰਦਾ ਅਖੀਰ ਵਿੱਚ ਅਵਤਾਰ ਸਿੰਘ ਨਾਲ ਲੜ ਪਿਆ ਕਿ ਤੂੰ ਸਾਡੀ ਕੋਈ ਵੀ ਗੱਲ ਨਹੀਂ ਮੰਨਦਾ ਅਸੀਂ ਤੇਰੇ ਲਈ ਕਿੰਨਾ ਜੋਖਮ ਮੁੱਲ ਲੈ ਰਹੇ ਹਾਂ।

ਫਿਰ ਮਹੀਨੇ ਕੁ ਬਾਅਦ ਉਹਨੂੰ ਅਣਪਛਾਤੇ ਖਾੜਕੂ ਵਜੋਂ ਮੁਕਾਬਲਾ ਬਣਾ ਕੇ ਪਿੰਡ ਚੌਕੀਮਾਨ ਕੋਲ ਸ਼ਹੀਦ ਕਰ ਦਿੱਤਾ। ਇਹ ਸਾਰੇ ਹੀ ਪਰਮੁੱਖ ਸਿੰਘਾਂ ਤੇ ਪੰਥਕ ਕਮੇਟੀ ਦੀਆਂ ਸਭ ਠਾਹਰਾਂ ਬਾਰੇ ਜਾਣਦਾ ਸੀ ਤੇ ਸੰਘਰਸ਼ ਦੇ ਹੋਰ ਅਹਿਮ ਭੇਤਾਂ ਤੋਂ ਵਾਕਿਫ ਸੀ। ਇਹ ਸਿੰਘ ਜਿਆਦਾ ਕਰਕੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਿੰਘਾਂ, ਸੁਰਿੰਦਰਪਾਲ ਸਿੰਘ ਠਰੂਆ ਤੇ ਹੋਰਨਾਂ ਸਿੰਘਾਂ ਕੋਲ ਰਹਿੰਦਾ ਸੀ। ਜਦੋਂ ਉਹ

ਪੁਲਿਸ ਦੀ ਕੈਦ ਵਿੱਚ ਸੀ ਮੈਂ ਤੇ ਹਰਮਿੰਦਰ ਸਿੰਘ ਸੁਲਤਾਨਵਿੰਡ ਪਟਿਆਲੇ ਗਏ ਤੇ ਏਹਨਾਂ ਸਿੰਘਾਂ ਨੂੰ ਪੁੱਛਿਆ ਕਿ ਤੁਸੀਂ ਥੋੜ੍ਹਾ ਧਿਆਨ ਨਾਲ ਰਹੋ ਪਰ ਓਹਨਾਂ ਦਾ ਜਵਾਬ ਸੀ ਕਿ ਅਸੀਂ ਕਦੇ ਸੋਚ ਵੀ ਨਹੀਂ ਸਕਦੇ ਕਿ ਉਹ ਕਦੀ ਝੁਕ ਸਕਦਾ ਹੈ। ਉਸਨੇ ਉਥੇ ਵੀ ਆਪਣੇ ਪਿਆਰ ਤੇ ਨੇਕੀ ਦਾ ਝੰਡਾ ਉਤਾਂਹ ਰੱਖਣਾ ਹੈ ਜੇ ਇਹੋ ਜਿਹਾ ਸਿੰਘ ਬੋਲ ਪਵੇ ਤਾਂ ਕੁਦਰਤ ਦੇ ਅਸੂਲਾਂ ਵਿੱਚ ਫੇਰ-ਬਦਲ ਹੋ ਜਾਏਗੀ। ਏਹਨਾਂ ਸਿੰਘਾਂ ਦੇ ਵਿਸ਼ਵਾਸ ਅਤੇ ਪਿਆਰ ਦਾ ਸਾਡੇ ਤੇ ਬਹੁਤ ਅਸਰ ਹੋਇਆ। ਅਸੀਂ ਵੀ ਅਵਤਾਰ ਸਿੰਘ ਬਾਰੇ ਇੰਝ ਹੀ ਸੋਚਦੇ ਸੀ। ਸਾਨੂੰ ਪੂਰਾ ਯਕੀਨ ਸੀ ਕਿ ਭਾਵੇਂ ਸਾਰੀ ਦੁਨੀਆ ਦਾ ਤਾਜ ਇਸ ਪਲੜੇ ਵਿਚ ਹੋਵੇ ਤੇ ਦੂਸਰੇ ਪਲੜੇ ਵਿੱਚ ਤਸ਼ੱਦਦ ਰਾਹੀਂ ਸ਼ਹਾਦਤ ਹੋਵੇ ਤਾਂ ਉਹ ਸਿੰਘ ਸ਼ਹਾਦਤ ਨੂੰ ਹੀ ਚੁਣੇਗਾ ਕਿਉਂਕਿ ਉਹ ਸੱਚਾਈ ਨੂੰ ਸਿਰਫ ਦਿਲੋਂ ਦਿਮਾਗ ਨਾਲ ਨਹੀਂ ਸੀ ਸਮਝਦਾ ਸਗੋਂ ਉਸ ਦੀ ਰੂਹ ਬਹੁਤ ਪਵਿੱਤਰ ਸੀ ਤੇ ਉਹਨੂੰ ਰੂਹ ਤੋਂ ਹੀ ਸਭ ਕੁਝ ਸਮਝ ਆਉਂਦਾ ਸੀ।

ਡਾਕਟਰ ਗੁਰਪ੍ਰੀਤ ਸਿੰਘ ਵਿਰਕ

ਇਹ ਸਿੰਘ ਲੁਧਿਆਣੇ ਵਿਚ ਪਸ਼ੂਆਂ ਦਾ ਡਾਕਟਰ ਸੀ ਅਤੇ ਸਾਡੇ ਨਾਲ ਸਬੰਧ ਹੋਣ ਦੇ ਸ਼ੱਕ ਵਿੱਚ ਰੂਪੋਸ਼ ਹੋਣਾ ਪਿਆ। ਹਾਲੇ ਵਿਆਹ ਹੋਏ ਨੂੰ ਕੁਝ ਮਹੀਨੇ ਹੋਏ ਸੀ ਕਿ ਲੁਧਿਆਣੇ ਤੋਂ ਕਾਲੇ ਸ਼ੀਸਿਆਂ ਵਾਲੀ ਗੱਡੀ ਵਿੱਚ ਬੈਠੇ ਮੁਖਬਰ ਨੇ ਇਸਨੂੰ ਫੜਾ ਦਿੱਤਾ। ਉਸ ਬੰਦੇ ਨੂੰ ਪਤਾ ਸੀ ਕਿ ਇਹ ਸਾਡੇ ਜਥੇ ਦੇ ਸਾਰੇ ਸਿੰਘਾਂ ਨੂੰ ਜਾਣਦਾ ਹੈ। ਇਸ ਭੇਤ ਕਰਕੇ ਇਹ ਸਿੰਘ ਨੂੰ ਬਹੁਤ ਲੰਮਾ ਤਸ਼ੱਦਦ ਤੇ ਜਲਾਲਤ ਸਹਿਣੀ ਪਈ। ਜਿਹੜੀ ਠਾਹਰ ਤੋਂ ਅਸੀਂ ਫੜੇ ਗਏ ਸੀ ਉਹ ਠਾਹਰ ਅਸੀਂ ਗੁਰਪ੍ਰੀਤ ਸਿੰਘ ਕੋਲ ਰਹਿ ਕੇ ਹੀ ਬਣਾਈ ਸੀ। ਉਦੋਂ ਇਹ ਨਵਾਂਸ਼ਹਿਰ ਰਹਿੰਦਾ ਸੀ ਤੇ ਬਲਾਚੌਰ ਨੇੜੇ ਪਿੰਡ ਮੀਰ ਜੱਟਾਂ ਵਿੱਚ ਡਾਕਟਰ ਵਜੋਂ ਤਾਇਨਾਤ ਸੀ। ਇਸ ਸਿੰਘ ਨੂੰ ਇਹ ਅੰਦਾਜਾ ਸੀ ਕਿ ਇਹ ਠਾਹਰ ਕਿਹੋ ਜਿਹੀ ਹੈ ਤੇ ਕਿਸ ਪਾਸੇ ਨੂੰ ਹੈ ਪਰ ਇਹ ਨੇ ਲੰਮੇ ਤਸ਼ੱਦਦ ਤੋਂ ਬਾਅਦ ਵੀ ਅਜਿਹਾ ਕੋਈ ਭੇਤ ਨਾ ਖੋਲ੍ਹਿਆ। ਸਾਲ ਕੁ ਕੈਦ ਰੱਖਣ ਤੋਂ ਬਾਅਦ ਲੁਧਿਆਣਾ ਪੁਲਿਸ ਨੇ ਇਸ ਨੂੰ ਰਾਏਕੋਟ ਕੋਲ ਅਣਪਛਾਤਾ ਮੁਕਾਬਲਾ ਬਣਾ ਕੇ ਸ਼ਹੀਦ ਕਰ ਦਿੱਤਾ। ਉਸ ਨੇ ਕੋਈ ਵੀ ਵਾਰਦਾਤ ਨਹੀਂ ਕੀਤੀ ਸੀ ਅਤੇ ਉਸ ਉੱਪਰ ਕੋਈ ਪਰਚਾ ਵੀ ਨਹੀਂ ਸੀ ਪਰ ਉਸ ਨੂੰ ਕੇਵਲ ਠਾਹਰ ਦੇਣ ਦੇ ਇਵਜ ਵਿਚ ਹੀ ਇੰਨੀ ਸਖਤ ਪਰਖ ਚੋਂ ਨਿਕਲਣਾ ਪਿਆ।

ਉਸ ਵਕਤ ਲੁਧਿਆਣੇ ਦਾ ਐਸਐਸਪੀ ਸੁਮੇਧ ਸੈਣੀ ਸੀ ਜਦੋਂ ਓਸਦੀ ਲੁਧਿਆਣੇ ਤੋਂ ਬਦਲੀ ਹੋਈ ਤੇ ਉਸਨੇ ਜਿੰਨੇ ਸਿੰਘ ਗੁਪਤ ਤਰੀਕੇ ਨਾਲ ਕੈਦ ਵਿਚ ਰੱਖੇ ਸਨ ਓਹਨਾਂ ਵਿਚੋਂ ਕਈਆਂ ਨੂੰ ਮਾਰਨ ਦਾ ਹੁਕਮ ਦੇ ਦਿੱਤਾ। ਓਹਨਾਂ ਵਿੱਚ ਗੁਰਪ੍ਰੀਤ ਸਿੰਘ ਵੀ ਸੀ ਕਿਉਂਕਿ ਓਹਨਾਂ ਨੂੰ ਲੱਗਿਆ ਕਿ ਹੁਣ ਓਹਨਾਂ ਨੂੰ ਉਸਦੀ ਜਰੂਰਤ ਨਹੀਂ ਹੈ। ਓਹਨਾਂ ਦਿਨਾਂ ਵਿੱਚ ਵੱਡੇ ਪੁਲਿਸ ਅਫਸਰ ਖਾਸ ਕਰਕੇ ਜਿਹੜੇ ਸਾਡੇ ਖਿਲਾਫ ਲੜਦੇ ਸਨ ਉਹ ਕੁਝ ਬੰਦਿਆਂ ਨੂੰ ਗੈਰ ਕਾਨੂੰਨੀ ਤੌਰ ਤੇ ਆਪਣੀ ਕੈਦ ਵਿਚ ਰੱਖਦੇ ਸਨ ਜਿਨ੍ਹਾਂ ਦਾ ਕਿਸੇ ਨੂੰ ਵੀ ਪਤਾ ਨਹੀਂ ਸੀ ਹੁੰਦਾ ਕਿ ਉਹ ਜਿਉਂਦੇ ਹਨ

ਜਾਂ ਮਰ ਗਏ। ਲੰਮਾ ਸਮਾਂ ਕੈਦ ਵਿੱਚ ਰੱਖ ਕੇ ਜਲਾਲਤ ਅਤੇ ਤਸ਼ੱਦਦ ਨਾਲ, ਲਾਲਚ ਜਾਂ ਦਵਾਈਆਂ ਦੇ ਕੇ ਕੁਝ ਬੰਦਿਆਂ ਨੂੰ ਤੋੜ ਲੈਂਦੇ ਸਨ। ਫਿਰ ਓਹਨਾਂ ਤੋਂ ਸੰਘਰਸ਼ ਖਿਲਾਫ ਕੰਮ ਲੈਂਦੇ ਸੀ। ਜਿਹੜੇ ਬੰਦੇ ਨਹੀਂ ਟੁੱਟਦੇ ਸੀ ਓਹਨਾਂ ਨੂੰ ਵੀ ਲੰਮਾ ਸਮਾਂ ਇਸ ਆਸ ਵਿੱਚ ਰੱਖੀ ਰੱਖਦੇ ਸਨ ਕਿ ਉਹ ਸ਼ਾਇਦ ਟੁੱਟ ਜਾਣ। ਜਦ ਲਗਦਾ ਸੀ ਕਿ ਹੁਣ ਟੁਟਦਾ ਨਹੀਂ ਜਾਂ ਕੰਮ ਦਾ ਨਹੀਂ ਰਿਹਾ ਤਾਂ ਆਪਣੀ ਮਰਜੀ ਨਾਲ ਕਿਸੇ ਵੀ ਦਿਨ ਮਾਰ ਦਿੰਦੇ ਸਨ। ਕਈ ਵਾਰ ਫੜਣ ਵਾਲੇ ਅਫਸਰ ਕਿਸੇ ਹੋਰ ਅਫਸਰ ਨੂੰ ਜਾਂ ਕਿਸੇ ਖੁਫੀਆ ਮਹਿਕਮੇ ਨੂੰ ਵੀ ਬੰਦੇ ਉਧਾਰੇ ਦੇ ਦਿੰਦੇ ਸਨ ਤਾਂ ਕਿ ਉਹ ਵੀ ਏਹਨਾਂ ਤੇ ਤਜਰਬੇ ਕਰ ਲੈਣ ਜਾਂ ਕੰਮ ਲੈ ਲੈਣ। ਜਦੋਂ ਕਿਸੇ ਸਿੰਘ ਨੂੰ ਖਤਮ ਕੀਤਾ ਜਾਂਦਾ ਸੀ ਤਾਂ ਜਿਸ ਪੁਲਿਸ ਅਫਸਰ ਨੇ ਉਸ ਨੂੰ ਫੜਿਆ ਹੁੰਦਾ ਸੀ ਉਸ ਤੋਂ ਪੁੱਛ ਕੇ ਹੀ ਖਤਮ ਕੀਤਾ ਜਾਂਦਾ ਸੀ।

ਪ੍ਰੋਫੈਸਰ ਰਜਿੰਦਰਪਾਲ ਸਿੰਘ ਬੁਲਾਰਾ

ਰਜਿੰਦਰਪਾਲ ਸਿੰਘ ਬੁਲਾਰਾ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵਿੱਚ ਪ੍ਰੋਫੈਸਰ ਸਨ ਤੇ ਸਾਨੂੰ ਪਹਿਲਾਂ ਤੋਂ ਹੀ ਜਾਣਦੇ ਸਨ। ਜਦੋਂ ਅਸੀਂ ਜੰਗੀ ਹੋ ਗਏ ਤਾਂ ਉਹ ਸਾਨੂੰ ਫਿਰ ਵੀ ਮਿਲਦੇ ਰਹੇ। ਸਾਡੀ ਕਈ ਤਰੀਕਿਆਂ ਨਾਲ ਮਦਦ ਕਰਦੇ ਸਨ। ਸਾਨੂੰ ਕਈ ਠਾਹਰਾਂ ਬਣਾ ਕੇ ਦਿੱਤੀਆਂ ਸਨ। ਆਖਰ ਸਾਡੇ ਨਾਲ ਸਬੰਧ ਹੋਣ ਕਾਰਨ ਓਹਨਾਂ ਨੂੰ ਵੀ ਰੂਪੋਸ਼ ਹੋਣਾ ਪਿਆ ਕਿਉਂਕਿ ਸਾਨੂੰ ਪਤਾ ਲੱਗ ਗਿਆ ਸੀ ਕਿ ਪੁਲਿਸ ਓਹਨਾਂ ਨੂੰ ਮਾਰ ਵੀ ਸਕਦੀ ਹੈ। ਪ੍ਰੋਫੈਸਰ ਸਾਹਿਬ ਨੇ ਆਪ ਕਿਸੇ ਹਮਲੇ ਵਿਚ ਹਿੱਸਾ ਨਹੀਂ ਲਿਆ ਸੀ। ਉਹ ਤਾਂ ਸੰਘਰਸ਼ ਦੇ ਸਿਆਸੀ ਬਦਲ ਬਣਨ ਵਾਲਿਆਂ ਵਿਚੋਂ ਸਨ ਅਤੇ ਸੰਘਰਸ਼ ਦੀ ਹਰ ਤਰੀਕੇ ਨਾਲ ਮਦਦ ਕਰਦੇ ਸਨ। ਆਖਰ ਓਹਨਾਂ ਨੂੰ ਕਿਸੇ ਮੁਖਬਰ ਨੇ ਚੰਡੀਗੜ੍ਹ ਦੇ ਸੈਕਟਰ ੧੫ ਵਿੱਚੋਂ ਫੜਾ ਦਿੱਤਾ। ਪ੍ਰੋਫੈਸਰ ਸਾਹਿਬ ਦੇ ਨਾਲ ਹੋਰ ਵੀ ਕਈ ਸਿੰਘ ਫੜੇ ਗਏ ਸਨ, ਜਿਵੇਂ ਕਿ ਅਵਤਾਰ ਸਿੰਘ, ਪਰਦੀਪ ਸਿੰਘ ਅਤੇ ਹੈਪੀ।

ਏਹਨਾਂ ਨੂੰ ਲੁਧਿਆਣਾ ਪੁਲਿਸ ਨੇ ਫੜਿਆ, ਉਸ ਵਕਤ ਇੱਥੇ ਸੁਮੇਧ ਸੈਣੀ, ਰਾਜ ਕ੍ਰਿਸ਼ਨ ਬੇਦੀ, ਸੰਤ ਕੁਮਾਰ, ਗੁਰਮੀਤ ਪਿੰਕੀ ਤੇ ਇੰਸਪੈਕਟਰ ਗੁੱਡੂ ਵਰਗੇ ਅਫਸਰ ਸਨ, ਜਿਹੜੇ ਸੰਘਰਸ਼ ਖਿਲ਼ਾਫ ਵੱਧ ਚੜ੍ਹ ਕੇ ਕੰਮ ਕਰ ਰਹੇ ਸਨ। ਅਵਤਾਰ ਸਿੰਘ ਨੂੰ ਤਾਂ ਏਹਨਾਂ ਨੇ ਮਹੀਨੇ ਕੁ ਬਾਅਦ ਸ਼ਹੀਦ ਕੀਤਾ। ਪ੍ਰੋਫੈਸਰ ਸਾਹਿਬ, ਹੈਪੀ ਤੇ ਪਰਦੀਪ ਸਿੰਘ ਨੂੰ ਏਹਨਾਂ ਨੇ ਮੁਕਾਬਲੇ ਵਿੱਚ ਸ਼ਹੀਦ ਕਰ ਦਿੱਤਾ। ਜਾਣਕਾਰ ਕਹਿੰਦੇ ਹਨ ਕਿ ਪ੍ਰੋਫੈਸਰ ਸਾਹਿਬ ਨਾਲ ਸੈਣੀ ਦੀ ਕਾਫੀ ਤੂੰ-ਤੂੰ ਮੈਂ-ਮੈਂ ਹੋਈ ਅਤੇ ਉਸ ਨੇ ਏਹਨਾਂ ਨੂੰ ਗੋਲੀ ਮਾਰਨ ਦਾ ਹੁਕਮ ਦੇ ਦਿੱਤਾ। ਜਿੰਨਾ ਚਿਰ ਓਹਨਾਂ ਨੂੰ ਰੱਖਿਆ, ਬੜੇ ਤਸੀਹੇ ਦਿੱਤੇ ਗਏ ਪਰ ਓਹਨਾਂ ਨੇ ਸਾਡੇ ਬਾਰੇ ਕੋਈ ਵੀ ਭੇਤ ਨਹੀਂ ਦਿੱਤਾ। ਓਹਨਾਂ ਨੇ ਸਾਨੂੰ ਕੋਈ ਦਰਜਨ ਦੇ ਕਰੀਬ ਬਹੁਤ ਹੀ ਸੁਰੱਖਿਅਤ ਠਾਹਰਾਂ ਬਣਾ ਕੇ ਦਿੱਤੀਆਂ ਸਨ ਜਿਨ੍ਹਾਂ ਵਿੱਚ ਅਸੀਂ ਅਖੀਰ ਤੱਕ ਆਉਂਦੇ ਜਾਂਦੇ ਰਹੇ।

ਅਵਤਾਰ ਸਿੰਘ ਪਹਿਲਵਾਨ

ਇਹ ਬੜੇ ਸੋਹਣੇ ਅਤੇ ਤਕੜੇ ਸਰੀਰ ਦਾ ਮਾਲਕ ਸੀ, ਉਹਦਾ ਮਨ ਵੀ ਓਨਾ ਹੀ ਤਕੜਾ ਸੀ। ਇਸ ਜਰਨੈਲ ਨੂੰ ਅੰਮ੍ਰਿਤਸਰ ਪੁਲਿਸ ਨੇ ਫੜ ਲਿਆ ਸੀ ਅਤੇ ਦਿੱਲੀ ਭੇਜ ਦਿੱਤਾ। ਮਨਵੀਰ ਸਿੰਘ ਚਹੇੜੂ ਵਾਂਗ ਹੀ ਇਹਦੇ ਬਾਰੇ ਵੀ ਕਹਿ ਦਿੱਤਾ ਕਿ ਜੇਲ੍ਹ ਤਬਦੀਲੀ ਵਕਤ ਉਸਦੇ ਸਾਥੀ ਇਸ ਨੂੰ ਛੁਡਾ ਕੇ ਲੈ ਗਏ। ਇਸ ਨੇ ਵੀ ਦੁਸ਼ਮਣ ਦੇ ਕੁੱਝ ਪੱਲੇ ਨਹੀਂ ਪਾਇਆ। ਉਹਨੇ ਲੰਮਾ ਸਮਾਂ ਆਈਬੀ ਦੀ ਨਰਕੀ ਕੈਦ ਵਿੱਚ ਚੜ੍ਹਦੀ ਕਲਾ ਵਿਚ ਰਹਿ ਕੇ ਸ਼ਹਾਦਤ ਦਿੱਤੀ। ਉਹਦੇ ਨਾਲ ਅੰਮ੍ਰਿਤਸਰ ਵਿੱਚ ਸਾਂਝੀਆਂ ਠਾਹਰਾਂ ਉਤੇ ਅਖੀਰ ਤੱਕ ਅਸੀਂ ਆਉਂਦੇ ਜਾਂਦੇ ਰਹੇ।

ਜਸਪਾਲ ਸਿੰਘ ਉਰਫ ਧੰਨਾ ਸਿੰਘ

ਸੰਨ ੧੯੮੮ ਦੇ ਸ਼ੁਰੂ ਵਿਚ ਚੰਡੀਗੜ੍ਹ ਤੋਂ ਉਹ ਸਾਡੇ ਕੋਲੋਂ ਕੁਝ ਮਾਇਆ ਲੈ ਕੇ ਗਏ ਕਿ ਪੱਕੀ ਠਾਹਰ ਬਣਾਉਣੀ ਹੈ। ਉਸ ਤੋਂ ਬਾਅਦ ਉਹ ਸਾਡੇ ਵਿਚੋਂ ਕਿਸੇ ਨੂੰ ਵੀ ਨਹੀਂ ਮਿਲੇ। ਸ਼ਾਇਦ ਇੰਝ ਹੋਇਆ ਕਿ ਉਹ ਪੱਕੀ ਠਾਹਰ ਬਣਾਉਣ ਦੇ ਸਿਲਸਿਲੇ ਵਿਚ ਹੀ ਕਿਸੇ ਨੇ ਫੜਾ ਦਿੱਤਾ। ਉਦੋਂ ਸਾਨੂੰ ਓਹਨਾਂ ਬਾਰੇ ਅੰਦਾਜਾ ਨਹੀਂ ਹੋਇਆ ਪਰ ਬਾਅਦ ਵਿਚ ਪਤਾ ਲੱਗਿਆ ਕਿ ਉਹ ਫੜੇ ਗਏ ਸਨ। ਉਹ ਬੜੇ ਦ੍ਰਿੜ ਅਤੇ ਮਜਬੂਤ ਇਰਾਦੇ ਵਾਲੇ ਸਿੰਘ ਸਨ ਤੇ ਉਹ ਕਦੀ ਵੀ ਝੁਕ ਨਹੀਂ ਸਨ ਸਕਦੇ। ਪਤਾ ਨਹੀਂ ਓਹਨਾਂ ਤੇ ਵੀ ਹੋਰ ਸਾਥੀਆਂ ਵਾਂਗ ਕਿੰਨੀਆਂ ਸਾਰੀਆਂ ਪਰਖਾਂ ਪਈਆਂ, ਪਰ ਓਹਨਾਂ ਨੇ ਦੁਸ਼ਮਣ ਨੂੰ ਕੋਈ ਭੇਤ ਨਹੀਂ ਦਿੱਤਾ।

ਬਾਬਾ ਅਜੀਤ ਸਿੰਘ

ਬਾਬਾ ਜੀ ਦੀ ਸ਼ਹਾਦਤ ਦਸੂਹੇ ਠਾਣੇ ਵਿੱਚ ਹੋਈ। ਉਹ ਰੋਪੜ ਤੋਂ ਟਰੈਕਟਰ ਟਰਾਲੀ ਲੈ ਕੇ ਹੁਸ਼ਿਆਰਪੁਰ ਵਿਚ ਖਾਲਸਤਾਨ ਕਮਾਂਡੋ ਫੋਰਸ ਦੇ ਸਿੰਘਾਂ ਨੂੰ ਮਿਲਣ ਆ ਰਹੇ ਸਨ। ਟਰਾਲੀ ਸਮਾਨ ਵਾਲੀ ਸੀ ਤੇ ਉਸ ਵਿੱਚ ਚੋਖਾ ਸਮਾਨ ਸੀ। ਦਸੂਹੇ ਬੀਐਸਐਫ ਦੇ ਨਾਕੇ ਤੇ ੳਹਨਾਂ ਨੂੰ ਟਰੈਕਟਰ ਦੇ ਕਾਗਜਾਂ ਕਰਕੇ ਪੁਲਿਸ ਨੇ ਰੋਕ ਲਿਆ। ਬਾਬਾ ਜੀ ਕਈ ਸਾਲ ਫਿਲੌਰ ਵਿਚ ਪੁਲਿਸ ਸਿਖਲਾਈ ਦੇ ਉਸਤਾਦ ਰਹੇ ਸਨ। ਉਸਤਾਦ ਜੀ ਹੋਣ ਦੇ ਨਾਤੇ ਉਹਨਾਂ ਨੂੰ ਬਹੁਤ ਮੁਲਾਜਮ ਜਾਣਦੇ ਸਨ। ਉਥੇ ਕਿਸੇ ਮੁਲਾਜਮ ਨੇ ੳਹਨਾਂ ਨੂੰ ਪਛਾਣ ਲਿਆ ਅਤੇ ਫੜੇ ਗਏ। ਸਾਰੇ ਪਾਸੇ ਤਾਰਾਂ ਖੜਕ ਗਈਆਂ ਕਿ ਰਿਬੈਰੋ ਹਮਲੇ ਦਾ ਮੁਖ ਦੋਸ਼ੀ ਫੜਿਆ ਗਿਆ। ਫਿਰ ਸਾਰੇ ਵੱਡੇ ਅਫਸਰ ਚੰਡੀਗੜ੍ਹ ਤੋਂ ੳਥੇ ਆ ਗਏ ਤੇ ਤਸ਼ੱਦਦ ਦਾ ਦੌਰ ਸ਼ੁਰੂ ਹੋ ਗਿਆ। ਕਿਸੇ ਅਫਸਰ ਨੇ ੳਹਨਾਂ ਨੂੰ ਕਿਹਾ ਕਿ ਉਸਤਾਦ ਜੀ ਇਹ ਕੀ ਕਰ ਲਿਆ ਤਾਂ ੳਹਨਾਂ ਨੇ ਕਿਹਾ ਕਿ ਮੈਂ ਜੋ ਕਰਨਾ ਸੀ ਕਰ ਲਿਆ, ਹੁਣ ਜੋ ਤੁਸੀਂ ਕਰਨਾ ਤੁਸੀਂ ਕਰ ਲਓ। ਫਿਰ ਕੀ ਸੀ ਸਾਰੀ ਰਾਤ ਉਹਨਾਂ ਉਤੇ ਮਣਾਂ ਮੂੰਹੀਂ ਤਸ਼ੱਦਦ ਕੀਤਾ ਗਿਆ ਅਤੇ ਲਾਲਚ ਦੇਣ ਦੀ ਕੋਸ਼ਿਸ਼ ਵੀ ਹੋਈ ਕਿਉਂਕਿ ਪਰਿਵਾਰਾਂ ਵਾਲੇ ਬੰਦੇ ਸਨ ਪਰ ਉਹ ਗੁਰੂ ਦੀ ਕਿਰਪਾ ਨਾਲ ਅਡੋਲ ਰਹੇ ਤੇ ਸਵੇਰੇ ਤੱਕ ਤਸ਼ੱਦਦ ਸਹਿੰਦਿਆਂ ਉਹ ਸ਼ਹੀਦੀ ਪਾ ਗਏ। ੳਹਨਾਂ ਨੇ ਸਰਕਾਰ ਨੂੰ ਕੁਝ ਵੀ ਨਹੀਂ ਦਿੱਤਾ। ਹੁਣ ਵੀ ਮੈਨੂੰ ਉਹਨਾਂ ਦਾ ਤਕੜਾ ਜਰਨੈਲੀ ਜੁੱਸਾ ਅਤੇ ਭਖਦਾ ਲਾਲ ਚਿਹਰਾ ਯਾਦ ਆਉਂਦਾ ਹੈ। ਉਹਨਾਂ ਦੀ ਦ੍ਰਿੜ੍ਹਤਾ ਦੀ ਇਹ ਮਿਸਾਲ ਸੀ ਕਿ ਉਹਨਾਂ ਨੇ ਟਰਾਲੀ ਵਿਚਲਾ ਸਮਾਨ ਵੀ ਨਹੀਂ ਦੱਸਿਆ। ਇਹ ਵੀ ਬਾਅਦ ਵਿੱਚ ਉਸ ਇਲਾਕੇ ਦਾ ਕੋਈ ਸਿੰਘ ਫੜਿਆ ਗਿਆ ਤਾਂ ਪਤਾ ਲੱਗਿਆ ਕਿ ਉਸ ਟਰਾਲੀ ਵਿੱਚ ਸਮਾਨ ਹੈ।

ਦਰਸ਼ਨ ਸਿੰਘ ਡੱਲਾ

ਇਹ ਖਾਲਸਤਾਨ ਲਿਬਰੇਸ਼ਨ ਫੋਰਸ ਦਾ ਬੜਾ ਜਿੰਮੇਵਾਰ ਸਿੰਘ ਸੀ ਤੇ ਸਾਡੇ ਸੰਪਰਕ ਵਿਚ ਇਹ ਸਾਡੇ ਰੂਪੋਸ਼ ਹੋਣ ਤੋਂ ਪਹਿਲਾਂ ਦਾ ਸੀ। ਜਥੇਦਾਰ ਕਿਰਪਾਲ ਸਿੰਘ ਉਤੇ ਹਮਲਾ ਦਰਸ਼ਨ ਸਿੰਘ ਨੇ ਆਪਣੇ ਦੋ ਸਾਥੀਆਂ ਨਾਲ ਕੀਤਾ ਸੀ। ਮੋਟਰਸਾਈਕਲ ਤੇ ਹਥਿਆਰ ਇਹਨਾਂ ਨੇ ਸਾਡੇ ਕੋਲੋਂ ਲਏ ਸੀ। ਇਹ ਗੱਲ ਜਨਵਰੀ ੧੯੮੫ ਦੀ ਹੈ ਜਦੋਂ ਅਸੀਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵਿੱਚ ਪੜ੍ਹਦੇ ਸੀ। ਜਦੋਂ ਦਰਸ਼ਨ ਸਿੰਘ ਫੜਿਆ ਗਿਆ ਉਦੋਂ ਲੁਧਿਆਣਾ ਪੁਲਿਸ ਨੇ ਇਸ ਤੇ ਬਹੁਤ ਤਸ਼ੱਦਦ ਕੀਤਾ ਸੀ ਅਤੇ ਇਹ ਹੱਥਾਂ-ਪੈਰਾਂ ਤੋਂ ਬਿਲਕੁਲ ਨਕਾਰਾ ਹੋ ਗਿਆ ਸੀ। ਕਈ ਮਹੀਨਿਆਂ ਬਾਅਦ ਜੇਲ੍ਹ ਵਿਚ ਇਹ ਠੀਕ ਹੋਇਆ ਸੀ ਉਸ ਵਕਤ ਵੀ ਇਹ ਕੁਝ ਨਹੀਂ ਸੀ ਬੋਲਿਆ ਅਤੇ ਇਸ ਗੱਲ ਨੂੰ ਸਾਰੀ ਲੁਧਿਆਣਾ ਪੁਲਿਸ ਵੀ ਮੰਨਦੀ ਸੀ। ਜੇ ਉਹ ਬੋਲ ਪੈਂਦਾ ਤਾਂ ਅਸੀਂ ਜਨਵਰੀ ੧੯੮੫ ਵਿਚ ਹੀ ਰੂਪੋਸ਼ ਹੋ ਜਾਣਾ ਸੀ।

ਦਰਸ਼ਨ ਸਿੰਘ ਸਾਨੂੰ ਜੰਗੀ ਹੋਣ ਤੋਂ ਬਾਅਦ ਸੰਨ ੧੯੮੭ ਵਿੱਚ ਦੁਬਾਰਾ ਮਿਲਿਆ ਓਦੋਂ ਇਹ ਖਾਲਸਤਾਨ ਲਿਬਰੇਸ਼ਨ ਫੋਰਸ ਦਾ ਜਰਨੈਲ ਸੀ। ਸੰਨ ੧੯੮੮ ਵਿੱਚ ਬਲੈਕ ਥੰਡਰ ਕਾਰਵਾਈ ਤੋਂ ਬਾਅਦ ਇਹ ਉਸ ਵਕਤ ਜਥੇਦਾਰ ਅਕਾਲ ਤਖਤ ਭਾਈ ਜਸਵੀਰ ਸਿੰਘ ਰੋਡੇ ਨੂੰ ਮਿਲਣ ਅਨੰਦਪੁਰ ਸਾਹਿਬ ਗਿਆ ਸੀ। ਓਥੋਂ ਹੀ ਪੁਲਿਸ ਇਸ ਦੇ ਪਿੱਛੇ ਲੱਗ ਗਈ ਤੇ ਇਸ ਨੂੰ ਰੋਪੜ ਸ਼ਹਿਰ ਵਿਚ ਨਹਿਰ ਦੇ ਪੁਲ ਤੋਂ ਫੜ ਲਿਆ। ਪੁਲਿਸ ਨੂੰ ਪਤਾ ਸੀ ਕਿ ਇਹਦੇ ਕੋਲ ਬਹੁਤ ਅਹਿਮ ਜਾਣਕਾਰੀਆਂ ਹਨ। ਪੁਲਿਸ ਤੇ ਆਈਬੀ ਨੇ ਲੰਮਾ ਸਮਾਂ ਇਸ ਤੇ ਹਰ ਤਰ੍ਹਾਂ ਦਾ ਤਸ਼ੱਦਦ ਕੀਤਾ ਪਰ ਇਹ ਸਿੰਘ ਕਿਸੇ ਵੀ ਤਸ਼ੱਦਦ ਨੂੰ ਮੰਨਣ ਵਾਲਾ ਨਹੀਂ ਸੀ। ਇਹ ਦ੍ਰਿੜ੍ਹਤਾ ਤੇ ਅਡੋਲਤਾ ਦੀ ਮੂਰਤ ਸੀ। ਬਾਣੀ ਅਤੇ ਗੁਰੂ ਤੇ ਅਟੱਲ ਵਿਸ਼ਵਾਸ ਸੀ, ਬਹੁਤ ਸਿਮਰਨ ਤੇ ਰਹਿਤ ਵਾਲਾ ਸਿੰਘ ਸੀ। ਬਾਅਦ ਵਿੱਚ ਇਹ ਆਈਬੀ ਦੀ ਕੈਦ ਵਿਚ

ਚਲਾ ਗਿਆ ਤੇ ਇਸ ਨੂੰ ਦੁਸ਼ਮਣ ਨੇ ਕਈ ਸਾਲ ਆਪਣੇ ਕੋਲ ਰੱਖਿਆ ਕਿ ਸ਼ਾਇਦ ਟੁੱਟ ਜਾਏਗਾ ਪਰ ਇਹਦੇ ਸਿਦਕ ਅੱਗੇ ਵੈਰੀ ਹਾਰ ਗਿਆ। ਆਖਰ ਇਸ ਨੂੰ ਸ਼ਹੀਦ ਕਰ ਦਿੱਤਾ ਗਿਆ। ਸ਼ਹਾਦਤ ਬਾਰੇ ਸਾਨੂੰ ਕੁੱਝ ਪਤਾ ਨਹੀਂ।

ਜਸਵੀਰ ਸਿੰਘ ਰੋਡੇ ਤੇ ਕੁਝ ਹੋਰ ਸਿੰਘਾਂ ਤੋਂ ਇਹ ਪਤਾ ਲੱਗਿਆ ਸੀ ਕਿ ੧੯੮੯ ਦੇ ਅਖੀਰ ਤੱਕ ਜਿਉਂਦਾ ਸੀ। ਇਸਨੇ ਰੱਤੀ ਭਰ ਵੀ ਜਾਣਕਾਰੀ ਪੁਲਿਸ ਨੂੰ ਨਹੀਂ ਦਿੱਤੀ। ਰੋਪੜ ਅਤੇ ਜਗਰਾਓਂ ਵਿਚ ਇਸ ਦੀਆਂ ਦਿੱਤੀਆਂ ਹੋਈਆਂ ਠਾਹਰਾਂ ਤੇ ਅਸੀਂ ਅਖੀਰ ਤੱਕ ਰਹਿੰਦੇ ਰਹੇ। ਸਾਨੂੰ ਇਸ ਦੀ ਦ੍ਰਿੜ੍ਹਤਾ ਤੇ ਐਨਾ ਮਾਣ ਸੀ ਕਿ ਗੁਰਜੰਟ ਸਿੰਘ, ਅਜਮੇਰ ਸਿੰਘ, ਦਰਸ਼ਨ ਸਿੰਘ ਤਖਾਣਬੱਧ, ਕੁਲਵੰਤ ਸਿੰਘ ਖੁਖਰਾਣਾ ਤੇ ਮੈਂ, ਅਸੀਂ ਇਕੱਠੇ ਵੀ ਇਹ ਦੀਆਂ ਬਣਾਈਆਂ ਹੋਈਆਂ ਠਾਹਰਾਂ ਤੇ ਰਹਿੰਦੇ ਰਹੇ।

ਬਾਬਾ ਸੁਰਿੰਦਰ ਸਿੰਘ

ਇਹਨਾਂ ਦਾ ਸਬੰਧ ਖਾਲਸਤਾਨ ਲਿਬਰੇਸ਼ਨ ਫੋਰਸ ਅਤੇ ਸਿੱਖ ਸਟੂਡੈਂਟਸ ਫੈਡਰੇਸ਼ਨ ਨਾਲ ਸੀ। ਇਹ ਨਾਮ ਕਮਾਈ ਵਾਲੇ ਤੇ ਧੁਰੋਂ ਬਖਸ਼ਿਸ ਵਾਲੀ ਰੂਹ ਸਨ। ਨਵਾਂਸ਼ਹਿਰ ਕੋਲ ਕਿਸੇ ਭੇਤੀ ਨੇ ਇਹਨਾਂ ਨੂੰ ਫੜਵਾ ਦਿੱਤਾ। ਜਿਥੋਂ ਇਹਨਾਂ ਨੂੰ ਬੰਗੇ ਦੇ ਸੀਆਈਏ ਵਿਚ ਲੈ ਗਏ ਜਿਥੇ ਪੰਜਾਬ ਪੁਲਿਸ ਦਾ ਮੁਖੀ ਆਪਣੇ ਚੋਣਵੇਂ ਸਾਥੀਆਂ ਨਾਲ ਬੈਠਾ ਉਹਨਾਂ ਨੂੰ ਉਡੀਕ ਰਿਹਾ ਸੀ। ਪੁੱਛਗਿੱਛ ਦੇ ਨਾਂ ਤੇ ਤਸ਼ੱਦਦ ਦਾ ਦੌਰ ਸ਼ੁਰੂ ਹੋ ਗਿਆ। ਬਾਬਾ ਜੀ ਹੋਣਾਂ ਦੀ ਸੁਰਤ ਪਹਿਲਾਂ ਹੀ ਉਚੇ ਮੰਡਲਾਂ ਵਿਚ ਰਹਿੰਦੀ ਸੀ। ਦੁਸ਼ਮਣ ਨੂੰ ਇਹਨਾਂ ਗੱਲਾਂ ਦਾ ਕੀ ਇਲਮ ਹੋਣਾ ਸੀ। ਉਹਨਾਂ ਨੇ ਹੰਕਾਰ ਵਿਚ ਜੋਰੋ ਜੁਲਮ ਸ਼ੁਰੂ ਕਰ ਦਿੱਤਾ। ਹਕੂਮਤ ਦਾ ਤਾਣਾ ਬਾਣਾ ਆਪਣੀ ਸਾਰੀ ਤਾਕਤ ਨਾਲ ਹਮਲਾਵਰ ਹੋ ਗਿਆ ਤੇ ਬਾਬਾ ਜੀ ਨੇ ਪਾਠ ਸ਼ੁਰੂ ਕਰ ਦਿੱਤਾ। ਜਾਲਮ ਉਹਨਾਂ ਨੂੰ ਕੋਹ ਰਹੇ ਸਨ ਤੇ ਉਹ ਸ਼ਾਂਤ ਸਹਿਜ ਸਨ ਜਿਵੇਂ ਮੁਸਕਰਾਅ ਰਹੇ ਹੋਣ। ਇਹ ਗੱਲਾਂ ਉਥੇ ਹਾਜਰ ਪੁਲਿਸ ਵਾਲਿਆਂ ਨੇ ਹੀ ਦੱਸੀਆਂ। ਇਹ ਨਾ ਸਿਰਫ ਸਾਡੇ ਕੋਲ ਆਈਆਂ ਬਲਕਿ ਆਮ ਲੋਕਾਂ ਵਿਚ ਵੀ ਫੈਲ ਗਈਆਂ ਕਿਉਂਕਿ ਜੋ ਬੰਦੇ ਨਿਰਪੱਖ ਜਾਂ ਹਮਦਰਦ ਕਿਸਮ ਦੇ ਸਨ ਉਹ ਇਸ ਵਰਤਾਰੇ ਤੋਂ ਬਹੁਤ ਪ੍ਰਭਾਵਿਤ ਹੋਏ। ਕੁਝ ਡਰ ਵੀ ਗਏ ਅਤੇ ਕੁਝ ਖੁਸ਼ ਵੀ ਹੋਏ। ਗਿੱਲ ਨੇ ਕਿਹਾ ਕਿ ਇਹਦਾ ਪਾਠ ਬੰਦ ਕਰਾਓ। ਪਹਿਲਾਂ ਮੂੰਹ ਬੰਨ੍ਹਿਆ ਤੇ ਫਿਰ ਇਕ ਇੰਸਪੈਕਟਰ ਨੇ ਉਹਨਾਂ ਦੀ ਜੀਭ ਵੱਢ ਦਿੱਤੀ। ਇਹ ਕਰਨ ਨਾਲ ਵੀ ਉਹਨਾਂ ਦੇ ਚਿਹਰੇ ਉਤੇ ਕੋਈ ਫਰਕ ਨਹੀਂ ਪਿਆ। ਇਹ ਦ੍ਰਿਸ਼ ਨੇ ਸਭ ਨੂੰ ਹਿਲਾ ਦਿੱਤਾ। ਉਹਨੇ ਸ਼ਾਂਤ ਸਹਿਜ ਅਵਸਥਾ ਵਿਚ ਹੀ ਪ੍ਰਾਣ ਤਿਆਗੇ। ਗੁਰੂ ਦੀ ਓਟ ਵਿਚ ਵਿਚਰ ਰਹੇ ਇਕ ਸਿੰਘ ਨੇ ਹਕੂਮਤ ਦੇ ਸਾਰੇ ਜੋਰ ਨੂੰ ਆਪਣੇ ਆਤਮਿਕ ਬਲ ਨਾਲ ਹਰਾ ਦਿੱਤਾ ਸੀ। ਐਨੀ ਬੁਲੰਦੀ ਨਾਲ ਸ਼ਹੀਦ ਹੋਣ ਦਾ ਦੁਸ਼ਮਣ ਦੀਆਂ ਸਫਾਂ ਵਿਚ ਵੀ ਦੂਰ ਤੱਕ ਅਸਰ ਪਿਆ, ਇਹਨੇ ਕਈਆਂ ਨੂੰ ਹਲੂਣ ਕੇ ਰੱਖ ਦਿੱਤਾ।

ੴ

ਸੁਲੱਖਣ ਸਿੰਘ ਬੱਬਰ

ਇਹ ਜਰਨੈਲ ਬੱਬਰ ਖਾਲਸਾ ਨੂੰ ਸਥਾਪਤ ਕਰਨ ਵਾਲੇ ਮੁਢਲੇ ਸਿੰਘਾਂ ਵਿਚੋਂ ਸੀ। ਦਰਬਾਰ ਸਾਹਿਬ ਉਤੇ ਫੌਜੀ ਹਮਲੇ ਮੌਕੇ ਇਹ ੪ ਜੂਨ ਤਕ ਫੌਜ ਨਾਲ ਲੜ ਕੇ ਬਾਹਰ ਨਿਕਲ ਆਏ ਤੇ ਫਿਰ ਪਾਕਿਸਤਾਨ ਚਲੇ ਗਏ। ਪਾਕਿਸਤਾਨ ਤੋਂ ਆ ਕੇ ਇਹਨਾਂ ਨੇ ਫਿਰ ਖਾੜਕੂ ਸੰਘਰਸ਼ ਨੂੰ ਖੜ੍ਹਾ ਕੀਤਾ। ਇਹ ਸਭ ਤੋਂ ਪਹਿਲਾ ਜੰਗੀ ਸਿੰਘ ਸੀ ਜਿਸ ਦੇ ਅਸੀਂ ਦਰਸ਼ਨ ਕੀਤੇ। ਜਦੋਂ ਅਸੀਂ ੧੯੮੫ ਵਿਚ ਰੂਪੋਸ਼ ਹੋ ਗਏ ਤਾਂ ਫਿਰ ਸੰਨ ੧੯੮੬ ਵਿੱਚ ਸਾਡਾ ਮੇਲ ਹੋਇਆ। ਰੂਪੋਸ਼ ਹੋਣ ਤੋਂ ਪਹਿਲਾਂ ਅਸੀਂ ਇਹਨਾਂ ਲਈ ਬਹੁਤ ਠਾਹਰਾਂ ਬਣਾਈਆਂ ਸਨ ਤੇ ਬਾਅਦ ਵਿੱਚ ਵੀ ਅਸੀਂ ਇਹਨਾਂ ਠਾਹਰਾਂ ਤੇ ਮਿਲਦੇ ਰਹੇ। ਸੰਨ ੧੯੮੭ ਵਿਚ ਇਹ ਜਰਨੈਲ ਫੜ ਹੋ ਗਿਆ ਤੇ ਫਿਰ ਇਨ੍ਹਾਂ ਦਾ ਕੁਝ ਪਤਾ ਨਹੀਂ ਲੱਗਿਆ।

ਏਹਨਾਂ ਨੂੰ ਆਈਬੀ ਨੇ ਬਹੁਤ ਸਮਾਂ ਗੁਪਤ ਕੈਦ ਵਿੱਚ ਰੱਖਿਆ ਤੇ ਬਾਅਦ ਵਿੱਚ ਸ਼ਹੀਦ ਕੀਤਾ। ਇਹਨਾਂ ਨੇ ਆਪਣੀ ਕੈਦ ਤੇ ਸ਼ਹਾਦਤ ਦਾ ਸਫਰ ਚੜ੍ਹਦੀ ਕਲਾ ਵਿਚ ਪੂਰਾ ਕੀਤਾ। ਰੂਪੋਸ਼ ਹੋਣ ਤੋਂ ਪਹਿਲਾਂ ਇਹ ਮੇਰੇ ਕੋਲ ਵੀ ਰਿਹਾ ਕਰਦੇ ਸੀ ਅਤੇ ਪਰਿਵਾਰ ਨਾਲ ਘੁਲ-ਮਿਲ ਕੇ ਰਹਿੰਦੇ ਸੀ। ਦੇਰ ਰਾਤ ਤੱਕ ਗੱਲਾਂ ਕਰਦੇ ਰਹਿਣਾ। ਇੱਕ ਰਾਤ ਮੈਂ ਪੁੱਛਿਆ ਕਿ ਹਰ ਵਕਤ ਤਾਂ ਪਸਤੌਲ ਨਹੀਂ ਰੱਖਿਆ ਜਾ ਸਕਦਾ ਤੁਹਾਨੂੰ ਸਾਈਨਾਈਡ ਰੱਖਣੀ ਚਾਹੀਦੀ ਹੈ। ਉਸ ਨੇ ਹੱਸਦੇ ਹੋਏ ਕਿਹਾ ਕਿ ਮੇਰੀ ਤਾਂ ਗੁਰੂ ਤੇ ਹੀ ਟੇਕ ਹੈ, ਮੈਂ ਆਪਣੇ ਆਪ ਨੂੰ ਮਾਰ ਨਹੀਂ ਸਕਦਾ। ਜੋ ਗੁਰੂ ਦਾ ਭਾਣਾ ਹੈ ਉਹੀ ਵਰਤੇਗਾ ਤੇ ਗੁਰੂ ਹੀ ਰਖੇਗਾ।

ਉਹ ਬਾਣੀ ਬਹੁਤ ਪੜ੍ਹਦੇ ਤੇ ਸਿਮਰਨ ਬਹੁਤ ਕਰਦੇ ਸਨ। ਭਜਨ-ਬੰਦਗੀ ਵੀ ਬਹੁਤ ਸੀ। ਉਹ ਬਹੁਤ ਵੱਡੇ ਕਸ਼ਟ ਅਤੇ ਪਰਖ ਚੋਂ ਲੰਘੇ। ਗੁਰੂ ਨੇ ਉਹਦੀ ਪੂਰਨ ਰੱਖਿਆ ਕੀਤੀ ਤੇ ਉਹ ਰੱਤੀ ਭਰ ਵੀ ਨਹੀਂ ਡੋਲੇ ਤੇ ਖਾੜਕੂ ਸੰਘਰਸ਼ ਦਾ ਮਾਣ ਬਣੇ।

ਇਹ ਯਾਦ ਰੱਖਣ ਵਾਲੀ ਗੱਲ ਹੈ ਕਿ ਇਹ ਗੁਰੂ ਦੇ ਸਿੱਖ ਜਿਹੜਿਆਂ ਨੂੰ

ਦੁਸ਼ਮਣ ਨੇ ਲੰਮਾ ਸਮਾਂ ਗੁਪਤ ਕੈਦ ਵਿੱਚ ਰੱਖ ਕੇ ਮਾਨਸਿਕ ਤੇ ਸਰੀਰਕ ਤੌਰ ਤੇ ਤੋੜਣ ਦੀ ਪੂਰੀ ਕੋਸ਼ਿਸ਼ ਕੀਤੀ ਤੇ ਜਦੋਂ ਉਹ ਨਹੀਂ ਟੁੱਟੇ ਤਾਂ ਫਿਰ ਇਨ੍ਹਾਂ ਨੂੰ ਕਿਸੇ ਦਿਨ ਗੁੰਮਨਾਮ ਤਰੀਕੇ ਨਾਲ ਸ਼ਹੀਦ ਕਰ ਦਿੱਤਾ। ਸੁਲੱਖਣ ਸਿੰਘ, ਮਨਵੀਰ ਸਿੰਘ ਚਹੇੜੂ, ਅਵਤਾਰ ਸਿੰਘ ਭਲਵਾਨ, ਤਰਸੇਮ ਸਿੰਘ ਕੋਹਾੜ, ਦਰਸ਼ਨ ਸਿੰਘ ਡੱਲਾ ਤੇ ਦਿੱਲੀ ਵਾਲਾ ਰਵੀ ਇਹਨਾਂ ਨੂੰ ਬਹੁਤ ਲੰਮੀ ਗੁਪਤ ਕੈਦ ਤੇ ਤਸ਼ੱਦਦ ਸਹਿਣਾ ਪਿਆ। ਇਹਨਾਂ ਨੇ ਸਾਰਾ ਕੁਝ ਆਪਣੇ ਪਿੰਡੇ ਤੇ ਝੱਲਿਆ 'ਮੈਂ ਮਰਾਂ ਪੰਥ ਜੀਵੇ' ਦੇ ਸੱਚ ਨੂੰ ਅੱਜ ਦੇ ਸਮਿਆਂ ਵਿੱਚ ਜਾਹਰ ਕੀਤਾ। ਇਹ ਲੰਮਾ ਸਮਾਂ ਕੈਦ ਵਿਚ ਲਗਾਤਾਰ ਤਸ਼ੱਦਦ ਤੇ ਪੀੜਾ ਦਾ ਸ਼ਿਕਾਰ ਸਨ ਤੇ ਅਸੀਂ ਲਗਾਤਾਰ ਇਹਨਾਂ ਨਾਲ ਸਾਂਝੀਆਂ ਠਾਹਰਾਂ ਤੇ ਰਹਿੰਦੇ ਸਾਂ ਓਹਨਾਂ ਵਿਚੋਂ ਕਈ ਥਾਵਾਂ ਹਾਲੇ ਵੀ ਉਵੇਂ ਹੀ ਸੁਰੱਖਿਅਤ ਹਨ। ਇਹ ਬਹੁਤ ਵੱਡੀ ਗੱਲ ਹੈ ਅਤੇ ਇਹੋ ਜਿਹੇ ਬਲੀ ਸਿੰਘਾਂ ਦੀ ਓਟ ਕਾਰਨ ਹੀ ਅਸੀਂ ਦੁਸ਼ਮਣ ਨਾਲ ਮੱਥਾ ਲਾਉਂਦੇ ਰਹੇ ਤੇ ਲੜਦੇ ਰਹੇ, ਮਰਦੇ ਰਹੇ ਪਰ ਈਨ ਨਹੀਂ ਮੰਨੀ। ਕਦੀ ਆਪਣੀ ਆਜਾਦੀ ਨਹੀਂ ਛੱਡੀ ਭਾਵੇਂ ਕਿ ਅਖੀਰ ਵਿੱਚ ਮੁੱਕਦੇ-ਮੁੱਕਦੇ ਅਸੀਂ ਮੁੱਠੀ ਭਰ ਹੀ ਰਹਿ ਗਏ ਫਿਰ ਇਹ ਜੰਗ ਠੰਡੀ ਪੈ ਗਈ ਪਰ ਅਸੀਂ ਹਾਰੇ ਨਹੀਂ ਕਿਉਂਕਿ ਨਾ ਅਸੀਂ ਆਪਣਾ ਸਵੈ ਮਾਣ ਗਵਾਇਆ ਹੈ, ਨਾ ਆਪਣੀ ਆਜਾਦ ਹਸਤੀ ਭੁੱਲੀ ਹੈ ਅਤੇ ਨਾ ਦੁਸ਼ਮਣ ਅੱਗੇ ਹਥਿਆਰ ਹੀ ਸੁੱਟੇ। ਉਹ ਜੰਗ ਜੋ ਠੰਡਾ ਪੈ ਗਿਆ ਹੈ ਆਉਣ ਵਾਲੇ ਸਮੇਂ ਦੀ ਉਡੀਕ ਵਿਚ ਹੈ।

ਇਹ ਗੱਲ ਇਸ ਸਦੀ ਦੇ ਸਭ ਤੋਂ ਵੱਡੇ ਸ਼ਹੀਦ ਸੰਤ ਬਾਬਾ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੇ ਵੀ ਆਪਣੇ ਤਰੀਕੇ ਨਾਲ ਕਹੀ ਸੀ ਕਿ ਸਰੀਰ ਦੀ ਮੌਤ ਮੌਤ ਨਹੀਂ ਹੁੰਦੀ ਜਮੀਰ ਦਾ ਮਰ ਜਾਣਾ ਮੌਤ ਹੈ। ਸਾਡੇ ਸ਼ਹੀਦ ਰੌਸ਼ਨ ਜਮੀਰ ਹਨ ਤੇ ਉਹ ਸਦਾ ਜਿਉਂਦੇ ਹਨ ਤੇ ਸਾਨੂੰ ਪ੍ਰੇਰਨਾ ਤੇ ਸੇਧ ਦਿੰਦੇ ਹਨ ਭਾਵੇਂ ਹਥਿਆਰਬੰਦ ਜੰਗ ਇਕ ਵਾਰ ਫਿਰ ਠੰਡਾ ਪੈ ਗਿਆ ਪਰ ਜਮੀਰਾਂ ਦਾ ਜੰਗ ਅਨੇਕਾਂ ਰੂਪਾਂ ਵਿਚ ਜਾਰੀ ਹੈ। ਸੁਤੰਤਰਤਾ ਸਾਨੂੰ ਜਾਨ ਤੋਂ ਵੀ ਪਿਆਰੀ ਹੈ ਅਸੀਂ ਕਦੇ ਆਪਣੀ ਧੌਣ ਨੀਵੀਂ ਨਹੀਂ ਕੀਤੀ, ਨਾ ਹੀ ਆਪਣੀ ਚਾਲ ਬਦਲੀ ਹੈ। ਦੁਸ਼ਮਣ ਦੇ ਖਿਆਲ ਦੇ ਗੁਲਾਮ ਹੋਣ ਦੀ ਤਾਂ ਗੱਲ ਹੀ ਛੱਡ ਦਿਓ। ਸਾਡੀ ਮਾਨਸਿਕ, ਇਖਲਾਕੀ ਅਤੇ ਰੂਹਾਨੀ ਜੱਦੋ-ਜਹਿਦ ਜਾਰੀ ਹੈ ਤੇ ਅਸੀਂ ਦੁਸ਼ਮਣ ਦੀ ਹਰ ਨੀਤੀ ਤੇ ਚਾਲ ਨੂੰ ਸਮਝਦੇ ਹਾਂ। ਇਹ ਜੰਗ ਜਾਰੀ ਹੀ ਰਹੇਗੀ ਜਦੋਂ ਤੱਕ ਗੁਰੂ ਫੁਰਮਾਣ ਅਨੁਸਾਰ ਖਾਲਸੇ ਦੀ ਫਤਹਿ ਨਹੀਂ ਹੋ ਜਾਂਦੀ।

ਰਛਪਾਲ ਸਿੰਘ ਛੰਦੜਾਂ

ਮੈਂ ਅਪ੍ਰੈਲ ੧੯੯੨ ਵਿੱਚ ਓਧਰਲੇ ਪੰਜਾਬ ਤੋਂ ਇਧਰ ਵਾਪਸ ਆਇਆ ਤਾਂ, ਉਦੋਂ ਤਕ ਹਾਲਾਤ ਅਸਾਡੇ ਵਿਰੁੱਧ ਹੋ ਚੁੱਕੇ ਸੀ। ਸਰਕਾਰ ਦਾ ਹੱਥ ਉਪਰ ਹੋ ਚੁੱਕਿਆ ਸੀ ਤੇ ਸਿੰਘਾਂ ਦਾ ਬਹੁਤ ਨੁਕਸਾਨ ਹੋ ਰਿਹਾ ਸੀ। ਮੈਨੂੰ ਭਿੰਡਰਾਂਵਾਲੇ ਟਾਈਗਰ ਫੋਰਸ ਦੇ ਜਸਵਿੰਦਰ ਸਿੰਘ ਭੁੱਟਾ ਤੇ ਮੇਜਰ ਸਿੰਘ ਜਵੰਦਾ, ਜੋ ਮੇਰੇ ਕੋਲ ਪਾਕਿਸਤਾਨ ਰਹੇ ਸਨ ਓਹ ਮਿਲੇ। ਕਈ ਜਥੇਬੰਦੀਆਂ ਦੇ ਸਿੰਘਾਂ ਦੀ ਬੈਠਕ ਲੁਧਿਆਣੇ ਰੱਖਣੀ ਤੈਅ ਹੋਈ ਤੇ ਮੈਂ ਲੁਧਿਆਣੇ ਕੁਝ ਦਿਨ ਪਹਿਲਾਂ ਹੀ ਪਹੁੰਚ ਗਿਆ। ਜਿਹੜੀ ਠਾਹਰ ਤੇ ਮੈਂ ਰਹਿ ਰਿਹਾ ਸੀ ਉਸ ਬਾਰੇ ਰਛਪਾਲ ਸਿੰਘ ਛੰਦੜਾਂ ਤੇ ਗੁਰਜੰਟ ਸਿੰਘ ਬੁੱਧਸਿੰਘਵਾਲੇ ਨੂੰ ਹੀ ਪਤਾ ਸੀ। ਹਾਲੇ ਬੈਠਕ ਦੀ ਜਗਾ ਤੇ ਸਮਾਂ ਤੈਅ ਹੋਣਾ ਸੀ ਕਿ ਇਸ ਤੋਂ ਪਹਿਲਾਂ ਹੀ ਛੰਦੜਾਂ ਜਥੇ ਦੇ ਬਹੁਤ ਸਾਰੇ ਸਿੰਘ ਇਕੱਠੇ ਹੀ ਕਿਸੇ ਬੈਠਕ ਸਮੇਂ ਫੜੇ ਗਏ ਅਤੇ ਅਗਲੇ ਦਿਨ ਹੀ ਰਛਪਾਲ ਸਿੰਘ ਛੰਦੜਾਂ ਵੀ ਫੜ ਹੋ ਗਿਆ। ਇਹ ਸਾਰੇ ਸਿੰਘ ਇੱਕ ਦੋ ਦਿਨਾਂ ਵਿੱਚ ਹੀ ਸ਼ਹੀਦ ਹੋ ਗਏ।

ਰਛਪਾਲ ਸਿੰਘ ਤੇ ਜਗਦੀਸ਼ ਸਿੰਘ ਜਹੂਰੇ ਨੂੰ ਗਿੱਲਾਂ ਵਾਲੇ ਪੁਲ ਤੋਂ ਕਾਲੀਆਂ ਬਿੱਲੀਆਂ ਨੇ ਚੁੱਕਿਆ। ਜਗਦੀਸ਼ ਸਿੰਘ ਨੇ ਉਥੇ ਹੀ ਸਾਈਨਾਈਡ ਖਾ ਲਿਆ ਤੇ ਪੂਰਾ ਹੋ ਗਿਆ। ਰਛਪਾਲ ਸਿੰਘ ਨੂੰ ਸੀਆਈਏ ਸਟਾਫ ਲੁਧਿਆਣੇ ਵਿਚ ਲਿਆ ਕੇ ਹਰ ਤਰ੍ਹਾਂ ਦਾ ਤਸ਼ੱਦਦ ਕੀਤਾ। ਉਸ ਨੇ ਡੀਜੀਪੀ ਗਿੱਲ ਤੇ ਹੋਰ ਵੱਡੇ ਪੁਲਿਸ ਅਧਿਕਾਰੀਆਂ ਦਾ ਹੰਕਾਰ ਤੋੜ ਦਿੱਤਾ। ਉਸ ਨੇ ਸੀ ਤੱਕ ਨਹੀਂ ਕੀਤੀ ਤੇ ਪਾਠ ਕਰਦਾ ਰਿਹਾ। ਉਸਨੇ ਕਿਹਾ ਕਿ ਹੁਣ ਮੇਰਾ ਅੰਤ ਸਮਾਂ ਤੇ ਪਰਖ ਦਾ ਸਮਾਂ ਆ ਗਿਆ ਹੈ ਤੁਸੀਂ ਆਪਣਾ ਜੋਰ ਲਾ ਲਵੋ ਤੇ ਮੈਂ ਆਪਣਾ ਲਾਉਂਦਾ ਹਾਂ।

ਉਹ ਜਪੁ ਜੀ ਸਾਹਿਬ ਦਾ ਪਾਠ ਕਰਨ ਲੱਗ ਪਿਆ। ਤਸ਼ੱਦਦ ਦੇ ਪੱਖ ਤੋਂ ਜੋ ਕੁਝ ਵੀ ਸੋਚਿਆ ਜਾ ਸਕਦਾ ਹੈ ਉਥੇ ਪੰਜਾਬ ਪੁਲਿਸ ਦੇ ਚੋਣਵੇਂ ਜਲਾਦਾਂ ਨੇ ਉਹ ਕੀਤਾ। ਉਨ੍ਹਾਂ ਨੇ ਸਾਰੇ ਹੀਲੇ ਤੇ ਹਥਿਆਰ ਵਰਤੇ ਪਰ ਸੂਰਮੇ ਦਾ ਸਿਦਕ ਅਡੋਲ ਤੇ

ਅਜਿੱਤ ਸੀ, ਜਦੋਂ ਸਾਰੇ ਅੰਗ ਨਕਾਰਾ ਹੋ ਗਏ ਤਾਂ ਵੀ ਪਾਠ ਕਰ ਰਿਹਾ ਸੀ। ਜਿਸ ਨੇ ਕਿਹਾ ਕਿ ਇਹ ਦੀ ਜੀਭ ਵੱਢੋ ਇਸ ਤਰ੍ਹਾਂ ਓਹਨਾਂ ਨੇ ਉਸ ਨੂੰ ਪਾਠ ਕਰਨ ਤੋਂ ਰੋਕਿਆ ਪਰ ਇਹੋ ਜਿਹੀ ਸਥਿਤੀ ਵਿੱਚ ਅਤੇ ਘੋਰ ਤਸ਼ੱਦਦ ਵਿੱਚ ਕੋਈ ਬੰਦਾ ਆਪਣੇ ਆਪ ਖੜ੍ਹਾ ਨਹੀਂ ਰਹਿ ਸਕਦਾ। ਉਸ ਤੇ ਗੁਰੂ ਦੀ ਬਖਸ਼ਿਸ਼ ਹੋਣੀ ਤੇ ਉਸ ਦਾ ਸਰੀਰ ਬਖਸ਼ਿਸ਼ ਤੇ ਸਿਮਰਨ ਰਾਹੀਂ ਤਕਲੀਫਾਂ ਤੋਂ ਉਪਰ ਉਠ ਚੁਕਿਆ ਸੀ। ਜਲਾਦ ਨੇ ਜੀਭ ਵੱਢ ਕੇ ਪਾਠ ਦਾ ਉਚਾਰਨ ਤਾਂ ਬੰਦ ਕਰ ਦਿੱਤਾ ਪਰ ਇਨ੍ਹਾਂ ਨੂੰ ਇਹ ਸਮਝ ਨਹੀਂ ਸੀ ਕਿ ਜਿਹੜੀ ਅਵਸਥਾ ਵਿਚ ਰਛਪਾਲ ਸਿੰਘ ਉਸ ਵਕਤ ਸੀ ਉਥੇ ਉਸ ਦਾ ਰੋਮ-ਰੋਮ ਪਾਠ ਕਰ ਰਿਹਾ ਸੀ। ਇਸ ਤਰੀਕੇ ਨਾਲ ਇਸ ਸੂਰਮੇ ਨੇ ਪੰਜਾਬ ਪੁਲਿਸ ਦੀ ਸਿਖਰਲੀ ਕੁਰਸੀ ਸਾਹਮਣੇ ਪੁਰਾਤਨ ਸਿੱਖ ਸ਼ਹਾਦਤ ਦੀ ਬੁਲੰਦੀ ਫੇਰ ਦੁਹਰਾ ਦਿੱਤੀ। ਮੈਨੂੰ ਅਗਲੇ ਦਿਨ ਅਖਬਾਰ ਪੜ੍ਹ ਕੇ ਹੀ ਪਤਾ ਲੱਗਾ ਅਤੇ ਇਸ ਠਾਹਰ ਨੂੰ ਅਸੀਂ ਤਿੰਨਾਂ ਨੇ ਹੀ ਸਾਂਝਾ ਰੱਖਿਆ ਸੀ ਕਿ ਔਖ ਵੇਲੇ ਜੇ ਕਿਤੇ ਸੰਪਰਕ ਕਰਨਾ ਪਵੇ ਤਾਂ ਇਥੇ ਸੁਨੇਹਾ ਛੱਡ ਜਾਣਾ ਹੈ।

ਨੋਟ: ਅਸੀਂ ਆਪਸ ਵਿੱਚ ਰਾਬਤਾ ਰੱਖਣ ਨੂੰ ਕੋਈ ਖਾਸ ਜਗ੍ਹਾ ਰੱਖਦੇ ਹੁੰਦੇ ਸੀ ਇਸ ਬਾਰੇ ਕੇਵਲ ਰਾਬਤਾ ਕਰਨ ਵਾਲੀਆਂ ਧਿਰਾਂ ਨੂੰ ਹੀ ਪਤਾ ਹੁੰਦਾ ਸੀ। ਜਦੋਂ ਕੋਈ ਬੈਠਕ ਕਰਨੀ ਹੋਵੇ ਤਾਂ ਅੱਗੇ ਸੁਨੇਹਾ ਦੇ ਦਿੱਤਾ ਜਾਵੇ ਕਿਉਂਕਿ ਗੁਰੀਲਾ ਸੰਘਰਸ਼ ਵਿਚ ਕਈ ਵਾਰ ਸੰਪਰਕ ਕਰਨਾ ਹੀ ਮੁਸ਼ਕਲ ਹੋ ਜਾਂਦਾ ਹੈ। ਕਈ ਵਾਰ ਇਕ ਬੰਦੇ ਦੇ ਫੜੇ ਜਾਣ ਜਾਂ ਇਕ ਠਾਹਰ ਦਾ ਪਤਾ ਲੱਗਣ ਨਾਲ ਸਾਰਾ ਢਾਂਚਾ ਹੀ ਹਿੱਲ ਜਾਂਦਾ ਸੀ। ਸਾਡਾ ਕਿੰਨਾ ਕਿੰਨਾ ਚਿਰ ਆਪਸ ਵਿੱਚ ਰਾਬਤਾ ਵੀ ਨਹੀਂ ਸੀ ਹੁੰਦਾ, ਇਸ ਹਾਲਤ ਦੇ ਤੋੜ ਵਜੋਂ ਅਸੀਂ ਕੁਝ ਬਹੁਤ ਹੀ ਸੁਰੱਖਿਅਤ ਥਾਂਵਾਂ ਤੇ ਜਥੇਬੰਦੀਆਂ ਦੇ ਸੁਨੇਹੇ ਜਾਂ ਮੁਖੀ ਸਿੰਘਾਂ ਦੇ ਆਪਸ ਵਿੱਚ ਮਿਲਣ ਲਈ ਰੱਖਦੇ ਸੀ। ਇਸ ਕਰਕੇ ਲੁਧਿਆਣੇ ਵਾਲੀ ਠਾਹਰ ਦਾ ਗੁਰਜੰਟ ਸਿੰਘ, ਰਛਪਾਲ ਸਿੰਘ ਛੰਦੜਾਂ ਤੇ ਮੈਨੂੰ ਹੀ ਪਤਾ ਸੀ।

ਗੁਰਦੇਵ ਸਿੰਘ ਦੇਬੂ

ਕਰਤਾਰਪੁਰ ਦੇ ਨੇੜੇ ਪਿੰਡ ਧੀਰਪੁਰ ਦਾ ਇਹ ਸਿੰਘ ਖਾਲਸਤਾਨ ਕਮਾਂਡੋ ਫੋਰਸ ਵਲੋਂ ਦੁਆਬੇ ਇਲਾਕੇ ਦਾ ਜਥੇਦਾਰ ਸੀ ਅਤੇ ਸਾਰੇ ਦੁਆਬੇ ਵਿੱਚ ਕਾਰਵਾਈਆਂ ਕਰਦਾ ਸੀ। ੧੯੮੭ ਵਿੱਚ ਬੈਂਕ ਮਾਂਜੇ ਤੋਂ ਬਾਅਦ ਜਦੋਂ ਅਸੀਂ ਨਵੀਆਂ ਅਸਾਲਟਾਂ ਮੰਗਵਾਈਆਂ ਤਾਂ ਸਾਰੇ ਪੰਜਾਬ ਵਿੱਚ ਸਿੰਘਾਂ ਨੂੰ ਵੰਡ ਦਿੱਤੀਆਂ। ਦੁਆਬੇ ਵਾਲੇ ਸਿੰਘਾਂ ਨੂੰ ਮਿਲਣ ਤੇ ਸਾਮਾਨ ਵੰਡਣ ਦੀ ਮੇਰੀ ਜਿੰਮੇਵਾਰੀ ਲਗਾਈ ਸੀ। ਗੁਰਦੇਵ ਸਿੰਘ ਨੇ ਮੈਨੂੰ ਜਲੰਧਰ-ਹੁਸ਼ਿਆਰਪੁਰ ਸੜਕ ਤੇ ਪਿੰਡ ਜੌਹਲਾਂ ਵਿੱਚ ਉਸ ਦੀਆਂ ਪੱਕੀਆਂ ਠਾਹਰਾਂ ਦਿਖਾਈਆਂ ਸਨ। ਜਦੋਂ ਇਹਨਾਂ ਸਿੰਘਾਂ ਨੂੰ ਪਤਾ ਲੱਗਿਆ ਕਿ ਨਵਾਂ ਅਸਲਾ, ਬਾਰੂਦ ਅਤੇ ਹੋਰ ਸਮਾਨ ਮਿਲਣਾ ਹੈ ਤਾਂ ਬੜੇ ਹੀ ਖੁਸ਼ ਹੋਏ ਤੇ ਬਹੁਤ ਚਾਅ ਨਾਲ ਉਡੀਕ ਕਰਨ ਲੱਗੇ। ਜੌਹਲਾਂ ਵਾਲੀ ਠਾਹਰ ਤੇ ਮੈਂ ਇਸ ਨੂੰ ਸਮਾਨ ਦੇਣਾ ਸੀ ਤੇ ਉਸ ਦਿਨ ੧੨ ਵਜੇ ਦਾ ਸਮਾਂ ਰੱਖਿਆ ਹੋਇਆ ਸੀ। ਇਹਨਾਂ ਤੋਂ ਇਹ ਗੱਲ ਪਹਿਲਾਂ ਹੀ ਬਾਹਰ ਨਿਕਲ ਗਈ ਕਿ ਨਵੀਆਂ ਅਸਾਲਟਾਂ ਆ ਰਹੀਆਂ ਹਨ ਹੁਣ ਸਵਰਨੇ ਘੋਟਣੇ ਵਰਗਿਆਂ ਨੂੰ ਢਾਹਾਂਗੇ। ਮੇਰੇ ਬਾਰੇ ਵੀ ਜਿਕਰ ਹੋਇਆ ਕਿ ਮੈਂ ਸਮਾਨ ਲੈ ਕੇ ਆ ਰਿਹਾ ਹਾਂ। ਉਸ ਠਾਹਰ ਵਾਲਿਆਂ ਵਿਚੋਂ ਕਿਸੇ ਦਾ ਸਬੰਧ ਸਵਰਨ ਘੋਟਣੇ (ਐਸਪੀ) ਨਾਲ ਸੀ ਤੇ ਉਸ ਨੇ ਇਹ ਖਬਰ ਉਸ ਤੱਕ ਪਹੁੰਚਾ ਦਿੱਤੀ। ਉਹਨਾਂ ਨੇ ਬੇਹੋਸ਼ੀ ਵਾਲੀ ਦਵਾਈ ਦੁੱਧ ਵਿਚ ਪਾ ਕੇ ਗੁਰਦੇਵ ਸਿੰਘ ਦੇਬੂ ਨੂੰ ਪਿਲਾ ਦਿੱਤੀ ਤੇ ਪੁਲਿਸ ਉਸ ਨੂੰ ਗ੍ਰਿਫਤਾਰ ਕਰਕੇ ਲੈ ਗਈ।

ਫੇਰ ਜੋ ਗੁਰਦੇਵ ਸਿੰਘ ਦੇਬੂ ਨਾਲ ਵਾਪਰਿਆ ਉਹ ਇਕ ਇਤਿਹਾਸ ਹੈ। ਭਾਈ ਦਿਆਲਾ ਜੀ ਵਾਂਗ ਉਨ੍ਹਾਂ ਨੂੰ ਪਾਣੀ ਵਿਚ ਉਬਾਲਿਆ ਗਿਆ। ਉਹਨੂੰ ਦਿੱਤੇ ਜਾਣ ਵਾਲੇ ਤਸੀਹਿਆਂ ਦਾ ਵੇਰਵਾ ਪੁਲਿਸ ਵਿੱਚ ਵੀ ਤੇ ਪੰਥ ਵਿੱਚ ਵੀ ਕਾਫੀ ਹੱਦ ਤੱਕ ਇੱਕ ਮਿੱਥ ਬਣ ਕੇ ਪਹੁੰਚ ਗਿਆ ਹੈ। ਫੜੇ ਜਾਣ ਮਗਰੋਂ ਮੈਨੂੰ ਤਸੀਹੇਖਾਨੇ ਵਿਚ ਮਿਲੇ ਪੁਲਿਸ ਅਫਸਰ ਨੇ ਇਹ ਸਾਰੀ ਗੱਲ ਦੱਸੀ ਸੀ। ਇਹ ਅਫਸਰ ਸਦਾ ਹੀ ਸੰਘਰਸ਼ ਦਾ ਵੱਡਾ ਦੁਸ਼ਮਣ ਰਿਹਾ ਸੀ ਪਰ ਜਦੋਂ ਉਹ ਇਹ ਗੱਲ ਸੁਣਾ ਰਿਹਾ ਸੀ ਤਾਂ

ਗੁਰਦੇਵ ਸਿੰਘ ਲਈ ਉਸ ਦੇ ਮਨ ਵਿੱਚ ਵੀ ਇੱਜਤ ਸੀ। ਗੁਰਦੇਵ ਸਿੰਘ ਦੇ ਫੜੇ ਜਾਣ ਨਾਲ ਪੁਲਿਸ ਨੂੰ ਲੱਗਿਆ ਕਿ ਬੈਂਕ ਡਕੈਤੀ ਨਾਲ ਆਇਆ ਸਾਰਾ ਨਵਾਂ ਅਸਲਾ ਤੇ ਪ੍ਰਮੁੱਖ ਖਾੜਕੂ ਉਹਨਾਂ ਦੇ ਸ਼ਿਕੰਜੇ ਵਿੱਚ ਫਸਣ ਵਾਲੇ ਹੀ ਹਨ। ਓਹਨਾਂ ਨੇ ਤਸ਼ੱਦਦ ਦਾ ਦੌਰ ਸ਼ੁਰੂ ਕਰ ਦਿੱਤਾ। ਤਸ਼ੱਦਦ ਮੁੱਖ ਰੂਪ ਵਿੱਚ ਸਵਰਨ ਘੋਟਣਾ, ਗੁਰਬਚਨ ਬੁੱਚੜ ਤੇ ਮੱਖਣ ਦੌਰਾਂ ਇਹਨਾਂ ਤਿੰਨਾਂ ਨੇ ਕੀਤਾ। ਇਹ ਤਿੰਨੋਂ ਨਾਂ ਪੰਜਾਬ ਵਿੱਚ ਤਸ਼ੱਦਦ ਕਰਨ ਲਈ ੧੯੮੪ ਤੋਂ ਪਹਿਲਾਂ ਹੀ ਕਾਫੀ ਮਸ਼ਹੂਰ ਸਨ।

ਸਾਰੇ ਉਸ ਤੋਂ ਇਹ ਪੁੱਛਦੇ ਰਹੇ ਕਿ ਉਹ ਕਿਹੜੀ ਜਗ੍ਹਾ ਹੈ ਜਿੱਥੇ ਤੁਸੀਂ ਕੱਲ ਨੂੰ ੧੨ ਵਜੇ ਮਿਲਣਾ ਹੈ ਪਰ ਇਹ ਸੂਰਮੇ ਸਿੰਘ ਦਾ ਦ੍ਰਿੜ੍ਹ ਇਰਾਦਾ ਨਹੀਂ ਤੋੜ ਸਕੇ। ਇਹਨਾਂ ਨੇ ਉਸ ਦਾ ਸਾਰਾ ਸਰੀਰ ਜਮੂਰਾਂ ਨਾਲ ਨੋਚ ਦਿੱਤਾ ਫਿਰ ਉਸ ਦੀ ਇਕ ਅੱਖ ਬਾਹਰ ਕੱਢ ਦਿੱਤੀ, ਇਕ ਪੈਰ ਆਰੇ ਨਾਲ ਵੱਢ ਦਿੱਤਾ, ਫਿਰ ਉਬਲਦੇ ਪਾਣੀ ਵਿਚ ਡੋਬ ਦਿੱਤਾ ਅਤੇ ਫਿਰ ਬਾਹਰ ਕੱਢ ਲਿਆ। ਗੁਰਦੇਵ ਸਿੰਘ ਸਿਰਫ ਪਾਠ ਹੀ ਕਰਦਾ ਰਿਹਾ ਜਾਂ ਵਾਹਿਗੁਰੂ ਵਾਹਿਗੁਰੂ ਕਹੀ ਗਿਆ। ਅਗਲੇ ਦਿਨ ਦੇ ਉਹ ੧੨ ਵਜੇ ਦਾ ਵੇਲਾ ਤਾਂ ਲੰਘ ਗਿਆ ਪਰ ਪੁਲਿਸ ਨੇ ਉਸਨੂੰ ਕਈ ਦਿਨ ਜਿਉਂਦੇ ਰੱਖਿਆ।

ਕਈ ਪੁਲਿਸ ਵਾਲੇ ਤੇ ਹੋਰ ਸਿੰਘਾਂ ਨੇ ਵੀ, ਜੋ ਉਸ ਵਕਤ ਉਥੇ ਕੈਦ ਸਨ, ਗੁਰਦੇਵ ਸਿੰਘ ਨੂੰ ਉਪਰ ਬਿਆਨੀ ਹਾਲਤ ਵਿੱਚ ਅੱਖੀਂ ਦੇਖਿਆ ਸੀ। ਗੁਰਦੇਵ ਸਿੰਘ ਦੀ ਠਾਹਰ ਵਾਲਾ ਇਕ ਹੋਰ ਸਿੰਘ ਮੈਨੂੰ ਮਿਲਿਆ ਜੋ ਉਸ ਵਕਤ ਉੱਥੇ ਸੀ। ਉਸ ਨੇ ਦੱਸਿਆ ਕਿ ਸਾਨੂੰ ਕੁਝ ਬੰਦਿਆਂ ਨੂੰ ਗੁਰਬਚਨੇ ਬੁਚੜ ਨੇ ਗੁਰਦੇਵ ਸਿੰਘ ਦੇ ਇਸ ਹਾਲਾਤ ਵਿਚ (ਬਿਨਾ ਅੱਖ, ਲੱਤ, ਬਾਂਹ ਅਤੇ ਛਾਲਿਆਂ ਨਾਲ ਉੱਠੇ ਹੋਏ ਸਾਰੇ ਸਰੀਰ ਦੇ) ਦਰਸ਼ਨ ਕਰਾਏ ਤੇ ਕਿਹਾ ਕਿ ਤੁਸੀਂ ਮੰਨ ਜਾਵੋ ਨਹੀਂ ਤਾਂ ਤੁਹਾਡਾ ਵੀ ਇਹ ਹੀ ਹਾਲ ਹੋਵੇਗਾ। ਇਕ ਹੋਰ ਸਿੰਘ ਜੋ ਚਸ਼ਮਦੀਦ ਗਵਾਹ ਉਸ ਵਕਤ ਕੈਦ ਵਿਚ ਸੀ ਉਸ ਨੇ ਦੱਸਿਆ ਕਿ ਕੁਝ ਸਮਾਂ ਗੁਰਦੇਵ ਸਿੰਘ ਨੂੰ ਉਹਦੇ ਵਾਲੀ ਹਵਾਲਾਤ ਵਿਚ ਬੰਦ ਕਰ ਗਏ। ਉਸ ਵਕਤ ਉਸ ਤੋਂ ਬੋਲਿਆ ਨਹੀਂ ਸੀ ਜਾ ਰਿਹਾ, ਨਾ ਬੈਠਾ ਜਾ ਰਿਹਾ ਸੀ। ਇਕ ਅੱਖ ਦੀ ਥਾਂ ਤੇ ਜਖਮ ਸੀ ਉਸ ਥਾਂ ਤੋਂ ਖੂਨ ਬਾਹਰ ਨਿਕਲ ਰਿਹਾ ਸੀ। ਹੱਥ ਤੇ ਲੱਤ ਵੱਢ ਕੇ ਦੁਬਾਰਾ ਪੱਟੀਆ ਕਰਕੇ ਖੂਨ ਰੋਕ ਦਿੱਤਾ ਸੀ। ਉਸ ਦੀ ਹਾਲਤ ਦੇਖ ਕੇ ਮੈਂ ਬਹੁਤ ਜਿਆਦਾ ਡਰ ਗਿਆ ਤੇ ਕੰਬਣ ਲੱਗ ਪਿਆ। ਮੈਨੂੰ ਉਸਨੇ ਪਹਿਚਾਣ ਲਿਆ, ਬੋਲ ਤਾਂ ਸਕਦਾ ਨਹੀਂ ਸੀ ਪਰ ਚਿਹਰੇ ਤੇ ਭਾਵ ਤੋਂ ਇਹ ਲੱਗਿਆ ਸੀ ਕਿ ਮੈਨੂੰ ਦੇਖ ਕੇ ਮੁਸਕਰਾਇਆ। ਪਤਾ ਨਹੀਂ ਉਹ ਐਨੇ ਦੁਖ ਨੂੰ ਕਿਵੇਂ ਜਰ ਰਿਹਾ ਸੀ ਪਰ ਮੈਨੂੰ ਲੱਗਿਆ ਕਿ ਉਹ ਚੁੱਪ-ਚਾਪ ਵਾਹਿਗੁਰੂ-ਵਾਹਿਗੁਰੂ ਕਰ ਰਿਹਾ ਹੈ। ਛੇਤੀ ਕੋਈ ਹੋਰ ਅਫਸਰ ਉਥੇ ਆਇਆ ਅਤੇ ਪੁਲਿਸ ਵਾਲੇ ਫੇਰ ਉਸ ਨੂੰ ਓਥੋਂ ਲੈ ਗਏ।

ਇਹ ਸਿੰਘ ਨੇ ਉਸੇ ਥਾਣੇ ਵਿਚ ਦੇਖਿਆ, ਇੱਕ ਹੋਰ ਵੀ ਦ੍ਰਿਸ਼ ਦੱਸਿਆ ਜੋ ਇਸ ਤੋਂ ਵੀ ਡਰਾਉਣਾ ਸੀ। ਦੋ ਸਿੰਘਾਂ ਨੂੰ ਪੁੱਠਾ ਲਟਕਾਇਆ ਹੋਇਆ ਸੀ ਤੇ ਮੱਖਣ ਦੌਰਾਂ ਤੇ ਗੁਰਬਚਨਾ ਬੁਚੜ ਸਾਹਮਣੇ ਬੈਠ ਕੇ ਸ਼ਰਾਬ ਪੀ ਰਹੇ ਸੀ ਤੇ ਉੱਚੀ-ਉੱਚੀ ਬੋਲ ਰਹੇ ਸਨ। ਮੈਨੂੰ ਦੂਰੋਂ ਇਹ ਨਹੀਂ ਪਛਾਣ ਸੀ ਕਿ ਉਹ ਸਿੰਘ ਕੌਣ ਸਨ, ਹੋ ਸਕਦਾ ਹੈ ਓਹਨਾਂ ਵਿੱਚੋਂ ਇੱਕ ਗੁਰਦੇਵ ਸਿੰਘ ਦੇਬੂ ਹੀ ਹੋਵੇ। ਉਹਨਾਂ ਚੋਂ ਇਕ ਸਿੱਖ ਦੇ ਸਿਰ ਤੋਂ ਫੁੱਟ ਕੁ ਹੇਠਾਂ ਇਕ ਵੱਡਾ ਹੀਟਰ ਲਾਇਆ ਸੀ ਅਤੇ ਉਸ ਸਿੰਘ ਦੀ ਚਰਬੀ ਪਿਘਲ



ਪਿਘਲ ਕੇ ਉੱਤੇ ਡਿੱਗ ਰਹੀ ਸੀ ਤੇ ਡਿਗਦੀ ਨੂੰ ਅੱਗ ਲੱਗ ਜਾਂਦੀ ਸੀ। ਦੂਸਰਾ ਸਿੰਘ ਜੋ ਲਟਕ ਰਿਹਾ ਸੀ ਉਸ ਨੂੰ ਉਹ ਕਹਿ ਰਹੇ ਸਨ ਕਿ ਆਹ ਦੇਖ ਲੈ, ਐਵੇਂ ਮਰਨਾ ਕਿ ਦਸਣਾ ਏ? ਇਸ ਤਰ੍ਹਾਂ ਕੁਝ ਦਿਨਾਂ ਬਾਅਦ ਗੁਰਦੇਵ ਸਿੰਘ ਨੂੰ ਸ਼ਹੀਦ ਕਰ ਦਿੱਤਾ ਪਰ ਗੁਰੂ ਦੀ ਬਖਸ਼ਿਸ਼ ਨਾਲ ਉਸ ਨੇ ਪੰਥ ਦਾ ਸਿਰ ਬਹੁਤ ਉੱਚਾ ਕਰ ਦਿੱਤਾ ਅਤੇ ਦੁਸ਼ਮਣ ਉੱਤੇ ਇਖਲਾਕੀ ਤੌਰ ਤੇ ਫਤਹਿ ਪਾ ਲਈ। ਗੁਰਦੇਵ ਸਿੰਘ ਦੇਬੂ ਬਹੁਤ ਹੀ ਨਿਮਰ, ਮਿਹਨਤੀ, ਗੁਰੂ ਦਾ ਭੈਅ ਮੰਨਣ ਵਾਲਾ ਤੇ ਸੇਵਾ ਭਾਵਨਾ ਵਾਲਾ ਸਿੰਘ ਸੀ ਜਦੋਂ ਉਸ ਦੀ ਸ਼ਹਾਦਤ ਬਾਰੇ ਸੋਚਦੇ ਹਾਂ ਤਾਂ ਸੀਸ ਝੁਕ ਜਾਂਦਾ ਹੈ ਅਤੇ ਅੱਖਾਂ ਨਮ ਹੋ ਜਾਂਦੀਆਂ ਹਨ।

ਇਹੋ ਜਿਹੀਆਂ ਲਾਸਾਨੀ ਸ਼ਹਾਦਤਾਂ ਨੇ ਪੰਥ ਵਿੱਚ ਨਵੀਂ ਰੂਹ ਫੂਕੀ ਤੇ ਸੰਘਰਸ਼ੀ ਸਿੰਘਾਂ ਦੇ ਹੌਂਸਲੇ ਬੁਲੰਦ ਕੀਤੇ ਅਤੇ ਦੁਸ਼ਮਣਾਂ ਦੇ ਮਨ ਵਿੱਚ ਦਹਿਲ ਪਾ ਦਿੱਤਾ। ਉਸ ਦਿਨ ਮੈਂ ਤੇ ਬਾਪੂ ਮਲਕੀਅਤ ਸਿੰਘ ਟਰੱਕ ਲੈ ਕੇ ਪਿੰਡ ਜੌਹਲਾਂ ਵਿਖੇ ਕੋਈ ਦੋ ਘੰਟੇ ਉਡੀਕਦੇ ਰਹੇ। ਨੇੜੇ ਚਾਹ ਵਾਲਾ ਗੁਰਦੁਆਰਾ ਹੈ। ਅਸੀਂ ਅੰਦਰ ਜਾ ਕੇ ਚਾਹ ਦਾ ਲੰਗਰ ਵੀ ਛਕਿਆ ਪਰ ਸਾਨੂੰ ਕੀ ਪਤਾ ਸੀ ਉਸ ਵਕਤ ਗੁਰਦੇਵ ਸਿੰਘ ਦੇਬੂ ਕਿਹੜੀਆਂ ਮੰਜਿਲਾਂ ਨੂੰ ਛੂਹ ਰਿਹਾ ਸੀ। ਅਗਲੇ ਦਿਨ ਫਿਰ ਅਸੀਂ ਰਾਤ ਵੇਲੇ ਜਲੰਧਰ ਵਾਲੀ ਠਾਹਰ ਤੋਂ ਪਤਾ ਕੀਤਾ ਤਾਂ ਪਤਾ ਲੱਗਿਆ ਕਿ ਗੁਰਦੇਵ ਸਿੰਘ ਦੇਬੂ ਤਾਂ ਦੋ ਦਿਨ ਪਹਿਲਾਂ ਹੀ ਫੜਿਆ ਗਿਆ ਸੀ।

ਮਨਵੀਰ ਸਿੰਘ ਚਹੇੜੂ

ਮਨਵੀਰ ਸਿੰਘ ਚਹੇੜੂ ਨੂੰ ਆਈਬੀ ਨੇ ਲਾਲ ਕਿਲੇ ਦੀ ਹਨੇਰੀ ਕੈਦ ਵਿਚ ਰੱਖਿਆ ਸੀ। ਹਕੂਮਤ ਦੇ ਖੁਫੀਆ ਮਹਿਕਮੇ ਇਹ ਥਾਂ ਆਪਣੇ ਅੰਦਰਲੇ ਅਤੇ ਬਾਹਰਲੇ ਦੁਸ਼ਮਣਾਂ ਦੇ ਫੜੇ ਅਹਿਮ ਬੰਦਿਆਂ ਉਤੇ ਜ਼ੁਲਮ ਦੇ ਨਵੇਂ-ਨਵੇਂ ਤਜਰਬੇ ਕਰਨ ਲਈ ਵਰਤਦੇ ਸਨ। ਸਿੱਖ ਸੰਘਰਸ਼ ਦੇ ਅਹਿਮ ਯੋਧੇ ਜਰਨੈਲਾਂ ਨੂੰ ਵੀ ਇਥੇ ਲਿਆਂਦਾ ਗਿਆ। ਉਹਨਾਂ ਨੂੰ ਇਕ ਪਾਸੇ ਲਾਲਚ, ਦੂਜੇ ਪਾਸੇ ਨਸ਼ੇ, ਤੀਜੇ ਪਾਸੇ ਬੇਵਸੀ ਤੇ ਜ਼ਲਾਲਤ ਅਤੇ ਚੌਥੇ ਪਾਸੇ ਤਸ਼ੱਦਦ ਨਾਲ ਤੋੜਿਆ ਜਾਂਦਾ ਸੀ। ਇਹ ਜ਼ੁਲਮ ਮੁਗਲਾਂ ਦੇ ਜ਼ਮਾਨੇ ਨਾਲੋਂ ਵੀ ਵਧ ਕੇ ਸਨ ਕਿਉਂਕਿ ਇਹਦੇ ਵਿਚ ਨਵੇਂ ਨਸ਼ੇ ਅਤੇ ਵਿਗਿਆਨਕ ਤਕਨੀਕ ਨਾਲ ਬੰਦਿਆਂ ਨੂੰ ਤੋੜਿਆ ਜਾਂਦਾ ਸੀ। ਸਾਰੀ ਦੁਨੀਆ ਦੇ ਖੁਫੀਆ ਮਹਿਕਮੇ ਸੰਧੀਆਂ ਅਧੀਨ ਤਸ਼ੱਦਦ ਦੇ ਤਰੀਕੇ ਅਤੇ ਸਾਧਨ ਇਕ ਦੂਜੇ ਨਾਲ ਸਾਂਝੇ ਕਰਦੇ ਹਨ। ਇਸ ਕਰਕੇ ਜ਼ਲਾਲਤ ਅਤੇ ਪੀੜਾ ਦੇ ਅਣਕਿਆਸੇ ਤਰੀਕੇ ਇਥੇ ਸਾਡੇ ਸਿੰਘਾਂ ਉਤੇ ਅਜ਼ਮਾਏ ਗਏ।

ਸਾਡੇ ਕੋਲ ਇਹ ਖਬਰ ਵੱਖ-ਵੱਖ ਥਾਂਵਾਂ ਤੋਂ ਆਈ ਕਿ ਅਖੀਰਲੇ ਸਮੇਂ ਉਹਨਾਂ ਨੇ ਇਹ ਜਰਨੈਲ ਦਾ ਇਕ ਹੱਥ ਵੱਢ ਦਿੱਤਾ ਸੀ। ਇਸ ਹਾਲਤ ਵਿਚ ਉਹਨੂੰ ਖਾਲਸਤਾਨ ਕਮਾਂਡੋ ਫੋਰਸ ਦੇ ਨਵੇਂ ਫੜੇ ਸਿੰਘਾਂ ਨੂੰ ਵਿਖਾਇਆ ਕਿ ਵੇਖੋ ਤੁਹਾਡੇ ਜਰਨੈਲ ਦੀ ਹਾਲਤ। ਇਹ ਪੈਂਤੜਾ ਉਹਨਾਂ ਨੂੰ ਤੋੜਨ ਲਈ ਵਰਤਿਆ ਸੀ। ਇਹ ਉਸ ਸਮੇਂ ਦੀ ਗੱਲ ਹੈ ਜਦੋਂ ਆਈਬੀ ਨੇ ਇਹ ਜਰਨੈਲ ਵਾਪਸ ਸਵਰਨ ਘੋਟਣੇ ਨੂੰ ਦੇ ਦਿੱਤਾ, ਜਿਸ ਨੇ ਤਸ਼ੱਦਦ ਦੀ ਆਪਣੀ ਵਾਹ ਲਾਉਣ ਮਗਰੋਂ ਉਸਨੂੰ ਸ਼ਹੀਦ ਕਰ ਦਿੱਤਾ।

ਬਲਬੀਰ ਸਿੰਘ, ਅਜੀਤਪਾਲ ਸਿੰਘ ਜਖਮੀ ਹੋਣ ਕਰਕੇ ਫੜੇ ਗਏ ਅਤੇ ਥਾਣੇ ਲਿਜਾ ਕੇ ਉਹਨਾਂ ਤੇ ਤਸ਼ੱਦਦ ਕੀਤਾ ਗਿਆ ਅਤੇ ਉਹਨਾਂ ਦੇ ਜਖਮਾਂ ਨੂੰ ਉਚੇੜਿਆ ਗਿਆ ਪਰ ਉਹਨਾਂ ਨੇ ਚੜ੍ਹਦੀ ਕਲਾ ਵਿਚ ਰਹਿ ਕੇ ਤਸ਼ੱਦਦ ਦਾ ਸਾਹਮਣਾ ਕੀਤਾ। ਆਪਣੇ ਸੁਭਾਅ ਮੁਤਾਬਿਕ ਅਤੇ ਗੁਰੂ ਦੀ ਕਿਰਪਾ ਨਾਲ ਉਹ ਤਿੰਨੇ ਮਿੱਤਰ ਆਖਰੀ ਪਰਖ ਵਿਚੋਂ ਸੁਰਖ਼ਰੂ ਹੋ ਨਿਬੜੇ।

ੴ

ਮਨਜੀਤ ਸਿੰਘ ਪਲਾਹੀ

ਰੁਮਾਨੀਆ ਦੇ ਰਾਜਦੂਤ ਰਾਡੂ ਨੂੰ ਅਗਵਾ ਕਰਨ ਦੇ ਮਾਮਲੇ ਵਿਚ ਸਾਡੇ ਦੋ ਬਹੁਤ ਕੀਮਤੀ ਸਿੰਘ ਲੇਖੇ ਲੱਗ ਗਏ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਦਾ ਵਿਦਿਆਰਥੀ ਦੇਵਪਾਲ ਸਿੰਘ ਤਾਂ ਦਿੱਲੀ ਵਿਚ ਫੋਨ ਕਰਨ ਸਮੇਂ ਘੇਰਾ ਪੈਣ ਤੇ ਮੌਕੇ ਉਤੇ ਹੀ ਸ਼ਹੀਦ ਹੋ ਗਿਆ ਪਰ ਮਨਜੀਤ ਸਿੰਘ ਪਲਾਹੀ ਫੜਿਆ ਗਿਆ। ਲਹਿਰ ਵਿਚ ਓਹਨੂੰ ਡਾਕਟਰ ਹਰੀ ਸਿੰਘ ਦੇ ਨਾਂ ਨਾਲ ਜਾਣਦੇ ਸਨ। ਉਹਦੇ ਬਾਰੂਦ ਵਾਲੇ ਖਾਸ ਹੁਨਰ ਕਰਕੇ ਲੰਮੇ ਸਮੇਂ ਤੋਂ ਖੁਫੀਆ ਮਹਿਕਮੇ ਵਾਲੇ ਇਹ ਸਿੰਘ ਦੀ ਭਾਲ ਵਿਚ ਸਨ। ਉਹਨੂੰ ਲਾਲ ਕਿਲੇ ਵਾਲੇ ਤਹਿਖਾਨੇ ਵਿਚ ਰੱਖ ਕੇ ਤੋੜਿਆ ਭੰਨਿਆ ਗਿਆ। ਪੰਜਾਬ ਤੋਂ ਸੁਮੇਧ ਸੈਣੀ ਆਪ ਉਥੇ ਗਿਆ ਅਤੇ ਕਈ ਦਿਨ ਉਹ ਸਿੰਘ ਉਤੇ ਤਸ਼ੱਦਦ ਕੀਤਾ ਅਤੇ ਫਿਰ ਸ਼ਹੀਦ ਕਰ ਦਿੱਤਾ ਗਿਆ।

ਅਸੀਂ ਉਸ ਵੇਲੇ ਪਾਰ ਗਏ ਹੋਏ ਸੀ ਪਰ ਮਨਜੀਤ ਸਿੰਘ ਨਾਲ ਸਾਡਾ ਲਗਾਤਾਰ ਰਾਬਤਾ ਸੀ। ਆਈਬੀ ਵਾਲਿਆਂ ਨੂੰ ਇਹ ਗੱਲ ਦੀ ਖਬਰ ਸੀ ਇਸ ਕਰਕੇ ਉਹਨਾਂ ਨੇ ਸਾਡੇ ਨਾਲ ਉਹਦੀ ਗੱਲ ਕਰਵਾਈ। ਮਨਜੀਤ ਸਿੰਘ ਨੇ ਬਹੁਤ ਥੋੜ੍ਹੀ ਗੱਲ ਕੀਤੀ ਪਰ ਉਹ ਪਹਿਲਾਂ ਵਾਂਗ ਹੀ ਠਰੰਮੇ ਵਿਚ ਗੱਲ ਕਰ ਰਿਹਾ ਸੀ। ਉਹਨੇ ਕਿਹਾ ਕਿ ਮੈਂ ਇਹਨਾਂ ਦੀ ਕੈਦ ਵਿਚ ਹਾਂ। ਇਹ ਚਾਹੁੰਦੇ ਹਨ ਕਿ ਤੁਸੀਂ ਰਾਡੂ ਨੂੰ ਛੱਡ ਦੇਵੋ। ਮੈਂ ਕਿਹਾ ਕਿ ਕੋਈ ਗੱਲ ਨਹੀਂ ਆਪਾਂ ਰਾਡੂ ਨੂੰ ਛੱਡ ਦਿੰਦੇ ਹਾਂ ਪਰ ਇਹ ਤੇਰੇ ਸਮੇਤ ਕੁਝ ਹੋਰ ਸਿੰਘਾਂ ਨੂੰ ਰਿਹਾਅ ਕਰ ਦੇਣ। ਉਸ ਨੇ ਕਿਹਾ ਕਿ ਤੁਸੀਂ ਉਹ ਕਰੋ ਜੋ ਸਹੀ ਹੈ। ਜਦੋਂ ਉਹ ਦੁਸ਼ਮਣ ਦੀ ਕੈਦ ਵਿਚ ਸੀ ਅਤੇ ਮੌਤ ਸਾਹਮਣੇ ਸੀ ਤਾਂ ਵੀ ਉਹਨੇ ਆਪਣੇ ਬਚਾਅ ਲਈ ਸਾਨੂੰ ਕੁਝ ਨਹੀਂ ਕਿਹਾ।

ਸਰਕਾਰ ਤਾਂ ਇਹ ਚਾਹੁੰਦੀ ਸੀ ਕਿ ਅਸੀਂ ਰਾਡੂ ਨੂੰ ਮਾਰ ਦੇਈਏ ਤੇ ਸਾਡੀ ਸਾਰੀ ਦੁਨੀਆ ਵਿਚ ਬਦਨਾਮੀ ਹੋ ਜਾਵੇ। ਸਾਨੂੰ ਵੀ ਅੰਦਾਜਾ ਸੀ ਕਿ ਉਹਨਾਂ ਨੇ ਨਾ ਹਰਜਿੰਦਰ ਸਿੰਘ ਜਿੰਦੇ ਤੇ ਸੁਖਦੇਵ ਸਿੰਘ ਸੁੱਖੇ ਨੂੰ ਛੱਡਣਾ ਹੈ ਤੇ ਨਾ ਹੀ ਮਨਜੀਤ ਸਿੰਘ ਨੂੰ। ਮਨਜੀਤ ਸਿੰਘ ਨੇ ਫੈਸਲਾ ਸਾਡੇ ਉਤੇ ਛੱਡਿਆ ਸੀ। ਇਧਰੋਂ ਗੁਰਜੰਟ ਸਿੰਘ ਹੋਰਾਂ ਨੇ ਰਾਡੂ ਨੂੰ ਛੱਡ ਦਿੱਤਾ ਪਰ ਸਰਕਾਰ ਨੇ ਕਿਸੇ ਸਿੰਘ ਨੂੰ ਰਿਹਾਅ ਨਹੀਂ ਕੀਤਾ।

ਕੁਝ ਹੋਰ ਸਿੰਘਾਂ ਬਾਰੇ

ਤਸ਼ੱਦਦ ਅਤੇ ਤਸੀਹਿਆਂ ਦੀ ਗੱਲ ਤੁਰਦੀ ਹੈ ਤਾਂ ਹਜਾਰਾਂ ਹੀ ਜਾਣੇ ਅਤੇ ਅਣਜਾਣੇ ਸਿੰਘਾਂ ਸਾਥੀਆਂ ਦੀ ਯਾਦ ਆਉਂਦੀ ਹੈ, ਜਿਨ੍ਹਾਂ ਦੇ ਤਨ ਅਤੇ ਮਨ ਇਸ ਪਰਖ ਵਿਚੋਂ ਨਿਕਲੇ। ਸਿੱਖਾਂ ਉਤੇ ਭੀੜ ਦਾ ਸਮਾਂ ਸੀ ਤੇ ਖਾਲਸੇ ਨੂੰ ਤਸੀਹੇਖਾਨਿਆਂ ਵਿਚ ਫਿਰ ਪਰਚਾ ਪੈਣਾ ਸੀ ਤੇ ਉਹਨਾਂ ਨੇ ਸ਼ਹੀਦਾਂ ਵਾਲੀ ਸ਼ਾਨ ਦਾ ਝੰਡਾ ਬੁਲੰਦ ਕਰਨਾ ਸੀ। ਇਹ ਪਰਚਾ ਪੁਰਾਤਨ ਸ਼ਹੀਦਾਂ ਸਿੰਘਾਂ ਵਾਲਾ ਹੀ ਸੀ, ਕਈ ਪੱਖਾਂ ਤੋਂ ਉਹਨਾਂ ਵੇਲਿਆਂ ਤੋਂ ਵੀ ਖੌਫਨਾਕ ਅਤੇ ਮਾਰੂ ਸੀ ਕਿਉਂਕਿ ਹੁਣ ਵਾਲੇ ਦੁਸ਼ਮਣ ਤਖਤ ਕੋਲ ਤਸ਼ੱਦਦ ਕਰਨ ਅਤੇ ਝੂਠ ਫੈਲਾਉਣ ਦੇ ਬਹੁਤ ਵੱਡੇ ਸਾਧਨ ਸਨ। ਪਹਿਲੇ ਸਮਿਆਂ ਵਿਚ ਸਿੰਘਾਂ ਅਤੇ ਦੁਸ਼ਮਣ ਕੋਲ ਇਕੋ ਜਿਹੇ ਜੰਗੀ ਸਾਧਨ ਸਨ ਪਰ ਹੁਣ ਹਕੂਮਤਾਂ ਕੋਲ ਜੰਗੀ ਅਤੇ ਤਕਨੀਕੀ ਸਾਧਨਾਂ ਦੀ ਕੋਈ ਸੀਮਾ ਹੀ ਨਹੀਂ ਹੈ। ਤਸ਼ੱਦਦ, ਜਲਾਲਤ ਅਤੇ ਮਨਾਂ ਨੂੰ ਕਾਬੂ ਕਰਨ ਦੇ ਨਵੇਂ ਢੰਗ ਤਰੀਕੇ ਹਨ। ਸਾਡੇ ਉਤੇ ਹਕੂਮਤ ਨੇ ਇਹਨਾਂ ਤਰੀਕਿਆਂ ਦੀ ਬੇਝਿਜਕ ਹੋ ਕੇ ਭਰਪੂਰ ਵਰਤੋਂ ਕੀਤੀ ਹੈ। ਹੁਣ ਮੈਂ ਕਹਿ ਸਕਦਾ ਹਾਂ ਕਿ ਖਾਲਸਾ ਉਹ ਪਰਖ ਵਿਚੋਂ ਗੁਰੂ ਦੀ ਕਿਰਪਾ ਨਾਲ ਸਫਲ ਹੋ ਕੇ ਨਿਕਲਿਆ। ਉਹਨੇ ਗੁਰੂ ਦੇ ਸੱਚ, ਸਿਧਾਂਤ ਅਤੇ ਰਾਹ ਨੂੰ ਆਂਚ ਨਹੀਂ ਆਉਣ ਦਿੱਤੀ।

ਰੋਜ ਘਟਦੀਆਂ ਘਟਨਾਵਾਂ ਨਾਲ ਕਿੰਨੇ ਹੀ ਜਾਣੇ ਪਛਾਣੇ ਰੰਗਲੇ ਸੱਜਣ ਯਾਦਾਂ ਵਿਚ ਆ ਬਹਿੰਦੇ ਹਨ। ਇਕਬਾਲ ਸਿੰਘ ਬਾਲਾ ਨੂੰ ਕਾਫੀ ਲੰਮਾ ਸਮਾਂ ਦੁਸ਼ਮਣ ਨੇ ਕੈਦ ਵਿਚ ਰੱਖ ਕੇ ਅਜਮਾਇਆ ਪਰ ਉਹ ਵੀ ਸਿਦਕ ਵਿਚ ਪੱਕਾ ਨਿਕਲਿਆ। ਸਵਰਨ ਸਿੰਘ ਜਵੰਦਾ ਮੈਨੂੰ ਆਖਰੀ ਵਾਰ ਰਾਜਪੁਰੇ ਇਕ ਠਾਹਰ ਉਤੇ ਮਿਲਿਆ, ਜਿਥੇ ਉਹਦੇ ਮਾਤਾ ਪਿਤਾ ਵੀ ਪੁਲਿਸ ਦੇ ਕਹਿਰ ਤੋਂ ਬਚਣ ਲਈ ਆਏ ਹੋਏ ਸਨ। ਬਾਅਦ ਵਿਚ ਉਹ ਅਤੇ ਉਹਦਾ ਭਾਣਜਾ, ਦੋਵੇ ਯੂਪੀ ਵਿਚੋਂ ਫੜੇ ਗਏ। ਸੰਗਰੂਰ ਪੁਲਿਸ ਨੇ ਉਹਨਾਂ ਨੂੰ ਪੰਜਾਬ ਲੈ ਆਂਦਾ। ਇਥੇ ਨੀਮ-ਪਾਗਲ ਕਿਸਮ ਦਾ ਪੁਲਿਸ

ਅਫਸਰ ਜਸਵਿੰਦਰ ਜੱਸੀ ਸੀ, ਉਸ ਨੇ ਉਹਨਾਂ ਦੋਵਾਂ ਨੂੰ ਚੀਰ-ਚੀਰ ਕੇ ਸ਼ਹੀਦ ਕੀਤਾ। ਇਹ ਅਫਸਰ ਨੂੰ ਪੁਲਿਸ ਵਾਲੇ ਜੱਸੀ ਭਾਅ ਜੀ ਕਹਿੰਦੇ ਸਨ। ਇਹ ਸਿੰਘਾਂ ਨੂੰ ਜਾਤੀ ਨਫਰਤ ਕਰਕੇ ਬਹੁਤ ਬੁਰੀ ਤਰ੍ਹਾਂ ਤਸੀਹੇ ਦੇ ਕੇ ਮਾਰਦਾ ਸੀ। ਬਾਅਦ ਵਿਚ ਮੈਨੂੰ ਪਤਾ ਲੱਗਿਆ ਕਿ ਇਹ ਅਫਸਰ ਦਾ ਘਰ ਬਾਰ ਬਿਖਰ ਗਿਆ ਤੇ ਘੋਰ ਨਿਰਾਸ਼ਾ ਵਿਚ ਮਰਿਆ।

ਗੁਰਨੇਕ ਸਿੰਘ ਨੇਕਾ ਖਾਲਸਤਾਨ ਕਮਾਂਡੋ ਫੋਰਸ ਦਾ ਸਿੰਘ ਸੀ, ਜੋ ਆਖਰੀ ਵਾਰ ਮੈਨੂੰ ਅਤੇ ਹਰਜਿੰਦਰ ਸਿੰਘ ਜਿੰਦੇ ਨੂੰ ਨਵਾਂਸ਼ਹਿਰ ਦੇ ਖੰਡ ਕਾਰਖਾਨੇ ਕੋਲ ਮਿਲਿਆ। ਉਹ ਭਲਵਾਨੀ ਕਰਦਾ ਰਿਹਾ ਸੀ ਤੇ ਉਸ ਦਿਨ ਬਹੁਤ ਖੁਸ਼ ਸੀ। ਉਹ ਮੈਨੂੰ ਬਹੁਤ ਘੁੱਟ ਕੇ ਜੱਫੀਆਂ ਪਾਉਂਦਾ ਰਿਹਾ। ਕੁਝ ਦਿਨਾਂ ਬਾਅਦ ਹੀ ਉਹ ਮਾਹਲਪੁਰ ਨੇੜੇ ਆਪਣੇ ਸਾਥੀ ਪਰਮਜੀਤ ਸਿੰਘ ਸਮੇਤ ਫੜਿਆ ਗਿਆ। ਉਸ ਵੇਲੇ ਉਥੇ ਪੰਡਤ ਜੀ ਦੇ ਨਾਂ ਦਾ ਡੀਐਸਪੀ ਮਸ਼ਹੂਰ ਸੀ। ਉਹਨੇ ਇਹਨਾਂ ਸਿੰਘਾਂ ਉਤੇ ਹਰ ਕਿਸਮ ਦਾ ਤਸ਼ੱਦਦ ਕੀਤਾ ਇਹ ਸਿੰਘ ਸਿਦਕ ਦੇ ਸਲਾਮਤ ਰਹੇ ਭਾਵੇਂ ਇਹਨਾਂ ਦੇ ਸਰੀਰ ਬਿਲਕੁਲ ਤੋੜ ਦਿੱਤੇ ਗਏ।

ਬਾਬਾ ਬਲਵਿੰਦਰ ਸਿੰਘ ਰੱਤਾ-ਗੁੱਦਾ ਜੋ ਸੰਘਰਸ਼ ਦਾ ਬਹੁਤ ਜਿੰਮੇਵਾਰ ਸਿੰਘ ਸੀ, ਉਹਨੂੰ ਅੰਮ੍ਰਿਤਸਰ ਪੁਲਿਸ ਨੇ ਵਹਿਸ਼ੀ ਤਸ਼ੱਦਦ ਕਰਕੇ ਸ਼ਹੀਦ ਕਰ ਦਿੱਤਾ। ਉਹ ਆਪਣੇ ਸੁਭਾਅ ਮੁਤਾਬਿਕ ਸ਼ਾਂਤ ਅਤੇ ਅਡੋਲ ਰਿਹਾ। ਰੇਸ਼ਮ ਸਿੰਘ ਥਾਂਦੇ ਨੂੰ ਸ਼ਹੀਦ ਕਰਨ ਵਾਲਿਆਂ ਚੋਂ ਇਕ ਨੇ ਦੱਸਿਆ ਕਿ ਕਿਵੇਂ ਉਹ ਸਹਿਜ ਤੇ ਨਿਰਭੈਅ ਹੋ ਕੇ ਪਾਠ ਹੀ ਕਰੀ ਜਾ ਰਿਹਾ ਸੀ। ਉਸਦੇ ਪਾਠ ਨਾਲ ਸਾਰਾ ਪਾਸਾ ਸੁਗੰਧਤ ਹੋ ਰਿਹਾ ਸੀ ਪਰ ਜਾਲਮਾਂ ਨੇ ਫਿਰ ਵੀ ਉਹਨੂੰ ਕੋਹ-ਕੋਹ ਕੇ ਸ਼ਹੀਦ ਕਰ ਦਿੱਤਾ। ਨਿਹਾਲ ਸਿੰਘ ਅਸੰਧ ਦੇ ਪੈਰਾਂ ਨੂੰ ਪਾਣੀ ਵਿਚ ਉਬਾਲ ਦਿੱਤਾ ਤੇ ਅਵਤਾਰ ਸਿੰਘ ਸ਼ਤਰਾਣਾ ਦੇ ਸਰੀਰ ਨੂੰ ਜਮੂਰਾਂ ਨਾਲ ਨੋਚ ਦਿੱਤਾ ਗਿਆ। ਇਵੇਂ ਸਿੰਘਾਂ ਨੇ ਪੁਰਾਤਨ ਇਤਿਹਾਸ ਨੂੰ ਇਨ੍ਹਾਂ ਸਮਿਆਂ ਵਿਚ ਮੁੜ ਦੁਹਰਾ ਦਿੱਤਾ। ਭਾਈ ਕੁਲਵੰਤ ਸਿੰਘ ਨਾਗੋਕੇ ਦੀ ਸ਼ਹਾਦਤ ਨੂੰ ਕੌਣ ਨਹੀਂ ਜਾਣਦਾ? ਭਾਈ ਦੁਰਗਾ ਸਿੰਘ ਦੀਆਂ ਲੱਤਾਂ ਨੂੰ ਜਾਲਮਾਂ ਨੇ ਦੋ ਜੀਪਾਂ ਨਾਲ ਬੰਨ੍ਹ ਕੇ ਪਾੜ ਦਿੱਤਾ ਪਰ ਉਹਨੇ ਸੀ ਨਹੀਂ ਸੀ ਕੀਤੀ।

ਗੁਰਜੀਤ ਸਿੰਘ ਕਾਕਾ ਸਿੱਖ ਸਟੂਡੈਂਟਸ ਫੈਡਰੇਸ਼ਨ ਜਥੇ ਦਾ ਸਿੰਘ ਸੀ ਇਹਨੂੰ ਲੁਧਿਆਣੇ ਤੋਂ ਫੜਿਆ ਗਿਆ ਸੀ। ਪਟਿਆਲੇ ਦੇ ਬਦਨਾਮ ਪੁਲਿਸੀਏ ਸੁਰਜੀਤ ਗਰੇਵਾਲ ਨੇ ਸਭ ਤਸ਼ੱਦਦ ਕਰਨ ਤੋਂ ਬਾਅਦ ਆਖਰ ਵਿਚ ਇਹ ਸਿੰਘ ਨੂੰ ਜਿਉਂਦਿਆਂ ਭਾਈ ਸਤੀ ਦਾਸ ਵਾਂਗ ਰੂੰ ਵਿਚ ਲਪੇਟ ਕੇ ਅੱਗ ਲਾ ਦਿੱਤੀ। ਇਸੇ ਹੈਵਾਨ ਨੇ ਨਾਭੇ ਜੇਲ੍ਹ ਤੋਂ ਇਕ ਸਿੰਘ ਗੁਰਦੀਪ ਸਿੰਘ ਦਦੇਹਰ ਨੂੰ ਤਫਤੀਸ਼ੀ ਹੁਕਮਾਂ ਤੇ ਕੱਢ ਲਿਆਂਦਾ ਤੇ ਰਾਹ ਵਿਚ ਹੀ ਗੱਡੀਆਂ ਰੋਕ ਕੇ ਓਹਨੂੰ ਦਾਤਰ ਨਾਲ ਵੱਢ ਕੇ

ਟੋਟੇ ਟੋਟੇ ਕਰ ਕੇ ਨਹਿਰ ਵਿਚ ਰੋੜ੍ਹ ਦਿੱਤਾ ਸੀ। ਇਹ ਅਫਸਰ ਨੂੰ ਸਰਕਾਰ ਨੇ ਬਹੁਤ ਤਰੱਕੀ ਅਤੇ ਇਨਾਮ ਦਿੱਤਾ ਸੀ। ਇਹਨੇ ਲੁਧਿਆਣੇ ਕਚਿਹਰੀਆਂ ਵਿਚੋਂ ਵਰਿੰਦਰ ਸਿੰਘ ਦਾਖਾ ਦਾ ਰਿਮਾਂਡ ਲਿਆ ਅਤੇ ਉਹਨੂੰ ਸਿੱਧਾ ਸਰਹੰਦ ਨਹਿਰ ਉਤੇ ਲੈ ਗਿਆ। ਉਥੇ ਸਭ ਦੇ ਸਾਹਮਣੇ ਉਹ ਸਿੰਘ ਦਾ ਕਤਲ ਕੀਤਾ ਅਤੇ ਉਹਨੂੰ ਵੀ ਟੋਟੇ ਕਰ ਕੇ ਨਹਿਰ ਵਿਚ ਰੋੜ ਦਿੱਤਾ। ਪੁਲਿਸ ਵਿਚਲੇ ਬੰਦੇ ਹੀ ਦਸਦੇ ਹਨ ਕਿ ਅਮਰੀਕ ਸਿੰਘ ਕੈਲੀ ਤੇ ਹਰਿਭਜਨ ਸਿੰਘ ਮੰਡ ਨਾਲ ਵੀ ਇਹ ਜਲਾਦ ਨੇ ਇਸੇ ਤਰ੍ਹਾਂ ਹੀ ਕੀਤਾ ਸੀ।

ਮਾਸਟਰ ਸੁਖਵਿੰਦਰ ਸਿੰਘ ਦਾਬਾਂਵਾਲੀ ਨੂੰ ਅੰਮ੍ਰਿਤਸਰ ਸ਼ਹਿਰ ਵਿਚੋਂ ਦਰਬਾਰ ਸਾਹਿਬ ਦੇ ਨੇੜਿਓਂ ਫੜਿਆ ਗਿਆ। ਉਹਨਾਂ ਨੂੰ ਕਾਫੀ ਸਮਾਂ ਕੈਦ ਵਿਚ ਰੱਖਕੇ ਹਰ ਤਰ੍ਹਾਂ ਦਾ ਤਸ਼ੱਦਦ ਕੀਤਾ ਗਿਆ। ਉਹਨਾਂ ਨੂੰ ਹਰ ਪਰਖ ਦਾ ਸਾਹਮਣਾ ਕਰਨਾ ਪਿਆ ਪਰ ਉਹਨਾਂ ਨੇ ਸੰਘਰਸ਼ ਦਾ ਕੋਈ ਭੇਤ ਨਹੀਂ ਦਿੱਤਾ।

ਇਸੇ ਤਰ੍ਹਾਂ ਮੈਨੂੰ ਇਕ ਸਿੰਘ ਜਗਰੂਪ ਸਿੰਘ ਦੀ ਯਾਦ ਆਉਂਦੀ ਹੈ ਜਿਸ ਨੂੰ ਪੁਲਿਸ ਨੇ ਬਹੁਤ ਤਸੀਹੇ ਦਿੱਤੇ ਪਰ ਉਹਨੇ ਕੁਝ ਨਾ ਦੱਸਿਆ। ਫਿਰ ਉਹ ਸਿੰਘ ਨੂੰ ਤਸ਼ੱਦਦ ਅਤੇ ਜਲਾਲਤ ਤੋਂ ਆਜਾਦੀ ਦਾ ਇਕ ਰਾਹ ਨਜਰ ਆਇਆ। ਉਹਨੇ ਪੁਲਿਸ ਵਾਲਿਆਂ ਨੂੰ ਕਿਹਾ ਕਿ ਫਲਾਣੇ ਥਾਂ ਮੋਟਰ ਉਤੇ ਮੈਂ ਹਥਿਆਰ ਦੱਬੇ ਹਨ। ਪੁਲਿਸ ਵਾਲੇ ਖੁਸ਼ ਹੋ ਗਏ ਕਿ ਬੰਦਾ ਟੁੱਟ ਗਿਆ ਹੈ। ਉਹ ਉਹਨੂੰ ਪੁਟਾਉਣ ਲਈ ਲੈ ਗਏ। ਉਥੇ ਉਹ ਸਿੰਘ ਨੇ ਹਥਿਆਰਾਂ ਵਿਚ ਸਭ ਤੋਂ ਉਪਰ ਸਾਈਨਾਈਡ ਵੀ ਨੱਪੀ ਹੋਈ ਸੀ। ਹਥਿਆਰ ਕੱਢਣ ਦੇ ਬਹਾਨੇ ਉਹਨੇ ਸਾਈਨਾਈਡ ਕੱਢ ਕੇ ਮੂੰਹ ਵਿਚ ਪਾ ਲਈ ਤੇ ਜਾਲਮਾਂ ਦੇ ਚੁੰਗਲ ਤੋਂ ਆਜਾਦ ਹੋ ਗਿਆ। ਦਲਜੀਤ ਸਿੰਘ ਬੱਬੂ, ਦਿੱਲੀ ਵਾਲਾ ਰਵੀ ਤੇ ਬੀਬੀ ਸਿਮਰਜੀਤ ਕੌਰ ਜਿਨ੍ਹਾਂ ਦਾ ਜਿਕਰ ਪਹਿਲੀ ਕਿਤਾਬ ਵਿਚ ਹੈ ਉਹਨਾਂ ਨੇ ਵੀ ਘੋਰ ਤਸ਼ੱਦਦ ਦਾ ਸਾਹਮਣਾ ਕੀਤਾ ਸੀ।

ਹਜਾਰਾਂ ਸਿੰਘਾਂ ਸਿੰਘਣੀਆਂ ਤੇ ਪਰਿਵਾਰਾਂ ਨੇ ਹਕੂਮਤ ਦੀ ਦਹਿਸ਼ਤ ਦਾ ਸਾਹਮਣਾ ਕੀਤਾ। ਜਲਾਲਤਾਂ ਸਹੀਆਂ, ਬੇਇਜਤੀਆਂ ਹੋਈਆਂ, ਕੁਟਮਾਰਾਂ ਹੋਈਆਂ, ਘਰਬਾਰ ਉਜੜੇ ਤੇ ਘਰੋਂ ਬੇਘਰ ਹੋਏ, ਗੋਲੀਆਂ ਖਾਧੀਆਂ, ਹੱਡ ਪੈਰ ਤੁੜਵਾਏ, ਤਸੀਹੇ ਝੱਲੇ ਅਤੇ ਸ਼ਹਾਦਤਾਂ ਦਿੱਤੀਆਂ। ਸਿੱਖਾਂ ਨੇ ਗੁਰੂ ਦੇ ਰਾਹ ਤੇ ਚਲਦਿਆਂ ਪਹਿਲੇ ਸਮਿਆਂ ਵਾਂਗ ਹੀ ਤਨ ਮਨ ਧਨ ਗੁਰੂ ਨੂੰ ਅਰਪਣ ਕਰ ਦਿੱਤਾ। ਜੋ ਕੁਝ ਪੰਥ ਨੇ ਹੰਢਾਇਆ ਤੇ ਜਰਿਆ ਹੈ ਉਹ ਅਕਹਿ ਹੈ। ਪਹਿਲੀ ਕਿਤਾਬ ਇਹਨਾਂ ਹੀ ਰੂਹਾਂ ਨੂੰ ਸ਼ਰਧਾਂਜਲੀ ਦੇਣ ਦੀ ਕੋਸ਼ਿਸ਼ ਹੈ ਜਿਨ੍ਹਾਂ ਦੇ ਅਮਲ ਬਹੁਤ ਵੱਡੇ ਸਨ। ਦੁਨੀਆ ਦੇ ਇਤਿਹਾਸ ਵਿਚ ਭਾਵੇਂ ਉਹਨਾਂ ਦਾ ਨਾਂ ਦਰਜ ਨਾ ਹੋ ਸਕੇ ਪਰ ਉਹ ਪੰਥ ਦੀ ਅਰਦਾਸ ਦਾ ਹਿੱਸਾ ਬਣ ਗਏ ਹਨ।

ਇਹ ਤਸ਼ੱਦਦ ਤੇ ਜਲਾਲਤ ਦੇ ਮਾਹੌਲ ਵਿਚ ਬਹੁਤ ਸਿੰਘ ਸਿੰਘਣੀਆਂ ਇਹੋ

ਜਿਹੇ ਸਨ ਜਿਹੜਿਆਂ ਨੇ ਬੜੀ ਸ਼ਾਨ ਨਾਲ ਇਹਦਾ ਮੁਕਾਬਲਾ ਕੀਤਾ। ਕਦੀ ਵੀ ਸਿੰਘਾਂ ਦੇ ਸਾਥ ਤੋਂ ਮੂੰਹ ਨਹੀਂ ਮੋੜਿਆ। ਸੁਰਿੰਦਰਪਾਲ ਸਿੰਘ ਠਰੂਆ ਦੁਸ਼ਮਣ ਦੀ ਗੁਪਤ ਕੈਦ ਵਿਚ ਢਾਈ ਸਾਲ ਰਿਹਾ ਤੇ ਗੁਰੂ ਦੀ ਕਿਰਪਾ ਨਾਲ ਸਹੀ ਸਲਾਮਤ ਵਾਪਸ ਆ ਗਿਆ ਤੇ ਫਿਰ ਜੇਲ੍ਹ ਭੇਜ ਦਿੱਤਾ ਗਿਆ। ਜੇਲ੍ਹ ਤੋਂ ਬਾਹਰ ਆ ਕੇ ਕਈ ੧੫ ਸਾਲ ਮੁੜ ਸੰਘਰਸ਼ ਨੂੰ ਨਵੇਂ ਹਾਲਤ ਮੁਤਾਬਿਕ ਜਥੇਬੰਦ ਕਰਦਾ ਰਿਹਾ। ਇਹ ਪੰਜਾਬੀ ਯੂਨੀਵਰਸਿਟੀ ਵਿਚ ਐਮਏ ਇਤਿਹਾਸ ਦਾ ਵਿਦਿਆਰਥੀ ਸੀ ਤੇ ਅਵਤਾਰ ਸਿੰਘ ਦਾਊਮਾਜਰਾ ਰਾਹੀਂ ਸਾਡੇ ਸੰਪਰਕ ਵਿਚ ਆਇਆ ਸੀ। ਆਪਣੇ ਦ੍ਰਿੜ੍ਹ ਸੰਕਲਪ ਅਤੇ ਬੁਲੰਦ ਕਿਰਦਾਰ ਕਾਰਨ ਇਹ ਸਿੰਘ ਪੰਥਕ ਕਮੇਟੀ ਅਤੇ ਖਾੜਕੂ ਜਥੇਬੰਦੀਆਂ ਦੀ ਅਗਵਾਈ ਵਿਚ ਬਹੁਤ ਜਲਦ ਹੀ ਸਾਰਿਆਂ ਦਾ ਵਿਸ਼ਵਾਸਪਾਤਰ ਬਣ ਗਿਆ। ਖਾੜਕੂ ਸੰਘਰਸ਼ ਦੀ ਲਿਖਤ ਪੜ੍ਹਤ, ਸੰਚਾਰ ਅਤੇ ਰਣਨੀਤੀ ਦੀ ਜਿੰਮੇਵਾਰੀ ਅਵਤਾਰ ਸਿੰਘ ਹੁਰਾਂ ਨਾਲ ਨਿਭਾਉਣ ਲੱਗ ਪਿਆ। ਜਦੋਂ ੧੯੯੨-੯੩ ਵਿਚ ਇਹ ਫੜਿਆ ਗਿਆ ਤਾਂ ਏਜੰਸੀਆਂ ਨੂੰ ਪਤਾ ਸੀ ਕਿ ਉਹ ਸੰਘਰਸ਼ ਦੇ ਕੇਂਦਰੀ ਆਗੂਆਂ ਨੂੰ ਜਾਣਦਾ ਹੈ ਅਤੇ ਇਹਦੇ ਕੋਲ ਬਹੁਤ ਭੇਤ ਹਨ। ਉਸ ਉਤੇ ਤਸ਼ੱਦਦ ਦਾ ਲੰਮਾ ਦੌਰ ਸ਼ੁਰੂ ਹੋਇਆ ਜੋ ਲਗਭਗ ਢਾਈ ਸਾਲ ਚਲਦਾ ਰਿਹਾ। ਇਹਨੂੰ ਕਈ ਵਾਰ ਮਰਨ ਵਾਲੀ ਹਾਲਤ ਵਿਚ ਪਹੁੰਚਾਇਆ ਗਿਆ। ਬਹੁਤ ਲਾਲਚ ਦਿੱਤੇ ਗਏ ਅਤੇ ਦਿਮਾਗ ਨੂੰ ਕਾਬੂ ਕਰਨ ਦੇ ਤਰੀਕੇ ਵੀ ਅਪਨਾਏ ਗਏ ਪਰ ਇਸ ਉਪਰ ਗੁਰੂ ਦੀ ਕਿਰਪਾ ਰਹੀ ਤੇ ਉਹ ਅਡੋਲ ਨਿਤਰਿਆ।

ਇਹਦੇ ਮਿੱਤਰਾਂ ਦਾ ਘੇਰਾ ਬਹੁਤ ਵੱਡਾ ਸੀ, ਜਿਨ੍ਹਾਂ ਨੇ ਇਸਨੂੰ ਬਚਾਉਣ ਦੀ ਕੋਸ਼ਿਸ਼ ਕੀਤੀ। ਰੱਖਣ ਵਾਲਾ ਤਾਂ ਪਰਮਾਤਮਾ ਹੈ ਬਾਕੀ ਤਾਂ ਸਬੱਬ ਬਣਦੇ ਹਨ। ਇਹ ਸਿੰਘ ਨੂੰ ਤਿੰਨ ਵਾਰ ਮੁਕਾਬਲਾ ਬਣਾ ਕੇ ਮਾਰਨ ਲਈ ਲਿਜਾਇਆ ਗਿਆ ਪਰ ਤਿੰਨੇ ਵਾਰ ਹੀ ਕਿਸੇ ਨਾ ਕਿਸੇ ਸਬੱਬ ਕਰਕੇ ਬਚ ਗਿਆ। ਇਸਨੇ ਕੋਈ ਹਮਲਾ ਨਹੀਂ ਕੀਤਾ ਸੀ ਜਿਸ ਕਰਕੇ ਆਖਰ ਇਹਨੂੰ ਮੁਕਦਮਾ ਪਾ ਕੇ ਜੇਲ੍ਹ ਭੇਜ ਦਿੱਤਾ ਗਿਆ। ਜਦੋਂ ਅਸੀਂ ਫੜੇ ਗਏ ਤਾਂ ਇਹ ਜੇਲ੍ਹ ਵਿਚ ਹੀ ਸੀ। ਜਦੋਂ ਜੇਲ੍ਹ ਵਿਚ ਗਏ ਤਾਂ ਇਹਨੇ ਸਾਨੂੰ ਸੰਘਰਸ਼ ਦੀਆਂ ਸਹੀ ਸਲਾਮਤ ਪਈਆਂ ਅਮਾਨਤਾਂ ਬਾਰੇ ਦੱਸਿਆ। ਇਸ ਤਰ੍ਹਾਂ ਹੋਰ ਵੀ ਅਜਿਹੀਆਂ ਬੁਲੰਦ ਰੂਹਾਂ ਹੋਣਗੀਆਂ, ਜਿਨ੍ਹਾਂ ਨੇ ਪੰਥ ਦੀਆਂ ਅਮਾਨਤਾਂ ਨੂੰ ਇਸ ਤਰ੍ਹਾਂ ਸੰਭਾਲ ਕੇ ਰੱਖਿਆ। ਉਹ ਭਾਵੇਂ ਵਾਰ ਵਾਰ ਫੜੇ ਜਾਂਦੇ ਰਹੇ, ਤਸੀਹੇ ਅਤੇ ਜਲਾਲਤ ਝਲਦੇ ਰਹੇ ਪਰ ਸਿੰਘਾਂ ਲਈ ਆਪਣੇ ਘਰਾਂ ਅਤੇ ਦਿਲਾਂ ਦੇ ਬੂਹੇ ਖੁੱਲੇ ਹੀ ਰੱਖੇ। ਕਈ ਸਿੰਘ ਤਾਂ ਵਾਰ ਵਾਰ ਤਸ਼ੱਦਦ ਹੋਣ ਨਾਲ ਤਸੀਹੇਖਾਨਿਆਂ ਵਿਚ ਹੀ ਦਮ ਤੋੜ ਗਏ।

ਸ਼ਹਾਦਤ ਦੇ ਪਰਸੰਗ ਵਿਚ ਜਿਉਂਦੇ ਸਿੰਘਾਂ ਦਾ ਜਿਕਰ ਕਰਨਾ ਵਾਜਬ ਨਹੀਂ ਹੈ

ਪਰ ਉਹਨਾਂ ਨੇ ਅਤੇ ਉਹਨਾਂ ਦੇ ਪਰਿਵਾਰਾਂ ਨੇ ਵੀ ਸੰਘਰਸ਼ ਦੇ ਰਾਹ ਤੁਰਨ ਦੀ ਭਾਰੀ ਕੀਮਤ ਤਾਰੀ।

ਭਾਗ ਪੰਜਵਾਂ

ਸ਼ਹਾਦਤ ਦੇ ਰਾਹ ਰੂਪ

ਪਾਠ : ੧੩

ਗੁਰਬਾਣੀ ਅਤੇ ਸਿੱਖ ਅਮਲ

ਜੰਗ ਨੂੰ ਸਮਰਪਿਤ ਸਿੰਘ ਪਾਠ ਅਤੇ ਸਿਮਰਨ ਬਹੁਤ ਕਰਦੇ ਸਨ। ਉਸ ਵੇਲੇ ਇਹ ਗੁਰੂ ਦੀ ਬਖਸ਼ਿਸ਼ ਹੀ ਸੀ ਕਿ ਨਿਤਨੇਮ ਬਹੁਤ ਬਾਣੀਆਂ ਦੇ ਹੁੰਦੇ ਸਨ। ਸਹਿਜ ਪਾਠ ਵੀ ਬਹੁਤ ਲਗਨ ਨਾਲ ਹੁੰਦਾ ਸੀ। ਕਈ ਸਿੰਘ ਮਨ ਨੂੰ ਪਿਘਲਾਉਣ ਵਾਲਾ ਕੀਰਤਨ ਵੀ ਕਰਦੇ ਸਨ। ਅਨੋਖ ਸਿੰਘ ਬੱਬਰ, ਅਮਰਪਾਲ ਸਿੰਘ ਵਿਦੇਸ਼ੀ, ਨਵਨੀਤ ਸਿੰਘ ਤੇ ਬਾਬਾ ਸੁਰਿੰਦਰ ਸਿੰਘ ਨੂੰ ਮੈਂ ਕੀਰਤਨ ਕਰਦਿਆਂ ਸੁਣਿਆ ਹੈ।

ਉਸ ਵੇਲੇ ਸਿੰਘਾਂ ਦਾ ਅਤੇ ਓਹਨਾਂ ਦਾ ਸਾਥ ਦੇਣ ਵਾਲੇ ਲੋਕਾਂ ਦਾ ਆਪਸੀ ਲਗਾਉ ਬਹੁਤ ਡੂੰਘਾ ਸੀ। ਇਕ ਦੂਜੇ ਲਈ ਜਾਨ ਵਾਰ ਦੇਣੀ ਕੋਈ ਕਹਿਣ ਦੀ ਗੱਲ ਨਹੀਂ ਸੀ, ਇਹ ਤਾਂ ਨਿੱਤ ਵਾਪਰਦੀ ਹਕੀਕਤ ਸੀ। ਸਿੰਘਾਂ ਵਿਚ ਬੀਬੀਆਂ ਭੈਣਾਂ ਨਾਲ ਰਿਸ਼ਤੇ ਬੜੇ ਪਾਕ-ਸਾਫ ਸਨ। ਉਦੋਂ ਸੰਘਰਸ਼ ਨਾਲ ਜੁੜੇ ਲੋਕਾਂ ਦਾ ਅਤੇ ਓਹਨਾਂ ਦੇ ਆਲੇ ਦੁਆਲੇ ਵਿਚ ਵੀ ਦੁਨੀਆ ਤੇ ਇਹਦੇ ਪਦਾਰਥਾਂ ਨਾਲ ਮੋਹ ਘਟ ਗਿਆ ਸੀ। ਨਸ਼ਿਆਂ ਦਾ ਸੇਵਨ ਮਨਾਹੀ ਨਾਲ ਵੀ ਘਟਿਆ ਪਰ ਓਦੋਂ ਲੋਕਾਂ ਦੀ ਸੁਰਤ ਦੇ ਹਿਸਾਬ ਨਾਲ ਵੀ ਘਟ ਗਿਆ ਸੀ। ਰਸਮਾਂ ਰਿਵਾਜਾਂ ਦਾ ਵਿਖਾਵਾ ਵੀ ਘਟ ਗਿਆ ਸੀ। ਉਦੋਂ ਖੁਸ਼ੀ ਮੌਕੇ ਲੋਕ ਬਹੁਤੀ ਖੁਸ਼ੀ ਅਤੇ ਗਮੀ ਵੇਲੇ ਬਹੁਤੇ ਦੁਖ ਨਹੀਂ ਮਨਾਉਂਦੇ ਸਨ। ਉਦੋਂ ਸਿੱਖੀ ਸਰੂਪ ਵਾਲੇ ਅਣਜਾਣ ਵੀ ਆਪਸ ਵਿਚ ਮਿਲਦੇ ਸਨ ਤਾਂ ਬਿਨ ਬੋਲਿਆਂ ਸਿੱਖ ਸਰੂਪ ਰਾਹੀਂ ਹੀ ਡੂੰਘੀ ਸਾਂਝ ਦਾ ਅਹਿਸਾਸ ਹੁੰਦਾ ਸੀ ਜਾਂ ਕਹਿ ਲਓ ਕਿ ਸਾਰਿਆਂ ਦਾ ਇਕ ਸਾਂਝਾ ਦਰਦ ਸੀ, ਇਕ ਸਾਂਝੀ ਉਮੰਗ ਅਤੇ ਅਣਕਿਹਾ ਭੇਤ ਸੀ।

ਉਸ ਸਮੇਂ ਸਿੱਖਾਂ ਦੇ ਔਸਤਨ ਕਿਰਦਾਰ ਉਤਾਂਹ ਵੱਲ ਚੁੱਕੇ ਗਏ ਸਨ। ਸਮੇਂ ਦਾ ਕੋਈ ਜੋਰ ਅਤੇ ਇਤਿਹਾਸ ਦੀ ਖਿੱਚ ਦਾ ਅਸਰ ਓਹਨਾਂ ਉਤੇ ਸਦਾ ਰਹਿੰਦਾ ਸੀ। ਇਥੋਂ ਤੱਕ ਕਿ ਨੌਜਵਾਨਾਂ ਦੀ ਤੋਰ ਵਿਚ ਤਬਦੀਲੀ ਆ ਗਈ ਸੀ। ਮੈਂ ਹੁਣ ਦੇ ਸਿੱਖ ਨੌਜਵਾਨ ਵੇਖਦਾ ਹਾਂ ਤਾਂ ਵੱਡਾ ਅੰਤਰ ਓਹਨਾਂ ਦੀ ਤੋਰ ਰਾਹੀਂ ਹੀ ਮਹਿਸੂਸ ਹੁੰਦਾ ਹੈ। ਸਾਦਗੀ ਅਤੇ ਸਹਿਜ ਹੁਣ ਕਿਤੇ ਕਿਤੇ ਹੀ ਵਿਖਾਈ ਦਿੰਦਾ ਹੈ। ਉਸ ਵਕਤ

ਨੌਜਵਾਨਾਂ, ਖਾਸ ਕਰਕੇ ਸੰਘਰਸ਼ ਨਾਲ ਜੁੜੇ ਨੌਜਵਾਨਾਂ ਦੇ ਚਿਹਰੇ ਲਾਲੀ ਨਾਲ ਭਖਦੇ ਹੁੰਦੇ ਸਨ। ਓਹਨਾਂ ਦੀਆਂ ਅੱਖਾਂ ਵਿਚ ਜੀਵਨ ਦਾ ਚਾਉ ਸੀ। ਓਹਨਾਂ ਦੀ ਗੱਲਬਾਤ ਤੇ ਤੋਰ ਵਿਚ ਅਜੀਬ ਬੇਪਰਵਾਹੀ ਦੀ ਝਲਕ ਸੀ। ਓਹਨਾਂ ਦੇ ਜਿਸਮਾਂ ਵਿਚੋਂ ਆਜਾਦੀ ਮਹਿਕਦੀ ਸੀ। ਮੈਨੂੰ ਇੰਞ ਲੱਗਦਾ ਹੈ ਜਿਵੇਂ ਉਸ ਵਕਤ ਸਿੱਖ ਜਵਾਨ ਤਕੜੇ ਅਤੇ ਸੋਹਣੇ ਹੋ ਗਏ ਸਨ, ਓਹਨਾਂ ਉਤੇ ਪੰਥਕ ਸੁਰਤ ਦੀ ਬਹਾਰ ਆਈ ਹੋਵੇ।

ਇਹ ਸਾਰੀ ਸਿਫਤੀ ਤਬਦੀਲੀ ਇਸ ਕਰਕੇ ਆਈ ਸੀ ਕਿ ਲੋਕ ਆਪਣੇ ਅਸਲ ਜੀਵਨ ਵੱਲ ਪਰਤ ਰਹੇ ਸਨ। ਉਹ ਸਮੇਂ ਵਿਚ ਇਕ ਵੱਡਾ ਸੱਚ ਰਵਾਂ ਸੀ ਜਿਸ ਨਾਲ ਜੁੜਕੇ ਲੋਕ ਅਸਲੋਂ ਹੋਰ ਹੋਈ ਜਾ ਰਹੇ ਸਨ। ਜੰਗ ਅਤੇ ਸ਼ਹਾਦਤ ਰਾਹੀਂ ਅਸੀਂ ਸਿੱਖ ਯਾਦ ਅਤੇ ਸਿੱਖ ਇਤਿਹਾਸ ਨੂੰ ਫਰੋਲ ਰਹੇ ਸਾਂ। ਇਹ ਗਜਬ ਦੇ ਨਜਾਰੇ ਵਿਚ ਦੁਨੀਆ ਦੇ ਗਿਆਨ ਅਤੇ ਦੁਨੀਆ ਦੀਆਂ ਚੀਜਾਂ ਦੇ ਮਾਅਨੇ ਬਦਲ ਗਏ ਸਨ। ਦੁਨੀਆ ਦੇ ਭਾਰੂ ਮਾਅਨੇ ਸਿੱਖਾਂ ਦੇ ਹਿਸਾਬ ਨਾਲ ਬੇਮਾਅਨਾ ਹੋ ਗਏ ਸਨ। ਓਹਨਾਂ ਦਿਨਾਂ ਵਿਚ ਅਸੀਂ ਜਦੋਂ ਖਤਰਿਆਂ ਸੰਗ ਜੂਝਦੇ ਸਾਂ ਜਾਂ ਕਿਸੇ ਆਹਮਣੇ ਸਾਹਮਣੇ ਦੌਰਾਨ ਜੂਝਦੇ ਸਾਂ ਤਾਂ ਇੰਞ ਪਰਤੀਤ ਹੁੰਦਾ ਸੀ ਜਿਵੇਂ ਕੋਈ ਅਦਿਖ ਸ਼ਕਤੀ ਸਾਡਾ ਸਾਥ ਦੇ ਰਹੀ ਹੈ ਜਾਂ ਸਾਡੇ ਲਈ ਰਾਹ ਖੋਲ੍ਹ ਰਹੀ ਹੈ। ਖਾੜਕੂ ਸੰਘਰਸ਼ ਵਿਚ ਇਹ ਆਮ ਹੀ ਕਿਹਾ ਜਾਂਦਾ ਸੀ ਕਿ ਫਲਾਣੇ ਸਿੰਘ ਉਤੇ ਸ਼ਹੀਦੀ ਪਹਿਰਾ ਹੈ। ਸ਼ੁਰੂ ਵਿਚ ਮੈਨੂੰ ਇਹ ਗੱਲ ਦੀ ਸਮਝ ਨਹੀਂ ਆਉਂਦੀ ਸੀ ਕਿ ਇਹਦਾ ਅਸਲ ਮਤਲਬ ਕੀ ਹੈ? ਇਹਦਾ ਮਤਲਬ ਉਹ ਸਿੰਘ ਦੇ ਦਲੇਰ ਹੋਣ ਦਾ ਹੈ ਜਾਂ ਉਹਦੀ ਸ਼ਹਾਦਤ ਨੇੜੇ ਹੋਣ ਦਾ। ਇਹ ਗੱਲ ਕਈ ਵਾਰ ਮੈਂ ਆਪ ਵੇਖੀ ਸੀ ਕਿ ਕਈ ਸਿੰਘਾਂ ਦੇ ਚਿਹਰੇ ਐਨੇ ਰੌਸ਼ਨ ਹੁੰਦੇ ਸਨ ਕਿ ਓਹਨਾਂ ਵਿਚ ਸ਼ਹਾਦਤ ਦੀ ਭਾਅ ਲਿਸ਼ਕਦੀ ਸੀ। ਹੁਣ ਮੈਨੂੰ ਪਤਾ ਹੈ ਕਿ ਇਹ ਬਰਕਤ ਬਹੁਤ ਸਿੰਘਾਂ ਦੇ ਅੰਗ ਸੰਗ ਹੁੰਦੀ ਸੀ।

ਡਾਕਟਰ ਸੋਹਣ ਸਿੰਘ ਅਤੇ ਚਰਨਜੀਤ ਸਿੰਘ ਤਲਵੰਡੀ ਬਾਰੇ ਇਹ ਮਸ਼ਹੂਰ ਸੀ ਕਿ ਉਹ ਸਿੰਘਾਂ ਦੇ ਚਿਹਰੇ ਵੇਖ ਕੇ ਦੱਸ ਦਿੰਦੇ ਸਨ ਕਿ ਇਸ ਵਿਚੋਂ ਸ਼ਹਾਦਤ ਦਾ ਸੇਕ ਆ ਰਿਹਾ ਹੈ, ਇਹਨੇ ਬਹੁਤਾ ਚਿਰ ਜਿਉਂਦਾ ਨਹੀਂ ਰਹਿਣਾ। ਕਾਫੀ ਵਾਰ ਇਸੇ ਤਰ੍ਹਾਂ ਹੀ ਹੋਇਆ। ਚਰਨਜੀਤ ਸਿੰਘ ਤਲਵੰਡੀ ਨੂੰ ਤਾਂ ਅਸੀਂ ਰੋਕ ਦਿੱਤਾ ਸੀ ਕਿ ਅੱਗੇ ਤੋਂ ਕਿਸੇ ਸਿੰਘ ਬਾਰੇ ਇਸ ਤਰ੍ਹਾਂ ਦਾ ਵਚਨ ਨਹੀਂ ਕਹਿਣਾ ਕਿਉਂਕਿ ਪਿਛਲੇ ਸਮੇਂ ਵਿਚ ਉਹਨੇ ਜਿਸ ਵੀ ਸਿੰਘ ਬਾਰੇ ਕਿਹਾ ਉਹ ਸਾਡੇ ਨਾਲ ਬਹੁਤਾ ਚਿਰ ਨਾ ਰਿਹਾ। ਇਕ ਵਾਰ ਨਵਾਂਸ਼ਹਿਰ ਦੇ ਕਿਸੇ ਪਿੰਡ ਵਿਚ ਚਰਨਜੀਤ ਸਿੰਘ ਤਲਵੰਡੀ, ਬਾਬਾ ਸੁਰਿੰਦਰ ਸਿੰਘ, ਮੈਂ ਅਤੇ ਬਾਬਾ ਗੁਰਨਾਮ ਸਿੰਘ ਅਸੀਂ ਇਕੱਠੇ ਸਾਂ, ਓਥੇ ਗੁਰਨਾਮ ਸਿੰਘ ਦਾਬਾਂਵਾਲੀ ਦਾ ਇਕ ਸਿੰਘ ਟਰੈਕਟਰ-ਟਰਾਲੀ ਤੇ ਸਾਡੇ ਕੋਲ ਆਇਆ ਜਿਸਨੂੰ

ਅਸੀਂ ਕੁਝ ਸਮਾਨ ਅਤੇ ਪੈਸੇ ਦੇਣੇ ਸਨ। ਪੈਸੇ ਅਤੇ ਸਮਾਨ ਅਸੀਂ ਉਹਦੇ ਸੰਦਾਂ ਵਿਚ ਸੁਆਰ ਕੇ ਲੁਕਾ ਦਿੱਤੇ। ਜੋ ਸਮਾਨ ਲੈਣ ਆਇਆ ਸੀ ਉਹ ੧੭-੧੮ ਸਾਲ ਦਾ ਅਣਦਾਹੜੀਆ ਨੌਜਵਾਨ ਸੀ। ਉਹ ਰੂਪੋਸ਼ ਵੀ ਨਹੀਂ ਸੀ। ਉਹਦੇ ਜਾਣ ਤੋਂ ਬਾਅਦ ਚਰਨਜੀਤ ਸਿੰਘ ਨੇ ਕਿਹਾ ਇਹ ਸਿੰਘ ਸ਼ਹਾਦਤ ਦੇ ਬਹੁਤ ਨੇੜੇ ਹੈ। ਅਸੀਂ ਉਹਦੀ ਗੱਲ ਨੂੰ ਗੌਲਿਆ ਨਹੀਂ ਪਰ ਬਾਅਦ ਵਿਚ ਪਤਾ ਲੱਗਿਆ ਉਹ ਸਿੰਘ ਨੂੰ ਜਾਂਦਿਆਂ ਹੀ ਗੋਬਿੰਦ ਰਾਮ ਨੇ ਚੁੱਕ ਲਿਆ ਅਤੇ ਅਸਲਾ ਫੜਿਆ ਗਿਆ। ਉਹਨੂੰ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਪਰ ਉਹਨੇ ਸਾਰਾ ਕੁਝ ਕਿਥੋਂ ਲਿਆ ਹੈ ਅਤੇ ਕਿਥੇ ਲੈ ਕੇ ਜਾਣਾ ਸੀ ਇਸ ਬਾਰੇ ਕੁਝ ਵੀ ਨਾ ਦੱਸਿਆ।

ਅਸਲ ਗੱਲ ਇਹੋ ਹੈ ਕਿ ਸਿੱਖ ਦਾ ਜੰਗ ਅਤੇ ਸ਼ਹਾਦਤ ਨਾਲ ਬਹੁਤ ਡੂੰਘਾ ਸਬੰਧ ਹੈ। ਇਹ ਵਰਤਾਰੇ ਪਾਠ ਸਿਮਰਨ ਰਾਹੀਂ ਉਹਦੇ ਕਿਰਦਾਰ ਵਿਚ ਓਤ ਪੋਤ ਹੁੰਦੇ ਹਨ। ਜਿਵੇਂ ਸਿਮਰਨ ਨਾਲ ਲਿਵ ਜੁੜਦੀ ਹੈ ਉਵੇਂ ਸ਼ਹਾਦਤ ਵਿਚ ਵੀ ਸਿੱਖ ਆਪਣੇ ਅਸਲੇ ਨੂੰ ਛੂੰਹਦਾ ਹੈ। ਇਸ ਤਰ੍ਹਾਂ ਸਿੱਖ ਆਪਣੇ ਅਸਲੇ ਨੂੰ ਦੋਵਾਂ ਰੂਪਾਂ ਵਿਚ ਹੀ ਪਰਾਪਤ ਕਰਦਾ ਹੈ। ਸ਼ਹਾਦਤ ਵਾਲੀ ਜੰਗ ਹਰ ਸਮੇਂ ਨਹੀਂ ਲੜੀ ਜਾ ਸਕਦੀ ਕਿਉਂਕਿ ਇਹਦੇ ਵਿਚ ਪੰਥ ਦੀ ਸਾਂਝੀ ਸੁਰਤ ਦੀ ਪਰਵਾਨਗੀ ਹੁੰਦੀ ਹੈ ਜਿਸ ਵਿਚ ਅਣਗਿਣਤ ਸਿਦਕੀ ਅਤੇ ਕਿਰਤੀ ਸਿੱਖਾਂ ਦੀ ਖਾਮੋਸ਼ ਅਰਦਾਸ ਅਤੇ ਨਾਮ ਬਾਣੀ ਦੀ ਲਿਵ ਦਾ ਆਸਰਾ ਹੁੰਦਾ ਹੈ।

ਜੇਲ੍ਹਾਂ ਵਿਚੋਂ ਕੱਢ ਕੇ ਸ਼ਹੀਦ ਕਰਨ ਦਾ ਵਰਤਾਰਾ

ਹੁਣ ਬਹੁਤੇ ਲੋਕਾਂ ਨੂੰ ਇਹੋ ਜਿਹੀਆਂ ਗੱਲਾਂ ਉਤੇ ਯਕੀਨ ਨਹੀਂ ਆਏਗਾ ਕਿ ਉਸ ਵੇਲੇ ਪੁਲਿਸ ਸਿੰਘਾਂ ਨੂੰ ਅਦਾਲਤੀ ਹੁਕਮਾਂ ਨਾਲ ਜੇਲ੍ਹ ਵਿਚੋਂ ਤਫਤੀਸ਼ ਉਤੇ ਲਿਆ ਕੇ ਮਾਰ ਦਿੰਦੀ ਸੀ। ਉਦੋਂ ਇਹ ਰੋਜ-ਮਰਾ ਦੀਆਂ ਗੱਲਾਂ ਸਨ ਅਤੇ ਆਮ ਵਰਤਾਰਾ ਸੀ। ਪੁਲਿਸ ਵਾਲੇ ਜੇਲ੍ਹਾਂ ਵਿਚੋਂ ਕੈਦੀਆਂ ਨੂੰ ਕਿਸੇ ਮੁਕਦਮੇ ਦੀ ਤਫਤੀਸ਼ ਲਈ ਅਦਾਲਤੀ ਹੁਕਮਾਂ ਨਾਲ ਲੈ ਕੇ ਜਾਂਦੇ ਸਨ ਪਰ ਉਹ ਕੈਦੀ ਕਦੀ ਮੁੜ ਕੇ ਵਾਪਸ ਨਹੀਂ ਸਨ ਆਉਂਦੇ ਤੇ ਉਹ ਸਦਾ ਲਈ ਗੁੰਮ ਹੋ ਜਾਂਦੇ ਸਨ। ਜਿਆਦਾਤਰ ਕਹਾਣੀ ਇੰਞ ਹੁੰਦੀ ਸੀ ਕਿ ਫਲਾਣਾ-ਫਲਾਣਾ ਖਾੜਕੂ, ਜਿਸ ਨੂੰ ਜੇਲ੍ਹ ਵਿਚੋਂ ਤਫਤੀਸ਼ ਲਈ ਲਿਆਂਦਾ ਸੀ ਜਦੋਂ ਉਸ ਨੂੰ ਹਥਿਆਰਾਂ ਦੀ ਬਰਾਮਦਗੀ ਲਈ ਲਿਜਾਇਆ ਜਾ ਰਿਹਾ ਸੀ ਤਾਂ ਰਸਤੇ ਵਿੱਚ ਖਾੜਕੂਆਂ ਨੇ ਪੁਲਿਸ ਦਸਤੇ ਉਤੇ ਘਾਤ ਲਾ ਕੇ ਹਮਲਾ ਕੀਤਾ ਅਤੇ ਆਪਣੇ ਸਾਥੀ ਨੂੰ ਛੁਡਾ ਕੇ ਲੈ ਗਏ।

ਇਹ ਕਹਾਣੀ ਦਾ ਸਭ ਨੂੰ ਪਤਾ ਸੀ ਕਿ ਅਜਿਹੇ ਹਮਲਿਆਂ ਵਿਚ ਕਦੀ ਕੋਈ ਪੁਲਿਸ ਵਾਲਾ ਜਖਮੀ ਨਹੀਂ ਹੁੰਦਾ ਸੀ ਅਤੇ ਨਾ ਹੀ ਕੋਈ ਮਰਦਾ ਸੀ। ਭੱਜਣ ਵਾਲਾ ਸਿੰਘ ਜੋ ਪੁਲਿਸ ਦਾ ਕੁੱਟਿਆ ਭੰਨਿਆ ਅਤੇ ਬੰਨ੍ਹਿਆ ਹੁੰਦਾ ਸੀ, ਉਹ ਕਦੇ ਵੀ ਫੜ ਨਹੀਂ ਹੁੰਦਾ ਸੀ। ਗੱਲ ਏਥੇ ਹੀ ਮੁੱਕ ਜਾਂਦੀ ਸੀ। ਏਦਾਂ ਮਾਰੇ ਗਏ ਸਿੰਘਾਂ ਦੇ ਕਈ ਮਾਮਲਿਆਂ ਵਿੱਚ ਹਾਈ ਕੋਰਟ ਵਿਚ ਵੀ ਅਰਜੀਆਂ ਲੱਗੀਆਂ ਸਨ, ਪਰ ਉਥੇ ਵੀ ਕੁਝ ਨਹੀਂ ਹੋਇਆ ਸੀ। ਉਸ ਵਕਤ ਸਭ ਨੂੰ ਪਤਾ ਸੀ ਕਿ ਜਦੋਂ ਕਿਸੇ ਨੂੰ ਜੇਲ੍ਹ 'ਚੋਂ ਤਫਤੀਸ਼ ਲਈ ਲਿਜਾਇਆ ਜਾਂਦਾ ਹੈ ਤਾਂ ਉਸ ਉਪਰ ਅੰਨ੍ਹਾ ਤਸ਼ੱਦਦ ਹੋਵੇਗਾ ਤੇ ਫਿਰ ਉਸ ਨੂੰ ਮਾਰ ਕੇ ਖਪਾ ਦਿੱਤਾ ਜਾਵੇਗਾ। ਸਭਿਅਕ ਕਹੇ ਜਾਂਦੇ ਸਮਾਜ ਤੇ ਸਰਕਾਰ ਦਾ ਕੋਈ ਵੀ ਹਿੱਸਾ ਇਸ ਪ੍ਰਤੀ ਵਿਰੋਧ ਨਹੀਂ ਸੀ ਕਰਦਾ। ਸਭ ਮੂਕ ਦਰਸ਼ਕ ਬਣੇ ਹੋਏ ਸਨ।

ਇਹ ਕੋਈ ਵਿਰਲਾ-ਟਾਂਵਾਂ ਮਾਮਲਾ ਨਹੀਂ ਸੀ, ਸਗੋਂ ਇਸ ਤਰੀਕੇ ਨਾਲ ਸੈਂਕੜੇ

ਸਿੰਘਾਂ ਨੂੰ ਜੇਲ੍ਹਾਂ ਵਿਚੋਂ ਲਿਜਾ ਕੇ ਮਾਰਿਆ ਗਿਆ ਅਤੇ ਭੱਜ ਜਾਣ ਦਾ ਨਾਟਕ ਰਚਿਆ ਗਿਆ। ਸਭ ਤੋਂ ਜਿਆਦਾ ਮਾਮਲੇ ਨਾਭੇ ਅਤੇ ਸੰਗਰੂਰ ਜੇਲ੍ਹਾਂ ਵਿਚੋਂ ਵਾਪਰੇ ਸਨ। ਇਹ ਨੰਗੀ ਚਿੱਟੀ ਹਕੀਕਤ ਹੈ ਕਿ ਉਸ ਵੇਲੇ ਪੰਜਾਬ ਦੀਆਂ ਹੋਰ ਜੇਲ੍ਹਾਂ, ਦਿੱਲੀ ਤੇ ਦੇਸ਼ ਦੇ ਹੋਰ ਸੂਬਿਆਂ ਦੀਆਂ ਜੇਲ੍ਹਾਂ ਚੋਂ ਵੀ ਇਸ ਤਰ੍ਹਾਂ ਸਿੰਘਾਂ ਨੂੰ ਅਦਾਲਤੀ ਹੁਕਮਾਂ ਨਾਲ ਤਫਤੀਸ਼ ਉਤੇ ਲਿਆ ਕੇ ਅਲੋਪ ਕਰ ਦਿੱਤਾ ਗਿਆ ਸੀ।

ਨਾਭੇ ਜੇਲ੍ਹ ਦੀ ਕੈਦ ਵਿੱਚ ਮੈਨੂੰ ਅਨੇਕਾਂ ਹੀ ਸਿੰਘ ਮਿਲੇ ਜਿਨ੍ਹਾਂ ਨੇ ਇਹੋ ਜਿਹੀਆਂ ਕਹਾਣੀਆਂ ਸੁਣਾਈਆਂ। ਜੇਲ੍ਹ ਦੇ ਮੁਲਾਜਮ ਅਤੇ ਪਰਬੰਧਕ ਵੀ ਇਹ ਵਰਤਾਰੇ ਬਾਰੇ ਬਹੁਤ ਕੁਝ ਜਾਣਦੇ ਸਨ। ਨਾਭੇ ਜੇਲ੍ਹ ਵਿੱਚੋਂ ਹੀ ਘੱਟੋ-ਘੱਟ ੫੦ ਦੇ ਕਰੀਬ ਸਿੰਘਾਂ ਨੂੰ ਇਸ ਤਰ੍ਹਾਂ ਲਿਜਾ ਕੇ ਸ਼ਹੀਦ ਕੀਤਾ ਗਿਆ। ਤਰੀਕਾਕਾਰ ਇੱਕੋ ਹੀ ਹੁੰਦਾ ਸੀ ਕਿ ਪੁਲਿਸ ਵਾਲੇ ਅਦਾਲਤ ਤੋਂ ਤਫਤੀਸ਼ ਦੀ ਮਨਜ਼ੂਰੀ ਵਾਲੇ ਕਾਗਜ ਦੇ ਜਾਂਦੇ ਸਨ। ਜੇਲ੍ਹ ਵਾਲੇ ਅੱਗੋਂ ਉਹ ਬੰਦੇ ਨੂੰ ਸੂਚਿਤ ਕਰ ਦਿੰਦੇ ਸਨ।

ਓਹਨਾਂ ਵੇਲਿਆਂ ਵਿੱਚ ਪਹਿਲਾਂ ਤਾਂ ਪੁਲਿਸ ਵਾਲੇ ਵਿਰਲੇ ਟਾਵੇਂ ਸਿੰਘਾਂ ਨੂੰ ਹੀ ਕੇਸ ਪਾ ਜੇਲ੍ਹ ਭੇਜਦੇ ਸਨ। ਇਹ ਵੀ ਕਈ ਵਾਰ ਘਰਦਿਆਂ ਦੇ ਪੁਲਿਸ ਉਤੇ ਰਾਜਸੀ ਦਬਾਅ ਪਾ ਕੇ ਜਾਂ ਰਿਸ਼ਵਤ ਦੇ ਕੇ ਆਪਣੇ ਪੁੱਤਰਾਂ ਦੀ ਹਾਸਲ ਕੀਤੀ ਜਿੰਦਗੀ ਹੁੰਦੀ ਸੀ। ਜੇਲ੍ਹਾਂ ਵਿਚ ਜਿਸ ਸਿੰਘ ਦੀ ਮੁੜ ਤਫਤੀਸ਼ ਦਾ ਹੁਕਮ ਆ ਗਿਆ ਉਸ ਦਾ ਮਤਲਬ ਹੁੰਦਾ ਸੀ ਕਿ ਫਲਾਣੀ ਤਰੀਕ ਨੂੰ ਉਹ ਬੰਦਾ ਸਦਾ ਲਈ ਦੁਨੀਆ ਨੂੰ ਅਲਵਿਦਾ ਕਹਿ ਦੇਵੇਗਾ। ਉਸ ਤੋਂ ਬਾਅਦ ਉਸ ਦਾ ਕੋਈ ਥਹੁ ਪਤਾ ਨਹੀਂ ਲੱਗੇਗਾ ਕਿ ਉਸ ਨਾਲ ਕੀ ਵਾਪਰ ਗਈ। ਕਿਹੋ ਜਿਹੇ ਨਰਕ ਵਿੱਚ ਦੀ ਉਹ ਲੰਘਦਾ ਹੈ ਅਤੇ ਕਿੰਨਾ ਕੁ ਚਿਰ ਇਵੇਂ ਰਹਿੰਦਾ ਅਤੇ ਆਖਰ ਨੂੰ ਉਹ ਕਿਵੇਂ ਅੰਤ ਤਕ ਅੱਪੜਦਾ ਹੈ, ਇਹ ਸਭ ਉਸ ਅਫਸਰ ਦੀ ਮਰਜੀ ਹੁੰਦੀ ਸੀ ਜੋ ਕਿਸੇ ਮੁਕਦਮੇ ਵਿਚ ਉਹਦੀ ਅਦਾਲਤੀ ਸਪੁਰਦਗੀ ਲੈਂਦਾ ਸੀ।

ਮੁੜ ਤਫਤੀਸ਼ ਦੇ ਹੁਕਮ ਆਉਣ ਤੋਂ ਬਾਅਦ ਸਿੰਘਾਂ ਕੋਲ ਥੋੜ੍ਹੇ ਹੀ ਰਾਹ ਬਚਦੇ ਸਨ। ਪਹਿਲਾ ਰਾਹ ਸੀ ਜੇ ਘਰ ਵਾਲੇ ਪੈਸੇ ਦਾ ਪ੍ਰਬੰਧ ਕਰ ਸਕਦੇ ਹੋਣ ਅਤੇ ਜੇ ਪੁਲਿਸ ਪੈਸਾ ਲੈਣ ਨੂੰ ਤਿਆਰ ਹੋਵੇ, ਤਾਂ ਇਹ ਰਿਸ਼ਵਤ ਦਿੱਤੀ ਜਾਂਦੀ ਸੀ ਪਰ ਜਿਨ੍ਹਾਂ ਸਿੰਘਾਂ ਨੂੰ ਪੁਲਿਸ ਨੇ ਮਾਰਨ ਦੀ ਠਾਣ ਲਈ ਹੁੰਦੀ ਸੀ ਉਥੇ ਪੈਸਾ ਵੀ ਨਹੀਂ ਸੀ ਚਲਦਾ। ਕਈ ਵਾਰ ਇਹ ਵਾਪਰਦਾ ਸੀ ਕਿ ਪੁਲਿਸ ਪੈਸੇ ਵੀ ਲੈ ਲੈਂਦੀ ਤੇ ਬੰਦਾ ਵੀ ਵਾਪਸ ਨਹੀਂ ਸੀ ਆਉਂਦਾ। ਪਰਿਵਾਰ ਕੋਲੋਂ ਦੋਵੇਂ ਹੀ ਚਲੇ ਜਾਂਦੇ ਸਨ। ਦੂਸਰਾ ਰਾਹ ਹੁੰਦਾ ਸੀ ਕਿ ਹਾਈ ਕੋਰਟ ਵਿੱਚ ਜਾ ਕੇ ਤੁਰੰਤ ਆਪਣੇ ਮੁੰਡੇ ਉਤੇ ਇੱਕ ਦਫਾ ਲਵਾਈ ਜਾਵੇ, ਜਿਸ ਨਾਲ ਉਸਨੂੰ ਕੋਈ ਜੇਲ੍ਹ ਤੋਂ ਬਾਹਰ ਨਾ ਲਿਜਾ ਸਕੇ। ਇਹ ਬੜਾ ਔਖਾ ਕੰਮ ਹੁੰਦਾ ਸੀ, ਪੈਸੇ ਤੇ ਵਕੀਲਾਂ ਦਾ ਖਰਚ ਤੇ ਫਿਰ ਅੱਗੋਂ ਜੱਜ ਦੀ ਮਰਜੀ। ਕਈ ਵਾਰ ਇਹ

ਰੋਕ ਲੱਗ ਜਾਂਦੀ ਸੀ ਤੇ ਬੰਦੇ ਬਚ ਜਾਂਦੇ ਸੀ।

ਬਹੁਤੀ ਥਾਈਂ ਪੁਲਿਸ ਵਲੋਂ ਪੇਸ਼ ਕਾਗਜ ਉਤੇ ਰੋਕ ਲਵਾਉਣ ਲਈ ਏਨੇ ਥੋੜ੍ਹੇ ਸਮੇਂ ਵਿਚ ਇਹ ਕੁਝ ਕਰਨਾ ਸੰਭਵ ਨਹੀਂ ਸੀ ਹੁੰਦਾ। ਜਦੋਂ ਤੱਕ ਮਾਪੇ ਅਦਾਲਤ ਕੋਲ ਕਾਗਜ ਲੈ ਕੇ ਆਉਂਦੇ ਪੁਲਿਸ ਵਾਲੇ ਬੰਦੇ ਨੂੰ ਜੇਲ੍ਹ ਚੋਂ ਲਿਜਾ ਚੁੱਕੇ ਹੁੰਦੇ ਸਨ। ਅੰਮ੍ਰਿਤਸਰ ਜੇਲ੍ਹ ਦੇ ਇੱਕ ਮੁਲਾਜਮ ਨੇ ਮੈਨੂੰ ਬੜੀ ਦੁਖਦਾਈ ਘਟਨਾ ਸੁਣਾਈ ਕਿ ਕਿਵੇਂ ਅੰਮ੍ਰਿਤਸਰ ਤੋਂ ਇੱਕ ਸਿੰਘ ਦਾ ਪਿਉ, ਜਦੋਂ ਹਾਈ ਕੋਰਟ ਦਾ ਹੁਕਮ ਲੈ ਕੇ ਜੇਲ੍ਹ ਵਿਚ ਪਹੁੰਚਿਆ ਤਾਂ ਉਸੇ ਵਕਤ ਮਾਲ ਮੰਡੀ ਥਾਣੇ ਵਾਲੇ ਉਸਦੇ ਮੁੰਡੇ ਨੂੰ ਜੇਲ੍ਹ ਤੋਂ ਬਾਹਰ ਲੈ ਜਾ ਰਹੇ ਸਨ। ਜਦੋਂ ਉਹਨੂੰ ਪਤਾ ਲੱਗਿਆ ਤਾਂ ਉਹ ਪੁਲਿਸ ਦੀ ਗੱਡੀ ਪਿੱਛੇ ਬਥੇਰਾ ਭੱਜਿਆ ਪਰ ਉਹ ਉਸਨੂੰ ਧੱਕਾ ਮਾਰ ਕੇ ਸੁੱਟ ਗਏ। ਕੁਲ ਕਾਨੂੰਨੀ ਚਾਰਾਜੋਈ ਕਰਨ ਮਗਰੋਂ ਵੀ ਉਹ ਬਜੁਰਗ ਦੇ ਮੁੰਡੇ ਨੂੰ ਉਸ ਦੀਆਂ ਅੱਖਾਂ ਦੇ ਸਾਹਮਣੇ ਲੈ ਗਏ। ਜਦੋਂ ਉਹ ਵਿਚਾਰਾ ਜੇਲ੍ਹ ਦੇ ਬੂਹੇ ਸਾਹਮਣੇ ਭੁੱਬਾਂ ਮਾਰ ਕੇ ਰੋ ਰਿਹਾ ਸੀ, ਉਹ ਸਮਾਂ ਨਹੀਂ ਭੁੱਲਦਾ।

ਪੁਲਿਸ ਤੋਂ ਬਚਣ ਦਾ ਇਕ ਹੋਰ ਰਾਹ ਵੀ ਹੁੰਦਾ ਸੀ ਕਿ ਜੇਲ੍ਹ ਦਾ ਡਾਕਟਰ ਬੰਦੇ ਨੂੰ ਬਿਮਾਰ ਕਰਕੇ ਆਪਣੇ ਕੋਲ ਭਰਤੀ ਕਰ ਲਵੇ। ਕਈ ਭਲੇ ਡਾਕਟਰ ਇਸ ਤਰ੍ਹਾਂ ਕਰ ਲੈਂਦੇ ਸਨ ਪਰ ਉਸ ਵਕਤ ਪੰਜਾਬ ਪੁਲਿਸ ਨਾਲ ਵੈਰ ਕੋਈ ਮਾਈ ਦਾ ਲਾਲ ਹੀ ਲੈਂਦਾ ਸੀ। ਜੇਲ੍ਹ ਦੇ ਅਫਸਰ ਤੇ ਮੁਲਾਜਮ ਕਈ ਵਾਰ ਕੈਦੀਆਂ ਦੀ ਮਦਦ ਕਰਦੇ ਸਨ, ਪਰ ਉਹ ਪੁਲਿਸ ਨੂੰ ਰੋਕ ਨਹੀਂ ਸੀ ਸਕਦੇ ਕਿਉਂਕਿ ਉਹ ਅਦਾਲਤੀ ਫੁਰਮਾਨ ਲੈ ਕੇ ਆਏ ਹੁੰਦੇ ਸਨ। ਇਕ ਜੇਲ੍ਹ ਦਰੋਗਾ ਨੇ ਮੈਨੂੰ ਦਸਿਆ ਕਿ ਉਸ ਵੇਲੇ ਜਿਹੜੇ ਸਿੰਘਾਂ ਲਈ ਪੁਲਿਸ ਅਦਾਲਤੀ ਫੁਰਮਾਨ ਲੈ ਕੇ ਆ ਜਾਂਦੀ ਸੀ ਤਾਂ ਉਹ ਕਿਸ ਤਰ੍ਹਾਂ ਓਹਨਾਂ ਦੇ ਘਰ ਵਾਲਿਆਂ ਅਤੇ ਮਨੁੱਖੀ ਅਧਿਕਾਰ ਵਾਲੇ ਵਕੀਲਾਂ ਤੱਕ ਨਿੱਜੀ ਸੁਨੇਹਾ ਪਹੁੰਚਾਉਂਦੇ ਸਨ ਕਿ ਕਿਸੇ ਤਰ੍ਹਾਂ ਉਹ ਬੰਦੇ ਦੀ ਜਾਨ ਬਚਾ ਲੈਣ। ਉਹ ਜੇਲ੍ਹਰ ਨੇ ਦੱਸਿਆ ਕਿ ਇੱਕ ਵਾਰ ਉਸਨੇ ਇਕ ਸਿੰਘ ਦੀ ਜਾਨ ਬਚਾਉਣ ਲਈ ਵਕੀਲ ਨੂੰ ਪੈਸੇ ਵੀ ਦਿੱਤੇ ਸਨ ਪਰ ਉਸ ਵੇਲੇ ਪੁਲਿਸ ਦੇ ਕਹਿਰ ਤੋਂ ਸਾਰੇ ਹੀ ਡਰਦੇ ਸਨ।

ਇਕ ਸਿੰਘ ਜੋ ਮੋਗੇ ਵੱਲ ਦਾ ਸੀ ਤੇ ਉਹ ਮਸਾਂ ੨੦-੨੨ ਸਾਲ ਦਾ ਹੀ ਹੋਵੇਗਾ, ਉਹਦੇ ਲਈ ਵੀ ਇਸੇ ਤਰ੍ਹਾਂ ਤਫਤੀਸ਼ ਦਾ ਅਦਾਲਤੀ ਪਰਵਾਨਾ ਆ ਗਿਆ। ਕਈ ਸਿੰਘਾਂ ਨੇ ਯਤਨ ਕੀਤੇ ਕਿ ਕੋਈ ਵਕੀਲ ਦਾ ਹੀਲਾ ਕੀਤਾ ਜਾਵੇ,ਪਰ ਉਹਨੇ ਸਾਰਿਆਂ ਨੂੰ ਰੋਕ ਦਿੱਤਾ। ਉਸਨੇ ਆਖਿਆ ਕਿ ਇਸ ਤਰ੍ਹਾਂ ਖਾਲਸਾ ਮੌਤ ਤੋਂ ਨਹੀਂ ਬਚਦਾ। ਖਾਲਸੇ ਨੇ ਲਾੜੀ ਮੌਤ ਨੂੰ ਵਿਆਹੁਣਾ ਹੈ। ਆਪਾਂ ਸਾਰੇ ਤਿਆਰੀ ਕਰੀਏ, ਉਸ ਦਿਨ ਮੈਂ ਜੰਞ ਤੇ ਜਾਵਾਂਗਾ ਤੇ ਮੌਤ ਲਾੜੀ ਹੀ ਮੈਨੂੰ ਲੈਣ ਆਵੇਗੀ, ਮੈਂ ਹੱਸ ਕੇ ਉਸਨੂੰ ਮਿਲਾਂਗਾ ਤਾਂ ਅਸੀਂ ਦੋ ਹੱਥ ਕਰਾਂਗੇ। ਜੇਲ੍ਹ ਵਿੱਚ ਅਖੰਡ ਪਾਠ ਰਖਿਆ

ਗਿਆ। ਬਹੁਤ ਬਾਣੀ ਪੜ੍ਹੀ ਗਈ, ਕੀਰਤਨ ਹੋਇਆ, ਗੁਰੂ ਅੱਗੇ ਅਰਦਾਸ ਹੋਈ, ਜੇਲ੍ਹ ਵਿਚ ਜਲੇਬੀਆਂ ਦਾ ਲੰਗਰ ਵਰਤਾਇਆ ਗਿਆ। ਫਿਰ ਜਦੋਂ ਦੁਪਹਿਰ ਤੋਂ ਬਾਅਦ ਪੁਲਿਸ ਵਾਲੇ ਆਏ ਤਾਂ ਗੁਰੂ ਘਰ ਜਾ ਕੇ ਅਰਦਾਸ ਹੋਈ ਤੇ ਉਹ ਆਪਣੀ ਦਸਤਾਰ ਤੇ ਕਲਗੀ ਲਾ ਕੇ ਪੁਲਿਸ ਵਾਲਿਆਂ ਕੋਲ ਚਲਾ ਗਿਆ।

ਨਾਭੇ, ਅੰਮ੍ਰਿਤਸਰ ਤੇ ਦਿੱਲੀ ਵਿੱਚ ਵੀ ਮੈਨੂੰ ਪਤਾ ਲੱਗਾ ਕਿ ਜਦੋਂ ਇਸ ਤਰ੍ਹਾਂ ਮੌਤ ਦਾ ਸੱਦਾ ਆਉਂਦਾ ਸੀ ਤਾਂ ਸਾਰੀ ਜੇਲ੍ਹ ਵਿੱਚ ਸਿੰਘਾਂ ਏਕਾ ਹੋ ਜਾਂਦਾ ਸੀ। ਹਰ ਕੋਈ ਉਸ ਸਿੰਘ ਨਾਲ ਹਮਦਰਦੀ ਕਰਦਾ ਅਤੇ ਸਾਂਝ ਪਾਉਂਦਾ ਸੀ ਤੇ ਹਰ ਕੋਈ ਆਪਣੇ-ਆਪਣੇ ਤਰੀਕੇ ਨਾਲ ਰੱਬ ਅੱਗੇ ਪਾਠ ਤੇ ਅਰਦਾਸ ਕਰਦਾ ਸੀ। ਨਾਭੇ ਜੇਲ੍ਹ ਵਿੱਚ ਜਿੱਥੇ ਸਿਰਫ ਖਾੜਕੂ ਹੀ ਕੈਦ ਸਨ, ਓਥੇ ਤਾਂ ਮਾਹੌਲ ਬਹੁਤ ਹੀ ਸ਼ਿੱਦਤ ਭਰਿਆ ਅਤੇ ਗੰਭੀਰ ਹੋ ਜਾਂਦਾ ਸੀ। ਸਾਰੇ ਸਿੰਘ ਆਪਣਾ ਨਿਤਨੇਮ ਤੇ ਸਿਮਰਨ ਵਧਾ ਦਿੰਦੇ ਸੀ। ਬਾਣੀਆਂ ਦੇ ਪਾਠ ਅਤੇ ਕੀਰਤਨ ਦੀ ਰਿਮਝਿਮ ਲੱਗ ਜਾਂਦੀ ਸੀ। ਉਸ ਸਿੰਘ ਦੇ ਚੜ੍ਹਦੀ ਕਲਾ ਵਿਚ ਰਹਿਣ ਲਈ ਕਿਸੇ ਅਹਾਤੇ ਵਿੱਚ ਅਖੰਡ ਪਾਠ ਵੀ ਰੱਖਿਆ ਜਾਂਦਾ ਸੀ, ਜਿਥੇ ਸਦਾ ਭਰਵੇਂ ਰੂਪ ਵਿੱਚ ਪਾਠ ਤੇ ਕੀਰਤਨ ਦੀਆਂ ਲਹਿਰਾਂ ਚੱਲਦੀਆਂ ਰਹਿੰਦੀਆਂ ਸੀ। ਛੋਟੇ ਮੋਟੇ ਵੈਰ ਵਿਰੋਧ ਤੇ ਧੜੇਬੰਦੀਆਂ ਤੋਂ ਉੱਪਰ ਉੱਠ ਕੇ ਸਿੰਘਾਂ ਵਿੱਚ ਸਾਂਝੀਵਾਲਤਾ ਅਤੇ ਭਾਈਵਾਲਤਾ ਦਾ ਅਹਿਸਾਸ ਫੈਲ ਜਾਂਦਾ ਸੀ। ਕਿਤੇ ਕੋਈ ਢਿੱਲੀ-ਮੱਠੀ ਜਾਂ ਢਹਿੰਦੀ ਕਲਾ ਵਾਲੀ ਗੱਲ ਨਹੀਂ ਸੀ ਰਹਿੰਦੀ। ਸਾਰੀ ਜੇਲ੍ਹ ਵਿਚ ਇਕ ਜੰਗਜੂ ਕਲਾ ਵਾਪਰ ਜਾਂਦੀ ਸੀ। ਇਕ ਸਬਰ ਤੇ ਸਿਦਕ ਹੁੰਦਾ ਸੀ, ਜਿਹੜਾ ਵਿਦਾ ਹੋਣ ਵਾਲੇ ਸਿੰਘ ਦੇ ਨਾਲ ਤੁਰਦਾ ਸੀ। ਇਹ ਬੜੀ ਸਿਫਤੀ ਗੱਲ ਹੈ ਕਿ ਇਹੋ ਜਿਹੀ ਬੇਵਸੀ ਅਤੇ ਲਾਚਾਰਗੀ ਵਾਲੇ ਮਾਹੌਲ ਵਿੱਚ ਵੀ ਗੁਰੂ ਆਪਣੇ ਸਿੰਘਾਂ ਨੂੰ ਧਰਵਾਸ ਬਖਸ਼ਦਾ ਸੀ। ਦਰਜਨਾਂ ਹੀ ਸਿੰਘ ਇਸ ਤਰ੍ਹਾਂ ਜਲਾਦਾਂ ਨਾਲ ਤੁਰ ਗਏ ਪਰ ਜਾਣ ਵਕਤ ਕਿਸੇ ਨੇ ਵੀ ਕੋਈ ਢਿੱਲ ਨਹੀਂ ਦਿਖਾਈ। ਸਾਰੇ ਭਾਣੇ ਵਿਚ ਅਤੇ ਚੜ੍ਹਦੀ ਕਲਾ ਵਿਚ ਹੀ ਡਿਓੜੀ ਤੋਂ ਬਾਹਰ ਨਿਕਲੇ ਸਨ।

ਜਦੋਂ ਕਿਸੇ ਦੀ ਅਦਾਲਤੀ ਪਰਚੀ ਆਉਂਦੀ ਸੀ, ਉਦੋਂ ਤੋਂ ਲੱਗ ਕੇ ਉਹ ਸਿੰਘ ਦੇ ਜੇਲ੍ਹ ਡਿਓੜੀ ਦੇ ਬਾਹਰ ਨਿਕਲਣ ਤੱਕ ਦਾ ਸਮਾਂ ਬਹੁਤ ਭਾਰੀ ਅਤੇ ਸ਼ਿੱਦਤ ਭਰਪੂਰ ਹੁੰਦਾ ਸੀ। ਜਦੋਂ ਸਿੰਘ ਸੰਗਤ ਵਿੱਚ ਇਸ ਤਰ੍ਹਾਂ ਅਰਦਾਸ ਕਰਦੇ ਸਨ ਉਹ ਸਮਾਂ ਫੜਿਆ ਨਹੀਂ ਜਾ ਸਕਦਾ। ਜਿਹੜੇ ਸਿੰਘ ਡਿਓੜੀ ਤੋਂ ਬਾਹਰ ਗਏ ਅਤੇ ਵਾਪਸ ਨਹੀਂ ਆਏ, ਯਕੀਨਨ ਓਹਨਾਂ ਸਾਰਿਆਂ ਨੂੰ ਭਾਰੀ ਤਸ਼ੱਦਦ ਤੋਂ ਬਾਅਦ ਸ਼ਹੀਦ ਕਰ ਦਿੱਤਾ ਗਿਆ।

ਬਘੇਲ ਸਿੰਘ ਡੇਅਰੀਵਾਲ, ਮਾਧਾ ਸਿੰਘ ਬੱਬਰ, ਰੌਸ਼ਨ ਲਾਲ ਬੈਰਾਗੀ ਤੇ ਹੋਰ ਕਿੰਨੇ ਸਿੰਘਾਂ ਨੂੰ ਬਾਹਰਲੇ ਸੂਬਿਆਂ ਦੀਆਂ ਜੇਲ੍ਹਾਂ ਵਿਚੋਂ ਲਿਆਂਦਾ ਗਿਆ ਤੇ ਫਿਰ

ਲੰਮਾ ਸਮਾਂ ਹਿਰਾਸਤ ਵਿਚ ਰੱਖ ਕੇ ਤੜਫਾ-ਤੜਫਾ ਕੇ ਸ਼ਹੀਦ ਕੀਤਾ ਗਿਆ। ਜਿਨ੍ਹਾਂ ਸਿੰਘਾਂ ਨੇ ਇਹ ਗੁਪਤ ਕੈਦਾਂ ਕੱਟੀਆਂ, ਉਹਨਾਂ ਸਿੰਘਾਂ ਦੀ ਪਰਖ ਸਭ ਤੋਂ ਲੰਮੀ ਅਤੇ ਜਿਆਦਾ ਹੋਈ ਹੈ। ਇਸ ਕੈਦ ਵਿਚੋਂ ਕੋਈ ਟਾਂਵਾਂ ਹੀ ਵਾਪਸ ਆਇਆ ਹੋਊ। ਸੈਂਕੜੇ ਸੂਰਬੀਰਾਂ ਦਾ ਕੋਈ ਥਹੁ ਪਤਾ ਹੀ ਨਹੀਂ ਲੱਗਿਆ ਕਿ ਉਹਨਾਂ ਨਾਲ ਕੀ-ਕੀ ਬੀਤੀ? ਉਹਨਾਂ ਸਭਨਾਂ ਦੀ ਪਰਖ ਦੇ ਮਹਾਨ ਅਤੇ ਸੁਨਹਿਰੀ ਵਾਕਿਆਤ ਇਹ ਕੈਦ ਦੀਆਂ ਹਨ੍ਹੇਰੀਆਂ ਤਹਿਆਂ ਵਿਚ ਦੱਬੇ ਪਏ ਹਨ। ਇਹ ਸਾਰੇ ਕੋਝੇ ਅਤੇ ਪੱਥਰਚਿਤ ਜੁਲਮ ਖੁਫੀਆ ਮਹਿਕਮਿਆਂ ਦੀ ਦੇਖ ਰੇਖ ਹੇਠ ਹੋਏ ਸਨ ਜਿਸ ਕਰਕੇ ਇਹਨਾਂ ਗਾਥਾਵਾਂ ਦਾ ਪਤਾ ਲੱਗਣਾ ਪੁਲਿਸ ਹਿਰਾਸਤ ਵਿਚ ਸ਼ਹੀਦ ਹੋਣ ਵਾਲੇ ਸਿੰਘਾਂ ਦੇ ਮੁਕਾਬਲੇ ਹੋਰ ਵੀ ਔਖਾ ਹੈ।

ਉਹ ਸਮੇਂ ਬੜੇ ਬੇਰਹਿਮ ਸਨ। ਜੇਲ੍ਹ ਦੇ ਇਕ ਮੁਲਾਜਮ ਨੇ ਦੱਸਿਆ ਕਿ ਭਾਦਸੋਂ ਕੋਲ ਦੇ ਸਿੰਘ ਨੂੰ ਪਟਿਆਲਾ ਪੁਲਿਸ ਦੀ ਬੁੱਚੜ ਟੋਲੀ ਲੈ ਕੇ ਗਈ ਜੋ ਏਨੀ ਕਾਹਲੀ ਸੀ ਕਿ ਉਹਨਾਂ ਨੇ ਰਾਹ ਵਿਚ ਹੀ ਨਹਿਰ ਉਤੇ ਗੱਡੀ ਰੋਕ ਲਈ। ਉਸ ਨਹਿਰ ਦੇ ਕੰਢੇ ਨੂੜੇ ਹੋਏ ਸਿੰਘ ਨੂੰ ਵੱਢ ਟੁੱਕ ਕੇ ਨਹਿਰ ਵਿੱਚ ਸੁੱਟ ਦਿੱਤਾ ਸੀ। ਉਹ ਜੇਲ੍ਹ ਮੁਲਾਜਮ ਦਾ ਪਿੰਡ ਉਥੇ ਨਾਲ ਹੀ ਸੀ ਤੇ ਉਹ ਅਗਲੇ ਦਿਨ ਉੱਥੇ ਡੁੱਲ੍ਹੇ ਹੋਏ ਖੂਨ ਨੂੰ ਦੇਖ ਕੇ ਆਇਆ ਸੀ। ਫੇਰ ਦੋ ਦਿਨ ਬਾਅਦ ਖਬਰ ਆਈ ਕਿ ਨਾਭਾ ਜੇਲ੍ਹ ਤੋਂ ਲਿਆਂਦੇ ਖਾੜਕੂ ਸਿੰਘ ਨੂੰ ਉਸਦੇ ਸਾਥੀਆਂ ਨੇ ਹਮਲਾ ਕਰ ਕੇ ਛੁਡਵਾ ਲਿਆ। ਇਸ ਤਰ੍ਹਾਂ ਜਿਹੜੇ ਵੀ ਸਿੰਘਾਂ ਨੂੰ ਜੇਲ੍ਹਾਂ ਵਿੱਚੋਂ ਲਿਜਾ ਕੇ ਸ਼ਹੀਦ ਕੀਤਾ ਗਿਆ ਓਹਨਾਂ ਵਿੱਚੋਂ ੧੦ ਕੁ ਨੂੰ ਛੱਡ ਕੇ ਬਾਕੀ ਸਾਰੇ ਆਮ ਸਿੰਘ ਸਨ, ਜਿਨ੍ਹਾਂ ਦਾ ਕੋਈ ਇਨਾਮੀ ਨਾਂ ਨਹੀਂ ਸੀ। ਹੁਣ ਵੀ ਬਹੁਤ ਘੱਟ ਲੋਕ ਹੀ ਓਹਨਾਂ ਨੂੰ ਜਾਣਦੇ ਹੋਣਗੇ ਕਿ ਉਹ ਇਸ ਦੁਨੀਆ ਤੋਂ ਕਿਸ ਤਰ੍ਹਾਂ ਗਏ?

ਜਿਹੜੇ ਸਿੰਘ ਮੁੜ ਤਫਤੀਸ਼ ਤੋਂ ਬਾਅਦ ਜੇਲ੍ਹ ਵਿਚ ਆਏ ਉਹ ਬਹੁਤ ਟਾਂਵੇਂ ਹੀ ਸਨ। ਸੁਰਿੰਦਰਪਾਲ ਸਿੰਘ ਠਰੂਆ ਓਹਨਾਂ ਸਿੰਘਾਂ ਵਿਚੋਂ ਸੀ, ਜਿਸਨੂੰ ਨਾਭੇ ਜੇਲ੍ਹ ਤੋਂ ਪੁਲਿਸ ਦੋ ਵਾਰ ਲੈ ਕੇ ਗਈ ਪਰ ਉਹ ਜਿਉਂਦਾ ਜੇਲ੍ਹ ਵਿਚ ਵਾਪਸ ਆ ਗਿਆ ਕਿਉਂਕਿ ਗੁਰੂ ਨੇ ਉਹਤੋਂ ਅਗਲੇ ਕੰਮ ਲੈਣੇ ਸਨ।

ਪਾਠ : ੧੪

ਜੰਗ ਦਾ ਵੇਲਾ ਤੇ ਸ਼ਹਾਦਤ ਦੀ ਰੁੱਤ

ਓਹ ਵੇਲਾ ਆਮ ਲੋਕਾਂ ਲਈ ਵੀ ਆਮ ਨਹੀਂ ਸੀ। ਇਹ ਇਕ ਖਾਸ ਸਮਾਂ ਸੀ ਆਮ ਸਮੇਂ ਤੋਂ ਪਰ੍ਹੇ ਦੀਆਂ ਹੱਦਾਂ ਤੋੜਨ ਅਤੇ ਉਸ ਤੋਂ ਪਾਰ ਜਾਣ ਦਾ ਸਮਾਂ। ਉਸ ਸਮੇਂ ਵਿਚ ਵਾਪਰ ਰਹੀਆਂ ਘਟਨਾਵਾਂ ਦੀ ਰਫਤਾਰ ਐਨੀ ਤੇਜ ਅਤੇ ਸ਼ਿੱਦਤ ਭਰਪੂਰ ਸੀ ਕਿ ਸਮਾਂ ਬਹੁਤ ਭਾਰਾ ਅਤੇ ਸੰਘਣਾ ਹੋ ਜਾਂਦਾ ਸੀ। ਕਈ ਵਾਰ ਕਈ ਥਾਂ ਸਮਾਂ ਐਨਾ ਗਾੜ੍ਹਾ ਹੋ ਜਾਂਦਾ ਹੈ ਕਿ ਜਿਵੇਂ ਸਦੀਆਂ ਦਾ ਫਾਸਲਾ ਕੁਝ ਛਿਣਾਂ ਵਿਚ ਸੁੰਗੜ ਕੇ ਜੁੜ ਜੰਮ ਗਿਆ ਹੋਵੇ। ੮੪ ਤੋਂ ਬਾਅਦ ਦੀ ਜੰਗ ਦਾ ਸਮਾਂ ਇਹੋ ਜਿਹਾ ਹੀ ਸੀ ਜਿਥੇ ਜਜਬਾਤਾਂ ਦਾ ਹੜ੍ਹ ਇਤਿਹਾਸ ਅਤੇ ਮੌਜੂਦ ਜੀਵਨ ਦੀਆਂ ਬੁਨਿਆਦੀ ਤੇ ਆਦਿ ਜੁਗਾਦੀ ਤਰੰਗਾਂ, ਅੱਤ ਦੀਆਂ ਪੀੜਾਂ, ਸਿਖਰ ਦੇ ਅਨੰਦ ਫਤਹਿ ਦੇ ਹੁਲਾਰੇ ਤੇ ਸ਼ਹਾਦਤ ਦੀ ਚੁੱਪ, ਪੰਥ ਦੀ ਸਮੂਹਿਕ ਅਰਦਾਸ ਦਾ ਅਨਹਦ ਅਹਿਸਾਸ, ਆਜਾਦੀ ਅਤੇ ਬੇਪਰਵਾਹੀ ਦਾ ਸਰੂਰ, ਜੰਗ ਦੀ ਖਿੱਚ ਅਤੇ ਚਾਓ, ਮੁਹਬਤਾਂ ਨਫਰਤਾਂ, ਦੁਖ-ਸੁਖ, ਰੋਹ ਅਤੇ ਸਕੂਨ, ਸਭ ਕੁਝ ਏਨਾ ਰਲਵਾਂ ਅਤੇ ਬਹੁਪਰਤੀ ਸੀ ਕਿ ਸਮਾਂ ਇਕੋ ਪਲ ਅਨੇਕਾਂ ਦਿਸ਼ਾਵਾਂ ਵਿਚ ਵਾਪਰ ਰਿਹਾ ਸੀ। ਓਦੋਂ ਕੋਈ ਚਾਹ ਕੇ ਵੀ ਇਹਦੀ ਥਾਹ ਨਹੀਂ ਪਾ ਸਕਦਾ ਸੀ, ਹੁਣ ਇਕ ਵਿਥ ਤੋਂ ਕਿਸੇ ਅਣਜਾਣ ਲਈ ਇਹਦੇ ਵਾਪਰਣ ਦਾ ਅਹਿਸਾਸ ਕਰਨਾ ਨਾਮੁਮਕਿਨ ਹੀ ਹੈ।

ਇਹ ਸਭ ਤੋਂ ਬਿਹਤਰੀਨ ਸਮਾਂ ਸੀ ਅਤੇ ਇਹ ਸਭ ਤੋਂ ਬਦਤਰੀਨ ਸਮਾਂ ਵੀ ਸੀ। ਜੇ ਨਫੇ ਨੁਕਸਾਨ ਦੀ ਦੁਨੀਆ ਵਿਚ ਖੜ ਕੇ ਵੇਖੋ ਤਾਂ ਬੰਦੇ ਨੂੰ ਇਸ ਦੌਰ ਤੋਂ ਡਰ ਲਗਦਾ ਹੈ। ਜੇ ਰੂਹਾਨੀ ਕੀਮਤਾਂ ਤੇ ਆਪਣੀ ਪਰੰਪਰਾ ਦੇ ਘੇਰੇ ਵਿਚ ਖੜ੍ਹ ਕੇ ਵੇਖੋ ਤਾਂ ਇਸ ਦੀ ਕੋਈ ਕੀਮਤ ਹੀ ਨਹੀਂ ਹੈ, ਇਹ ਅਨਮੋਲ ਸ਼ੈਅ ਹੈ। ਆਮ ਸਮਿਆਂ ਵਿਚ ਇਤਿਹਾਸ ਆਪਣੀ ਸਿੱਧੀ ਚਾਲ ਚਲਦਾ ਹੈ ਪਰ ਏਹਨਾਂ ਅਸਧਾਰਨ ਸਮਿਆਂ ਵਿਚ ਜਦੋਂ ਅਮਲ ਸਿਖਰ ਉਤੇ ਹੁੰਦਾ ਹੈ ਤਾਂ ਸਮੇਂ ਦੀ ਚਾਲ ਮੱਠੀ ਪੈ ਜਾਂਦੀ ਹੈ ਤੇ ਕਈ ਥਾਂ ਰੁਕਦੀ ਵੀ ਲਗਦੀ ਹੈ। ਵੇਖਣ ਨੂੰ ਸਭ ਕੁਝ ਉਵੇਂ ਹੀ ਚਲ ਰਿਹਾ ਹੁੰਦਾ ਹੈ ਪਰ ਜੇ

ਅੰਦਰਲੀ ਦੁਨੀਆ ਦੇ ਪੱਖ ਤੋਂ ਵੇਖਿਆ ਜਾਵੇ ਤਾਂ ਸਮਾਂ ਸੁੰਗੜਦਾ ਹੈ ਅਤੇ ਥੰਮ ਜਾਂਦਾ ਹੈ। ਇਹੋ ਜਿਹੇ ਹਾਲਾਤ ਵਿਚ ਜੋ ਆਮ ਸੰਭਾਵਨਾਵਾਂ ਨਾਲੋਂ ਬਹੁਤ ਸੰਘਣਾ ਅਤੇ ਭਾਰਾ ਹੁੰਦਾ ਹੈ ਇਸ ਨਾਲ ਸਮਾਂ ਆਪਣੀ ਚਾਲ ਅਤੇ ਦਿਸ਼ਾ ਬਦਲ ਜਾਂਦਾ ਹੈ। ਜੰਗ ਨਾਲ ਦੁਨੀਆ ਹੋਰ ਹੋ ਜਾਂਦੀ ਹੈ। ਇਹੋ ਜਿਹੇ ਸਮੇਂ ਵਿਚ ਘਟਨਾਵਾਂ ਦੇ ਪਾਤਰ ਕਿਸੇ ਹੋਰ ਹੀ ਪੱਧਰ ਉਤੇ ਵਿਚਰ ਰਹੇ ਹੁੰਦੇ ਹਨ। ਏਹਨਾਂ ਪਲਾਂ ਦਾ ਆਪਣਾ ਹੀ ਸੱਚ ਹੁੰਦਾ ਹੈ। ਜੋ ਏਹਨਾਂ ਘਟਨਾਵਾਂ ਦੇ ਪਾਤਰਾਂ ਨੂੰ ਵੀ ਬਿਆਨ ਕਰਨਾ ਔਖਾ ਹੁੰਦਾ ਹੈ ਪਰ ਓਹਨਾਂ ਕੋਲ ਇਹਦਾ ਇਕ ਅਹਿਸਾਸ ਜਰੂਰ ਹੁੰਦਾ ਹੈ।

ਇਹੋ ਜਿਹੇ ਪਲ ਹੀ ਇਤਿਹਾਸ ਨੂੰ ਬਣਾਉਣ ਅਤੇ ਬਦਲਾਉਣ ਵਾਲੇ ਹੁੰਦੇ ਹਨ। ਇਹਨਾਂ ਪਲਾਂ ਵਿਚ ਨਵੀਆਂ ਅਦਭੁਤ ਘਾੜਤਾਂ ਘੜੀਆਂ ਜਾਂਦੀਆਂ ਹਨ ਜਿਨ੍ਹਾਂ ਦੀ ਵਿਆਖਿਆ ਮੁੜ-ਮੁੜ ਹੁੰਦੀ ਰਹਿੰਦੀ ਹੈ। ਜਿੰਦਗੀ ਦੀ ਸਧਾਰਨ ਚਾਲ ਵਿਚ ਇਹੋ ਜਿਹੇ ਪਲ ਕਦੇ-ਕਦੇ ਹੀ ਵਾਪਰਦੇ ਹਨ ਪਰ ਜੰਗ ਦੇ ਸਮੇਂ ਵਿਚ ਏਹਨਾਂ ਪਲਾਂ ਦੀ ਹੋਂਦ ਵਧ ਜਾਂਦੀ ਹੈ। ਏਹਨਾਂ ਪਲਾਂ ਦੀ ਮਿਕਦਾਰ, ਸ਼ਿੱਦਤ ਅਤੇ ਸੰਘਣਤਾ ਤੇ ਹੀ ਨਿਰਭਰ ਕਰਦਾ ਹੈ ਕਿ ਉਸ ਇਤਿਹਾਸਕ ਸਮੇਂ ਵਿਚੋਂ ਕੋਈ ਕੀ ਪਰਾਪਤ ਕਰਦਾ ਹੈ। ਸਿਖ ਸੰਘਰਸ਼ ਜਾਂ ਸਾਡੀ ਜੰਗ ਦਾ ਸਮਾਂ ਵੀ ਕੁਝ ਅਜਿਹਾ ਹੀ ਸੀ। ਏਹਨਾਂ ਸਮਿਆਂ ਵਿਚ ਬਹੁਤ ਕੁਝ ਰੂਹਾਨੀ ਪੱਧਰ ਉਤੇ ਹੀ ਵਾਪਰਦਾ ਹੈ। ਵੇਖਣ ਨੂੰ ਆਮ ਘਟਨਾਵਾਂ ਦਾ ਸੋਮਾ ਵੀ ਬਹੁਤ ਗੰਭੀਰ ਅਤੇ ਵੱਡਾ ਹੋਣ ਕਰਕੇ ਏਹਨਾਂ ਦਾ ਅਸਰ ਬਹੁਤਾ ਲੰਮਾ ਅਤੇ ਡੂੰਘਾ ਹੁੰਦਾ ਹੈ।

ਓਹਨਾਂ ਸਮਿਆਂ ਵਿਚ ਪੰਥ ਦਾ ਇਕ ਮਨ ਹੋਣਾ, ਇਕ ਨੁਕਤੇ ਉਤੇ ਇਕੱਠੇ ਹੋਣਾ ਅਤੇ ਲੱਖਾਂ ਦਿਲਾਂ ਦਾ ਅਰਦਾਸ ਵਿਚ ਜੁੜੇ ਹੋਣਾ, ਪੰਥ ਦੇ ਵੱਡੇ ਹਿੱਸੇ ਦਾ ਧਿਆਨ ਵਾਹਿਗੁਰੂ ਵੱਲ ਹੋਣਾ, ਲੱਖਾਂ ਰੂਹਾਂ ਦੀ ਸੱਦ ਵਾਲੀ ਤਾਂਘ ਅਤੇ ਉਸ ਵੱਲ ਪੁੱਟੇ ਕਦਮ, ਦੁਨੀਆ ਨੂੰ ਪਿੱਛੇ ਛੱਡ ਦੀਨ ਦੇ ਅੰਬਰਾਂ ਵੱਲ ਨੂੰ ਸਫਰ, ਇਹ ਸਾਰਾ ਕੁਝ ਉਸ ਸਮੇਂ ਨੂੰ ਅਤਿ ਮਹੱਤਵਪੂਰਨ ਬਣਾ ਦਿੰਦਾ ਹੈ। ਇਹੋ ਜਿਹੇ ਪਲ ਜੰਗੀ ਝਪਟਾਂ, ਘੋਰ ਤਸ਼ੱਦਦ ਦੇ ਪਲਾਂ ਅਤੇ ਸ਼ਹਾਦਤ ਦੇ ਰੂਬਰੂ ਹੀ ਆਉਂਦੇ ਹਨ। ਇਸੇ ਕਰਕੇ ਜੰਗ ਅਤੇ ਸ਼ਹਾਦਤ ਵੇਲੇ ਸਿੱਖ ਗੁਰੂ ਦੇ ਸਭ ਤੋਂ ਵੱਧ ਨੇੜੇ ਹੁੰਦਾ ਹੈ। ਕਈ ਵਾਰ ਇਹ ਪਲ ਗੁਰਬਾਣੀ ਪਾਠ, ਕੀਰਤਨ ਜਾਂ ਸਿਮਰਨ ਦੌਰਾਨ ਵੀ ਵਾਪਰਦੇ ਹਨ। ਕਈ ਵਾਰ ਜਦੋਂ ਰੋਜਾਨਾ ਜਿੰਦਗੀ ਵਿਚ ਰੂਹਾਨੀ ਕੀਮਤਾਂ ਦੁਨਿਆਵੀ ਕੀਮਤਾਂ ਉਤੇ ਫਤਹਿ ਪਾਉਂਦੀਆਂ ਹਨ ਤਾਂ ਵੀ ਅਜਿਹੇ ਪਲ ਨਸੀਬ ਹੁੰਦੇ ਹਨ।

ਮੇਰਾ ਆਪਣਾ ਤਜਰਬਾ ਹੈ ਕਿ ਹਮਲਿਆਂ ਦੌਰਾਨ ਮੈਂ ਕਦੇ ਵੀ ਇਹ ਨਹੀਂ ਦੇਖਿਆ ਕਿ ਮੈਂ ਕੁਝ ਕਰ ਰਿਹਾ ਹਾਂ। ਜਦੋਂ ਹੀ ਪਹਿਲੀ ਗੋਲੀ ਚਲਦੀ ਸੀ ਤਾਂ ਉਸ ਤੋਂ ਬਾਅਦ ਮੈਂ ਆਪਣੇ ਉਸ ਆਪੇ ਤੋਂ ਵੱਖ ਹੋ ਜਾਂਦਾ ਸੀ ਜਿਸ ਨੂੰ ਆਮ ਹਾਲਤਾਂ ਵਿਚ

ਜਾਣਦਾ ਹਾਂ। ਜੰਗੀ ਅਮਲ ਦੌਰਾਨ ਮੈਨੂੰ ਸਦਾ ਹੀ ਲਗਦਾ ਸੀ ਕਿ ਕੋਈ ਹੋਰ ਤਾਕਤ ਮੈਨੂੰ ਰਵਾਂ ਕਰ ਰਹੀ ਹੈ। ਮੈਂ ਉਹ ਵੇਗ ਅਤੇ ਤਜਰਬੇ ਦਾ ਵਾਹਕ ਹੋ ਨਿਬੜਦਾ ਹਾਂ। ਜੰਗ ਦਾ ਅਮਲ ਸਿਰਫ ਠੋਸ ਮਾਦੀ ਹਾਲਤ ਵਿਚ ਹੀ ਨਹੀਂ ਵਾਪਰ ਰਿਹਾ ਹੁੰਦਾ ਸਗੋਂ ਸਾਡੇ ਧੁਰ ਅੰਦਰਲੀਆਂ ਡੂੰਘੀਆਂ ਪਰਤਾਂ ਵਿਚ ਵੀ ਵਾਪਰ ਰਿਹਾ ਹੁੰਦਾ ਹੈ। ਇਸ ਕਰਕੇ ਹੀ ਏਹਨਾਂ ਪਲਾਂ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਹੁੰਦੀਆਂ ਹਨ। ਏਹਨਾਂ ਦੀ ਕੀਮਤ ਪਾਉਣੀ ਵੀ ਔਖੀ ਹੁੰਦੀ ਹੈ। ਇਕ ਸਿੱਖ ਲਈ ਇਹ ਪਲ ਵੀ ਧਿਆਨ ਅਤੇ ਸਿਮਰਨ ਵਰਗੇ ਹੁੰਦੇ ਹਨ ਕਿਉਂਕਿ ਏਹਨਾਂ ਪਲਾਂ ਦੌਰਾਨ ਸਮੇਂ ਦੀ ਚਾਲ ਅਤੇ ਚੌਖਟਾ ਬਦਲ ਜਾਂਦਾ ਹੈ। ਇਸੇ ਤਰ੍ਹਾਂ ਤਸ਼ੱਦਦ ਅਤੇ ਸ਼ਹਾਦਤ ਦੌਰਾਨ ਵਾਪਰਦਾ ਹੈ।

ਜਿਹੜੇ ਵੇਖਣ ਨੂੰ ਆਮ ਲੋਕ ਲਗਦੇ ਸਨ ਉਹ ਕਿਵੇਂ ਪਹਾੜਾਂ ਜਿੱਡੇ ਤਸ਼ੱਦਦ ਨੂੰ ਸਹਾਰਦੇ ਰਹੇ? ਉਸ ਵਕਤ ਓਹਨਾਂ ਦੀ ਸੁਰਤ ਦੀਆਂ ਜੜ੍ਹਾਂ ਡੂੰਘੇ ਰੂਹਾਨੀ ਤਲ ਨਾਲ ਜੁੜੀਆਂ ਹੁੰਦੀਆਂ ਹਨ ਤੇ ਉਹ ਕਿਸੇ ਹੋਰ ਪੱਧਰ ਉਤੇ ਵਿਚਰਣ ਲਗਦੇ ਹਨ ਜਿਸ ਬਾਰੇ ਜ਼ੁਲਮ ਕਰਨ ਵਾਲਿਆਂ ਨੂੰ ਕੋਈ ਇਲਮ ਨਹੀਂ ਹੁੰਦਾ। ਇਹ ਦੁਨੀਆ ਦਾ ਡਰ, ਪੀੜ ਅਤੇ ਤਸ਼ੱਦਦ ਓਹਨਾਂ ਦੀ ਚੁੱਪ ਜਾਂ ਮੁਸਕਾਣ ਬਣ ਜਾਂਦਾ ਹੈ। ਧੁਰ ਹੇਠ ਜੜ੍ਹਾਂ ਕਾਰਣ ਹੀ ਏਹਨਾਂ ਪਲਾਂ ਦਾ ਤੱਤ ਸਾਰ ਅਤੇ ਆਪਣੇ ਆਦਿ ਮੂਲ ਨਾਲ ਨੇੜਤਾ ਦੇ ਅਹਿਸਾਸ ਬਾਰੇ ਸਮਝਾਉਣਾ ਮੁਸ਼ਕਲ ਹੈ। ਦੁਨੀਆ ਦੀ ਸਿਆਣਪ ਏਹਨਾਂ ਪਲਾਂ ਨੂੰ ਆਪਣੇ ਢੰਗ ਤਰੀਕੇ ਨਾਲ ਸਮਝਣ ਦੀ ਕੋਸ਼ਿਸ਼ ਕਰਦੀ ਹੈ ਪਰ ਨਤੀਜੇ ਸਹੀ ਨਹੀਂ ਨਿਕਲਦੇ। ਏਹਨਾਂ ਪਲਾਂ ਬਾਰੇ ਸਮਝਣ ਸਮਝਾਉਣ ਦੀ ਕੋਈ ਲੀਕ ਓਹੀ ਵਾਹ ਸਕਦੇ ਹਨ ਜਿਹੜਿਆਂ ਦਾ ਆਪਣਾ ਤਜਰਬਾ ਹੋਵੇ ਜਾਂ ਓਹਨਾਂ ਦੀ ਬੋਲ-ਬਾਣੀ ਅਨੁਭਵ ਅਤੇ ਆਤਮ ਸਮਰਪਣ ਦੇ ਰਾਹ ਦਾ ਜੀਵਨ ਹੋਵੇ।

ਇਹ ਬਹੁਤ ਅਜੀਬ ਗੱਲ ਹੈ ਕਿ ਏਹਨਾਂ ਪਲਾਂ ਵਿਚ ਵਿਚਰ ਰਹੇ ਪਾਤਰ ਵੀ ਬਹੁਤੀ ਵਾਰ ਏਹਨਾਂ ਦੀ ਕੀਮਤ ਤੋਂ ਅਣਜਾਣ ਹੁੰਦੇ ਹਨ। ਆਮ ਤੌਰ ਉਤੇ ਏਹਨਾਂ ਪਲਾਂ ਦੀ ਕੀਮਤ ਸਮਾਂ ਬੀਤਣ ਬਾਅਦ ਜਾਂ ਕਹੋ ਕਿ ਸਮਾਂ ਆਉਣ ਉਤੇ ਹੀ ਪਤਾ ਲਗਦੀ ਹੈ। ਕਈ ਵਾਰ ਇਹ ਸਮਾਂ ਬਹੁਤ ਲੰਮਾ ਵੀ ਹੋ ਜਾਂਦਾ ਹੈ। ਏਹ ਸਮੇਂ ਸਦਾ ਹੀ ਪਹਿਲਾਂ ਨਾਲੋਂ ਹੋਰ ਵੱਡੇ ਪਸਾਰ ਵਾਲੀ ਵਿਆਖਿਆ ਲਈ ਖੁੱਲ੍ਹੇ ਰਹਿੰਦੇ ਹਨ ਕਿਉਂਕਿ ਏਹਨਾਂ ਪਲਾਂ ਦੀਆਂ ਪਰਤਾਂ ਵਿਚ ਅਮੁੱਕ ਖਜਾਨੇ ਦਬੇ ਹੁੰਦੇ ਹਨ। ਖਾੜਕੂ ਸੰਘਰਸ਼ ਤੋਂ ਬਾਅਦ ਜੋ ਇਕ ਠਹਿਰਾਅ ਅਤੇ ਖਲਾਅ ਵਾਪਰਿਆ ਹੈ ਉਹ ਹੁਣ ਵਧੇਰੇ ਸਮਝ ਆ ਰਿਹਾ ਹੈ। ਪੰਥ ਵਲੋਂ ਆਪਣੀ ਹੋਂਦ ਹਸਤੀ ਨੂੰ ਸਮਝਣ ਅਤੇ ਭਵਿੱਖ ਲਈ ਅਮਲ ਕਰਨ ਵਜੋਂ, ਜੋ ਕੁਝ ਵਾਪਰ ਰਿਹਾ ਹੈ ਉਹ ਸੰਘਰਸ਼ ਦੇ ਬੇਸ਼ਕੀਮਤੀ ਪਲਾਂ ਦੇ ਅਸਰ ਦਾ ਹੀ ਨਤੀਜਾ ਹੈ। ਪੰਥ ਦਾ ਖਿਆਲ ਅਤੇ ਅਮਲ ਹੁਣ ਜੋ ਰੁਖ ਧਾਰਨ ਕਰ ਰਿਹਾ ਹੈ ਅਤੇ ਜੋ ਬਿਰਤਾਂਤ ਅਸੀਂ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਾਂ ਉਹ ਪਹਿਲਾਂ

ਤੋਂ ਮੌਜੂਦ ਸੀ ਅਤੇ ਅਸੀਂ ਇਹਨੂੰ ਮਹਿਸੂਸ ਕਰਦੇ ਸਾਂ ਪਰ ਇਸਨੇ ਸਿੱਖ ਸਮਾਜ ਵਿਚ ਅਤੇ ਦੁਨੀਆ ਦੇ ਸਾਹਮਣੇ ਇਸ ਰੂਪ ਵਿਚ ਹੁਣ ਹੀ ਆਉਣਾ ਸੀ। ਇਹ ਹੁਣ ਹੀ ਸਮਝਿਆ ਜਾ ਸਕਦਾ ਹੈ ਪਹਿਲਾਂ ਇਸ ਰੂਪ ਵਿਚ ਮੁਮਕਿਨ ਨਹੀਂ ਸੀ। ਓਹਨਾਂ ਪਲਾਂ ਦੀ ਗੋਦ ਵਿਚੋਂ ਬਹੁਤ ਕੁਝ ਨੇ ਅਜੇ ਸਾਹਮਣੇ ਆਉਣਾ ਹੈ ਅਤੇ ਅੱਜ ਇਸਦੀ ਜਰੂਰਤ ਹੈ।

ਉਸ ਸਮੇਂ ਬਾਰੇ ਉਹ ਹੀ ਕੁਝ ਜਾਣ ਸਕਦਾ ਹੈ ਜਿਹੜਾ ਉਸ ਸਮੇਂ ਜੰਗ ਦੀ ਮੁੱਖ ਧਾਰਾ ਦੇ ਅੰਦਰਲੇ ਹਿੱਸੇ ਨਾਲ ਜੁੜਿਆ ਹੋਵੇ ਜਾਂ ਖਾਲਸਾ ਪੰਥ ਦੀ ਅੰਦਰੂਨੀ ਸੁਰਤ ਨਾਲ ਜੁੜਿਆ ਹੋਵੇ। ਉਸ ਸਮੇਂ ਦੀ, ਪੰਥ ਦੀ ਮੁਖ ਧਾਰ ਬਹੁਤ ਤੇਜ ਅਤੇ ਅਸਗਾਹ ਸੀ। ਇਹ ਮੇਰਾ ਭਾਗ ਸੀ ਕਿ ਮੈਂ ਇਕ ਅਹਿਸਾਸ ਵਜੋਂ ੧੯੮੪ ਤੋਂ ਪਹਿਲਾਂ ਹੀ ਇਹਦੇ ਨਾਲ ਜੁੜ ਗਿਆ ਸੀ ਤੇ ਜੰਗ ਦੇ ਅਖੀਰ ਤੱਕ ਉਸ ਧਾਰ ਦੇ ਅੰਗ ਸੰਗ ਰਿਹਾ। ਇਥੇ ਅਹਿਸਾਸ, ਜਜਬਿਆਂ ਅਤੇ ਅਨੁਭਵਾਂ ਦਾ ਜੋਰ ਸੀ।

ਹਥਿਆਰਬੰਦ ਸੰਘਰਸ਼ ਦੇ ਵਕਤੀ ਤੌਰ ਉਤੇ ਰੁਕ ਜਾਣ ਨਾਲ ਉਹ ਮੁਖ ਧਾਰਾ ਵੀ ਅਲੋਪ ਹੋ ਗਈ ਅਤੇ ਪੰਥ ਇਕ ਖਲਾਅ ਵਿਚ ਆ ਗਿਆ। ੧੯੯੬ ਤੋਂ ਬਾਅਦ ਵੀ ਮੈਨੂੰ ਕਈ ਵਾਰ ਇਹੋ ਹੀ ਭੁਲੇਖਾ ਪੈ ਜਾਂਦਾ ਰਿਹਾ ਹੈ ਕਿ ਹੁਣ ਵੀ ਉਹ ਸਮਾਂ ਆ ਗਿਆ ਹੈ। ਇਸ ਤਰ੍ਹਾਂ ਵੀ ਕਿਹਾ ਜਾ ਸਕਦਾ ਹੈ ਕਿ ਮੈਨੂੰ ਹਾਲੇ ਤੱਕ ਵੀ ਉਸ ਸਮੇਂ 'ਚ ਸੋਚਣ ਅਤੇ ਦੇਖਣ ਦੀ ਆਦਤ ਹੈ। ਕਈ ਵਾਰ ਮੈਨੂੰ ਬਿਲਕੁਲ ਭੁੱਲ ਜਾਂਦਾ ਹੈ ਕਿ ਉਸ ਦੌਰ ਤੋਂ ਬਾਅਦ ਕਿੰਨੇ ਸਾਲ ਬੀਤ ਗਏ ਹਨ। ਏਹਨਾਂ ਸਮਿਆਂ ਵਿਚ ਜੋ ਬਦਲਾਅ ਰੂਹ ਅਤੇ ਅਚੇਤ ਪੱਧਰ ਉਤੇ ਆਉਂਦੇ ਹਨ ਉਹ ਮਹੱਤਵਪੂਰਨ ਹੁੰਦੇ ਹਨ। ਇਹ ਆਉਣ ਵਾਲੇ ਸਮੇਂ ਦੀ ਨੀਂਹ ਰਖਦੇ ਹਨ ਅਤੇ ਨਵੀਆਂ ਸੇਧਾਂ ਅਤੇ ਨੁਹਾਰਾਂ ਪੇਸ਼ ਕਰਦੇ ਹਨ।

ਕਈ ਵਾਰ ਵੱਡੀਆਂ ਹਸਤੀਆਂ ਪਰਗਟ ਹੁੰਦੀਆਂ ਹਨ ਜਿਨ੍ਹਾਂ ਰਾਹੀਂ ਇਤਿਹਾਸ ਨਵਾਂ ਮੋੜ ਲੈਂਦਾ ਹੈ ਪਰ ਕਈ ਵਾਰ ਆਮ ਲੋਕ ਹੀ ਕੁਝ ਸਮੇਂ ਲਈ ਵੱਡਾ ਅਮਲ ਪੇਸ਼ ਕਰਦੇ ਹਨ। ਕਈ ਵਾਰ ਓਹਨਾਂ ਬੰਦਿਆਂ ਨੂੰ, ਜਿਨ੍ਹਾਂ ਰਾਹੀਂ ਇਤਿਹਾਸ ਬਣ ਰਿਹਾ ਹੁੰਦਾ ਹੈ, ਓਹਨਾਂ ਨੂੰ ਵੀ ਇਹਦੇ ਮਹੱਤਵ ਦਾ ਪਤਾ ਨਹੀਂ ਹੁੰਦਾ। ਉਹ ਕੇਵਲ ਇਤਿਹਾਸ ਦੇ ਵਾਹਕ ਬਣਦੇ ਹਨ। ਓਹਨਾਂ ਦੇ ਜੀਵਨ ਉਭਰਦੇ ਹਨ ਅਤੇ ਉਚਿਆਈ ਛੂੰਹਦੇ ਹਨ ਪਰ ਓਹਨਾਂ ਨੂੰ ਆਪਣੇ ਅਮਲਾਂ ਦੇ ਅਸਰ ਦਾ ਪੂਰਾ ਪਤਾ ਨਹੀਂ ਹੁੰਦਾ। ਉਹ ਅਮਲ ਵਿਚ ਇਸ ਤਰ੍ਹਾਂ ਰੁੱਝੇ ਅਤੇ ਖੁੱਭੇ ਹੁੰਦੇ ਹਨ ਕਿ ਓਹਨਾਂ ਨੂੰ ਹੋਰ ਕੁਝ ਵਿਖਾਈ ਨਹੀਂ ਦਿੰਦਾ ਹੁੰਦਾ ਅਤੇ ਓਹ ਉਹਦੀ ਬਹੁਤੀ ਪਰਵਾਹ ਵੀ ਨਹੀਂ ਕਰਦੇ ਹੁੰਦੇ।

ਏਹਨਾਂ ਸਮਿਆਂ ਵਿਚ ਇਕ ਖਾਸ ਪੱਧਰ ਉਤੇ ਵਿਚਰਦੇ ਬੰਦਿਆਂ ਨੂੰ ਦੁਨੀਆ ਦੀ ਸਿਆਸਤ, ਸੰਘਰਸ਼ ਦੀ ਵਿਆਖਿਆ, ਆਪਣਾ ਰਾਜ ਸਮਰਾਜ ਬਣਾਉਣ

ਦੀਆਂ ਨੀਤੀਆਂ ਅਤੇ ਰਣਨੀਤੀਆਂ ਦੀ ਕੋਈ ਪਰਵਾਹ ਨਹੀਂ ਹੁੰਦੀ। ਇਨ੍ਹਾਂ ਦੀ ਵਿਆਖਿਆ ਤਾਂ ਆਉਣ ਵਾਲੇ ਸਮੇਂ ਨੇ ਉਨ੍ਹਾਂ ਦੇ ਅਮਲਾਂ ਵਿੱਚੋਂ ਕਰਨੀ ਹੁੰਦੀ ਹੈ। ਉਸ ਸਮੇਂ ਅਮਲ ਦੀ ਧਾਰ ਬਣੇ ਲੋਕਾਂ ਕੋਲ ਏਹਨਾਂ ਸੁਆਲਾਂ ਦੇ ਜੁਆਬ ਅਤੇ ਵਿਆਖਿਆ ਲਈ ਸਮਾਂ ਨਹੀਂ ਹੁੰਦਾ। ਏਹਨਾਂ ਦੇ ਜੁਆਬ ਤਾਂ ਭਵਿੱਖ ਵਿਚ ਏਹਨਾਂ ਦਾ ਜਾਮਨ ਬਣਨ ਵਾਲੀਆਂ ਪੀੜ੍ਹੀਆਂ ਨੇ ਦੇਣੇ ਹੁੰਦੇ ਹਨ। ਉਸ ਜੰਗ ਦੇ ਵਕਤ ਵਿਚ ਸਾਨੂੰ ਜਦੋਂ ਕੋਈ ਤਰਕ ਦੇ ਹਿਸਾਬ ਨਾਲ ਸੁਆਲ ਜੁਆਬ ਕਰਦਾ ਸੀ ਤਾਂ ਬੜੀ ਔਖ ਮਹਿਸੂਸ ਹੁੰਦੀ ਸੀ। ਉਹ ਇਵੇਂ ਹੀ ਹੁੰਦਾ ਸੀ ਕਿ ਜਿਵੇਂ ਕੋਈ ਖਿੜੇ ਹੋਏ ਬਾਗ ਵਿਚ ਰੇਗਿਸਤਾਨ ਦੀ ਬਾਤ ਪਾ ਰਿਹਾ ਹੋਵੇ। ਅਸੀਂ ਜੀਵਣ ਮੌਤ ਦੇ ਖੇੜੇ ਵਿਚ ਸਾਂ, ਉਥੇ ਧੰਦਿਆਂ ਅਤੇ ਨੀਤੀ ਵਿਹਾਰ ਦੇ ਕੀ ਮਾਇਨੇ ਸਨ? ਫਲਸਫੇ ਅਤੇ ਸਿਧਾਂਤਕ ਚਰਚੇ ਕੋਈ ਖਿੱਚ ਨਹੀਂ ਸੀ ਰੱਖਦੇ, ਜਦੋਂ ਅਸੀਂ 'ਆਪਣੀ ਹੋਂਦ ਦੀ ਹਾਲਤ' ਵਿਚ ਸਾਂ। ਉਸ ਸਮੇਂ 'ਚ ਸਿੰਘਾਂ ਲਈ ਖਾਲਸਤਾਨ ਦਾ, ਗੁਰੂ ਅਤੇ ਪੰਥ ਲਈ ਮੁਹੱਬਤ ਦਾ ਜੋ ਸਫਰ ਸੀ ਉਹਦੀ ਸਿਖਰ ਸ਼ਹਾਦਤ ਸੀ। ਜੇ ਅੱਜ ਕੋਈ ਉਸ ਮੁਹੱਬਤ ਅਤੇ ਸਿਦਕ ਦੇ ਸਫਰ ਨੂੰ ਜਾਣੇ ਬਿਨਾ ਖਾਲਸਤਾਨ ਬਾਰੇ, ਉਹ ਸੰਘਰਸ਼ ਬਾਰੇ ਗੱਲ ਕਰੇ ਤਾਂ ਉਸ ਬਾਰੇ ਕੀ ਕਿਹਾ ਜਾਵੇ?

ਬਿਬੇਕਗੜ੍ਹ ਪ੍ਰਕਾਸ਼ਨ ਵੱਲੋਂ 'ਖਾੜਕੂ ਸੰਘਰਸ਼ ਦੀ ਸਾਖੀ ੨' ਬਾਰੇ ਬੇਨਤੀ

ਹਥਲੀ ਕਿਤਾਬ ਖਾੜਕੂ ਸੰਘਰਸ਼ ਦਾ ਧੁਰਾ ਬਣੇ ਛੁਪੇ ਰਹਿਣ ਦੀ ਚਾਹ ਵਾਲੇ ਕਿਰਦਾਰਾਂ ਦੇ ਸਿਦਕ ਅਤੇ ਸ਼ਹਾਦਤਾਂ ਦੀ ਵਿਥਿਆ ਹੈ। ਇਹ ਵਿਥਿਆ ਕਦੇ ਨਾ ਮੁੱਕਣ ਵਾਲੀ ਬਾਤ ਦੀ ਤਰ੍ਹਾਂ ਹੈ ਜੋ ਸਦਾ ਹੀ ਕਿਸੇ ਨਾ ਕਿਸੇ ਰੂਪ ਵਿੱਚ ਚਲਦੀ ਰਹਿਣੀ ਹੈ। ਇਹ ਕਿਤਾਬ ਇਕ ਲੰਮੇਰੇ ਕਾਰਜ ਦਾ ਦੂਜਾ ਹਿੱਸਾ ਹੈ। ਗੁਰੂ ਪਾਤਿਸਾਹ ਦੀ ਬਖਸ਼ਿਸ਼ ਸਦਕਾ ਖਾੜਕੂ ਸੰਘਰਸ਼ ਦੀ ਸਾਖੀ ਦੇ ਅਗਲੇਰੇ ਭਾਗ ਵੀ ਪਾਠਕ ਜਗਤ ਦੀ ਝੋਲ਼ੀ ਪਾਉਣ ਦਾ ਕਾਰਜ ਨਿਰੰਤਰ ਚੱਲ ਰਿਹਾ ਹੈ।

ਇਸ ਪੁਸਤਕ ਵਿੱਚ ਆਏ ਵੇਰਵੇ ਜ਼ਿਆਦਾਤਰ ਭਾਈ ਦਲਜੀਤ ਸਿੰਘ ਹੁਰਾਂ ਦੇ ਸਿੱਧੇ ਤਜਰਬੇ ਦੇ ਬਿਆਨ ਹਨ ਜਾਂ ਉਨ੍ਹਾਂ ਦੇ ਸਾਥੀਆਂ ਦੇ ਬਿਆਨ ਹਨ ਜੋ ਕਿ ਉਨ੍ਹਾਂ ਨੇ ਭਾਈ ਦਲਜੀਤ ਸਿੰਘ ਹੁਰਾਂ ਨੂੰ ਸੁਣਾਏ ਸਨ। ਇਹ ਸਾਰੀ ਵਿਥਿਆ ਸੰਘਰਸ਼ ਦੇ ਵੱਡੇ ਵਰਤਾਰੇ ਦੇ ਸਿਰਫ਼ ਕੁਝ ਵੇਰਵੇ ਹੀ ਹਨ ਇਹਨਾਂ ਨੂੰ ਅੰਤਿਮ ਲੇਖਾ ਨਾ ਸਮਝਿਆ ਜਾਵੇ। ਕਿਸੇ ਤੱਥ-ਵੇਰਵੇ ਦੀ ਉਕਾਈ ਬਾਰੇ ਸੋਧ ਸੁਝਾਅ ਲਈ ਸ਼ੁਕਰਗੁਜ਼ਾਰ ਹੋਵਾਂਗੇ।

'ਬਿਬੇਕਗੜ੍ਹ ਪ੍ਰਕਾਸ਼ਨ' ਦਾ ਭਵਿੱਖ ਵਿੱਚ ਇਹ ਯਤਨ ਰਹੇਗਾ ਕਿ ਜਦੋਂ 'ਖਾੜਕੂ ਸੰਘਰਸ਼ ਦੀ ਸਾਖੀ' ਦੇ ਸਾਰੇ ਭਾਗ ਆ ਗਏ ਤਾਂ ਉਨ੍ਹਾਂ ਨੂੰ ਇਕੱਠੇ ਕਰਕੇ ਇਕ ਥਾਂ ਛਪਾਉਣ ਦਾ ਉੱਦਮ ਕੀਤਾ ਜਾਵੇਗਾ।

ਭਾਈ ਦਲਜੀਤ ਸਿੰਘ ਦਾ ਜਨਮ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਵਿਗਿਆਨੀ ਸਰਦਾਰ ਅਜੀਤ ਸਿੰਘ ਅਤੇ ਮਾਤਾ ਪਲਵਿੰਦਰ ਕੌਰ ਦੇ ਘਰ ੧੯੬੧ ਈ. ਵਿਚ ਹੋਇਆ। ਉਨ੍ਹਾਂ ਦਾ ਨਾਨਕਾ-ਦਾਦਕਾ ਪਰਿਵਾਰ ਪਿਛੋਕੜ ਵਜੋਂ ਲਹਿੰਦੇ ਪੰਜਾਬ ਦੇ ਜਿਲ੍ਹਾ ਲਾਇਲਪੁਰ ਤੋਂ ਹੈ। ਜਦੋਂ ੧੯੮੫ ਈ. ਵਿਚ ਉਹ ਰੂਪੋਸ਼ ਹੋਏ ਉਦੋਂ ਉਹ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿਚ ਵੈਟਰਨਰੀ ਦੀ ਡਿਗਰੀ ਕਰ ਰਹੇ ਸਨ। ਸੰਘਰਸ਼ ਦੇ ਸ਼ੁਰੂਆਤੀ ਦੌਰ ਵਿਚ ਇਨ੍ਹਾਂ ਦੇ ਜਥੇ ਨੂੰ ਦਿੱਲੀ ਗਰੁੱਪ ਆਖਿਆ ਜਾਂਦਾ ਸੀ ਜੋ ਨਵੰਬਰ ੧੯੮੪ ਦੇ ਦੋਸ਼ੀਆਂ ਨੂੰ ਸੋਧਾ ਲਾਉਣ ਲਈ ਮਸ਼ਹੂਰ ਸੀ। ੧੯੮੮ ਵਿਚ ਉਹ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਬਣੇ ਅਤੇ ਪੰਥਕ ਕਮੇਟੀ ਵਿਚ ਸਰਗਰਮ ਭੂਮਿਕਾ ਨਿਭਾਈ। ਖਾੜਕੂ ਕਾਰਵਾਈਆਂ ਦੇ ਨਾਲ ਨਾਲ ਲਹਿਰ ਵਿਚ ਉਨ੍ਹਾਂ ਦੀ ਭੂਮਿਕਾ ਯੁੱਧਨੀਤਕ ਪੈਂਤੜੇ ਅਤੇ ਰਾਜਸੀ ਨੀਤੀ ਦੇ ਸੇਧਕ ਵਜੋਂ ਵਧੇਰੇ ਮਹੱਤਵਪੂਰਨ ਹੈ। ਅਪਰੈਲ ੧੯੯੬ ਵਿਚ ਫੜ੍ਹੇ ਜਾਣ ਤੋਂ ਬਾਅਦ ਨਾਭਾ ਜੇਲ੍ਹ ਅਤੇ ਤਿਹਾੜ ਜੇਲ੍ਹ ਦਿੱਲੀ ਵਿਚ ਅਕਤੂਬਰ ੨੦੦੫ ਤਕ ਨਜ਼ਰਬੰਦ ਰਹੇ ਅਤੇ ਇਸੇ ਮਹੀਨੇ ਉਨ੍ਹਾਂ ਦਾ ਆਨੰਦ ਕਾਰਜ ਬੀਬੀ ਅੰਮ੍ਰਿਤ ਕੌਰ ਨਾਲ ਹੋਇਆ। ਉਨ੍ਹਾਂ ਨੇ ੨੦੦੫ ਤੋਂ ੨੦੦੯ ਤਕ ਪੰਥ, ਪੰਜਾਬ ਅਤੇ ਕਿਸਾਨੀ ਦੇ ਮਸਲਿਆਂ ਲਈ ਲੋਕਾਂ ਵਿਚ ਜਾ ਕੇ ਵਿਚਾਰ ਅਤੇ ਜੱਦੋਜਹਿਦ ਕੀਤੀ। ੨੦੦੯ ਤੋਂ ੨੦੧੪ ਤਕ ਫਿਰ ਯੂਏਪੀਏ ਦੇ ਵੱਖੋ-ਵੱਖਰੇ ਕੇਸਾਂ ਵਿਚ ਜੇਲ੍ਹ ਵਿਚ ਨਜ਼ਰਬੰਦ ਰਹੇ। ਇਹ ਸਾਰੇ ਅਰਸੇ ਦੌਰਾਨ ਦਿੱਲੀ ਹਕੂਮਤ ਵੱਲੋਂ ਉਨ੍ਹਾਂ ਤੇ ਯੂਏਪੀਏ, ਟਾਡਾ ਆਦਿ ਕਾਲ਼ੇ ਕਾਨੂੰਨਾਂ ਤਹਿਤ ਕੁੱਲ ੩੩ ਕੇਸ ਚਲਾਏ ਗਏ। ਉਨ੍ਹਾਂ ਦੀ ਰੂਪੋਸ਼ ਜ਼ਿੰਦਗੀ ਅਤੇ ਜੇਲ੍ਹ ਵਿਚ ਨਜ਼ਰਬੰਦ ਰਹਿਣ ਦਾ ਕੁੱਲ ਅਰਸਾ ੨੪ ਕੁ ਸਾਲ ਬਣਦਾ ਹੈ। ਇਸ ਕਿਤਾਬ ਲੜੀ *(ਖਾੜਕੂ ਸੰਘਰਸ਼ ਦੀ ਸਾਖੀ)* ਤੋਂ ਪਹਿਲਾਂ ਉਨ੍ਹਾਂ ਨੇ ਦੋ ਕਿਤਾਬਚੇ *"ਭਵਿੱਖ ਫਿਰ ਵੀ ਸਾਡਾ ਹੈ"* ਅਤੇ *"ਅੱਗੇ ਤੁਰਨ ਤੋਂ ਪਹਿਲਾਂ"* ਜਾਰੀ ਕੀਤੇ ਹਨ।

ਭਾਈ ਦਲਜੀਤ ਸਿੰਘ

ਜੇਲ੍ਹ ਨਜ਼ਰਬੰਦੀ ਸਮੇਂ ਅਤੇ ਬਾਹਰ ਰਹਿਣ ਵੇਲੇ ਉਨ੍ਹਾਂ ਨੇ ਬੰਦੀ ਸਿੰਘਾਂ ਦੇ ਪਰਿਵਾਰਾਂ ਦੀ ਸਾਂਭ-ਸੰਭਾਲ ਲਈ ਵਿਉਂਤਬੰਦੀ ਕੀਤੀ ਅਤੇ ਗੁਰੂ ਖਾਲਸਾ ਪੰਥ ਦੀਆਂ ਦੇਸ਼-ਵਿਦੇਸ਼ ਵਿਚ ਬੈਠੀਆਂ ਸੰਗਤਾਂ ਨੂੰ ਨਾਲ ਜੋੜਿਆ। ਸੰਘਰਸ਼ ਨੂੰ ਦੁਬਾਰਾ ਲੀਹ ਤੇ ਲਿਆਉਣ ਲਈ ਅੱਜ ਕੱਲ੍ਹ ਉਹ ਪੰਥ, ਪੰਜਾਬ ਅਤੇ ਸਰਬੱਤ ਦੇ ਭਲੇ ਹਿੱਤ ਨੌਜਵਾਨ ਪੀੜ੍ਹੀ ਨੂੰ ਸੇਧ ਦੇਣ ਲਈ ਯਤਨਸ਼ੀਲ ਹਨ।

-ਪ੍ਰਕਾਸ਼ਕ

ਕਈ ਵਾਰ
ਵੱਡੀਆਂ ਹਸਤੀਆਂ ਪਰਗਟ
ਹੁੰਦੀਆਂ ਹਨ ਜਿਨ੍ਹਾਂ ਰਾਹੀਂ ਇਤਿਹਾਸ ਨਵਾਂ ਮੋੜ
ਲੈਂਦਾ ਹੈ ਪਰ ਕਈ ਵਾਰ ਆਮ ਲੋਕ ਹੀ ਕੁਝ ਸਮੇਂ ਲਈ
ਵੱਡਾ ਅਮਲ ਪੇਸ਼ ਕਰਦੇ ਹਨ। ਕਈ ਵਾਰ ਓਹਨਾਂ ਬੰਦਿਆਂ ਨੂੰ,
ਜਿਨ੍ਹਾਂ ਰਾਹੀਂ ਇਤਿਹਾਸ ਬਣ ਰਿਹਾ ਹੁੰਦਾ ਹੈ, ਓਹਨਾਂ ਨੂੰ ਵੀ ਇਹਦੇ
ਮਹੱਤਵ ਦਾ ਪਤਾ ਨਹੀਂ ਹੁੰਦਾ। ਉਹ ਕੇਵਲ ਇਤਿਹਾਸ ਦੇ ਵਾਹਕ ਬਣਦੇ
ਹਨ। ਓਹਨਾਂ ਦੇ ਜੀਵਨ ਉਭਰਦੇ ਹਨ ਅਤੇ ਉਚਿਆਈ ਛੂੰਹਦੇ ਹਨ
ਪਰ ਓਹਨਾਂ ਨੂੰ ਆਪਣੇ ਅਮਲਾਂ ਦੇ ਅਸਰ ਦਾ ਪੂਰਾ ਪਤਾ ਨਹੀਂ
ਹੁੰਦਾ। ਉਹ ਅਮਲ ਵਿਚ ਇਸ ਤਰ੍ਹਾਂ ਰੁੱਝੇ ਅਤੇ ਖੁੱਭੇ ਹੁੰਦੇ ਹਨ ਕਿ
ਓਹਨਾਂ ਨੂੰ ਹੋਰ ਕੁਝ ਵਿਖਾਈ ਨਹੀਂ ਦਿੰਦਾ ਹੁੰਦਾ ਅਤੇ
ਓਹ ਉਹਦੀ ਬਹੁਤੀ ਪਰਵਾਹ ਵੀ ਨਹੀਂ
ਕਰਦੇ ਹੁੰਦੇ।

ਸਿੰਬਕਰਾਫ਼ ਪ੍ਰਕਾਸ਼ਨ

ISBN:੯੭੮-੮੧-੯੬੧੨੪੭-੦੦
9788196124700
ਕੀਮਤ : ੫੯੯/-
$/€ : ੧੮/-